# GURU RAVIDAS JI DA BHAGTI MARG

# ਗੁਰੂ ਰਵਿਦਾਸ ਜੀ ਦਾ ਭਗਤੀ-ਮਾਰਗ

**A THESIS**

SUBMITTED TO THE PANJAB UNIVERSITY, CHANDIGARH

FOR THE DEGREE OF

**Doctor of Philosophy**

IN THE FACULTY OF LANGUAGES

**1986**

**Krishana Kumari**

## ਦੋ - ਸ਼ਬਦ

ਸੰਤ ਕਾਵਿ ਨੂੰ ਪੰਜਾਬੀ ਅਤੇ ਹਿੰਦੀ ਸਾਹਿਤ ਵਿਚ ਗੌਰਵਮਈ ਸਥਾਨ ਪ੍ਰਾਪਤ ਹੈ। ਸੰਤਾਂ ਦੀ ਅੰਮ੍ਰਿਤਮਈ ਬਾਣੀ ਸਤਿ ਦੇ ਰਾਹ ਤੇ ਚਲਣ ਦੀ ਮਨੁੱਖ ਨੂੰ ਪ੍ਰੇਰਨਾ ਦਿੰਦੀ ਹੈ। ਸੰਤ ਬਾਣੀ ਅਮਰ ਸਾਹਿਤ ਹੈ। ਇਹ ੧ਓ ਅਤੇ ਅਕਾਲਪੁਰਖ ਵਾਂਗ ਸਮੇਂ ਅਤੇ ਕਾਲ ਤੋਂ ਰਹਿਤ ਹੈ। ਇਹ ਕਾਵਿ ਸੰਤਾਂ ਦੇ ਦਿਲਾਂ ਵਰਗਾ ਹੀ ਸੱਚਾ ਸੁੱਚਾ ਅਤੇ ਪਵਿੱਤਰ-ਪੁਨੀਤ ਹੈ। ਪ੍ਰਭੂ ਦੀ ਮਿਹਰ ਸਦਕਾ ਜੀਵਨ ਦੇ ਕੁਝ ਅਨੁਭਵਾਂ ਨੇ ਸੰਤ ਸਾਹਿਤ ਵਿਚ ਸ਼ਰਧਾ ਅਤੇ ਵਿਸ਼ਵਾਸ ਪੈਦਾ ਕਰ ਦਿੱਤਾ ਅਤੇ ( ਸ੍ਰੀ ਆਰ. ਐਲ. ਕਲਸੀਆ, ਪੀ. ਸੀ .ਐਸ. ਅਤੇ ਡਾ. ਅੱਛਰ ਸਿੰਘ ਕਾਹਲੋਂ ਦੀ) ਸੰਗਤ ਨੇ ਇਸ ਰਾਹ ਤੇ ਤੋਰ ਦਿੱਤਾ। ਅੱਜ ਉਹ ਅਭੁੱਲ-ਯਾਦਾਂ ਨਾਲ ਸੰਬੰਧਿਤ 28 ਫਰਵਰੀ 1984 ਦੀ ਸ਼ਾਮ ਯਾਦ ਆ ਰਹੀ ਹੈ ਜਦੋਂ ਖਰੜ ਵਿਚੇ ਕਲਸੀਆ ਸਾਹਿਬ ਦੇ ਬਤੌਰ ਐਸ. ਡੀ. ਐਮ. ਚਾਰਜ ਲਿਆ ਅਤੇ ਖਰੜ ਦੇ ਪ੍ਰਸਿੱਧ ਸੁਤੰਤਰਤਾ ਸੰਗ੍ਰਾਮੀ ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਨੇ ਆਪਣੇ ਗ੍ਰਿਹ ਵਿਖੇ ਨਿਮੰਤ੍ਰਿਣ ਦਿੱਤਾ। ਉਸ ਸ਼ਾਮ ਉਨ੍ਹਾਂ ਨੇ ਸਾਨੂੰ ਆਪਣੀਆਂ ਗੁਰੂ ਰਵਿਦਾਸ ਸੰਬੰਧੀ ਰਚਿਤ ਪੁਸਤਕਾਂ ਭੇਟ ਕੀਤੀਆਂ ਅਤੇ ਨਾਲ ਹੀ ਗੁਰੂ ਰਵਿਦਾਸ ਜੀ ਤੇ ਪੀ. ਐਚ. ਡੀ. ਕਰਨ ਦੀ ਪ੍ਰੇਰਨਾ ਦਿੱਤੀ। ਅਤੇ ਮੈਂ ਇਹ ਸ਼ੁਭ ਘੜੀ ਦੀ ਤਲਾਸ਼ ਵਿਚ ਪਹਿਲਾਂ ਹੀ ਸਾਂ। ਦੂਜੇ ਦਿਨ ਡਾ. ਧਰਮਪਾਲ ਸਿੰਗਲ ਕੋਲ ਪਹੁੰਚੇ ਤਾਂ ਉਨ੍ਹਾਂ ਨੇ ਤਹਿ-ਦਿਲੋਂ ਸਾਡਾ ਸਤਿਕਾਰ ਕੀਤਾ ਅਤੇ ਉਸ ਦਿਨ 29 ਫਰਵਰੀ 1984 ਨੂੰ ਮੈਂ ਪੀ. ਐਚ. ਡੀ. ਲਈ ਆਪਣਾ ਨਾਮ ਦਰਜ ਕਰਵਾਇਆ।

ਉਸ ਦਿਨ ਤੋਂ ਬਾਅਦ ਜੀਵਨ ਵਿਚ ਇਕ ਨਵੀਂ ਚਾਹ ਨੇ ਖਿਆਲਾਂ ਅਤੇ ਵਿਚਾਰਾਂ ਨੂੰ ਖੰਭ ਲਾ ਦਿੱਤੇ। ਤਕਰੀਬਨ ਤਿੰਨ ਸਾਲ ਦੇ ਸਮੇਂ ਵਿਚੋਂ ਸ਼ਾਇਦ ਹੀ ਕੋਈ ਦਿਨ ਸੰਤ-ਬਾਣੀ ਦੇ ਦਰਸ਼ਨਾਂ ਤੋਂ ਸੱਖਣਾ ਰਿਹਾ ਹੋਵੇ। ਮੈਂ ਸੰਤਾਂ ਦੀ ਬਾਣੀ ਨੂੰ ਪੜ੍ਹਦੀ ਤੇ ਨਿਹਾਰਦੀ ਰਹੀ। ਸੋਚਦੀ ਹਾਂ ਕਿ ਇਹ ਹੀ ਪ੍ਰਭੂ ਕਿਰਪਾ ਹੈ ਜਿਸ ਦੇ ਸਦਕਾ ਮੈਨੂੰ ਇਹ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ।

ਬਾਣੀ ਤੇ ਖੋਜ ਕਰਨ ਦੀ ਪ੍ਰਬਲ ਇੱਛਾ ਮੇਰੇ ਮਨ ਵਿਚ ਇਸ ਲਈ ਪੈਦਾ ਹੋਈ ਕਿ ਇਸ ਮਹਾਨ ਸੰਤ ਸੰਬੰਧੀ ਪੰਜਾਬੀ ਸਾਹਿਤ ਵਿਚ ਬਹੁਤ ਘੱਟ ਵਿਚਾਰ ਹੋਈ ਹੈ ਅਤੇ ਕਾਫ਼ੀ ਸਮੇਂ ਤੋਂ ਪੰਜਾਬੀ ਸਾਹਿਤ ਵਿਚ ਭਗਤਾਂ ਦੀ ਬਾਣੀ ਅਣਗੌਲੀ ਰਹੀ ਹੈ ਜਿਥੇ ਕਿ ਹਿੰਦੀ ਸਾਹਿਤ ਵਿਚ ਇਸ ਤੇ ਕਾਫ਼ੀ ਕੰਮ ਹੋਇਆ। ਹਿੰਦੀ ਦੇ ਪ੍ਰਸਿੱਧ ਵਿਦਵਾਨ ਡਾ. ਬੀ ਪੀ ਸ਼ਰਮਾ ਜੀ ਨੇ ਪਾਂਡੂ ਲਿਪੀਆਂ ਤੋਂ ਗੁਰੂ ਰਵਿਦਾਸ ਬਾਣੀ ਸੰਗ੍ਰਹਿ ਤਿਆਰ ਕਰਕੇ ਇਕ ਬਹੁਤ ਮਹਾਨ ਕਾਰਜ ਕੀਤਾ ਹੈ। ਇਹ ਉਨ੍ਹਾਂ ਦੀ ਗੁਰੂ ਰਵਿਦਾਸ ਚੇਅਰ ਨੂੰ ਅਣਮੁਲੀ ਦੇਣ ਹੈ। ਸਾਨੂੰ ਇਸ ਗੱਲ ਦੀ ਵੀ ਖੁਸ਼ੀ ਹੈ ਕਿ ਪੰਜਾਬ ਯੂਨੀਵਰਸਿਟੀ ਨੇ ਗੁਰੂ ਰਵਿਦਾਸ ਚੇਅਰ ਦਾ ਕਾਰਜ ਡਾ. ਧਰਮਪਾਲ ਸਿੰਗਲ

ਵਰਗੇ ਸੱਚੇ ਸੁੱਚੇ ਕਾਰਜ ਪ੍ਰਤੀ ਇਮਾਨਦਾਰ ਅਤੇ ਵਿਦਵਾਨ ਪੁਰਖ ਨੂੰ ਸੌਂਪਿਆ ਹੈ। ਸੱਚ ਪੁੱਛੋ ਤਾਂ ਇਨ੍ਹਾਂ ਦੀ ਯੋਗ ਅਗਵਾਈ ਕਾਰਨ ਹੀ ਮੈਂ ਇਸ ਸ਼ੋਧ-ਪ੍ਰਬੰਧ ਨੂੰ ਸਮੇਂ ਸਿਰ ਸੰਪੂਰਨ ਕਰਨ ਵਿਚ ਸਫਲ ਹੋਈ ਹਾਂ ।

ਬਾਵਾ ਰਾਮ ਚੰਦਰ ਸੁਤੰਤਰਤਾ ਸੰਗ੍ਰਾਮੀ ਖਰੜ, ਦੀ ਦੇਣ ਨੂੰ ਵੀ ਮੈਂ ਅੱਖੋਂ ਪਰੋਖੇ ਨਹੀਂ ਕਰ ਸਕਦੀ ਜਿਨ੍ਹਾਂ ਨੇ ਅਧਿਆਤਮਿਕ ਸਾਹਿਤ ਨਾਲ ਸੰਬੰਧਿਤ ਪੁਸਤਕਾਂ ਦੀ ਲਾਇਬ੍ਰੇਰੀ ਮੇਰੇ ਘਰ ਵਿਚ ਹੀ ਬਣਾ ਦਿੱਤੀ ।

ਇਸ ਸ਼ੋਧ -ਪ੍ਰਬੰਧ ਨੂੰ ਲਿਖਣ ਲਈ ਮੈਂ ਇਕ ਨਿਮਾਣਾ ਜਿਹਾ ਯਤਨ ਕੀਤਾ ਹੈ ਕਿਉਂਕਿ ਗੁਰੂ ਰਵਿਦਾਸ ਜੀ ਦੀ ਭਗਤੀ-ਭਾਵਨਾ ਨੂੰ ਸਮਝਣ ਲਈ ਉਨ੍ਹਾਂ ਵਰਗੀ ਉਚੀ ਆਤਮਿਕ ਅਵਸਥਾ ਦੀ ਲੋੜ ਹੈ ਜੋ ਸਾਡੇ ਵਰਗੇ ਸੰਸਾਰਿਕ ਜੀਵਾਂ ਵਿਚ ਨਹੀਂ ਹੋ ਸਕਦੀ ਫਿਰ ਵੀ ਜਿੰਨੀ ਕੁ ਗੁਰੂ ਜੀ ਦੀ ਬਖਸ਼ਿਸ਼ ਮੇਰੇ ਤੇ ਹੋਈ ਹੈ ਉਸਦੇ ਅਨੁਸਾਰ ਮੈਂ ਇਸ ਕਾਰਜ ਖੇਤਰ ਨੂੰ ਨਿਮਨ ਲਿਖਤ ਤਰੀਕੇ ਨਾਲ ਵਿਉਂਤਿਆ ਹੈ।

ਪਹਿਲੇ ਅਧਿਆਇ ਵਿਚ ਭਗਤੀ ਦੇ ਵਿਕਾਸ ਸੰਬੰਧੀ ਵਿਚਾਰਿਆ ਗਿਆ ਹੈ ਅਤੇ ਇਹ ਗਲ ਸਾਹਮਣੇ ਆਈ ਹੈ ਕਿ ਭਗਤੀ ਦਾ ਜਨਮ ਵੀ ਮਨੁੱਖ ਦੇ ਜਨਮ ਨਾਲ ਹੀ ਹੋ ਗਿਆ ਸੀ। ਦੂਜਾ ਅਤੇ ਤੀਜਾ ਅਧਿਆਇ ਗੁਰੂ ਰਵਿਦਾਸ ਜੀ ਦੇ ਸਾਧਨਾ-ਮਾਰਗ ਦੇ ਫਲਸਫੇ ਨੂੰ ਬਿਆਨ ਕਰਦਾ ਹੈ। ਗੁਰੂ ਰਵਿਦਾਸ ਜੀ ਦੇ ਸਾਧਨਾ-ਮਾਰਗ -ਕਰਮ -ਗਿਆਨ ਯੋਗ ਅਤੇ ਭਗਤੀ-ਮਾਰਗ ਤੇ ਚਾਨਣਾ ਪਾਉਂਦਾ ਹੈ। ਚੌਥੇ ਅਧਿਆਇ ਵਿਚ ਗੁਰੂ ਰਵਿਦਾਸ ਜੀ ਦੇ ਬ੍ਰਹਮ, ਜੀਵ, ਜਗਤ, ਮਾਇਆ ਅਤੇ ਮੁਕਤੀ ਸੰਬੰਧੀ ਦਾਰਸ਼ਨਿਕ ਵਿਚਾਰ ਪ੍ਰਸਤੁਤ ਕੀਤੇ ਹਨ। ਪੰਜਵਾਂ ਅਧਿਆਇ ਗੁਰੂ ਰਵਿਦਾਸ ਜੀ ਦੇ ਅਧਿਆਤਮਿਕ ਅਤੇ ਸਮਾਜਿਕ ਸਦਾਚਾਰ ਸੰਬੰਧੀ ਗੁਣਾਂ ਤੇ ਰੌਸ਼ਨੀ ਪਾਉਂਦਾ ਹੈ। ਛੇਵੇਂ ਅਧਿਆਇ ਦਾ ਸੰਬੰਧ ਬਾਣੀ ਦੇ ਕਲਾ ਪੱਖ ਨਾਲ ਹੈ। ਅੰਤ ਵਿਚ ਗੁਰੂ ਜੀ ਦੀ ਬਾਣੀ ਦੀਆਂ ਵਿਲੱਖਣਤਾਵਾਂ ਦਾ ਉਲੇਖ ਕੀਤਾ ਹੈ । ਇਸ ਸ਼ੋਧ-ਪ੍ਰਬੰਧ ਵਿਚ ਮੈਂ ਉਹੋ ਵਿਚਾਰ ਅੰਕਿਤ ਕੀਤੇ ਹਨ ਜੋ ਗੁਰੂ ਜੀ ਦੀ ਬਾਣੀ ਵਿਚੋਂ ਹੀ ਪ੍ਰਤਿਬਿੰਬਤ ਹੋਏ ਹਨ। ਹੋ ਸਕਦਾ ਹੈ ਕਿ ਇਸ ਨਾਲ ਕੁਝ ਵਿਦਵਾਨ ਸਹਿਮਤ ਨਾ ਹੋਣ ਪਰੰਤੂ ਮੇਰੇ ਅਨੁਸਾਰ ਇਹ ਵਿਲੱਖਣਤਾਵਾਂ ਹੀ ਉਨ੍ਹਾਂ ਨੂੰ ਸਾਧਨ ਮੇਂ ਰਵਿਦਾਸ ਸੰਤ ਸਿੱਧ ਕਰਦੀਆਂ ਹਨ।

ਅੰਤ ਵਿਚ ਮੈਂ ਉਨ੍ਹਾਂ ਸਭ ਵਿਦਵਾਨਾਂ ਦਾ ਨਿਮਰਤਾਪੂਰਬਕ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਸਿੱਧੇ ਜਾਂ ਅਸਿੱਧੇ ਤੌਰ ਤੇ ਇਸ ਸ਼ੋਧ-ਕਾਰਜ ਨੂੰ ਸੰਪੂਰਣ ਕਰਨ ਵਿਚ ਯੋਗਦਾਨ ਦਿੱਤਾ ਅਤੇ ਗੁਰੂ ਜੀ ਦੇ ਚਰਨ ਕਮਲਾਂ ਵਿਚ ਆਤਮ ਨਿਵੇਦਨ ਕਰਦੀ ਹਾਂ ਜਿਨ੍ਹਾਂ ਨੇ ਜੀਵਨ

ਨੂੰ ਸਾਰਥਕ ਬਨਾਉਣ ਲਈ ਅਦੁੱਤੀ ਰਾਹ ਦਰਸਾਇਆ ਹੈ। ਗੁਰੂ ਜੀ ਦੀ ਇਹ ਤੁੱਕ ਜੀਵਨ ਲਈ ਪ੍ਰੇਰਨਾ ਸਰੋਤ ਬਣ ਕੇ ਸਮੇਂ ਸਮੇਂ ਤੇ ਟੁੰਬਦੀ ਰਹੇਗੀ :

" ਬਹੁਤ ਜਨਮ ਬਿਛੁਰੇ ਥੇ ਮਾਧੋ
ਇਹ ਜਨਮ ਤੁਮਾਰੇ ਲੇਖੇ ॥ "

Krishana Kumari
( ਕ੍ਰਿਸ਼ਨਾ ਕਲਸੀਆ )

****
***
**
*

## ਸਮਰਪਣ

"

"

"

"

"

ਗੁਰੂ ਰਵਿਦਾਸ ਜੀ ਦੇ ਪਵਿੱਤਰ

ਮੁਖਾਰਬਿੰਦ

ਨੂੰ

***
***

ਐਸੀ ਲਾਲ ਤੁਝ ਬਿਨ ਕਉਨ ਕਰੈ ॥
ਗਰੀਬ ਨਿਵਾਜ ਗੁਸਈਆਂ ਮੇਰਾ
ਮਾਥੈ ਛਤ੍ਰ ਧਰੈ ॥

***
**
*

# ਤ ਤ ਕ ਰਾ


| | ਪੰਨਾ |
|---|---|
| ਦੋ ਸ਼ਬਦ | ________ |
| ਭੂਮਿਕਾ | ________ |
| **ਭਗਤੀ ਦਾ ਵਿਕਾਸ** | |
| ਅਧਿਆਇ ਪਹਿਲਾ: ਭਗਤੀ ਦਾ ਉਦੈ — ਪੂਰਵ ਵੈਦਿਕ ਭਗਤੀ | 1–8 |
| ਵੈਦਿਕ ਭਗਤੀ — ਉਪਨਿਸ਼ਦਕ ਭਗਤੀ | 8–15 |
| ਨਾਰਦ ਭਗਤੀ ਸੂਤਰਾਂ ਅਤੇ ਸ਼ਾਂਡਿਲਯ ਭਗਤੀ ਸੂਤਰਾਂ ਵਿਚ ਭਗਤੀ | 15–17 |
| ਸ੍ਰੀਮਦ ਭਾਗਵਤ ਗੀਤਾ ਵਿਚ ਭਗਤੀ | 17–20 |
| ਦੱਖਣ ਦੇ ਵੈਸ਼ਣਵ ਆਲਵਰਾਂ ਦੀ ਭਗਤੀ | 20–23 |
| ਅਦਵੈਤਵਾਦ ਅਨੁਸਾਰ ਭਗਤੀ(ਸ਼ੰਕਰਾਚਾਰੀਆ) | 23–25 |
| ਵਿਸ਼ਿਸ਼ਟਾਦਵੈਤਵਾਦ ਅਨੁਸਾਰ ਭਗਤੀ(ਰਾਮਾਨੁਜਾਚਾਰੀਆ) | 25–28 |
| ਦਵੈਤਵਾਦ ਅਨੁਸਾਰ ਭਗਤੀ(ਮਧਵਾਚਾਰੀਆ) | 28–31 |
| ਦਵੈਤਾਦਵੈਤਵਾਦ ਅਨੁਸਾਰ ਭਗਤੀ (ਨਿੰਬਾਰਕਾਚਾਰੀਆ ) | 31–34. |
| ਰਾਮਾਨੰਦ ਸੰਪ੍ਰਦਾਇ ਅਤੇ ਭਗਤੀ ਦਾ ਵਿਕਾਸ | 34–36 |
| ਸੁਧਾਦਵੈਤਵਾਦ ਅਨੁਸਾਰ ਭਗਤੀ(ਵਲੱਭਾਚਾਰੀਆ) | 36–39 |
| ਅਚਿੰਤਯ ਭੇਦਾਭੇਦ ਅਨੁਸਾਰ ਭਗਤੀ(ਚੈਤੰਨਯ ਮਹਾਂਪ੍ਰਭੂ) | 39–41 |
| ਭਗਤੀ ਅੰਦੋਲਨ -ਰਾਜਨੈਤਿਕ ਕਾਰਣ, ਧਾਰਮਿਕ ਕਾਰਣ, ਸਮਾਜਿਕ ਕਾਰਣ, ਸਾਹਿੱਤਕ ਕਾਰਣ | 41–52 |
| ਮਧਕਾਲੀਨ ਭਗਤੀ-ਨਾਥ ਕਾਵਿ ਧਾਰਾ, ਸੂਫੀ ਕਾਵਿ-ਧਾਰਾ, ਨਿਰਗੁਣ ਕਾਵਿਧਾਰਾ ਜਾਂ ਸੰਤਾਂ ਦੀ ਭਗਤੀ | 52–61 |
| ਪੈਰ ਟਿੱਪਣੀਆਂ ਤੇ ਹਵਾਲੇ | 62–69. |


*****

| | | ਪੰਨਾ |
|---|---|---|
| | | 70 |
| ਅਧਿਆਇ ਦੂਜਾ : | ਭਗਤੀ ਦਾ ਸਰੂਪ — ਸਾਧਨਾ | 70 - 78 |
| | ਕਰਮ ਮਾਰਗ -ਕਰਮਵਾਦ, ਨੈਤਿਕ ਕਰਮ ਕਰਮਕਾਂਡ ਦਾ ਵਿਰੋਧ — ਨਿਸ਼ਕਾਮ ਕਰਮ | 79 - 95 |
| | ਗਿਆਨ ਮਾਰਗ - ਗੁਰੂ ਰਵਿਦਾਸ ਦਾ ਗਿਆਨ ਮਾਰਗ | 96 - 107 |
| | ਯੋਗ ਮਾਰਗ - ਅਸ਼ਟਾਂਗ ਯੋਗ, — ਹਠਯੋਗ, ਪ੍ਰਾਣ-ਸਾਧਨਾ - ਨਾੜੀ ਸਾਧਨਾ - ਖਟ ਕਰਮ - ਕੁੰਡਲਿਨੀ ਸਾਧਨਾ — ਲਯ ਯੋਗ — ਮੰਤਰਯੋਗ ਰਾਜਯੋਗ — ਸਹਿਜਯੋਗ | 108 - 136 |
| | ਯੋਗ ਸਾਧਨਾ ਦੇ ਗੁਰੂ ਰਵਿਦਾਸ ਭਗਤੀ ਸਾਧਨਾ ਤੇ ਪਏ ਪ੍ਰਭਾਵ | 136 - 142 |
| | ਪੈਰ ਟਿੱਪਣੀਆਂ ਤੇ ਹਵਾਲੇ | 143 - 153 |
| ਅਧਿਆਇ ਤੀਜਾ :- | ਸਾਧਨਾ -ਮਾਰਗ | 154 |
| | ਭਗਤੀ ਮਾਰਗ:- (1) ਨਵਧਾ ਭਗਤੀ (2) ਨਾਰਦ ਭਗਤੀ ਸੂਤਰਾਂ ਅਨੁਸਾਰ ਗਿਆਰਾਂ ਅਸਕਤੀਆਂ | 155 - 207 |
| | (3) ਪ੍ਰੇਮ ਭਗਤੀ | 207 - 219 |
| | (4) ਪ੍ਰੇਮਾ ਭਗਤੀ ਦੇ ਸਾਧਨਾ -ਸ਼ਰਧਾ ਤੇ ਵਿਸ਼ਵਾਸ ਗੁਰੂ ਤੇ ਗੁਰੂ ਕ੍ਰਿਪਾ, ਪ੍ਰਭੂ ਕ੍ਰਿਪਾ, ਸਤਿਸੰਗਤ | 219 - 235 |
| | (5) ਭਗਤੀ ਦੇ ਰਾਹ ਵਿਚ ਰੁਕਾਵਟਾਂ | 235 - 237 |
| | (6) ਸਹਿਜ ਮਾਰਗ — ਸਤਿ ਮਾਰਗ | 238 - 245 |
| | ਪੈਰ ਟਿੱਪਣੀਆਂ ਤੇ ਹਵਾਲੇ | 246 - 259 |

****

ਅਧਿਆਇ ਚੌਥਾ :- ਦਰਸ਼ਨ 260

1. ਬ੍ਰਹਮ ਦਾ ਸਰੂਪ
- ਅਵਿਅਕਤ ਨਿਰਗੁਣ ਬ੍ਰਹਮ 261-276
- ਅਵਿਅਕਤ ਸਗੁਣ ਬ੍ਰਹਮ 276-280
- ਵਿਅਕਤ ਸਗੁਣ ਬ੍ਰਹਮ 280-287
- ਕ੍ਰਿਪਾਨਿਧੀ ਬ੍ਰਹਮ -ਮਣੀ ਰੂਪ ਬ੍ਰਹਮ - ਪ੍ਰਤੀਕਰੂਪ ਬ੍ਰਹਮ 287-291

2. ਜੀਵਾਤਮਾ ਦਾ ਸਰੂਪ 292-299
- ਜੀਵ ਦਾ ਨਿਰੂਪਣ 299-304.
- ਦਵੈਤਾਦਵੈਤਵਾਦ ਅਨੁਸਾਰ ਜੀਵ 304-306.
- ਮਨੁੱਖ ਦੀ ਸਥਿੱਤੀ ਅਤੇ ਅਵਸਥਾਵਾਦ 306-309.

3. ਸ੍ਰਿਸ਼ਟੀ ਰ ਚਿਤਰਣ: 310-313.
- ਸ੍ਰਿਸ਼ਟੀ ਦੀ ਉਤਪਤੀ 313-317.
- ਸ੍ਰਿਸ਼ਟੀ ਨਿਰੂਪਣ ਦੀ ਦਾਰਸ਼ਨਿਕ ਪ੍ਰਣਾਲੀ 317-320
- ਜਗਤ ਦਾ ਸਰੂਪ
- ਯੁਗਾਂ ਦਾ ਚਿਤਰਣ 320-326

4. ਮਾਇਆ : 327-329
- ਮਾਇਆ ਸਰੂਪ ਅਤੇ ਸੁਭਾਅ 329-339.

5. ਮੁਕਤੀ/ਮੋਕਸ਼ :- 340-352.
- ਮੁਕਤੀ ਪ੍ਰਾਪਤੀ ਦੇ ਸਾਧਨ
- ਵਿਭਿੰਨ ਮੁਕਤੀਆਂ -ਜੀਵਨ ਮੁਕਤੀ 352-363.

ਪੈਰ ਟਿਪਣੀਆਂ ਤੇ ਹਵਾਲੇ 364-382

****

| | | |
|---|---|---|
| ਅਧਿਆਇ ਪੰਜਵਾਂ:- | ਸਦਾਚਾਰ | 383. |
| | — ਅਧਿਆਤਮਿਕ ਸਦਾਚਾਰ | 384-413. |
| | — ਸਦਾਚਾਰ ਦਾ ਸਮਾਜਿਕ ਪੱਖ | 414-438. |
| | ਪੈਰ ਟਿੱਪਣੀਆਂ ਤੇ ਹਵਾਲੇ | 439-447. |
| ਅਧਿਆਇ ਛੇਵਾਂ:- | ਕਾਵਿ -ਕਲਾ | 448. |
| | ਵਿਸ਼ਾ ਪੱਖ — ਭਾਸ਼ਾ — ਅਲੰਕਾਰ — ਕਾਵਿਰਸ<br>ਬਿੰਬ ਯੋਜਨਾ — ਪ੍ਰਤੀਕ ਯੋਜਨਾ — ਰਾਗ-ਸੰਗੀਤ | 449-476. |
| | ਮਿਥਿਹਾਸਕ ਹਵਾਲੇ | 476-491. |
| | ਇਤਿਹਾਸਕ ਹਵਾਲੇ | 491-495. |
| | ਸ਼ੈਲੀ | 495-497. |
| | ਪੈਰ ਟਿਪਣੀਆਂ ਤੇ ਹਵਾਲੇ | 498-501. |
| ਨਿਸ਼ਕਰਮ | | 502-515. |
| ਪੁਸਤਕ-ਸੂਚੀ | | 516-534. |


****
****
***
**
*

ਅਧਿਆਇ ਪਹਿਲਾ

## ਭਗਤੀ ਦਾ ਵਿਕਾਸ

ਭਗਤੀ ਦਾ ਉਦੈ — ਪੂਰਵ ਵੈਦਿਕ ਭਗਤੀ – ਵੈਦਿਕ ਭਗਤੀ

ਉਪਨਿਸ਼ਦ ਭਗਤੀ — ਨਾਰਦ ਭਕਤੀ ਸੂਤਰਾਂ ਅਤੇ ਸ਼ਾਂਡਿਲਯ ਭਗਤੀ

ਸੂਤਰਾਂ ਵਿਚ ਭਗਤੀ — ਸ੍ਰੀਮਦ ਭਾਗਵਤ ਗੀਤਾ ਵਿਚ ਭਗਤੀ

ਦੱਖਣ ਦੇ ਵੈਸ਼ਣਵ ਆਲਵਰਾਂ ਦੀ ਭਗਤੀ — ਅਦਵੈਤਵਾਦ ਅਨੁਸਾਰ ਭਗਤੀ

( ਸ਼ੰਕਰਾਚਾਰੀਆ) — ਵਿਸ਼ਿਸ਼ਟਾਦਵੈਤਵਾਦ ਅਨੁਸਾਰ ਭਗਤੀ( ਰਾਮਾਨੁਜਾਚਾਰੀਆ)

ਦਵੈਤਵਾਦ ਅਨੁਸਾਰ ਭਗਤੀ(ਮਧਵਾਚਾਰੀਆ )

ਦਵੈਤਾਦਵੈਤਵਾਦ ਅਨੁਸਾਰ ਭਗਤੀ(ਨਿੰਬਾਰਕਾਚਾਰੀਆ)

ਰਾਮਾਨੰਦ ਸੰਪ੍ਰਦਾਇ ਅਤੇ ਭਗਤੀ ਦਾ ਵਿਕਾਸ — ਸ਼ੁੱਧਾਦਵੈਤਵਾਦ ਅਨੁਸਾਰ ਭਗਤੀ ( ਵਲੱਭਚਾਰੀਆ)

ਅਚਿੰਤਯ ਭੇਦਾਭੇਦ ਅਨੁਸਾਰ ਭਗਤੀ( ਚੈਤੰਨਯ ਮਹਾਂਪ੍ਰਭੂ )

ਭਗਤੀ ਅੰਦੋਲਨ – ਰਾਜਨੈਤਿਕ ਕਾਰਣ, ਧਾਰਮਿਕ ਕਾਰਣ, ਸਮਾਜਿਕ ਕਾਰਣ, ਸਾਹਿਤੱਕ ਕਾਰਣ

ਮੱਧਕਾਲੀਨ ਭਗਤੀ, ਨਾਥ ਕਾਵਿ ਧਾਰਾ, ਸੂਫੀ ਕਾਵਿ ਧਾਰਾ

ਨਿਰਗੁਣ ਕਾਵਿਧਾਰਾ ਜਾਂ ਸੰਤਾਂ ਦੀ ਭਗਤੀ

ਪੈਰ ਟਿੱਪਣੀਆਂ ਤੇ ਹਵਾਲੇ

****
***
**
*

## ਭਗਤੀ ਦਾ ਉਦੈ

ਭਾਰਤ ਧਰਮ ਪ੍ਰਧਾਨ ਦੇਸ਼ ਹੈ। ਇਥੋਂ ਦੀ ਧਰਤੀ ਦੇ ਕਣ -ਕਣ ਵਿਚ ਧਰਮ ਦੀ ਭਾਵਨਾ ਭਰੀ ਹੋਈ ਹੈ। ਇਹ ਪ੍ਰਾਚੀਨ ਕਾਲ ਤੋਂ ਹੀ ਅਲੱਗ ਅਲੱਗ ਧਰਮਾਂ ਅਤੇ ਧਾਰਮਿਕ ਸੰਪ੍ਰਦਾਵਾਂ ਦਾ ਖੇਡ ਸਥਾਨ ਬਣਿਆ ਹੋਇਆ ਹੈ। ਭਗਤੀ ਦਾ ਉਦਗਮ ਅਤੇ ਇਸਦਾ ਨਿਰੰਤਰ ਵਿਕਾਸ ਵੀ ਭਾਰਤ ਵਿਚ ਹੋਇਆ। ਭਗਤੀ ਦੀ ਉਤਪਤੀ ਬਾਰੇ ਵਿਦਵਾਨਾਂ ਦੇ ਮਤ ਭੇਦ ਹਨ। ਕੁਝ ਵਿਦਵਾਨ ਭਗਤੀ ਦੀ ਉਤਪਤੀ ਯੂਰਪ ਵਿਚ ਹੋਈ ਮੰਨਦੇ ਹਨ ਅਤੇ ਭਾਰਤੀ ਭਗਤੀ ਨੂੰ ਈਸਾਈ ਮੱਤ ਦੀ ਦੇਣ ਮੰਨਦੇ ਹਨ। ਇਨ੍ਹਾਂ ਵਿਚਾਰਕਾਂ ਵਿਚ ਵੇਬਰ ਗ੍ਰਿਅਰਸਨ, ਲੈਸਨ ਅਤੇ ਵਿਲਸਨ ਆਦਿ ਹਨ। ਡਾ. ਗ੍ਰਿਅਰਸਨ ਅਨੁਸਾਰ ਭਾਰਤ ਵਿਚ ਭਗਤੀ ਮਾਰਗ ਦਾ ਉਦੈ ਈਸਾਈ ਮਤ ਦੇ ਪ੍ਰਬਲ ਪ੍ਰਭਾਵ ਕਾਰਣ ਹੋਇਆ। ਡਾ. ਗ੍ਰਿਅਰਸਨ ਮੰਨਦੇ ਹਨ ਕਿ ਦੂਜੀ - ਤੀਜੀ ਸ਼ਤਾਬਦੀ ਵਿਚ ਕੁਝ ਈਸਾਈ ਮਦਰਾਸ ਵਿਚ ਆ ਕੇ ਵਸ ਗਏ ਸਨ ਅਤੇ ਉਨ੍ਹਾਂ ਦੇ ਨਾਲ ਹੀ ਭਾਰਤ ਵਿਚ ਭਗਤੀ ਦਾ ਵਿਕਾਸ ਹੋਇਆ। ਡਾ. ਗ੍ਰਿਅਰਸਨ ਅਗੇ ਲਿਖਦੇ ਹਨ ਕਿ ਰਾਮਾਨੁਜ ਨੇ ਆਪਣੀ ਜ਼ਿੰਦਗੀ ਦਾ ਬਹੁਤਾ ਹਿੱਸਾ ਸੇਂਟ ਥਾਮਸ ਦੇ ਨੇੜੇ-ਤੇੜੇ ਬਿਤਾਇਆ ਇਸ ਲਈ ਉਸ ਤੇ ਈਸਾਈ ਭਗਤੀ ਦਾ ਪ੍ਰਭਾਵ ਪਿਆ। ਰਾਮਾਨੁਜ ਅਤੇ ਮਾਧਵ ਦੇ ਬਾਰੇ ਉਹ ਲਿਖਦੇ ਹਨ ਕਿ ਦੋਵਾਂ ਨੇ ਵੇਦਾਂਤ ਨੂੰ ਛੱਡ ਕੇ ਭਗਤੀ ਦਾ ਸਹਾਰਾ ਲਿਆ ਅਤੇ ਦੋਵੇਂ ਈਸਾਈਆਂ ਦੇ ਪ੍ਰਭਾਵ ਦੇ ਅੰਤਰਗਤ ਸਨ। ਮਾਧਵ ਉਦੀਪੀ ਦੇ ਰਹਿਣ ਵਾਲੇ ਸਨ ਜਿਸ ਦੇ ਨੇੜੇ ਬਹੁਤ ਪੁਰਾਣਾ ਚਰਚ ਈਸਾਈ ਮੰਦਰ ਸੀ ।[1]

ਮਹਾਂ ਭਾਰਤ ਦੇ ਨਾਰਾਯਣੀਯ ਉਪਾਖਿਆਨ ਵਿਚ ਪਾਂਚਰਾਤ੍ਰ -ਉਪਾਸਨਾ ਦਾ ਵਰਨਣ ਆਉਂਦਾ ਹੈ। ਇਸ ਉਪਾਸਨਾ ਦਾ ਪ੍ਰਮੁੱਖ ਸਥਾਨ ਸ਼੍ਵੇਤ-ਦੀਪ ਮੰਨਿਆ ਗਿਆ ਹੈ। ਵੇਬਰ ਨੇ ਸ਼੍ਵੇਤਦੀਪ ਦਾ ਅਰਥ ਗੋਰੀਆਂ ਜਾਤੀਆਂ ਦੇ ਨਿਵਾਸ-ਸਥਾਨ ਅਰਥਾਤ ਯੂਰਪ ਤੋਂ ਲਿਆ ਹੈ। ਇਨ੍ਹਾਂ ਅਨੁਸਾਰ ਨਾਰਦਮੁਨੀ ਨੇ ਸ਼੍ਵੇਤਦੀਪ ਦੀ ਯਾਤਰਾ ਸਮੇਂ ਈਸਾਈ ਪ੍ਰਭਾਵ ਗ੍ਰਹਿਣ ਕੀਤਾ ਪਰੰਤੂ ਭਗਤੀ ਦਾ ਵਿਕਾਸ ਨਾਰਦ ਤੋਂ ਬਹੁਤ ਦੇਰ ਪਹਿਲਾਂ ਭਾਰਤ ਵਿਚ ਹੋ ਚੁੱਕਾ ਸੀ। ਡਾ. ਵਿਲਸਨ ਭਗਤੀ ਨੂੰ ਬਹੁਤ ਮਗਰੋਂ ਦੇ ਯੁੱਗਾਂ ਦੀ ਉਪਜ ਸਿੱਧ ਕਰਦੇ ਹਨ ਅਤੇ ਕਹਿੰਦੇ ਹਨ ਕਿ ਵਿਭਿੰਨ ਆਚਾਰੀਆ ਨੇ ਆਪਣੀ ਪ੍ਰਤਿਸ਼ਠਾ ਲਈ ਭਗਤੀ ਦਾ ਪ੍ਰਚਾਰ ਕੀਤਾ।[2]

ਵੇਬਰ, ਗ੍ਰਿਅਰਸਨ, ਕੇਨੇਡੀ, ਭੰਡਾਰਕਰ ਅਨੁਸਾਰ ਕ੍ਰਿਸ਼ਨ ਜੀ ਦੀ ਕਥਾ ਈਸਾ

ਮਸੀਹ ਦੀ ਕਥਾ ਦਾ ਹੀ ਰੂਪਾਂਤਰਣ ਹੈ।[3] ਇਸ ਸੰਬੰਧੀ ਵੇਬਰ ਲਿਖਦੇ ਹਨ ਕਿ ਬਾਲ-ਕ੍ਰਿਸ਼ਨ ਅਤੇ ਈਸਾ ਮਸੀਹ ਨਾਲ ਸੰਬੰਧਿਤ ਬਹੁਤ ਸਾਰੀਆਂ ਘਟਨਾਵਾਂ ਵਿਚ ਸਮਾਨਤਾ ਹੈ। ਜਿਵੇਂ ਦੋਵਾਂ ਦੇ ਜਨਮ ਅਤੇ ਉਨ੍ਹਾਂ ਦੇ ਮ੍ਰਿਤੂ ਸਮੇਂ ਦੀਆਂ ਘਟਨਾਵਾਂ ਵਿਚ ਕਾਫ਼ੀ ਸਾਂਝ ਹੈ। ਇਸ ਲਈ ਵੇਬਰ ਲਿਖਦੇ ਹਨ ਕਿ ਕ੍ਰਿਸ਼ਨ ਦੀ ਕਹਾਣੀ ਈਸਾ ਮਸੀਹ ਦੀ ਕਹਾਣੀ ਤੋਂ ਹੀ ਲਈ ਗਈ ਹੈ।[4]

ਡਾ. ਹਜ਼ਾਰੀ ਪ੍ਰਸਾਦ ਦਿਵੇਦੀ ਲਿਖਦੇ ਹਨ ਕਿ ਇਹ ਕਿਵੇਂ ਮੰਨਿਆ ਜਾ ਸਕਦਾ ਹੈ ਕਿ ਕ੍ਰਿਸ਼ਨ ਕ੍ਰਾਇਸਟ ਦਾ ਰੂਪ ਸਨ ? ....... ਕ੍ਰਿਸ਼ਨ ਜੇ ਕਰ ਈਸਾ ਦੇ ਰੂਪਾਂਤਰ ਹੁੰਦੇ ਤਾਂ ਰਾਧਾ ਅਤੇ ਗੋਪੀਆਂ ਦੀ ਕਥਾ, ਜੋ ਆਭੀਰਾਂ ਦੀ ਦੇਣ ਹੈ; ਇਸ ਵਿਚ ਨਹੀਂ ਆ ਸਕਦੀ ਸੀ। .... ਅਸਲ ਵਿਚ ਦੋਵੇਂ ਕਥਾਵਾਂ ਭਾਰਤ ਵਿਚ ਆ ਕੇ ਵਸੀ ਆਭੀਰ ਜਾਤੀ ਦੇ ਇਕੋ ਹੀ ਭੰਡਾਰ ਤੋਂ ਗ੍ਰਹਿਣ ਕੀਤੀਆਂ ਗਈਆਂ ਹੋਣਗੀਆਂ।[5]

ਇਕ ਹੋਰ ਪੱਛਮੀ ਵਿਦਵਾਨ ਲੈਸਨ ਨੇ ਵੀ ਵੇਬਰ ਦੇ ਵਿਚਾਰਾਂ ਦੀ ਪੌੜ੍ਹਤਾ ਕੀਤੀ ਹੈ। ਲੈਸਨ ਨੇ ਵੀ ਭਾਰਤੀ ਭਗਤੀ ਦੇ ਮਹਾਨ ਗ੍ਰੰਥਾਂ ਭਗਵਤ ਗੀਤਾ ਅਤੇ ਮਹਾਂਭਾਰਤ ਉਤੇ ਈਸਾਈਆਂ ਦਾ ਪ੍ਰਭਾਵ ਸ਼੍ਵੇਤਦੀਪ ਰਾਹੀਂ ਦੱਸਿਆ ਹੈ। ਉਨ੍ਹਾਂ ਅਨੁਸਾਰ ਭਾਰਤ ਦੇ ਬ੍ਰਾਹਮਣ ਯਾਤਰੀ ਪਾਰਥੀਆਂ ਵਿਖੇ ਥਾਮਸ ਦੁਆਰਾ ਈਸਾਈ ਮੱਤ ਦੇ ਸਿਧਾਂਤਾਂ ਦੇ ਪ੍ਰਚਾਰ ਤੋਂ ਪ੍ਰਭਾਵਿਤ ਹੋਏ ਅਤੇ ਉਹ ਈਸਾਈ ਭਗਤੀ-ਮੱਤ ਵਿਚਾਰ ਆਪਣੇ ਦੇਸ਼ ਨੂੰ ਲੈ ਆਏ।[6] ਪਰ ਆਰ.ਗ਼ਾਰਬੇ ਨੇ ਵੇਬਰੀ ਸਿਧਾਂਤਾਂ ਵਿਰੁੱਧ ਦਲੀਲਾਂ ਪੇਸ਼ ਕਰਕੇ ਇਸ ਦਾ ਖੰਡਨ ਕੀਤਾ ਹੈ ਉਹ ਲਿਖਦੇ ਹਨ ਕਿ ਮੈਂ ਵੇਬਰ ਅਤੇ ਲੈਸਨ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਹਾਂ ਕਿਉਂਕਿ ਇਨ੍ਹਾਂ ਦੁਆਰਾ ਦਿੱਤੀਆਂ ਕਹਾਣੀਆਂ ਵਿਚ ਇਤਿਹਾਸਿਕਤਾ ਦਾ ਅੰਸ਼ ਬਿਲਕੁਲ ਨਹੀਂ ਅਤੇ ਕਲਪਨਾ ਵਧੇਰੇ ਹੈ।[7] ਹਜ਼ਾਰੀ ਪ੍ਰਸਾਦ ਦਿਵੇਦੀ ਅਤੇ ਦੁਰਗਾ ਸ਼ੰਕਰ ਮਿਸ਼ਰ ਅਨੁਸਾਰ ਪੱਛਮੀ ਵਿਚਾਰਕਾਂ ਨੇ ਤਾਂ ਹਮੇਸ਼ਾਂ ਹੀ ਭਾਰਤ ਵਿਚ ਜੋ ਕੁਝ ਚੰਗਾ ਸਮਝਿਆ ਉਸ ਦਾ ਸੰਬੰਧ ਯੂਰਪ ਨਾਲ ਸਥਾਪਿਤ ਕਰਨ ਦਾ ਯਤਨ ਕੀਤਾ।[8] ਪਰੰਤੂ ਇਨ੍ਹਾਂ ਵਿਚੋਂ ਹੀ ਕੁਝ ਨੇ ਭਾਰਤੀ ਭਗਤੀ ਨੂੰ ਸ਼ੁਧ ਭਾਰਤੀ ਹੀ ਮੰਨਿਆ ਹੈ। ਪ੍ਰਸਿੱਧ ਵਿਦਵਾਨ ਵਿੰਟਰ-ਨਿਟਜ਼ ਨੇ ਤਾਂ ਇਹ ਸਿੱਧ ਕਰ ਦਿੱਤਾ ਹੈ ਕਿ ਭਾਰਤੀ ਭਗਤੀ ਬਾਹਰੋਂ ਨਹੀਂ ਆਈ ਸਗੋਂ ਇਥੋਂ ਦੀ ਮਿੱਟੀ ਵਿਚ ਹੀ ਇਸਦਾ ਬੀਜ ਮੌਜੂਦ ਸੀ।[9]

ਪੱਛਮੀ ਵਿਚਾਰਕ ਜਿਸ ਸ਼੍ਵੇਤਦੀਪ ਦਾ ਸੰਬੰਧ ਆਪਣੇ ਹੀ ਈਸਾਈ ਮੱਤ ਦੇ ਪ੍ਰਚਾਰ-ਸਥਾਨਾਂ ਨਾਲ ਜੋੜਦੇ ਹਨ, ਉਸ ਸੰਬੰਧ ਵਿਚ ਮੁਨਸ਼ੀ ਰਾਮ ਸ਼ਰਮਾਂ ਲਿਖਦੇ ਹਨ ਕਿ " ਸ਼੍ਵੇਤਦੀਪ ਬਾਹਰ ਨਹੀਂ ਸਗੋਂ ਸਾਡੇ ਅੰਦਰ ਹੈ। ਇਹ ਅਧਿਆਤਮਿਕ ਸਤੋ ਗੁਣੀ

ਸਥਿਤੀ ਹੈ ਜਿਸ ਵਿਚ ਜਦੋਂ ਸਾਧਕ ਪੁੱਜ ਜਾਂਦਾ ਹੈ ਤਾਂ ਉਸਦੀ ਪ੍ਰਭੂ ਨਾਲ ਇਕਮਿਕਤਾ ਹੋ ਜਾਂਦੀ ਹੈ ਅਤੇ ਉਸਨੂੰ ਹਜ਼ਾਰਾਂ ਸੂਰਜਾਂ ਦੀ ਰੋਸ਼ਨੀ ਨੂੰ ਮਾਤ ਕਰਦ ਦੇਣ ਵਾਲੇ ਜੋਤਿ-ਸਰੂਪ ਪ੍ਰਭੂ ਦੇ ਅਨੰਤ ਪ੍ਰਕਾਸ਼ ਦੇ ਦਰਸ਼ਨ ਹੁੰਦੇ ਹਨ।[10]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਪੱਛਮੀ ਵਿਚਾਰਕਾਂ ਨੇ ਭਾਰਤੀ ਭਗਤੀ ਦੀ ਉਤਪਤੀ ਨੂੰ ਯੂਰਪ ਦੇ ਦੇਣ ਸਿੱਧ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਅਤੇ ਭਾਰਤੀ ਵਿਚਾਰਕਾਂ ਨੇ ਹਰ ਤੱਥ ਭਾਰਤੀ ਅਨਮੋਲ ਖਜ਼ਾਨੇ ( ਵੇਦਾਂ) ਵਿਚੋਂ ਹਰ ਸਿਧਾਂਤ ਦਾ ਪਿਛੋਕੜ ਲੱਭਣ ਅਤੇ ਜੋੜਨ ਦਾ ਯਤਨ ਕੀਤਾ। ਪੱਛਮੀ ਵਿਚਾਰਕਾਂ ਅਨੁਸਾਰ ਦੂਜੀ ਤੀਜੀ ਸ਼ਤਾਬਦੀ ਦੌਰਾਨ ਬਾਹਰੋਂ ਆ ਕੇ ਵਸੇ ਈਸਾਈਆਂ ਦੇ ਪ੍ਰਭਾਵ ਸਦਕਾ ਜਾਂ ਨਾਰਦ,ਰਾਮਾਨੁਜ, ਮਾਧਵ ਤੇ ਈਸਾਈ ਮੱਤ ਦਾ ਪ੍ਰਭਾਵ ਪਿਆ। ਆਦਿ ਤੱਥਾਂ ਨੂੰ ਜੇਕਰ ਸਮੇਂ ਦੇ ਪੈਮਾਨੇ ਤੇ ਪਰਖਿਆ ਜਾਵੇ ਤਾਂ ਇਹ ਗੱਲ ਸਿੱਧ ਹੋ ਜਾਂਦੀ ਹੈ ਕਿ ਭਾਰਤ ਵਿਚ ਭਗਤੀ ਦਾ ਉਦੈ ਬਹੁਤ ਦੇਰ ਪਹਿਲਾਂ ਹੋ ਚੁੱਕਾ ਸੀ। ਵੇਦ ਭਾਰਤੀ ਸਾਹਿਤ ਦੇ ਪ੍ਰਾਚੀਨਤਮ ਗ੍ਰੰਥ ਹਨ। ਇਨ੍ਹਾਂ ਵਿਚ ਵੀ ਭਗਤੀ ਦਾ ਸੂਰਜ ਉਦੈ ਹੋਇਆ। ਸ੍ਰੀ ਗੁਰੂ ਰਵਿਦਾਸ ਜੀ ਦੇ ਅਨੁਸਾਰ ਵੀ ਭਗਤੀ ਰੂਪੀ ਪ੍ਰਭਾਕਰ ਵੇਦਾਂ ਦੇ ਸਮੇਂ ਚੜ੍ਹ ਚੁੱਕਾ ਸੀ। ਉਹ ਲਿਖਦੇ ਹਨ ਕਿ ਵੇਦਾਂ ਤੋਂ ਉਪਨਿਸ਼ਦ ਅਤੇ ਉਪਨਿਸ਼ਦ ਤੋਂ ਭਗਵਤ ਗੀਤਾ ਗ੍ਰੰਥ ਬਣਿਆ ਤੇ ਇਸ ਵਿਚੋਂ ਭਗਤੀ ਵਿਕਸਿਤ ਰੂਪ ਵਿਚ ਸਾਹਮਣੇ ਆਈ। ਇਸ ਦਾ ਅਰਥ ਹੈ ਕਿ ਜੇਕਰ ਭਗਤੀ ਨੂੰ ਵੇਦਾਂ ਤੋਂ ਪਹਿਲੀ ਉਪਜ ਨਾ ਵੀ ਮੰਨੀਏ ਤਾਂ ਵੇਦਾਂ ਵਿਚੋਂ ਉਤਪੰਨ ਹੋਈ ਜ਼ਰੂਰ ਕਹਿ ਸਕਦੇ ਹਾਂ ਜਿਵੇਂ ਗੁਰੂ ਜੀ ਲਿਖਦੇ ਹਨ:

ਵੇਦ ਤੇਂ ਪੁਰਾਨ ਪੁਰਾਨ ਤੇਂ ਭਾਗਵਤ,
ਭਾਗਵਤ ਤੇਂ ਭਕਤੀ ਪ੍ਰਗਟ ਕੀਨੀ।[11]

ਇਥੇ ਹੀ ਬਸ ਨਹੀਂ ਭਾਰਤੀ ਆਧੁਨਿਕ ਖੋਜੀਆਂ ਦੀ ਖੋਜ ਨੇ ਇਹ ਵੀ ਸਿੱਧ ਕਰ ਦਿੱਤਾ ਹੈ ਕਿ ਵੇਦਾਂ ਤੋਂ ਪਹਿਲੇ ਯੁੱਗ ਵਿਚ ਵੀ ਭਗਤੀ ਆਪਣੇ ਪੂਰੇ ਰੂਪ-ਜੋਬਨ ਵਿਚ ਪ੍ਰਚਲਿਤ ਸੀ। ਇਸ ਸੰਬੰਧੀ ਵਿਸਥਾਰ ਪੂਰਬਕ ਵਰਨਣ ਅਗਲੇ ਪੰਨਿਆਂ ਵਿਚ ਕੀਤਾ ਜਾਵੇਗਾ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਭਾਰਤ ਵਿਚ ਭਗਤੀ ਦਾ ਆਰੰਭ ਵੇਦਾਂ ਤੋਂ ਪਹਿਲਾਂ ਹੋ ਚੁੱਕਾ ਸੀ। ਕਿਸੇ ਵੀ ਵਸਤੂ ਦੇ ਨਿਰਮਾਣ ਲਈ ਸਮਾਂ ਲਗਦਾ ਹੈ। ਚਾਰ ਮਹਾਨ ਵੇਦਾਂ ਦੀ ਰਚਨਾ ਕੋਈ ਛੋਟਾ ਜਿਹਾ ਕਾਰਜ ਨਹੀਂ; ਇਨ੍ਹਾਂ ਵਿਚ ਭਗਤੀ ਦਾ ਪ੍ਰਫੁਲਤ

ਰੂਪ ਪ੍ਰਾਪਤ ਹੁੰਦਾ ਹੈ ਫਲਣ ਲਈ ਬੀਜ ਬੀਜਿਆ ਜਾਂਦਾ ਹੈ ਉਸ ਵਿਚੋਂ ਪੌਦਾ ਨਿਕਲਦਾ ਹੈ, ਜਵਾਨ ਹੁੰਦਾ ਹੈ ਅਤੇ ਫਲਦਾ ਹੈ। ਠੀਕ ਇਸੇ ਤਰ੍ਹਾਂ ਭਗਤੀ ਦਾ ਵਿਕਾਸ ਹੋਇਆ। ਸਮੇਂ ਦੇ ਤੱਥ ਦੇ ਅਨੁਸਾਰ ਵੇਦਾਂ ਤੋਂ ਪਹਿਲਾਂ ਵੀ ਭਾਰਤ ਵਿਚ ਭਗਤੀ ਦਾ ਪ੍ਰਾਰੰਭਕ ਰੂਪ ਪ੍ਰਚਲਿਤ ਸੀ ਜਿਸਦੇ ਸੰਕੇਤ ਮਹੰਜੋਦੜੋ ਅਤੇ ਹੜਪਾ ਦੀ ਸਭਿਅਤਾ ਤੋਂ ਪ੍ਰਾਪਤ ਹੁੰਦੇ ਹਨ।

## ਭਗਤੀ ਦੇ ਵਿਕਾਸ ਦੀ ਕਾਲ-ਵੰਡ:

ਭਾਰਤੀ ਭਗਤੀ-ਸਾਧਨਾ ਅਤੇ ਧਰਮ-ਸਾਧਨਾ ਦੇ ਕ੍ਰਮਿਕ ਵਿਕਾਸ ਦਾ ਇਤਿਹਾਸ ਸੱਤਾਂ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।

1. ਪੂਰਵ ਵੈਦਿਕ ਭਗਤੀ
2. ਵੈਦਿਕ ਭਗਤੀ
3. ਉਪਨਿਸ਼ਦਕ ਭਗਤੀ
4. ਭਾਗਵਤ ਭਗਤੀ
5. ਸੂਤਰਾਂ ਵਿਚ ਭਗਤੀ
6. ਪੂਰਵ ਮੱਧਕਾਲੀਨ ਭਗਤੀ ਜਾਂ ਸਕੋਲਾਸਟਿਕ ਕਾਲ ਦੀ ਭਗਤੀ
7. ਮੱਧਕਾਲੀਨ ਭਗਤੀ

1. **ਪੂਰਵ ਵੈਦਿਕ ਭਗਤੀ:-** ਭਾਰਤ ਦੀ ਸਭਿਅਤਾ ਸਭ ਤੋਂ ਪ੍ਰਾਚੀਨ ਮੰਨੀ ਜਾਂਦੀ ਹੈ। ਸਿੰਧੂ ਘਾਟੀ ਅਤੇ ਹੜੱਪਾ ਦੀ ਸਭਿਅਤਾ ਬਾਰੇ ਕੀਤੀ ਖੋਜ ਤੋਂ ਪਤਾ ਚਲਦਾ ਹੈ ਕਿ ਵੈਦਿਕ ਕਾਲ ਤੋਂ ਪਹਿਲਾਂ ਵੀ ਉਤਰੀ ਭਾਰਤ ਵਿਚ ਭਗਤੀ ਦਾ ਆਰੰਭ ਹੋ ਚੁੱਕਾ ਸੀ। ਇਸ ਖੋਜ ਅਨੁਸਾਰ ਆਰੀਆਂ ਦਾ ਭਾਰਤ ਵਿਚ ਲਗਭਗ 1500 ਪੂ.ਈ. ਨੂੰ ਆਗਮਨ ਹੋਇਆ। ਹੜਪਾ ਸਭਿਅਤਾ ਦਾ ਸਮਾਂ 2500 ਅਤੇ 1500 ਪੂ.ਈ. ਮੰਨਿਆ ਜਾਂਦਾ ਹੈ। ਇਸ ਦੇ ਅਨੁਸਾਰ ਪੂਰਵ ਆਰੀਅਨ ਹੜੱਪਾ ਸਭਿਅਤਾ ਵੈਦਿਕ ਸਭਿਅਤਾ ਤੋਂ ਪੁਰਾਤਨ ਹੈ। ਇਸ ਦੀ ਪ੍ਰੌੜਤਾ ਲਈ ਡਾ. ਜੀ.ਸੀ.ਪਾਂਡੇ ਲਿਖਦੇ ਹਨ," ਰਸਮ-ਰਿਵਾਜ -ਵਿਰੋਧੀ ਪ੍ਰਵਿਰਤੀਆਂ ਜੋ ਕਿ ਵੈਦਿਕ ਕਾਲ ਦੀ ਪਕੜ ਵਿਚ ਸਨ, ਯੋਗ ਸਿਧਾਂਤ ਦੇ ਪ੍ਰਭਾਵ ਥਲੇ ਪੈਦਾ ਹੋਈਆਂ, ਜੋ ਕਿ ਵੇਦਾਂ ਤੋਂ ਪਹਿਲਾਂ ਦਾ ਸਿਧਾਂਤ ਸੀ।" ਜਾਨ ਮਾਰਸ਼ਲ ਦੇ ਕਥਨ ਅਨੁਸਾਰ, " ਹੜਪਾ ਸਭਿਅਤਾ ਵਿਚ ਯੋਗ ( ਐਸੇਟਿਸਿਜ਼ਮ) ਅਤੇ ਧਿਆਨ(ਭਗਤੀ) ਦਾ ਜਨਮ ਹੋਇਆ।[13] ਇਥੇ ਇਹ ਵੀ ਵਰਨਣਯੋਗ ਹੋਵੇਗਾ ਕਿ ਪੁਰਾਲੇਖ ਸਬੂਤ ਅਨੁਸਾਰ ਸਿੰਧੂ ਘਾਟੀ ਦੀ ਸਭਿਅਤਾ ਦੀ ਖੋਜ ਸਮੇਂ ਯੋਗ ਅਤੇ ਧਿਆਨ ਦਾ ਅਭਿਆਸ ਕਰਨ ਵਾਲੇ ਯੋਗੀਆਂ ਦੇ ਬੁੱਤ ਪ੍ਰਾਪਤ ਹੋਏ ਹਨ।

ਡਾ. ਐਮ.ਐਨ ਜੋਸ਼ੀ ਨੇ ਵੀ ਉਪਰ ਵਾਲੇ ਤੱਥਾਂ ਦੀ ਪ੍ਰੋੜਤਾ ਕੀਤੀ ਹੈ।[14] ਇਨ੍ਹਾਂ ਅਨੁਸਾਰ ਮੁਨੀ ਅਤੇ ਸ੍ਰਮਣ ਵੈਦਿਕ ਕਾਲ ਤੋਂ ਪਹਿਲਾਂ ਹੋਂਦ ਵਿਚ ਆਏ।

ਵੇਦਾਂ ਵਿਚ ਵਰਾਤਯ ਸ਼ਬਦ ਦਾ ਪ੍ਰਯੋਗ ਹੋਇਆ ਹੈ। ਇਹ ਲੋਕ ਜਨੇਊ ਆਦਿ ਤੋਂ ਹੀਣ ਮਨੁੱਖ ਸਨ। ਇਨ੍ਹਾਂ ਨੂੰ ਵੈਦਿਕ ਕਰਮ-ਕਾਰ ਦਾ ਅਧਿਕਾਰ ਨਹੀਂ ਸੀ ਅਤੇ ਪਤਿਤ ਤਕ ਮੰਨਿਆ ਜਾਂਦਾ ਸੀ। ਪਰੰਤੂ ਵਿਦਵਾਨ ਅਤੇ ਤਪੱਸਵੀ ਵਰਾਤਯ ਦੀ ਕਦਰ ਕੀਤੀ ਜਾਂਦੀ ਸੀ ਭਾਵੇਂ ਬ੍ਰਾਹਮਣ ਉਸ ਨਾਲ ਦਵੈਤ ਰਖਣ। ਉਸਦੀ ਦੇਵਤਾ ਅਤੇ ਪਰਮਾਤਮਾ ਦੇ ਤੁੱਲ ਪੂਜਾ ਕੀਤੀ ਜਾਂਦੀ ਸੀ।[15] ਵੈਦਿਕ ਕਾਲ ਵਿਚ ਵੀ ਅਗਨੀ ਹੋਤ੍ਰ ਵਰਾਤਯ ਦੀ ਆਗਿਆ ਨਾਲ ਸ਼ੁਰੂ ਹੁੰਦਾ ਸੀ।[16] ਬ੍ਰਾਹਮਣਾਂ ਦੁਆਰਾ ਕੀਤੇ ਗਏ ਸਪਸ਼ਟ ਚਿਤਰਣ ਤੋਂ ਭਲੀ ਭਾਂਤ ਸਿੱਧ ਹੁੰਦਾ ਹੈ ਕਿ ਵਰਾਤਯ ਸ਼ਬਦ ਮੂਲ ਕਿਸੇ ਗੈਰ-ਆਰੀਆ ਜਾਤੀ ਦਾ ਬੋਧ ਕਰਦਾ ਸੀ।[17] ਡਾ. ਏ.ਪੀ. ਕਰਮਰਕਰ ਦੇ ਅਧਿਐਨ ਅਨੁਸਾਰ ਵਰਾਤਯ ਦੀ ਸਭਿਅਤਾ ਦਾ ਸੰਬੰਧ ਮਹਿੰਜੋਦੜੋ ਕਾਲੀਨ ਸਭਿਅਤਾ ਦੇ ਨਾਲ ਰਿਹਾ ਹੋਵੇਗਾ।[18]

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਵਰਾਤਯ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਵੈਦਿਕ ਯੁਗ ਤੋਂ ਪਹਿਲਾਂ ਅਜਿਹੇ ਲੋਕਾਂ ਦੀ ਘਾਟ ਨਹੀਂ ਸੀ ਜੋ ਕਰਮਕਾਂਡ ਦਾ ਵਿਰੋਧ ਕਰਦੇ ਸਨ। ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਇਨ੍ਹਾਂ ਲੋਕਾਂ ਦਾ ਵੈਦਿਕ ਮੱਤ ਤੋਂ ਭਿੰਨ ਆਪਣਾ ਮੱਤ ਜ਼ਰੂਰ ਸੀ; ਜਿਸ ਨੂੰ ਅਸੀਂ ਪੂਰਵ-ਵੈਦਿਕ ਮੱਤ ਕਹਿ ਸਕਦੇ ਹਾਂ।[19] ਇਸ ਮੱਤ ਦੇ ਅਨੁਯਾਈ ਕਿੱਸੇ ਅਰੂਪ ਵਸਤੂ ਦੇ ਧਿਆਨ ਅਤੇ ਚਿੰਤਨ ਵਿਚ ਮਗਨ ਰਹਿੰਦੇ ਸਨ। ਅਤੇ ਆਪਣੇ ਉਚ-ਆਦਰਸ਼ਾਂ ਦੀ ਪ੍ਰਾਪਤੀ ਲਈ ਇਕਾਗਰਤਾ ਦੀ ਸਾਧਨਾ ਕਰਦੇ ਸਨ।[20]

<u>ਯੋਗ-ਮਾਰਗ</u>: ਇਹ ਪਰੰਪਰਾ ਸਭ ਤੋਂ ਪੁਰਾਤਨ ਹੈ। ਰਿਗਵੇਦ ਕਾਲ ਤੋਂ ਪੂਰਬਲੀ ਸਿੰਧ ਘਾਟੀ ਦੀ ਸਭਿਅਤਾ ਵਿਚੋਂ ਯੋਗ ਦੇ ਤੱਤ ਮਿਲਦੇ ਹਨ। ਹੜੱਪਾ ਅਤੇ ਮਹਿੰਜੋਦੜੋ ਦੀ ਖੁਦਵਾਈ ਵਿਚੋਂ ਪ੍ਰਾਪਤ ਹੋਈਆਂ ਮੋਹਰਾਂ ਵਿਚ ਯੋਗ ਦਾ ਧਿਆਨ-ਮੁਦਰਾ ਵਿਚ ਬੈਠੇ ਵਿਅਕਤੀ ਦਾ ਆਕਾਰ ਨਜ਼ਰ ਆਉਂਦਾ ਹੈ। ਵਿਦਵਾਨਾਂ ਨੇ ਇਸ ਨੂੰ ਸ਼ਿਵ ਦੀ ਮੂਰਤੀ ਮੰਨਿਆ ਹੈ। ਯੋਗ ਮਾਰਗ ਦੀ ਪ੍ਰਤੀਨਿਧ ਰਚਨਾ ਪਾਤੰਜਲੀ ਰਿਸ਼ੀ ਦਾ ਯੋਗ-ਸੂਤਰ ਗ੍ਰੰਥ ਹੈ। ਇਸ ਵਿਚ ਯਮ, ਨਿਯਮ, ਆਸਣ, ਪ੍ਰਾਣਾਯਾਮ ਆਦਿ ਅੱਠ ਅੰਗਾਂ ਦਾ ਵਿਵੇਚਨ ਹੈ ਜਿਸ ਨੂੰ ਅਸ਼ਟਾਂਗ ਮਾਰਗ ਆਖਿਆ ਜਾਂਦਾ ਹੈ। ਯੋਗ ਸੰਬੰਧੀ ਸੰਕੇਤ ਰਿਗਵੇਦ ਵਿਚ ਵੀ ਮਿਲਦੇ ਹਨ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਯੋਗ ਦੀ ਪਰੰਪਰਾ ਵੀ ਉਤਨੀ ਹੀ ਪੁਰਾਣੀ ਹੈ ਜਿੰਨੀ ਗਿਆਨ, ਕਰਮ ਅਤੇ ਉਪਾਸਨਾ ਦੀ। ਬੁੱਧ ਧਰਮ ਵਿਚ ਅਸ਼ਟਾਂਗ-ਮਾਰਗ ਦਾ ਮਹੱਤਵ ਪੂਰਨ ਸਥਾਨ ਹੈ। ਜੈਨ ਧਰਮ ਵਿਚ ਵੀ ਯੋਗ ਦਾ ਗਾੜ੍ਹਾ ਵਰਨਣ ਮਿਲਦਾ ਹੈ।[21]

ਪ੍ਰਤੀਕ-ਪੂਜਾ: ਵਿਦਵਾਨਾਂ ਦਾ ਮੱਤ ਹੈ ਕਿ ਸਿੰਧੂ ਘਾਟੀ ਦੀ ਸਭਿਅਤਾ ਵਾਲੇ ਪ੍ਰਤੀਕ-ਪੂਜਕ ਸਨ। ਮਹੰਜੋਧੜੋ ਅਤੇ ਹੜਪਾ ਵਿਚ ਇਕ ਪ੍ਰਕਾਰ ਦੀਆਂ ਮੂਰਤੀਆਂ ਮਿਲੀਆਂ ਹਨ ਜਿਸਨੂੰ ਪੁਰਾਤਤਵ ਸ਼ਾਸਤਰੀ ਮਾਤ੍ਰ-ਦੇਵੀ ਦੀ ਮੂਰਤੀ ਮੰਨਦੇ ਹਨ। ਇਸ ਦੀ ਪੂਜਾ ਪ੍ਰਾਚੀਨ ਕਾਲ ਵਿਚ ਈਰਾਨ, ਮਿਸਰ, ਸੀਰੀਆ, ਈਰਾਕ, ਫ੍ਰਾਂਸਕਾਸਿਪੀਆ, ਲਘੂ-ਏਸ਼ੀਆ ਆਦਿ ਵਿਚ ਪ੍ਰਚਲਿਤ ਸੀ। ਇਨ੍ਹਾਂ ਦੇਸ਼ਾਂ ਦੀਆਂ ਮੂਰਤੀਆਂ ਵਿਚ ਬਹੁਤ ਸਮਾਨਤਾ ਹੈ। ਮਾਤ੍ਰ-ਦੇਵੀ ਦੀ ਪੂਜਾ ਧਰਮੀ ਮਾਤਾ ਤੋਂ ਹੋਈ ਹੋਵੇਗੀ। ਕੁਝ ਮੋਹਰਾਂ ਤੇ ਸ਼ਿਵ ਜੀ ਪੂਰਨ ਯੋਗ ਅਵਸਥਾ ਵਿਚ ਬੈਠੇ ਹਨ ਅਤੇ ਉਨ੍ਹਾਂ ਦੇ ਸਿਰ ਤੇ ਦੋ ਸਿੰਗ ਸਿਰਬੰਦ ਨਾਲ ਬੰਨ੍ਹੇ ਹੋਏ ਹਨ। ਪ੍ਰਾਚੀਨ ਕਾਲ ਵਿਚ ਸਿੰਗ ਧਾਰਮਿਕ ਪ੍ਰਤੀਕ ਸਮਝੇ ਜਾਂਦੇ ਸਨ। ਜਾਨ ਮਾਰਸ਼ਲ ਦੀ ਰਾਏ ਹੈ ਕਿ ਇਤਿਹਾਸਿਕ ਯੁਗ ਵਿਚ ਇਹ 'ਤ੍ਰਿਸ਼ੰਗ' ਪ੍ਰਤੀਕ ਤ੍ਰਿਸ਼ੂਲ ਰੂਪ ਵਿਚ ਆਇਆ। ਮੋਹੰਜੋਧੜੋ ਦੀ ਇਕ ਸ਼ਿਵ ਆਕ੍ਰਿਤੀ ਵਿਚ ਕਿਸੇ ਤਿੰਨ ਦੇਵਤਿਆਂ ਨੂੰ ਇਕ ਕਰਨ ਦਾ ਪ੍ਰਯਤਨ ਕੀਤਾ ਗਿਆ ਹੈ। ਇਕ ਹੋਰ ਮੂਰਤੀ ਜੋ ਤਾਮਰ-ਪਤ੍ਰ ਤੇ ਅੰਕਿਤ ਹੈ, ਵਿਚ ਸ਼ਿਵ ਜੀ ਯੋਗ ਅਵਸਥਾ ਵਿਚ ਹਨ, ਕੋਲ ਦੋ ਭਗਤ ਬੈਠੇ ਹਨ ਅਤੇ ਗਲ ਵਿਚ ਸੱਪ ਧਾਰਨ ਕੀਤਾ ਹੋਇਆ ਹੈ। ਪੱਥਰ ਦੇ ਅਨੇਕਾਂ ਲਿੰਗ ਪ੍ਰਤੀਕ ਮਿਲੇ ਹਨ ਜਿਸ ਤੋਂ ਸਿੱਧ ਹੁੰਦਾ ਹੈ ਕਿ ਸਿੰਧੂ ਘਾਟੀ ਦੀ ਸਭਿਅਤਾ ਵਿਚ ਲਿੰਗ ਉਪਾਸ਼ਨਾ ਦਾ ਪ੍ਰਚਾਰ ਸੀ। ਇਹ ਗੈਰ-ਆਰੀਆ ਸਭਿਅਤਾ ਨਹੀਂ ਕਹੀ ਜਾ ਸਕਦੀ ਕਿਉਂਕਿ ਆਰੀਆ ਸਭਿਅਤਾ ਵਿਚ ਮੂਰਤੀ ਪੂਜਾ ਦਾ ਪ੍ਰਚਲਨ ਭਾਰਤ ਵਿਚ ਨਿਸਚਿਤ ਰੂਪ ਵਿਚ ਪਹਿਲਾਂ ਨਹੀਂ ਸੀ।[22] ਗੈਰ-ਆਰੀਆ ਦੀ ਲਿੰਗ ਪੂਜਾ ਦਾ ਵੇਦ ਦੇ ਦੋ ਥਾਵਾਂ ਤੇ ਵਰਨਣ ਮਿਲਦਾ ਹੈ।[23] ਸ਼ੈਵ ਧਰਮ ਦੇ ਇਤਿਹਾਸ ਲਈ ਸਿੰਧੂ ਘਾਟੀ ਦੀ ਖੁਦਾਈ ਸੰਬੰਧੀ ਖੋਜ ਦਾ ਮਹੱਤਵ ਹੈ।

ਸ਼੍ਰਮਣ ਸਾਧਨਾ :- ਰਿਗਵੇਦ ਦੇ ਕੇਸੀ ਸੂਕਤ ਵਿਚ ਕੁਝ ਅਜਿਹੇ ਵਰਨਣ ਮਿਲਦੇ ਹਨ ਜਿਸ ਤੋਂ ਪਤਾ ਚਲਦਾ ਹੈ ਕਿ ਵੇਦਾਂ ਦੀ ਰਚਨਾ ਸਮੇਂ ਕੁਝ ਲੋਕ ਵਿਸ਼ੇਸ਼ ਤਰ੍ਹਾਂ ਦਾ ਜੀਵਨ ਗੁਜ਼ਾਰਦੇ ਸਨ। ਇਸ ਤੇ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਹ ਲੋਕ ਸ਼੍ਰਮਣ ਪਰੰਪਰਾ ਦੇ ਜਨਮਦਾਤਾ ਰਹੇ ਹੋਣਗੇ।[25] ਸ਼੍ਰਮਣ ਯੱਗ ਦਾ ਤਿਰਸਕਾਰ ਕਰਦੇ ਸਨ ਕਿਉਂਕਿ ਉਸ ਸਮੇਂ ਯੱਗਾਂ ਵਿਚ ਪ੍ਰਾਣੀਆਂ ਦੀ ਬਲੀ ਦਿੱਤੀ ਜਾਂਦੀ ਸੀ। ਸ਼੍ਰਮਣ ਯੱਗ ਦਾ ਤਿਆਗ ਅਹਿੰਸਾ ਦੀ ਦ੍ਰਿਸ਼ਟੀ ਤੋਂ ਕਰਦੇ ਸਨ। ਉਹ ਦੇਵ ਉਪਾਸ਼ਨਾ ਨਾਲੋਂ ਪਰਮ ਕਲਿਆਣ ਦੀ ਸਾਧਨਾ ਤੇ ਵਧੇਰੇ ਬੱਲ ਦਿੰਦੇ ਸਨ, ਜਿਸ ਨਾਲ ਆਦਰਸ਼ਕ ਮਨੁੱਖ ਦੀ ਪ੍ਰਤਿਸ਼ਠਾ ਵਿਚ ਸਹਾਇਤਾ ਮਿਲਦੀ ਹੈ।

ਰਿਗ ਵੇਦ ਵਿਚ ਕੇਸ਼ੀ ਅਤੇ ਮੁਨੀ ਲੋਕਾਂ ਦਾ ਵਰਨਣ ਵੀ ਆਉਂਦਾ ਹੈ। ਜਿਸ ਤੋਂ ਪਤਾ ਚਲਦਾ ਹੈ ਕਿ ਇਹ ਲੋਕ ਕਦੀ ਸ਼ਿਵ ਦੇ ਉਪਾਸ਼ਕ ਰਹੇ ਹੋਣਗੇ। ਇਹ ਲੋਕ ਸਾਧਨਾ ਦੁਆਰਾ ਹਵਾ ਵਿਚ ਉਪਰ ਉਠ ਜਾਂਦੇ ਸਨ। ਡਾ. ਮੁਨੀ ਸ਼ਿਵ ਕੁਮਾਰ ਅਨੁਸਾਰ ਕਰਮ, ਯੋਗ, ਧਿਆਨ, ਨਿਰਵਾਨ ਜਾਂ ਮੋਕਸ਼ ਦੇ ਸਿਧਾਂਤ ਮੁਨੀਆਂ ਅਤੇ ਸ਼੍ਰਮਣਾਂ ਦੀ ਵਿਰਾਸਤ ਵਿਚੋਂ ਮਿਲੇ ਹਨ ਜੋ ਕਿ ਪੂਰਵ ਵੈਦਿਕ ਭਗਤੀ ਦੇ ਬਾਨੀ ਸਨ।[26]

ਸ਼੍ਰਮਣਾਂ ਦਾ ਮੂੰਤ ਵਰਾਤਯ ਨਾਲ ਕਾਫ਼ੀ ਮਿਲਦਾ ਜੁਲਦਾ ਸੀ ਇਨ੍ਹਾਂ ਦੋਹਾਂ ਵਿਚੋਂ ਕਿਹੜੀ ਪਰੰਪਰਾ ਪ੍ਰਾਚੀਨ ਹੈ, ਇਸ ਬਾਰੇ ਸਮੱਗਰੀ ਉਪਲਬਧ ਨਹੀਂ। ਇਹ ਦੋਵੇਂ ਮੱਤ ਵੈਦਿਕ ਭਗਤੀ ਦਾ ਵਿਰੋਧ ਕਰਦੇ ਸਨ। ਡਾ. ਜੋਸ਼ੀ ਅਨੁਸਾਰ ਮੁਨੀਆਂ ਤੇ ਸ਼੍ਰਮਣਾਂ ਤੋਂ ਜੈਨ-ਮੱਤ ਅਤੇ ਬੁੱਧ ਮੱਤ ਦਾ ਆਰੰਭ ਹੋਇਆ।[27] ਬੁੱਧ ਮੱਤ ਅਤੇ ਜੈਨ ਮੱਤ ਦੋਵੇਂ ਹੀ ਪ੍ਰਭੂ ਦੀ ਸੱਤਾ ਬਾਰੇ ਵਧੇਰੇ ਕਰਕੇ ਮੌਨ ਹੀ ਰਹਿੰਦੇ ਹਨ ਤਾਂ ਵੀ ਜੈਨ ਮੱਤ ਦੇ ਮਹਾਂਵੀਰ ਅਤੇ ਬੁੱਧ ਮੱਤ ਦੇ ਮਹਾਤਮਾ ਗੌਤਮ ਬੁੱਧ ਨੇ ਭਗਤੀ ਦੇ ਵਿਕਾਸ ਵਿਚ ਵਿਸ਼ੇਸ਼ ਯੋਗਦਾਨ ਪਾਇਆ। ਇਸ ਦੇ ਨਾਲ ਹੀ ਸਿੰਧੂ ਘਾਟੀ ਦੀ ਸਭਿਅਤਾ ਸੰਬੰਧੀ ਖੋਜ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਯੋਗ ਵਿਦਿਆ ਅਤੇ ਸ਼ੈਵ ਸੰਪ੍ਰਦਾਇ ਦੀ ਹੋਂਦ ਵੈਦਿਕ ਯੁਗ ਤੋਂ ਪਹਿਲਾਂ ਵੀ ਹੋਵੇਗੀ ਅਤੇ ਦੋਵਾਂ ਵਿਚ ਸੰਬੰਧ ਵੀ ਜ਼ਰੂਰ ਹੋਣਗੇ।[28]

੨ ਵੇਦਾਂ ਵਿਚ ਭਗਤੀ: ਵੇਦ ਭਾਰਤੀ ਧਰਮ, ਸੰਸਕ੍ਰਿਤੀ, ਸਾਹਿਤ, ਭਾਸ਼ਾ ਆਦਿ ਦੇ ਮੂਲ ਅਤੇ ਪ੍ਰਾਚੀਨਤਮ ਭੰਡਾਰ ਹਨ। ਅਸਲ ਵਿਚ ਵੈਦਿਕ ਸਾਹਿਤ ਇਕ ਅਥਾਹ ਸਾਗਰ ਹੈ, ਜਿਸ ਦੀਆਂ ਡੂੰਘਾਈਆਂ ਵਿਚ ਅਨੇਕਾਂ ਪ੍ਰਕਾਰ ਦੇ ਪ੍ਰਕ੍ਰਿਤਕ ਅਣਮੋਲ ਖਜ਼ਾਨੇ ਛੁਪੇ ਹੋਏ ਹਨ। ਭਾਰਤੀ ਵਿਦਵਾਨ ਭਾਰਤੀ ਦਰਸ਼ਨ ਧਰਮ, ਸਾਧਨਾ ਆਦਿ ਹਰ ਇਕ ਪਰੰਪਰਾ ਨੂੰ ਵੇਦਾਂ ਨਾਲ ਜੋੜਦੇ ਹਨ। ਡਾ. ਬੈਨੀ ਪ੍ਰਸਾਦ ਸ਼ਰਮਾ ਨੇ ਰਿਗਵੇਦਾਂ ਨੂੰ ਹਿੰਦੂ ਭਗਤੀ ਸੰਪ੍ਰਦਾਵਾਂ ਦਾ ਮੂਲ ਸੋਮਾ ਸਿੱਧ ਕੀਤਾ ਹੈ ਅਤੇ ਦਸਿਆ ਹੈ ਕਿ ਰਿਗਵੇਦ ਵਿਚ ਭਾਰਤੀ ਧਰਮਾਂ ਦੇ ਬੀਜ ਮੂਲ ਰੂਪ ਵਿਚ ਮੌਜੂਦ ਸਨ ਅਤੇ ਉਨ੍ਹਾਂ ਦੇ ਕ੍ਰਮਿਕ ਵਿਕਾਸ ਨਾਲ ਭਾਰਤੀ ਭਗਤੀ ਦੀ ਰੂਪ ਰੇਖਾ ਬਣੀ।[29] ਰਿਗਵੇਦ ਵਿਚ ਬ੍ਰਹਮ ਦੇ ਸਰੂਪ ਸੰਬੰਧੀ ਅਤੇ ਉਪਾਸਨਾ ਦੀਆਂ ਵਿਭਿੰਨ ਪੱਧਤੀਆਂ ਸੰਬੰਧੀ ਵਿਸ਼ਾਲ ਵਿਚਾਰ ਵਿਦਮਾਨ ਹਨ।

ਭਗਤੀ ਈਸ਼ਵਰ ਦੀ ਹੋਂਦ ਤੇ ਨਿਰਭਰ ਕਰਦੀ ਹੈ। ਭਗਤ ਪ੍ਰਭੂ ਦੀ ਸੱਤਾ ਵਿਚ ਵਿਸ਼ਵਾਸ ਰਖਦਾ ਹੈ ਰਿਗਵੇਦ ਦਾ ਰਿਸ਼ੀ ਕਹਿੰਦਾ ਹੈ, " ਹੇ ਪ੍ਰਭੂ ! ਤੁਹਾਡੀ ਹੋਂਦ ਤੋਂ ਵਧ ਕੇ ਹੋਰ ਕਿਸੇ ਚੀਜ਼ ਦੀ ਹੋਂਦ ਨਹੀਂ। ਆਪ ਦੀ ਸਰਵੋਤਮ ਸੱਤਾ ਹੈ। ਆਪ ਦੇ ਸਮਾਨ ਕੋਈ ਗਿਆਨੀ ਦੇਵ ਵੀ ਨਹੀਂ ਹੈ।[30]

ਵੇਦਾਂ ਦੇ ਦੇਵਤੇ ਪ੍ਰਾਕਿਰਤਕ, ਅਧਿਆਤਮਿਕ ਸ਼ਕਤੀਆਂ ਦੇ ਪ੍ਰਤੀਕ ਸਨ। ਰਿਗ ਵੈਦਿਕ ਆਰੀਅਨ ਦੇਵਤਿਆਂ ਦੀ ਅਰਾਧਨਾ ਕਰਦੇ ਸਨ ਉਨ੍ਹਾਂ ਨੂੰ ਦੇਵਤਿਆਂ ਤੇ ਪੂਰਨ ਵਿਸ਼ਵਾਸ ਸੀ।[31] ਇਹ ਲੋਕ ਦੇਵਤਿਆਂ ਦੀ ਨਿਸ਼ਕਾਮ ਅਰਾਧਨਾ ਨਹੀਂ ਕਰਦੇ ਸਨ। ਉਸ ਸਮੇਂ ਲੋਕਾਂ ਦੇ ਮਨਾਂ ਵਿਚ ਪ੍ਰਾਕਿਰਤਕ ਸੰਕਟਾ, ਜੰਗ, ਮੌਤ ਆਦਿ ਦਾ ਭੈ ਹਰ ਸਮੇਂ ਲਗਿਆ ਰਹਿੰਦਾ ਸੀ। ਇਸ ਲਈ ਉਹ ਸੁਖੀ ਤੇ ਅਨੰਦਮਈ ਜੀਵਨ ਲਈ ਜਾਚਨਾ ਕਰਦੇ ਰਹਿੰਦੇ ਸਨ। ਜਿਵੇਂ " ਏ ਊਸ਼ਾ ! ਮੇਰੀ ਰਖਿਆ ਕਰੋ। ਨਦੀਓ ਅਤੇ ਅਚਲ ਪਰਬਤੋ! ਸਾਡੀ ਰਖਿਆ ਕਰੋ। ਦੇਵ-ਜਗ ਵਿਚ ਦੇਵਤਿਆਂ ਦੇ ਨਾਲ ਬੁਲਾਏ ਗਏ ਪਿਤਰੋ! ਸਾਡੀ ਰਖਿਆ ਕਰੋ।"[32]

ਪੱਛਮੀ ਵਿਦਵਾਨਾਂ ਅਨੁਸਾਰ ਵੇਦਾਂ ਵਿਚ ਬਹੁਦੇਵਵਾਦ ਦਾ ਸਾਮਰਾਜ ਹੈ ਨਵੀਨ ਪੰਡਤ ਵੀ ਇਸੇ ਧਾਰਨਾ ਨੂੰ ਹਾਲੀ ਤਕ ਆਪਣੀ ਛਾਤੀ ਨਾਲ ਲਾਈ ਬੈਠੇ ਹਨ। ਪਰੰਤੂ ਇਹ ਧਾਰਣਾ ਬਿਲਕੁਲ ਗਲਤ ਹੈ ਅਤੇ ਰੇਤ ਦੇ ਢੇਰ ਵਾਂਗ ਨਿਰਾਧਾਰ ਅਤੇ ਅਪ੍ਰਸੰਗਿਕ ਹੈ। ਇਸ ਜਗਤ ਦੇ ਮੂਲ ਵਿਚ ਇਕ ਸ਼ਕਤੀ ਵਿੱਦਮਾਨ ਹੈ ਜੋ ਨਿਰੰਕੁਸ਼ ਏਸ਼ਵਰਯ ਸ਼ਾਲਿਨੀ ਹੋਣ ਨਾਲ ਈਸ਼ਵਰ ਅਤੇ ਅਨੰਤ ਮਹਾਨ ਤੇ ਬ੍ਰਿਹਤ ਹੋਣ ਨਾਲ ਬ੍ਰਹਮ ਕਹਿਲਾਉਂਦੀ ਹੈ। ਉਹ ਇਕ ਹੀ ਅਦੁੱਤੀ ਸਤਾ ਹੈ ਉਹ ਸ੍ਰਿਸ਼ਟੀ ਦਾ ਸੰਚਾਲਨ ਕਰਨ ਵਾਲੀ ਇਕ ਅਲੌਕਿਕ ਸ਼ਕਤੀ ਹੈ। ਉਹ ਅਖੰਡ ਹੈ। ਇਸ ਵਿਭਿੰਨ ਪ੍ਰਕਾਰ ਦੇ ਜਗਤ ਵਿਚ " ਏਕਤੱਵ" ਦੀ ਪਹਿਲ ਵੈਦਿਕ ਕਵੀਆਂ ਦੀ ਨਿੱਜੀ ਵਿਸ਼ੇਸ਼ਤਾ ਹੈ।[33] ਵੈਦਿਕ ਰਿਸ਼ੀਆਂ ਨੇ ਬ੍ਰਹਮਾਨੰਦ ਪ੍ਰਾਪਤੀ ਦੇ ਤਿੰਨ ਸਾਧਨ ਦੱਸੇ ਹਨ:- ਗਿਆਨ, ਕਰਮ ਅਤੇ ਭਗਤੀ। ਬਿਨਾਂ ਕਰਮ ਦੇ ਗਿਆਨ ਨਹੀਂ ਪ੍ਰਾਪਤ ਹੁੰਦਾ। ਅਤੇ ਬਿਨਾਂ ਗਿਆਨ ਦੇ ਕਰਮ ਜਾਂ ਭਗਤੀ। ਵੇਦਾਂ ਦੇ ਕਰਮਕਾਂਡ ਵਿਚ ਉਪਾਸਨਾ ਦੇ ਅਤੇ ਗਿਆਨਕਾਂਡ ਵਿਚ ਅਧਿਆਤਮਕ ਚਿੰਤਕਾਂ ਦੇ ਵਿਚਾਰ ਮੌਜੂਦ ਹਨ।

<u>ਕਰਮ- ਮਾਰਗ:</u> ਕਰਮ ਕਾਂਡ ਦੇ ਨਿਯਮਾਂ ਦੇ ਆਧਾਰ ਤੇ ਸਾਧਕ ਸਭ ਤੋਂ ਪਹਿਲਾਂ ਸ਼ੁਭ ਕਰਮ ਕਰਦਾ ਹੈ ਅਤੇ ਅੰਤਹਕਰਨ ਨੂੰ ਸ਼ੁਧ ਕਰਦਾ ਹੈ। ਵੇਦਾਂ ਵਿਚ ਕੁਲ ਨਿੱਤ ਕਰਮਾਂ ਦਾ ਵਰਨਣ ਹੈ ਜਿਨ੍ਹਾਂ ਦੇ ਕਰਨ ਨਾਲ ਪੁੰਨ ਜਾਂ ਅਪੂਰਵ ਵਸਤੂ ਨਹੀਂ ਮਿਲਦੀ ਅਤੇ ਕੁਝ ਨੈਮਿਤਿਕ ਕਰਮ ਹਨ ਜਿਨ੍ਹਾਂ ਦੇ ਕਰਨ ਨਾਲ ਕਰਮ ਫਲ ਮਿਲਦਾ ਹੈ।[34] ਸੰਚਿਤ ਅਤੇ ਪ੍ਰਾਰਬੱਧ ਕਰਮਾਂ ਦਾ ਵਰਨਣ ਵੀ ਮੰਤਰਾਂ ਵਿਚ ਮਿਲਦਾ ਹੈ।[35] ਪੂਰਵ ਜਨਮ ਦੇ ਕੀਤੇ ਕਰਮਾਂ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਮਨੁੱਖ ਦੇਵਤਿਆਂ ਕੋਲ

ਪ੍ਰਾਰਥਨਾ ਕਰਦਾ ਹੈ।[37] ਵੈਦਿਕ ਲੋਕ ਪਿਤ੍ਰ-ਪੂਜਾ, ਯਗ, ਅਗਨੀ -ਪੂਜਾ ਕਰਦੇ ਸਨ। ਪਿਤ੍ਰ ਪੂਜਾ ਇਸ ਲਈ ਕਰਦੇ ਸਨ ਕਿ ਪਿਤ੍ਰ ਦੈਨਿਕ ਜੀਵਨ ਦੇ ਕੰਮ ਵਿਚ ਬਾਧਕ ਨਾ ਬਨਣ। ਉਹ ਦੇਵਤਿਆਂ ਨੂੰ ਰੀਝਾਉਣ ਲਈ ਦੂਸਰੇ ਜੀਵਾਂ ਦਾ ਬਲੀਦਾਨ ਕਰਦੇ ਸਨ। ਯਜੁਰਵੇਦ ਕਰਮਕਾਂਡੀ ਹੁੰਦਿਆਂ ਵੀ ਸਾਡੇ ਸਾਹਮਣੇ ਇਕ ਸੁੰਦਰ ਆਦਰਸ਼ ਪੇਸ਼ ਕਰਦਾ ਹੈ - " ਕਰਮ ਕਰਦਿਆਂ ਹੋਇਆਂ ਹੀ ਮਨੁੱਖ ਨੂੰ ਸੌ ਵਰ੍ਹੇ ਜੀਉਣ ਦੀ ਕਾਮਨਾ ਕਰਨੀ ਚਾਹੀਦੀ ਹੈ। ਮਨੁੱਖ ਦਾ ਜੀਵਨ ਕਰਮ ਨਾਲ ਹੀ ਹੈ। ਇਸ ਤਰ੍ਹਾਂ ਕਰਨ ਵਾਲਾ ਮਨੁੱਖ ਕਰਮ ਵਿਚ ਨਹੀਂ ਫਸਦਾ।"[38]

<u>ਗਿਆਨ -ਮਾਰਗ:</u> ਜਦ ਸਾਧਕ ਬੁੱਧੀ ਦੁਆਰਾ ਬ੍ਰਹਮ ਦੇ ਸਰੂਪ ਦਾ ਚਿੰਤਨ ਕਰਦਾ ਹੈ ਤਾਂ ਇਸ ਨੂੰ ਗਿਆਨ-ਮਾਰਗ ਕਿਹਾ ਜਾਂਦਾ ਹੈ। ਬਿਨਾਂ ਆਤਮ ਸਮਰਪਣ ਦੇ ਗਿਆਨ ਪ੍ਰਾਪਤ ਨਹੀਂ ਹੋ ਸਕਦਾ। ਗਿਆਨ ਲਈ ਅਭਿਮਾਨ ਦਾ ਤਿਆਗ ਵੀ ਪਰਮ ਅਵਸ਼ਕ ਹੈ। ਵੈਦਿਕ ਲੋਕ ਵਿਸ਼ਿਸ਼ਟ ਸ਼ਕਤੀ ਦੀ ਪ੍ਰਾਰਥਨਾ ਕਰਦੇ ਸਨ।[39] ਉਨ੍ਹਾਂ ਨੂੰ ਸਭ ਜਾਣਕਾਰੀ ਸੀ ਕਿ ਕਿਸ ਪ੍ਰਕਾਰ ਦੀ ਉਪਾਸਨਾ ਨਾਲ ਕਿਸ ਪ੍ਰਕਾਰ ਦੀ ਸ਼ਕਤੀ ਨੂੰ ਪ੍ਰਸੰਨ ਕਰਨਾ ਹੈ। ਉਪਾਸਨਾ ਦੇ ਸਮੇਂ ਸਾਧਕ ਸਾਧਯ ਨਾਲ ਇਕ-ਰਸ ਹੋ ਜਾਂਦਾ ਸੀ।[40] ਇਹ ਲੋਕ ਜਾਣਦੇ ਸਨ ਕਿ ਜੀਵਾਤਮਾ ਅਤੇ ਪਰਮਤੱਤ ਦੇ ਅਭੇਦ ਜਾਂ ਇਕ ਦੇ ਗਿਆਨ ਨਾਲ ਹੀ ਪਰਮ ਉਦੇਸ਼ ਸਿੱਧ ਹੁੰਦਾ ਹੈ। ਯਜੁਰਵੇਦ ਵਿਚ ਅਨੇਕ ਮੰਤਰ ਹਨ ਜਿਨ੍ਹਾਂ ਵਿਚ ਈਸ਼ਵਰ ਦਾ ਵਰਨਣ ਹੈ ਜੋ ਜਗਤ ਵਿਚ ਅਨੇਕ ਰੂਪ ਵਿਚ ਅਭਿਵਿਅਕਤ ਹੁੰਦੇ ਹਨ ਜਿਸਦੇ ਗਿਆਨ ਨਾਲ ਜਗਿਆਸੂ ਨੂੰ ਪਰਮ ਲਕਸ਼ ਦੀ ਪ੍ਰਾਪਤੀ ਹੁੰਦੀ ਹੈ।[41]

<u>ਭਗਤੀ ਮਾਰਗ:-</u> ਵੈਦਿਕ ਮੰਤਰਾਂ ਵਿਚ ਵਿਸ਼ਿਸ਼ਟ ਦੇਵਤਿਆਂ ਦੀ ਉਸਤਤ ਕੀਤੀ ਗਈ ਹੈ। ਬਿਨਾਂ ਭਗਤੀ ਭਾਵ ਦੇ ਅਜਿਹੀ ਭਾਵੁਕ ਅਤੇ ਕੋਮਲ ਉਸਤਤੀ ਦਾ ਉਦੈ ਹੋ ਨਹੀਂ ਸਕਦਾ ਸੀ। ਭਗਤੀ ਭਾਵਨਾ ਵਰੁਣ ਦੇ ਸੂਕਤਾਂ ਵਿਚ ਅਧਿਕ ਮਿਲਦੀ ਹੈ। ਸਾਧਕ ਉਸ ਦਾ ਸਿਮਰਨ ਕਰਦਾ ਹੈ। ਉਹ ਦੇਵਤਿਆਂ ਕੋਲ ਆਰਤ ਕਰਦਾ ਹੈ " ਅਸੀਂ ਆਪਣੇ ਚਿੱਤ ਦੀਆਂ ਸਾਰੀਆਂ ਸ਼ਕਤੀਆਂ ਨੂੰ ਤੇਰੇ ਅੰਦਰ ਕੇਂਦ੍ਰਿਤ ਕਰਕੇ ਤੇਰਾ ਅਤੇ ਕੇਵਲ ਤੇਰਾ ਸਿਮਰਨ ਕਰਦੇ ਹਾਂ। ਅਸੀਂ ਆਪਣੀ ਵਾਣੀ ਦੁਆਰਾ ਤੇਰੇ ਨਾਮ ਦਾ ਜਾਪ, ਤੇਰੇ ਗੁਣਾਂ ਦਾ ਸਿਮਰਨ ਗਾਣ ਅਤੇ ਕੀਰਤਨ ਕਰਦੇ ਹੋਏ ਤੇਰਾ ਪ੍ਰਕਾਸ਼ ਕਰੀਏ, ਤੇਰਾ ਅਨੁਭਵ ਕਰੀਏ।[42] ਸਾਧਕ ਦੇਵਤਿਆਂ ਨਾਲ ਪਿਤਾ, ਮਾਤਾ, ਬੰਧੂ ਆਦਿ ਦੇ ਸੰਬੰਧ ਸਥਾਪਤ ਕਰਦਾ ਹੈ ਜਿਸ ਤੋਂ ਆਦਮੀ ਅਤੇ ਦੇਵਤੇ ਦੇ ਵਿਚਕਾਰ ਡੂੰਘੇ ਪ੍ਰੇਮ ਅਤੇ ਅਨੁਰਾਗ ਬਾਰੇ ਪਤਾ ਲਗਦਾ ਹੈ।

ਰਿਗਵੇਦ ਵਿਚ ਵਿਸ਼ਨੂੰ ਭਗਤੀ ਸੰਬੰਧੀ ਵੀ ਸੰਕੇਤ ਮਿਲਦੇ ਹਨ। ਰਿਗਵੇਦ ਵਿਚ ਵਰਣਿਤ ਚਿੰਨ੍ਹਾਂ ਤੋਂ ਸਪਸ਼ਟ ਹੈ ਕਿ ਵਿਸ਼ਨੂੰ ਸੌਰ-ਦੇਵਤਾ ਹੈ ਅਤੇ ਇਸਦਾ ਸੰਬੰਧ ਤਿੰਨ ਲੋਕਾਂ ਨਾਲ ਹੈ।

ਇਸ ਤੋਂ ਇਲਾਵਾ ਵੇਦਾਂ ਵਿਚ ਸਾਨੂੰ ਸਭ ਪ੍ਰਕਾਰ ਦੀ ਭਗਤੀ ਦੇ ਉਦਾਹਰਣ ਮਿਲ ਜਾਂਦੇ ਹਨ ਜਿਵੇਂ ਨਾਮ ਭਗਤੀ[44] ਸਗੁਣ ਰੂਪ ਭਗਤੀ[45] ਕਾਂਤਾ ਭਗਤੀ [46] ਅਨਿੰਨ ਭਗਤੀ[47], ਪੂਜਾ ਭਗਤੀ[48] ਦਾਸਾ ਭਗਤੀ[49], ਸਖਾ ਭਗਤੀ[50], ਵਾਤਸਲਯ-ਭਗਤੀ,[51] ਆਤਮ -ਨਿਵੇਦਨ ਭਗਤੀ ,[52], ਸਿਮਰਨ-ਭਗਤੀ[53], ਆਦਿ ।

ਭਗਤੀ ਦੇ ਸਾਧਨ:- ਪ੍ਰਭੂ ਕਿਰਪਾ[54], ਸਤਿ-ਸੰਗ[55], ਸ਼ਰਧਾ [56], ਕੀਰਤਨ[57], ਪ੍ਰਾਰਥਨਾ[58], ਗੁਰੂ -ਕ੍ਰਿਪਾ[59], ਪ੍ਰਭੂ-ਮਹਿਮਾਂ[60], ਆਦਿ ਸੰਬੰਧੀ ਵੇਦਾਂ ਵਿਚ ਵਰਨਣ ਆਉਂਦਾ ਹੈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਭਾਰਤੀ ਭਗਤੀ-ਸਾਧਨਾਂ ਦੇ ਤਿੰਨ ਪ੍ਰਮੁੱਖ ਮਾਰਗ ਗਿਆਨ, ਕਰਮ ਅਤੇ ਭਗਤੀ ਦਾ ਜ਼ਿਕਰ ਵੇਦਾਂ ਵਿਚ ਜ਼ਰੂਰ ਹੋਇਆ।

ਹੇ ਪਰਮ-ਜਗਤ ਗੁਰੂ ! ਤੁਸੀਂ ਸਾਨੂੰ ਝੂਠੇ ਮਾਰਗੋਂ ਹਟਾ ਕੇ ਸਤਿ ਮਾਰਗ ਤੇ ਤੋਰੋ। ਅਵਿਦਿਆ ਅਤੇ ਅਗਿਆਨਤਾ ਤੋਂ ਛੁਡਾ ਕੇ ਗਿਆਨ ਰੂਪੀ ਸੂਰਜ ਦੇ ਖੇਤਰ ਵਿਚ ਪ੍ਰਵੇਸ਼ ਕਰਾਉ। ਮ੍ਰਿਤੂ ਰੋਗ ਤੋਂ ਸਾਨੂੰ ਬਚਾ ਕੇ ਆਨੰਦ ਰੂਪੀ ਅੰਮ੍ਰਿਤ ਦਿਉ।[61]

ਅੰਤ ਵਿਚ ਵੈਦਿਕ ਭਗਤੀ ਸੰਬੰਧੀ ਆਚਾਰੀਆ ਪਰਸ਼ੂਰਾਮ ਦੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ " ਆਰੀਆ ਦੇ ਇਤਿਹਾਸ ਦੇ ਪਹਿਲੇ ਯੁੱਗ ਵਿਚ ਜੋ ਸਾਧਨਾ ਪਹਿਲਾਂ ਸਿੱਧੇ ਸਾਦੇ ਉਸਤਤ-ਗਾਣ ਜਾਂ ਪਸ਼ੂ-ਬਲੀ ਨਾਲ ਆਰੰਭ ਹੋਈ ਸੀ, ਉਹ ਕ੍ਰਮਵਾਰ ਯੱਗ, ਕਰਮ, ਤਪੱਸਿਆ ਤੱਤ-ਗਿਆਨ, ਸਦਾਚਾਰ ਅਤੇ ਭਗਤੀ ਦੇ ਅਲੱਗ ਅਲੱਗ ਰੂਪ ਧਾਰਨ ਕਰਨ ਲਗੀ ਅਤੇ ਵਿਵਿਧਤਾ ਦੇ ਕਾਰਨ ਮਤ ਭੇਦ ਪੈਦਾ ਹੋਏ ਅਤੇ ਸਾਧਨਾ ਦੀ ਵਿਭਿੰਨਤਾ ਕਾਰਨ ਸਮਾਜ ਵਿਚ ਭਿੰਨ ਭਿੰਨ ਵਰਗਾਂ ਦੀ ਸ੍ਰਿਸ਼ਟੀ ਹੋਣ ਲਗੀ।[62] ਇਸ ਸਥਿਤੀ ਨਾਲ ਭਿੰਨ ਭਿੰਨ ਧਰਮਾਂ, ਸੰਪਰਦਾਵਾਂ ਦਾ ਉਦਗਮ ਹੋਇਆ ਜਿਨ੍ਹਾਂ ਨੇ ਆਪਣੇ ਆਪਣੇ ਭਗਤੀ ਮਾਰਗ ਸਥਾਪਿਤ ਕੀਤੇ।

3. ਉਪਨਿਸ਼ਦਾਂ ਵਿਚ ਭਗਤੀ:- ਵੈਦਿਕ ਭਗਤੀ ਖੁਸ਼ਕ ਅਤੇ ਜਟਿਲ ਕਰਮਕਾਂਡ-ਪ੍ਰਧਾਨ ਖਿਆਲ ਕੀਤੀ ਜਾਂਦੀ ਹੈ। ਉਪਨਿਸ਼ਦ ਕਾਲ ਵਿਚ ਮਧੁਰਤਾ ਅਤੇ ਰਸਾਤਮਕ ਸੰਬੰਧ ਇਸ ਵਿਚ ਸ਼ਾਮਲ ਹੋਏ। ਇਸ ਲਈ ਉਪਨਿਸ਼ਦ ਦਰਸ਼ਨ ਦਾ ਭਗਤੀ ਸਾਹਿਤ ਵਿਚ ਮਹੱਤਵਪੂਰਣ ਸਥਾਨ ਹੈ।

ਭਗਤੀ ਸਿਧਾਂਤਾਂ ਅਤੇ ਵਿਚਾਰਾਂ ਦਾ ਸਪਸ਼ਟ ਗਿਆਨ ਪ੍ਰਾਪਤ ਕਰਨ ਲਈ ਉਪਨਿਸ਼ਦਾਂ ਦਾ ਅਧਿਐਨ ਜ਼ਰੂਰੀ ਹੈ। ਉਪਨਿਸ਼ਦਾਂ ਵਿਚ ਗਿਆਨਕਾਂਡ ਦੇ ਨਾਲ ਹੀ ਨਾਲ ਭਗਤੀ ਰਸ ਦੀ ਭਰਪੂਰਤਾ ਵੀ ਹੈ। ਉਪਨਿਸ਼ਦਾਂ ਦੀ ਗਿਣਤੀ 128 ਹੈ। ਇਨ੍ਹਾਂ ਵਿਚ ਕਠੋਪਨਿਸ਼ਦ, ਮੁੰਡਕ ਉਪਨਿਸ਼ਦ, ਬ੍ਰਿਹਦਾਰਣਯਕ, ਸ਼੍ਵੇਤਸ਼੍ਵੇਤਰ, ਤੈਤਰੀਯ, ਕੇਨੋਪਨਿਸ਼ਦ ਆਦਿ ਪ੍ਰਮੁੱਖ ਉਪਨਿਸ਼ਦ ਹਨ।

<u>ਬ੍ਰਹਮ</u>:- ਉਪਨਿਸ਼ਦਾਂ ਵਿਚ ਸਭ ਤੋਂ ਪਹਿਲਾਂ ਪਰਮ ਤੱਤ ਨੂੰ ਬ੍ਰਹਮ ਦਾ ਨਾਮ ਦਿੱਤਾ ਗਿਆ ਹੈ। ਉਪਨਿਸ਼ਦਾਂ ਵਿਚ ਪਰਮ ਤੱਤ "ਬ੍ਰਹਮ" ਦੇ ਦੋ ਰੂਪ ਹਨ - ਪਰਬ੍ਰਹਮ ਅਤੇ ਅਪਰ ਬ੍ਰਹਮ। ਕਠ ਉਪਨਿਸ਼ਦ ਵਿਚ ਅੱਖਰ ਜਾਂ ਅਕਸ਼ਰ ਨੂੰ ਬ੍ਰਹਮ ਕਿਹਾ ਗਿਆ ਹੈ। ਇਸ ਅੱਖਰ -ਬ੍ਰਹਮ ਨੂੰ ਸਮਝਕੇ ਸਾਧਕ ਕਿਸੇ ਵੀ ਮਨਚਾਹੇ ਰੂਪ ਨੂੰ ਪ੍ਰਾਪਤ ਕਰ ਸਕਦਾ ਹੈ।[63] ਬ੍ਰਿਹਦਾਰਣਯਕ ਉਪਨਿਸ਼ਦ ਅਨੁਸਾਰ ਆਤਮਾ ਬ੍ਰਹਮ ਹੈ।[64] ਮੈਂ ਬ੍ਰਹਮ ਹਾਂ।[65] ਜਿਸ ਦਾ ਅਰਥ ਹੈ ਮੈਂ ਹੀ ਆਤਮਾ ਹਾਂ। ਇਸ ਤੋਂ ਹੀ " ਸੋਹੰ" ਸਾਧਨਾ ਪ੍ਰਚਲਿਤ ਹੋਈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਉਪਨਿਸ਼ਦਕ ਬ੍ਰਹਮ ਪਰਮਤੱਤ, ਅਗੋਚ਼, ਅਗੋਚਰ, ਅਦ੍ਰਿਸ਼ਟ, ਅਖਰ-ਰੂਪ, ਜਗਤ ਦਾ ਕਰਤਾ-ਧਰਤਾ, ਉਤਪਾਦਕ ਸੰਘਾਰਕ ਅਤੇ ਸਰਵ ਵਿਆਪਕ ਹੈ।

ਉਪਨਿਸ਼ਦਾਂ ਵਿਚ ਗਿਆਨ ਦੀ ਪ੍ਰਧਾਨਤਾ ਅਤੇ ਕਰਮਕਾਂਡੀ ਪੂਜਾ ਦੀ ਵਿਰੋਧਤਾ ਦਾ ਇਹ ਮਤਲਬ ਨਹੀਂ ਕਿ ਇਨ੍ਹਾਂ ਵਿਚ ਗਿਆਨ ਤੋਂ ਇਲਾਵਾ ਹੋਰ ਕਿਸੇ ਮਾਰਗ ਨੂੰ ਅਪਣਾਇਆ ਨਹੀਂ ਗਿਆ ਸਗੋਂ ਇਸ ਵਿਚ ਭਗਤੀ ਦੇ ਪ੍ਰਮੁੱਖ ਮਾਰਗ ਹੋਰ ਵੀ ਨਿਖਰ ਕੇ ਸਾਹਮਣੇ ਆਉਂਦੇ ਹਨ। ਇਸ ਵਿਚ ਕਰਮ, ਗਿਆਨ, ਭਗਤੀ, ਕਰਮ-ਗਿਆਨ, ਭਗਤੀ-ਗਿਆਨ ਮਾਰਗ ਸੰਬੰਧੀ ਭਰਪੂਰ ਜਾਣਕਾਰੀ ਮਿਲਦੀ ਹੈ ਅਤੇ ਸਭ ਭਗਤੀ-ਮਾਰਗਾਂ ਦੀ ਲੋੜ ਨੂੰ ਮਹਿਸੂਸ ਕੀਤਾ ਗਿਆ ਹੈ।

<u>ਕਰਮ-ਮਾਰਗ</u>:- ਉਪਨਿਸ਼ਦਾਂ ਵਿਚ ਕਰਮ ਦੀ ਗਤੀ ਦਾ ਵਿਸਥਾਰ ਪੂਰਬਕ ਵਰਨਣ ਹੈ। ਦੇਵਯਾਨ ਅਤੇ ਪਿਤ੍ਰਯਾਨ ਮਾਰਗ ਦਾ ਵਰਨਣ ਹੈ। ਪੁੰਨ-ਕਰਮਾਂ ਨਾਲ ਅੱਛੀ ਜੂਨ ਅਤੇ ਪਾਪ-ਕਰਮਾਂ ਨਾਲ ਭੈੜੀ ਜੂਨ ਪ੍ਰਾਪਤ ਹੁੰਦੀ ਹੈ।[66] ਹਿੰਦੂ ਧਰਮ ਦਰਸ਼ਨ ਪੁਨਰ-ਜਨਮ ਦੇ ਸਿਧਾਂਤ ਵਿਚ ਵਿਸ਼ਵਾਸ ਰਖਦਾ ਹੈ। ਮਨੁੱਖ ਦੇ ਇਕ ਜਨਮ ਦੇ ਕਰਮਾਂ ਦੇ ਸਿੱਟੇ ਦੇ ਤੌਰ ਉਸ ਦਾ ਦੂਸਰਾ ਜਨਮ ਹੁੰਦਾ ਹੈ। ਪੁਨਰ ਜਨਮ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਮੁੰਡਕ ਉਪਨਿਸ਼ਦ ਵਿਚ ਵਰਨਣ ਹੈ। " ਜਿਹੜਾ ਆਦਮੀ ਯੱਗ ਆਦਿ ਥੋਥੇ ਕਰਮਕਾਂਡਾਂ ਰਾਹੀਂ ਅੰਤਿਮ ਸਤਿ ਦੀ

ਪ੍ਰਾਪਤੀ ਦੀ ਇੱਛਾ ਰਖਦਾ ਹੈ ਉਹ ਮੂਰਖ ਹੈ।[67] ਉਪਨਿਸ਼ਦਾਂ ਵਿਚ ਇਹ ਵੀ ਦਸਿਆ ਹੈ ਕਿ ਨਿਸ਼ਕਾਮ ਭਾਵ ਨਾਲ ਕੀਤੇ ਕਰਮ ਮਨੁੱਖ ਨੂੰ ਲਿਪਤ ਨਹੀਂ ਕਰਦੇ। ਕਰਮ-ਬੰਧਨ ਤੋਂ ਮੁਕਤ ਹੋਣ ਦਾ ਇਸ ਤੋਂ ਵੱਧ ਹੋਰ ਕੋਈ ਉਪਾਅ ਨਹੀਂ।[68]

ਗਿਆਨ-ਮਾਰਗ: ਉਪਨਿਸ਼ਦਾਂ ਵਿਚ ਆਤਮ ਤੱਤ ਨੂੰ ਪ੍ਰਿਥਵੀ ਦੇ ਸੂਖਮ ਕਣਾਂ ਤੋਂ ਵੀ ਸੂਖਮ ਦਸਿਆ ਹੈ। ਇਸ ਨੂੰ ਕਿਸੇ ਮਹਾਂਪੁਰਸ਼ ਦੁਆਰਾ ਅਤੇ ਉਪਨਿਸ਼ਦਾਂ ਦੇ ਅਧਿਐਨ ਦੁਆਰਾ ਹੀ ਜਾਣਿਆ ਜਾ ਸਕਦਾ ਹੈ।[69]

ਗਿਆਨੀ ਲੋਕ ਤੱਤ-ਗਿਆਨ ਦੇ ਮਾਰਗ ਨੂੰ ਛੁਰੇ ਦੀ ਧਾਰ ਵਾਂਗ ਤਿੱਖਾ ਮੰਨਦੇ ਹਨ, ਇਸ ਲਈ ਇਸ ਮਾਰਗ ਦੇ ਚਲਣ ਲਈ ਸਤਿ-ਸੰਗ ਦਾ ਵਿਸ਼ੇਸ਼ ਮਹੱਤਵ ਹੈ। ਕੱਠ ਉਪਨਿਸ਼ਦ ਵਿਚ ਵਰਨਣ ਆਉਂਦਾ ਹੈ ਹੇ ਮਨੁੱਖੋ ! ਉਠੋ ਜਾਗੋ ! ਸ਼੍ਰੇਸ਼ਠ ਪੁਰਖਾਂ ਦੇ ਸਮੀਪ ਜਾ ਕੇ ਉਨ੍ਹਾਂ ਤੋਂ ਉਸ ਪਾਰਬ੍ਰਹਮ ਪਰਮੇਸ਼ਰ ਨੂੰ ਜਾਣ ਲਓ ।[70]

ਕਰਮ-ਗਿਆਨ ਮਾਰਗ :- ਮਨੁੱਖ ਦੀ ਪ੍ਰਕਿਰਤੀ ਕ੍ਰਿਆਸ਼ੀਲਤਾ ਦੀ ਹੈ। ਉਸ ਨੂੰ ਕੀਤੇ ਕਰਮਾਂ ਅਨੁਸਾਰ ਜਨਮ ਪ੍ਰਾਪਤ ਹੁੰਦਾ ਹੈ ਜਿਵੇਂ ਕਿ ਉਪਰ ਵਰਨਣ ਕੀਤਾ ਗਿਆ ਹੈ। ਤਪੱਸਿਆ ਦੇ ਕਾਰਣ ਪੁੰਨ ਦੇ ਉਦੇ ਹੋਣ ਨਾਲ ਤੱਤ-ਗਿਆਨ ਦੀ ਪ੍ਰਾਪਤੀ ਜਿਸ ਮਨੁੱਖ ਨੂੰ ਹੋ ਜਾਂਦੀ ਹੈ ਤਾਂ ਗਿਆਨ ਦੇ ਪ੍ਰਭਾਵ ਨਾਲ ਉਸ ਦੀ ਵਾਸ਼ਨਾ ਨਸ਼ਟ ਹੋ ਜਾਂਦੀ ਹੈ। ਕਿਰਿਆਮਾਣ ਕਰਮਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਸੰਚਿਤ ਕਰਮ ਨਸ਼ਟ ਹੋ ਜਾਂਦੇ ਹਨ। ਜੀਵਾਤਮਾ ਨੂੰ ਆਪੇ ਦਾ ਗਿਆਨ ਹੋ ਜਾਂਦਾ ਹੈ ਅਤੇ ਪਰਮ ਪਦ ਦੀ ਪ੍ਰਾਪਤ ਹੁੰਦੀ ਹੈ।[71]

ਭਗਤੀ-ਮਾਰਗ :- ਉਪਨਿਸ਼ਦਾਂ ਵਿਚ ਭਗਤੀ ਦੀ ਸ੍ਰੇਸ਼ਠਤਾ ਨੂੰ ਸਵੀਕਾਰਿਆ ਗਿਆ ਹੈ। ਕਠ-ਉਪਨਿਸ਼ਦ ਵਿਚ ਸਪਸ਼ਟ ਉਲੇਖ ਹੈ ਕਿ " ਪਰਮਾਤਮਾ ਨਾਂ ਤਾਂ ਵਿਖਿਆਨ ਆਦਿ ਨਾਲ ਮਿਲਦਾ ਹੈ, ਨਾ ਬੁੱਧੀ ਨਾਲ ਅਤੇ ਨਾ ਬਹੁਤ ਸੁਨਣ ਨਾਲ ਪ੍ਰਾਪਤ ਹੁੰਦਾ ਹੈ ਉਹ ਪਰਮਾਤਮਾ ਜਿਸ ਨੂੰ ਸਵੀਕਾਰ ਕਰਦਾ ਹੈ ਉਸ ਨੂੰ ਹੀ ਮਿਲਦਾ ਹੈ, ਉਸਦੇ ਸਾਹਮਣੇ ਹੀ ਉਹ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ।[72] ਪ੍ਰਭੂ ਦੀ ਪ੍ਰਾਪਤੀ ਲਈ ਉਸਦੀ ਸ਼ਰਨ ਵਿਚ ਆਉਣਾ ਜ਼ਰੂਰੀ ਹੈ। ਸ਼ਰਣਾਗਤੀ ਸੰਬੰਧੀ ਸੰਕੇਤ ਉਪਨਿਸ਼ਦਾਂ ਵਿਚੋਂ ਆਮ ਪ੍ਰਾਪਤ ਹੁੰਦੇ ਹਨ। ਸ਼ਵੇਤਸ਼ਵੇਤਰ ਉਪਨਿਸ਼ਦ ਅਨੁਸਾਰ "ਹੇ ਭਗਵਾਨ, ਮੈਂ ਮੋਕਸ਼ ਪ੍ਰਾਪਤੀ ਦੀ ਇੱਛਾ ਵਾਲਾ, ਆਪ ਦੀ ਸ਼ਰਣ ਆਉਂਦਾ ਹਾਂ।[73] ਇਸੇ ਉਪਨਿਸ਼ਦ ਵਿਚ ਨਿਸ਼ਕਾਮ ਭਗਤੀ ਦਾ ਵਰਨਣ ਵੀ ਆਉਂਦਾ ਹੈ।[74]

<u>ਭਗਤੀ-ਗਿਆਨ ਮਾਰਗ:</u> ਮਾਨਸਿਕ ਅਤੇ ਅੰਤਹਕਰਣ ਦੀ ਸੁਧੀ ਲਈ ਪਰਮ ਤੱਤ ਵਿਚ ਸ਼ਰਧਾ, ਗੁਰੂ ਦੇ ਪ੍ਰਤੀ ਆਤਮ ਸਮਰਪਣ ਪਰਮ ਅਵਸ਼ਕ ਹੈ। ਇਸ ਦੇ ਨਾਲ ਹੀ ਅਹਿਭਾਵ ਦਾ ਤਿਆਗ ਜ਼ਰੂਰੀ ਹੈ। ਅਜੇਹਾ ਕਰਨ ਨਾਲ ਹੀ ਗਿਆਨ ਦਾ ਉਦੇ ਹੁੰਦਾ ਹੈ। ਉਪਨਿਸ਼ਦ " ਤਤ ਤਵਮ ਅਸਿ"[75] ਦਾ ਉਪਦੇਸ਼ ਜਗਿਆਸੂ ਨੂੰ ਦਿੰਦੇ ਹਨ। ਇਸ ਤਰ੍ਹਾਂ ਸ਼ਰਧਾ ਅਤੇ ਵਿਸ਼ਵਾਸ ਨਾਲ ਜੀਵ ਨੂੰ ਆਤਮ-ਗਿਆਨ ਪ੍ਰਾਪਤ ਹੁੰਦਾ ਹੈ ਅਤੇ ਜੀਵ ਆਪਣੀ ਆਤਮਾ ਵਿਚ " ਬ੍ਰਹਮ" ਦਾ ਅਨੁਭਵ ਕਰਨ ਲਗਦਾ ਹੈ। ਇਸ ਤਰ੍ਹਾਂ ਸਾਧਕ ਸਭ ਵਸਤੂਆਂ ਦਾ ਗਿਆਨ ਪ੍ਰਾਪਤ ਕਰਕੇ ਬ੍ਰਹਮ ਦੀ ਅਨੁਭੂਤੀ ਕਰ ਲੈਂਦਾ ਹੈ।[76] ਅਤੇ ਉਸ ਨਾਲ ਇਕਮਿਕਤਾ ਪ੍ਰਾਪਤ ਕਰ ਲੈਂਦਾ ਹੈ।[77] ਮੁੰਡਕ ਉਪਨਿਸ਼ਦ ਅਨੁਸਾਰ " ਇਹ ਸੱਚ ਹੈ ਕਿ ਜਿਹੜਾ ਪਰਮਾਤਮਾ ਨੂੰ ਜਾਣ ਲੈਂਦਾ ਹੈ ਉਹ ਬ੍ਰਹਮ ਹੀ ਹੋ ਜਾਂਦਾ ਹੈ।[78]

<u>ਓਂਕਾਰ:</u> ਉਪਨਿਸ਼ਦਾਂ ਵਿਚ ਓਂਕਾਰ ਉਪਾਸਨਾ ਦਾ ਵਿਸ਼ੇਸ਼ ਮਹੱਤਵ ਹੈ। ਓਂਕਾਰ ਪਰਮ ਤੱਤ ਹੈ ਅਤੇ ਅਖਰ-ਰੂਪ ਬ੍ਰਹਮ ਹੈ। ਇਸ ਦਾ ਨਿਰੰਤਰ ਧਿਆਨ ਕਰਨ ਨਾਲ ਪਰਮ - ਰੂਪ ਦੇ ਦਰਸ਼ਨ ਹੁੰਦੇ ਹਨ।[79]

ਇਸ ਤੋਂ ਇਲਾਵਾ ਸਾਧਕ ਪ੍ਰਭੂ ਦੀ ਕਿਰਪਾ ਦਾ ਪਾਤਰ ਬਨਣ ਲਈ ਉਸ ਦੀ ਕਰੁਣਾਨਿਧੀ ਪ੍ਰਾਪਤ ਕਰਨ ਲਈ ਉਸ ਕੋਲ ਆਰਤ ਕਰਦਾ ਹੈ, ਅਰਦਾਸ ਕਰਦਾ ਹੈ ਅਤੇ ਭਗਤੀ-ਮਾਰਗ ਤੇ ਅੱਗੇ ਵਧਣ ਲਈ ਅਰਜੋਈਆਂ ਕਰ ਦਇਆ-ਦਾਨ ਮੰਗਦਾ ਹੈ। ਬ੍ਰਿਹਦਰਣਾਯਕ ਉਪਨਿਸ਼ਦ ਵਿਚ ਆਉਂਦਾ ਹੈ, " ਮੈਨੂੰ ਅੰਧਕਾਰ ਵਲੋਂ ਪ੍ਰਕਾਸ਼ ਵਲ ਲੈ ਚਲੋ ਅਸਤ ਤੋਂ ਸੱਤ ਦੀ ਤਰਫ਼ ਲੈ ਚਲੋ, ਮ੍ਰਿਤੂ ਤੋਂ ਅਮ੍ਰਿਤੂ ਵਲ ਮੇਰਾ ਮਾਰਗ ਦਰਸ਼ਨ ਕਰੋ।[80]

ਉਪਨਿਸ਼ਦਾਂ ਵਿਚ ਭਗਤੀ ਦੇ ਸਾਧਨਾਂ ਸੰਬੰਧੀ ਭਰਪੂਰ ਜਾਣਕਾਰੀ ਮਿਲਦੀ ਹੈ। ਜਿਵੇਂ ਸ਼ਰਧਾ ਤੇ ਵਿਸ਼ਵਾਸ[81] ਪ੍ਰਭੂ ਕਿਰਪਾ[82] ਸਤਿ-ਸੰਗ[83] ਆਤਮ ਸਮਰਪਣ[84] ਗੁਰੂ-ਕਿਰਪਾ[85] ਕਾਮਨਾਵਾਂ ਦਾ ਤਿਆਗ[86] ਆਦਿ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਉਪਨਿਸ਼ਦਾਂ ਵਿਚ ਵਧੇਰੇ ਸਪਸ਼ਟ ਅਤੇ ਸਰਲ ਰੂਪ ਵਿਚ ਭਗਤੀ ਦਾ ਬੋਲਬਾਲਾ ਸ਼ੁਰੂ ਹੋ ਗਿਆ ਸੀ। ਪ੍ਰਸ਼ਨੋਪਿਸ਼ਦ ਵਿਚ ਵੀ ਸਮੁੱਚੇ ਤੌਰ ਤੇ ਭਗਤੀ ਦੇ ਰੂਪ ਦੀ ਵਿਆਖਿਆ ਕੀਤੀ ਗਈ ਹੈ।

" ਜੋ ਗ੍ਰਹਿਸਥ-ਆਸ਼ਰਮ ਵਿਚ ਰਹਿੰਦੇ ਹੋਏ ਤਪ ਅਤੇ ਸੰਜਮ ਦੇ ਨਾਲ ਜੀਵਨ-ਯਾਪਨ ਕਰਦੇ ਹਨ ਅਤੇ ਸੱਚ ਨੂੰ ਆਪਣਾ ਨੈਤਿਕ ਆਧਾਰ ਮੰਨ ਕੇ ਚਲਦੇ ਹਨ ਉਹ ਹੀ ਵਾਸਤਵ ਵਿਚ ਬ੍ਰਹਮ-ਲੋਕ ਦੇ ਅਧਿਕਾਰੀ ਹਨ।"[87] ਭਗਤੀ ਦੇ ਇਸ ਸਾਧਨ ਵਿਚ ਗ੍ਰਹਿਸਥੀ ਜੀਵਨ( ਅੰਜਨ ਮਾਹਿ ਨਿਰੰਜਨ), ਯੋਗ, ਸਦਾਚਾਰ, ਸਹਿਜ -ਸਤਿ ਭਗਤੀ ਮਾਰਗ ਸੰਬੰਧੀ

ਪੂਰਣ ਜਾਣਕਾਰੀ ਮਿਲਦੀ ਹੈ। ਭਗਤੀ ਦੇ ਇਹ ਤੱਤ ਹੀ ਮਧਕਾਲੀਨ ਭਗਤੀ ਵਿਚ ਵਧੇਰੇ ਵਿਕਸਿਤ ਅਤੇ ਪ੍ਰਫੁਲਿਤ ਰੂਪ ਵਿਚ ਸਾਹਮਣੇ ਆਉਂਦੇ ਹਨ।

## ਨਾਰਦ ਭਗਤੀ ਸੂਤਰਾਂ ਵਿਚ ਭਗਤੀ:

ਨਾਰਦ ਭਗਤੀ ਸੂਤਰ ਤੇ ਸ਼ਾਂਡਿਲਯ ਭਗਤੀ ਸੂਤਰ ਦਾ ਭਗਤੀ ਦੇ ਸਰੂਪ ਨਿਰਧਾਰਨ ਵਿਚ ਬਹੁਤ ਹੀ ਮਹੱਤਵਪੂਰਨ ਸਥਾਨ ਹੈ। ਨਾਰਦ-ਭਗਤੀ-ਸੂਤਰ ਵਿਚ ਭਗਤੀ ਦੇ ਲੱਛਣਾਂ ਦੇ ਵਿਸ਼ੇ ਵਿਚ ਅਨੇਕ ਮੱਤ ਦਿਤੇ ਗਏ ਹਨ। ਮਹਾਂਰਿਸ਼ੀ ਵਿਆਸ ਦੇ ਮੱਤ ਅਨੁਸਾਰ ਈਸ਼ਵਰ ਦੀ ਪੂਜਾ ਆਦਿ ਵਿਚ ਅਨੁਰਾਗ ਹੋਣਾ ਭਗਤੀ ਹੈ।[88] ਗਰਗਾਚਾਰਯ ਦੇ ਮੱਤ ਅਨੁਸਾਰ ਭਗਵਾਨ ਦੀ ਕਥਾ ਆਦਿ ਵਿਚ ਅਨੁਰਾਗ ਹੋਣਾ ਭਗਤੀ ਹੈ।[89] ਦੇਵਰਿਸ਼ੀ ਨਾਰਦ ਅਨੁਸਾਰ ਆਪਣੇ ਸਭ ਕਰਮਾਂ ਨੂੰ ਭਗਵਾਨ ਨੂੰ ਅਰਪਣ ਕਰਨਾ ਅਤੇ ਈਸ਼ਵਰ ਦੇ ਲਈ ਪਰਮ ਵਿਆਕੁਲ ਹੋਣਾ ਹੀ ਭਗਤੀ ਹੈ।[90] ਇਸ ਤੋਂ ਸਪਸ਼ਟ ਹੁੰਦਾ ਹੈ ਕਿ ਭਗਤੀ ਵਿਚ ਬਿਰਹਾ ਦਾ ਪ੍ਰਮੁੱਖ ਸਥਾਨ ਹੈ। ਇਹ ਭਗਤੀ ਈਸ਼ਵਰ ਦੇ ਪ੍ਰਤੀ ਪਰਮ ਪ੍ਰੇਮ ਹੈ।[91] ਅਤੇ ਇਸਦਾ ਅੰਮ੍ਰਿਤ ਸਰੂਪ ਹੈ।[91] ਇਸ ਨੂੰ ਪੀ ਕੇ ਮਨੁੱਖ ਪਰਮ ਆਨੰਦ ਪ੍ਰਾਪਤ ਕਰਦਾ ਹੈ। ਸਿੱਧ ਹੋ ਜਾਂਦਾ ਹੈ, ਅਮਰ ਹੋ ਜਾਂਦਾ ਹੈ ਅਤੇ ਤ੍ਰਿਪਤ ਹੋ ਜਾਂਦਾ ਹੈ।[93]

ਭਗਤੀ ਮਾਰਗ:- ਕੁਝ ਅਚਾਰੀਆਂ ਦਾ ਮੱਤ ਹੈ ਕਿ ਭਗਤੀ ਦਾ ਸਾਧਨ ਗਿਆਨ ਹੀ ਹੈ।[94] ਇਸ ਤੋਂ ਇਲਾਵਾ ਹੋਰ ਆਚਾਰੀਆਂ ਦੇ ਮੱਤ ਅਨੁਸਾਰ ਭਗਤੀ ਅਤੇ ਗਿਆਨ ਇਕ ਦੂਸਰੇ ਤੇ ਆਧਾਰਿਤ ਹਨ।[95] ਪਰੰਤੂ ਨਾਰਦ-ਭਗਤੀ-ਸੂਤਰਕਾਰ ਰਿਸ਼ੀ ਨਾਰਦ ਦੇ ਮੱਤ ਅਨੁਸਾਰ ਭਗਤੀ, ਕਰਮ, ਗਿਆਨ ਅਤੇ ਯੋਗ ਆਦਿ ਤੋਂ ਸ੍ਰੇਸ਼ਠ ਹੈ। ਉਸ ਅਨੁਸਾਰ ਭਗਤੀ ਸਾਧਨ ਨਹੀਂ ਸਾਧਯ ਹੈ, ਮਾਧਿਅਮ ਨਹੀਂ ਉਦੇਸ਼ ਹੈ।[96]

ਨਾਰਦ-ਭਗਤੀ-ਸੂਤਰਾਂ ਵਿਚ ਭਗਤੀ ਦੇ ਅਨੇਕ ਸਾਧਨ ਦਸੇ ਗਏ ਹਨ। ਅਖੰਡ ਭਜਨ[97] ਕੀਰਤਨ, ਭਗਵਤ ਗੁਣਾਂ ਦਾ ਸ਼੍ਰਵਣ[98], ਸਤਸੰਗ[99], ਅਤੇ ਭਗਵਾਨ ਦੀ ਕਿਰਪਾ[100] ਆਦਿ ਨਾਲ ਹੀ ਭਗਤੀ ਪੂਰਨ ਹੁੰਦੀ ਹੈ। ਈਸ਼ਵਰ ਕਿਰਪਾ ਭਗਤੀ ਦਾ ਸਰਵੋਤਮ ਸਾਧਨ ਹੈ। ਪ੍ਰਭੂ-ਪ੍ਰਾਪਤੀ ਲਈ ਵਿਸ਼ੇ-ਵਿਕਾਰਾਂ ਅਤੇ ਕੁਸੰਗਤ ਦਾ ਤਿਆਗ ਬਹੁਤ ਜ਼ਰੂਰੀ ਹੈ।[101] ਕਾਮ ਕ੍ਰੋਧ ਆਦਿ ਪਹਿਲਾਂ ਤਰੰਗ ਤਰ੍ਹਾਂ ਆਉਂਦੇ ਹਨ ਪਰੰਤੂ ਕੁਸੰਗਤ ਵਿਸ਼ਾਲ ਸਾਗਰ ਵਾਲਾ ਤੀਬਰ ਤੂਫਾਨੀ-ਰੂਪ ਧਾਰਣ ਕਰ ਲੈਂਦੇ ਹਨ।[102]

ਮਹਾਂਰਿਸ਼ੀ ਨਾਰਦ ਲਿਖਦੇ ਹਨ ਕਿ ਮੈਨੂੰ ਕਿਸੇ ਵੀ ਤਰ੍ਹਾਂ ਦੀ ਚਿੰਤਾ ਨਹੀਂ ਹੁੰਦੀ ਹੈ ਕਿਉਂਕਿ ਮੈਂ ਆਪਣੇ ਸਭ ਕਰਮਾਂ ਨੂੰ ਭਗਵਾਨ ਨੂੰ ਅਰਪਣ ਕਰ ਦਿੰਦਾ ਹੈ।[103]

ਇਥੋਂ ਤਕ ਕਿ ਵਿਸ਼ੇ ਵਿਕਾਰਾਂ ਆਦਿ ਨੂੰ ਵੀ।[104]

ਨਾਰਦ ਸੂਤਰਾਂ ਵਿਚ ਸਮਾਨਤਾ ਦਾ ਭਾਵ ਵੀ ਉਜਾਗਰ ਹੁੰਦਾ ਹੈ। ਭਗਤਾਂ ਵਿਚ ਜਾਤ ਪਾਤ, ਰੂਪ, ਕੁਲ, ਧਨ ਆਦਿ ਦਾ ਭੇਦ ਨਹੀਂ ਹੁੰਦਾ ਕਿਉਂਕਿ ਭਗਤ ਸਾਰੇ ਹੀ ਭਗਵਾਨ ਦੇ ਪਿਆਰੇ ਹੁੰਦੇ ਹਨ। ਭਗਤਾਂ ਅਤੇ ਭਗਵਾਨ ਦਾ ਨਿੱਜੀ ਅਤੇ ਨਜ਼ਦੀਕੀ ਸੰਬੰਧ ਹੁੰਦਾ ਹੈ।[105]

ਇਨ੍ਹਾਂ ਸੂਤਰਾਂ ਵਿਚ ਭਗਤੀ ਦੇ ਮਹੱਤਵ ਬਾਰੇ ਵੀ ਲਿਖਿਆ ਹੈ ਕਿ ਅੰਨਿਨ ਭਗਤੀ ਕਰਨ ਨਾਲ ਮਨੁੱਖ ਆਪ ਹੀ ਨਹੀਂ ਤਰਦਾ ਸਗੋਂ ਆਪਣੀਆਂ ਕੁਲਾਂ ਵੀ ਤਾਰ ਲੈਂਦਾ ਹੈ। ਅਤੇ ਧਰਤੀ ਨੂੰ ਪਵਿੱਤਰ ਕਰਦਾ ਹੈ।[106] ਪ੍ਰਭੂ ਪ੍ਰੇਮਾਭਗਤੀ ਪ੍ਰਮਾਣ ਰੂਪਾ ਹੈ।[107] ਇਸ ਲਈ ਇਹ ਸੁਲੱਭ ਹੈ।[108] ਇਸੇ ਪ੍ਰੇਮ-ਰੂਪ, ਅੰਮ੍ਰਿਤ-ਸਰੂਪ ਭਗਤੀ ਦੀ ਮਹਿਮਾ ਅਗੇ ਚਲ ਕੇ ਸੰਤਾਂ ਨੇ ਗਾਈ। ਨਾਰਦ ਭਗਤੀ ਸੂਤਰਾਂ ਦੀ ਵੈਦਿਕ, ਉਪਨਿਸ਼ਦਕ ਭਗਤੀ ਦੇ ਟਾਕਰੇ ਤੇ ਆਪਣੀ ਹੀ ਵਿਸ਼ੇਸ਼ਤਾ, ਸਪਸ਼ਟਤਾ ਅਤੇ ਮੌਲਿਕਤਾ ਹੈ।

<u>ਸ਼ਾਂਡਿਲਯ-ਭਗਤੀ ਸੂਤ੍ਰ ਵਿਚ ਭਗਤੀ:</u>

ਸ਼ਾਂਡਿਲਯ ਸੂਤਰ ਨਾਰਦ ਸੂਤਰਾਂ ਦੀ ਤੁਲਨਾ ਵਿਚ ਵਧੇਰੇ ਦਾਰਸ਼ਨਿਕ ਹਨ। ਇਹ ਬ੍ਰਹਮ ਅਤੇ ਜੀਵ ਦੀ ਪ੍ਰਕ੍ਰਿਤੀ ਉਨ੍ਹਾਂ ਦੇ ਆਪਸੀ ਸੰਬੰਧ ਅਤੇ ਸ੍ਰਿਸ਼ਟੀ ਦੇ ਸੰਬੰਧ ਨੂੰ ਪ੍ਰਸਤੁਤ ਕਰਦੇ ਹਨ। ਇਸ ਤੇ ਗੀਤਾ ਦਾ ਪ੍ਰਭਾਵ ਕਾਫ਼ੀ ਪਿਆ ਹੈ। ਇਨ੍ਹਾਂ ਵਿਚੋਂ ਭਗਤੀ ਸੰਬੰਧੀ ਜਾਣਕਾਰੀ ਵੀ ਪ੍ਰਾਪਤ ਹੁੰਦੀ ਹੈ।

ਨਾਰਦ ਸੂਤਰਾਂ ਦੀ ਤਰ੍ਹਾਂ ਹੀ ਸ਼ਾਂਡਿਲਯ ਨੇ ਵੀ ਭਗਤੀ ਦੇ ਪ੍ਰੇਮ ਰੂਪ ਜਾਂ ਰਾਗ ਰੂਪ ਨੂੰ ਸਵੀਕਾਰ ਕੀਤਾ ਹੈ। ਇਹ ਭਗਤੀ ਪ੍ਰਭੂ ਵਿਚ ਸ਼ਰਧਾ ਤੇ ਵਿਸ਼ਵਾਸ ਤੇ ਆਧਾਰਿਤ ਹੈ।

ਸ਼ਾਂਡਿਲਯ ਅਨੁਸਾਰ ਪ੍ਰਭੂ ਪ੍ਰਤੀ ਪਰਮ ਅਨੁਰਾਗ ਜਾਂ ਉਸ ਪ੍ਰਤੀ ਅਤਿਅੰਤ ਪ੍ਰੇਮ ਹੀ ਭਗਤੀ ਹੈ।[109] ਨਾਰਦ ਸੂਤਰ ਵਿਚ ਵੀ ਸ਼ਾਂਡਿਲਯ ਦੇ ਭਗਤੀ ਪ੍ਰਤੀ ਵਿਚਾਰਾਂ ਦਾ ਵਰਣਨ ਆਉਂਦਾ ਹੈ। ਇਸ ਵਿਚ ਲਿਖਿਆ ਹੈ ਕਿ ਸ਼ਾਂਡਿਲਯ ਰਿਸ਼ੀ ਦੇ ਵਿਚਾਰ ਨਾਲ ਆਤਮ ਰਤਿ ਦੇ ਅਵਰੋਧੀ ਵਿਸ਼ੇ ਵਿਚ ਅਨੁਰਾਗ ਹੋਣਾ ਹੀ ਭਗਤੀ ਹੈ।[110]

ਉਪਨਿਸ਼ਦਾਂ ਵਿਚ ਗਿਆਨੋ ਭਗਤੀ ਦੀ ਪ੍ਰਧਾਨਤਾ ਸੀ। ਸ਼ਾਂਡਿਲਯ ਸੂਤਰਾਂ ਵਿਚ ਭਗਤੀ ਦੇ ਇਸ ਸਾਧਨ ਨੂੰ ਪੂਰਨ ਨਹੀਂ ਮੰਨਿਆ ਗਿਆ। ਇਨ੍ਹਾਂ ਅਨੁਸਾਰ ਗਿਆਨ-ਭਗਤੀ ਸ਼ਰਧਾ ਤੇ ਪ੍ਰੇਮ ਦੀ ਹੋਂਦ ਤੋਂ ਬਿਨਾਂ ਸਖਣੀ ਹੁੰਦੀ ਹੈ।[111] ਗਿਆਨ ਮਾਰਗ ਨੂੰ

ਅਮਲੀ ਜਾਮਾ ਪਹਿਨਾਉਣਾ ਹੋਰ ਵੀ ਜ਼ਰੂਰੀ ਹੈ ਗਿਆਨ ਭਗਤੀ ਤੋਂ ਬਿਨਾਂ ਪ੍ਰਭੂ ਪ੍ਰਾਪਤੀ ਦਾ ਅੰਤਿਮ ਸਾਧਨ ਨਹੀਂ ਹੋ ਸਕਦਾ। ਇਸ ਲਈ ਉਸ ਸਤਿ ਸਰੂਪ ਨੂੰ ਪ੍ਰਾਪਤ ਕਰਨ ਲਈ ਭਗਤੀ ਹੀ ਅੰਤਿਮ ਸਾਧਨ ਹੈ। ਇਸ ਤਰ੍ਹਾਂ ਭਗਤੀ ਸਰਵ ਸ੍ਰੇਸ਼ਠ ਹੈ। ਕਿਉਂਕਿ ਦੂਸਰੇ ਸਾਧਨਾਂ ਗਿਆਨ, ਯੋਗ ਆਦਿ ਨੂੰ ਵੀ ਇਸਦੀ ਜ਼ਰੂਰਤ ਪੈਂਦੀ ਹੈ।[112]

ਸ਼ਰਧਾ ਅਤੇ ਪ੍ਰੇਮ ਨਾਲ ਕੀਤੀ ਭਗਤੀ ਦਾ ਅਨੰਤ ਫਲ ਸਾਧਕ ਨੂੰ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਪ੍ਰਭੂ ਪ੍ਰਤੀ ਪਰਮ ਅਨੁਰਾਗ ਰਖਣ ਵਾਲਾ ਮਨੁੱਖ ਅੰਤਿਮ ਸੱਚ ਨੂੰ ਪ੍ਰਾਪਤ ਕਰ ਲੈਂਦਾ ਹੈ। ਇਸ ਤਰ੍ਹਾਂ ਮੁਕਤੀ ਪ੍ਰਾਪਤ ਕਰਨ ਲਈ ਪ੍ਰੇਮ ਭਗਤੀ ਹੀ ਸਰਵੋਤਮ ਹੈ।

ਸ਼ਾਂਡਿਲਯ ਅਨੁਸਾਰ ਭਗਤੀ ਦੋ ਪ੍ਰਕਾਰ ਦੀ ਹੈ। ਇਕ ਮੁਖ ਅਤੇ ਦੂਜੀ ਗੌਣੀ। ਗੌਣੀ ਭਗਤੀ ਦੇ ਅੰਤਰਗਤ ਪੂਜਾ, ਕੀਰਤਨ, ਧਿਆਨ ਅਤੇ ਸਿਮਰਨ ਆਦਿ ਮੰਨੇ ਜਾਂਦੇ ਹਨ। ਮੁੱਖ ਭਗਤੀ ਦਾ ਅਰਥ ਹੈ - ਮਨੁੱਖ ਵਿਚ ਭਗਵਤ-ਪ੍ਰੇਮ ਦਾ ਪਵਿੱਤਰ ਝਰਨਾ ਫੁੱਟਦਾ ਹੈ। ਇਕ ਵਾਰੀ ਇਸ ਤਰ੍ਹਾਂ ਦਾ ਪ੍ਰੇਮ ਉਤਪੰਨ ਹੋ ਜਾਣ ਤੇ ਕੋਈ ਹੋਰ ਪ੍ਰਯੋਜਨ ਨਹੀਂ ਰਹਿੰਦਾ। ਪਰਾਭਗਤੀ ਦੇ ਸਾਧਨਾਂ ਕੀਰਤਨ, ਸ੍ਰਵਣ ਆਦਿ ਬਾਰੇ ਵੀ ਸੰਕੇਤ ਮਿਲਦੇ ਹਨ ਪਰੰਤੂ ਇਨ੍ਹਾਂ ਤੇ ਵਧੇਰੇ ਬਲ ਨਹੀਂ ਦਿੱਤਾ ਗਿਆ। ਜ਼ਰੂਰਤ ਸਮੇਂ ਇਨ੍ਹਾਂ ਦਾ ਪ੍ਰਯੋਗ ਵੀ ਕੀਤਾ ਜਾ ਸਕਦਾ ਹੈ।[113]

ਸ਼ਾਂਡਿਲਯ ਅਨੁਸਾਰ ਗੌਣੀ ਭਗਤੀ, ਪਰਾਭਗਤੀ ਪ੍ਰਾਪਤ ਕਰਨ ਵਿਚ ਮਦਦ ਕਰਦੀ ਹੈ।[114] ਕੇਵਲ ਗੌਣੀ ਭਗਤੀ ਪ੍ਰਾਪਤ ਕਰਕੇ ਇਹ ਨਹੀਂ ਕਿਹਾ ਜਾ ਸਕਦਾ ਕਿ ਅਸੀਂ ਪਰਮ ਭਗਤੀ ਨੂੰ ਜਾਣ ਲਿਆ ਹੈ।

5. ਸ੍ਰੀਮਦ ਭਗਵਤ ਗੀਤਾ ਵਿਚ ਭਗਤੀ:

ਮਹਾਂਭਾਰਤ ਵਿਚ ਭਗਤੀ ਦਾ ਆਰੰਭਿਕ ਰੂਪ ਪ੍ਰਾਪਤ ਹੁੰਦਾ ਹੈ ਅਤੇ ਇਸ ਭਗਤੀ ਦਾ ਵਿਕਾਸ ਭਗਵਤ ਗੀਤਾ ਅਤੇ ਪੁਰਾਣਾਂ ਵਿਚ ਪ੍ਰਾਪਤ ਹੁੰਦਾ ਹੈ। ਭਗਵਤ ਭਗਤੀ ਦਾ ਉਦੇ ਅਤੇ ਵਿਕਾਸ ਜਨ-ਸਾਧਾਰਨ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਹੋਇਆ। ਉਪਨਿਸ਼ਦ ਭਗਤੀ ਰਹੱਸ ਅਤੇ ਔਖੇ ਗਿਆਨ ਕਾਰਨ ਜਨ-ਸਾਧਾਰਨ ਤੋਂ ਆਪਣਾ ਸੰਬੰਧ ਤੋੜ ਚੁੱਕੀ ਸੀ। ਸ਼ਾਂਡਿਲਯ ਮੁਨੀ ਬਾਰੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੂੰ ਵੇਦਾਂ ਵਿਚ ਲਕਸ਼ ਦੀ ਪ੍ਰਾਪਤੀ ਦਾ ਕੋਈ ਸਾਧਨ ਪ੍ਰਾਪਤ ਨਾ ਹੋਇਆ ਤੇ ਉਹ ਭਗਵਤ ਭਗਤੀ ਦੇ ਭਗਤੀ ਮਾਰਗ ਵਲ ਝੁਕੇ[115]

ਭਗਵਤ ਭਗਤੀ ਵਿਚ ਸਭ ਨੂੰ ਭਗਤੀ ਦਾ ਬਰਾਬਰ ਦਾ ਹੱਕ ਪ੍ਰਾਪਤ ਸੀ

ਗੀਤਾ ਵਿਚ ਭਗਵਾਨ ਕ੍ਰਿਸ਼ਨ ਨੇ ਕਿਹਾ ਹੈ ਕਿ, " . ਜਿਨ੍ਹਾਂ ਨੇ ਮੇਰਾ ਆਸਰਾ ਗ੍ਰਹਿਣ ਕੀਤਾ ਹੈ, ਉਹ ਪਾਪ ਯੋਨਿ, ਇਸਤ੍ਰੀ, ਪੁਰਖ, ਵੈਸ਼, ਸ਼ੂਦਰ ਵੀ ਪਰਮਗਤੀ ਪ੍ਰਾਪਤ ਕਰਦੇ ਹਨ।[116] ਭਗਵਤ ਭਗਤੀ ਆਪਣੀ ਸਗੁਣ ਪ੍ਰਕ੍ਰਿਤੀ ਕਾਰਨ ਜਨ-ਸਾਧਾਰਨ ਲਈ ਖਿੱਚ ਤੇ ਦਿਲਚਸਪੀ ਦਾ ਕਾਰਨ ਬਣੀ। ਮੰਦਰਾਂ ਵਿਚ ਮੂਰਤੀਆਂ ਬਣਾ ਕੇ ਸਗੁਣ ਬ੍ਰਹਮ ਨੂੰ ਉਪਸਥਿਤ ਕੀਤਾ ਗਿਆ। ਪਰਮ ਸੱਤਾ ਨੂੰ ਉਸਦੇ ਵਿਵਿਧ ਗੁਣਾਂ ਦੇ ਆਧਾਰ ਤੇ ਅਲਗ ਅਲਗ ਦੇਵੀ ਦੇਵਤਿਆਂ ਦੇ ਰੂਪ ਵਿਚ ਪ੍ਰਗਟ ਕੀਤਾ ਗਿਆ ਅਤੇ ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼( ਸਿਰਜਕ, ਪਾਲਕ ਅਤੇ ਰਖਿਅਕ) ਦੇ ਰੂਪ ਵਿਚ ਮੂਰਤੀਮਾਨ ਕੀਤਾ ਗਿਆ। ਇਹ ਜਨ-ਸਾਧਾਰਨ ਲਈ ਮਨੋਹਰ ਸਨ।[117] ਇਸ ਧਰਮ ਵਿਚ ਅਵਤਾਰਵਾਦ ਦਾ ਜਨਮ ਵੀ ਹੋਇਆ। ਵੈਸ਼ਨਵ ਮੂਰਤੀ-ਪੂਜਾ, ਕਰਮਕਾਂਡ, ਆਦਿ ਵਿਚ ਵਿਸ਼ਵਾਸ ਰਖਦੇ ਸਨ। ਇਨ੍ਹਾਂ ਤੱਤਾਂ ਦਾ ਬਾਅਦ ਵਿਚ ਮੱਧਕਾਲੀਨ ਸੰਤਾਂ ਨੇ ਖੰਡਨ ਕੀਤਾ।

ਗੀਤਾ ਵਿਚ ਬ੍ਰਹਮ ਦੇ ਦੋਵੇਂ ਰੂਪਾਂ - ਸਗੁਣ ਅਤੇ ਨਿਰਗੁਣ ਦਾ ਵਰਨਣ ਹੈ। ਗੀਤਾ ਅਨੁਸਾਰ ਅਵਿਅਕਤ ਤੋਂ ਵਿਅਕਤ ਉਪਜਦਾ ਹੈ।[118] ਅਵਿਅਕਤ ਦੇ ਵੀ ਤਿੰਨ ਭੇਦ ਹਨ - ਸਗੁਣ, ਨਿਰਗੁਣ ਅਤੇ ਸਗੁਣ -ਨਿਰਗੁਣ। ਗੀਤਾ ਵਿਚ ਬ੍ਰਹਮ ਦੇ ਵਿਰਾਟ ਸਰੂਪ ਦਾ ਵਰਨਣ ਵੀ ਹੈ।[119]

ਗੀਤਾ ਵਿਚ ਕਰਮ, ਗਿਆਨ ਅਤੇ ਭਗਤੀ ਮਾਰਗ ਦੇ ਮਹੱਤਵ ਨੂੰ ਦਰਸਾਇਆ ਗਿਆ ਹੈ। ਭਗਤੀ ਨੂੰ ਸਰਵ ਸ੍ਰੇਸ਼ਠ ਮੰਨਿਆ ਹੈ। ਗੀਤਾ ਵਿਚ ਸਾਧਨਾ ਦਾ ਕ੍ਰਮ ਹੈ - ਕਰਮ, ਗਿਆਨ, ਭਗਤੀ। ਨਿਸ਼ਕਾਮ ਕਰਮਾਂ ਦੀ ਸਾਧਨਾ ਤੋਂ ਗਿਆਨ ਉਤਪੰਨ ਹੁੰਦਾ ਹੈ ਅਤੇ ਗਿਆਨ ਦੀ ਪਰਿਪੱਕਤਾ ਅਤੇ ਪੂਰਣਤਾ ਹੋਣ ਨਾਲ ਉਤਪੰਨ ਹੁੰਦੀ ਹੈ ਭਗਤੀ। ਇਹ ਭਗਤੀ, ਸਾਧਨ-ਰੂਪਾ ਨਾ ਹੋ ਕੇ ਸਾਧਯ-ਰੂਪਾ ਹੈ। ਸਾਧਯ ਰੂਪਾ ਭਗਤੀ ਜਾਂ ਫਲ-ਰੂਪਾ ਭਗਤੀ ਪ੍ਰੇਮ ਮਈ ਹੈ ਜਿਸਦੇ ਸਾਹਮਣੇ ਭਗਤ ਮੁਕਤੀ ਨਹੀਂ ਚਾਹੁੰਦਾ, ਸਗੋਂ ਉਸਦੀ ਧੁਨ ਵਿਚ ਮੁਗਧ ਰਹਿੰਦਾ ਹੈ। ਇਹੋ ਭਗਵਤ ਦੀ ਰੂਪ-ਰੇਖਾ ਹੈ।

<u>ਕਰਮ-ਮਾਰਗ:</u> ਗੀਤਾ ਦੀ ਵਿਸ਼ੇਸ਼ਤਾ ਹੈ - ਨਿਸ਼ਕਾਮ ਕਰਮ ਕਰਨਾ। " ਜੋ ਕਰਮ ਕੀਤਾ ਜਾਵੇ, ਉਸਦੇ ਫਲ ਦੀ ਇੱਛਾ ਕਦੀ ਵੀ ਨਹੀਂ ਕਰਨੀ ਚਾਹੀਦੀ ਅਤੇ ਉਹ ਕਰਮ ਕੇਵਲ ਕਰਤਵ ਸਮਝ ਕੇ ਕਰਨਾ ਚਾਹੀਦਾ ਹੈ।[120] ਗੀਤਾ ਵਿਚ ਫਲ ਕਾਮਨਾ ਤੋਂ ਰਹਿਤ ਪੁਰਖਾਂ ਦੇ ਲਈ ਯੱਗ, ਦਾਨ ਅਤੇ ਤਪ ਤਿੰਨ ਕਰਮ ਪਵਿਤਰ ਮੰਨੇ ਗਏ ਹਨ। ਪਰੰਤੂ ਕਾਮਨਾ ਅਤੇ ਅੰਹਭਾਵ ਦਾ ਤਿਆਗ ਕਰਕੇ ਕੀਤੇ ਕਰਮਾਂ ਨਾਲ ਹੀ ਸ਼ਾਂਤੀ ਮਿਲਦੀ ਹੈ।[121]

ਅਤੇ ਕਰਮ ਬੰਧਨ ਨਹੀਂ ਮਿਲਦਾ।[122] ਇਸ ਤਰ੍ਹਾਂ ਸਾਤਵਿਕ ਕਰਮ ਕਰਨ ਵਾਲਾ ਹੀ ਕਰਮ-ਯੋਗੀ ਹੁੰਦਾ ਹੈ।[123] ਅਤੇ ਉਹ ਸਭ ਕਰਮ ਈਸ਼ਵਰ ਨੂੰ ਸਮਰਪਣ ਕਰ ਦਿੰਦਾ ਹੈ। ਕਰਮਯੋਗੀ ਨਿਸ਼ਕਾਮ ਕਰਮਾਂ ਨਾਲ ਅੰਤਹਕਰਣ ਨੂੰ ਸ਼ੁਧ ਕਰਦੇ ਉਸ ਗਿਆਨ ਨੂੰ ਆਪਣੇ ਆਪ ਹੀ ਪ੍ਰਾਪਤ ਕਰ ਲੈਂਦਾ ਹੈ।[124] ਗੀਤਾ ਵਿਚ ਇਹ ਵੀ ਦਸਿਆ ਗਿਆ ਹੈ ਕਿ ਕਰਮਯੋਗ ਸਾਧਨ ਕੀਤੇ ਬਿਨਾਂ ਗਿਆਨਯੋਗ ਦੀ ਸਿੱਧੀ ਹੋਣੀ ਕਠਿਨ ਹੈ।

<u>ਗਿਆਨ--ਮਾਰਗ:</u> ਗੀਤਾ ਦਾ ਤੇਰਹਵਾਂ ਅਧਿਆਇ ਗਿਆਨ ਦੇ ਵਰਨਣ ਨਾਲ ਓਤ-ਪ੍ਰੋਤ ਹੈ। ਸਾਧਨਾਰੂਪੀ ਗਿਆਨ ਅਤੇ ਫਲਰੂਪ ਗਿਆਨ ਦੋਨਾਂ ਦੀ ਹੀ ਭਗਵਾਨ ਕ੍ਰਿਸ਼ਨ ਨੇ ਪ੍ਰਸ਼ੰਸਾ ਕੀਤੀ ਹੈ ਕਿਉਂਕਿ ਸੰਪੂਰਣ ਕਰਮ ਗਿਆਨ ਵਿਚ ਸਮਾਪਤ ਹੋ ਜਾਂਦੇ ਹਨ।[125] ਗਿਆਨ ਦੀ ਪ੍ਰਾਪਤੀ ਗਿਆਨੀ ਮਹਾਤਮਾਵਾਂ ਦੀ ਸ਼ਰਨ ਵਿਚ ਜਾ ਕੇ ਸ਼ਰਧਾ ਵਿਸ਼ਵਾਸ ਅਤੇ ਸਤਿਸੰਗ ਆਦਿ ਦੁਆਰਾ ਹੁੰਦੀ ਹੈ। " ਸ਼ਰਧਾ ਵਿਸ਼ਵਾਸ ਹੋਣ ਨਾਲ ਤੱਤ ਗਿਆਨ ਤੋਂ ਜਲਦੀ ਹੀ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ।[126] ਪਾਪੀ ਵੀ ਗਿਆਨ-ਰੂਪੀ ਬੇੜੀ ਦੁਆਰਾ ਸੰਪੂਰਣ ਪਾਪ-ਸਮੁੰਦਰ ਤੋਂ ਭਲੀ ਭਾਂਤ ਪਾਰ ਹੋ ਜਾਂਦਾ ਹੈ।[127] ਗਿਆਨਯੋਗ ਭਗਵਤ ਪ੍ਰਾਪਤੀ ਦਾ ਸਵਤੰਤਰ ਸਾਧਨ ਹੈ।[128]

<u>ਭਗਤੀ – ਮਾਰਗ:</u> ਭਗਤ ਅਤੇ ਭਗਤੀ ਦੀ ਮਹਿਮਾ ਗੀਤਾ ਵਿਚ ਆਪ ਭਗਵਾਨ ਨੇ ਆਪਣੇ ਮੁਖਾਰਬਿੰਦ ਤੋਂ ਕੀਤੀ ਹੈ। ਸ੍ਰੀ ਕ੍ਰਿਸ਼ਨ ਜੀ ਨੇ ਕਿਹਾ ਹੈ ਕਿ " ਉਹ ਪਰਮ ਪੁਰਖ ਜਿਸਦੇ ਅੰਦਰ ਸਭ ਭੂਤ ਹਨ ਉਹ ਕੇਵਲ ਅੰਨਯ ਭਗਤੀ ਨਾਲ ਪ੍ਰਾਪਤ ਹੁੰਦਾ ਹੈ।[129] ਨਿਸ਼ਕਾਮ ਭਗਤੀ ਨਾਲ ਸਾਧਕ ਭਗਵਤ ਰੂਪ ਹੋ ਜਾਂਦਾ ਹੈ।[130] ਗ੍ਰਿਹਸਥ ਆਸ਼੍ਰਮ ਵਿਚ ਰਹਿ ਕੇ ਜਿਸਦਾ ਚਿੱਤ ਭਗਵਾਨ ਦੇ ਰੰਗ ਵਿਚ ਰੰਗ ਜਾਂਦਾ ਹੈ ਉਸਨੂੰ ਭਗਵਤ-ਪ੍ਰੇਮ ਉਸਦੇ ਸਰੂਪ ਦਾ ਅਨੁਭਵ ਅਤੇ ਹੋਰ ਵਸਤਾਂ ਤੋਂ ਵੈਰਾਗ ਤਿੰਨੇ ਗਲਾਂ ਇਕ ਵਕਤ ਪ੍ਰਾਪਤ ਹੁੰਦੀਆਂ ਹਨ( ਤੁਸ਼ਟੀ, ਪੁਸ਼ਟੀ-ਕ੍ਸ਼ੁਧਾ) ਭਗਵਤ ਵਿਚ ਨਵਧਾ ਭਗਤੀ - ਸ਼੍ਰਵਣ, ਕੀਰਤਨ, ਸਿਮਰਨ, ਬੰਦਨਾ ਆਦਿ ਦਾ ਵਰਨਣ ਹੈ। ਇਸ ਤੋਂ ਇਲਾਵਾ ਸ਼ਰਧਾ, ਸਤਿਸੰਗ ਵਿਸ਼ਵਾਸ ਅਤੇ ਪ੍ਰੇਮ ਭਗਤੀ ਦਾ ਵਰਨਣ ਵੀ ਆਉਂਦਾ ਹੈ ਮੱਧਕਾਲੀਨ ਭਗਤੀ ਵਿਚ ਵੀ ਭਗਤਾਂ ਤੇ ਸੰਤਾਂ ਨੇ ਨਵਧਾ ਭਗਤੀ ਨੂੰ ਪੂਰੀ ਤਰ੍ਹਾਂ ਅਪਣਾਇਆ ਹੈ। ਸ੍ਰੀਮਦ ਭਗਵਤ ਗੀਤਾ ਵਿਚ ਭਗਤੀ ਨੂੰ ਪ੍ਰਭੂ- ਪ੍ਰਾਪਤੀ ਦੇ ਦੂਸਰੇ

ਮਾਰਗਾਂ ਨਾਲੋਂ ਸ੍ਰੇਸ਼ਠ ਮੰਨਿਆ ਹੈ। ਇਸ ਲਈ ਉਨ੍ਹਾਂ ਨੇ ਸ਼ੁਭ ਕਰਮਾਂ ਨੂੰ ਅਰਪਣ ਕਰਦਿਆਂ ਸੱਚੇ ਨਿਸ਼ਚੇ ਨਾਲ ਭਗਵਾਨ ਵਿਚ ਧਿਆਨ ਲਾਉਣ ਦਾ ਉਪਦੇਸ਼ ਦਿੱਤਾ ਹੈ।

ਭਗਵਤਕਾਰ ਦੀ ਦ੍ਰਿਸ਼ਟੀ ਵਿਚ ਗਿਆਨ ਅਤੇ ਭਗਤੀ ਵਿਚ ਕੋਈ ਤਾਤਵਿਕ ਭੇਦ ਨਹੀਂ। ਭਗਤੀ ਦੀ ਉਚੱਤਾ ਗਿਆਨ ਹੈ ਅਤੇ ਗਿਆਨ ਦੀ ਉਚਤਾ ਭਗਤੀ। ਭਗਵਤ ਵਿਚ ਉਚ ਕੋਟੀ ਦੀ ਭਗਤੀ ਸਾਧਯ-ਭਗਤੀ ਹੈ। ਜਿਸਨੂੰ ਪ੍ਰੇਮ ਭਗਤੀ ਅਤੇ ਅਨਿੰਨ ਭਗਤੀ ਵੀ ਕਹਿੰਦੇ ਹਨ। ਇਸਦਾ ਸ੍ਰੀਮਦ ਭਗਵਤ ਵਿਚ ਸੁੰਦਰ ਅਤੇ ਸਪਸ਼ਟ ਵਿਵੇਚਨ ਹੈ। ਪ੍ਰੇਮ ਲਕਸ਼ਣਾ ਭਗਤੀ ਹੀ ਭਗਵਤ ਗੀਤਾ ਦਾ ਅਸਲੀ ਵਿਸ਼ਾ ਹੈ ਜਿਸਦਾ ਮਾਨਵੀ ਮਨੋਵਿਗਿਆਨ ਦੀ ਪੱਧਰ ਤੇ ਵਿਵੇਚਨ ਹੋਇਆ ਹੈ। ਸੰਤ ਭਗਤੀ ਸਾਹਿਤ ਵਿਚ ਪ੍ਰੇਮ-ਭਾਵ ਦੀ ਸਪਸ਼ਟ ਛਾਪ ਹੈ। ਭਾਗਵਤਕਾਰ ਸੁੰਦਰਤਾ ਨਾਲ ਅਦਵੈਤ ਨੂੰ ਮੋੜ ਦਿੰਦਾ ਚੱਲਿਆ ਗਿਆ ਹੈ ਅਤੇ ਭਗਤੀ ਸਾਧਨਾ ਦੀ ਸਿੱਧੀ ਰੇਖਾ ਵਿਚ ਉਹ ਮੋੜ ਬਿਲਕੁਲ ਪ੍ਰਤੀਤ ਨਹੀਂ ਹੁੰਦੇ। ਰਾਮਾਨੰਦ ਦੇ ਗੁਰੂ ਰਾਘਵਾਨੰਦ ਨੇ ਤਾਂ ਭਾਗਵਤ ਨੂੰ 'ਪੰਚਮਵੇਦ' ਕਿਹਾ ਹੈ ਅਤੇ ਇਸ ਨੂੰ ਬ੍ਰਹਮ ਸੂਤਰਾਂ ਦੀ ਵਿਆਖਿਆ ਕਿਹਾ ਹੈ।

ਵੈਦਿਕ ਕਾਲ ਤੋਂ ਲੈ ਕੇ ਅੱਜ ਤਕ ਧਰਮ ਦਾ ਇਤਿਹਾਸ ਇਕ ਤਰ੍ਹਾਂ ਭਾਗਵਤ ਧਰਮ ਦਾ ਹੀ ਇਤਿਹਾਸ ਹੈ।ਭਾਗਵਤ ਧਰਮ ਦੇ ਤੱਤ ਵੇਦਾਂ ਵਿਚ ਵੀ ਮਿਲਦੇ ਹਨ। ਇਸ ਤਰ੍ਹਾਂ ਭਾਰਤੀ ਚਿੰਤਨ -ਪਰੰਪਰਾ ਵਿਚ ਵੈਸ਼ਣਵ ਮਤ ਬਹੁਤ ਪ੍ਰਾਚੀਨ ਹੈ। ਵਿਸ਼ਣੂ ਅਤੇ ਉਨ੍ਹਾਂ ਦੇ ਅਵਤਾਰਾਂ ਦੀ ਪੂਜਾ ਇਸ ਮਤ ਦਾ ਮੁਖ ਅੰਗ ਹੈ। ਡਾ. ਪਦਮ ਅਨੁਸਾਰ " ਵੈਸ਼ਣਵ ਮਤ ਦਾ ਪਹਿਲਾ ਨਾਮ ਏਕਾਂਤਿਕ ਮਤ ਸੀ। ਇਹੀ ਏਕਾਂਤਿਕ ਮਤ ਸੰਪ੍ਰਦਾਇਕ ਰੂਪ ਧਾਰਨ ਕਰਕੇ ਪਾਂਚਰਤਨ ਅਥਵਾ ਭਾਗਵਤ ਮਤ ਨਾਲ ਪ੍ਰਸਿੱਧ ਹੋਇਆ। ਇਸ ਮਤ ਨੂੰ ਮੰਨਣ ਵਾਲੇ ਸਾਤਵਤ ਜਾਤੀ ਦੇ ਖੱਤਰੀ ਵਧੇਰੇ ਸਨ। ਇਸ ਲਈ ਇਹ ' ਸਾਤਵਤ ਧਰਮ' ਦੇ ਨਾਮ ਨਾਲ ਵੀ ਪੁਕਾਰਿਆ ਜਾਂਦਾ ਰਿਹਾ।"[132]

ਦੱਖਣ ਦੇ ਵੈਸ਼ਣਵ ਆਲਵਾਰ ਭਗਤਾਂ ਦੀ ਭਗਤੀ:

ਭਗਤੀ ਦਾ ਵਿਕਾਸ ~~ਵੇਦਾਂ ਉਪਨਿਸ਼ਦਾਂ~~, ਭਗਤੀ -ਸੂਤਰਾਂ ਅਤੇ ਗੀਤਾ ਵਿਚ ਸ਼ੁਰੂ ਹੋ ਚੁੱਕਾ ਸੀ। ਇਸ ਤੋਂ ਬਾਅਦ, ਭਗਤੀ ਦੇ ਵਿਕਾਸ ਵਿਚ ਦੱਖਣ ਦੇ ਵੈਸ਼ਣਵ ਆਲਵਾਰਾਂ ਅਤੇ ਭਗਤੀ ਦੇ ਹੋਰ ਅਚਾਰੀਆਂ ਨੇ ਯੋਗਦਾਨ ਪਾਇਆ। ਅਸਲ ਵਿਚ 700 ਈ. 1400 ਈ . ਦਾ ਸਮਾਂ ਭਗਤੀ ਦੇ ਵਿਕਾਸ ਦਾ ਸੁਨਹਿਰੀ ਯੁਗ ਸੀ। ਇਸ ਯੁਗ ਦਾ ਆਰੰਭ ਆਲਵਾਰ ਸੰਤਾਂ ਨਾਲ ਹੁੰਦਾ ਹੈ। ਇਸ ਸਮੇਂ ਵਿਚ ਤਾਮਿਲ ਜਾਂ ਦ੍ਰਾਵੜ ਦੇਸ਼ ਵਿਚ ਵਿਸ਼ਣੂ ਭਗਤੀ ਦਾ ਹੜ੍ਹ ਆ ਗਿਆ ਸੀ। ਇਸ ਵਿਚ ਉਚ -ਨੀਚ

ਦਾ ਕੋਈ ਭੇਦ ਨਹੀਂ ਸੀ। ਇਸ ਵਿਚ ਖਾਰੂਾਂ ਆਲਵਾਰ ਵਿਸ਼ੇਸ਼ ਗੌਰਵ ਰਖਦੇ ਹਨ। ਇਨ੍ਹਾਂ ਦੀ ਦ੍ਰਾਵਿੜ ਭਾਸ਼ਾ ਵਿਚ ਲਿਖੀ ਹੋਈ ਪਦਾਵਲੀ ਵੇਦ-ਮੰਤਰਾਂ ਵਾਂਗ ਪਵਿੱਤਰ ਅਤੇ ਮਧੁਰ ਮੰਨੀ ਜਾਂਦੀ ਹੈ। ਭਗਤੀ ਦੇ ਚਾਰ ਸੰਪ੍ਰਦਾਵਾਂ ਦਾ ਜਨਮ ਵੀ ਇਸ ਯੁਗ ਵਿਚ ਸੰਪਨ ਹੋਇਆ।

ਮੱਧਯੁਗ ਵਿਚ ਅਨੇਕ ਘਟਨਾਵਾਂ ਨੇ ਮਿਲਕੇ ਭਗਤੀ ਦੇ ਧਾਰਮਿਕ ਅੰਦੋਲਨ ਨੂੰ ਜਨਮ ਦਿੱਤਾ। [illegible] ਉਤਰੀ ਭਾਰਤ ਵਿਚ ਇਸ ਅੰਦੋਲਨ ਦੀ ਪ੍ਰੇਰਨਾ ਦਖਣ ਭਾਰਤ ਤੋਂ ਮਿਲੀ। ਦੱਖੀਣੀ ਭਾਰਤ ਵਿਚ ਲੋਕਾਂ ਦੇ ਹਿਰਦੇ ਵਿਚ ਭਗਵਤ-ਪ੍ਰੇਮ ਜਗਾਉਣ ਵਾਲੇ ਦੋ ਤਰ੍ਹਾਂ ਦੇ ਸੰਤ ਹੋਏ ਹਨ ਇਕ ਸ਼ੈਵ ਸੰਤ ਹੋਏ ਹਨ ਜਿਨ੍ਹਾਂ ਦੀ ਗਿਣਤੀ 46 ਮੰਨੀ ਜਾਂਦੀ ਹੈ। ਇਨ੍ਹਾਂ ਦੀ ਵਾਣੀ - ਮਹਾਨ-ਗ੍ਰੰਥਾਂ ਵਿਚ ਸੁਰੱਖਿਅਤ ਹੈ।

ਇਸੇ ਤਰ੍ਹਾਂ ਦੱਖਣ ਦੇ ਅਧਿਆਤਮਿਕ ਮੰਡਲ ਤੇ ਅਨੇਕ ਪ੍ਰਕਾਸ਼ਮਾਨ ਵੈਸ਼ਣਵ ਸੰਤ ਹੋਏ ਹਨ ਜੋ ਆਲਵਾਰਾਂ ਦੇ ਨਾਮ ਨਾਲ ਪ੍ਰਸਿੱਧ ਹਨ। ਇਨ੍ਹਾਂ ਦਾ ਮਹਾਨ ਗ੍ਰੰਥ 'ਨਾਲਿਯੋਰ ਪ੍ਰਬੰਧਮ' ਹੈ। ਇਸ ਨੂੰ 'ਤਾਮਿਲਵੇਦ' ਵੀ ਕਿਹਾ ਜਾਂਦਾ ਹੈ। ਇਹ ਭਗਤੀ ਗਿਆਨ, ਪ੍ਰੇਮ, ਸੌਂਦਰਯ ਅਤੇ ਸਮਾਨਤਾ ਦੀ ਅਣਮੋਲ ਨਿਧੀ ਹੈ। ਇਹ ਲਗਭਗ ਚਾਰ ਹਜ਼ਾਰ ਪਦਿਆਂ ਦੀ ਰਚਨਾ ਹੈ। ਇਸ ਦਾ ਸੰਕਲਨ ਅਤੇ ਸੰਪਾਦਨ ਨਾਥ ਮੁਨੀ ( 825ਈ.- 924 ਈ:) ਨੇ ਕੀਤਾ। ਇਸ ਵਿਚ ਭਗਤੀ ਸੰਪੂਰਨ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ। ਆਲਵਾਰਾਂ ਦੇ ਤਿੰਨ ਭਗਤ ਪ੍ਰਾਚੀਨ, ਮੰਨੇ ਜਾਂਦੇ ਹਨ। ਇਨ੍ਹਾਂ ਦੀ ਬਾਣੀ 'ਗਿਆਨ ਪ੍ਰਦੀਪ' ਦੇ ਨਾਮ ਨਾਲ ਪ੍ਰਸਿੱਧ ਹੈ।

ਆਲਵਾਰਾਂ ਦਾ ਸਭ ਤੋਂ ਵੱਧ ਪ੍ਰਭਾਵ ਰਾਮਾਨੁਜ ਦੇ ਵਿਸ਼ਿਸ਼ਟਦਵੈਤ ਉਤੇ ਪਿਆ। ਸ੍ਰੀ ਸੰਪ੍ਰਦਾਇ ਵਿਚ ਪ੍ਰਸਿੱਧ ਹੈ ਕਿ ਵੇਦ ਦੇ ਕਿਸੇ ਭਾਵ ਦੀ ਸਮਝ ਨਾ ਆਉਣ ਤੇ ਰਾਮਾਨੁਜ ਨੂੰ ਨਾਲੇਖਰ ਪ੍ਰਬੰਧਮ ਤੋਂ ਉਸਦਾ ਭਾਵ ਗ੍ਰਹਿਣ ਕਰਕੇ ਹੀ ਤਸੱਲੀ ਆਉਂਦੀ ਸੀ। ਆਲਵਾਰਾਂ ਅਨੁਸਾਰ " ਈਸ਼ਵਰ ਹੀ ਜਗਤ ਦੀ ਉਤਪਤੀ ਦਾ ਕਾਰਨ ਹੈ। ਜਗਤ ਦੀ ਸਿਰਜਨਾ ਭਗਵਾਨ ਦੀ ਲੀਲਾ ਤੋਂ ਹੁੰਦੀ ਹੈ। ਜੀਵ ਤੇ ਜਗਤ ਵਿਚ ਪ੍ਰਭੂ ਅੰਤਰਯਾਮੀ ਰੂਪ ਵਿਚ ਵਿਦਮਾਨ ਹੁੰਦਾ ਹੈ ਇਸ ਲਈ ਇਹ ਉਸ ਪਰਮ ਸੱਤਾ ਦੇ ਅਧੀਨ ਹਨ ਅਤੇ ਉਸਦੇ ਸਰੀਰ ਜਾਂ ਪ੍ਰਕਾਰ ਹਨ। ਬ੍ਰਹਮ ਅਤੇ ਜੀਵ ਵਿਚ ਅੰਸ਼ੀ ਅਤੇ ਅੰਸ਼ ਦਾ ਸੰਬੰਧ ਹੈ। ਰਾਮਾਨੁਜ ਦੇ ਵਿਸ਼ਿਸ਼ਟ ਅਦਵੈਤ ਸਿਧਾਂਤ ਵਿਚ ਇਸ ਤੱਥ ਨੂੰ ਸਵੀਕਾਰਿਆ ਗਿਆ ਹੈ। ਦਵੈਤਵਾਦੀ ਮਧਵਾਚਾਰਯ ਨੇ ਵੀ ਆਲਵਾਰਾਂ ਦੀ ਤਰ੍ਹਾਂ ਜਗਤ ਨੂੰ ਸੱਤ ਮੰਨਿਆ ਹੈ। ਨਿੰਮਬਾਰਕਾਚਾਰਯ ਨੇ ਆਲਵਾਰਾਂ ਵਾਂਗ ਭਗਤੀ ਨੂੰ ਹੀ

ਪ੍ਰਭੂ ਪ੍ਰਾਪਤੀ ਦਾ ਸਾਧਨ ਮੰਨਿਆ ਹੈ।

ਆਲਵਾਰਾਂ ਦੇ ਸਾਹਿਤ ਵਿਚ ਪਹਿਲੀ ਵਾਰੀ ਮਧੁਰ ਭਗਤੀ ਜਾਂ ਪ੍ਰੇਮਾ - ਭਗਤੀ ਦਾ ਵਧੀਆ ਰੂਪ ਦਿਸਦਾ ਹੈ। ਭਗਤ ਅਤੇ ਭਗਵਾਨ ਵਿਚਾਲੇ ਨਾਇਕਾ - ਨਾਇਕ ਦਾ ਸੰਬੰਧ ਮੰਨਿਆ ਗਿਆ ਹੈ। ਪਰਵਰਤੀ ਵੈਸ਼ਣਵ -ਸਾਹਿਤ ਵਿਚ ਇਸੇ ਪ੍ਰੇਮ ਲਕਸ਼ਣਾ ਭਾਵ ਦਾ ਸਰੂਪ ਵਧੇਰੇ ਸਵੀਕਾਰ ਕੀਤਾ ਗਿਆ ਹੈ। ਮੱਧਕਾਲੀ ਵਿਭਿੰਨ ਵੈਸ਼ਣਵ ਸੰਪ੍ਰਦਾਵਾਂ ਵਿਚ ਮਧੁਰ -ਉਪਾਸਨਾ ਦਾ ਜਿਹੜਾ ਪਾਸਾਰ ਰਿਹਾ, ਉਸ ਦੇ ਮੂਲ ਵਿਚ ਆਲਵਾਰ ਭਗਤੀ ਭਾਵ ਹੀ ਹੈ। ਪ੍ਰਬੰਧਮ ਵਿਚ ਨਾਇਕ -ਨਾਇਕਾ ਭਾਵ ਦੇ ਅਨੇਕ ਪਦ ਹਨ ਜਿਨ੍ਹਾਂ ਵਿਚ ਸੰਯੋਗ-ਵਿਯੋਗ ਦੋਵਾਂ ਪੱਖਾਂ ਦਾ ਵਰਣਨ ਹੈ। ਆਲਵਾਰਾਂ ਦੇ ਗੀਤਾਂ ਵਿਚ ਉਹ ਸ਼ਕਤੀ ਹੈ ਜਿਸ ਨਾਲ ਵੈਸ਼ਣਵ ਭਗਤੀ ਲੋਕ-ਲਹਿਰ ਬਣੀ। ਇਨ੍ਹਾਂ ਨੇ ਸਿਧਾਂਤਕ ਗ੍ਰੰਥ ਨਹੀਂ ਰਚੇ ਤੇ ਨਾ ਹੀ ਭਗਤੀ ਦਾ ਸ਼ਾਸਤਰੀ ਵਿਵੇਚਨ ਹੀ ਕੀਤਾ ਹੈ। ਇਨ੍ਹਾਂ ਨੇ ਭਗਵਤ ਭਾਵ ਵਿਚ ਪਹੁੰਚੇ ਮਾਨਸਿਕ ਅਨੁਭੂਤੀਆਂ ਦੇ ਭਾਵਮਈ ਗੀਤਾਂ ਦੀ ਰਚਨਾ ਕੀਤੀ।

ਇਸ ਦਾ ਇਹ ਵੀ ਅਰਥ ਨਹੀਂ ਕਿ ਆਲਵਾਰਾਂ ਨੇ ਸ਼ਾਸਤਰਾਂ ਨੂੰ ਨੇੜੇ ਵੀ ਢੁਕਣ ਨਹੀਂ ਦਿੱਤਾ। ਇਨ੍ਹਾਂ ਵਿਚ ਹੀ ਇਕ ਮਹਾਨ ਨਮਾਲਵਾਰ ਹੋਏ ਹਨ ਜਿਨ੍ਹਾਂ ਦੇ ਗੀਤਾਂ ਦੇ ਚਾਰ ਸੰਗ੍ਰਹਿ ਨਾਲੇਸ਼ਰ ਪ੍ਰਬੰਧਮ ਵਿਚ ਸ਼ਾਮਲ ਹਨ। ਉਹ ਹਨ - ਤਿਰੂਵਿਰੁਤਮ, ਤਿਰੂਵਾਸ਼ਿਰਿਯਮ ਤਿਰੂਵੰਦਾਇ ਅਤੇ ਤਿਰੂਪਾਮੋਲੀ। ਇਨ੍ਹਾਂ ਵਿਚ ਕ੍ਰਮਵਾਰ ਰਿਗਵੇਦ, ਯਜੁਰਵੇਦ, ਅਥਰਵਵੇਦ ਅਤੇ ਸਾਮਵੇਦ ਦਾ ਸਾਰ ਦਿੱਤਾ ਹੋਇਆ ਹੈ। ਇਨ੍ਹਾਂ ਵਿਚ ਆਤਮਾ ਦੀ ਵਿਸ਼ਨੂੰ ਨੂੰ ਮਿਲਣ ਦੀ ਚਾਹ, ਉਸ ਨਾਲ ਸੰਯੋਗ ਵਿਯੋਗ ਦੇ ਭਾਵਾਂ ਅਨੁਭਾਵਾਂ ਨੂੰ ਪ੍ਰਭੂ-ਪ੍ਰੀਤਮ ਦੀ ਪਤਨੀ ਦੇ ਰੂਪ ਵਿਚ ਦਿਲ ਟੁੰਬਵੇਂ ਚਿਤਰਾਂ ਰਾਹੀਂ ਪੇਸ਼ ਕੀਤਾ ਹੈ, ਵਿਸ਼ਨੂੰ( ਸ਼ੁਨਯ ਬ੍ਰਹਮ) ਦੇ ਰੂਪ ਗੁਣ ਦੀ ਮਹਿਮਾ ਗਾਈ ਹੈ, ਪ੍ਰਭੂ ਅਨੁਭੂਤੀ ਤੋਂ ਪ੍ਰਾਪਤ ਆਨੰਦ ਦਾ ਵਰਣਨ ਕੀਤਾ ਹੈ।[133] ਆਲਵਾਰਾਂ ਨੂੰ ਬਾਹਰੀ ਆਚਾਰ ਵਿਚ ਵਿਸ਼ਵਾਸ ਨਹੀਂ ਸੀ ਅਤੇ ਇਹ ਜਾਤ ਪਾਤ ਦੇ ਵਿਰੋਧੀ ਸਨ।

ਆਲਵਾਰਾਂ ਨੇ ਸ਼ਰਨਾਗਤੀ ਜਾਂ ਪ੍ਰਪੱਤੀ ਅਤੇ ਦਾਸ-ਭਾਵ ਨੂੰ ਹੀ ਭਗਤੀ ਦਾ ਸਰੂਪ ਮੰਨਿਆ ਹੈ। ਇਨ੍ਹਾਂ ਭਗਤਾਂ ਦੀਆਂ ਰਚਨਾਵਾਂ ਵਿਚ ਭਗਵਾਨ ਦੀ ਸ਼ਰਨਾਗਤੀ ਭਗਵਾਨ ਦਾ ਅਨੁਗ੍ਰਹ ਅਤੇ ਆਰਤਿ- ਪੁਕਾਰ ਵਧੇਰੇ ਹੈ।

ਇਨ੍ਹਾਂ ਆਲਵਾਰਾਂ ਵਿਚ ਭਗਵਤ- ਭਗਤੀ ਵਿਚ ਪੂਰਣ ਇਕ ਹੋਰ ਭਗਤਣੀ ਅੰਡਾਲ ਨਾਮ ਦੀ ਸੀ ਜੋ ਭਗਵਾਨ ਦੀ ਭਗਤੀ ਵਿਚ ਮੀਰਾਂ ਵਾਂਗ ਵਿਆਕੁਲ ਹੋ ਉਠਦੀ ਸੀ ਰਾਧਾ ਭਾਵ ਦੀ ਉਪਾਸਨਾ ਜੋ ਦੱਖਣ ਵਿਚ ਸ਼ਟਕੋਪ ਨੇ ਪ੍ਰਚਾਰੀ ਉਸਨੂੰ ਅੰਡਾਲ ਨੇ ਟੀਸੀ ਤੇ ਪਹੁੰਚਾਇਆ। ਵਿਰਹ-ਆਸਕਤੀ ਦੀ ਚਰਮ-ਅਵਸਥਾ ਸਾਨੂੰ ਅੰਡਾਲ ਤੋਂ ਹੀ ਪ੍ਰਾਪਤ ਹੋਈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਮਧਯੁਗ ਵਿਚ ਜੋ ਭਗਤੀ ਦੇ ਅਨੁਭਵ ਸੰਤਾਂ ਦੀ ਬਾਣੀ ਵਿਚ ਪ੍ਰਾਪਤ ਹੁੰਦੇ ਹਨ ਉਨ੍ਹਾਂ ਦੀ ਪ੍ਰਿਸ਼ਠ-ਭੂਮੀ ਵਿਚ ਦੱਖਣ ਦੇ ਅਲਵਾਰਾਂ ਦਾ ਵਿਸ਼ੇਸ਼ ਯੋਗਦਾਨ ਹੈ ਜਿਸਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਭਗਤੀ ਜਿਸਨੇ 14ਵੀਂ, 15ਵੀਂ ਸਦੀ ਵਿਚ ਅੰਦੋਲਨ ਦਾ ਰੂਪ ਧਾਰਣ ਕੀਤਾ, ਉਸਦੀ ਰੂਪ-ਰੇਖਾ ਆਲਵਾਰਾਂ ਵਲੋਂ ਪਹਿਲਾਂ ਹੀ ਤਿਆਰ ਹੋ ਚੁੱਕੀ ਸੀ।

ਅਦਵੈਤਵਾਦ ਅਨੁਸਾਰ ਭਗਤੀ:

ਸ਼ੰਕਰਾਚਾਰਯ ਨੇ ਅਦਵੈਤਵਾਦ ਦੇ ਸਿਧਾਂਤ ਦਾ ਪ੍ਰਤਿਪਾਦਨ ਕੀਤਾ। ਇਸ ਦੇ ਸਿਧਾਂਤ ਨੂੰ ਮਾਇਆਵਾਦ ਵੀ ਕਿਹਾ ਜਾਂਦਾ ਹੈ। ਇਸ ਦੇ ਅਨੁਸਾਰ ਸੰਸਾਰ ਵਿਚ ਕੇਵਲ ਇਕ ਬ੍ਰਹਮ ਸੱਚ ਹੈ ਅਤੇ ਇਹ ਜਗਤ, ਮਿਥਿਆ ਹੈ, ਜੀਵ ਬ੍ਰਹਮ ਹੈ ਅਤੇ ਜੀਵ ਇਸ ਤੋਂ ਕਿਸੇ ਤਰ੍ਹਾਂ ਵੀ ਭਿੰਨ ਨਹੀਂ।

ਇਸ ਵਿਚਾਰ ਅਨੁਸਾਰ ਗੋਚਰ ਜਗਤ ਦੀ ਹੋਂਦ ਕੁਝ ਵੀ ਨਹੀਂ। ਦ੍ਰਿਸ਼ਟਮਾਨ ਜਗਤ ਕੇਵਲ ਇਕ ਭਰਮ ਹੈ ਇਸ ਭਰਮ ਨੂੰ ਸ਼ੰਕਰ ਮਾਇਆ ਮੰਨਦਾ ਹੈ। ਅਤੇ ਮਨੁੱਖੀ ਆਤਮਾ ਨੂੰ ਸਦੀਵੀ, ਨਿੱਤ ਅਤੇ ਬ੍ਰਹਮ ਰੂਪ ਮੰਨਦਾ ਹੈ। ਇਸ ਤਰ੍ਹਾਂ ਸ਼ੰਕਰ ਅਨੁਸਾਰ ਜੀਵਾਤਮਾ ਅਤੇ ਪਰਮਾਤਮਾ ਵਿਚ ਤਦਰੂਪਤਾ ਹੈ।

ਬ੍ਰਹਮ :- ਸ਼ੰਕਰਾਚਾਰਯ ਅਨੁਸਾਰ ਬ੍ਰਹਮ ਨਿਰਵਿਸ਼ੇਸ਼ ਤੱਤ ਹੈ। ਇਹ ਸਰਵਵਿਆਪੀ ਅਤੇ ਚੇਤੰਨ ਹੈ। ਇਸਦੀ ਸਿੱਧੀ ਲਈ ਪ੍ਰਮਾਣ ਦੀ ਜ਼ਰੂਰਤ ਨਹੀਂ। ਇਹ ਆਪਣੇ ਆਪ ਸਿੱਧ ਅਤੇ ਸਵ-ਪ੍ਰਕਾਸ਼ ਹੈ। ਅਨਾਦਿ ਅਗਿਆਨ ਵਿਚ ਮੁਗਧ ਜੀਵ, ਇਸ ਨੂੰ ਨਹੀਂ ਦੇਖਦਾ ਕਿਉਂਕਿ ਅਨੇਕ ਤਰ੍ਹਾਂ ਦੀਆਂ ਭਰਾਂਤੀਆਂ ਉਸਨੂੰ ਘੇਰੇ ਰਖਦੀਆਂ ਹਨ। ਇਸ ਸ਼ੰਕੇ ਦਾ ਨਿਵਾਰਣ ਕਰਨਾ ਹੀ ਵੇਦਾਂਤ-ਸ਼ਾਸਤਰ ਦਾ ਪ੍ਰਯੋਜਨ ਹੈ।

ਸ਼ੰਕਰਾਚਾਰਯ ਨੇ ਬ੍ਰਹਮ ਨੂੰ ਇਕ-ਮਾਤਰ ਪਰਮਾਰਥਿਕ ਸੱਤਾ ਮੰਨਿਆ ਹੈ।

ਬ੍ਰਹਮ ਦੇ ਦੋ ਸਰੂਪ ਹਨ - ਨਿਰਗੁਣ ਅਤੇ ਸਗੁਣ। ਮਾਇਆ-ਵਿਸ਼ਿਸ਼ਟ ਬ੍ਰਹਮ ਨੂੰ ਸਗੁਣ ਕਹਿੰਦੇ ਹਨ। ਇਹ ਹੀ ਈਸ਼੍ਵਰ ਹੈ। ਇਹ ਹੀ ਇਸ ਜਗਤ ਦਾ ਕਰਤਾ ਧਰਤਾ ਹੈ ਪਰੰਤੂ ਨਿਰਗੁਣ ਬ੍ਰਹਮ ਮਾਇਆ ਦੇ ਸੰਬੰਧ ਵਿਚ ਨਿਤਾਂਤ ਸੁਨਯ ਹੈ। ਉਹ ਅਖੰਡ ਸਰਵ-ਵਿਆਪਕ, ਸਚਿੱਦਾ ਨੰਦ- ਸਰੂਪ ਹੈ। ਨਿਰਗੁਣ ਬ੍ਰਹਮ ਹੀ ਸਰਵ ਸ੍ਰੇਸ਼ਠ ਅਤੇ ਸਤਿ- ਸਰੂਪ ਹੈ। ਈਸ਼੍ਵਰ ਉਸ ਤੋਂ ਨਿਊਨ ਹੈ ਅਤੇ ਮਾਇਆ ਤੋਂ ਪ੍ਰਭਾਵਿਤ ਹੈ। ਇਸ ਤਰ੍ਹਾਂ ਸ਼ੰਕਰ ਨੇ ਬ੍ਰਹਮ ਅਤੇ ਈਸ਼੍ਵਰ ਨੂੰ ਅਲੱਗ ਅਲੱਗ ਮੰਨਿਆ ਹੈ।[134]

ਭਗਤੀ:- ਕਰਮ ਗਿਆਨ ਦੀ ਤੁਲਨਾ ਤੇ ਗੌਣ ਹੈ। ਕਰਮਾਂ ਦਾ ਉਪਯੋਗ ਇੰਨਾ ਹੀ ਹੈ ਕਿ ਇਹ ਚਿੱਤ ਨੂੰ ਸ਼ੁਧ ਕਰਦੇ ਹਨ ਅਤੇ ਇਹ ਮੁਕਤੀ ਮਾਰਗ ਦੀ ਤਿਆਰੀ ਕਰਨ ਦਾ ਪ੍ਰਧਾਨ ਸਾਧਨ ਹਨ।

ਇਸ ਮਤ ਅਨੁਸਾਰ ਗਿਆਨ ਦੇ ਦੁਆਰਾ ਹੀ ਮੁਕਤੀ ਹੁੰਦੀ ਹੈ। ਸ਼ੰਕਰਾਚਾਰਯ ਨੇ ਆਪੇ ਤੋਂ ਪ੍ਰਭੂ ਨੂੰ ਪਛਾਨਣ ਨੂੰ ਹੀ ਭਗਤੀ ਕਿਹਾ ਹੈ। ਉਹ ਭਗਤੀ ਨੂੰ ਗਿਆਨ ਦੀ ਪਹਿਲੀ ਅਵਸਥਾ ਮੰਨਦੇ ਹਨ। ਭਗਤੀ ਹੀ ਸਿਖਰ ਤੇ ਪਹੁੰਚ ਕੇ ਗਿਆਨ ਦਾ ਰੂਪ ਧਾਰ ਲੈਂਦੀ ਹੈ। ਜਦੋਂ ਸਾਧਕ ਦੇ ਮਨ ਵਿਚ 'ਸੋਹੰ ਬ੍ਰਹਮ( ਮੈਂ ਬ੍ਰਹਮ ਹਾਂ) ਭਾਵਨਾ ਪੈਦਾ ਹੋ ਜਾਂਦੀ ਹੈ ਤਾਂ ਉਹ ਬ੍ਰਹਮ ਦਾ ਅਖੰਡ-ਬੋਧ ਪ੍ਰਾਪਤ ਕਰ ਲੈਂਦਾ ਹੈ ਅਤੇ ਆਪਣੇ 'ਜੀਵ' ਨੂੰ ਨਿਤਯ, ਸ਼ੁਧ, ਮੁਕਤ, ਸੱਚ ਸੁਭਾ ਦਾ ਅਨੁਭਵ ਕਰਨ ਲਗਦਾ ਹੈ। ਉਸਦੀ ਚਿਤ-ਵਿਰਤੀ ਵੀ ਅਜਿਹੀ ਹੋ ਜਾਂਦੀ ਹੈ। ਇਸ ਰਾਹ ਤੇ ਚਲਦਿਆਂ ਹੀ ਅਗਿਆਨ ਦਾ ਨਾਸ਼ ਹੁੰਦਾ ਹੈ। ਅਗਿਆਨ ਦੇ ਨਾਸ਼ ਨਾਲ ਨਾਲ ਚਿੱਤ ਅਤੇ ਵਿਰਤੀ ਦਾ ਵੀ ਨਾਸ਼ ਹੋ ਜਾਂਦਾ ਹੈ ਅਤੇ ਚਿਤ-ਪ੍ਰਤੀਬਿੰਬ ਬ੍ਰਹਮ-ਸਰੂਪ ਹੋ ਜਾਂਦਾ ਹੈ। ਜੀਵ ਅਤੇ ਬ੍ਰਹਮ ਦਾ ਏਕਤਵ ਹੋ ਜਾਂਦਾ ਹੈ। ਇਹ ਹੀ ਬ੍ਰਹਮ ਸਾਖਿਆਤਕਾਰ ਹੈ। ਇਹ ਹੀ ਵੇਦਾਂਤ ਦਾ ਪਰਮ ਉਦੇਸ਼ ਹੈ।

ਉਪਰੋਕਤ ਅਵਸਥਾ ਪ੍ਰਾਪਤ ਕਰਨ ਲਈ ਯੋਗ-ਸਾਧਨ ਦਾ ਅਭਿਆਸ ਕੀਤਾ ਜਾਂਦਾ ਹੈ। ਸ੍ਰਵਣ, ਮੰਨਨ ਅਤੇ ਨਿਦਿਧਯਾਸਨ ਯੁਕਤ ਸਮਾਧੀ ਦੁਆਰਾ ਚਿਤ-ਵਿਰਤੀਆਂ ਦਾ ਸ਼ੋਧਨ ਹੋ ਸਕਦਾ ਹੈ। ਇਸ ਨਾਲ ਹੀ ਬ੍ਰਹਮ ਸੰਬੰਧੀ ਅਗਿਆਨ ਦਾ ਨਾਸ਼ ਹੁੰਦਾ ਹੈ ਇਸ ਲਈ ਸਾਧਕ ਨੂੰ ਅਸ਼ਟਾਂਗ-ਯੋਗ ਦਾ ਅਭਿਆਸ ਕਰਨ ਦਾ ਉਪਦੇਸ਼ ਦਿੱਤਾ ਗਿਆ।[135]

ਇਸ ਮਤ ਅਨੁਸਾਰ ਮਨੁੱਖ ਦਾ ਪਰਮ ਮਨੋਰਥ ਮੁਕਤੀ ਹੈ। ਇਸਦਾ ਸਰੂਪ ਬ੍ਰਹਮ ਨਾਲ ਏਕਤਵ ਹੈ ਅਤੇ ਬ੍ਰਹਮ ਅਨੁਭਵ ਦੇ ਸਭ ਤਰ੍ਹਾਂ ਦੇ ਵਿਭਾਗਾਂ ਤੋਂ ਉਪਰ ਹੈ। ਇਸ ਲਈ ਮੁਕਤੀ ਦੀ ਅਵਸਥਾ ਦਾ ਵਰਨਣ ਗਿਆਨ ਦੇ ਸ਼ਬਦਾਂ ਵਿਚ ਨਹੀਂ ਕੀਤਾ ਜਾ ਸਕਦਾ ਕਿਉਂਕਿ ਸਾਡਾ ਗਿਆਨ ਦੇਸ਼ ਕਾਲ, ਕਾਰਣ ਅਤੇ ਕਾਰਜ, ਵਿਅਕਤੀਆਂ ਵਸਤੂਆਂ, ਕਰਮਾਂ, ਅਤੇ ਹੋਰ ਅਨੰਤ ਭੇਦਾਂ ਦਾ ਪ੍ਰਤੀਪਾਦਨ ਕਰਦਾ ਹੈ। ਇਨ੍ਹਾਂ ਵਿਚੋਂ ਕੋਈ ਵੀ ਭੇਦ ਮੋਖਸ਼ ਦੀ ਅਵਸਥਾ ਤੇ ਲਾਗੂ ਨਹੀਂ ਹੁੰਦਾ। ਸ਼ੰਕਰ ਅਰਸਤੂ ਨਾਲ ਇਸ ਵਿਚਾਰ ਤੇ ਸਹਿਮਤ ਹੈ ਕਿ ਅਨੰਤਕਾਲ ਦੀ ਅਵਧੀ ਨਾਂ ਤਾਂ ਉਤਮ ਨੂੰ ਸਰਵਉਤਮ ਬਣਾ ਸਕਦੀ ਹੈ ਅਤੇ ਨਾ ਸਫੇਦ ਨੂੰ ਅਧਿਕ ਸਫੇਦ, ਬਣਾ ਸਕਦੀ ਹੈ। ਮੋਕਸ਼ ਨੂੰ ਨਿਰੰਤਰ ਕ੍ਰਿਆਸ਼ੀਲਤਾ ਵੀ ਨਹੀਂ ਮੰਨਿਆ ਜਾ ਸਕਦਾ ਹੈ। ਇਹ ਸਰਵ ਉਚ ਅਨੁਭਵ ਹੈ ਜੋ ਸਭ ਪ੍ਰਕਾਰ ਦੀ ਕ੍ਰਿਆਸ਼ੀਲਤਾ ਤੋਂ ਅਤੀਤ ਹੈ ਜਿਸ ਵਿਚ ਆਤਮਾ ਸੰਸਾਰ ਚੱਕਰ ਤੋਂ ਉਪਰ ਉਠ ਜਾਂਦੀ ਹੈ ਅਤੇ ਨਿਤਯਤਵ ਦੇ ਅਨੁਭਵ ਨੂੰ ਪ੍ਰਾਪਤ ਕਰ ਲੈਂਦੀ ਹੈ। 'ਬੋਥਿਕਸ' ਨੇ ਵੀ ਕਿਹਾ ਹੈ ਕਿ ਇਹ ਅਨੰਤ ਜੀਵਨ ਦੀ ਸੰਪੂਰਣ ਰੂਪ ਵਿਚ ਛਣਮਾਤਰ ਦੇ ਅੰਦਰ ਪ੍ਰਾਪਤੀ ਹੈ।[136]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸ਼ੰਕਰ ਦਾ ਦਰਸ਼ਨ ਗੂੜ ਵਿਚਾਰਾਂ ਨਾਲ ਓਤਪ੍ਰੋਤ ਹੈ। ਸ਼ੰਕਰਾਚਾਰਯ ਨੇ ਅਵੈਦਿਕ ਮਤਾਂ ਦਾ ਖੰਡਨ ਕਰਕੇ ਵੈਦਿਕ ਮਤ ਦੀ ਸਥਾਪਨਾ ਕੀਤੀ ਅਤੇ ਬ੍ਰਹਮ ਅਤੇ ਜੀਵ ਦੀ ਏਕਤਾ ਪ੍ਰਤੀਪਾਦਤ ਕੀਤੀ। ਅਗੇ ਚਲ ਕੇ ਰਾਮਾਨੁਜਾਚਾਰਯ ਤੋਂ ਲੈ ਕੇ ਰਾਮਾਨੰਦ ਤਕ ਸਭ ਆਚਾਰੀਆ ਨੇ ਸ਼ੰਕਰ ਤੋਂ ਮਤ ਭੇਦ ਰਖਦੇ ਹੋਏ ਵੀ ਮੂਲ ਰੂਪ ਵਿਚ ਕਿਸੇ ਨਾ ਕਿਸੇ ਰੂਪ ਵਿਚ ਇਸ ਪਰੰਪਰਾ ਨਾਲ ਜੁੜੇ ਰਹੇ। ਇਸ ਲਈ ਕਿਹਾ ਜਾ ਸਕਦਾ ਹੈ ਕਿ ਭਾਰਤੀ ਦਰਸ਼ਨ ਤਾਂ ਕੇਵਲ ਅਦਵੈਤਵਾਦ-ਵੇਦਾਂਤ ਹੈ। ਹੋਰ ਦਰਸ਼ਨ ਤਾਂ ਉਸ ਤੀਕ ਪੁੱਜਣ ਦੇ ਸਾਧਨ ਮਾਤਰ ਹਨ।

ਵਿਸ਼ਿਸ਼ਟਾਦਵੈਤ ਦਰਸ਼ਨ ਅਨੁਸਾਰ ਭਗਤੀ:-

ਵਿਸ਼ਿਸ਼ਟਾਦਵੈਤਵਾਦੀ ਸ੍ਰੀ ਸੰਪ੍ਰਦਾਇ ਦੇ ਮੋਢੀ ਸ੍ਰੀ ਰਾਮਾਨੁਜ ਅਚਾਰਯ ਦਾ ਜਨਮ 1017 ਈ: ਨੂੰ ਤੈਰੂੰਕੁਦੂਰ ਨਾਮਕ ਪਿੰਡ (ਮਦਰਾਸ) ਵਿਚ ਹੋਇਆ। ਇਨ੍ਹਾਂ ਨੇ ਮਹਾਤਮਾ ਨਾਂਬਿ ਤੋਂ ਅੱਠ ਅੱਖਰਾਂ ਦੇ ਮੰਤ੍ਰ( ਓਮ ਨਮੋ ਨਾਰਾਇਣ) ਦੀ ਦੀਖਿਆ ਲਈ।

ਰਾਮਾਨੁਜ ਦੇ ਅਨੁਸਾਰ ਚਿੱਤ, ਅਚਿੱਤ ਅਤੇ ਈਸ਼ਵਰ ਤਿੰਨ ਮੂਲ ਤੱਤ ਹਨ। ਇਸ ਵਿਚ ਈਸ਼ਵਰ ਪ੍ਰਧਾਨ ਅੰਗੀ ਹੈ ਅਤੇ ਚਿੱਤ ਅਤੇ ਅਚਿੱਤ ਇਸਦੇ ਦੋ ਵਿਸ਼ੇਸ਼ਣ ਜਾਂ

ਜਾਂ ਅੰਗ ਹਨ। ਇਸ ਲਈ ਇਸ ਮੱਤ ਨੂੰ ਵਿਸ਼ਿਸ਼ਟ-ਅਦਵੈਤਵਾਦ ਕਿਹਾ ਜਾਂਦਾ ਹੈ।

ਈਸ਼ਵਰ: ਅਨੰਤ ਗਿਆਨਵਾਨ , ਆਨੰਦ ਦਾ ਇਕ ਮਾਤ੍ਰ ਸਰੂਪ ਜਗਤ ਦੀ ਸ੍ਰਿਸ਼ਟੀ ਸਥਿਤੀ ਅਤੇ ਸੰਹਾਰ ਕਰਨ ਵਾਲਾ, ਧਰਮ ਅਰਥ ਕਾਮ ਮੋਕਸ਼ ਦੇਣ ਵਾਲਾ, ਭਗਤਾਂ ਦੀ ਰਖਿਆ ਕਰਨ ਵਾਲਾ ਦਿਆਲੂ ਈਸ਼ਵਰ ਹੈ।[137] ਰਾਮਾਨੁਜ ਨੇ ਬ੍ਰਹਮ ਨੂੰ ਕਾਰਨ ਬ੍ਰਹਮ ਅਤੇ ਕਰਮ ਬ੍ਰਹਮ ਮੰਨਿਆ ਹੈ। ਸ੍ਰਿਸ਼ਟੀ ਦੀ ਪ੍ਰਕ੍ਰਿਆ ਸਮੇਂ ਉਹ ਸਭ ਕਾਰਜ ਕਰਦਾ ਹੈ ਇਸ ਲਈਉਹ ਕਰਮ ਬ੍ਰਹਮ ਹੈ। ਈਸ਼ਵਰ ਆਪਣੀ ਇੱਛਾ ਨਾਲ ਸਗਲ ਸੰਸਾਰ ਦਾ ਕਾਰਣ-ਸਰੂਪ ਵੀ ਹੈ, ਉਹ ਆਪ ਹੀ ਸੰਸਾਰ ਦੀ ਉਤਪਤੀ ਅਤੇ ਸੰਹਾਰ ਕਰਦਾ ਹੈ। ਰਾਮਾਨੁਜ ਅਨੁਸਾਰ ਬ੍ਰਹਮ ਦੇ ਪੰਜ ਰੂਪ ਹਨ (1) ਪਾਰਬ੍ਰਹਮ, (2) ਵਯੂਹ (3) ਵਿਭਵ, (4) ਅੰਤਰਯਾਮੀ, (5) ਅਰਚਾ । ਰਾਮਾਨੁਜ ਅਨੁਸਾਰ ਪ੍ਰਭੂ ਸਰਵ ਗੁਣ ਸੰਪਨ ਹੈ ਇਸ ਲਈ ਇਹ ਸਗੁਣ-ਸਰੂਪ ਹੈ। ਉਨ੍ਹਾਂ ਅਨੁਸਾਰ ਅਨੰਤ ਗੁਣਾਂ ਦਾ ਧਾਰਨੀ ਨਿਰਗੁਣ ਕਿਵੇਂ ਹੋ ਸਕਦਾ ਹੈ?

ਭਗਤੀ ਦੇ ਸਾਧਨ: ਰਾਮਾਨੁਜ ਦੇ ਮਤ ਅਨੁਸਾਰ ਵਰਣਾਸ਼ਰਮੋਚਿਤ ਕਰਮ ਕਰਨ ਨਾਲ ਚਿੱਤ ਦੀ ਸ਼ੁੱਧੀ ਹੁੰਦੀ ਹੈ। ਚਿੱਤ-ਸ਼ੁੱਧੀ ਨਾਲ ਭਗਤੀ ਅਤੇ ਭਗਤੀ ਨਾਲ ਮੋਖਸ਼ ਪ੍ਰਾਪਤ ਹੁੰਦਾ ਹੈ।

ਕਰਮ-ਮਾਰਗ: ਰਾਮਾਨੁਜ ਅਨੁਸਾਰ ਜੀਵਾਤਮਾ ਆਪਣੀ ਇੱਛਾ ਅਨੁਸਾਰ ਕਰਮ ਕਰਨ ਲਈ ਸਵਤੰਤਰ ਹੈ। ਜਦੋਂ ਜੀਵਾਤਮਾ ਈਸ਼ਵਰ ਦੀ ਅਧੀਨਤਾ ਨੂੰ ਪਹਿਚਾਨਣ ਤੋਂ ਅਸਮਰਥ ਰਹਿੰਦਾ ਹੈ ਤਾਂ ਪ੍ਰਭੂ ਉਸ ਨੂੰ ਉਕਤ ਸੱਚ ਪਹਿਚਾਨਣ ਵਿਚ ਕਰਮ-ਰੂਪ-ਯੰਤਰ ਦੁਆਰਾ ਸਹਾਇਕ ਹੁੰਦਾ ਹੈ ਅਤੇ ਜੀਵਾਤਮਾਂ ਨੂੰ ਦੰਡ ਦਿੰਦਾ ਹੈ। ਇਸ ਤਰ੍ਹਾਂ ਪ੍ਰਭੂ ਉਸਨੂੰ ਆਪਣੇ ਪਾਪ -ਕਰਮਾਂ ਬਾਰੇ ਚੇਤਾ ਕਰਾਉਂਦਾ ਹੈ।

ਗਿਆਨ-ਮਾਰਗ: ਗਿਆਨ ਮਨ ਦਾ ਸਹਿਕਾਰੀ ਹੈ। ਭਰਮ, ਮੋਹ, ਵਿਵੇਕ, ਸੁਮਤਿ, ਅਗਿਆਨਤਾ, ਭਾਵਨਾ, ਤ੍ਰਿਸ਼ਨਾ ਆਨੰਦ, ਕ੍ਰੋਧ, ਲੋਭ, ਦੰਭ, ਧੀਰਜ ਆਦਿ ਸਭ ਜੀਵ ਦੇ ਗੁਣ ਹਨ, ਇਹ ਸਭ ਹੀ ਗਿਆਨ ਦੇ ਹੀ ਅਵਸਥਾ-ਵਿਸ਼ੇਸ਼ ਹਨ।[138] ਗਿਆਨ ਵੀ ਭਗਤੀ ਦੇ ਦੁਆਰਾ ਮੋਖਸ਼ ਪ੍ਰਦਾਨ ਕਰਦਾ ਹੈ।

ਭਗਤੀ-ਮਾਰਗ: ਆਸਤਿਕ ਹੋਣ ਦੇ ਕਾਰਨ ਰਾਮਾਨੁਜ ਦਾ ਵਿਸ਼ਵਾਸ ਹੈ ਕਿ ਮੋਖਸ਼ ਗਿਆਨ ਅਤੇ ਕਰਮ ਦੁਆਰਾ ਨਹੀਂ; ਸਗੋਂ ਭਗਤੀ ਅਤੇ ਈਸ਼ਵਰ ਦੇ ਪ੍ਰਸਾਦਿ ਦੁਆਰਾ ਹੀ ਸੰਭਵ ਹੈ। ਪਰੰਤੂ ਈਸ਼ਵਰ ਦੀ ਹੋਂਦ ਅਤੇ ਸਤਾ ਸੰਬੰਧੀ ਗਿਆਨ ਤਦੋਂ ਤਕ ਨਹੀਂ ਹੋ ਸਕਦਾ ਜਦੋਂ ਤਕ ਮਨੁੱਖ ਦੇ ਦੁਸ਼ਟ ਕਰਮਾਂ ਦਾ ਵਿਨਾਸ਼ ਨਹੀਂ ਹੁੰਦਾ। ਨਿਸ਼ਕਾਮ ਭਾਵ

ਨਾਲ ਕੀਤਾ ਹੋਇਆ ਕਰਮ ਹੀ ਪਿਛਲੇ ਸੰਚਿਤ ਕਰਮਾਂ ਨੂੰ ਦੂਰ ਕਰਨ ਵਿਚ ਸਹਾਇਕ ਹੋ ਸਕਦਾ ਹੈ। ਜੇਕਰ ਈਸ਼ਵਰ ਦੇ ਪ੍ਰਤੀ ਅਰਪਣ ਦੇ ਭਾਵ ਨਾਲ ਕਰਮ ਕਰੀਏ ਤਾਂ ਇਹ ਸਾਨੂੰ ਮੋਖਸ਼ ਦੇ ਮਾਰਗ ਵਲ ਚਲਣ ਵਿਚ ਸਹਾਇਕ ਸਿੱਧ ਹੋਣਗੇ। ਇਸ ਤਰ੍ਹਾਂ ਕਰਨ ਨਾਲ ਮਨੁੱਖ ਸਤਿ ਗਿਆਨ ਪ੍ਰਾਪਤ ਕਰਦਾ ਅਤੇ ਪ੍ਰਭੂ ਦੀ ਕਿਰਪਾ ਦਾ ਪਾਤਰ ਬਣਦਾ ਹੈ। ਇਸ ਤਰ੍ਹਾਂ ਰਾਮਾਨੁਜ ਅਨੁਸਾਰ ਤਿੰਨੇ ਕਰਮ, ਗਿਆਨ ਅਤੇ ਭਗਤੀ ਦਾ ਆਪਣਾ ਆਪਣਾ ਮਹੱਤਵ ਹੈ ਅਤੇ ਤਿੰਨਾਂ ਦਾ ਸੁਮੇਲ ਹੀ ਮੋਖਸ਼ ਦਾ ਸਾਧਨ ਹੈ।

ਰਾਮਾਨੁਜ ਦੇ ਦਰਸ਼ਨ ਵਿਚ ਭਗਤੀ ਮਨੁੱਖ ਦੇ ਈਸ਼ਵਰ ਦੇ ਸੰਪੂਰਨ ਗਿਆਨ ਤਕ ਨਿਰੂਪ ਵਿਚ ਅਤੇ ਇਕਾਗਰ ਸਮਾਧੀ ਪੂਰਵਕ ਪਹੁੰਚਣ ਦਾ ਨਾਮ ਹੈ। ਉਨ੍ਹਾਂ ਭਗਤੀ ਦੀ ਪੂਰਣ ਸਾਧਨਾ-ਯੁਕਤ ਤਿਆਰੀ ਤੇ ਜ਼ੋਰ ਦਿੱਤਾ। ਜਿਸ ਵਿਚ (1) ਵਿਵੇਕ (2) ਅਭਿਆਸ, (3) ਕ੍ਰਿਆ (4) ਕਲਿਆਣ (5) ਆਸ਼ਾ ਸੰਬੰਧੀ ਵਿਵੇਚਨ- ਵਿਚਾਰ ਵੀ ਆਉਂਦਾ ਹੈ।

ਰਾਮਾਨੁਜ ਮਤ ਵਿਚ ਪ੍ਰਾਪਤੀ ਦਾ ਵਿਸ਼ੇਸ਼ ਮਹੱਤਵ ਹੈ। ਇਹ ਮੋਖਸ਼ ਪ੍ਰਾਪਤੀ ਦਾ ਸਭ ਤੋਂ ਉਪਯੁਕਤ ਸਾਧਨ ਹੈ। ਇਹ ਮਾਰਗ ਸਭ ਲਈ ਖੁਲ੍ਹਾ ਹੈ। ਰਾਮਾਨੁਜ ਭਾਸ਼ਯ ਵਿਚ ਪ੍ਰਾਪਤੀ ਦੇ ਛੇ ਤੱਤ ਵਰਣਨ ਕੀਤੇ ਗਏ ਹਨ। ਜੋ ਇਸ ਪ੍ਰਕਾਰ ਹਨ:

1. ਪ੍ਰਭੂ ਨੂੰ ਭਾਉਣ ਵਾਲੇ ਗੁਣਾਂ ਦਾ ਧਾਰਨੀ ਹੋਣਾ
2. ਐਸੇ ਆਚਰਨ ਦਾ ਤਿਆਗ ਕਰਨ ਜੋ ਈਸ਼ਵਰ ਨੂੰ ਸਵੀਕਾਰ ਨਹੀਂ।
3. ਇਸ ਤਰ੍ਹਾਂ ਦਾ ਦ੍ਰਿੜ ਵਿਸ਼ਵਾਸ ਰਖਣਾ ਕਿ ਪਰਮਾਤਮਾ ਸਾਧਕ ਦੀ ਰਖਿਆ ਕਰੇਗਾ।
4. ਪ੍ਰਭੂ ਕੋਲ ਰਖਿਆ ਲਈ ਅਵੇਦਨ ਕਰਨਾ।
5. ਆਪਣੀ ਤੁੱਛਤਾ ਦਾ ਅਨੁਭਵ ਕਰਨਾ ਅਤੇ ਨਿਰਮਾਣ ਰਹਿਣਾ।
6. ਨਿਤਾਂਤ ਸਮਰਪਣ - ਪ੍ਰਭੂ ਦੇ ਚਰਨਾਂ ਵਿਚ ਆਪਾ ਵਾਰਨਾ। ਪ੍ਰੇਮ ਦੇ ਸਮਰਪਣ ਲਈ ਕੋਈ ਧਰਮ-ਸ਼ਾਸਤਰ ਦੇ ਵਿਧਾਨ ਦੀ ਵੀ ਜ਼ਰੂਰਤ ਨਹੀਂ, ਕਿਸੇ ਪ੍ਰੋਹਤ ਦੀ ਲੋੜ ਨਹੀਂ। ਇਸ ਤਰ੍ਹਾਂ ਰਾਮਾਨੁਜ ਨੇ ਸਮਤਾ ਦਾ ਪ੍ਰਚਾਰ ਕੀਤਾ।[139]

ਡਾ: ਰਾਧਾ ਕ੍ਰਿਸ਼ਨਨ ਦੇ ਅਨੁਸਾਰ ਰਾਮਾਨੁਜ ਦੇ ਭਗਤੀ ਮਾਰਗ ਵਿਚ ਚਾਰ - ਗਤੀਆਂ ਹਨ।

1. ਆਤਮਾ ਦੀ ਇੱਛਾ -ਜਦੋਂ ਉਹ ਈਸ਼ਵਰ ਵਲ ਝੁਕਦੀ ਹੈ ਤਾਂ ਮਨੋਭਾਵ ਪ੍ਰਭੂ ਨੂੰ ਪੁਕਾਰਦੇ ਹਨ।
2. ਅਤ੍ਰਿਪਤ ਪ੍ਰੇਮ ਦਾ ਦੁਖ ਮਹਿਸੂਸ ਕਰਨਾ
3. ਪ੍ਰਭੂ- ਪ੍ਰੇਮ ਤੋਂ ਪ੍ਰਾਪਤ ਖੁਸ਼ੀ ਦਾ ਅਭਿਨੈ ਕਰਨਾ
4. ਦੈਵੀ ਪ੍ਰੇਮ ਦਾ ਨਿਤਯ ਸੁੱਖ ।[140]

ਰਾਮਾਨੁਜ ਦੀ ਨਵਧਾ ਭਗਤੀ:

ਰਾਮਾਨੁਜ ਮਤ ਵਿਚ ਨੌਂ ਪ੍ਰਕਾਰ ਦੀ ਭਗਤੀ ਦਾ ਵਿਸ਼ੇਸ਼ ਮਹੱਤਵ ਹੈ:

1. ਯਾਚਨਾ - ਮੰਦਰਾਂ ਦਾ ਨਿਰਮਾਣ
2. ਸ਼੍ਰਵਣ - ਭਗਤੀ ਦੇ ਪ੍ਰਭੂ ਸੰਬੰਧੀ ਵਿਚਾਰ ਸੁਣਨਾ
3. ਕੀਰਤਨ- ਪ੍ਰਭੂ ਦੇ ਗੁਣਾਂ ਗਾਉਣਾ, ਉਚਾਰਨਾ
4. ਅਰਚਨਾ - ਪੂਜਾ ਸਮੱਗਰੀ ਨਾਲ ਪ੍ਰਭੂ ਦੀ ਉਪਾਸਨਾ ਕਰਨੀ ।
5. ਮਹਿਮਾ - ਪ੍ਰਭੂ ਦੀ ਉਸਤਤ ਕਰਨੀ
6. ਵਦਨ - ਪ੍ਰਭੂ ਸੰਬੰਧੀ ਵਚਨ ਵਿਲਾਸ ਕਰਨਾ
7. ਬੰਦਨਾ - ਪ੍ਰਭੂ ਨੂੰ ਡੰਡਾਉਤ ਕਰਨੀ
8. ਸਿਮਰਨ- ਪ੍ਰਭੂ ਦਾ ਨਾਮ ਜਪਣਾ
9. ਧਿਆਨ - ਇਕਾਗਰਤਾ ਨਾਲ ਭਗਤੀ ਕਰਨਾ ।

ਰਾਮਾਨੁਜ ਦੀ ਸ੍ਰੀ ਸੰਪ੍ਰਦਾਇ ਨੇ ਭਗਤੀ-ਅੰਦੋਲਨ ਵਿਚ ਵਿਸ਼ੇਸ਼ ਯੋਗਦਾਨ ਪਾਇਆ ਕਿਉਂਕਿ ਰਾਮਾਨੁਜ ਪਰੰਪਰਾ ਦੇ ਸ਼ਿਸ਼ ਸੁਆਮੀ ਰਾਮਾਨੰਦ ਨੇ ਹੀ ਉਤਰੀ ਭਾਰਤ ਵਿਚ ਭਗਤੀ ਨੂੰ ਜਨਤਕ-ਲਹਿਰ ਬਣਾਇਆ। ਰਾਮਾਨੁਜ ਨੇ ਸ਼ੰਕਰ ਦਾ ਅਦਵੈਤ ਮਤ ਵਿਚ ਸੁਧਾਰ ਕਰਕੇ ਵਿਸ਼ਿਸ਼ਟਦਵੈਤਵਾਦ ਦਾ ਇਕ ਸੁਧਰਿਆ ਹੋਇਆ ਰੂਪ ਪੇਸ਼ ਕੀਤਾ ਜਿਸਦਾ ਪਰਵਰਤੀ ਆਚਾਰੀਆਂ ਨੇ ਕਾਫ਼ੀ ਹੱਦ ਤਕ ਅਨੁਕਰਨ ਕੀਤਾ।

ਦ੍ਵੈਤ -ਦਰਸ਼ਨ ਅਨੁਸਾਰ ਭਗਤੀ:-

ਦਵੈਤ- ਦਰਸ਼ਨ ਦੇ ਸਿਰਤਾਜ ਮਾਧਵ ਦਾ ਜਨਮ 1199 ਈਂ: ਨੂੰ ਕੰਨੜ ਪ੍ਰਦੇਸ਼ ਵਿਚ ਹੋਇਆ। ਉਨ੍ਹਾਂ ਨੇ ਕਈ ਸਾਲ ਪ੍ਰਾਰਥਨਾ ਉਪਾਸਨਾ, ਸਮਾਧੀ ਅਤੇ ਸ਼ਾਸਤਰਾਰਥ ਵਿਚ ਬਤੀਤ ਕੀਤੇ। ਉਨ੍ਹਾਂ ਨੇ ਆਪਣੇ ਗੁਰੂ ਅਚਯੁਤਪ੍ਰੇਖ ਦੇ ਨਾਲ, ਜੋ ਸ਼ੰਕਰ ਮਤ ਦੇ ਅਨੁਯਾਈ ਸਨ, ਵਾਦ-ਵਿਵਾਦ ਕਰਕੇ ਆਪਣੇ ਦਵੈਤਪਰਕ ਦਰਸ਼ਨ ਦਾ

ਵਿਕਾਸ ਕੀਤਾ।[141] ਉਨ੍ਹਾਂ ਨੇ ਇਸ ਮੱਤ ਦਾ ਸਥਾਪਨਾ ਕਰਨ ਲਈ ਰਾਮਾਨੁਜਾਚਾਰਯ ਦੇ ਵਿਸ਼ਿਸ਼ਟ -ਅਦਵੈਤ ਦਾ ਖੰਡਨ ਕੀਤਾ ਅਤੇ ਸ੍ਰੀ ਮਦ ਭਾਗਵਦ ਪਾਂਚਰਾਤਰ ਸੰਹਿਤਾਵਾਂ ਨੂੰ ਆਧਾਰ ਬਣਾਇਆ।

ਪਰਮਾਤਮਾ: ਇਸ ਮਤ ਅਨੁਸਾਰ ਪਰਮਾਤਮਾਂ ਅਨੰਤ ਗੁਣਾਂ ਨਾਲ ਪੂਰਣ ਹੈ ਲਛਮੀ ਆਦਿ ਦੀ ਤੁਲਨਾ ਤੇ ਪਰਮਾਤਮਾ ਦਾ ਗਿਆਨ ਅਨੰਤ-ਗੁਣ ਵਧੇਰੇ ਹੈ। ਸ੍ਰਿਸ਼ਟੀ ਸਥਿਤੀ, ਸੰਘਾਰ, ਨਿਯਮ, ਅਗਿਆਨ, ਬੋਧ, ਬੰਧ ਅਤੇ ਮੋਖਸ਼ ਆਦਿ ਕਾਰਜ ਪਰਮਾਤਮਾ ਨਿਰੰਤਰ ਕਰਦਾ ਰਹਿੰਦਾ ਹੈ। ਇਸ ਲਈ ਉਹ ਸਰਵੱਗ ਹੈ। ਪ੍ਰਕ੍ਰਿਤੀ ਆਦਿ ਜੜ੍ਹ ਪਦਾਰਥ, ਬ੍ਰਹਮਾ ਆਦਿ ਜੀਵ ਅਤੇ ਮਹਾਂ ਲਛਮੀ ਆਦਿ ਸਭ ਤੋਂ ਅਤਿਅੰਤ ਭਿੰਨ ਹੈ। ਪਰਮਾਤਮਾਂ ਦਾ ਸਰੀਰ ਵੀ ਹੈ ਕਿਉਂਕਿ ਇਸ ਤੋਂ ਬਿਨਾਂ ਉਹ ਸ੍ਰਿਸ਼ਟੀ ਆਦਿ ਨਹੀਂ ਕਰ ਸਕਦਾ। ਇਹ ਸਰੀਰ ਨਿਤਯ, ਗਿਆਨਾਤਮਕ ਆਨੰਦਾਤਮਕ ਅਤੇ ਅਪ੍ਰਾਕ੍ਰਿਤਕ ਹੈ। ਪ੍ਰਭੂ ਦੇ ਬਰਾਬਰ ਜਾਂ ਇਸ ਤੋਂ ਪਰ੍ਹੇ ਕੋਈ ਨਹੀਂ। ਈਸ਼ਵਰ ਚੇਤੰਨ ਰੂਪ ਹੈ। ਉਹ ਸਵਤੰਤਰ ਹੈ ਜਿਥੇ ਜੀਵ ਅਤੇ ਜਗਤ ਉਸਦੇ ਹੁਕਮ ਵਿਚ ਚਲਣ ਕਾਰਣ ਪਰਤੰਤਰ ਹਨ। ਦ੍ਵੈਤਵਾਦੀ ਨਿਰਗੁਣ ਬ੍ਰਹਮ ਨੂੰ ਮਿਥਿਆ ਮੰਨਦੇ ਹਨ ਅਤੇ ਸਗੁਣ ਬ੍ਰਹਮ ਵਿਚ ਵਿਸ਼ਵਾਸ ਰਖਦੇ ਹਨ। ਉਨ੍ਹਾਂ ਅਨੁਸਾਰ ਪਰਮਾਤਮਾ ਸਾਖਿਆਤ ਵਿਸ਼ਨੂ ਹੈ।

ਕਰਮ -ਮਾਰਗ: ਇਸ ਮਤ ਅਨੁਸਾਰ ਈਸ਼ਵਰ ਜੀਵਾਤਮਾਵਾਂ ਦੇ ਕਰਮਾਂ ਦਾ ਵਿਚਾਰ ਕਰਦਾ ਹੈ। ਕਿਸੇ ਨੂੰ ਦੰਡ ਦਿੰਦਾ ਹੈ ਅਤੇ ਕਿਸੇ ਨੂੰ ਮੁਕਤ ਕਰਦਾ ਹੈ। ਆਤਮਾ ਜਦ ਤਕ ਆਪਣੇ ਕੀਤੇ ਕਰਮਾਂ ਦਾ ਫਲ ਭੋਗ ਨਹੀਂ ਲੈਂਦੀ ਤਦੋਂ ਤਕ ਭਿੰਨ ਭਿੰਨ ਜਨਮਾਂ ਵਿਚ ਆਪਣੇ ਰੂਪ ਬਦਲ ਕੇ ਭ੍ਰਮਣ ਕਰਦੀ ਰਹਿੰਦੀ ਹੈ। ਮਾਧਵ ਮਤ ਵਿਚ ਕਰਮਾਂ ਦੇ ਤਿੰਨ ਭੇਦਾਂ ਦਾ ਵਰਣਨ ਹੈ:

(1) ਵਿਹਿਤ ਕਰਮ:- ਵਿਧੀ ਪੂਰਵਕ ਕੀਤੀਆਂ ਗਈਆਂ ਯੱਗ ਆਦਿ ਕ੍ਰਿਆਵਾਂ ਵਿਹਿਤ ਕਰਮ ਹਨ।

(2) ਨਿਸ਼ੇਧ ਕਰਮ:- ਮਨ, ਵਾਣੀ ਅਤੇ ਸਰੀਰ ਨਾਲ ਆਪਣੇ ਤੋਂ ਵਡਿਆਂ ਪ੍ਰਤੀ ਅਪਰਾਧ ਕਰਨਾ ਨਿਸ਼ਿਧ ਕਰਮ ਹੈ। ਇਸ ਤੋਂ ਇਲਾਵਾ ਜਿਨ੍ਹਾਂ ਕਰਮਾਂ ਦਾ ਵੇਦਾਂ ਅਤੇ ਸ਼ਾਸਤਰਾਂ ਵਿਚ ਨਿਸ਼ੇਧ ਹੈ, ਉਹ ਵੀ ਨਿਸ਼ਿੱਧ ਕਰਮ ਹਨ।

(3) ਉਦਾਸੀਨ ਕਰਮ:- ਵਿਧੀ ਅਤੇ ਨਿਸ਼ੇਧ ਤੋਂ ਭਿੰਨ ਕਰਮ ਉਦਾਸੀਨ ਕਰਮ ਕਹਿਲਾਉਂਦੇ ਹਨ।[142]

ਗਿਆਨ -ਮਾਰਗ ਗਿਆਨ ਪੂਰਵਕ ਕੀਤੇ ਕੰਮ ਸਾਨੂੰ ਭਗਤੀ ਦੇ ਪੈਂਡੇ ਤਹਿ ਕਰਨ ਵਿਚ ਸਹਾਇਕ ਹੁੰਦੇ ਹਨ। ਮਧਵ ਗਿਆਨ ਦੇ ਤਿੰਨ ਸਾਧਨਾਂ ਨੂੰ ਸਵੀਕਾਰ ਕਰਦੇ ਹਨ।

(1) ਪ੍ਰਤੱਖ

(2) ਅਨੁਮਾਨ

(3) ਸ਼ਬਦ ਪ੍ਰਮਾਣ

ਪ੍ਰਤੱਖ , ਅਨੁਮਾਨ ਅਤੇ ਵੈਦਿਕ ਪ੍ਰਮਾਣ ਇਸ ਲਈ ਪ੍ਰਮਾਣ ਹਨ ਕਿਉਂਕਿ ਇਹ ਗਿਆਨ ਦੀ ਉਤਪਤੀ ਵਿਚ ਸਾਧਨ ਰੂਪ ਬਣਦੇ ਹਨ। ਗਿਆਨ ਵਿਚ ਭਰਮ ਦਾ ਕੋਈ ਸਥਾਨ ਨਹੀਂ ਕਿਉਂਕਿ ਇਹ ਸਤਿ ਅਤੇ ਮਿਥਿਆ ਦੇਭੇਦ ਨਹੀਂ ਕਰਾਉਂਦਾ ਹੈ। ਇਸ ਲਈ ਸਤਿ-ਗਿਆਨ ਦੀ ਪ੍ਰਾਪਤੀ ਲਈ ਭ੍ਰਾਂਤੀਮੂਲਕ ਵਿਚਾਰਾਂ ਦਾ ਵਿਸ਼ਲੇਸ਼ਣ ਜ਼ਰੂਰੀ ਹੈ।

ਭਗਤੀ:- ਇਸ ਮੱਤ ਅਨੁਸਾਰ ਭਗਤੀ ਦੋ ਤਰ੍ਹਾਂ ਹੋ ਸਕਦੀ ਹੈ। ਪਹਿਲੀ ਸ਼ਾਸਤਰਾਂ ਦੇ ਅਭਿਆਸ ਨਾਲ ਅਤੇ ਦੂਜੀ ਧਿਆਨ ਕਰਨ ਨਾਲ। ਕਿਸੇ ਨੂੰ ਅਭਿਆਸ ਅਤੇ ਕਿਸੇ ਨੂੰ ਧਿਆਨ ਨਾਲ ਅਪਰੋਖ-ਗਿਆਨ ਪ੍ਰਾਪਤ ਹੁੰਦਾ ਹੈ। ਪਰਮ ਭਗਤੀ ਪ੍ਰਭੂ ਦੀ ਕਿਰਪਾ ਨਾਲ ਹੀ ਪ੍ਰਾਪਤ ਹੁੰਦੀ ਹੈ। ਇਸ ਮਤ ਅਨੁਸਾਰ ਭਗਤੀ ਦੇ ਸਾਧਨਾਂ ਵਿਚੋਂ ਭਗਤੀ ਮਾਰਗ ਹੀ ਸ੍ਰੇਸ਼ਠ ਹੈ।

ਧਿਆਨ:- ਸੰਸਾਰਿਕ ਵਿਸ਼ਿਆਂ ਵਲ ਦ੍ਰਿਸ਼ਟੀ ਨਾ ਦੇ ਕੇ ਈਸ਼ਵਰ ਦੇ ਵਿਸ਼ੇ ਵਿਚ ਅਖੰਡ ਸਮ੍ਰਿਤੀ ਨੂੰ ਧਿਆਨ ਕਹਿੰਦੇ ਹਨ। ਇਸ ਨੂੰ ਨਿਧੀ-ਆਸਨ ਅਤੇ ਸਮਾਧੀ ਵੀ ਕਿਹਾ ਜਾਂਦਾ ਹੈ। ਇਸ ਦੀ ਪ੍ਰਾਪਤੀ ਸ਼੍ਰਵਣ ਅਤੇ ਮਨਨ ਦੇ ਦੁਆਰਾ ਅਗਿਆਨ, ਸੰਸੇ ਅਤੇ ਮਿਥਿਆ ਗਿਆਨ ਦਾ ਨਾਸ਼ ਹੋਣ ਤੇ ਹੁੰਦੀ ਹੈ।

ਗੁਣੋਪਾਸਨਾ :- ਪ੍ਰਭੂ ਦੀ ਮਹਿਮਾ ਦਾ ਇਸ ਮਤ ਵਿਚ ਵਿਸ਼ੇਸ਼ ਮਹੱਤਵ ਹੈ। ਉਤਮ ਸ੍ਰੇਣੀ ਦੇ ਲੋਕ ਸੱਤ, ਚਿੱਤ ਆਨੰਦ ਅਤੇ ਆਤਮ ਸਰੂਪ ਗੁਣਾਂ ਨਾਲ ਸੰਪੰਨ ਭਗਵਾਨ ਦੀ ਉਪਾਸਨਾ ਕਰਦੇ ਹਨ।[143]

ਇਨ੍ਹਾਂ ਸਾਧਨਾਵਾਂ ਦੇ ਦੁਆਰਾ ਮੋਖਸ਼ ਪ੍ਰਾਪਤ ਹੁੰਦਾ ਹੈ। ਇਸ ਤੋਂ ਇਲਾਵਾ ਈਸ਼ਵਰ ਦੀ ਸਿਮਰਨ, ਕੀਰਤਨ, ਜਪ, ਅਰਚਨ ਆਦਿ ਅਨੇਕ ਭਗਤੀ ਦੇ ਸਾਧਨ ਹਨ

ਜਿਨ੍ਹਾਂ ਦੁਆਰਾ ਮੁਕਤੀ ਪ੍ਰਾਪਤ ਹੁੰਦੀ ਹੈ।

ਮੱਧਵਾਚਾਰਯ ਨੇ ਭਗਤੀ ਦੇ ਪ੍ਰਚਾਰ ਲਈ ਮੱਠਾਂ ਦੀ ਸਥਾਪਨਾ ਕੀਤੀ ਅਤੇ ਸੰਨਿਆਸੀਆਂ ਦਾ ਸੰਗਠਨ ਕੀਤਾ। ਇਨ੍ਹਾਂ ਰਾਹੀਂ ਇਸ ਮਤ ਦਾ ਪ੍ਰਚਾਰ ਦੇਸ਼ ਦੇ ਵੱਖ ਵੱਖ ਭਾਗਾਂ ਵਿਚ ਕੀਤਾ ਗਿਆ। ਇਸ ਤਰ੍ਹਾਂ ਮਧਵ ਮਤ ਨੇ ਭਗਤੀ ਦੇ ਵਿਕਾਸ ਵਿਚ ਉਚਿਤ ਯੋਗਦਾਨ ਪਾਇਆ।

<u>ਦਵੈਤ -ਅਦਵੈਤ ਜਾਂ ਭੇਦ-ਅਭੇਦ ਦਰਸ਼ਨ ਅਨੁਸਾਰ ਭਗਤੀ:-</u>

ਦਵੈਤਾਦਵੈਤਵਾਦ ਦੇ ਪ੍ਰਵਰਤਕ ਨਿੰਬਾਰਕਾਚਾਰਯ ਹਨ। ਇਸ ਮਤ ਅਨੁਸਾਰ ਤਿੰਨ ਤੱਤ ਹੁੰਦੇ ਹਨ - ਚਿਤ, ਅਚਿਤ ਅਤੇ ਈਸ਼ਵਰ। ਜੀਵ ਅਤੇ ਜਗਤ ਹਮੇਸ਼ਾਂ ਈਸ਼ਵਰ ਤੇ ਆਧਾਰਿਤ ਹੁੰਦੇ ਹਨ, ਕਿਉਂਕਿ ਜੀਵ ਜਗਤ ਦੇ ਸਰਵ-ਕਾਜ ਈਸ਼ਵਰ ਦੀ ਇੱਛਾ ਤੇ ਨਿਰਭਰ ਕਰਦੇ ਹਨ। ਇਸ ਦ੍ਰਿਸ਼ਟੀ ਤੋਂ ਜੀਵ-ਜਗਤ ਅਤੇ ਈਸ਼ਵਰ ਵਿਚ ਅਭਿੰਨਤ ਹੈ ਜਾਂ ਅਦਵੈਤ ਹੈ। ਪਰੰਤੂ ਸਰੂਪ ਦੀ ਦ੍ਰਿਸ਼ਟੀ ਤੋਂ ਜੀਵ ਅਤੇ ਜਗਤ ਈਸ਼ਵਰ ਤੋਂ ਇਕ ਦਮ ਭਿੰਨ ਹਨ। ਇਸ ਤਰ੍ਹਾਂ ਦੋਵਾਂ ਵਿਚ ਦਵੈਤ ਹੈ। ਇਨ੍ਹਾਂ ਦੋਵਾਂ ਮਤਾਂ ਵਿਚ ਸਮਨਵਯ ਕਰਨ ਦੇ ਕਾਰਣ ਹੀ ਨਿੰਬਾਰਕ ਦਵੈਤ-ਅਦਵੈਤ ਦੇ ਅਨੁਯਾਈ ਹਨ।

<u>ਈਸ਼ਵਰ</u>:- ਇਸ ਮੱਤ ਅਨੁਸਾਰ ਬ੍ਰਹਮ ਪਰਮ ਤੱਤ ਹੈ ਇਸ ਦੀ ਹੋਂਦ ਸਦੀਵੀ ਹੈ। ਬ੍ਰਹਮ ਸ੍ਰਿਸ਼ਟੀ ਦਾ ਕਰਤਾ ਅਤੇ ਪਾਲਕ ਹੈ। ਉਹ ਸਤ ਚਿਤ ਅਤੇ ਆਨੰਦ ਸਰੂਪ ਹੈ। ਉਹ ਨਿਰਗੁਣ ਵੀ ਹੈ ਅਤੇ ਸਗੁਣ ਵੀ। ਸਗੁਣ ਬ੍ਰਹਮ ਨੂੰ ਹੀ ਈਸ਼ਵਰ ਕਿਹਾ ਜਾਂਦਾ ਹੈ। ਇਹ ਸਮਸਤ ਦੋਸ਼ਾਂ ਤੋਂ ਰਹਿਤ ਹੁੰਦਾ ਹੈ ਅਤੇ ਗਿਆਨ ਬਲ ਆਦਿ ਕਲਿਆਣਕਾਰੀ ਗੁਣਾਂ ਦੀ ਨਿਧੀ ਹੈ। ਈਸ਼ਵਰ ਪ੍ਰਿਥੀ ਦੇ ਕਣ ਕਣ ਵਿਚ ਰਮਿਆ ਹੋਇਆ ਹੈ। ਈਸ਼ਵਰ ਚਿਤ ਅਤੇ ਅਚਿਤ ਦਾ ਨਿਯਾਮਕ ਤੱਤ ਹੈ ਉਹ ਆਪ ਸਵਤੰਤਰ ਹੈ ਅਤੇ ਜੀਵ ਜਗਤ ਪਰਤੰਤਰ ਹੈ। ਪਰੰਤੂ ਇਨ੍ਹਾਂ ਵਿਚ ਬ੍ਰਿਛ ਅਤੇ ਪੱਤੇ ਵਾਲਾ, ਪ੍ਰਾਣ ਤੇ ਇੰਦਰੀਆਂ ਵਾਲਾ ਸੰਬੰਧ ਹੈ। ਇਸ ਤਰ੍ਹਾਂ ਜੀਵ ਅਤੇ ਬ੍ਰਹਮ ਦਾ ਸੰਬੰਧ ਅੰਸ਼ ਤੇ ਅੰਸ਼ੀ ਵਾਲਾ ਹੈ।

ਨਿੰਬਾਰਕ ਈਸ਼ਵਰ ਨੂੰ ਸ੍ਰੀ ਕ੍ਰਿਸ਼ਨ ਦਾ ਰੂਪ ਮੰਨਦੇ ਹਨ। ਇਨ੍ਹਾਂ ਨੇ ਰਾਧਾ ਦਾ ਸਰੂਪ ਵੀ ਕ੍ਰਿਸ਼ਨ ਜੀ ਦੇ ਅਨੁਕੂਲ ਮੰਨਿਆ ਹੈ। ਇਨ੍ਹਾਂ ਅਨੁਸਾਰ ਬ੍ਰਹਮ ਦੇ ਚਾਰ ਰੂਪ ਹਨ:-

(1) <u>ਪਰ ਅਮੂਰਤ</u>:- ਉਹ ਪਰਮ ਤੱਤ ਸਦੀਵੀ ਹੈ ।

ਅਪਰ ਮੂਰਤ:- ਉਹ ਸਰਬ ਸ੍ਰਿਸ਼ਟੀ ਦਾ ਮਾਲਕ ਹੈ। ਉਸ ਤੋਂ ਸਰਬ ਸ਼ਕਤੀਆਂ ਦਾ ਨਿਕਾਸ ਹੁੰਦਾ ਹੈ।

ਪਰ ਮੂਰਤ:- ਉਹ ਦੁਨੀਆਂ ਦੇ ਸਭ ਪ੍ਰਗਟ ਰੂਪਾਂ ਮੂਲ ਸ੍ਰੋਤ ਹੈ।

ਅਪਰ ਮੂਰਤ:- ਉਹ ਜੀਵ ਰੂਪ ਹੈ ਜਿਸ ਨਾਲ ਜਗਤ ਦਾ ਬੋਧ ਹੁੰਦਾ ਹੈ।

ਭਗਤੀ:- ਨਿੰਬਾਰਕ ਈਸ਼ਵਰ ਨੂੰ ਕ੍ਰਿਸ਼ਨ ਦੇ ਰੂਪ ਵਿਚ ਮੰਨਦੇ ਹਨ ਸ੍ਰੀ ਕ੍ਰਿਸ਼ਨ ਦੇ ਚਰਣਾਰ ਵਿੰਦ ਦਾ ਆਸਰਾ ਛੱਡ ਕੇ ਮਨੁੱਖ ਦੀ ਗਤੀ ਨਹੀਂ ਹੁੰਦੀ। ਇਸ ਮਤ ਵਿਚ ਰਾਧਾ-ਕ੍ਰਿਸ਼ਨ ਦੀ ਭਗਤੀ ਵੀ ਬਰਾਬਰ ਭਾਵ ਨਾਲ ਕੀਤੀ ਜਾਂਦੀ ਹੈ।

ਇਸ ਮੱਤ ਵਿਚ ਭਗਤੀ ਨੂੰ ਬ੍ਰਹਮ ਪ੍ਰਾਪਤੀ ਦਾ ਸਾਧਨ ਮੰਨਿਆ ਗਿਆ ਹੈ। ਇਹ ਭਗਤੀ ਸ਼ਾਂਤ, ਦਾਸ, ਸੁਖਾ ਅਤੇ ਵਾਤਸਲਯ ਭਾਵ ਨਾਲ ਕੀਤੀ ਜਾਂਦੀ ਹੈ।

ਜੀਵ ਦਾ ਵਿਸ਼ੁਧ ਸਰੂਪ ਆਪਣੇ ਕਰਮਾਂ ਕਾਰਣ ਢਕਿਆ ਜਾਂਦਾ ਹੈ ਇਹ ਅਵਿਦਿਆ ਕਾਰਣ ਹੁੰਦਾ ਹੈ ਪਰੰਤੂ ਈਸ਼ਵਰ ਾ ਦੀ ਕਿਰਪਾ ਨਾਲ ਹੀ ਇਹ ਪਰਦਾ ਉਤਰਦਾ ਹੈ, ਪ੍ਰਾਪਤੀ, ਪ੍ਰਭੂ ਕਿਰਪਾ ਅਤੇ ਈਸ਼ਵਰ ਦੇ ਪ੍ਰਤੀ ਆਤਮ ਸਮਰਪਣ ਕਰਨ ਨਾਲ ਹੀ ਇਕਮਾਤਰ ਮੋਖਸ਼ ਦੀ ਪ੍ਰਾਪਤੀ ਹੁੰਦੀ ਹੈ।

ਇਸ ਮੱਤ ਅਨੁਸਾਰ ਭਗਤੀ ਦੋ ਤਰ੍ਹਾਂ ਦੀ ਹੈ:

1. ਸਾਧਨ-ਰੂਪਾ ਭਗਤੀ:- ਇਸ ਵਿਚ ਵੈਦਿਕ ਅਤੇ ਪੌਰਾਣਿਕ ਭਗਤੀ ਆਉਂਦੀ ਹੈ ਇਹ ਭਗਤੀ ਕ੍ਰਮਵਾਰ ਵੇਦਾਂ ਅਤੇ ਪੌਰਾਣਾਂ ਦੇ ਅਨੁਸਾਰ ਕੀਤੀ ਜਾਂਦੀ ਹੈ। ਇਸ ਦੀ ਪ੍ਰਾਪਤੀ ਅਨੇਕਾਂ ਜਨਮਾਂ ਦੇ ਸ਼ੁਭ ਕਰਮ ਨਾਲ ਹੁੰਦੀ ਹੈ।

2. ਪ੍ਰੇਮ ਲਕਸ਼ਣਾਂ ਭਗਤੀ:- ਪ੍ਰਭੂ ਦੀ ਸ਼ਰਨ ਵਿਚ ਜਾਣ ਨਾਲ ਹੀ ਉਸ ਪ੍ਰਤੀ ਰਾਗਾਤਮਿਕ ਭਗਤੀ ਪੈਦਾ ਹੁੰਦੀ ਹੈ। ਇਹ ਈਸ਼ਵਰ ਦੇ ਰੂਪ ਅਤੇ ਗੁਣਾਂ ਪ੍ਰਤੀ ਸੁਭਾਵਿਕ ਪ੍ਰੇਮ ਪੂਰਣ ਭਗਤੀ ਹੁੰਦੀ ਹੈ। ਇਸ ਨੂੰ ਪਰਾਭਗਤੀ ਵੀ ਕਹਿੰਦੇ ਹਨ।

ਇਸ ਮੱਤ ਅਨੁਸਾਰ ਕਰਮ ਬ੍ਰਹਮ-ਗਿਆਨ ਦੀ ਪ੍ਰਾਪਤੀ ਲਈ ਕੀਤੇ ਜਾਂਦੇ ਹਨ। ਪਰੰਤੂ ਭਗਤੀ ਦੁਆਰਾ ਹੀ ਮੁਕਤੀ ਪ੍ਰਾਪਤ ਹੁੰਦੀ ਹੈ।

ਇਸ ਮੱਤ ਅਨੁਸਾਰ ਮੁਕਤੀ ਪ੍ਰਾਪਤੀ ਨਾਲ ਜੀਵ ਪ੍ਰਭੂ ਨਾਲ ਇਕਮਿਕ ਨਹੀਂ ਹੁੰਦਾ ਸਗੋਂ ਬ੍ਰਹਮ ਰੂਪ ਹੋ ਜਾਂਦਾ ਹੈ ਜਾਂ ਪਰਮ ਰੂਪ ਹੋ ਜਾਂਦਾ ਹੈ। ਇਸ ਮੱਤ ਅਨੁਸਾਰ ਮੁਕਤੀ ਦੋ ਪ੍ਰਕਾਰ ਦੀ ਹੈ।

ਕ੍ਰਮ-ਮੁਕਤੀ:- ਇਹ ਮੁਕਤੀ ਲੜੀਵਾਰ ਕਰਮ ਕਰਦਿਆਂ ਕਰਦਿਆਂ ਕ੍ਰਮ ਅਨੁਸਾਰ ਹੁੰਦੀ ਪਹਿਲਾਂ ਇਸ ਵਿਚ ਨਿਸ਼ਕਾਮ ਕਰਮ ਕਰਦੇ ਸਾਧਕ ਨੂੰ ਸਵਰਗ ਲੋਕ ਦੀ ਪ੍ਰਾਪਤੀ ਹੁੰਦੀ ਹੈ ਉਥੋਂ ਉਸਨੂੰ ਸੱਤ ਲੋਕ ਵਿਚ ਸਥਾਨ ਪ੍ਰਾਪਤ ਹੁੰਦਾ ਹੈ। ਉਸ ਤੋਂ ਬਾਦ ਪ੍ਰਲੈ-ਕਾਲ ਵਿਚ ਉਸਨੂੰ ਸਾਯੁਜਯ ਮੁਕਤੀ ਪ੍ਰਾਪਤ ਹੁੰਦੀ ਹੈ। ਇਸ ਦਾ ਅਧਿਕਾਰ ਕੇਵਲ ਦੇਵ ਲੋਕ ਨੂੰ ਹੀ ਹੈ।

ਨਿਸ਼ਕਾਮ ਕਰਮਾਂ ਰਾਹੀ :- ਸਵਰਗ ਲੋਕ → ਸੱਤ ਲੋਕ → ਦੇਵ ਲੋਕ( ਪਰਲੋਕ )

2. ਸਦਯ ਮੁਕਤੀ:- ਇਸ ਮੁਕਤੀ ਲਈ ਸਾਧਕ ਭਗਤੀ ਦੁਆਰਾ ਭੌਤਿਕ ਬੰਧਨਾ ਤੋਂ ਨਿਵਿਰਤੀ ਪ੍ਰਾਪਤ ਕਰਕੇ ਪ੍ਰਭੂ ਦੀ ਕਿਰਪਾ ਨਾਲ ਕ੍ਰਿਸ਼ਨ ਲੋਕ ਵਿਚ ਜਾਂਦੇ ਹਨ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਨਿੰਬਾਰਕ ਨੇ ਜੀਵ ਅਤੇ ਬ੍ਰਹਮ ਦੇ ਪਰਮਾਰਥਿਕ ਅਤੇ ਵਿਵਹਾਰਿਕ ਸੰਬੰਧ ਅਨੁਸਾਰ ਇਕ ਯਥਾਰਥਕ ਵਾਦ ਪੇਸ਼ ਕੀਤਾ ਹੈ ਅਤੇ ਰਾਧਾ ਕ੍ਰਿਸ਼ਨ ਦੀ ਭਗਤੀ ਦਾ ਸ਼ਾਸਤਰੀ ਢੰਗ ਨਾਲ ਪ੍ਰਚਾਰ ਕਰਕੇ ਭਗਤੀ ਦੇ ਵਿਕਾਸ ਵਿਚ ਉਚਿਤ ਯੋਗਦਾਨ ਪਾਇਆ।

ਵਿਸ਼ਣੂ- ਸੁਆਮੀ:- ਰੁਦ੍ਰ ਸੰਪ੍ਰਦਾਇ ਦੇ ਮੋਢੀ ਵਿਸ਼ਣੂ-ਸੁਆਮੀ ਦਾ ਜਨਮ ਤਾਮਿਲ ਪ੍ਰਦੇਸ਼ ਵਿਚ ਹੋਇਆ। ਇਸ ਮੱਤ ਸੰਬੰਧੀ ਜਾਣਕਾਰੀ ਸਰਵਗ੍ਯ ਸੂਕਤ ਨਾਮੀ ਗ੍ਰੰਥ ਤੋਂ ਪ੍ਰਾਪਤ ਹੁੰਦੀ ਹੈ। ਇਸ ਵਿਚ ਦਾਰਸ਼ਨਿਕ ਸਿਧਾਂਤਾਂ ਦਾ ਵਿਵੇਚਨ ਹੈ।

ਇਸ ਮੱਤ ਅਨੁਸਾਰ ਈਸ਼ਵਰ ਸੱਚਿਦਾ ਨੰਦ - ਸਰੂਪ ਹੈ ਸ਼ੁਧ ਬ੍ਰਹਮ ਹੀ ਸ੍ਰਿਸ਼ਟੀ ਦਾ ਨਿਯੰਤ੍ਰਣ . ਕਰਦਾ ਹੈ। ਵਿਸ਼ਣੂ ਸੁਆਮੀ ਨੇ ਸ਼ੁਧ ਬ੍ਰਹਮ ਨੂੰ ਜਗਤ ਦਾ ਕਾਰਨ ਮੰਨਿਆ ਉਸ ਨੇ ਬ੍ਰਹਮ ਦੇ ਦੋਵਾਂ ਰੂਪਾਂ ਨੂੰ ਸੱਚ ਮੰਨਿਆ ਹੈ ਉਹ ਇਕ ਵੇਲੇ ਨਿਰਗੁਣ ਵੀ ਰਹਿੰਦਾ ਹੈ ਅਤੇ ਸਗੁਣ ਵੀ।

ਮਾਇਆ ਰੂਪੀ ਸ਼ਕਤੀ ਪ੍ਰਭੂ ਦੇ ਅਧੀਨ ਹੈ। ਮਨੁੱਖ ਅਵਿਦਿਆ ਕਾਰਨ ਹੀ ਮੋਹ-ਮਾਇਆ, ਵਿਸ਼ੇ ਵਿਕਾਰਾਂ ਦੇ ਜਾਲ ਵਿਚ ਉਲਝਦਾ ਹੈ। ਵਿਸ਼ਣੂ ਸੁਆਮੀ ਨੇ ਵੀ ਮੱਧਵ ਦੀ ਤਰ੍ਹਾਂ ਈਸ਼ਵਰ ਅਤੇ ਜੀਵ ਵਿਚਾਲੇ ਅੰਤਰ ਮੰਨਿਆ ਹੈ ਕਿਉਂਕਿ ਈਸ਼ਵਰ ਸ਼ਕਤੀ ਰੂਪ ਹੈ ਅਤੇ ਜੀਵ ਤੁੱਛ ਸ਼ਕਤੀ ਵਾਲਾ ਹੈ।

ਸ੍ਰਿਸ਼ਟੀ ਦੀ ਉਤਪੱਤੀ ਤੋਂ ਪਹਿਲਾਂ ਕੇਵਲ ਬ੍ਰਹਮ ਹੀ ਸੀ। ਉਸ ਤੋਂ ਹੀ ਸ੍ਰਿਸ਼ਟੀ

ਦਾ ਪਸਾਰਾ ਹੋਇਆ। ਇਸ ਤਰ੍ਹਾਂ ਪ੍ਰਭੂ ਦੇ ਹੁਕਮ ਨਾਲ ਸ੍ਰਿਸ਼ਟੀ ਹੋਂਦ ਵਿਚ ਆਈ। ਪ੍ਰਭੂ ਹੀ ਜੀਵਾਂ ਦਾ ਮੂਲ ਸ੍ਰੋਤ ਹੈ। ਉਸ ਤੋਂ ਹੀ ਸਭ ਜੀਵਾਂ ਦੀ ਉਤਪੱਤੀ ਹੋਈ।

## ਰਾਮਾਨੰਦ ਸੰਪ੍ਰਦਾਇ ਅਤੇ ਭਗਤੀ ਦਾ ਵਿਕਾਸ:

ਸਵਾਮੀ ਰਾਮਾਨੰਦ ਦਾ ਰਾਮਾਨੁਜ ਸੰਪ੍ਰਦਾਇ ਨਾਲ ਵਿਸ਼ੇਸ਼ ਸੰਬੰਧ ਹੈ। ਗੁਰੂ ਰਾਮਾਨੰਦ ਦਾ ਭਗਤਮਾਲ ਅਨੁਸਾਰ ਰਾਮਾਨੁਜ ਦੀ ਸ਼ਿਸ਼ ਪਰੰਪਰਾ ਵਿਚ ਪੰਜਵਾਂ ਸਥਾਨ ਹੈ। ਪਰੰਤੂ ਰਾਮਾਨੰਦ ਦੀ ਰਚਨਾ ਰਾਮਾਰਚਨ ਪੱਧਤੀ ਅਨੁਸਾਰ ਉਹ 14ਵੀਂ ਪੀੜ੍ਹੀ ਵਿਚ ਹਨ। ਇਸ ਤਰ੍ਹਾਂ ਰਾਮਾਨੁਜ ਸੰਪ੍ਰਦਾ ਅਤੇ ਇਸਦੇ ਦਾਰਸ਼ਨਿਕ ਸਿਧਾਂਤ ਨੂੰ ਵਿਸ਼ਿਸ਼ਟਾਦਵੈਤ ਕਿਹਾ ਜਾਂਦਾ ਹੈ। ਦੋਵਾਂ ਵਿਚ ਅੰਤਰ ਕੇਵਲ ਇਹ ਹੈ ਕਿ ਪਹਿਲੇ ਵਿਚ ਲਕਸ਼ਮੀ-ਨਾਰਾਇਣ ਦੀ ਭਗਤੀ ਕੀਤੀ ਜਾਂਦੀ ਹੈ ਅਤੇ ਦੂਜੇ ਵਿਚ ਸੀਤਾ-ਰਾਮ ਦੀ ਅਰਾਧਨਾ ਕੀਤੀ ਜਾਂਦੀ ਹੈ।

ਰਾਮਾਨੰਦ ਨੇ ਰਾਮਾਨੁਜ ਦੇ ਵਿਸ਼ਿਸ਼ਟਾਦਵੈਤ ਨੂੰ ਜਿਉਂ ਦਾ ਤਿਉਂ ਸਵੀਕਾਰ ਹੈ। ਇਨ੍ਹਾਂ ਨੇ ਇਸ ਦੇ ਆਧਾਰ ਤੇ " ਰਾਮਾਵਤ ਸੰਪ੍ਰਦਾਇ" ਦੀ ਸਥਾਪਨਾ ਕੀਤੀ।

ਰਾਮਾਨੰਦ ਨੇ ਉਸ ਸਮੇਂ ਦੀਆਂ ਸਗੁਣ-ਨਿਰਗੁਣ ਹਿੰਦੂ-ਮੁਸਲਮਾਨ ਵੈਸ਼ਣਵ-ਅਵੈਸ਼ਣਵ ਆਦਿ ਸਮਿਆਵਾਂ ਦਾ ਸਮਾਧਾਨ ਕੀਤਾ। ਉਨ੍ਹਾਂ ਨੇ ਆਪਣੇ ਵਿਆਪਕ ਪ੍ਰਚਾਰ ਲਈ ਰਾਮਾਰਚਨ ਪੱਧਤੀ, ਵੈਸ਼ਣਵ ਮਤਾਬਜ, ਰਾਮ ਰਕਸ਼ਾ ਸਤੋਤਰ, ਸਿਧਾਂਤ ਪਟਲ, ਰਚਨਾਵਾਂ ਕੀਤੀਆਂ।

ਰਾਮਾਨੰਦ ਨੇ ਹਰ ਤਰ੍ਹਾਂ ਦੇ ਸਮਨਵੈ ਦੀ ਪੈਰਵੀ ਕਰਦਿਆਂ ਧਰਮ ਦਾ ਦੁਆਰ ਉਚ ਨੀਚ, ਅਮੀਰ-ਗਰੀਬ ਸਭ ਲਈ ਖੋਲ੍ਹਿਆ। ਇਸ ਤਰ੍ਹਾਂ ਉਨ੍ਹਾਂ ਨੇ ਆਪਣੇ ਧਰਮ-ਖੇਤਰ ਨੂੰ ਵਿਸਤਿਰਤ ਕੀਤਾ। ਉਨ੍ਹਾਂ ਨੇ ਹਿੰਦੀ ਨੂੰ ਆਪਣੇ ਉਪਦੇਸ਼ਾਂ ਦਾ ਮਾਧਿਅਮ ਬਣਾ ਕੇ ਜਨ-ਸਾਧਾਰਨ ਦਾ ਹਿਰਦਾ ਆਪਣੇ ਵਲ ਵਿਸ਼ੇਸ਼ ਰੂਪ ਵਿਚ ਆਕਰਸ਼ਿਤ ਕੀਤਾ।

ਗੁਰੂ ਰਾਮਾਨੰਦ ਨੇ ਭਗਵਾਨ ਸ੍ਰੀ ਰਾਮ ਚੰਦਰ ਨੂੰ ਪਰਮ ਪੁਰਖ ਮੰਨਕੇ ਉਨ੍ਹਾਂ ਦੀ ਉਪਾਸਨਾ ਬਹੁਤ ਸ਼ਰਧਾ ਅਤੇ ਵਿਸ਼ਵਾਸ ਨਾਲ ਪ੍ਰਚਾਰ ਕੀਤਾ। ਚਾਹੇ ਇਸ ਦਾ ਪ੍ਰਚਾਰ ਆਲਵਾਰਾਂ ਆਦਿ ਨੇ ਵੀ ਕੀਤਾ ਪਰੰਤੂ ਇਸ ਨੂੰ ਜਨ-ਸਾਧਾਰਣ ਤਕ ਪਹੁੰਚਾਉਣ ਦੀ ਮਹਾਨ ਕਾਰਜ ਸ੍ਰੀ ਰਾਮਾਨੰਦ ਨੇ ਕੀਤਾ।

ਇਨ੍ਹਾਂ ਦਾ ਮੂਲ ਮੰਤਰ ਸ੍ਰੀ ਰਾਂ ਰਾਮਾਯ ਨਮੋ ਹੈ। ਇਸੇ ਮੰਤਰ ਦਾ ਜ਼ਿਕਰ

ਗੁਰੂ ਰਵਿਦਾਸ ਬਾਣੀ ਵਿਚ ਆਉਂਦਾ ਹੈ। ਇਨ੍ਹਾਂ ਨੇ ਆਪਣੇ ਅਨੁਯਾਈਆਂ ਨੂੰ ਸੀਤਾ ਅਤੇ ਲਛਮਣ ਯੁਕਤ ਸ੍ਰੀ ਰਾਮ ਚੰਦਰ ਜੀ ਦਾ ਧਿਆਨ ਕਰਨ ਦਾ ਆਦੇਸ਼ ਦਿੱਤਾ। ਇਨ੍ਹਾਂ ਅਨੁਸਾਰ ਸ੍ਰੀ ਰਾਮਚੰਦਰ ਭਗਵਾਨ ਇਕ ਹੈ, ਉਹ ਸੰਸਾਰ ਦੇ ਕਰਤਾ ਹੈ ਦਿਵਯ ਗੁਣਾਂ ਦਾ ਸਾਗਰ ਹੈ। ਭਗਵਾਨ ਦੀ ਪ੍ਰਾਪਤੀ ਲਈ ਵੈਸ਼ਣਵਾਂ ਨੂੰ ਗੁਰੂ ਦੀ ਸ਼ਰਨ ਵਿਚ ਜਾਣਾ ਜ਼ਰੂਰੀ ਹੈ। ਰਾਮਾਨੰਦ ਅਨੁਸਾਰ ਭਗਤੀ ਹੀ ਭਗਵਾਨ ਦੀ ਪ੍ਰਾਪਤੀ ਦਾ ਇਕ-ਮਾਤਰ ਸਾਧਨ ਹੈ। ਜਿਸ ਪ੍ਰਕਾਰ ਤੇਲ ਦੀ ਧਾਰਾ ਨਿਰੰਤਰ ਵਹਿੰਦੀ ਹੈ ਉਸੇ ਤਰ੍ਹਾਂ ਭਗਵਾਨ ਸ੍ਰੀ ਰਾਮਚੰਦਰ ਵਿਚ ਨਿੱਤ ਸਮਰਣਪੂਰਵਕ ਪਰਮ ਅਨੁਰਾਗ ਦਾ ਨਾਮ ਭਗਤੀ ਹੈ।

ਇਸ ਭਗਤੀ ਦੇ ਜਨਕ ਸਤ ਉਪਾਅ ਹਨ। (1) ਵਿਵੇਕ (2) ਵਿਮੋਕ (3) ਅਭਿਆਸ, (4) ਕ੍ਰਿਆ (5) ਕਲਿਆਣ (6) ਅਨਵਸਾਦ (7) ਅਨੁਦਵਰਸ਼ ਅਤੇ ਇਸ ਦੇ ਬੋਧਕ ਯਮ-ਨਿਯਮਾਦਿ ਅੱਠ ਅੰਗ ਹਨ। ਜਿਸ ਦੇ ਨਾਲ ਪਰਮ ਅਨੁਰਾਗ ਭਗਤੀ ਦਾ ਸਰੂਪ ਪ੍ਰਾਪਤ ਹੁੰਦਾ ਹੈ।

(1) ਵਿਵੇਕ - ਵਿਵੇਕ ਆਦਿ ਦੇ ਵਿਧਾਨ ਤੋਂ ਬਿਨਾਂ ਭਗਤੀ ਦਾ ਉਦੈ ਨਹੀਂ ਹੁੰਦਾ। ਦੁਸ਼ਟ ਆਹਾਰ ਤੋਂ ਸਾਤਵਿਕ ਆਹਾਰ ਦਾ ਵਿਵੇਚਨ ਵਿਵੇਕ ਕਹਿਲਾਉਂਦਾ ਹੈ।

(2) ਵਿਮੋਕ - ਦਾ ਅਰਥ ਹੈ ਕਾਮ ਵਿਚ ਅਨਾਸਕਤੀ

(3) ਅਭਿਆਸ - ਇਸ ਅਖਿਲ ਬ੍ਰਹਿਮੰਡ ਦੇ ਆਰੰਭ ਕਰਤਾ ਸ੍ਰੀ ਭਗਵਾਨ ਰਾਮਚੰਦਰ ਦਾ ਸੰਤਤ ਸ਼ੀਲਨ ਅਭਿਆਸ ਕਹਿਲਾਉਂਦਾ ਹੈ।

(4) ਕ੍ਰਿਆ - ਨਿੱਤ ਦੇ ਕਰਮਾਂ ਦੀ ਪਾਲਣਾ ਕਰਨੀ ਜਿਵੇਂ ਧਾਰਮਿਕ ਗ੍ਰੰਥਾਂ ਦਾ ਅਧਿਅਨ, ਅਤਿਥੀ ਸੁਆਗਤ ਆਦਿ

(5) ਕਲਿਆਣ - ਸੱਚ, ਦਇਆ, ਪੰਛੀਆਂ-ਜਨੌਰਾਂ ਨੂੰ ਰੋਟੀ ਪਾਉਣਾ, ਦਾਨ ਆਦਿ ਗੁਣਾਂ ਦੀ ਪਾਲਣਾ ਕਰਨਾ।

(6) ਅਨਵਸਾਦ - ਅਧਿਆਤਮਿਕ ਮਾਰਗ ਤੇ ਆਪਣੇ ਉਦੇਸ਼ ਦੀ ਪ੍ਰਾਪਤ ਲਈ ਹਮੇਸ਼ਾਂ ਉਤਸ਼ਾਹ -ਸੰਪਨ ਹੋਣਾ ਅਨਵਸਾਦ ਕਹਿਲਾਉਂਦਾ ਹੈ।

(7) ਅਨੁਦਵਰਸ਼- ਸੰਸਾਰਿਕ ਅਭਿਲਾਸ਼ਾਵਾਂ ਨਾ ਰਖਣਾ।

ਇਸ ਤੋਂ ਇਲਾਵਾ ਰਾਮਾਨੁਜ ਸੰਪ੍ਰਦਾ ਦੇ ਛੇ ਨਿਯਮਾਂ ਦਾ ਰਾਮਾਨੰਦ ਸੰਪ੍ਰਦਾ ਵੇ

ਵਿਚ ਵੀ ਵਿਧਾਨ ਹੈ।

1. ਅਨੁਕੂਲਤਾ ਦਾ ਸੰਕਲਪ 4.( ਗੋਪਤ੍ਰਤਵਵਰਣ
2. ਪ੍ਰਤੀਕੂਲਤਾ ਦਾ ਤਿਆਗ 5.( ਆਤਮਨਿਖੇਧ )
3. ਰਖਿਆ ਸੰਬੰਧੀ ਵਿਸ਼ਵਾਸ6( ਆਰਤ )

ਰਾਮਾਨੰਦ ਨੇ ਭਗਤੀ ਦੇ ਖੇਤਰ ਵਿਚ ਜਾਤ-ਪਾਤ ਦੇ ਬੰਧਨ ਨੂੰ ਰੋੜਾ ਬਣਨ ਨਹੀਂ ਦਿੱਤਾ। ਉਨ੍ਹਾਂ ਨੇ ਇਸ ਵਿਚਾਰ ਨੂੰ ਅਮਲੀ ਜਾਮਾ ਪਹਿਨਾਇਆ। ਇਸ ਲਈ ਆਪ ਦੀ ਸੰਪ੍ਰਦਾ ਵਿਚ ਹਰ ਜਾਤੀ ਦੇ ਸ਼ਿਸ਼ ਸਨ ਆਪ ਨੇ ਇਸਤ੍ਰੀਆਂ ਨੂੰ ਵੀ ਭਗਤੀ ਦੇ ਖੇਤਰ ਵਿਚ ਸ਼ਾਮਲ ਕੀਤਾ। ਉਨ੍ਹਾਂ ਦੇ ਸ਼ਿਸ਼ ਹਨ; - ਸੈਨ ਨਾਈ, ਪੀਪਾ ਜੀ, ਸੰਤ ਰਵਿਦਾਸ, ਕਬੀਰ, ਧੰਨਾ, ਪਦਮਾਵਤੀ, ਸੁਰਸੁਰੀ ਸੁਖਾਨੰਦ, ਸੁਰਸੁਰਾਨੰਦ, ਅੰਨਤਾਨੰਦ , ਭਾਵਾਨੰਦ ਆਦਿ।

ਭਗਤੀ ਅੰਦੋਲਨ ਦੇ ਵਿਕਾਸ ਵਿਚ ਰਾਮਾਨੰਦ ਨੇ ਵਿਸ਼ੇਸ਼ ਯੋਗਦਾਨ ਪਾਇਆ। ਉਨ੍ਹਾਂ ਨੇ ਦੱਖਣੀ ਭਾਰਤ ਤੋਂ ਉਤਰੀ ਭਾਰਤ ਵਿਚ ਆ ਕੇ ਸਗੁਣ ਨਿਰਗੁਣ ਭਗਤੀ-ਧਾਰਾ ਦੇ ਅੰਮ੍ਰਿਤ ਨਾਲ ਜਨ-ਜਨ ਦੇ ਹਿਰਦੇ ਨੂੰ ਸਿੰਜਿਆ। ਇਹ ਧਾਰਾ ਅਗੇ ਜਾ ਕੇ ਸ਼ਾਖਾਵਾਂ ਵਿਚ ਵੰਡੀ ਗਈ - ਪਹਿਲੀ ਨਿਰਗੁਣ ਧਾਰਾ ਦੂਜੀ ਸਗੁਣ-ਧਾਰਾ ਤੀਜੀ -ਨਿਰਗੁਣ -ਸਗੁਣ ।

<u>ਸ਼ੁਧ -ਅਦਵੈਤ ਦਰਸ਼ਨ ਵਿਚ ਭਗਤੀ:-</u>

ਵੱਲਭਾਚਾਰਯ ਦਾ ਦਾਰਸ਼ਨਿਕ ਮਤਵਾਦ ਸ਼ੁਧਾਦਵੈਤ ਅਤੇ ਭਗਤੀ ਮਾਰਗ ਪੁਸ਼ਟੀ ਮਾਰਗ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਸੰਪ੍ਰਦਾਇ ਦੀ ਪਰੰਪਰਾ ਅਨੁਸਾਰ ਵਿਸ਼ਣੂ ਸੁਆਮੀ ਇਸ ਦੇ ਮੋਢੀ ਹਨ ਪਰੰਤੂ ਵਲਭਾਚਾਰਯ ਇਸ ਦਾ ਪ੍ਰਚਾਰ ਅਤੇ ਪ੍ਰਚਾਰ ਕਰਨ ਕਾਰਣ ਇਸ ਦੇ ਪ੍ਰਵਰਤਕ ਮੰਨੇ ਜਾਂਦੇ ਹਨ। ਉਨ੍ਹਾਂ ਨੇ ਆਪਣੇ ਗ੍ਰੰਥਾਂ ਅਣੂਭਾਸ਼ਯ, ਸਿਧਾਂਤ ਰਹਸ, ਭਾਗਵਤ-ਟੀਕਾ, ਸੁਬੋਧਨੀ ਵਿਚ ਵੇਦਾਂਤ ਦੀ ਇਕ ਐਸੀ ਈਸ਼ਵਰ ਗਿਆਨਪਰਕ ਵਿਆਖਿਆ ਕੀਤੀ ਹੈ ਜੋ ਸ਼ੰਕਰ ਅਤੇ ਰਾਮਾਨੁਜ ਦੋਹਾਂ ਤੋਂ ਭਿੰਨ ਹੈ।

ਅਦਵੈਤ ਮਤ ਵਿਚ ਸ਼ੰਕਰਾਚਾਰਯ ਨੇ ਜਗਤ ਦੀ ਉਤਪਤੀ ਮਾਇਆ ਸ਼ਕਤੀ ਦੇ ਦੁਆਰਾ ਬ੍ਰਹਮ ਤੋਂ ਹੋਈ ਮੰਨੀ ਹੈ। ਪਰੰਤੂ ਵਲਭਾਚਾਰਯ ਅਨੁਸਾਰ ਬ੍ਰਹਮ ਮਾਇਆ ਵਰਗੇ ਕਿਸੇ ਤੱਤ ਦੇ ਸੰਬੰਧ ਤੋਂ ਬਿਨਾਂ ਵੀ ਜਗਤ ਦਾ ਨਿਰਮਾਣ ਕਰ ਸਕਦਾ ਹੈ। ਇਸ ਤਰ੍ਹਾਂ ਇਸ ਮਤ ਅਨੁਸਾਰ ਸ਼ੁਧ ਬ੍ਰਹਮ ਜਗਤ ਦਾ ਕਾਰਣ ਹੈ। ਵਿਸ਼ਣੂ ਵਿਚ ਇਹ ਹੀ ਇਕ ਮਾਤਰ ਸੱਤਾ ਹੈ ਅਤੇ ਉਸ ਦੇ ਪਰਿਣਾਮ ਨਾਲ ਹੀ ਜੀਵ ਅਤੇ ਜਗਤ ਦੀ ਸੱਤਾ ਹੈ।

ਵਲਭਾਚਾਰਯ ਅਨੁਸਾਰ ਬ੍ਰਹਮ ਨਿਰਗੁਣ ਵੀ ਹੈ ਅਤੇ ਸਗੁਣ ਵੀ। ਦੋਵੇਂ ਬ੍ਰਹਮ ਸੱਚੇ ਹਨ। ਉਹ ਇਕ ਹੀ ਕਾਲ ਵਿਚ ਸਗੁਣ ਅਤੇ ਨਿਰਗੁਣ ਰੂਪ ਨੂੰ ਧਾਰਣ ਕਰ ਸਕਦਾ ਹੈ। ਅਸਲ ਵਿਚ ਉਹ ਹੀ ਈਸ਼ਵਰ ਹੈ। ਸ੍ਰੀ ਕ੍ਰਿਸ਼ਨ ਹੀ ਉਹ ਪਾਰਬ੍ਰਹਮ ਹੈ। ਸ੍ਰੀ ਕ੍ਰਿਸ਼ਨ ਨੂੰ ਹੀ ਸਚਿੱਦਾਨੰਦ ਮਈ ਮੰਨਿਆ ਗਿਆ ਹੈ। ਉਹ ਆਪਣੀਆਂ ਅਨੰਤ ਸ਼ਕਤੀਆਂ ਦੇ ਦੁਆਰਾ ਆਪਣੀ ਆਤਮਾਂ ਵਿਚ ਆਂਤਰਿਕ ਰਮਣ ਕਰਦਾ ਹੈ ਤਾਂ ਉਹ 'ਆਤਮਾਰਾਮ' ਕਹਿਲਾਉਂਦਾ ਹੈ ਅਤੇ ਜਦੋਂ ਬਾਹਰੀ ਰਮਣ ਦੀ ਅਭਿਲਾਸ਼ਾ ਨਾਲ ਆਪਣੀ ਸ਼ਕਤੀਆਂ ਦੀ ਬਾਹਰੀ ਅਭਿਵਿਅਕਤੀ ਕਰਦਾ ਹੈ ਤਾਂ ਉਹ ਪਰਸ਼ੋਤਮ ਦੇ ਨਾਮ ਨਾਲ ਵਿਅਕਤ ਕੀਤਾ ਜਾਂਦਾ ਹੈ। ਇਹ ਨਾਮ ਵੱਲਭ ਨੇ ਗੀਤਾ ਦੇ ਅਨੁਸਾਰ ਗ੍ਰਹਿਣ ਕੀਤਾ ਹੈ। ਬ੍ਰਹਮ ਦੇ ਤਿੰਨਾਂ ਪ੍ਰਕਾਰਾਂ ਵਿਚੋਂ ਆਧਿਭੌਤਿਕ ਰੂਪ ਜਗਤ ਹੈ, ਅਧਿਆਤਮਕ ਰੂਪ ਅੱਖਰ ਬ੍ਰਹਮ ਹੈ ਅਤੇ ਅਧਿਦੈਵਿਕ ਰੂਪ ਪਰਬ੍ਰਹਮ ਜਾਂ ਪੁਰਸ਼ੋਤਮ ਹੈ।

ਬ੍ਰਹਮ ਦੀ ਇੱਛਾ ਤੋਂ ਹੀ ਜੀਵਾਂ ਦੀ ਉਤਪਤੀ ਹੁੰਦੀ ਹੈ। ਇਕ ਪੱਖ ਵਿਚ ਬ੍ਰਹਮ ਅਤੇ ਦੂਸਰੇ ਪੱਖ ਵਿਚ ਜੀਵਾਤਮਾਂ ਅਤੇ ਜੜ੍ਹ-ਪ੍ਰਕ੍ਰਿਤੀ ਦੇ ਵਿਚਲਾ ਸੰਬੰਧ ਵਿਸ਼ੁਧ ਏਕਾਭਾਵ ਦਾ ਸੰਬੰਧ ਹੈ ਜਿਵੇਂ ਅੰਸ਼ ਅਤੇ ਅੰਸ਼ੀ ਦਾ ਆਪਸੀ ਸੰਬੰਧ ਹੁੰਦਾ ਹੈ। ਭੇਦ ਨੂੰ ਵਲਭ ਨੇ ਗੌਣ ਦਸਿਆ ਹੈ ਅਤੇ ਉਸ ਅਨੁਸਾਰ ਅਭੇਦ ਹੀ ਯਥਾਰਥ ਅਤੇ ਪ੍ਰਮੁੱਖ ਹੈ। ਇਸ ਤਰ੍ਹਾਂ ਬ੍ਰਹਮ ਤੇ ਜੀਵ ਦੇ ਸਰੂਪ ਵਜੋਂ ਅਭੇਦਤਾ ਹੈ ਚਾਹੇ ਦੋਵੇਂ ਸੱਚੇ ਹਨ ਪਰੰਤੂ ਫਿਰ ਵੀ ਜੀਵ ਬ੍ਰਹਮ ਨਹੀਂ। ਜੀਵ ਬ੍ਰਹਮ ਦਾ ਅੰਸ਼ ਹੈ ਅਤੇ ਉਸ ਅੰਸ਼ੀ ਪ੍ਰਭੂ ਦੇ ਅਧੀਨ ਹੈ। ਮਨੁੱਖ ਆਪਣੇ ਕੀਤੇ ਕਰਮਾਂ ਅਨੁਸਾਰ ਚੰਗਾ ਜਾਂ ਮਾੜਾ ਫਲ ਭੋਗਦਾ ਹੈ ਅਤੇ ਅਨੇਕਾਂ ਜੂਨਾਂ ਵਿਚ ਭਟਕਦਾ ਫਿਰਦਾ ਹੈ। ਸਮੇਂ ਅਨੁਸਾਰ ਪ੍ਰਭੂ ਜੀਵਾਂ ਨੂੰ ਆਪਣਾ ਸਰੂਪ ਦੇ ਕੇ ਦੁਨੀਆਂ ਵਿਚ ਭੇਜਦਾ ਹੈ। ਇਸ ਤਰ੍ਹਾਂ ਇਹ ਮੱਤ ਅਵਤਾਰਵਾਦ ਵਿਚ ਵਿਸ਼ਵਾਸ ਰਖਦਾ ਹੈ। ਇਨ੍ਹਾਂ ਦਾ ਬ੍ਰਹਮ ਕਰਤਾ ਹੀ ਨਹੀਂ ਸਗੋਂ ਭੋਗਤਾ ਵੀ ਹੈ। ਚਾਹੇ ਉਸ ਨੂੰ ਸਰੀਰ ਧਾਰਣ ਦੀ ਜ਼ਰੂਰਤ ਨਹੀਂ ਹੁੰਦੀ ਪਰ ਫਿਰ ਵੀ ਆਪਣੇ ਭਗਤਾਂ ਨੂੰ ਪ੍ਰਸੰਨ ਕਰਨ ਲਈ ਉਹ ਭਿੰਨ ਭਿੰਨ ਰੂਪਾਂ ਵਿਚ ਪ੍ਰਗਟ ਹੁੰਦਾ ਹੈ।

ਭਗਤੀ:- ਅਚਾਰਯ ਵੱਲਭ ਦਾ ਦਾਰਸ਼ਨਿਕ ਸਿਧਾਂਤ ਗੀਤਾ ਦੇ ਐਨ ਅਨੁਕੂਲ ਹੈ। ਭਗਤੀ ਲਈ ਇਨ੍ਹਾਂ ਦੀ ਸਾਧਨਾ ਪੱਧਤੀ ਪੁਸ਼ਟੀ ਮਾਰਗ ਦੇ ਨਾਮ ਨਾਲ ਪ੍ਰਸਿੱਧ ਹੈ। ਪੁਸ਼ਟੀ ਦਾ ਅਰਥ ਹੈ ਅਨੁਗ੍ਰਹ[144] ਪ੍ਰਭੂ ਦੀ ਕਿਰਪਾ ਇਸ ਨੂੰ ਸੇਵਾਮਾਰਗ ਵੀ ਕਹਿੰਦੇ ਹਨ। ਇਸ ਮੱਤ ਅਨੁਸਾਰ ਸੇਵਾ ਵਿਚ ਸ਼ੁਧ ਪ੍ਰੇਮ ਦੀ ਪ੍ਰਧਾਨਤਾ ਹੁੰਦੀ ਹੈ। ਇਸ ਲਈ

ਇਸ ਨੂੰ ਪ੍ਰੇਮ ਲਕਸ਼ਣਾਂ ਭਗਤੀ ਵੀ ਕਹਿੰਦੇ ਹਨ। ਭਗਵਾਨ ਨਾਲ ਜਦੋਂ ਜੀਵਾਂ ਦਾ ਸੰਬੰਧ ਹੋ ਜਾਂਦਾ ਹੈ ਉਦੋਂ ਹੀ ਉਸ ਦੀ ਮੁਕਤੀ ਹੋ ਜਾਂਦੀ ਹੈ। ਇਹੋ ਭਗਵਾਨ ਦੇ ਆਵਿਰਭਾਵ (ਜਲਵਾ ਦਰਸਾਉਣ) ਦਾ ਪ੍ਰਯੋਜਨ ਹੈ। ਭਗਵਾਨ ਦੀ ਕਿਰਪਾ ਨਾਲ ਹੀ ਰਾਗਾਨੁਗਾ ਭਗਤੀ ਪ੍ਰਾਪਤ ਹੁੰਦੀ ਹੈ। ਇਸ ਮਤ ਅਨੁਸਾਰ " ਪੁਰਸ਼ੋਤਮ" ਦੀ ਪ੍ਰਾਪਤੀ ਅਨੰਨਿਆ ਭਗਤੀ ਦੇ ਦੁਆਰਾ ਸਿੱਧ ਹੁੰਦੀ ਹੈ ਅਤੇ ਗਿਆਨ ਮਾਰਗੀਆਂ ਨੂੰ ਅੱਖਰ ਬ੍ਰਹਮ ਦੀ ਹੀ ਪ੍ਰਾਪਤੀ ਹੁੰਦੀ ਹੈ।

ਵੱਲਭ ਨੇ ਸਭ ਤਰ੍ਹਾਂ ਦੀਆਂ ਤਪੱਸਿਆਵਾਂ ਨੂੰ ਤੁੱਛ ਦਸਿਆ ਹੈ। ਉਸ ਅਨੁਸਾਰ ਜੀਵ ਈਸ਼ਵਰ ਦਾ ਬਣਾਇਆ ਮੰਦਰ ਹੈ ਇਸਨੂੰ ਨਸ਼ਟ ਕਰਨ ਦੀ ਕੋਸ਼ਿਸ਼ ਕਰਨਾ ਕੋਈ ਅਰਥ ਨਹੀਂ ਰਖਦਾ। ਸਰਵ ਉਤਮ ਸੱਤਾ ਦੇ ਗਿਆਨ ਤੋਂ ਬਾਅਦ ਕਰਮ ਵੀ ਬਾਂਹ ਹੈ ਅਤੇ ਜਦੋਂ ਉਸ ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਵੀ ਕਰਮ ਵਿਦਮਾਨ ਰਹਿੰਦੇ ਹਨ। ਮੁਕਤ ਆਤਮਾ ਪੁਰਖ ਸਭ ਕਰਮਾਂ ਨੂੰ ਕਰਦੇ ਹਨ।[145] ਉਚੱਤਮ ਉਦੇਸ਼ ਮੋਕਸ਼ ਨਹੀਂ ਸਗੋਂ ਕ੍ਰਿਸ਼ਨ ਦੀ ਨਿਰੰਤਰ ਸੇਵਾ ਹੈ।

ਇਸ ਮੱਤ ਅਨੁਸਾਰ ਮੁਕਤੀ ਪ੍ਰਾਪਤ ਆਤਮਾਵਾਂ ਭਿੰਨ ਭਿੰਨ ਤਰ੍ਹਾਂ ਦੀਆਂ ਹੁੰਦੀਆਂ ਹਨ। ਇਕ ਸਨਕ ਰਿਸ਼ੀ ਵਰਗੇ ਹਨ ਜਿਨ੍ਹਾਂ ਨੇ ਪ੍ਰਭੂ-ਕਿਰਪਾ ਨਾਲ ਉਸ ਨੂੰ ਪ੍ਰਾਪਤ ਕੀਤਾ ਹੈ, ਜੋ ਈਸ਼ਵਰ ਦੀ ਨਗਰੀ ਵਿਚ ਨਿਵਾਸ ਕਰਦੇ ਹਨ। ਦੂਸਰੇ ਉਹ ਹਨ ਜੋ ਭਗਤੀ ਦਾ ਆਸਰਾ ਲੈਂਦੇ ਹਨ ਅਤੇ ਪੂਰਵ-ਪ੍ਰੇਮ ਦੁਆਰਾ ਈਸ਼ਵਰ ਦੇ ਸਹਿਯੋਗੀ ਹੋ ਜਾਂਦੇ ਹਨ। ਵੱਲਭ ਨੇ ਈਸ਼ਵਰ ਪ੍ਰਤੀ ਨਿਸ਼ਕਾਮ ਪ੍ਰੇਮ ਦੇ ਜੀਵਨ ਤੇ ਅਤਿਅੰਤ ਬਲ ਦਿੱਤਾ ਹੈ।

ਇਸ ਮੱਤ ਅਨੁਸਾਰ ਲੋੜ ਪੈਣ ਤੇ ਸੰਨਿਆਸ ਵੀ ਲਿਆ ਜਾ ਸਕਦਾ ਹੈ ਪਰ ਇਸ ਅਵਸਥਾ ਵਿਚ ਬਾਹਰੀ ਭੇਸ ਧਾਰਨ ਕਰਨ ਦੀ ਲੋੜ ਨਹੀਂ।[146] "ਭਗਤੀ ਵਰਧਿਨੀ" ਵਿਚ ਵੱਲਭ ਨੇ ਕਿਹਾ ਹੈ ਕਿ ਘਰ ਰਹਿ ਕੇ ਭਗਤੀ ਦਾ ਅਧਿਕਾਰੀ ਸਾਧਕ ਵਰਣ ਆਸ਼ਰਮ ਦੇ ਨਿਯਮਾਂ ਦੀ ਪਾਲਣਾ ਕਰਦਾ ਹੋਇਆ ਪ੍ਰਭੂ ਦੀ ਸੇਵਾ ਕਰਦਾ ਰਹੇ। ਵੱਲਭਾਚਾਰਯ ਅਨੁਸਾਰ ਪ੍ਰੇਮ-ਭਗਤੀ ਵਿਚ ਤਿੰਨ ਅਵਸਥਾਵਾਂ ਹੁੰਦੀਆਂ ਹਨ। ਸਨੇਹ, ਆਸਕਤੀ, (ਲਗਾਓ) ਅਤੇ ਵਿਅਸਨ( ਧੁਨ)। ਸਨੇਹ ਅਵਸਥਾ ਵਿਚ ਭਗਤ ਦਾ ਪ੍ਰੇਮ ਲੋਕਾਂ ਪ੍ਰਤੀ ਘਟਦਾ ਹੈ। ਆਸਕਤੀ ਅਵਸਥਾ ਵਿਚ ਭਗਤ ਦੀ ਪ੍ਰਭੂ ਵਿਚ ਪੂਰਣ ਬਿਰਤੀ ਘਟ ਜਾਂਦੀ ਹੈ। ਵਿਅਸਨ ਅਵਸਥਾ ਵਿਚ ਭਗਤ ਦੀ ਪ੍ਰਭੂ ਵਿਚ ਪੂਰਣ ਬਿਰਤੀ ਲਗ ਜਾਂਦੀ ਹੈ ਅਤੇ ਉਸਨੂੰ ਭਗਤੀ ਵਿਚ ਪੂਰੀ ਤਸੱਲੀ ਪ੍ਰਾਪਤ ਹੋ ਜਾਂਦੀ ਹੈ।

ਭਗਤੀ ਵਿਚ ਵੱਲਭਾਚਾਰਯ ਨੇ ਗਿਆਨ ਅਤੇ ਪ੍ਰੇਮ ਦੀ ਲੋੜ ਨੂੰ ਜ਼ਰੂਰੀ ਸਮਝਿਆ ਹੈ। ਉਸ ਦੇ ਅਨੁਸਾਰ ਭਗਤ ਤਿੰਨ ਤਰ੍ਹਾਂ ਦੇ ਹਨ। ਉਤਮ, ਮੱਧਮ ਅਤੇ ਹੀਨ। ਉਤਮ ਸ਼੍ਰੇਣੀ ਦੇ ਭਗਤ ਪ੍ਰਭੂ ਪ੍ਰਤੀ ਗਿਆਨ ਪ੍ਰਾਪਤ ਕਰਕੇ ਭਗਵਤਪ੍ਰੇਮ ਕਰਦੇ ਹਨ ਅਤੇ ਸ੍ਰਵਣ, ਕੀਰਤਨ ਆਦਿ ਦੁਆਰਾ ਭਗਤੀ ਕਰਦੇ ਹਨ। ਮੱਧਮ ਸ਼੍ਰੇਣੀ ਦੇ ਭਗਤ ਪ੍ਰਭੂ ਦੀ ਸਰਵਗਤਾ ਦਾ ਗਿਆਨ ਪ੍ਰਾਪਤ ਕਰ ਲੈਂਦਾ ਹੈ ਅਤੇ ਸ੍ਰਵਣ, ਕੀਰਤਨ ਆਦਿ ਸਾਧਨਾ ਰਾਹੀਂ ਉਸ ਦੀ ਭਗਤੀ ਕਰਦਾ ਹੈ। ਹੀਨ ਭਗਤ ਉਹ ਹੈ ਜੋ ਸ੍ਰਵਣ, ਕੀਰਤਨ ਭਗਤੀ ਤਾਂ ਕਰਦਾ ਹੈ ਪਰੰਤੂ ਗਿਆਨ ਅਤੇ ਪ੍ਰੇਮ ਭਗਤੀ ਤੋਂ ਸੱਖਣਾ ਰਹਿ ਜਾਂਦਾ ਹੈ।

"ਚੌਰਾਸੀ ਵੈਸ਼ਣਵੋ ਕੀ ਵਾਰਤਾ" ਵਿਚ ਸ੍ਰੀ ਹਰਿ ਰਾਇ ਜੀ ਦੇ "ਭਾਵ ਪ੍ਰਕਾਸ਼" ਵਿਚਲੀ ਬਾਬਾ ਬੇਨੋ ਦੀ ਇਕ ਵਾਰਤਾ ਵਿਚ ਵੱਲਭਾਚਾਰਯ ਬਾਰੇ ਵਰਨਣ ਆਉਂਦਾ ਹੈ। ਇਸ ਵਿਚ ਲਿਖਿਆ ਹੈ ਕਿ ਵੱਲਭ ਦੇ ਸਮੇਂ ਕਾਸ਼ੀ ਤੋਂ ਪ੍ਰਯਾਗ ਤਕ ਦੇ ਪਿੰਡਾਂ ਵਿਚ ਇਸ ਮੱਤ ਦਾ ਪ੍ਰਚਾਰ ਸੀ ਅਤੇ ਵੈਸ਼ਣਵ ਦੇਵਤਿਆਂ ਦਾ ਕੋਈ ਨਾਮ ਵੀ ਨਹੀਂ ਸੀ ਜਾਣਦਾ।[147]

## ਚੈਤੰਨਯ ਮਹਾਂ ਪ੍ਰਭੂ(1485-1533) ਅਚਿੰਤਯ ਭੇਦਾਭੇਦ ਦੇ ਮੋਢੀ:

ਇਤਿਹਾਸਕ ਦ੍ਰਿਸ਼ਟੀ ਤੋਂ ਚੈਤੰਨਯ ਮੱਤ ਮਾਧਵ ਮੱਤ ਦੀ ਗੌੜੀਯ ਸ਼ਾਖਾ ਹੈ। ਪਰੰਤੂ ਦੋਨਾਂ ਦੇ ਦਾਰਸ਼ਨਿਕ ਸਿਧਾਂਤਾਂ ਵਿਚ ਕਾਫ਼ੀ ਅੰਤਰ ਹੈ। ਬੰਗਾਲ ਵਿਚ ਵੈਸ਼ਣਵ ਧਰਮ ਅਤੇ ਕ੍ਰਿਸ਼ਨ-ਰਾਧਾ ਭਗਤੀ ਦਾ ਪ੍ਰਚਾਰ ਚੈਤੰਨਯ ਅਤੇ ਉਸਦੇ ਅਨੁਯਾਈਆਂ ਨੇ ਕੀਤਾ। ਰੂਪ ਸਨਾਤਨ ਗੋਸੁਆਮੀ ਨੇ ਇਸ ਮਤ ਦੇ ਭਗਤੀ ਸਿਧਾਂਤਾਂ ਦਾ ਆਪਣੇ ਗ੍ਰੰਥਾਂ ਵਿਚ ਪ੍ਰਮਾਣਿਕ ਵਿਵੇਚਨ ਕੀਤਾ ਹੈ। ਕ੍ਰਿਸ਼ਨ ਦਾਸ ਕਵੀ ਰਾਜ ਨੇ ਆਪਣੇ "ਚੈਤੰਨਯ ਚਰਿਤਾਮ੍ਰਿਤ ਵਿਚ ਚੈਤੰਨਯ ਮਤ ਦੇ ਭਗਤੀ ਸਿਧਾਂਤਾਂ ਦੇ ਨਾਲ ਇਸਦੇ ਦਾਰਸ਼ਨਿਕ ਸਿਧਾਂਤ ਅਚਿੰਤਯ ਭੇਦ-ਅਭੇਦ ਦਾ ਵਰਣਨ ਕੀਤਾ ਹੈ। ਵਿਵਹਾਰਿਕ ਦ੍ਰਿਸ਼ਟੀ ਤੋਂ ਇਹ ਇਕ ਭਕਤੀਰਸ ਨਾਲ ਓਤ-ਪ੍ਰੋਤ ਵੈਸ਼ਣਵ ਸੰਪ੍ਰਦਾਇ ਹੈ।

ਇਸ ਮੱਤ ਅਨੁਸਾਰ ਭਗਵਾਨ ਕ੍ਰਿਸ਼ਨ ਹੀ ਪਰਮਤੱਤ ਹੈ। ਇਨ੍ਹਾਂ ਦੀਆਂ ਅਨੰਤ ਸ਼ਕਤੀਆਂ ਹਨ। ਜੀਵ-ਜਗਤ ਭਗਵਾਨ ਦੀ ਸ਼ਕਤੀ ਦੇ ਅੰਤਰਗਤ ਆਉਂਦੇ ਹਨ। ਸ਼ਕਤੀ (ਜੀਵ) ਅਤੇ ਸ਼ਕਤੀਮਾਨ(ਪ੍ਰਭੂ) ਦਾ ਪਰਸਪਰ ਸੰਬੰਧ ਨਿਤਾਂਤ ਵਿਲੱਖਣ ਹੈ। ਉਨ੍ਹਾਂ ਦਾ ਸੰਬੰਧ ਤਰਕ ਦੇ ਦੁਆਰਾ ਚਿੰਤਨੀਯ ਨਾ ਤਾਂ ਭੇਦ-ਰੂਪ ਹੈ ਅਤੇ ਨਾ ਅਭੇਦ-ਰੂਪ ਸ਼ਕਤੀਆਂ (ਜੀਵ) ਸ਼ਕਤੀਮਾਨ ਤੋਂ ਨਾ ਤਾਂ ਭਿੰਨ ਪ੍ਰਮਾਣਿਤ ਕੀਤੀਆਂ ਜਾ ਸਕਦੀਆਂ ਹਨ ਅਤੇ ਨਾ ਹੀ ਅਭਿੰਨ। ਇਸ ਲਈ ਇਸ ਮੱਤ ਨੂੰ ਅਚਿੰਤ ਭੇਦਾਭੇਦ ਕਿਹਾ ਜਾਂਦਾ ਹੈ।

ਇਸ ਮੱਤ ਵਿਚ ਕ੍ਰਿਸ਼ਨ ਜੀ ਹੀ ਅਚਿੰਤਯ ਸ਼ਕਤੀਮਾਨ ਭਗਵਾਨ ਪਰਮਤੱਤ ਮੰਨੇ ਜਾਂਦੇ ਹਨ। ਉਸਦੇ ਤਿੰਨ ਰੂਪ ਹਨ 1.ਸਵੈ-ਰੂਪ, 2.ਤਦੇਕਾਤ੍ਮਕ ਰੂਪ 3. ਆਵੇਸ਼ ਬ੍ਰਹਮ ਸੰਹਿਤਾ ਅਨੁਸਾਰ ਪਰਮਤੱਤ ਦਾ ਸਵੈ-ਰੂਪ ਅਨਾਦਿ, ਸ੍ਰਿਸ਼ਟੀ ਦੇ ਆਦਿ ਅਤੇ ਸਭ ਕਾਰਣਾਂ ਦਾ ਕਾਰਣ ਹੈ। ਤਦੇਕਾਤਮਕ-ਰੂਪ ਸਰੂਪ ਤੋਂ ਤਾਂ ਸਵੈ-ਰੂਪ ਪਰਮਤੱਤ ਤੋਂ ਅਭਿੰਨ ਰਹਿੰਦਾ ਹੈ ਪਰੰਤੂ ਆਕਾਰ ਅਤੇ ਚਰਿਤ ਵਿਚ ਉਸ ਤੋਂ ਭਿੰਨ ਹੁੰਦਾ ਹੈ। ਆਵੇਸ਼- ਉਹ ਮਹਤਮ ਵਿਅਕਤੀ ਜਿਸ ਵਿਚ ਗਿਆਨਸ਼ਕਤੀ ਆਦਿ ਕਾਰਣ ਭਗਵਾਨ ਪ੍ਰਵੇਸ਼ ਹੁੰਦੇ ਹਨ ਜਿਵੇਂ ਬੈਕੁੰਠ ਵਿਚ ਸ਼ੇਸ਼, ਨਾਰਦ ਆਦਿ --

ਸ੍ਰੀ ਕ੍ਰਿਸ਼ਨ ਦੀਆਂ ਅਨੰਤ ਸ਼ਕਤੀਆਂ ਵਿਚੋਂ ਤਿੰਨ ਪ੍ਰਮੁੱਖ ਹਨ:-

1. ਅੰਤਰੰਗ ਸ਼ਕਤੀ - ਚਿੱਤ ਸ਼ਕਤੀ ਜਾਂ ਸਰੂਪ ਸ਼ਕਤੀ
2. ਤਟਸਥ ਸ਼ਕਤੀ - ਜੀਵ ਸ਼ਕਤੀ
3. ਬਹਿਰੰਗ ਸ਼ਕਤੀ - ਮਾਇਆ ਸ਼ਕਤੀ

ਚਿੱਤ ਸ਼ਕਤੀ ਨਾਲ ਸ੍ਰੀ ਕ੍ਰਿਸ਼ਣ ਜਗਤ ਦੇ ਨਿਮਿੱਤ ਕਾਰਣ ਹਨ ਅਤੇ ਜੀਵ-ਮਾਇਆ ਸ਼ਕਤੀਆਂ ਕਾਰਣ ਉਹ ਉਪਾਦਾਨ ਕਾਰਣ ਹਨ। ਇਸ ਮਤ ਅਨੁਸਾਰ ਜਗਤ ਸਭ ਸੱਚ ਹੈ। ਪ੍ਰਲੈਕਾਲ ਵਿਚ ਜਗਤ ਅਵਿਅਕਤ ਰੂਪ ਵਿਚ ਪ੍ਰਭੂ ਵਿਚ ਅਲੋਪ ਰਹਿੰਦਾ ਹੈ। ਮਾਇਆ ਪ੍ਰਭੂ ਦੀ ਅਚਿੰਤਯ ਸ਼ਕਤੀ ਹੈ, ਝੂਠਾ ਨਹੀਂ। ਸ੍ਰਿਸ਼ਟੀ ਅਗਿਆਨ ਕਰਮ ਨਹੀਂ, ਸਗੋਂ ਅਚਿੰਤਯ ਸ਼ਕਤੀ ਦਾ ਕਰਮਫਲ ਹੈ।[148]

ਸਾਹਿਤ-ਜਗਤ ਵਿਚ ਗੌੜੀਯ ਵੈਸ਼ਣਵਾਂ ਦੇ ਦੁਆਰਾ ਭਗਤੀਰਸ ਦੀ ਸਥਾਪਨਾ ਇਕ ਅਪੂਰਣ ਵਪਾਰ ਹੈ। ਭਗਤੀ-ਰਸ ਦਾ ਪ੍ਰਮੁੱਖ ਗ੍ਰੰਥ ਸ੍ਰੀ ਰੂਪ ਗੋਸੁਆਮੀ ਰਚਿਤ ਭਕਤਿਰਸ-ਅੰਮ੍ਰਿਤ ਸਿੰਧੂ ਹੈ। ਇਸ ਮਤ ਵਿਚ ਕ੍ਰਿਸ਼ਨ ਭਗਤੀ ਨੂੰ ਮਹੱਤਵ ਦਿੱਤਾ ਗਿਆ ਹੈ। ਰਾਧਾ-ਭਾਵ ਹੀ ਇਸ ਮਤ ਦੀ ਪ੍ਰੇਮ-ਭਗਤੀ ਦਾ ਮੂਲ ਆਧਾਰ ਹੈ। ਇਸ ਵਿਚ ਪ੍ਰੇਮ ਨੂੰ ਮਹਾਨ ਪੁਰਸ਼ਾਰਥ ਮੰਨਿਆ ਗਿਆ ਹੈ। ਇਹ ਪ੍ਰੇਮ-ਭਗਤੀ ਧਰਮ, ਅਰਥ, ਕਾਮ, ਮੋਖਸ਼ ਤੋਂ ਛੁਟ ਪੰਜਵਾਂ ਪੁਰਸ਼ਾਰਥ ਹੈ।

ਭਗਤੀ ਦੋ ਪ੍ਰਕਾਰ ਦੀ ਹੁੰਦੀ ਹੈ। ਵੈਧੀ ਅਤੇ ਰਾਗਾਤਮਿਕਾ। ਵੈਧੀ ਭਗਤੀ ਸ਼ਾਸਤਰਾਂ ਅਨੁਸਾਰ ਕੀਤੀ ਜਾਂਦੀ ਹੈ। ਭਗਤੀ ਦੀ ਆਦਰ ਜਾਂ ਦਯਾ-ਭਾਵਨਾ ਰਾਗਾਤਮਿਕ ਤਾ ਭਗਤੀ ਨੂੰ ਉਤਪੰਨ ਕਰਦੀ ਹੈ। ਰਾਗਾਤਮਿਕਾ ਭਗਤੀ ਪ੍ਰੇਮ ਰੂਪਾ ਹੁੰਦੀ ਹੈ। ਗੋਪੀਆਂ ਦੀ ਉਪਾਸ਼ਨਾ ਹੀ ਆਦਰਸ਼ ਉਪਾਸਨਾ ਹੈ। ਭਗਵਾਨ ਸ੍ਰੀ ਕ੍ਰਿਸ਼ਣ ਦੀ ਭਾਵਮਈ ਗੋਲੋਕ-ਲੀਲਾ

ਪੰਜ ਭਾਵਾਂ ਨਾਲ ਸੰਬੰਧ ਰਖਦੀ ਹੈ। ਸ਼ਾਂਤ, ਦਾਸਾ, ਸਖਾ, ਵਾਤਸਲਯ ਅਤੇ ਮਧੁਰਯ।

ਗੁਰੂ ਦੇ ਪ੍ਰਤੀ ਆਦਰ ਦਾ ਭਾਵ ਇਸ ਮੱਤ ਦੀ ਪ੍ਰਧਾਨ ਵਿਸ਼ੇਸ਼ਤਾ ਹੈ। ਈਸ਼ਵਰ ਦੀ ਕਿਰਪਾ ਲਈ ਕੋਈ ਵੀ ਪੁਰਖ ਜਾਂ ਇਸਤਰੀ ਨੀਚ ਨਹੀਂ। ਇਸ ਮੱਤ ਵਿਚ ਵੀ ਭਗਤੀ ਦਾ ਦੁਆਰ ਸਭ ਲਈ ਖੁਲ੍ਹਾ ਹੈ। ਭਗਤੀ ਲਈ ਉਚ-ਨੀਚ ਜਾਂ ਜਾਤ-ਪਾਤ ਦਾ ਕੋਈ ਭੇਦ ਨਹੀਂ। ਚੈਤੰਨਯ ਮਹਾਂ ਪ੍ਰਭੂ ਨੇ ਦਾਸਾ ਭਗਤੀ ਨੂੰ ਮਹਤਵਪੂਰਣ ਸਥਾਨ ਦਿੱਤਾ। ਉਸ ਦੇ ਅਨੁਸਾਰ, " ਮੈਂ ਬ੍ਰਾਹਮਣ ਨਹੀਂ ਹਾਂ, ਖੱਤਰੀ ਨਹੀਂ ਹਾਂ, ਵੈਸ਼ ਜਾਂ ਸ਼ੂਦਰ ਵੀ ਨਹੀਂ, ਪਰ ਮੈਂ ਸਰਵੋ-ਪ੍ਰਕਾਸ਼ਿਤ ਪੂਰਨ ਅੰਮ੍ਰਿਤ-ਸਾਗਰ -ਸਰੂਪ ਗੋਪੀ ਵੱਲਭ ਸ੍ਰੀ ਕ੍ਰਿਸ਼ਨ ਚਰਣਾਰਬਿੰਦ ਦੇ ਦਾਸ ਦਾ ਵੀ ਦਾਸ ਹਾਂ।[149] ਅਜਿਹੀ ਭਾਵਨਾ ਮੱਧ-ਕਾਲੀਨ ਸੰਤ-ਕਵੀਆਂ ਦੀ ਬਾਣੀ ਵਿਚ ਵੀ ਵਿਦਮਾਨ ਹੈ।

ਪ੍ਰੇਮ-ਪ੍ਰੀਤੀ ਦੇ ਅਨੁਭਵ ਵਿਚ ਹੀ ਮੋਖਸ਼ ਹੈ। ਦਿਵਯ ਲੋਕ ਵਿਚ ਸਥਿਤ ਆਤਮਾ ਆਪਣੇ ਆਪ ਨੂੰ ਦਾਸ ਦੇ ਰੂਪ ਵਿਚ ਅਨੁਭਵ ਕਰਦੀ ਹੈ ਅਤੇਉਸਦੇ ਪ੍ਰਤੀ ਭਗਤੀ ਭਾਵ ਰਖਦੀ ਹੈ। ਪ੍ਰੇਮ-ਭਗਤੀ ਹੀ ਯਥਾਰਥ ਮੁਕਤੀ ਹੈ। ਇਸਦੇ ਨਾਲ ਬਾਰ ਬਾਰ ਜਨਮ ਲੈਣ ਦਾ ਬੰਧਨ ਟੁੱਟ ਜਾਂਦਾ ਹੈ। ਅਤੇ ਆਤਮਾ ਈਸ਼ਵਰ ਦੇ ਸਮਾਨ ਪਦ ਪ੍ਰਾਪਤ ਕਰ ਲੈਂਦੀ ਹੈ। ਪ੍ਰੇਮਾ-ਭਗਤੀ ਦੀ ਸ੍ਰੇਸ਼ਠਤਾ ਸੰਬੰਧੀ ਸ੍ਰੀ ਜੀਵ ਗੋਸਵਾਮੀ ਲਿਖਦੇ ਹਨ ਕਿ ਚਾਹੇ ਬ੍ਰਹਮ ਦੇ ਅੰਤਰਗਿਆਨ ਦੇ ਵਿਸ਼ੇ ਵਿਚ ਜੀਵਨ ਮੁਕਤੀ ਸੰਭਵ ਹੈ ਪਰੰਤੂ ਭਗਵਾਨ ਦੇ ਪ੍ਰੇਮ ਲਈ ਇਹ ਉਪਯੋਗੀ ਨਹੀਂ।[150]

ਇਸ ਮੱਤ ਵਿਚ ਭਗਤੀ ਹੀ ਮੁਕਤੀ ਦਾ ਸਾਧਨ ਹੈ। ਮੁਕਤੀ ਪੰਜ ਪ੍ਰਕਾਰ ਦੀ ਮੰਨੀ ਗਈ ਹੈ। ਸਾਰਸ਼ਟੀ, ਸਾਰੂਪਯ, ਸਾਲੋਕਯ, ਸਾਮੀਪਯ ਅਤੇ ਸਾਯੁਜਯ। ਪਹਿਲੇ ਚਾਰ ਪ੍ਰਕਾਰ ਦੀ ਮੁਕਤੀ ਲਈ ਭਗਤ ਮੁਕਤੀ ਦੀ ਕਾਮਨਾ ਕਰਦੇ ਹਨ ਪਰੰਤੂ ਪੰਜਵੀਂ ਪ੍ਰਕਾਰ ਦੀ ਮੁਕਤੀ ਵਿਚ ਭਗਤ ਕ੍ਰਿਸ਼ਨ-ਪ੍ਰੇਮ ਵਿਚ ਆਨੰਦ -ਵਿਭੋਰ ਰਹਿਣਾ ਚਾਹੁੰਦੇ ਹਨ।

ਇਸ ਤੋਂ ਇਲਾਵਾ ਇਸ ਮੱਤ ਵਿਚ ਪ੍ਰਾਣੀਆਂ ਪ੍ਰਤੀ ਦਇਆ, ਨੈਤਿਕ ਗੁਣਾਂ ਨਿਮਰਤਾ, ਸ਼ਾਂਤੀ ਭਾਵ, ਸੰਸਾਰਿਕ ਇਛਾਵਾਂ ਪ੍ਰਤੀ ਅਰੁੱਚੀ ਅਤੇ ਹਿਰਦੇ ਦੀ ਪਵਿਤਰਤਾ ਆਦਿ ਤੇ ਬਲ ਦਿੱਤਾ ਗਿਆ ਹੈ।

ਇਸ ਤਰ੍ਹਾਂ ਚੈਤੰਨਯ ਮਹਾਂਪ੍ਰਭੂ ਨੇ ਭਗਤੀ ਅੰਦੋਲਨ ਵਿਚ ਉਪਯੋਗੀ ਹਿੱਸਾ ਪਾਇਆ।

## ਭਗਤੀ ਅੰਦੋਲਨ:

ਕਿਸੇ ਵੀ ਵਿਚਾਰਧਾਰਾ, ਦੇ ਉਦੈ, ਵਿਕਾਸ ਅਤੇ ਫਿਰ ਕ੍ਰਾਂਤੀ ਜਾਂ ਅੰਦੋਲਨ ਦਾ ਰੂਪ ਧਾਰਣ ਦੇ ਪਿਛੋਕੜ ਵਿਚ ਵਿਸ਼ੇਸ਼ ਪਰਿਸਥਿਤੀਆਂ, ਨਵੀਨ ਪ੍ਰਵਿਰਤੀਆਂ ਅਤੇ

ਪ੍ਰਾਚੀਨ ਪਰੰਪਰਾਵਾਂ ਹੁੰਦੀਆਂ ਹਨ। ਮੱਧ-ਯੁਗ ਦੀ ਭਗਤੀ ਲਹਿਰ ਦੇ ਪੂਰਨ ਜੋਬਨ ਵਿਚ ਲਹਿਰਾਉਣ ਦੇ ਨਿਮਨਲਿਖਤ ਕਾਰਣ ਹਨ - 1. ਰਾਜਨੈਤਿਕ, 2.ਧਾਰਮਿਕ 3.ਸਮਾਜਿਕ 4. ਸਾਹਿਤਕ

<u>ਰਾਜਨੈਤਿਕ ਕਾਰਣ:-</u> 10ਵੀਂ ਸਦੀ ਤੋਂ ਲੈ ਕੇ ਸਤਾਰ੍ਹਵੀਂ ਸਦੀ ਦਾ ਸਮਾਂ ਹਿੰਦੁਸਤਾਨ ਦੀ ਰਾਜਨੀਤੀ ਵਿਚ ਬਹੁਤ ਉਥਲ-ਪੁਥਲ ਦਾ ਸਮਾਂ ਸੀ। ਇਸ ਸਮੇਂ ਰਾਜਨੈਤਿਕ ਸਥਿਤੀ ਅਸ਼ਾਂਤ ਅਤੇ ਅਸੰਤੁਲਿਤ ਬਣੀ ਰਹੀ ਕਿਉਂਕਿ ਭਾਰਤ ਤੇ ਅਰਬਾਂ ਦੇ ਹਮਲੇ ਵਿਕਰਮੀ ਛੇਵੀਂ-ਸੱਤਵੀ ਸ਼ਤਾਬਦੀ ਤੋਂ ਸ਼ੁਰੂ ਹੋ ਗਏ ਸਨ। ਮੁਹੰਮਦ ਗਜ਼ਨਵੀਂ ਨੇ ਭਾਰਤ ਤੇ 70 ਹਮਲੇ ਕੀਤੇ। ਸਭ ਤੋਂ ਵਧ ਕਰੁਣਾਮਈ ਅਵਸਥਾ ਉਸ ਸਮੇਂ ਹੋਈ ਜਦੋਂ ਹਿੰਦੂਆਂ ਦੇ ਸਾਹਮਣੇ ਉਨ੍ਹਾਂ ਦੇ ਦੇਵਤਿਆਂ ਦੇ ਮੰਦਰ ਮਿੱਟੀ ਵਿਚ ਮਿਲਾ ਦਿਤੇ ਗਏ ਅਤੇ ਦੇਵ-ਮੂਰਤੀਆਂ ਬੁੱਤ-ਸ਼ਿਕਨੀ ਦੇ ਸਿਧਾਂਤ ਅਧੀਨ ਤੋੜ ਦਿਤੀਆਂ ਗਈਆਂ। ਵਿਸ਼ੇਸ਼ ਕਰਕੇ 1025 ਈ. ਵਿਚ ਮੁਹੰਮਦ ਗਜ਼ਨਵੀ ਨੇ ਸੋਮਨਾਥ ਦੇ ਮੰਦਰ ਤੇ ਹਮਲਾ ਕਰਕੇ ਭਾਰਤੀ-ਚੇਤਨਾ ਨੂੰ ਬੁਰੀ ਤਰ੍ਹਾਂ ਝੰਜੋੜ ਦਿੱਤਾ।[151] ਭਗਤੀ-ਭਾਵ ਨਾਲ ਭਰਪੂਰ ਹਿਰਦਿਆਂ ਲਈ ਧਨ-ਮਾਲ ਦੀ ਲੁਟ ਦਾ ਕੋਈ ਅਰਥ ਨਹੀਂ ਸੀ ਕਿਉਂਕਿ ਉਨ੍ਹਾਂ ਨੇ ਮਾਇਆ ਦਾ ਪਰਿਤਿਆਗ ਕੀਤਾ ਹੋਇਆ ਸੀ ਪਰੰਤੂ ਭਗਵਾਨ ਦੀਆਂ ਮੂਰਤੀਆਂ ਦੀ ਭੰਨ-ਤੋੜ ਅਤੇ ਲੁਟ ਨੇ ਉਨ੍ਹਾਂ ਦੇ ਮਨ ਵਿਚ ਪੱਕੀਆਂ ਮੂਰਤੀਆਂ ਜ਼ਰੂਰ ਬਣਾ ਦਿਤੀਆਂ ਉਨ੍ਹਾਂ ਨੇ ਪ੍ਰਭੂ -ਪ੍ਰੀਤਮ ਨੂੰ ਮੰਦਰਾਂ ਦੀ ਥਾਂ ਹਿਰਦੇ- ਮੰਦਰਾਂ ਵਿਚ ਸਥਾਨ ਦੇ ਕੇ ਸੰਭਾਲ ਲਿਆ। ਮਨ-ਮੰਦਰ ਵਿਚੋਂ ਫੁੱਟੇ ਭਾਵਾਂ, ਮਨੋਭਾਵਾਂ ਅਤੇ ਉਦਗਾਰਾਂ ਨੂੰ ਧਰਤੀ ਦੇ ਵਿਸ਼ਾਲ ਹਿਰਦੇ ਤੇ ਉਕੱਰ ਦੇ ਜਨ-ਜਨ ਅਤੇ ਕਣ-ਕਣ ਵਿਚ ਵਿਆਪਨ ਕਰ ਦਿੱਤਾ।

ਉਸ ਸਮੇਂ ਰਾਜਨੀਤੀ ਧਾਰਮਿਕ-ਅੰਨ੍ਹੇਪਣ ਦੀ ਦਾਸੀ ਬਣੀ ਹੋਈ ਸੀ। ਤੈਮੂਰ ਨੇ ਆਪਣੇ ਆਕਰਮਣ ਕਰਨ ਦਾ ਉਦੇਸ਼ ਦਸਦੇ ਹੋਏ ਲਿਖਿਆ ਹੈ ਕਿ ਭਾਰਤ ਤੇ ਹਮਲਾ ਕਰਨ ਦਾ ਮੇਰਾ ਮਨੋਰਥ ਕਾਫ਼ਰਾਂ ਨੂੰ ਦੰਡ ਦੇਣਾ ਹੈ ਅਤੇ ਬਹੁਦੇਵਵਾਦ ਅਤੇ ਮੂਰਤੀ ਪੂਜਾ ਦਾ ਅੰਤ ਕਰਕੇ ਗਾਜ਼ੀ ਅਤੇ ਮੁਜਾਹਿਦ ਆਦਿ ਉਹ ਪਦਵੀਆਂ ਪ੍ਰਾਪਤ ਕਰਨਾ ਹੈ।[152] ਅਸਲ ਵਿਚ ਮੁਸਲਮਾਨਾਂ ਦਾ ਲਕਸ਼, ਹਿੰਦੁਸਤਾਨ ਵਿਚ ਮੁਸਲਮਾਨੀ ਰਾਜ ਸਥਾਪਿਤ ਕਰਨ ਦੇ ਨਾਲ ਆਪਣੇ ਧਰਮ ਨੂੰ ਵੀ ਸਥਾਪਿਤ ਕਰਨਾ ਸੀ। ਉਹ " ਅੱਲਾ ਹੂ" ਦੀ ਗੂੰਜ ਮੰਦਰਾਂ ਵਿਚ ਸੁਨਣਾ ਚਾਹੁੰਦੇ ਸਨ।

ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਇਆ ਜਾਂਦਾ ਸੀ। ਇਕ ਦਿਨ ਵਿਚ

ਹੀ ਲੱਖ ਲੱਖ ਬੰਦਿਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ। ਲੋਕਾਂ ਦੀ ਨਾਂ ਤਾਂ ਜਾਨ ਸੁਰੱਖਿਅਤ ਸੀ ਅਤੇ ਨਾ ਹੀ ਸੰਪਤੀ। ਮੋਰਲੈਂਡ ਨੇ ਲਿਖਿਆ ਹੈ ਕਿ ਫਿਰੋਜ਼-ਤੁਗਲਕ ਨੇ ਮਾਲਵਾ ਨਗਰ ਨੂੰ ਦੋ ਵਾਰੀ ਇਸ ਤਰ੍ਹਾਂ ਲੁਟਿਆ ਕਿ ਸ਼ਹਿਰ ਵਿਚ ਮਿੱਟੀ ਤੋਂ ਇਲਾਵਾ ਕੁਝ ਨਜ਼ਰ ਨਹੀਂ ਸੀ ਆਉਂਦਾ। ਹਿੰਦੂਆਂ ਦੇ ਨਾਲ ਬਹੁਤ ਭੇਦ-ਭਾਵ ਕੀਤਾ ਜਾਂਦਾ ਸੀ ਉਨ੍ਹਾਂ ਨੂੰ ਉੱਚੇ ਪਦ ਨਹੀਂ ਦਿਤੇ ਜਾਂਦੇ ਸਨ। ਜੇਕਰ ਕੋਈ ਆਪਣੀ ਯੋਗਤਾ ਨਾਲ ਇਸ ਦੀ ਪ੍ਰਾਪਤੀ ਕਰ ਲੈਂਦਾ ਸੀ ਤਾਂ ਉਸ ਨੂੰ ਵੀ ਈਰਖਾਲੂ, ਮੁਸਲਮਾਨ ਕਿਸੇ ਨਾ ਕਿਸੇ ਤਰ੍ਹਾਂ ਕਤਲ ਕਰਵਾ ਦਿੰਦੇ। ਗੁਲਾਮੀ ਹਿੰਦੂਆਂ ਲਈ, ਅਭਿਸ਼ਾਪ ਬਣ ਗਈ। ਲੱਖਾਂ ਦੀ ਗਿਣਤੀ ਵਿਚ ਲੋਕਾਂ ਨੂੰ ਮੁਸਲਮਾਨ, ਬਣਾਇਆ ਜਾਣ ਲੱਗਾ। ਫਿਰੋਜ਼ ਤੁਗਲਕ ਦੇ ਗੁਲਾਮਾਂ ਦੀ ਸੰਖਿਆ ਦੋ ਲੱਖ ਸੀ।[153] ਇਸਤ੍ਰੀਆਂ ਨੂੰ ਵੀ ਗੁਲਾਮ ਬਣਾਇਆ ਜਾਂਦਾ ਸੀ ਅਲਾਉਦੀਨ ਖਿਲਜੀ ਨੇ ਆਪਣੇ ਸ਼ਾਸ਼ਨ-ਕਾਲ ਵਿਚ ਇਕੱਲੇ ਹੀ ਖੰਭਾਤ ਨਗਰ ਤੋਂ 20 ਹਜ਼ਾਰ ਔਰਤਾਂ ਨੂੰ ਗੁਲਾਮ ਬਣਾ ਕੇ ਲਿਆਂਦਾ।[154] ਲਗਭਗ ਪੂਰੀ ਤੇਰ੍ਹਵੀਂ ਸ਼ਤਾਬਦੀ ਵਿਚ ਗੁਲਾਮ-ਵੰਸ਼ ਦਾ ਰਾਜ ਰਿਹਾ। ਅਲਾਉਦੀਨ ਖਿਲਜੀ ਕਹਿੰਦਾ ਹੈ ਸੀ ਕਿ ਹਿੰਦੂ ਲੋਕ ਤਦ ਤਕ ਨਿਮਰਤਾ ਵਾਲੇ ਆਗਿਆਕਾਰੀ ਨਹੀਂ ਬਣ ਸਕਦੇ ਜਦੋਂ ਤਕ ਇਨ੍ਹਾਂ ਨੂੰ ਪੂਰਨ ਦਲਿੱਦਰਤਾ ਵਾਲੇ ਨਹੀਂ ਬਣਾਇਆ ਜਾਂਦਾ।[155]

ਇਸ਼ ਤੋਂ ਬਾਅਦ ਚੌਦਵੀਂ ਸਦੀ ਵਿਚ ਲੋਧੀ ਵੰਸ਼ ਦਾ ਰਾਜ ਰਿਹਾ। ਇਹ ਵੀ ਧਾਰਮਿਕ ਆਕਰਮਣ ਕਰਨ ਵਿਚ ਘਟ ਨਹੀਂ ਸਨ। ਇਕ ਤੋਂ ਇਕ ਅਤਿਆਚਾਰ ਵਧਦੇ ਗਏ। ਮੁਸਲਮਾਨ ਸ਼ਾਸਕ ਸੁੰਦਰ ਇਸਤਰੀਆਂ ਦਾ ਅਪਹਰਣ ਕਰਦੇ ਅਤੇ ਮੁਸਲਮਾਨ ਬਣਾ ਕੇ ਸ਼ਾਦੀ ਕਰਵਾ ਲੈਂਦੇ। ਸਧਾਰਣ ਮੁਸਲਮਾਨ ਵੀ ਪਾਪ ਕਰਨ ਤੋਂ ਨਾ ਡਰਦੇ। ਇਸ ਸਮੇਂ ਭਾਰਤੀ ਜਨਤਾ ਨੂੰ ਇਨਸਾਫ਼ ਨਹੀਂ ਮਿਲਦਾ ਸੀ।

ਇਸ ਤਰ੍ਹਾਂ ਰਾਜਨੈਤਿਕ ਦ੍ਰਿਸ਼ਟੀ ਤੋਂ ਇਹ ਸਮਾਂ ਅਤਿਆਚਾਰਾਂ ਜ਼ੁਲਮਾਂ, ਪਾਪਾਂ ਧਾਰਮਿਕ ਔਖ੍ਰੇਪਣ ਸੰਕੀਰਣਤਾ ਦੇ ਕਾਰਣ ਅਵਿਵਸਥਾ, ਅਸ਼ਾਂਤੀ ਅਤੇ ਅਰੱਖਿਆ ਦਾ ਯੁੱਗ ਸੀ। ਮੁਸਲਮਾਨਾਂ ਦੀ ਹਕੂਮਤ ਦੇ ਦਬਾਉ ਹੇਠ ਹਿੰਦੂ ਜਨਤਾ ਦੇ ਹਿਰਦੇ ਪਹਿਲਾਂ ਵਾਲੇ ਗੌਰਵ ਅਤੇ ਉਤਸ਼ਾਹ ਤੋਂ ਖਾਲੀ ਹੋ ਗਏ। ਅਜਿਹੀ ਵਿਗੜੀ ਹੋਈ ਸਥਿਤੀ ਵਿਚ ਨਾ ਉਹ ਵੀਰਤਾ ਦੇ ਗੁਣ, ਗਾ ਸਕਦੇ ਸਨ ਅਤੇ ਨਾ ਹੀ ਦੇਸ਼ ਵਾਸੀਆਂ ਨੂੰ ਵੀਰਤਾ ਅਤੇ ਬਹਾਦਰੀ ਦੀ ਪ੍ਰੇਰਣਾ ਦੇ ਸਕਦੇ ਸਨ। ਇਸ ਸਮੇਂ ਨਿਰਾਸ਼ ਅਤੇ ਬੇਚੈਨ ਜਨਤਾ ਕੋਲ ਭਗਤੀ ਦੀ ਸ਼ਕਤੀ ਦਾ ਸਹਾਰਾ ਲੈਣ ਅਤੇ ਪ੍ਰਭੂ-ਪ੍ਰੇਮ ਦੀ ਗੀਤ ਗਾਉਣ ਤੋਂ ਬਿਨਾਂ ਕੋਈ

ਚਾਰਾ; ਨਹੀਂ ਸੀ। ਹਿੰਦੀ ਦੇ ਪ੍ਰਸਿੱਧ ਆਲੋਚਕ ਆਚਾਰਯ ਰਾਮ ਚੰਦਰ ਸ਼ੁਕਲ ਵੀ ਭਗਤੀ ਅੰਦੋਲਨ ਦਾ ਉਦੇ ਰਾਜਨੈਤਿਕ ਪਰਸਥਿਤੀਆਂ ਕਾਰਣ ਹੋਇਆ ਮੰਨਦੇ ਹਨ। ਉਹ ਲਿਖਦੇ ਹਨ"ਦੇਸ਼ ਵਿਚ ਮੁਸਲਮਾਨਾਂ ਦਾ ਰਾਜ ਕਾਇਮ ਹੋਣ ਜਾਣ ਤੇ ਹਿੰਦੂ ਜਨਤਾ ਦੇ ਦਿਲ ਵਿਚ ਗੌਰਵ ਅਤੇ ਉਤਸ਼ਾਹ ਲਈ ਥਾਂ ਨਾ ਰਿਹਾ। ਉਨ੍ਹਾਂ ਦੇ ਸਾਹਮਣੇ ਦੇਵ ਮੰਦਰ ਢੇ-ਢੇਰੀ ਕੀਤੇ ਜਾਂਦੇ ਸਨ, ਦੇਵ ਮੂਰਤਾਂ ਤੋੜੀਆਂ ਜਾਂਦੀਆਂ ਸਨ ।.... ਅਗੇ ਚਲ ਕੇ ਜਦੋਂ ਮੁਸਲਿਮ ਸਾਮਰਾਜ ਦੂਰ ਤਕ ਕਾਇਮ ਹੋ ਗਿਆ ਤਾਂ ਪਰਸਪਰ ਲੜਨ ਵਾਲੇ ਸੁਤੰਤਰ ਰਾਜ ਵੀ ਨਾ ਰਹੇ। ਏਡੀ ਭਾਰਤੀ ਰਾਜਨੈਤਿਕ ਉਥਲ ਪੁਥੱਲ ਪਿਛੋਂ ਹਿੰਦੂ ਜਨਤਾ ਉਤੇ ਬਹੁਤ ਦਿਨਾਂ ਤਕ ਉਦਾਸੀ ਛਾਈ ਰਹੀ। ਆਪਣੀ ਸੂਰਬੀਰਤਾ ਤੋਂ ਨਿਰਾਸ਼ ਹੋ ਚੁੱਕੀ ਕੌਮ ਲਈ ਭਗਵਾਨ ਦੀ ਸ਼ਕਤੀ ਅਤੇ ਕਰੁਣਾ ਵਲ ਧਿਆਨ ਲੈ ਜਾਣ ਤੋਂ ਛੁਟ ਦੂਜਾ ਰਸਤਾ ਹੀ ਕਿਹੜਾ ਸੀ।[156] ਅਜਿਹੇ ਅਸ਼ਾਂਤੀ, ਬੇਚੈਨੀ ਅਤੇ ਨਿਰਾਸ਼ਾ ਦੇ ਸਮੇਂ ਉਤਰੀ ਭਾਰਤ ਵਿਚ ਕਾਲ-ਦਰਸ਼ੀ ਭਗਤ ਕਵੀਆਂ ਨੇ ਜਨਤਾ ਦੇ ਹਿਰਦੇ ਨੂੰ ਸੰਭਾਲਣ ਅਤੇ ਲੀਨ ਰਖਣ ਲਈ ਦੱਬੀ ਹੋਈ ਭਗਤੀ ਨੂੰ ਜਗਾਇਆ। ਇਨ੍ਹਾਂ ਭਗਤ ਕਵੀਆਂ ਨੇ ਜਨ-ਭਾਸ਼ਾ ਵਿਚ ਜ਼ਾਤ ਪਾਤ ਦੇ ਭੇਦ-ਭਾਵ ਨੂੰ ਦੂਰ ਕਰਕੇ ਭਗਤੀ ਅੰਦੋਲਨ ਵਿਚ ਯੋਗਦਾਨ ਪਾਇਆ। ਦੱਖਣੀ ਭਾਰਤ ਵਿਚ ਇਹ ਕਾਰਜ ਆਚਾਰਯਾਂ ਨੇ ਆਪਣੇ ਹੱਥ ਵਿਚ ਲਿਆ।

<u>ਧਾਰਮਿਕ ਕਾਰਣ:-</u> ਹਿੰਦੂ ਧਰਮ ਦੀ ਪ੍ਰਾਚੀਨਤਾ ਇਸ ਦੀ ਵਿਸ਼ਾਲਤਾ ਦੀ ਸੂਚਕ ਹੈ। ਵੈਦਿਕ ਭਗਤੀ, ਉਪਨਿਸ਼ਦਕ ਭਗਤੀ, ਨਾਰਦ-ਸੂਤਰਾਂ ਵਿਚ ਭਗਤੀ, ਭਗਵਤ-ਗੀਤਾ ਅਨੁਸਾਰ ਭਗਤੀ; ਅਦਵੈਤਵਾਦ . . ਵਿਸ਼ਿਟਾਦਵੈਤਵਾਦ, ਦਵੈਤਵਾਦ, ਦਵੈਤਾਦਵੈਤਵਾਦ, ਸ਼ੁਧ ਅਦਵੈਤਵਾਦ ਅਨੁਸਾਰ ਭਗਤੀ, ਛੇ ਦਰਸ਼ਨਾਂ ਅਨੁਸਾਰ ਭਗਤੀ, ਆਲਵਾਰਾਂ ਦੀ ਭਗਤੀ , ਰਾਮਾਨੰਦ ਦੀ ਭਗਤੀ, ਸੂਫੀ ਸਾਧਕਾਂ ਦੀ ਭਗਤੀ ਅਤੇ ਅਜਿਹੀਆਂ ਹੋਰ ਛੋਟੀਆਂ ਮੋਟੀਆਂ ਭਗਤੀਆਂ ਦਾ ਪੁੰਜ ਹੈ। ਸਮੇਂ ਸਮੇਂ ਤੇ ਪੁਰਾਣੇ ਵਿਚਾਰਾਂ ਵਿਚ ਥੋੜੇ-ਬਹੁਤੇ ਪਰਿਵਰਤਨ ਨਾਲ ਨਵੇਂ ਵਿਚਾਰ ਨਵੀਂ ਸੰਪ੍ਰਦਾਇ ਨੂੰ ਜਨਮ ਦਿੰਦੇ ਰਹੇ। ਹਰ ਸੰਪ੍ਰਦਾਇ ਵਿਚ ਥੋੜਾ ਬਹੁਤ ਕਥਨੀ ਅਤੇ ਕਰਨੀ ਵਿਚ ਅੰਤਰ ਹੁੰਦਾ । ਅਜਿਹੇ ਅੰਤਰਾਂ ਨੇ ਵਿਥਾਂ ਅਤੇ ਵਿਤਕਰਿਆਂ ਦਾ ਰੂਪ ਧਾਰਣ ਕਰਕੇ ਭਾਰਤੀ ਧਾਰਮਿਕ ਸਮਾਜਿਕ ਢਾਂਚੇ ਨੂੰ ਅਸੰਤੁਲਿਤ ਕਰ ਦਿੱਤਾ।

ਉਹੀ ਦਾਰਸ਼ਨਿਕ ਸਿਧਾਂਤ ਜਿਨ੍ਹਾਂ ਨੇ ਲਗਭਗ ਸਾਰੇ ਵਿਸ਼ਵ ਨੂੰ ਪ੍ਰਭਾਵਿਤ ਕੀਤਾ ਸੀ ਸਮੇਂ ਦੇ ਬੀਤਣ ਨਾਲ ਕੁਰੀਤੀਆਂ ਦਾ ਸ਼ਿਕਾਰ ਹੋ ਗਏ। ਬ੍ਰਹਮ ਦੇ ਸਰੂਪ ਨੂੰ ਗੁੰਝਲਦਾਰ ਬਣਾ ਦਿੱਤਾ ਗਿਆ। ਬ੍ਰਹਮ ਨੂੰ ਮੰਦਰਾਂ ਵਿਚ ਸੀਮਤ ਕਰ ਦਿੱਤਾ। ਹਿੰਦੂ ਹੀ ਨਹੀਂ ਬੁੱਧ ਧਰਮ ਦੇ ਅਨੁਯਾਈ ਵੀ ਮੂਰਤੀਆਂ ਦੀ ਪੂਜਾ ਕਰਨ ਲਗੇ। ਇਕ ਸਮਾਂ

ਅਜਿਹਾ ਆਇਆ ਕਿ ਮੂਰਤੀਆਂ ਦੀ ਸੰਖਿਆ ਹਿੰਦੂਆਂ ਨਾਲੋਂ ਵੱਧ ਗਈ ਇਕ ਮੁਸਲਮਾਨ ਇਤਿਹਾਸਕਾਰ ਨੇ ਜੋ 347 ਈ: ਵਿਚ ਭਾਰਤ ਵਿਚ ਸੀ, ਲਿਖਿਆ ਹੈ ਕਿ ਗੁਜਰਾਤ ਦੇ ਇਕ ਮੰਦਰ ਵਿਚ ਵੀਹ ਹਜ਼ਾਰ ਮੂਰਤੀਆਂ ਸਨ। ਕੇਵਲ ਬਨਾਰਸ ਵਿਚ ਹੀ 1454 ਮੰਦਰ ਸਨ। ਮੰਦਰਾਂ ਵਿਚ ਦੇਵ-ਦਾਸੀ ਦੀ ਪ੍ਰਥਾ ਜਿਸ ਆਦਰਸ਼ ਨਾਲ ਸ਼ੁਰੂ ਹੋਈ ਸੀ ਉਹ ਖ਼ਤਮ ਹੋ ਚੁੱਕੀ ਸੀ। ਸੋਮਨਾਥ ਦੇ ਮੰਦਰ ਵਿਚ 500 ਨੱਚਣ ਵਾਲੀਆਂ ਸਨ।

ਵਰਣ ਆਸ਼ਰਮ ਵਿਵਸਥਾ ਜਿਸ ਆਦਰਸ਼ ਨਾਲ ਆਰੰਭ ਕੀਤੀ ਗਈ ਸੀ ਉਹ ਵੀ ਵਿਲੀਨ ਹੋਣ ਲਗਾ। ਸਮਾਜ ਵਿਚ ਬ੍ਰਾਹਮਣਾਂ ਦਾ ਮਹੱਤਵ ਵਧਦਾ ਗਿਆ। ਅਤੇ ਉਸ ਨਾਲ ਸ਼ੂਦਰਾਂ ਦੀ ਸਥਿਤੀ ਦਿਨ-ਬ-ਦਿਨ ਨਿਘਰਦੀ ਗਈ। ਉਨ੍ਹਾਂ ਦੇ ਵਿਕਾਸ ਦੇ ਮਾਰਗ ਬੰਦ ਹੋ ਗਏ।[157] ਇਸ ਤਰ੍ਹਾਂ ਰਸਮਾਂ-ਰਿਵਾਜਾਂ ਮੂਰਤੀ ਪੂਜਾ, ਯੱਗਾਂ, ਊਚ-ਨੀਚ ਅਤੇ ਜਾਤ-ਪਾਤ ਦੇ ਵਿਤਕਰੇ ਕਰਮਕਾਂਡੀ ਪੂਜਾ, ਅਨੇਕ ਵਹਿਮਾਂ-ਭਰਮਾਂ, ਸ਼ੰਕਿਆਂ ਅੰਧ-ਵਿਸ਼ਵਾਸਾਂ ਅਤੇ ਬਾਹਰੀ ਆਚਾਰਾਂ ਵਿਵਹਾਰਾਂ ਨੇ ਹਿੰਦੂ ਧਰਮ ਨੂੰ ਵਿਕਰਤ ਕਰ ਦਿੱਤਾ।[158] ਅਜਿਹੀ ਸਥਿਤੀ ਵਿਚ ਹਿੰਦੂ ਧਰਮ ਵਿਰੁਧ ਹੋਰ ਕੋਈ ਧਰਮਾਂ ਨੇ ਅਵਾਜ਼ਾਂ ਉਠਾਣੀਆਂ ਸ਼ੁਰੂ ਕਰ ਦਿੱਤੀਆਂ। ਭਾਰਤੀ ਸਮਾਜ ਵਿਚ ਉਸ ਸਮੇਂ ਤਿੰਨ ਮਹੱਤਵਪੂਰਣ ਧਰਮ ਪ੍ਰਚਲਿਤ ਸਨ। f ਪਹਿਲਾ ਹਿੰਦੂ ਧਰਮ ਇਸ ਦੇ ਵਿਰੋਧ ਜਾਤ-ਪਾਤ ਵਿਰੋਧੀ ਧਰਮ ਖੜ੍ਹੇ ਸਨ ਜਿਵੇਂ ਬੁੱਧ ਮੱਤ ਆਦਿ। ਤੀਸਰਾ ਇਸਲਾਮ ਧਰਮ ਦਾ ਵੀ ਉਸ ਸਮੇਂ ਬੋਲਬਾਲਾ ਸੀ। ਮੁਸਲਿਮ ਸ਼ਾਸ਼ਕ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾ ਰਹੇ ਸਨ। ਉਨ੍ਹਾਂ ਦੇ ਪੂਜ-ਪੁਰਸ਼ਾਂ ਦਾ ਅਪਮਾਨ ਹੁੰਦਾ ਸੀ ਦੇਵ-ਮੰਦਰਾਂ ਨੂੰ ਤੋੜਿਆ ਜਾਂਦਾ ਸੀ ਇਸ ਤਰ੍ਹਾਂ ਜਨਤਾ ਬੇਚੈਨ ਹਿਰਦੇ ਨਾਲ ਅਸਲੀ ਸ਼ਾਂਤੀ ਨੂੰ ਲੱਭਣ ਤੀ ਤੋਲਾਸ਼ ਵਿਚ ਸੀ।

ਬੁੱਧ ਧਰਮ ਨੇ ਵੈਦਿਕ ਧਰਮ ਦੇ ਵਿਰੁਧ ਆਵਾਜ਼ ਉਠਾਈ। ਆਮ ਜਨਤਾ ਗੁੰਝਲਦਾਰ ਧਰਮ ਤੋਂ ਮੁਕਤੀ ਦੀ ਇਛੁੱਕ ਸੀ। ਪਰੰਤੂ ਅਗੇ ਚਲ ਕੇ ਬੁੱਧ ਧਰਮ ਵੀ ਵਿਕਰਤ ਹੋ ਗਿਆ। ਇਹ ਕਈ ਸ਼ਾਖਾਂ ਵਿਚ ਵੰਡਿਆ ਗਿਆ ਅਤੇ ਕੁਰੀਤੀਆਂ ਦਾ ਸ਼ਿਕਾਰ ਹੋ ਗਿਆ। ਸਿੱਧ ਸੰਪਦਰਦਾ, ਨਾਥ-ਸੰਪਰਦਾ ਆਦਿਪਹਿਲਾਂ ਤਾਂ ਸੁਧਾਰਵਾਦੀ ਸਨ ਪਰੰਤੂ ਕੁਝ ਸਮੇਂ ਬਾਅਦ ਇਹ ਸੂਫੀ ਸੰਪ੍ਰਦਾ ਸਾਹਮਣੇ ਮੱਧਮ ਪੈ ਗਈਆਂ।

ਅਜਿਹੇ ਸਥਿਤੀ ਜਦੋਂ ਸਿੱਧ ਅਤੇ ਨਾਥ ਸੰਪ੍ਰਦਾਵਾਂ ਵੀ ਵਿਕਰਤ ਹੋ ਗਈਆਂ ਨੂੰ ਮੁਖ ਰਖ ਕੇ ਕਈ ਵਿਦਵਾਨਾਂ ਨੇ ਇਸਲਾਮ ਨੂੰ ਭਗਤੀ ਅੰਦੋਲਨ ਦਾ ਕਾਰਣ ਮੰਨਿਆ ਕਿਉਂਕਿ ਉਨ੍ਹਾਂ ਅਨੁਸਾਰ ਇਸ ਨੇ ਮੱਧ-ਯੁਗੀਨ ਸੰਤਾਂ ਨੂੰ ਪ੍ਰਭਾਵਿਤ ਕੀਤਾ। ਪਰੰਤੂ ਡਾ. ਹਜ਼ਾਰੀ ਪ੍ਰਸਾਦਿ ਦਿਵੇਦੀ [159] ਅਤੇ ਡਾ. ਰਾਮ ਕੁਮਾਰ ਵਰਮਾ[160] ਸੰਤ -ਸਾਹਿਤ ਦਾ ਸਿੱਧਾ ਸੰਬੰਧ ਬੋਧ ਸਿਧਾਂ ਅਤੇ ਨਾਥਾਂ ਦੀਆਂ ਬਾਣੀਆਂ ਨਾਲ ਮੰਨਦੇ ਹਨ।

ਅਸਲ ਵਿਚ ਸੰਤ- ਸਾਹਿਤ ਤੇ ਸਮੁੱਚੇ ਭਾਰਤੀ ਦਰਸ਼ਨ ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ। ਉਨ੍ਹਾਂ ਦਾ ਆਧਾਰ ਅਨੁਭਵ ਗਿਆਨ ਹੈ। ਉਨ੍ਹਾਂ ਨੇ ਕਿਸੇ ਵੀ ਵਿਚਾਰਧਾਰਾ ਜਾਂ ਦਰਸ਼ਨ ਨੂੰ ਹੂ-ਬ-ਹੂ ਨਹੀਂ ਅਪਣਾਇਆ। ਉਨ੍ਹਾਂ ਦਾ ਮਨੋਰਥ ਉਸ ਸਮੇਂ ਦੀ ਧਾਰਮਿਕ ਰਾਜਨੈਤਿਕ ਪ੍ਰਸਥਿਤੀਆਂ ਦੇ ਅਨੁਕੂਲ ਸਰਵ ਸਾਂਝੇ ਮਾਰਗ ਦੀ ਖੋਜ ਸੀ। ਅਜਿਹੇ ਮਾਰਗ ਲਈ ਰਿਣਾਤਮਕ ਤੱਤਾਂ ਦਾ ਤਿਆਗ ਕੀਤਾ ਗਿਆ ਅਤੇ ਸਮੁੱਚੇ ਭਾਰਤੀ ਦਰਸ਼ਨ ਵਿਚ ਧਨਾਤਮਕ ਤੱਤਾਂ ਨੂੰ ਇਕੱਠਾ ਕਰਕੇ ਸਤਿਮਾਰਗ ਦੀ ਰੂਪ-ਰੇਖਾ ਤੇ ਸੰਤ-ਬਾਣੀ ਸਿਰਜੀ ਗਈ।

ਆਚਾਰਯ ਪਰਸ਼ੂਰਾਮ ਚਤੁਰਵੇਦੀ ਭਗਤੀ ਅੰਦੋਲਨ ਵਾਰੇ ਲਿਖਦੇ ਹਨ ਕਿ ਵਿਕਰਮੀ ਦੀ ਨੌਵੀਂ ਸ਼ਤਾਬਦੀ ਦੇ ਲਗਭਗ ਆਰੰਭ ਹੋਣ ਵਾਲਾ ਸਮਾਂ ਵਸਤੂ ਸਥਿਤੀ ਦੇ ਵਾਚਣ ਅਤੇ ਮੁਲਾਂਕਣ ਦਾ ਯੁਗ ਸੀ। ਇਸ ਸਮੇਂ ਵਿਚ ਪਹਿਲੀਆਂ ਪ੍ਰਚਲਿਤ ਵਿਚਾਰਧਾਰਾਵਾਂ ਦੀ ਆਲੋਚਨਾ ਕੀਤੀ ਗਈ ਅਤੇ ਦੋਸ਼ਾਂ ਵਿਚ ਸੁਧਾਰ ਨੀਤੀ ਅਪਣਾਈ ਗਈ ਸਭ ਦਾ ਉਦੇਸ਼ ਤਤਕਾਲੀਨ ਸਥਿਤੀ ਵਿਚ ਪ੍ਰੀਵਰਤਨ ਲਿਆਉਣਾ ਸੀ। ਇਨ੍ਹਾਂ ਸਭ ਦੇ ਉਦੇਸ਼ ਸੱਚੇ ਸਨ ਸਭ ਨੇ ਉਤਸ਼ਾਹ ਨਾਲ ਕਾਰਜ ਨਿਭਾਉਣਾ ਚਾਹਿਆ।[161]

ਅੱਠਵੀਂ ਸਦੀ ਵਿਚ ਪਰਮਾਰਥਕ ਉਦੇਸ਼ ਦੀ ਪੂਰਤੀ ਲਈ ਭਾਰਤ ਵਿਚ ਤਿੰਨ ਵੱਡੇ ਮਾਰਗ ਪ੍ਰਚਲਿਤ ਸਨ। ਕਰਮ ਮਾਰਗ, ਜੋਗ ਮਾਰਗ ਅਤੇ ਗਿਆਨ ਮਾਰਗ। ਵਰਤ, ਪੂਜਾ, ਹੋਮ, ਯੱਗ, ਤੀਰਥ-ਇਸ਼ਨਾਨ ਆਦਿ ਕਰਮਾਂ ਨੇ ਲੋਕਾਂ ਦਾ ਜੀਵਨ ਉਤੇ ਜਾਲ ਤਾਣਿਆਂ ਹੋਇਆ ਸੀ। ਲੋਕ ਭਾਂਤ ਭਾਂਤ ਦੇ ਕਰਮਾਂ ਵਿਚ ਬੱਝੇ ਹੋਏ, ਧਰਮ ਦੇ ਅਸਲੀ ਸਰੂਪ ਤੋਂ ਦੂਰ ਹੋ ਰਹੇ ਸਨ। ਜੋਗ, ਮਾਰਗ ਇਕ ਕਰੜਾ ਰਸਤਾ ਸੀ। ਇਹ ਰਿਧੀਆਂ ਸਿੱਧੀਆਂ, ਪ੍ਰਾਣਾਯਾਮ ਸਮਾਧੀਆਂ ਜਪ-ਤਪ ਆਦਿ ਦਾ ਕਠਨ ਮਾਰਗ ਸੀ। ਵੇਦਾਂਤ ਅਨੁਸਾਰ ਗਿਆਨ ਮਾਰਗ ਨੂੰ ਮਹਾਨਤਾ ਦਿਤੀ ਜਾਂਦੀ ਸੀ। ਦਰਸ਼ਨ-ਗ੍ਰੰਥਾਂ ਨੂੰ ਪੜ੍ਹਣਾ ਗਿਆਨ ਗੋਸ਼ਟੀਆਂ ਕਰਨਾ, ਬ੍ਰਹਮ-ਗਿਆਨ ਦੇ ਰਾਹੀਂ ਮੁਕਤੀ ਪ੍ਰਾਪਤ ਕਰਨਾ ਇਸ ਦਾ ਰਾਹ ਸੀ। ਇਹ ਤਿੰਨੇ ਰਸਤੇ ਸਿੱਖਰ ਤੇ ਪਹੁੰਚ ਕੇ ਲੋਕਾਂ ਦੇ ਆਮ ਜੀਵਨ ਤੋਂ ਟੁਟ ਰਹੇ ਸਨ। ਕਰਮਕਾਂਡ ਨੇ ਲੋਕਾਂ ਵਿਚ ਵਿਤਕਰੇ ਪੈਦਾ ਕਰ ਦਿੱਤੇ, ਗਿਆਨ ਮਾਰਗ ਬੜਾ ਖੁਸ਼ਕ ਅਤੇ ਰਸਹੀਣ ਸੀ ਅਤੇ ਜੋਗ ਮਾਰਗ ਬਹੁਤ ਖਿਖੜਾ ਸੀ। ਇਹ ਮਾਰਗ ਲੋਕਾਂ ਦੇ ਆਰਥਿਕ ਅਤੇ ਸਮਾਜਿਕ ਜੀਵਨ ਨਾਲ ਮੇਲ ਨਹੀਂ ਸਨ ਖਾਂਦੇ। ਇਸ ਸਮੇਂ ਪ੍ਰੇਮ-ਭਗਤੀ ਨੇ ਜਨਮ ਲਿਆ। ਭਗਤੀ ਦੀ ਲਹਿਰ ਦੀ ਬੁਨਿਆਦ -ਵੇਦਾਂਤ ਜਾਂ ਮਾਇਆਵਾਦ

ਵਿਰੁੱਧ ਜੀਵ ਨੂੰ ਈਸ਼ਵਰ ਦਾ ਪੈਦਾ ਕੀਤਾ ਹੋਇਆ ਪਰ ਉਸ ਤੋਂ ਵੱਖਰਾ ਮੰਨ ਕੇ ਸਭ ਮਨੁੱਖਾਂ ਨੂੰ ਈਸ਼ਵਰ ਦੀ ਪ੍ਰੇਮ ਭਗਤੀ ਦਾ ਹੱਕ ਦਿੱਤਾ।

ਚਾਹੇ ਸ੍ਰੀਮਦ ਭਾਗਵਤ, ਨਾਰਦ ਭਗਤੀ ਸੂਤਰ ਅਤੇ ਪੰਚਰਾਤ੍ਰ -ਸੰਹਿਤਾ ਭਗਤੀ ਦੇ ਮਹਤਵਪੂਰਣ ਗ੍ਰੰਥ ਹਨ ਅਤੇ ਉਨ੍ਹਾਂ ਵਿਚ ਭਗਤੀ ਦੀ ਮਹਿਮਾ ਗਾਈ ਗਈ ਹੈ ਫਿਰ ਵੀ ਅਠਵੀਂ ਸਦੀ ਵਿਚ ਜਦੋਂ ਕੁਮਾਰਿਲ ਨੇ ਯਗ ਆਦਿ ਕਰਮ-ਕਾਂਡ ਦੀ ਪ੍ਰਤਿਸ਼ਠਾ ਕੀਤੀ ਅਤੇ ਸ਼ੰਕਰਾਚਾਰਯ ਨੇ ਅਦਵੈਤਵਾਦ ਦਾ ਪ੍ਰਤੀਪਾਦਨ ਕੀਤਾ ਤਾਂ ਵੈਸ਼ਣਵ ਭਗਤੀ ਦਾ ਪ੍ਰਵਾਹ ਬੰਦ ਹੋ ਗਿਆ। ਬਾਰ੍ਹਵੀਂ ਸਦੀ ਵਿਚ ਰਾਮਾਨੁਜਾਚਾਰਯ ਦੇ ਪ੍ਰਭਾਵ ਨਾਲ ਫਿਰ ਭਗਤੀ ਦੀ ਪ੍ਰਤਿਸ਼ਠਾ ਵਧੀ ਅਤੇ ਪ੍ਰਾਪਤੀ ਨੂੰ ਮਹੱਤਵ ਦਿੱਤਾ ਗਿਆ। ਰਾਮਾਨੰਦ ਦੇ ਪ੍ਰਭਾਵ ਨਾਲ ਇਹ ਅੰਦੋਲਨ ਹੌਲੀ ਹੌਲੀ ਏਨਾ ਸ਼ਕਤੀਸ਼ਾਲੀ ਬਣਿਆ ਕਿ ਸਾਰਾ ਉਤਰੀ ਭਾਰਤ ਇਸ ਦੇ ਪ੍ਰਵਾਹ ਵਿਚ ਵਹਿ ਤੁਰਿਆ।

ਡਾ. ਬੀ ਪੀ ਸ਼ਰਮਾ ਵੀ ਭਗਤੀ ਅੰਦੋਲਨ ਦਾ ਨੇਤਾ ਸਵਾਮੀ ਰਾਮਾਨੰਦ ਨੂੰ ਮੰਨਦੇ ਹਨ। ਉਨ੍ਹਾਂ ਅਨੁਸਾਰ " ਸਵਾਮੀ ਰਾਮਾਨੰਦ ਵੈਸ਼ਣਵ ਭਗਤ ਸਨ ਅਤੇ ਰਾਮਾਨੁਜ ਮਗਰੋਂ ਮਧਕਾਲੀ ਦੇ ਵੈਸ਼ਣਵ ਭਗਤੀ ਸੰਪ੍ਰਦਾਇ ਦੇ ਸਭ ਤੋਂ ਵੱਡੇ ਪ੍ਰਭਾਵਸ਼ਾਲੀ ਨੇਤਾ ਸਨ। ਇਨ੍ਹਾਂ ਦੇ ਉਦਾਰ, ਸਰਲ ਅਤੇ ਪ੍ਰਗਤੀਸ਼ੀਲ ਵਿਅਕਤਿਤਵ ਨੇ ਸਾਰੇ ਉਤਰੀ ਭਾਰਤ ਵਿਚ ਵੈਸ਼ਣਵ ਭਗਤੀ ਨੂੰ ਲੋਕ-ਲਹਿਰ ਦਾ ਰੂਪ ਦਿਤਾ ਸੀ। ਮੱਧਕਾਲੀਨ ਅਸ਼ਾਂਤ ਅਤੇ ਵਿਸ਼ਮ ਪਰਸਥਿਤੀਆਂ ਵਿਚ ਸਵਾਮੀ ਰਾਮਾਨੰਦ ਦੀ ਸੰਤੁਲਿਤ, ਸਮਨਵੈ ਵਾਲੀ ਨਿਸ਼ਕਾਮ ਸਾਧਨਾ ਸਮੇਂ ਦੇ ਯੁੱਗ ਦਾ ਧਰਮ ਬਣ ਗਈ। ਰਾਮਾਨੰਦ ਦੀ ਵਿਸ਼ਿਸ਼ਟਾਦਵੈਤਵਾਦੀ ਰਾਗਾਨੁਮਾ ਰਾਮ ਭਗਤੀ ਇਸ ਯੁੱਗ ਦੀਆਂ ਕਠਨਾਈਆਂ ਦਾ ਸਮਾਧਾਨ ਕਰਨ ਦੇ ਸਮਰਥ ਹੋ ਸਕੀ। ਇਸ ਅੰਦੋਲਨ ਨੂੰ ਅਗੇ ਵਧਾਉਣ ਲਈ ਰਾਮਾਨੰਦ ਨੇ ਨੀਵੀਆਂ ਜਾਤੀਆਂ ਵਿਚੋਂ ਆਪਣੇ ਬਾਰ੍ਹਾਂ ਸ਼ਿਸ਼ ਚੁਣੇ।"[162]

ਡਾ. ਸਿੰਗਲ ਨੇ ਵੀ ਭਗਤੀ ਅੰਦੋਲਨ ਦਾ ਮੋਢੀ ਸ੍ਰੀ ਰਾਮਾਨੁਜਾਚਾਰਯ ਅਤੇ ਉਨ੍ਹਾਂ ਦੇ ਸ਼ਿਸ਼ ਸਵਾਮੀ ਰਾਮਾਨੰਦ ਨੂੰ ਮੰਨਿਆ ਹੈ। ਉਹ ਲਿਖਦੇ ਹਨ ਕਿ ਨਿਰਵਿਵਾਦ ਰੂਪ ਵਿਚ ਸਵਾਮੀ ਰਾਮਾਨੁਜਾਚਾਰਯ ( 1016-1137) ਈ: ਵੈਸ਼ਣਵ ਭਗਤੀ ਦੇ ਆਦਿ ਅਚਾਰੀਆ ਮੰਨੇ ਜਾਂਦੇ ਹਨ। ਇਨ੍ਹਾਂ ਦੀ ਹੀ ਸ਼ਿਸ਼ ਪਰੰਪਰਾ ਵਿਚੋਂ ਸਵਾਮੀ ਰਾਮਾਨੰਦ ਹੋਏ ਹਨ ਜਿਨ੍ਹਾਂ ਨੂੰ ਉਤੱਰੀ ਭਾਰਤ ਵਿਚ ਭਗਤੀ ਅੰਦੋਲਨ ਦਾ ਮੋਢੀ ਮੰਨਿਆ ਜਾਂਦਾ ਹੈ ਇਸ ਤੋਂ ਇਲਾਵਾ ਹੋਰ ਆਚਾਰੀਆਂ ਸ਼ੰਕਰ, ਮੱਧਵ, ਵੱਲਭ, ਨਿੰਬਾਰਕ ਅਤੇ ਚੈਤੰਨਯ ਮਹਾਂਪ੍ਰਭੂ ਨੇ ਵੀ ਜ਼ਰੂਰੀ ਯੋਗਦਾਨ ਪਾਇਆ।[163]

ਉੱਤਰ ਭਾਰਤ ਦਾ ਭਗਤੀ ਅੰਦੋਲਨ ਆਲਵਾਰਾਂ ਦੇ ਭਗਤੀ ਅੰਦੋਲਨ ਦਾ ਰਿਣੀ ਹੈ ਉਸ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਵਿਸ਼ਿਸ਼ਟਾਦਵੈਤਵਾਦ ਵਿਚ ਮਸ਼ਹੂਰ ਹੈ ਕਿ ਜਦੋਂ ਕਿਸੇ ਪਦ ਦਾ ਅਰਥ-ਭਾਵ ਸਮਝ ਨਹੀਂ ਆਉਂਦਾ ਸੀ ਤਾਂ ਸ੍ਰੀ ਰਾਮਾਨੁਜ ਆਲਵਾਰਾਂ ਦੇ ਧਾਰਮਿਕ ਗ੍ਰੰਥ ਨੈਲਿਯੇਰ ਪ੍ਰਬੰਧਮ ਤੋਂ ਉਚਿਤ ਜਾਣਕਾਰੀ ਪ੍ਰਾਪਤ ਕਰਦੇ ਸਨ। ਆਲਵਾਰਾਂ ਦੀਆਂ ਰਚਨਾਵਾਂ ਵਿਚ ਜੋ ਪ੍ਰੇਮ ਭਗਤੀ, ਬਿਰਹਾ ਦਾਸਾ ਭਗਤੀ, ਸਰਨਾਗਤੀ ਜੋ ਰੂਪ ਦਿਸਦਾ ਹੈ ਉਹ ਹੀ ਸੰਤ-ਕਵੀਆਂ ਨੂੰ ਵਿਰਸੇ ਵਿਚੋਂ ਪ੍ਰਾਪਤ ਹੋਇਆ।

ਸਾਰੰਸ਼ ਇਹ ਹੈ ਕਿ ਧਾਰਮਿਕ ਦ੍ਰਿਸ਼ਟੀ ਤੋਂ ਹਿੰਦੂ ਧਰਮ ਦੀਆਂ ਵਿਕ੍ਰਿਤੀਆਂ ਅਤੇ ਤਪ, ਗਿਆਨ, ਵੈਰਾਗ, ਕਰਮ-ਕਾਂਡ, ਵਿਰੋਧੀ ਪ੍ਰਵਿਰਤੀਆਂ, ਰਾਮਾਨੰਦ ਦਾ ਉਦਾਰ ਦ੍ਰਿਸ਼ਟੀਕੋਣ, ਸੱਚ, ਆਸਤਿਕਤਾ, ਵਿਰੋਧੀ ਧਰਮਾਂ ਦੇ ਅਤਿਆਚਾਰਾਂ ਨੇ ਮਿਲ ਕੇ ਭਗਤੀ ਨੂੰ ਅੰਦੋਲਨ ਦਾ ਰੂਪ ਗ੍ਰਹਿਣ ਕਰਨ ਲਈ ਮਜ਼ਬੂਰ ਕੀਤਾ।

<u>ਸਮਾਜਿਕ ਕਾਰਣ:-</u> ਰਾਜਨੀਤੀ ਅਤੇ ਧਰਮ ਦਾ ਕਾਰਜ-ਖੇਤਰ ਸਮਾਜ ਹੈ। ਰਾਜਨੈਤਿਕ ਅਤੇ ਧਾਰਮਿਕ ਪਰਿਸਥਿਤੀਆਂ ਦਾ ਪ੍ਰਭਾਵ ਸਮਾਜ ਤੇ ਪੈਂਦਾ ਹੈ। ਮੱਧਕਾਲੀਨ ਭਗਤੀ ਅੰਦੋਲਨ ਦੇ ਸਮੇਂ ਭਾਰਤ ਰਾਜਨੈਤਿਕ ਅਤੇ ਧਾਰਮਿਕ ਸੰਕਟ ਵਿਚੋਂ ਲੰਘ ਰਿਹਾ ਸੀ। ਮੁਸਲਮਾਨਾਂ ਦੀ ਹਕੂਮਤ ਹੋਣ ਕਾਰਣ ਹਿੰਦੂਆਂ ਵਿਚ ਹਾਰ ਦੀ ਮਨੋਬਿਰਤੀ ਘਰ ਕਰ ਚੁੱਕੀ ਸੀ ਨਿਰਾਸ਼ਾ ਅਤੇ ਬੇਚੈਨੀ ਦੇ ਅਨੁਭਵ ਕਾਰਣ ਉਨ੍ਹਾਂ ਦਾ ਮਨੋਬਲ ਕਮਜ਼ੋਰ ਹੋ ਚੁੱਕਾ ਸੀ। ਦੂਸਰੇ ਪਾਸੇ ਮੁਸਲਿਮ ਸ਼ਾਸਕ ਵਿਲਾਸਤਾ ਦੇ ਨਸ਼ੇ ਵਿਚ ਚੂਰ ਛਲ, ਕਪਟ, ਵਿਭਚਾਰ ਕਰ ਰਹੇ ਸਨ। ਦਾਸਤਾ ਦੀ ਪ੍ਰਥਾ ਦਿਨ-ਬ-ਦਿਨ ਭਿਆਨਕ ਬਣਦੀ ਜਾ ਰਹੀ ਸੀ ਇਸਤ੍ਰੀਆਂ ਅਤੇ ਬੱਚਿਆਂ ਤਕ ਨੂੰ ਗੁਲਾਮ ਬਣਾ ਲਿਆ ਜਾਂਦਾ ਸੀ। ਬਲਾਤਕਾਰ ਅਤੇ ਵਿਭਚਾਰ ਆਮ ਗੱਲ ਸੀ। ਇਸਤ੍ਰੀਆਂ ਅਤੇ ਲੜਕੇ ਬਜ਼ਾਰਾਂ ਵਿਚ ਆਮ ਵਿਕਦੇ ਸਨ। ਇਕ ਇਕ ਬਾਦਸ਼ਾਹ ਕੋਲ ਹਜ਼ਾਰਾਂ ਰਾਣੀਆਂ ਹੁੰਦੀਆਂ ਸਨ। ਮੁਹੰਮਦ ਤੁਗਲਕ ਦੇ ਸਿਪਾਹਸਲਾਰਾਂ ਖਾਨਜਹਾਂ ਕੋਲ ਭਿੰਨ ਭਿੰਨ ਜਾਤਾਂ ਅਤੇ ਦੇਸ਼ਾਂ ਦੀਆਂ ਦੋ ਹਜ਼ਾਰ ਇਸਤ੍ਰੀਆਂ[164] ਸਨ। ਵੇਸਵਾ ਵਿਰਤੀ ਆਮ ਸੀ। ਅਕਬਰ ਦੇ ਰਾਜਧਾਨੀ ਵਿਚ ਏਨੀਆਂ ਵੇਸ਼ਵਾਵਾਂ ਸਨ ਕਿ ਉਨ੍ਹਾਂ ਦੀ ਗਿਣਤੀ ਨਹੀਂ ਸੀ ਕੀਤੀ ਜਾ ਸਕਦੀ।[165]

ਹਿੰਦੂਆਂ ਨੂੰ ਸਮਾਜਿਕ ਰਾਜਨੈਤਿਕ ਅਤੇ ਆਰਥਿਕ ਹੱਕ ਪ੍ਰਾਪਤ ਨਹੀਂ ਸਨ। ਹਿੰਦੂਆਂ ਨੂੰ ਜ਼ਜੀਆ ਦੇਣਾ ਪੈਂਦਾ ਸੀ ਅਤੇ ਕਈਆਂ ਨੂੰ ਤਾਂ ਪੰਜਾਹ ਪ੍ਰਤੀਸ਼ਤ ਤਕ ਜਜ਼ੀਆ ਦੇਣਾ ਪੈਂਦਾ ਸੀ। ਇਹ ਤਾਂ ਸੀ ਮੁਸਲਮਾਨ ਵਲੋਂ ਸਮਾਜ ਵਿਚ ਪੈਦਾ ਕੀਤੀ ਸਥਿਤੀ ਜਿਸ

ਵਿਚ ਹਿੰਦੂਆਂ ਤੇ ਹਰ ਤਰ੍ਹਾਂ ਦੇ ਜ਼ੁਲਮ ਢਾਹੇ ਜਾਂਦੇ ਸਨ ਇਥੋਂ ਤਕ ਕਿ ਧਰਮ ਪਰਿਵਰਤਨ ਲਈ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਸੀ। ਮੁਸਲਮਾਨ ਸਮਾਜ ਹਿੰਦੂ ਸਮਾਜ ਨੂੰ ਹਰ ਖੇਤਰ ਵਿਚ ਨਫ਼ਰਤ ਦੀ ਦ੍ਰਿਸ਼ਟੀ ਨਾਲ ਪੇਸ਼ ਆਉਂਦਾ ਸੀ। ਭਾਰਤੀ ਸਮਾਜ ਦੀ ਸਥਿਤੀ ਆਪਣੇ ਕਰਮਾਂ ਜਾਂ ਕੁਕਰਮਾਂ ਸਦਕਾ ਵੀ ਅਸੰਤੁਲਿਤ ਹੋ ਚੁੱਕੀ ਸੀ। ਹਿੰਦੂ-ਧਰਮ ਵਰਗ-ਭੇਦ ਦੀ ਭਾਵਨਾ ਨਾਲ ਗ੍ਰਸਿਆ ਹੋਇਆ ਸੀ। ਸਮਾਂ ਪੈਣ ਨਾਲ ਜ਼ਾਤ ਪਾਤ ਦੇ ਬੰਧਨ ਹੋਰ ਵੀ ਦ੍ਰਿੜ ਹੋ ਗਏ। ਕੁਮਾਰਿਲ ਅਤੇ ਸ਼ੰਕਰਾਚਾਰਯ ਦੇ ਸਮੇਂ ਵਿਚ ਦੁਆਰਾ ਬਹਾ ਪ੍ਰਤਿਸ਼ਠਾ ਕਾਰਨ ਬ੍ਰਾਹਮਣਾਂ ਦਾ ਮਹੱਤਵ ਹੋਰ ਵੀ ਵੱਧ ਗਿਆ। ਉਸ ਸਮੇਂ ਦੀ ਸ਼ੂਦਰਾਂ ਦੀ ਸਥਿਤੀ ਸਮਾਜਿਕ ਵਿਸ਼ਮਤਾ ਦਾ ਸਹੀ ਚਿੱਤਰ ਪੇਸ਼ ਕਰਦੀ ਹੈ। ਸ਼ੂਦਰ ਨੂੰ ਆਪਣੇ ਕੋਲ ਇਕ ਡੰਕਾ ਰਖਣ ਦੀ ਹਦਾਇਤ ਸੀ ਤਾਂ ਕਿ ਉਹ ਉਸ ਨਾਲ ਆਵਾਜ਼ ਕਰਕੇ ਉਹ ਦੂਜੇ ਲੋਕਾਂ ਨੂੰ ਆਪਣੇ ਆਉਣ ਬਾਰੇ ਸੁਚੇਤ ਕਰਦਾ ਸੀ।[166] ਅਜਿਹੀ ਅਵਸਥਾ ਸਾਡੇ ਦੇਸ਼ ਵਿਚ ਅਠਾਰ੍ਹਵੀਂ ਸਦੀ ਤਕ ਪ੍ਰਚਲਿਤ ਰਹੀ। ਗੁਰੂ ਰਵਿਦਾਸ ਜੀ ਨੇ ਹਿੰਦੂਆਂ ਦੇ ਅਜਿਹੇ ਵਰਤਾਉ ਤੋਂ ਜਾਣੂ ਸਨ ਉਨ੍ਹਾਂ ਦੀ ਬਾਣੀ ਇਸ ਗਲ ਵਲ ਸੰਕੇਤ ਕਰਦੀ ਹੈ।

ਜਬ ਦੇਖਾ ਤਬ ਚਾਮੋ ਚਾਮ, ਚਾਮ ਮੰਦ੍ਰ ਮਾਹਿ ਖੇਲੈ ਰਾਮ
ਚਾਮ ਕਾ ਪੁਰਖ ਚਾਮ ਦੀ ਜੋ, ਚਾਮੋ ਚਾਮ ਮਿਲਾਵਾ ਹੋ
ਕਹਿ ਰਵਿਦਾਸ ਚਾਮ ਹਮਾਰ ਭਾਈ, ਚਾਮ ਮੰਦਰ ਮਹਿ ਰਾਮ
ਦੇਹਿ ਦਿਖਾਈ।[167]

ਉਸ ਸਮੇਂ ਦੇ ਸਮਾਜ ਵਿਚ ਅਛੂਤਾਂ ਦੀ ਆਰਥਿਕ ਹਾਲਤ ਬਹੁਤ ਨਿੱਘਰੀ ਹੋਈ ਸੀ। ਧਾਰਮਿਕ ਦ੍ਰਿਸ਼ਟੀ ਤੋਂ ਉਨ੍ਹਾਂ ਤੇ ਬਹੁਤ ਪ੍ਰਤੀਬੰਧ ਸਨ। ਉਨ੍ਹਾਂ ਨੂੰ ਸ਼ਹਿਰਾਂ ਤੋਂ ਬਾਹਰ ਰਹਿਣਾ ਪੈਂਦਾ ਸੀ। ਗਰੀਬੀ ਦੀਆਂ ਲਕੀਰਾਂ ਉਨ੍ਹਾਂ ਦੇ ਜਿਸਮ ਅਤੇ ਲਿਬਾਸ ਤੇ ਸਪਸ਼ਟ ਨਜ਼ਰ ਆਉਂਦੀਆਂ ਸਨ। ਗੁਰੂ ਰਵਿਦਾਸ ਜੀ ਇਨ੍ਹਾਂ ਦੀ ਤਰਸਯੋਗ ਹਾਲਤ ਬਾਰੇ ਲਿਖਦੇ ਹਨ:

ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ।[168]

ਅਜਿਹੇ ਸਮੇਂ ਵਿਚ ਉਨ੍ਹਾਂ ਨੇ ਹਰ ਦੁਖਿਆਰੇ, ਦੁਖਿਆਰੀ[169] ਨੂੰ ਨਾਮ ਜਪਣ ਦਾ ਉਪਦੇਸ਼ ਦਿੱਤਾ ਕਿਉਂਕਿ ਚਾਰੇ ਪਾਸੇ ਨਿਰਾਸ਼ ਅਤੇ ਦੁਖੀ ਲੋਕ ਹੀ ਨਜ਼ਰ ਆਉਂਦੇ ਸਨ। ਸਮੁੱਚਾ ਸਮਾਜ ਸਮਾਜਿਕ ਬੁਰਾਈ ਦੀ ਪਕੜ ਵਿਚ ਆ ਗਿਆ। ਮੁਸਲਮਾਨ ਵੀ ਇਨ੍ਹਾਂ ਬੁਰਾਈਆਂ ਤੋਂ ਨਾ ਬਚ ਸਕੇ। ਅਜਿਹੇ ਸਮੇਂ ਵਿਚ ਸ੍ਰੀ ਰਾਮਾਨੰਦ ਨੂੰ ਭਗਤੀ ਦਾ ਦੁਆਰ

ਸਭ ਲਈ ਖੁਲ੍ਹ ਦਿੱਤਾ ਅਤੇ ਕਿਹਾ :

ਜਾਤਿ ਪਾਤਿ ਪੂਛੈ ਨਹਿ ਕੋਈ
ਹਰਿ ਕੋ ਭਜੈ ਸੋ ਹਰਿ ਕਾ ਹੋਈ।

ਸਾਹਿਤਕ ਕਾਰਨ:- ਧਾਰਮਿਕ, ਰਾਜਨੈਤਿਕ, ਆਰਥਿਕ ਅਤੇ ਸਮਾਜਿਕ ਪਰਿਸਥਿਤੀਆਂ ਮਨੁੱਖ ਨੂੰ ਪੂਰੀ ਤਰ੍ਹਾਂ ਪ੍ਰਭਾਵਿਤ ਕਰਦੀਆਂ ਹਨ, ਉਸ ਤਰ੍ਹਾਂ ਲੇਖਕ, ਦਾਰਸ਼ਨਿਕ ਕਵੀ ਆਪਣੇ ਪੂਰਵਵਰਤੀ ਸਾਹਿਤ ਕਿਸੇ ਨਾ ਕਿਸੇ ਰੂਪ ਵਿਚ ਕੁਝ ਨਾ ਕੁਝ ਜ਼ਰੂਰ ਗ੍ਰਹਿਣ ਕਰਦਾ ਹੈ।

ਡਾ. ਹਜ਼ਾਰੀ ਪ੍ਰਸਾਦ ਦਿਵੇਦੀ ਨੇ ਲਿਖਿਆ ਹੈ ਕਿ ਜੇਕਰ ਕਬੀਰ ਆਦਿ ਨਿਰਗੁਣ ਮੱਤਵਾਦੀ ਸੰਤਾਂ ਦੀਆਂ ਬਾਣੀਆਂ ਦੀ ਰੂਪਰੇਖਾ ਤੇ ਵਿਚਾਰ ਕੀਤਾ ਜਾਵੇ ਤਾਂ ਪਤਾ ਲਗਦਾ ਹੈ ਇਹ ਸੰਪੂਰਨ ਤੌਰ ਤੇ ਭਾਰਤੀ ਹਨ ਅਤੇ ਬੁੱਧ ਧਰਮ ਦੇ ਅੰਤਿਮ ਸਿੱਧਾਂ ਅਤੇ ਨਾਥ ਪੰਥੀ ਯੋਗੀਆਂ ਦੇ ਪਦਾਂ ਆਦਿ ਨਾਲ ਇਸਦਾ ਸਿੱਧਾ ਸੰਬੰਧ ਹੈ ਉਹੀ ਭਾਵ ਉਹੀ ਭਾਸ਼ਾ, ਉਹੀ ਅਲੰਕਾਰ, ਛੰਦ ਅਤੇ ਪਰਿਭਾਸ਼ਿਕ ਸ਼ਬਦ।[170] ਇਸੇ ਤਰ੍ਹਾਂ ਸ੍ਰੀ ਦਿਨਕਰ ਅਤੇ ਤ੍ਰਿਲੋਚਨ ਪਾਂਡੇ[171] ਨੇ ਵੀ ਸੰਤ ਸਾਹਿਤ ਦਾ ਮੂਲ ਸਿੱਧ ਨਾਥਾਂ ਦੀਆਂ ਬਾਣੀਆਂ ਨੂੰ ਮੰਨਿਆ ਹੈ।

ਇਨ੍ਹਾਂ ਲੇਖਕਾਂ ਨੇ ਇਕ ਅੱਧੇ ਸੰਤ ਦੀ ਬਾਣੀ ਦੀ ਤੁਲਨਾ ਸਿੱਧਾਂ ਅਤੇ ਨਾਥਾਂ ਦੀ ਬਾਣੀ ਨਾਲ ਕਰਕੇ ਉਪਰੋਕਤ ਸਿੱਟਾ ਕੱਢ ਲਿਆ ਹੈ। ਅਸਲ ਵਿਚ ਜੇਕਰ ਸਭ ਸੰਤਾਂ ਅਤੇ ਗੁਰੂਆਂ ਦੀ ਬਾਣੀ ਦਾ ਸਿੱਧ ਅਤੇ ਨਾਥ ਸਾਹਿਤ ਨਾਲ ਤੁਲਨਾਤਮਿਕ ਅਧਿਐਨ ਕਰੀਏ ਤਾਂ ਉਪਰੋਕਤ ਵਿਚਾਰ ਵਿਚ ਸਚਾਈ ਨਜ਼ਰ ਨਹੀਂ ਆਉਂਦੀ। ਜੇਕਰ ਸਮੁੱਚੇ ਭਾਰਤੀ ਦਰਸ਼ਨ ਤੇ ਨਜ਼ਰ ਮਾਰ ਕੇ ਵੇਖੀਏ ਤਾਂ ਸੰਤਾਂ ਦੀ ਬਾਣੀ ਵਿਚ ਇਸਦੇ ਧਨਾਤਮਕ ਤੱਤ ਦ੍ਰਿਸ਼ਟੀਗਤ ਹੁੰਦੇ ਹਨ। ਪਰ ਉਸ ਦੇ ਨਾਲ ਹੀ ਉਨ੍ਹਾਂ ਦੀ ਬਾਣੀ ਵਿਚੋਂ ਲੋਕਹਿਤ ਦੀ ਭਾਵਨਾ, ਮੌਲਿਕਤਾ, ਨਵੀਨਤਾ, ਪ੍ਰਾਚੀਨਤਾ ਦੇ ਦਰਸ਼ਨ ਹੁੰਦੇ ਹਨ। ਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਵੀ ਜੇਕਰ ਭਾਰਤੀ ਦਰਸ਼ਨ ਦੇ ਕਿਸੇ ਸਾਂਚੇ ਵਿਚ ਪਾ ਕੇ ਦੇਖਿਆ ਜਾਵੇ ਤਾਂ ਇਹ ਉਸ ਵਿਚ ਆਪਾ ਲੁਕੋ ਲੈਂਦੀ ਹੈ ਪਰੰਤੂ ਵਿਚਾਰਾਂ ਦੇ ਪੱਖੋਂ ਜੇਕਰ ਉਨ੍ਹਾਂ ਦੀ ਸਾਗਰ-ਬਾਣੀ ਦੀਆਂ ਜੇ ਪਰਤਾਂ ਤਕ ਪਹੁੰਚੀਏ ਤਾਂ ਉਨ੍ਹਾਂ ਦੀ ਡੂੰਘਿਆਈ ਦਾ ਪਤਾ ਲਗਦਾ ਹੈ।

ਭਾਰਤੀ ਸਾਹਿਤ ਦੀ ਵਿਚਾਰਧਾਰਾਵਾਂ ਲੰਬਾ ਪੈਂਡਾ ਤਹਿ ਕਰਕੇ, ਮਧਯੁੱਗ ਵਿਚ

ਪਹੁੰਚ ਦੀਆਂ ਹਨ। ਸਮੇਂ ਸਮੇਂ ਤੇ ਇਸ ਵਹਿਣ ਵਿਚ ਕਈ ਸ਼ਾਖਾਵਾਂ ਨਿਕਦੀਆਂ ਰਹੀਆਂ ਅਤੇ ਅੰਤ ਨੂੰ ਸਮੁੱਚੇ ਭਾਰਤ ਵਿਚ ਇਸ ਦਾ ਹੜ੍ਹ ਆ ਗਿਆ। ਸੰਤ ਕਵੀਆਂ ਨੂੰ ਇਸ ਟੂੰ ਥੰਮ ਕੇ ਇਕ ਸਗੁਣ-ਨਿਰਗੁਣ ਧਾਰਾ ਦਾ ਨਿਰੰਤਰ ਪ੍ਰਵਾਹ ਜਾਰੀ ਕੀਤਾ। ਇਹ ਪ੍ਰਵਾਹ ਏਨਾ ਸਪਸ਼ਟ, ਸਰਲ ਅਤੇ ਚੁਜਲਾ ਸੀ ਕਿ ਹਰ ਇਕ ਵਿਚਾਰਧਾਰਾ, ਸਿਧਾਂਤ ਦਾ ਪ੍ਰਤੀਬਿੰਬੀ ਇਸ ਵਿਚ ਦਿਸਣ ਲਗਾ। ਜਿਸ ਨੂੰ ਵੇਖ ਕੇ ਹਰ ਕੋਈ ਇਸਨੂੰ ਆਪਣਾ ਸਿੱਧ ਕਰਨ ਲਈ ਆਪਣੇ ਵਿਚਾਰ ਦਸਣ ਲਗਾ। ਇਹ ਦਸਣ ਵਾਲੇ ਦੀ ਖੂਬੀ ਨਹੀਂ ਇਹ ਤਾਂ ਉਸ ਅਨੰਦ-ਬਾਣੀ ਦੇ ਪ੍ਰਵਾਹ ਦੀ ਵਿਸ਼ੇਸ਼ਤਾ ਹੀ ਜਿਸਨੇ ਹਰ ਇਕ ਨੂੰ ਆਪਣੇ ਮਜੀਠ ਰੰਗ ਵਿਚ ਰੰਗ ਲਿਆ।

ਇਸ ਤਰ੍ਹਾਂ ਜੇ ਵਿਸ਼ੇ ਪੱਖੋਂ ਵੇਖਿਆ ਜਾਵੇ ਤਾਂ ਸਾਰੇ ਪੁਰਾਣੇ ਵੈਦਿਕ ਸਾਹਿਤ ਦਾ ਮਧ-ਯੁਗੀਨ ਸੰਤ-ਸਾਹਿਤ ਨਾਲ ਬਹੁਤ ਗੂੜ੍ਹਾ ਅਤੇ ਘਨਿਸ਼ਠ ਸੰਬੰਧ ਹੈ। ਸੰਤ-ਬਾਣੀ ਨੂੰ ਵੇਦਾਂ ਉਪਨਿਸ਼ਦਾਂ ਅਤੇ ਗੀਤਾ ਦਾ ਸਾਰ ਕਹਿ ਦਿਤਾ ਜਾਂਦਾ ਹੈ। ਇਸ ਵਿਚ ਅਤਿਕਥਨੀ ਨਹੀਂ ਪਰੰਤੂ ਸੰਤਾਂ ਨੇ ਸਮੁੱਚੇ ਭਾਰਤੀ ਦਰਸ਼ਨ ਵਿਚੋਂ ਜੋ ਰਸ ਪੈਦਾ ਕੀਤਾ ਉਸ ਵਿਚ ਉਨ੍ਹਾਂ ਦਾ ਅਨੁਭਵ ਸੀ ਉਨ੍ਹਾਂ ਨੇ ਕਥਨੀ ਅਤੇ ਕਰਨੀ ਨੂੰ ਅਮਲੀ ਜਾਮਾ ਪਹਿਨਾਇਆ। ਇਸ ਲਈ ਤਾਂ ਗੁਰੂ ਰਵਿਦਾਸ ਜੀ ਲਿਖਦੇ ਹਨ:-

ਮਨ ਬਚ ਕਰਮ ਕਰੈ ਰਵਿਦਾਸ ।[172]

ਵਿਚਾਰਧਾਰਾਵਾਂ ਅਤੇ ਸਿਧਾਂਤਾਂ ਦੀ ਭਰਮਾਰ ਹਰਧਾਰਮਿਕ ਗ੍ਰੰਥ ਵਿਚ ਪ੍ਰਾਪਤ ਹੁੰਦੀ ਹੈ। ਗੀਤਾ ਵਿਚ ਵੀ ਲਿਖਿਆ ਹੈ ਕਿ ਭਗਤੀ ਦਾ ਦੁਆਰ ਹਰ ਇਸਤਰੀ ਪੁਰਖ, ਸ਼ੂਦਰ ਲਈ ਖੁਲ੍ਹਾ ਹੈ ਪਰੰਤੂ ਇਸਨੂੰ ਅਮਲੀ ਰੂਪ ਕਿਸੇ ਨੇ ਦਿੱਤਾ? ਕੇਵਲ ਸ੍ਰੀ ਰਾਮਾਨੰਦ ਅਤੇ ਉਸਦੇ ਸ਼ਿਸ਼ਾਂ ਨੇ। ਇਹ ਇਕ ਕਰਨੀ ਜਾਂ ਸਹੀ ਅਰਥਾਂ ਵਿਚ ਕਰਨੀ ਬਣੀ ਤਾਂ ਸਮਾਜ ਵਿਚ ਸਥਿਰਤਾ ਸੰਤੁਲਨ ਅਤੇ ਸ਼ਾਂਤੀ ਨਜ਼ਰ ਆਈ। ਨਹੀਂ ਤਾਂ ਅਗੇ ਪਿਛੇ ਸਮਾਜ ਵਿਚ ਤ੍ਰੇੜਾਂ, ਵਿਤਕਰੇ, ਵੰਡੀਆਂ-ਦੀਵਾਰਾਂ ਹੀ ਖੜ੍ਹੀਆਂ ਰਹੀਆਂ।

ਵੈਦਿਕ ਸਾਹਿਤ ਸੰਸਕ੍ਰਿਤ ਅਤੇ ਹੋਰ ਅਪਭ੍ਰੰਸ਼ ਭਾਸ਼ਾਵਾਂ ਵਿਚ ਰਖਿਆ ਹੋਣ ਕਾਰਣ ਜਨ-ਸਾਧਾਰਣ ਦਿਨ-ਬ-ਦਿਨ ਦੂਰ ਹੋਈ ਜਾ ਰਿਹਾ ਸੀ। ਇਹ ਕੇਵਲ ਪੜ੍ਹੇ ਲਿਖੇ ਵਿਦਵਾਨਾਂ, ਪੰਡਤਾਂ ਅਤੇ ਬ੍ਰਾਹਮਣਾਂ ਦੀ ਪੂੰਜੀ ਬਣ ਗਿਆ ਸੀ। ਆਮ ਜਨਤਾ ਦੀ ਬੁੱਧੀ ਇਸ ਤਕ ਪਹੁੰਚਣ ਵਿਚ ਅਸਮਰਥ ਸੀ। ਦਰਸ਼ਨ ਅਚਾਰੀਆਂ ਦੇ ਵਿਚਾਰਾਂ ਸਿਧਾਂਤਾਂ ਦੀ ਡੂੰਘਾਈ ਤਕ ਜਨ-ਸਧਾਰਣ ਦਾ ਜਾਣਾ ਮੁਮਕਿਨ ਨਹੀਂ ਸੀ। ਦੂਸਰਾ ਮੁਸਲਮਾਨੀ ਰਾਜ ਕਾਰਨ ਮੁਸਲਿਮ ਧਰਮ ਆਮ ਜਨਤਾ ਤੇ ਥੋਪਿਆ ਜਾ ਰਿਹਾ ਸੀ ਅਜਿਹੇ ਸਮੇਂ ਸੰਤਾਂ ਨੇ ਲੋਕ-ਭਾਸ਼ਾ ਵਿਚ ਸਰਲ ਅਤੇ ਸਪਸ਼ਟ ਪਰਮਾਰਥਕ ਵਿਚਾਰ ਕਾਵਿ-ਬੰਦ ਕੀਤੇ

ਜਿਸਨੇ ਭਗਤੀ ਨੂੰ ਧਰਤੀ ਦੇ ਕਣ ਕਣ ਤਕ ਪਹੁੰਚਾ ਦਿੱਤਾ। ਇਸ ਤ੍ਹਾਂ ਕਠਨ ਭਾਸ਼ਾ ਦੇ ਪਤ੍ਰਿਕਰਮ ਵਜੋਂ ਸਰਲ ਭਾਸ਼ਾ ਦੀ ਖੋਜ ਹੋਈਲੀ। ਇਹ ਇਕ ਬਹੁਤ ਵੱਡੀ ਦੇਣ ਹੈ ਜਿਸਨੇ ਭਗਤੀ ਨੂੰ ਅੰਦੋਲਨ ਦਾ ਰੂਪ ਦਿੱਤਾ। ਇਸ ਤਰ੍ਹਾਂ ਸਮੁੱਚੇ ਭਾਰਤੀ ਸਾਹਿਤ ਨੇ ਸਿੱਧੇ ਅਤੇ ਅਸਿੱਧੇ ਤੌਰ ਤੇ ਸੰਤਾਂ ਦੀ ਬਾਣੀ ਨੂੰ ਪ੍ਰਭਾਵਿਤ ਕੀਤਾ ਅਤੇ ਭਗਤੀ ਦਾ ਅਸਲੀ ਰੂਪ ਨਿੱਖਰ ਕੇ ਸਾਹਮਣੇ ਆਇਆ। ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਵੀ ਭਗਤੀ ਦਾ ਵਿਕਾਸ ਸੰਤ-ਸਾਹਿਤ ਦੇ ਪੂਰਵ-ਵਰਤੀ ਸਾਹਿਤ ਵਿਚ ਵੇਖਿਆ ਮੰਨਦੇ ਹਨ। ਉਨ੍ਹਾਂ ਲਿਖਿਆ ਹੈ ਕਿ ਭਗਤੀ ਦਾ ਆਰੰਭ ਵੈਦਿਕ ਕਾਲ ਤੋਂ ਹੋਇਆ। ਭਗਤੀ ਸਾਧਨਾ ਦਾ ਬੀਜ ਸੰਹਿਤਾਵਾਂ ਵਿਚ ਨਿਹਿਤ ਹੋਇਆ। ਉਪਨਿਸ਼ਦਾਂ ਵਿਚ ਫੁਟਿਆ ਅਤੇ ਪੌਰਾਣਾਂ ਵਿਚ ਟਹਿਣੀ ਟਹਿਣੀ ਭਰ ਕੇ ਫਲ-ਫੁਲਾ ਨਾਲ ਲੱਦੇ ਬ੍ਰਿਛ ਦੇ ਰੂਪ ਵਿਚ ਵਿਕਸਿਤ ਹੋਇਆ। ਮਧਕਾਲ ਵਿਚ ਉਚੀ ਇਕ ਅਜਿਹੀ ਰੁਖ ਦਾ ਮਹਾਂਵਣ ਬਣਿਆ ਜਿਸ ਦੇ ਬਾਕੀ ਨਿਸ਼ਾਨ ਅੱਜ ਵੀ ਇਥੇ ਉਥੇ ਦੇਖਣ ਵਿਚ ਮਿਲਦੇ ਹਨ।[173]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਭਗਤੀ ਦੇ ਬੂਟੇ ਦਾ ਜਨਮ ਮਨੁੱਖ ਦੇ ਜਨਮ ਦੇ ਨਾਲ ਹੀ ਹੋ ਗਿਆ ਸਮਾਂ ਪਾ ਕੇ ਇਸ ਨੇ ਮਹਾਂਵਣ ਦਾ ਰੂਪ ਧਾਰਣ ਕੀਤਾ। ਸੰਤਾਂ ਨੇ ਇਸ ਬ੍ਰਿਛ ਦੇ ਕੌੜੇ ਭਾਗਾਂ ਨੂੰ ਕੱਟ ਕੇ ਨਵੀਨਤਾ ਦੀ ਪਿਉਂਦ ਚੜ੍ਹਾਈ ਅਤੇ ਮੌਲਿਕਤਾ ਕਥਨੀ ਕਰਨੀ ਦੇ ਅੰਮ੍ਰਿਤ ਨਾਲ ਸਿੰਜ ਕੇ ਅਮਰ ਅਤੇ ਸਦੀਵੀ ਰੂਪ ਪ੍ਰਦਾਨ ਕੀਤਾ।

<u>ਮਧਕਾਲੀਨ ਭਗਤੀ</u>:- ਹਿੰਦੀ ਸਾਹਿਤ ਵਿਚ ਮਧਕਾਲੀਨ ਭਗਤੀ ਦਾ ਸਮਾਂ ਭਿੰਨ ਭਿੰਨ ਵਿਦਵਾਨਾਂ ਨੇ ਭਿੰਨ ਭਿੰਨ ਦਿੱਤਾ ਹੈ। ਅਸਲ ਵਿਚ ਭਗਤੀ ਅੰਦੋਲਨ ਅਨੁਸਾਰ ਇਹ ਸਮਾਂ ਦਸਵੀਂ ਤੋਂ ਸਤਾਰ੍ਹਵੀ ਸਦੀ ਦਾ ਮੰਨਿਆ ਜਾ ਸਕਦਾ ਹੈ। ਪੰਜਾਬੀ ਸਾਹਿਤ ਵਿਚ ਵੀ ਇਹ ਸਮਾਂ ਭਗਤੀ ਕਾਲ ਦੇ ਨਾਮ ਨਾਲ ਵੀ ਜਣਿਆ ਜਾਂਦਾ ਹੈ। ਇਸ ਸਮੇਂ ਤਿੰਨ ਪ੍ਰਮੁੱਖ ਕਾਵਿ-ਧਾਰਾਵਾਂ ਸੂਫੀ, ਨਾਥ ਨਿਰਗੁਣ ਕਾਵਿਧਾਰਾ ਪ੍ਰਚਲਿਤ ਰਹੀਆਂ ਜਿਨ੍ਹਾਂ ਨੇ ਜਿਥੇ ਇਕ ਦੂਜੇ ਨੂੰ ਪਭਾਵਿਤ ਕੀਤਾ ਉਥੇ ਇਨ੍ਹਾਂ ਸਭ ਵਿਚੋਂ ਪ੍ਰਬਲ ਰੂਪ ਵਿਚ ਸੰਤ ਕਾਵਿ ਧਾਰਾ ਉਭਰ ਕੇ ਸਾਹਮਣੇ ਆਈ। ਇਸ ਦੇ ਨਾਲ ਹੋਰ ਛੋਟੀਆਂ ਕਾਵਿ-ਧਾਰਾਵਾਂ ਸਗੁਣ ਅਤੇ ਅਚਿੰਤਯ ਭੇਦਾਭੇਦ ਆਦਿ ਨੇ ਵੀ ਆਪਣੀ ਸੂਖਮ ਹੋਂਦ ਬਣਾਈ ਰਖੀ।

1. <u>ਨਾਥ ਕਾਵਿ ਧਾਰਾ</u> :- ਨਾਥ ਪੰਥ ਦੇ ਮੂਲ ਪ੍ਰਵਰਤਕ ਗੁਰੂ ਗੋਰਖ ਨਾਥ ਹਨ ਜਿਨ੍ਹਾਂ ਦਾ ਸਮਾਂ ਡਾ. ਹਜ਼ਾਰੀ ਪ੍ਰਸਾਦ ਦਿਵੇਦੀ ਨੇ ਦਸਵੀਂ ਸਦੀ ਮੰਨਿਆ ਹੈ।[174] ਗੋਰਖਨਾਥ ਪ੍ਰਭਾਵਸ਼ਾਲੀ ਸੁਧਾਰਕ ਹੋਏ ਹਨ ਜਿਨ੍ਹਾਂ ਦਾ ਪਰਵਰਤੀ ਧਾਰਮਿਕ ਸਾਧਨਾ ਅਤੇ ਸਾਹਿਤ ਤੇ ਵਿਆਪਕ ਪ੍ਰਭਾਵ ਪਿਆ। ਉਸ ਦੇ ਸੰਪ੍ਰਦਾਇ ਨੇ ਨਿਰਈਸ਼ਵਰਵਾਦੀ ਸਿੱਧਾਂ ਅਤੇ ਜੈਨ ਮੁਨੀਆਂ ਦੀਆਂ ਪ੍ਰਚਲਿਤ ਸਾਧਨਾਵਾਂ ਅਤੇ ਯੋਗ ਦੀਆਂ ਪਰੰਪਰਾਗਤ ਕ੍ਰਿਆਵਾਂ ਦੇ ਨਾਲ ਸ਼ੰਕਰ ਦੇ ਦਵੈਤਵਾਦ ਅਤੇ ਸ਼ੈਵ ਸੰਪ੍ਰਦਾਇ ਦੀਆਂ ਜ਼ਰੂਰੀ ਗੱਲਾਂ ਦਾ ਸੁਮੇਲ ਕਰਕੇ ਨਵੀਨ ਪੱਧਤੀ ਚਲਾਉਣ ਦਾ ਯਤਨ ਕੀਤਾ।

ਗੋਰਖਨਾਥ ਦੇ ਸਿਧਾਂਤ ਵਧੇਰੇ ਵੇਦਾਂਤ-ਪਰਕ ਜਾਪਦੇ ਹਨ। ਪਰ ਜਿਥੇ ਵੇਦਾਂਤ ਨਿੱਤ - ਅਨਿੱਤ ਵਿਵੇਕ, ਵੈਰਾਗ ਅਤੇ ਬ੍ਰਹਮ ਦੇ ਸਰੂਪ ਵਿਚ ਸਮਾਉਣ ਦੀ ਏਕਾਂਤਿਕ ਚੇਸ਼ਟਾ ਨੂੰ ਸਭ ਕੁਝ

ਸਮਝਦਾ ਹੈ ਉਥੇ ਉਹ ਯੋਗ ਨੂੰ ਕੇਵਲ ਵਿਚਾਰਾਂ ਜਾਂ ਆਤਮ-ਚਿੰਤਨ ਤੇ ਆਸਰਿਤ ਰਖਣਾ ਕਾਫ਼ੀ ਨਹੀ ਸਮਝਦਾ। ਉਸ ਨੇ ਸਪੱਸ਼ਟ ਕਿਹਾ ਹੈ ਕਿ ਸਰੀਰ ਦੇ ਨੌਂ ਦੁਆਰਿਆਂ ਨੂੰ ਬੰਦ ਕਰਕੇ ਜੇ ਹਵਾ ਦੇ ਆਉਣ ਜਾਣ ਦਾ ਮਾਰਗ ਬੰਦ ਕਰ ਲਿਆ ਜਾਵੇ ਤਾਂ ਉਸ ਦਾ ਵਪਾਰ 64 ਸੰਧੀਆਂ ਵਿਚ ਹੋਣ ਲਗੇਗਾ ਅਤੇ ਇਸ ਨਾਲ ਸਾਧਕ ਨੂੰ ਸਿੱਧੀ ਪ੍ਰਾਪਤ ਹੋ ਜਾਵੇਗੀ।[175] ਨਾਥ ਪੰਥ ਦੇ ਅਨੁਸਾਰ ਇਸ ਪਿੰਡ ਵਿਚ ਹੀ ਬ੍ਰਹਿਮੰਡ ਵਸਿਆ ਹੈ ਅਤੇ ਸਭ ਦੇਹਾਂ ਵਿਚ ਅਨੇਕ ਰੂਪ ਧਾਰੀ ਚੇਤੰਨ ਸਰੂਪ ਪਰਮਾਤਮਾ ਅਖੰਡ ਰੂਪ ਵਿਚ ਨਿਵਾਸ ਕਰਦਾ ਹੈ।

ਗੁਰਖਨਾਥ ਅਨੁਸਾਰ ਮਾਇਆ ਨਿਰਮੂਲ ਜਾਂ ਮਿਥਿਆ ਹੈ। ਉਨ੍ਹਾਂ ਨੇ ਅਜਪਾਜਾਪ ਦੁਆਰਾ ਚੰਚਲ ਮਨ ਨੂੰ ਸਥਿਰ ਕਰਕੇ ਬ੍ਰਹਮ-ਰੰਧ੍ਰ ਤੋਂ ਅੰਮ੍ਰਿਤ ਪ੍ਰਾਪਤ ਕਰਨ ਦੀ ਵਿਧੀ ਵੀ ਦਸੀ। ਅਸਲ ਵਿਚ ਗੋਰਖਨਾਥ ਦੁਆਰਾ ਦਰਸਾਇਆ ਯੋਗ ਸਾਧਨਾ ਮਾਰਗ ਪਾਤੰਜਲ ਯੋਗ ਪੱਧਤੀ ਦਾ ਹੀ ਅਨੁਕਰਣ ਹੈ। ਇਸ ਤਰ੍ਹਾਂ ਇਨ੍ਹਾਂ ਨੇ ਵੀ ਹਠ ਯੋਗ ਸਾਧਨਾ ਨੂੰ ਸਵੀਕਾਰ ਕੀਤਾ।

ਨਾਥਪੰਥ ਦੀ ਸਾਧਨਾ ਪੱਧਤੀ ਨੇ ਕੁਝ ਹੱਦ ਤਕ ਸੰਤ ਸਾਹਿਤ ਨੂੰ ਪ੍ਰਭਾਵਿੰਤ ਕੀਤਾ ਹੈ। ਸੰਤਾਂ ਦੀ ਬਾਣੀ ਵਿਚ ਇਨ੍ਹਾਂ ਦੀ ਯੋਗ ਪਰਿਭਾਸ਼ਿਕ ਸ਼ਬਦਾਵਲੀ -ਸੁਨਯ, ਸਹਿਜ ਸਮਾਧੀ, ਨਾਦ ਬਿੰਦ, ਈੜਾ ਪਿੰਗਲਾ, ਸੁਖਮਨਾ, ਬ੍ਰਹਮਰੰਧਰ, ਗੰਗਾ, ਜਮਨਾ ਆਦਿ ਦਾ ਪ੍ਰਯੋਗ ਹੋਇਆ ਹੈ। ਪਰੰਤੂ ਸੰਤਾਂ ਦਾ ਸ਼ਬਦ ਸੁਰਤਿ ਯੋਗ ਸਹਿਜ ਭਗਤੀ ਮਾਰਗ ਦਾ ਅੰਗ ਹੈ। ਉਨ੍ਹਾਂ ਨੇ ਕੇਵਲ ਸਹਿਜ ਪ੍ਰਕ੍ਰਿਤੀ ਰਖਣ ਵਾਲੀਆਂ ਪਰਿਕ੍ਰਿਆਵਾਂ ਨੂੰ ਹੀ ਅਪਣਾਇਆ ਹੈ।

ਸੂਫੀ ਕਾਵਿ-ਧਾਰਾ :- ਇਹ ਕਾਵਿ-ਧਾਰਾ ਵੀ ਸੰਤ ਕਾਵਿ-ਧਾਰਾ ਦੇ ਨਾਲ ਨਾਲ ਕੁਝ ਦੇਰ ਲਈ ਚਲਦੀ ਰਹੀ। ਭਾਰਤ ਵਿਚ ਇਸ ਸੰਪਦਾਇ ਦਾ ਜਨਮ ਬਾਰ੍ਹਵੀਂ ਸ਼ਤਾਬਦੀ ਵਿਚ ਹੋ ਗਿਆ ਸੀ। ਖਵਾਜਾ ਮੁਹਨੁਦੀਨ ਨੇ ਭਾਰਤਵਿਚ ਇਸ ਦਾ ਸਭ ਤੋਂ ਪਹਿਲਾਂ ਪ੍ਰਚਾਰ ਕੀਤਾ।

ਸੂਫੀ ਸੁਧ ਹਿਰਦੇ ਵਾਲੇ ਅਤੇ ਪਵਿੱਤਰ ਆਚਰਣ ਵਾਲੇ ਸਨ ਪਰਮੇਸ਼ੁਰ ਦੀ ਪਾਪਤੀ ਇਨ੍ਹਾਂ ਦਾ ਉਦੇਸ਼ ਸੀ। ਘਰ ਅਤੇ ਧਨ ਆਦਿ ਤੋਂ ਅਲੱਗ ਰਹਿ ਕੇ ਸਾਦਾ ਜੀਵਨ ਬਤੀਤ ਕਰਨਾ ਉਨ੍ਹਾਂ ਦੀ ਪ੍ਰਮੁੱਖ ਵਿਸ਼ੇਸ਼ਤਾ ਸੀ।

ਸੂਫੀ ਏਕਈਸ਼ਵਰਵਾਦ ਵਿਚ ਵਿਸ਼ਵਾਸ ਰਖਦੇ ਹਨ। ਉਹ ਪ੍ਰਭੂ ਨੂੰ ਪ੍ਰੇਮ ਰੂਪ ਮੰਨਦੇ ਹਨ ਉਨ੍ਹਾਂ ਅਨੁਸਾਰ ਪਰਮਾਤਮਾ ਸ੍ਰਿਸ਼ਟੀ ਦੇ ਕਣ ਕਣ ਵਿਚ ਵਿਆਪਕ ਹੈ ਅਤੇ ਉਹ ਸੰਪੂਰਣ-ਗੁਣ-ਯੁਕਤ ਹੈ। ਸੂਫੀਆਂ ਦੇ ਪ੍ਰਭੂ ਦੀ ਵਿਵਹਾਰਿਕ ਸੱਤਾ, ਪਰਮਾਰਥਿਕ ਸੱਤਾ ਦੇ ਨਿਰਭਰ ਕਰਦੀ ਹੈ। ਉਹ ਪ੍ਰਭੂ ਪ੍ਰਾਪਤ ਕਰਨ ਲਈ ਉਸ ਦਾ ਪ੍ਰਤੀਬਿੰਬ ਪ੍ਰਭੂ ਦੇ ਪਿਆਰ ਜਨਾਂ ਵਿਚ ਵੇਖਦੇ ਹਨ। ਇਸ ਤਰ੍ਹਾਂ ਸੂਫੀ ਲੋਕ ਪ੍ਰੇਮ ਨੂੰ ਬਹੁਤ ਮਹੱਤਵ ਦਿੰਦੇ ਹਨ।

ਸੂਫੀਆਂ ਦੀ ਸਾਧਨਾ ਪ੍ਰੇਮ-ਸਾਧਨਾ ਹੈ। ਅਸਲ ਵਿਚ ਸੂਫੀ ਮਤ ਦਾ ਸਮੁੱਚਾ ਭਵਨ ਹੀ ਪ੍ਰੇਮ ਦੀ ਨੀਂਹ ਤੇ ਉਸਰਿਆ ਹੈ। ਨਿਕਲਸਨ ਅਨੁਸਾਰ ਸੂਫੀ ਸਾਧਨਾ ਨੇ ਇਸ ਪ੍ਰੇਮ ਤੱਤ ਨੂੰ ਬਹੁਤ ਮਹੱਤਵ ਦਿੱਤਾ ਹੈ।[175] ਮਨਸੂਰ ਹਲਾਜ ਆਦਿ ਕੁਝ ਸੂਫੀਆਂ ਨੇ ਤਾਂ ਪ੍ਰੇਮ ਨੂੰ ਹੀ ਈਸ਼ਵਰ

ਦਾ ਸਰੂਪ ਸਮਝਿਆ ਹੈ। ਅਸਲ ਵਿਚ ਮਨੁੱਖ ਦੇ ਜਨਮ ਅਤੇ ਪ੍ਰਕ੍ਰਿਤੀ ਕਾਰਨ ਇਕ ਮੂਲ ਚੰਗਿਆੜੀ ਆਦਿ ਕਾਲ ਤੋਂ ਮਨੁੱਖੀ ਆਤਮਾ ਵਿਚ ਵਸਦੀ ਹੈ। ਇਸ ਸੱਚ ਅਤੇ ਪ੍ਰੇਮ ਦੀ ਚੰਗਿਆੜੀ ਨੂੰ ਰੋਸ਼ਨ ਕਰਕੇ ਹੀ ਸਾਧਕ ਬ੍ਰਹਮ ਦਾ ਅਨੁਭਵ ਕਰ ਸਕਦਾ ਹੈ । ਸੂਫੀਆਂ ਦੀ ਪ੍ਰੇਮ -ਸਾਧਨਾ ਦੀ ਆਪਣੀ ਵਿਲੱਖਣਤਾ ਹੈ ਕਿਉਂਕਿ ਇਨ੍ਹਾਂ ਦਾ ਪ੍ਰੇਮ ਨਿਰਾਕਾਰ ਪ੍ਰਭੂ ਨੂੰ ਆਲੰਬਨ ਬਣਾਉਂਦਾ ਰਿਹਾ ਦੀ ਭਾਵਨਾ ਸੂਫੀ ਸਾਧਕਾਂ ਦੇ ਪ੍ਰੇਮ -ਮਾਰਗ ਦਾ ਇਕ ਹੋਰ ਪ੍ਰਮੁੱਖ ਤੱਤ ਹੈ । ਸੂਫੀ ਇਸ਼ਕ ਤੋਂ ਬਾਅਦ ਬਿਰਹੋਂ ਨੂੰ ਪ੍ਰਭੂ ਦੇ ਵਸਲ ਹੀ ਜ਼ਰੂਰੀ ਸੂਰਤ ਮੰਨਦੇ ਹਨ।

ਡਾ. ਗੋਬਿੰਦ ਤ੍ਰਿਗੁਣਾਯਤ ਅਨੁਸਾਰ ਸੂਫੀ ਰਹੱਸਵਾਦ ਦੀਆਂ ਪ੍ਰਮੁੱਖ ਚਾਰ ਵਿਸ਼ੇਸ਼ਤਾਵਾਂ ਹਨ - ਪ੍ਰੇਮ, ਬਿਰਹੋਂ। ਸੁਰਾ(ਮਾਦਕਤਾ) ਅਤੇ ਓੁਪਭਾਵੁਕਤਾ।[177] ਸੰਤ ਮਤ ਨੇ ਸੂਫੀ ਮਤ ਦਾ ਸਪੱਸ਼ਟ ਰੂਪ ਵਿਚ ਕੋਈ ਪ੍ਰਭਾਵ ਗ੍ਰਹਿਣ ਨਹੀਂ ਕੀਤਾ ਹੈ । ਸੰਤ ਸਾਹਿਤਯ ਵਿਚ ਕੇਵਲ ਪ੍ਰੇਮ ਤੱਤ ਸ਼ਾਮਲ ਹੈ ਜਿਸਨੂੰ ਚਾਹੇ ਅਸੀਂ ਸੂਫੀ ਮਤ ਦਾ ਪ੍ਰਭਾਵ ਕਹਿ ਲਈਏ ਜਾਂ ਓੁਸ ਤੋਂ ਪਹਿਲਾਂ ਦੀ ਵੈਸ਼ਣਵ ਭਗਤੀ (ਆਲਵਾਰਾਂ ਆਦਿ) ਦਾ।

<u>ਨਿਰਗੁਣ ਕਾਵਿ ਧਾਰਾ</u> :- ਇਹ ਮਧਯੁਗ ਦੀ ਮਹੱਤਵਪੂਰਨ ਅਤੇ ਪ੍ਰਭਾਵਸ਼ਾਲੀ ਕਾਵਿਧਾਰਾ ਹੋਈ ਹੈ। ਇਸ ਭਗਤੀ ਕਾਵਿ-ਧਾਰਾ ਦਾ ਪ੍ਰਮੁੱਖ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਇਸ ਵਿਚ ਸੰਤ ਨਾਮਦੇਵ ਕਬੀਰ, ਰਵਿਦਾਸ, ਪੀਪਾ, ਸੈਨ, ਤ੍ਰਿਲੋਚਨ ਆਦਿ ਨਿਰਗੁਣੀਏ ਸੰਤ ਕਵੀਆਂ ਤੋਂ ਇਲਾਵਾ ਗੁਰੂ ਨਾਨਕ ਪੰਥੀ ਗੁਰੂਆਂ ਦੀ ਬਾਣੀ ਹੈ।

ਆਦਿ ਸਮੇਂ ਤੋਂ ਭਗਤੀ ਰਹੱਸਵਾਦੀ, ਦਾਰਸ਼ਨਿਕ, ਸਮਾਜਿਕ ਸਭਿਆਚਾਰਕ ਨੈਤਿਕ ਅਤੇ ਰਾਜਨੈਤਿਕ ਸਖਸ਼ੀ ਪੱਖ ਤੋਂ ਮਨੁੱਖੀ ਜੀਵਨ ਦਾ ਜ਼ਰੂਰੀ ਅੰਗ ਰਹੀ ਹੈ। ਸ਼ੁਰੂ ਵਿਚ ਭਗਤੀ ਨਿਰਗੁਣ ਧਾਰਾ ਦੇ ਰੂਪ ਵਿਚ ਜਨਮੀ ਫਿਰ ਇਸ ਨੂੰ ਵਾਸਤਵਿਕ ਰੂਪ ਦੇਣ ਲਈ ਸਗੁਣ ਧਾਰਾ ਦਾ ਸਮਾਵੇਸ਼ ਹੋਇਆ ਜਿਸਨੇ ਪੌਰਾਣਿਕ ਅਵਤਾਰਾਂ ਨੂੰ ਓੁਪਾਸ਼ਨਾ ਦਾ ਕੇਂਦਰ ਬਣਾਇਆ ਅਤੇ ਬਾਅਦ ਵਿਚ ਮਧਕਾਲੀਨ ਭਗਤੀ ਕਾਲ ਵਿਚ ਸਗੁਣ-ਨਿਰਗੁਣ ਧਾਰਾ ਆਪਣੇ ਵਹਿਣ ਵਿਚ ਵਹਿਣ ਲਗੀ। ਪੰਜਾਬੀ ਵਿਦਵਾਨਾਂ ਨੇ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦਾ ਮੁਖ ਸੁਰ ਨਿਰਗੁਣ ਮੰਨਿਆ ਹੈ। ਨਿਰਗੁਣ ਕਾਵਿ-ਧਾਰਾ ਇਕ ਸ਼ਕਤੀ ਸ਼ਾਲੀ ਲਹਿਰ ਸੀ ਇਸ ਲਈ ਇਸ ਨੂੰ ਮਧਕਾਲੀਨ ਭਗਤੀ ਵੀ ਕਿਹਾ ਜਾ ਸਕਦਾ ਹੈ।

ਨਿਰਗੁਣ ਭਗਤੀ ਜਾਂ ਮਧਕਾਲੀਨ ਭਗਤੀ ਆਪਣੇ ਸਮੇਂ ਦੀਆਂ ਸਾਰੀਆਂ ਪ੍ਰਚਲਿਤ ਧਾਰਨਾਵਾਂ ਧਰਮ ਸਾਧਨਾ ਦਾ ਸਾਰ ਤੱਤ ਹੈ। ਇਸ ਵਿਚ ਸੰਤ ਕਵੀਆਂ ਨੇ ਆਪਣੇ ਮੌਲਿਕ ਅਨੁਭਵ ਮਿਲਾ ਕੇ ਨਵੀਨ ਭਗਤੀ ਤਿਆਰ ਕੀਤੀ। ਅਸਲ ਵਿਚ ਨਿਰਗੁਣ ਸੰਤ ਕਵੀਆਂ ਦੀ ਵਿਚਾਰਧਾਰਾ ਦੀਰਘ ਪਰੰਪਰਾ ਦੇ ਯੁਗ ਅਤੇ ਪਰਸਥਿਤੀਆਂ ਦੇ ਮਾਹੌਲ ਵਿਚ ਨਵੀਨ ਪਰਵਰਤਿਤ ਰੂਪ ਹੈ।

ਸੰਤਾਂ ਨੇ ਦਾਰਸ਼ਨਿਕਾਂ ਦੀ ਤਰ੍ਹਾਂ ਵਾਲ ਦੀ ਖਲ ਨਹੀਂ ਲਾਹੀ ਸਗੋਂ ਓੁਨ੍ਹਾਂ ਨੇ ਆਪਣੇ ਵਿਚਾਰਾਂ ਨੂੰ ਅਨੁਭਵ ਦੀ ਪੱਧਰ ਤੇ ਪਰਖ-ਨਿਰਖ ਕੇ ਸਮਾਜ ਕਲਿਆਣ ਹਿੱਤ ਪੇਸ਼ ਕੀਤਾ ਹੈ। ਨਾਮ ਨੂੰ ਸੰਤ ਮਤ ਵਿਚ ਵਧੇਰੇ ਮਹੱਤਵ ਮਿਲਿਆ ਹੈ। ਇਸੇ ਨਾਮ ਨੂੰ ਓੁਨ੍ਹਾਂ ਨੇ ਸਾਧਨਾ ਦਾ ਕੇਂਦਰ ਬਣਾਇਆ।

ਸੰਤਾਂ ਦੇ ਨਾਮ ਸਿਮਰਨ ਦਾ ਵਿਸ਼ੇਸ਼ ਸਮਾਂ ਨਹੀਂ ਸਗੋਂ ਉਨ੍ਹਾਂ ਦੇ ਸੰਸਾਰਿਕ ਕੰਮ ਕਾਰ ਅਤੇ ਸਾਧਨਾ ਨਾਲ ਨਾਲ ਚਲਦੀ ਹੈ। ਇਸ ਲਈ ਉਨ੍ਹਾਂ ਦੀ ਸਾਧਨਾ ਸਹਿਜ ਭਾਵ ਨਾਲ ਓਤਪੋਤ ਹੈ। ਸੰਤਾਂ ਦੀ 'ਸਹਿਜ' ਬੁਧ ਧਰਮ ਦੇ ਸਹਿਜਯਾਨੀਆਂ ਨਾਲੋਂ ਭਿੰਨ ਅਰਥ ਰਖਦਾ ਹੈ।

ਸੰਤ ਮਤ ਅਨੁਸਾਰ ਸ਼ਬਦ ਸ੍ਰਿਸ਼ਟੀ ਦਾ ਆਦਿ ਕਾਰਣ ਹੈ। ਇਹ ਸ਼ਬਦ ਹੀ ਸ੍ਰਿਸ਼ਟੀ ਦੇ ਕਣ ਕਣ ਵਿਚ ਵਿਆਪਕ ਹੈ। ਸੰਤਾਂ ਦਾ ਬ੍ਰਹਮ ਸ਼ਬਦ, ਅੱਖਰ, ਸਤਿਨਾਮ ਕਰਤਾਪੁਰਖ, ਅਕਾਲ ਮੂਰਤ, ਅਗਮ ਅਗੋਚਰ, ਨਿਰਗੁਣ, ਨਿਰਗੁਣ-ਸਰਗੁਣ, ਪਰਮਾਨੰਦ, ਨਿਧੀ ਕਾਸ਼ੀ ਆਦਿ ਹੈ।

ਮਧਯੁਗੀਨ ਸੰਤ ਸਾਧਨਾ ਦੀਆਂ ਕੁਝ ਸਾਂਝੀਆਂ ਪ੍ਰਵਿਰਤੀਆਂ ਹਨ। ਜਿਵੇਂ ਏਕੀਈਸ਼ਵਰਵਾਦ, ਨਾਮ ਜਪ, ਗਿਆਨ ਕਰਮ ਅਤੇ ਭਗਤੀ ਦਾ ਸੁਮੇਲ, ਸਹਿਜ ਮਾਰਗ, ਗੁਰੂ ਮਹਿਮਾ, ਬਾਹਰੀ ਕਰਮ ਕਾਂਡਾਂ ਦਾ ਖੰਡਨ, ਜਾਤ ਪਾਤ ਦਾ ਵਿਰੋਧ, ਹਿੰਦੂ-ਮੁਸਲਮਾਨ ਏਕਤਾ ਅਤੇ ਕਥਨੀ ਅਤੇ ਕਰਨੀ ਵਿਚ ਸੁਮੇਲ।

<u>ਇਕਈਸ਼ਵਰਵਾਦ:-</u> ਸੰਤਾਂ ਦਾ ਨਿਰਗੁਣ ਬ੍ਰਹਮ ਬਹੁਦੇਵਵਾਦ ਦੇ ਪ੍ਰਤੀਕਰਮ ਦੀ ਉਪਜ ਹੈ। ਸੰਤਾਂ ਨੇ ਵੀ ਚਾਰੇ ਮੌਜ ਵਿਚ ਨਿਰਗੁਣ ਅਤੇ ੧ਓ ਲਈ ਵਿਵਧ ਨਾਵਾਂ ਦਾ ਪ੍ਰਯੋਗ ਕੀਤਾ ਹੈ ਪਰ ਇਹ ਸਭ ਨਾਂਵ ਬ੍ਰਹਮ ਦੀ ਏਕਤਾ ਦੇ ਪ੍ਰਤਿਪਾਦਕ ਹਨ। ਨਿਰਗੁਣ ਬ੍ਰਹਮ ਸਰਵ ਵਿਆਪਕ ਹੈ ਅਤੇ ਜਗਤ ਦਾ ਕਰਤਾ ਅਤੇ ਸਿਰਜਨਹਾਰ ਹੈ।

ਗੁਰੂ ਰਵਿਦਾਸ ਅਤੇ ਸੰਤ ਕਬੀਰ ਸਮਨਵੈਵਾਦੀ ਸਨ ਉਨ੍ਹਾਂ ਅਨੁਸਾਰ ਸਭ ਧਰਮਾਂ ਅਤੇ ਮਤਾਂ ਦੇ ਮੂਲ ਵਿਚ ਇਕ ਹੀ ਪਰਮਾਤਮਾ ਵਿਦਮਾਨ ਹੈ। ਇਸ ਤਰ੍ਹਾਂ ਮਧਕਾਲੀਨ ਭਗਤੀ ਵਿਚ ਨਿਰਗੁਣ ਸਗੁਣ ਇਕ ਬ੍ਰਹਮ ਪ੍ਰਤੀ ਵਿਚਾਰ ਪ੍ਰਾਪਤ ਹੁੰਦੇ ਹਨ।

1. ਨਿਰੰਕਾਰ ਆਕਾਰ ਆਪਿ, ਨਿਰਗੁਨ ਸਰਗੁਨ ਏਕ ॥[178]
2. ਏਕ ਅਨੇਕ, ਅਨੇਕ ਏਕ ਹਰਿ ਕਹੌ ਕੌਨ ਵਿਧਿ ਦੂਜਾ ॥[179]
3. ਦੂਜਾ ਕਉਣ ਕਹਾ ਨਹੀ ਕੋਈ, ਸਭ ਮਹਿ ਏਕੁ ਨਿਰੰਜਨੁ ਸੋਈ ॥[180]

<u>ਨਾਮ ਜਪ:-</u> ਸਭ ਸੰਤਾਂ ਨੇ ਨਾਮ ਜਪ ਦੇ ਮਹੱਤਵ ਨੂੰ ਸਵੀਕਾਰ ਕੀਤਾ ਹੈ ਪ੍ਰਭੂ ਦੇ ਸਤਿਨਾਮ ਦਾ ਸਵਾਸ ਸਵਾਸ ਸਿਮਰਨ ਸੰਤਾਂ ਦਾ ਪ੍ਰਾਣ ਆਧਾਰ ਬਣ ਚੁੱਕਾ ਸੀ। ਕਬੀਰਦਾਸ ਨੇ ਵੀ ਨਾਮ ਤੇਰਾ ਆਧਾਰ ਕਿਹਾ ਹੈ।

ਨਾਮ ਕੇਵਲ ਸਾਧਨ ਹੀ ਨਹੀਂ ਸਾਧਯ ਵੀ ਹੈ। ਅੰਤਿਮ ਸਥਿਤੀ ਵਿਚ ਪਹੁੰਚ ਕੇ ਨਾਮ ਅਤੇ ਭਗਤੀ ਏਕਾਕਾਰ ਹੋ ਜਾਂਦੇ ਹਨ। ਇਸ ਲਈ ਸੰਤਾਂ ਨੇ ਕਾਸ਼ੀ ਤਿਲ, ਲੌਂਗ ਅਤੇ ਸੁਪਾਰੀ ਦੇ ਵਪਾਰ ਵਿਚ ਜੀਵਨ ਨਸ਼ਟ ਨਹੀਂ ਕੀਤਾ ਸਗੋਂ ਉਹ ਰਾਮ ਨਾਮ ਦੇ ਵਣਜਾਰੇ ਬਣੇ ਹਨ। ਰਾਮ ਨਾਮ ਤੋਂ ਉਨ੍ਹਾਂ ਜੀਵਨ ਮੁਕਤੀ ਨਿਧੀ ਕਾਸੀ ਹੈ। ਸੰਤ ਦਾ ਨਾਮ ਸਿਮਰਨ ਸ਼ਬਦ ਸੁਰਤਿਯੋਗ ਹੈ। ਸੰਸਾਰ ਅਪਾਰ ਭਵ-ਸਾਗਰ ਨੂੰ ਪਾਰ ਕਰਨ ਦਾ ਇਕ ਮਾਤ੍ਰ ਨਾਮ ਹੀ ਤੁਲਗ ਹੈ:

1. ਜੇਤਾ ਕੀਤਾ ਤੇਤਾ ਨਾਉ, ਵਿਣੁ ਨਾਵੈ ਨਾਹੀ ਕੋ ਥਾਉ ॥[181]
2. ਨਾਮ ਬਿਸਾਰਿ ਕਰੇ ਰਸਿ ਭੋਗ, ਸੁਖੁ ਸੁਪਨੈ ਨਹੀਂ ਤਨ ਮਹਿ ਰੋਗ ॥[182]
3. ਰਵਿਦਾਸ ਜਪੈ ਰਾਮ ਨਾਮਾ, ਮੋਹਿ ਜਮ ਸਿਉ ਨਹੀਂ ਕਾਮਾ ॥[183]

ਗਿਆਨ ਕਰਮ ਅਤੇ ਭਗਤੀ ਦਾ ਸੁਮੇਲ:- ਸੰਤਾਂ ਨੇ ਭਗਤੀ ਸਾਧਨਾ ਲਈ ਗਿਆਨ, ਕਰਮ ਅਤੇ ਭਗਤੀ ਦਾ ਸੁਮੇਲ ਕੀਤਾ ਹੈ। ਉਨ੍ਹਾਂ ਨੇ ਭਗਤੀ ਲਈ ਗਿਆਨ ਅਤੇ ਕਰਮ ਦੇ ਮਹਤਵ ਨੂੰ ਵੀ ਸਵੀਕਾਰ ਕੀਤਾ ਹੈ। ਗਿਆਨ ਪ੍ਰਾਪਤੀ ਨਾਲ ਹੀ ਸਗਲ ਸੰਸਿਆਂ, ਮੋਹ ਮਾਇਆ, ਤ੍ਰਿਸ਼ਨਾ ਆਦਿ ਤੋਂ ਛੁਟਕਾਰਾ ਹੁੰਦਾ ਹੈ। ਸੰਤ ਕਬੀਰ ਨੇ ਵੀ ਗਿਆਨ ਭਗਤੀ ਅਤੇ ਯੋਗ ਨੂੰ ਸਮਾਨ ਰੂਪ ਵਿਚ ਅੰਤਿਮ ਲਕਸ਼ ਦਾ ਸਾਧਨ ਸਵੀਕਾਰ ਕੀਤਾ ਹੈ। ਗੁਰੂ ਰਵਿਦਾਸ ਨੇ ਵੀ ਕਰਮ ਗਿਆਨ ਦੇ ਮਹੱਤਵ ਨੂੰ ਪ੍ਰਵਾਨ ਕੀਤਾ ਹੈ। ਸਭ ਸੰਤਾਂ ਨੇ ਗਿਆਨ ਅਤੇ ਕਰਮ ਮਾਰਗ ਦੀ ਤੁਲਨਾ ਤੇ ਭਗਤੀ ਮਾਰਗ ਨੂੰ ਸ੍ਰੇਸ਼ਠ ਮੰਨਿਆ ਹੈ:

1. ਗੁਰ ਕੀ ਮਤਿ ਤੂੰ ਲੇਹਿ ਇਆਨੇ, ਭਗਤਿ ਬਿਨਾ ਬਹੁ ਡੂਬੇ ਸਿਆਨੇ ॥[184]
2. ਗਿਆਨੈ ਕਾਰਨ ਕਰਮ ਅਭਿਆਸੁ, ਗਿਆਨ ਭਇਆ ਕਰਮਹੁ ਨਾਸ ॥[185]
3. ਕਹਣੀ ਕਰਨੀ ਗਿਆਨ ਆਚਾਰਾ ਭਗਤੀ ਇਨਹੂੰ ਸੇ ਨਿਆਰੀ ॥[186]

ਸਹਿਜ ਮਾਰਗ :- ਸੰਤਾਂ ਨੇ ਸਹਿਜ ਮਾਰਗ ਦਾ ਅਨੁਕਰਣ ਕੀਤਾ ਅਤੇ ਇਸ ਦੀ ਹੀ ਪ੍ਰੇਰਤਾ ਕੀਤੀ। ਉਨ੍ਹਾਂ ਨੇ ਸਹਿਜ ਸਰੂਪ ਪਰਮਾਤਮਾ ਦਾ ਸਹਿਜਭਾਵੀ ਸ਼ੈਲੀ ਵਿਚ ਨਿਰੂਪਣ ਕੀਤਾ ਹੈ। ਜਿਸ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਨੇ ਸਹਿਜ ਮੰਡਲ ਦੇ ਵਾਸੀ ਸਹਿਜ ਸੁੰਨਿ ਸਤਿ ਪਰਮਤਤ ਦਾ ਸਹਿਜ ਭਾਵ ਨਾਲ ਸੰਸਾਰਿਕ ਕਾਰ-ਵਿਹਾਰ ਕਰਦਿਆਂ ਸਵਾਸ ਸਵਾਸ ਸਿਮਰਨ ਕੀਤਾ। ਉਨ੍ਹਾਂ ਦੇ ਜੀਵਨ ਦਾ ਹਰ ਕਰਮ ਸਹਿਜ ਰੂਪ ਸੀ। ਇਸ ਤਰ੍ਹਾਂ ਉਨ੍ਹਾਂ ਨੇ ਮਨ ਬਚ ਕਰਮਨ ਰਾਹੀਂ ਇਸ ਨੂੰ ਅਮਲੀ ਰੂਪ ਦਿੱਤਾ। ਕਬੀਰ ਜੀ ਨੇ ਕਿਹਾ ਹੈ:

1. ਸਹਿਜ ਸਹਿਜ ਸਬ ਕੋਈ ਕਹੈ, ਸਹਿਜ ਨ ਚੀਨ੍ਹੈ ਕੋਈ ॥
   ਜਿਨ੍ਹ ਸਹੇਜੇ ਹਰਿ ਜੀ ਮਿਲੈ, ਸਹਿਜ ਕਹੀਜੈ ਸੋਈ ॥[187]

2. ਸਹਜੇ ਜਾਗੁਣੁ ਸਹਜੇ ਸੋਇ। ਸਹਜੇ ਹੋਤ ਜਾਇ ਸੁ ਹੋਇ ॥
   ਸਹਜ ਬੈਰਾਗੁ ਸਹਜ ਹੀ ਰਸਨਾ। ਸਹਜੇ ਚੁਪ ਸਹਜੇ ਹੀ ਜਪਨਾ ॥
   ..... ..... ...
   ਸਤ ਗ੍ਰਿਹ ਮਹਿ ਸਹਜ ਉਦਾਸੀ, ਸਹਜੇ ਦੁਬਧਾ ਤਨ ਕੀ ਨਾਸੀ ॥
   ਜਾ ਕੇ ਸਹਜਿ ਮਨਿ ਭਇਆ ਅਨੰਦੁ, ਤਾ ਕਉ ਭੇਟਿਆ ਪਰਮਾਨੰਦ ॥[188]

(ਆਦਿ ਗ੍ਰੰਥ, ਮ: 5, ਪੰਨਾ 236-237)

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸੰਤਾਂ ਦੇ ਸਹਿਜ ਵਿਚ ਮੌਲਿਕਤਾ ਹੈ। ਉਨ੍ਹਾਂ ਨੇ ਸਹਿਜ ਨੂੰ ਵਿਵਿਤ੍ਰ

ਅਰਥਾਂ ਵਿਚ ਪ੍ਰਯੋਗ ਕੀਤਾ ਹੈ।

ਗੁਰ ਮਹਿਮਾਂ :- ਸੰਤ ਸਾਹਿਤ ਵਿਚ ਗੁਰੂ ਨੂੰ ਬਹੁਤ ਮਹੱਤਵ ਦਿੱਤਾ ਗਿਆ ਹੈ। ਸਭ ਸੰਤਾਂ ਨੇ ਗੁਰੂ ਮਹਿਮਾ ਗਾਈ ਹੈ। ਗੁਰੂ ਵਰਗੀ ਕਿਸੇ ਵਿਚ ਸਮਰਥਾ ਨਹੀਂ ਜੋ ਮਨੁੱਖ ਦਾ ਪਥ-ਪ੍ਰਦਰਸ਼ਨ ਕਰ ਸਕੇ। ਭਰਮਾਂ, ਹੰਕਾਰ ਕਾਮ, ਕ੍ਰੋਧ ਮੋਹ-ਮਾਇਆ ਆਦਿ ਵਿਕਾਰਾਂ ਨਾਲ ਯੁਕਤ ਸੰਸਾਰ ਵਿਚ ਕੇਵਲ ਸਤਿਗੁਰੂ ਹੀ ਰਾਹ ਦਰਸਾ ਸਕਦਾ ਹੈ। ਉਹ ਹੀ ਅੰਗਮੀ ਰਹੱਸ ਜਾਣਦਾ ਹੈ। ਕਬੀਰ ਜੀ ਲਿਖਦੇ ਹਨ ਕਿ ਗੁਰੂ ਭ੍ਰਿੰਗੀ ਦੀ ਤਰ੍ਹਾਂ ਸਾਧਕ ਨੂੰ ਆਪਣੇ ਰੰਗ ਵਿਚ ਰੰਗ ਕੇ ਪ੍ਰਭਾਵਿਤ ਕਰਦਾ ਹੈ। ਭ੍ਰਿੰਗੀ ਹੋਰ ਜਾਤੀਆਂ ਦੇ ਕੀਟਾਂ ਨੂੰ ਵੀ ਭ੍ਰਿੰਗੀ ਬਣਾ ਲੈਂਦਾ ਹੈ। ਅਜਿਹੀ ਸਥਿਤੀ ਹੀ ਗੁਰੂ ਦੀ ਹੈ।

ਸਾਗਰ ਵਿਚ ਹਜ਼ਾਰਾਂ ਨਦੀਆਂ ਮਿਲ ਕੇ ਆਪਣਾ ਅਸਤਿਤਵ ਗੁਆ ਕੇ ਸਮੁੰਦਰ ਰੂਪ ਹੋ ਜਾਂਦੀਆਂ ਹਨ। ਇਸੇ ਤਰ੍ਹਾਂ ਸਾਧਕ ਵੀ ਪਰਮ ਗੁਰੂ ਦੀ ਸਤਿਸੰਗਤ ਵਿਚ ਪਰਮ ਰੂਪ ਹੋ ਜਾਂਦਾ ਹੈ। ਗੁਰੂ ਰਵਿਦਾਸ ਜੀ ਨੇ ਸੰਤ ਅਤੇ ਅਨੰਤ ਪ੍ਰਭੂ ਨੂੰ ਇਕ ਮੰਨਿਆ ਹੈ। ਕਬੀਰ ਜੀ ਨੇ ਵੀ ਗੁਰੂ ਅਤੇ ਗੋਬਿੰਦ ਵਿਚ ਭੇਦ ਨਹੀਂ ਮੰਨਿਆ।

ਸੰਤ ਨਾਮਦੇਵ

1. ਭਗਵੰਤ ਭਗਤਾ ਨਹੀਂ ਅੰਤਰਾ ॥[189]

ਸੰਤ ਰਵਿ ਦਾਸ

2. ਸੰਤ ਅਨੰਤਹਿ ਅੰਤਰੁ ਨਾਹੀ ॥[190]

ਸੰਤ ਕਬੀਰ :

3. ਗੁਰੂ ਗੋਬਿੰਦ ਤੌ ਏਕ ਹੈ, ਦੂਜਾ ਯਹੁ ਆਕਾਰ ॥[191]

ਇਸ ਤਰ੍ਹਾਂ ਗੁਰੂ ਆਤਮਾ ਅਤੇ ਪਰਮਾਤਮਾ ਦੇ ਮਿਲਾਪ ਲਈ ਮਹੱਤਵਪੂਰਨ ਕਾਰਜ ਕਰਦਾ ਹੈ। ਗੁਰੂ ਹੀ ਦੋਨਾਂ ਦਾ ਸੰਯੋਗ ਕਰਵਾਉਂਦਾ ਹੈ।

1. ਸਰਵਰ ਤਟਿ ਹੰਸਿਣੀ ਤਿਸਾਈ ॥
ਜੁਗਤਿ ਬਿਨ ਹਰਿ ਜਲ ਪਿਯਾ ਨਾ ਜਾਈ ॥
ਪਿਯਾ ਚਹੈ ਤੌ ਲੈ ਖਗ ਸਾਰੀ,ਉੜਿ ਨ ਸਕੈ ਦੋਊ ਪਰ ਭਾਰੀ ॥
ਕੁੰਭ ਲਿਹੈ ਠਾਡੀ ਪਨਿਹਾਰੀ, ਗੁਣ ਬਿਨ ਨੀਰ ਭਰੈ ਕੈਸੇ ਨਾਰੀ ॥
ਕਹੈ ਕਬੀਰ ਗੁਰ ਏਕ ਬੁਧਿ ਬਤਾਈ,ਸਹਜ ਸੁਭਾਈ ਮਿਲੇ ਰਾਮ ਰਾਈ ॥[192]

2. ਸਤਿਗੁਰਿ ਮਿਲੈ ਨਿਰੰਜਨੁ ਪਾਇਆ ਤੇਰੇ ਨਾਮਿ ਤੇ ਨਿਵਾਸਾ ॥[193]

ਬਾਹਰੀ ਕਰਮਕਾਂਡ ਦਾ ਖੰਡਨ: - ਸੰਤਾਂ ਦਾ ਭਗਤੀ ਮਾਰਗ ਅਨੁਭਵ ਦੀ ਕਸੌਟੀ ਉਤੇ ਪਰਖਿਆ ਸਾਧਨਾ-ਮਾਰਗ ਹੈ। ਇਸ ਲਈ ਉਨ੍ਹਾਂ ਨੇ ਫੋਕਟ ਕਰਮਕਾਂਡਾਂ ਦੀ ਨਿਰਾਰਥਕਤਾ ਸਿੱਧ ਕੀਤੀ । ਉਨ੍ਹਾਂ ਅਨੁਸਾਰ ਪ੍ਰਭੂ ਸਰਵਵਿਆਪੀ ਹੈ। ਇਸਨੂੰ ਮੂਰਤੀ ਵਿਚ ਕੈਦ ਨਹੀਂ ਕੀਤਾ ਜਾ ਸਕਦਾ ਹੈ। ਜੇਕਰ ਈਸ਼ਵਰ ਮੂਰਤੀ ਵਿਚ ਹੈ ਤਾਂ ਇਸ ਮੂਰਤੀ ਨੂੰ ਪਾਣੀ ਵਿਚ ਤੈਰਨਾ ਚਾਹੀਦਾ ਹੈ:

ਸੰਤ ਨਾਮਦੇਵ

1. ਪਾਤੀ ਤੋੜਿ ਨ ਪੂਜੌ ਦੇਵਾ, ਦੇਵਿਲਦੇਵ ਨਾ ਹੋਈ ॥ [194]

ਸੰਤ ਰਵਿਦਾਸ :

2. ਤੋਰੋਂ ਨਾ ਪਾਤੀ ਪੂਜੋ ਨ ਦੇਵਾ, ਸਹਜ ਸਮਾਧਿ ਕਰੌ ਹਰਿ ਸੇਵਾ ॥[195]

3. ਧੰਧਾ ਕਰਮ ਸਗਲੀ ਪਤਿ ਬੇਵਿਸ ਭਰਮੁ ਨ ਮਿਟਸਿ ਗਵਾਰਾ ॥[196]

4. ਕਰਮ ਕਾਂਡ ਬਹੁ ਕਰਹਿ ਆਚਾਰ, ਬਿਨ ਨਾਂਵੇ ਧ੍ਰਿਗ ਧ੍ਰਿਗ ਅਹੰਕਾਰ ॥[197]

5. ਬਹੁ ਬਿਧਿ ਧਰਮ ਨਿਰੂਪੀਐ, ਕਰਤਾ ਦੀਸੈ ਸਭ ਲੋਇ ॥
ਵਕਨ ਕਰਮ ਤੇ ਛੂਟੀਐ, ਜਿਹ ਸਾਧੇ ਸਭ ਸਿਧਿ ਹੋਇ ॥[198]

ਏਕਤਾ ਦਾ ਸੰਦੇਸ਼: - ਸੰਤਾਂ ਨੇ ਜਾਤ ਪਾਤ ਉਚ ਨੀਚ ਦੇ ਵਿਤਕਰਿਆਂ ਨੂੰ ਖਤਮ ਕਰਨ ਲਈ ਸੰਘਰਸ਼ ਕੀਤਾ। ਉਨ੍ਹਾਂ ਨੇ ਸਮਾਜਿਕ ਅਤੇ ਰਾਜਨੀਤਿਕ ਪ੍ਰਸਥਿਤੀਆਂ ਅਨੁਸਾਰ ਹਿੰਦੂ ਮੁਸਲਮਾਨ ਦੀ ਏਕਤਾ ਦਾ ਸੰਦੇਸ਼ ਦਿੱਤਾ। ਮਧਕਾਲੀਨ ਭਗਤੀ ਵੀ ਇਹੀ ਵਿਸ਼ੇਸ਼ਤਾ ਹੈ ਕਿ ਭਗਤੀ ਦਾ ਦੁਆਰ ਸਭ ਲਈ ਖੁਲ੍ਹ ਕੇ ਮਨੁੱਖ ਮਨੁੱਖ ਦੇ ਅੰਤਰਾਂ ਨੂੰ ਮਿਟਾਉਣ ਦਾ ਹੋਲਾ ਕੀਤਾ ਗਿਆ ਹੈ। ਇਸ ਸੰਦਰਭ ਵਿਚ ਸ੍ਰੀ ਰਾਮਾਨੰਦ ਦੀ ਦੇਣ ਬਹੁਤ ਮਹੱਤਵਪੂਰਨ ਹੈ । ਉਨ੍ਹਾਂ ਦੇ ਸ਼ਿਸ਼ ਸਭ ਜਾਤੀਆਂ ਵਿਚੋਂ ਸਨ। ਉਨ੍ਹਾਂ ਨੇ ਅਸਲ ਵਿਚ ਕਥਨੀ ਅਤੇ ਕਰਨੀ ਵਿਚ ਸੁਮੇਲ ਸਥਾਪਿਤ ਕੀਤਾ।

ਸੰਤ ਕਬੀਰ :

ਰਾਮ ਰਹੀਮ ਕਰੀਮ ਕੇਸਵ, ਅਲਹ ਰਾਮ ਸਤਿ ਸੋਈ ॥
ਵੇਦ ਕੁਰਾਨ ਬਿਸੰਭਰ ਏਕੈ ਔਰ ਨ ਦੂਜਾ ਕੋਈ ॥

ਸੰਤ ਰਵਿਦਾਸ :

ਕ੍ਰਿਸ਼ਨ ਕਰੀਮ ਰਾਮ ਹਰਿ ਰਾਘਵ, ਜਬ ਲਗ ਏਕੇ ਏਕ ਨਹੀਂ ਪੇਖਿਆ ॥
ਵੇਦ ਕਤੇਬ ਕੁਰਾਨ ਪੁਰਾਨਨਿ ਸਹਿਜ ਏਕ ਨਹੀਂ ਦੇਖਿਆ ॥[199]

ਕਥਨੀ ਅਤੇ ਕਰਨੀ ਵਿਚ ਸੁਮੇਲ: - ਸੰਤਾਂ ਦੀ ਭਗਤੀ-ਸਾਧਨਾ ਵਿਚ ਸਫਲਤਾ ਦਾ ਕਾਰਣ ਕਥਨੀ

ਅਤੇ ਕਰਨੀ ਵਿਚ ਏਕਤਾ ਹੈ। ਉਨ੍ਹਾਂ ਨੇ ਬਾਰ ਬਾਰ ਮਨ ਬਚ-ਕਰਮਨ ਦੇ ਬਲ ਦਿੱਤਾ ਕਿਉਂਕਿ ਉਨ੍ਹਾਂ ਅਨੁਸਾਰ ਇਸ ਤੋਂ ਬਿਨਾਂ ਭਗਤੀ ਜਾਂ ਜੀਵਨ ਦੇ ਹੋਰ ਖੇਤਰਾਂ ਵਿਚ ਸੰਪੂਰਨਤਾ ਪ੍ਰਾਪਤ ਨਹੀਂ ਹੋ ਸਕਦੀ। ਅਸੀਂ ਕਥਨ ਤਾਂ ਬਹੁਤ ਕੁਝ ਕਰਦੇ ਹਾਂ ਪਰੰਤੂ ਇਕ ਪਤੀਸ਼ੁਤ ਵਿਚਾਰਾਂ ਨੂੰ ਵੀ ਵਿਵਹਾਰਿਕਤਾ ਪ੍ਰਦਾਨ ਨਹੀਂ ਕਰਦੇ। ਇਹੋ ਸਾਡੀ ਅਸਫਲਤਾ ਦਾ ਮੁੱਖ ਕਾਰਨ ਹੈ। ਕਥਨੀ -ਕਰਨੀ ਵਿਚ ਏਕਤਾ ਸਥਾਪਿਤ ਕਰਨ ਨਾਲ ਹੀ ਸਭ ਵਿਚ ਸਦੀਵੀ ਏਕਤਾ ਦੇ ਦਰਸ਼ਨ ਹੁੰਦੇ ਹਨ। ਨਹੀਂ ਤਾਂ ਚਾਰੇ ਪਾਸੇ ਭਿੰਨਤਾ ਹੀ ਭਿੰਨਤਾ ਦਿਸਦੀ ਹੈ। ਸੰ

ਸੰਤ ਨਾਮਦੇਵ :-

1. ਸਾਰ ਤੁਮਾਹਰਾ ਨਾਂਵ ਹੈ, ਝੂਠਾ ਸਭ ਸੰਸਾਰੁ ॥
   ਮਨਸਾ ਵਾਚਾ ਕਰਮਣਾ ਕਲਿ ਕੇਵਲ ਨਾਂਵ ਅਧਾਰਾ ॥[200]

2. ਮਨ ਬਚਕਰਮ ਰਵਿਦਾਸ ਧਿਯਾਵਾਂ ਘੰਟਾ ਝਾਲਰ ਮਨਹਿੰ ਬਜਾਵਾ ॥[201]

ਇਸ ਤਰ੍ਹਾਂ ਅਸੀਂ ਵੇਖਿਆ ਕਿ ਕਿਵੇਂ ਮਧਯੁਗ ਵਿਚ ਭਗਤੀ ਦੀਆਂ ਲਹਿਰਾਂ ਪੂਰੇ ਜੋਬਨ ਵਿਚ ਵਹਿ ਗਈਆਂ ਅਤੇ ਇਨ੍ਹਾਂ ਵਿਚੋਂ ਨਿਰਗੁਣ-ਭਗਤੀ ਧਾਰਾ ਪ੍ਰਬੀ ਰੂਪ ਵਿਚ ਕ੍ਰਿਆਸ਼ੀਲੀ ਅਤੇ ਪ੍ਰਭਾਵਸ਼ਾਲੀ ਬਣੀ। ਅਸਲ ਵਿਚ ਸੰਤਾਂ ਦੀ ਕਾਵਿ-ਧਾਰਾ ਹੀ ਮਧਯੁਗੀਨ ਭਗਤੀ ਲਹਿਰ ਬਣੀ ਜਿਸ ਨੇ ਧਰਤੀ ਦੇ ਕਣ ਕਣ ਨੂੰ ਨਾਮ ਰਸ ਨਾਲ ਸਿੰਜਿਆ ।

ਉਪਰੋਕਤ ਸਾਰੀ ਵਿਚਾਰ ਚਰਚਾ ਤੋਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਸੰਸਾਰ ਦੇ ਧਾਰਮਿਕ ਸਾਹਿਤ ਵਿਚ ਭਗਤੀ ਦੀ ਇਕ ਬੜੀ ਅਮੀਰ ਤੇ ਗੌਰਵਸ਼ਾਲੀ ਪਰੰਪਰਾ ਹੈ ਕੀ ਭਾਰਤੀ ਅਤੇ ਕੀ ਅਭਾਰਤੀ ਸਭ ਮੱਤ -ਮੱਤਾਂਤਰ ਭਗਦੀ ਦੀ ਮਹਾਨਤਾ ਦਾ ਵਰਨਣ ਕਰਦੇ ਹਨ। ਅਸਲ ਵਿਚ ਭਗਤੀ-ਪਰੰਪਰਾ ਅਤੇ ਅਧਿਆਤਮਿਕ ਸਾਹਿਤ ਦੀ ਜਨਮ ਭੂਮੀ ਭਾਰਤ ਨੂੰ ਹੀ ਮੰਨਿਆ ਜਾਂਦਾ ਹੈ ਪਰ ਜਿਵੇਂ ਕਿ ਅਸੀਂ ਇਸ ਅਧਿਆਇ ਦੇ ਆਰੰਭ ਵਿਚ ਵੀ ਵਿਚਾਰ ਕਰ ਆਏ ਹਾਂ ਕਿ ਕੁਝ ਪੱਛਮੀ ਚਿੰਤਕ ਅਤੇ ਵਿਚਾਰਵਾਨ ਭਗਤੀ ਪਰੰਪਰਾ ਅਤੇ ਵਿਸ਼ੇਸ਼ ਤੌਰ ਤੇ ਭਾਰਤੀ ਭਗਤੀ ਪਰੰਪਰਾ ਦਾ ਸੰਬੰਧ ਈਸਾਈ ਮੱਤ ਨਾਲ ਜੋੜਦੇ ਹਨ। 'ਗ੍ਰੀਅਰਸਨ, ਲੈਸਨ' ਅਤੇ 'ਵਿਲਸਨ' ਆਦਿ ਵਿਦਵਾਨ ਤਾਂ ਇਥੋਂ ਤਕ ਜਾਂਦੇ ਹਨ ਕਿ ਮਹਾਂਭਾਰਤ ਦੀ ਕਹਾਣੀ ਤੇ ਵੀ ਈਸਾਈ ਮੱਤ ਦਾ ਪ੍ਰਭਾਵ ਸਿੱਧ ਕਰਨ ਦਾ ਯਤਨ ਕਰਦੇ ਹਨ । ਸ਼ਾਇਦ ਅਜਿਹਾ ਇਸ ਲਈ ਹੋਇਆ ਹੈ ਕਿਉਂਕਿ ਅੰਗਰੇਜ਼

ਭਾਰਤ ਦੇ ਸ਼ਾਸ਼ਕ ਹੋਣ ਦੇ ਨਾਤੇ ਆਪਣੇ ਰਾਜ ਅਭਿਮਾਨ ਅਧੀਨ ਸਾਡੀ ਭਗਤੀ ਕਾਵਿ-ਪਰੰਪਰਾ ਨੂੰ ਵੀ ਆਪਣੇ ਧਰਮ ਦੀ ਦੇਣ ਹੀ ਸਮਝਦੇ ਰਹੇ ਹਨ। ਪਰ ਅਸੀਂ ਇਸ ਵਿਚਾਰ ਨਾਲ ਸਹਿਮਤ ਨਹੀਂ ਹਾਂ, ਇਸ ਸਾਰੇ ਅਧਿਆਇ ਵਿਚ ਅਸੀਂ ਉਪਰੋਕਤ ਵਿਦਵਾਨਾਂ ਦੇ ਵਿਚਾਰਾਂ ਨਾਲ ਜਿਥੇ ਅਸਹਿਮਤੀ ਪ੍ਰਗਟ ਕੀਤੀ ਹੈ ਉਥੇ ਅਸੀਂ ਭਾਰਤ ਵਿਚ ਭਗਤੀ-ਪਰੰਪਰਾ ਦੇ ਵਿਕਾਸ ਤੇ ਵੀ ਕਾਲ ਕ੍ਰਮ ਅਨੁਸਾਰ ਵਿਚਾਰ ਕੀਤਾ ਹੈ।

ਭਾਰਤੀ ਭਗਤੀ-ਪਰੰਪਰਾ ਦਾ ਆਰੰਭ ਤਾਂ ਪੂਰਵ ਵੈਦਿਕ ਕਾਲ ਵਿਚ ਹੀ ਹੋ ਜਾਂਦਾ ਹੈ, ਸਿੰਧ ਘਾਟੀ ਦੀ ਸਭਿਅਤਾ ਦੀ ਸੰਬੰਧ ਵਿਚ ਹੜੱਪਾ ਤੇ ਮਹਿੰਜੋਧਾੜੋ ਦੀ ਖੁਦਾਈ ਤੋਂ ਤਾਂ ਇਹ ਪਤਾ ਲਗਦਾ ਹੈ ਕਿ ਆਰੀਆ ਦੇ ਆਉਣ ਤੋਂ ਪਹਿਲਾਂ ਭਾਰਤ ਦੇ ਆਦਿ ਵਾਸੀ ਲੋਕਾਂ ਵਿਚ ਵੀ ਭਗਤੀ ਭਾਵਨਾ ਬੜੇ ਬਲਵਾਨ ਰੂਪ ਵਿਚ ਪਾਈ ਜਾਂਦੀ ਸੀ। ਇਨ੍ਹਾਂ ਸ਼ਹਿਰਾਂ ਦੀ ਖੁਦਾਈ ਕਰਨ ਉਪਰੰਤ ਇਨ੍ਹਾਂ ਵਿਚੋਂ ਸ਼ਿਵ ਦੀ ਮੂਰਤੀ ਪ੍ਰਾਪਤ ਹੋਈ ਹੈ। ਫਿਰ ਵੀ ਆਰੀਅਨ ਸਭਿਅਤਾ ਦੇ ਅੰਤਰਗਤ ਭਗਤੀ ਦੀ ਪਰੰਪਰਾ ਦਾ ਮੁਢ ਵੇਦਾਂ ਵਿਚ ਵੇਖਿਆ ਜਾਂਦਾ ਹੈ। ਵੇਦਾਂ ਤੋਂ ਬਾਅਦ ਪੁਰਾਣਾਂ ਅਤੇ ਫਿਰ ਭਾਗਵਤ ਗੀਤਾ ਵਿਚ ਭਗਤੀ ਦਾ ਵਿਕਾਸ ਹੋਇਆ। ਇਸ ਵਿਚਾਰ ਦੀ ਪੁਸ਼ਟੀ ਗੁਰੂ ਰਵਿਦਾਸ ਬਾਣੀ ਵਿਚੋਂ ਵੀ ਹੁੰਦੀ ਹੈ, ਜਿਸਦਾ ਇਸ ਅਧਿਆਇ ਵਿਚ ਜ਼ਿਕਰ ਕੀਤਾ ਜਾ ਚੁੱਕਾ ਹੈ। ਇਸ ਤਰ੍ਹਾਂ ਅਸੀਂ ਭਗਤੀ ਦੇ ਵਿਕਾਸ ਦੀ ਕਾਲਵੰਡ ਕਰਦੇ, ਪੂਰਵ ਵੈਦਿਕ ਭਗਤੀ, ਵੈਦਿਕ-ਭਗਤੀ, ਉਪਨਿਸ਼ਦ ਭਗਤੀ, ਭਾਗਵਤ ਭਗਤੀ, ਸੂਤਰ ਭਗਤੀ ਆਦਿ ਸਿਰਲੇਖਾਂ ਅਧੀਨ ਇਸ ਪਰੰਪਰਾ ਦੀ ਵਿਕਾਸ ਦਾ ਉਲੇਖ ਕੀਤਾ ਹੈ। ਅਸਲ ਵਿਚ 700 ਵੀਂ ਸਦੀ ਈਸਵੀ ਤੋਂ 14ਵੀਂ ਸਦੀ ਈਸਵੀ ਦਾ ਸਮਾਂ ਭਗਤੀ-ਪਰੰਪਰਾ ਦੇ ਵਿਕਾਸ ਦਾ ਸੁਨਹਿਰੀ ਕਾਲ ਸੀ। ਇਹੀ ਕਾਲ ਹੈ ਜਿਸ ਨੂੰ ਦੂਸਰੇ ਸ਼ਬਦਾਂ ਵਿਚ ਅਸੀਂ ਮੱਧਕਾਲ ਦਾ ਨਾਮ ਦਿੱਤਾ ਜਾਂਦਾ ਹੈ। ਮੱਧਕਾਲੀਨ ਭਗਤੀ ਵਿਚ ਮੁੜ ਅਸੀਂ ਰਾਮਾਨੁਜ, ਰਾਮਾਨੰਦ, ਮਾਧਵ, ਨਿੰਬਾਰਕ ਵੱਲਭ, ਅਤੇ ਚੈਤੰਨਯ ਆਦਿ ਚਿੰਤਕਾਂ ਦੇ ਵਿਚਾਰਾਂ ਵਿਚ ਭਗਤੀ ਦੇ ਵਿਭਿੰਨ ਰੂਪਾਂ ਤੇ ਵਿਚਾਰ ਪ੍ਰਸਤੁਤ ਕੀਤੇ ਹਨ। ਇਨ੍ਹਾਂ ਸਮੂਹ ਚਿੰਤਕਾਂ ਨੇ ਯੋਗ ਮਾਰਗ, ਕਰਮ ਮਾਰਗ, ਗਿਆਨ ਮਾਰਗ ਅਤੇ ਭਗਤੀ ਮਾਰਗ ਦੁਆਰਾ ਮਨੁੱਖੀ ਆਤਮਾਂ ਦੇ ਪਰਮ ਆਤਮਾ ਵਿਚ ਅਭੇਦ ਹੋਣ ਬਾਰੇ ਸਾਧਨਾਂ ਦਾ ਜ਼ਿਕਰ ਕੀਤਾ ਹੈ। ਭਗਤੀ ਤੋਂਭਾਵ ਹੀ ਜੀਵ ਦਾ ਬ੍ਰਹਮ ਪ੍ਰਤੀ ਪੂਰਨ - ਨਿਸ਼ਚੇ ਸਹਿਤ, ਸ਼ਰਧਾ ਭਰਪੂਰ ਲਗਾਵ ਹੈ, ਜਿਸ ਵਿਚ ਜੀਵ ਸੰਪੂਰਨ ਆਤਮ ਸਮਰਪਣ ਕਰਦਾ ਹੈ। ਭਗਤੀ ਵਿਕਾਸ ਵਿਚ ਨਿਰਗੁਣ ਭਗਤੀ ਤੇ ਸਰਗੁਣ ਭਗਤੀ ਦੋਹਾਂ ਦਾ ਸੁਮੇਲ ਰਾਮਾ ਨੰਦ ਸੰਪ੍ਰਦਾਇ ਦੇ ਚਿੰਤਕਾਂ ਤੇ ਭਗਤਾਂ ਨੇ ਕੀਤਾ ਹੈ ਇਸ ਸੋਧ-ਪ੍ਰਬੰਧ ਦਾ ਕਾਰਜ

ਖੇਤਰ ਸ੍ਰੀ ਗੁਰੂ ਰਵਿਦਾਸ ਦੀ ਭਗਤੀ ਸਾਧਨਾਂ ਤੇ ਬਹੁਪੱਖੀ ਵਿਚਾਰ ਕਰਨਾ ਹੈ। ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਨਿਰਗੁਣ ਤੇ ਸਗੁਣ ਦੋਹਾਂ ਕਿਸਮਾਂ ਦੀ ਭਗਤੀ ਦਾ ਸੁੰਦਰ ਸੁਮੇਲ ਪ੍ਰਾਪਤ ਹੈ ਜਿਸਦਾ ਵਿਸਥਾਰਪੂਰਵਕ ਅਧਿਐਨ ਅਗਲੇ ਅਧਿਆਵਾਂ ਵਿਚ ਕੀਤਾ ਜਾਵੇਗਾ।

## ਟਿਪਣੀਆਂ ਤੇ ਹਵਾਲੇ


1. ਡਾ. ਗ੍ਰੀਅਰਸਨ, ਭ ਤੀ ਮਾਰਗ, 'ਐਨਸਾਈਕਲੋਪੀਡੀਆ ਆਫ਼ ਰਿਲੀਜ਼ਨ ਐਂਡ ਐਥਿਕਸ', ਪੰਨਾ 549
2. ਡਾ. ਪੀਤਾਂਬਰਦੱਤ ਬੜਥਵਾਲ,' ਹਿੰਦੀ ਕਾਵਯ ਮੇਂ ਨਿਰਗੁਣ ਸੰਪ੍ਰਦਾਇ, ' ਪੰਨਾ 350-56 ਤੋਂ ਉਦਾਹਰਣ
3. ਹਜ਼ਾਰੀ ਪ੍ਰਸਾਦ ਦਿਵੇਦੀ , ' ਸੂਰ ਸਾਹਿਤ, ਪੰਨਾ 6
4. ਆਰ ਡੀ ਰਾਂਡੇ, ' ਦੀ ਭਗਵਦ ਗੀਤਾ ਐਜ਼ ਏ ਫ਼ਿਲਾਸਫ਼ੀ ਆਫ਼ ਗਾਡ ਰਿਐਲਾਈਜ਼ੇਸ਼ਨ,' ਪੰਨਾ 107
5. ਹਜ਼ਾਰੀ ਪ੍ਰਸਾਦ ਦਿਵੇਦੀ, ' ਸੂਰ - ਸਾਹਿਤ, ਪੰਨਾ 10-11
6. ਆਰ ਡੀ ਰਾਂਡੇ, ਦੀ ਭਗਵਦਗੀਤਾ ਐਜ਼ ਏ ਫ਼ਿਲਾਸਫ਼ੀ ਆਫ਼ ਗਾਡ ਰਿਐਲਾਈਜ਼ੇਸ਼ਨ, ਪੰਨਾ 108
7. ਉਹੀ, ਪੰਨਾ 10-110
8. ਦੁਰਗਾ ਸ਼ੰਕਰ ਮਿਸ਼ਰ, ' ਭਕਤੀ ਕਾਵਿ ਕੇ ਮੂਲ ਸ੍ਰੋਤ,' ਪੰਨਾ 109
9. ਹਜ਼ਾਰੀ ਪ੍ਰਸਾਦ ਦਿਵੇਦੀ, ' ਸੂਰ ਸਾਹਿਤ,' ਪੰਨਾ 17-18
10. ਮੁਨਸ਼ੀ ਰਾਮ ਸ਼ਰਮਾ, ' ਭਕਤੀ ਕਾ ਵਿਕਾਸ', ਪੰਨਾ 243
11. ਡਾ. ਬੀ ਪੀ ਸ਼ਰਮਾ;, ' ਸੰਤਗੁਰੂ ਰਵਿਦਾਸ ਬਾਣੀ', ਪੰਨਾ, ਪਦ(134)
12. Muni Shiv Kumar,'The Doctrine of Liberation in India( Religions, P.3, Edition 1981
13. - do- Page 4
14. - do- Page 4
15. ਸਾਯਣ ਭਾਸ਼ਯ
16. ਅਥਰਵ ਵੇਦ 15/11/1-2
17. J. B. B.R.A.S. Vol XIX, Page 363 (ਆਚਾਰੀਆ ਪਰਸ਼ੂਰਾਮ ਚਤੁਰਵੇਦੀ, ਸੰਤ ਸਾਹਿਤਯ ਕੇ ਪ੍ਰੇਰਨਾ ਸ੍ਰੋਤ, ਪੰਨਾ ੫੨)
18. A. P. Karmarkav,'The Vratya or Dravidian System, The Religions of India.
19. ਪਰ[illegible]ਮ ਚਤੁਰਵੇਦੀ, ' ਸੰਤ ਸਾਹਿਤਯ ਕੇ ਪ੍ਰੇਰਨਾ ਸ੍ਰੋਤ' ਪੰਨਾ 43


PUNJABI UNIVERSITY

45733

20. ਪਰਸ਼ੂਰਾਮ,' ਉਤਰੀ ਭਾਰਤ ਕੀ ਸੰਤ ਪਰੰਪਰਾ,' ਪਨਾ 19

~~21.xxxxxਬਲਦੇਵxਕੀxਲਾ~~

21. ਬਲਦੇਵ ਉਪਾਧਿਆਇ, ' ਭਾਰਤੀਯ ਦਰਸ਼ਨ ', ਪੰਨਾ 349

22. ਹਰਦਵਾਰੀ ਲਾਲ, ' ਭਾਰਤ ਮੇਂ ਪ੍ਰਤੀਕ ਪੂਜਾ ਕਾ ਆਰੰਭ ਤਥਾ ਵਿਕਾਸ ', ਪੰਨਾ 2

23. ਰਿਗਵੇਦ 7/21/5, 10/99/3

24. ਰਿਗਵੇਦ( ਦਸਮਮੰਡਲ ਸੂਕਤ 36)

25. ਪਰਸ਼ੂਰਾਮ ਚਤੁਰਵੇਦੀ, ' ਸੰਤ ਸਾਹਿਤਯ ਕੇ ਪ੍ਰੇਰਨਾ ਸ੍ਰੋਤ ' ਪੰਨਾ 44

26. Dr. Muni Shiv Kumar, The Dictrine of Liberation in Indian Religion, Page 6

27. - do- Page 6

28. ਪਰਸ਼ੂਰਾਮ ਚਤੁਰਵੇਦੀ, ' ਉਤਰੀ ਭਾਰਤ ਕੀ ਸੰਤ ਪਰੰਪਰਾ ', ਪੰਨਾ 52

29. ਡਾ. ਬੀ ਪੀ ਸ਼ਰਮਾ, ਹਿੰਦੁਸਤਾਨੀ ਦੀ ਪੁਰਾਣੀ ਸਭਿਅਤ ', ਪੰਨਾ 52

30. ਰਿਗਵੇਦ, 1,16[illegible],9

31. ਰਿਗਵੇਦ 8.30.1

32. ਰਿਗਵੇਦ 6-52-4

33. ਬਲਦੇਵ ਉਪਾਧਿਆਇ, ਵੈਸ਼ਣਵ ਸੰਪ੍ਰਦਾਯੋਂ ਕਾ ਸਾਹਿਤਯ ਔਰ ਸਿਧਾਂਤ ', ਪੰਨਾ 41

34. ਉਮੇਸ਼ ਮਿਸ਼ਰ, ' ਭਾਰਤੀਯ ਦਰਸ਼ਨ, ਪੰਨਾ 32, ਭਾਰਗਵ ਭੂਸ਼ਣ ਪ੍ਰੈਸ, ਵਾਰਣਸੀ, ਦੂਜਾ ਸੰਸਕਰਣ, 1964

35. ਰਿਗਵੇਦ 3/138/2, 1, 164,20

36. ਰਿਗਵੇਦ 7,86,6

37. ਰਿਗਵੇਦ 6,2,11

38. ਯਜੁਰਵੇਦ 40.1

39. ਰਿਗਵੇਦ 10.164 ਅਥਰਵਵੇਦ 3.2.4

40. ਯਜੁਰਵੇਦ 1-5,10

41. ਯਜੁਰਵੇਦ 1.17.9

42. ਰਿਗਵੇਦ 8,44,19, 6,1,4, 7,32,17

43. ਰਿਗਵੇਦ 8/98/11

44. ਰਿਗਵੇਦ 2,37,3, ਅਥਰਵ ਵੇਦ 20,19,3

45. ਅਥਰਵ 10,7,32
46. ਰਿਗਵੇਦ 10,43,1 ; 1,62,11
47. ਰਿਗਵੇਦ 8,103,10
48. ਰਿਗਵੇਦ 10,50,1; 6,45,4
49. ਰਿਗਵੇਦ 7,25,4; 7,86,7
50. ਰਿਗਵੇਦ 9,61,4; 8,42,2
51. ਰਿਗਵੇਦ 8,98,11; 6,1,5
52. ਰਿਗਵੇਦ 8,63,10; ਅਥਰਵਵੇਦ 9,2,11
53. ਰਿਗਵੇਦ 8,44,19, 6,1,4
54. ਰਿਗਵੇਦ 90/149/4
55. ਰਿਗਵੇਦ 5,51,1
56. ਰਿਗਵੇਦ 10,151,5
57. ਰਿਗਵੇਦ 7,32,17; 3,37,3
58. ਰਿਗਵੇਦ 8,1,1
59. ਅਥਰਵ ਵੇਦ 6,79,3
60. ਯਜੁਰਵੇਦ 40,8
61. ਸਤਪਥ 14,3,1,30
62. ਪਰਸੂਰਾਮ ਚਤੁਰਵੇਦੀ,' ਉਤਰੀ ਭਾਰਤ ਕੀ ਸੰਤ ਪਰੰਪਰਾ,' ਪੰਨਾ 21
63. ਕਠ ਉਪਨਿਸ਼ਦ 3,1,1
64. ਬ੍ਰਿਹਦਾਰਣਯਕ ਉਪਨਿਸ਼ਦ, 2,4,19
65. ਉਹੀ 14,10
66. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ 61
67. ਮੁੰਡਕ ਉਪਨਿਸ਼ਦ, 1,2,7
68. ਸ਼ਵੇਤਸ਼ਵੇਤਰ ਉਪਨਿਸ਼ਦ 2
69. ਬ੍ਰਿਹਦਾਰਣਯਕ ਉਪਨਿਸ਼ਦ, ਸ਼ੰਕਰ ਭਾਸ਼ਯ, 4,4,2
70. ਕਠ ਉਪਨਿਸ਼ਦ, 1,2,8
71. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ 61
72. ਕਠ ਉਪਨਿਸ਼ਦ, 1,2,23

73. ਸ਼ਵੇਤਸ਼ਵੇਤਰ ਉਪਨਿਸ਼ਦ, 6,18
74. ਉਹੀ 2
75. ਛਾਂਦੋਗਯ ਉਪਨਿਸ਼ਦ 6-7-9
76. ਉਹੀ, 3,14,1
77. ਪੰਚ ਬ੍ਰਹਮ ਉਪਨਿਸ਼ਦ 29,30
78. ਮੁੰਡਕ ਉਪਨਿਸ਼ਦ 3,2,9
79. ਸ਼ਵੇਤਸ਼ਵੇਤਰ ਉਹੀ, 1,14
80. ਬ੍ਰਿਹਦਾਰਣਯਕ ਉਪਨਿਸ਼ਦ 1,3,28
81. ਕਠਉਪਨਿਸ਼ਦ - 2,3,13
82. ਉਹੀ, 1,2,22, ਮੁੰਡਕ ਉਪਨਿਸ਼ਦ 3,2,3
83. ਉਹੀ 1,2,8
84. ਸ਼ਵੇਤਸ਼ਵੇਤਰ ਉਪਨਿਸ਼ਦ 6,18. ਕਠ ਉਪਨਿਸ਼ਦ 2,23, ਮੁੰਡ ਉਪਨਿਸ਼ਦ 3,2,3
85. ਕਠ ਉਪਨਿਸ਼ਦ, 1,7,9 ਸਵੇਤਸ਼ਵਤਰ ਉਪਨਿਸ਼ਦ 6, 23
86. ਕਠ ਉਪਨਿਸ਼ਦ 2,3,14
87. ਪ੍ਰਸ਼ਨੋਸਿਦ 1,15
88. ਨਾਰਦ ਭਗਤੀ ਸੂਤਰ 16
89. ਉਹੀ 17
90. ਉਹੀ 19
91. ਉਹੀ 2
92. ਉਹੀ 3
93. ਉਹੀ 4
94. ਉਹੀ 28
95. ਉਹੀ 29
96. ਉਹੀ 25-26
97. ਉਹੀ 36
98. ਉਹੀ 37
99. ਉਹੀ 38
100. ਉਹੀ 39-40

101. ਨਾਰਦ ਭਗਤੀ ਸੂਤਰ 44

102. ਉਹੀ 45

103. ਉਹੀ 61

104. ਉਹੀ 65

105. ਉਹੀ 72-73

106. ਉਹੀ, 98

107. ਉਹੀ 56

108. ਉਹੀ 58

109. ਸ਼ਾਂਡਿਲਯ ਸੂਤਰ 2

110. ਨਾਰਦ ਭਗਤੀ ਸੂਤਰ 18

111. ਸ਼ਾਂਡਿਲਯ ਸੂਤਰ 4

112. ਉਹੀ 8

113. ਉਹੀ, 62

114. ਉਹੀ, 56

115. ਡਾ. ਮੁੰਸ਼ੀ ਰਾਮ ਸ਼ਰਮਾ, ਭਗਤੀ ਦਾ ਵਿਕਾਸ, ਪੰਨਾ 236

116. ਗੀਤਾ 9/32

117. ਡਾ. ਮੁੰਸ਼ੀ ਰਾਮ ਸ਼ਰਮਾ, ਭਗਤੀ ਦਾ ਵਿਕਾਸ ਪੰਨਾ 378

118. ਗੀਤਾ 8/18

119. ਗੀਤਾ 11/16

120. ਗੀਤਾ 17/7

121. 2/71

122. ਗੀਤਾ 4/20

123. ਗੀਤਾ 18/11

124. ਗੀਤਾ 4/37

125. ਗੀਤਾ 4/33

126. ਗੀਤਾ 4/31

127. ਗੀਤਾ 4/37

128. ਗੀਤਾ 17/54-55

129. ਗੀਤਾ 7/22

130. ਗੀਤਾ 18/54

131. ਗੀਤਾ 6/47

132. ਡਾ. ਪਦਮ, ਸੰਤ ਰਵਿਦਾਸ ਵਿਚਾਰਕ ਔਰ ਕਵੀ, ਪੰਨਾ 62

133. ਭਗਤੀ ਕਾਵਿ ਅੰਕ 42

134. ਬਲਦੇਵ ਉਪਾਧਿਆਇ, ਭਾਰਤੀਯ ਧਰਮ ਔਰ ਦਰਸ਼ਨ ਕਾ ਅਨੁਸ਼ੀਲਨ, ਪੰਨਾ 287

135. ਉਮੇਸ਼ ਮਿਸ਼ਰ, ' ਭਾਰਤੀਯ ਦਰਸ਼ਨ ', ਪੰਨਾ 369

136. ਡਾ. ਰਾਧਾ ਕ੍ਰਿਸ਼ਨਨ, ਭਾਰਤੀਯ ਦਰਸ਼ਨ,' ਪੰਨਾ 640

137. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ 413

138. ਉਹੀ, ਪੰਨਾ 416

139. ਡਾ ਰਾਧਾ ਕ੍ਰਿਸ਼ਨਨ, ਭਾਰਤੀਯ ਦਰਸ਼ਨ, ਪੰਨਾ 707

140. ਉਹੀ, ਪੰਨਾ 70

141. ਉਹੀ, ਪੰਨਾ 740

142. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, 440

143. ਉਹੀ, ਪੰਨਾ 448

144. ਅਣੁਭਾਸ਼ਯ ਅਧਿਆਇ 4

145. ਅਣੁਭਾਸ਼ਯ 1:1,1

146. ਸ੍ਰੀ ਦੀਨ ਦਯਾਲ ਗੁਪਤ, 'ਅਸ਼ਟਛਾਪ ਔਰ ਵਲਭ ਸੰਪ੍ਰਦਾਇ, ਪੰਨਾ 600

147. ਚੌਰਾਸੀ ਵੈਸ਼ਣਵੋਂ ਕੀ ਵਾਰਤਾ - ਅਗ੍ਰਵਾਲ ਪ੍ਰੈਸ, ਮਥੁਰਾ ਪੰਨਾ 372

148. ਚੈਤੰਨਯ ਚਰਿਤਰਤਾਮ੍ਰਿਤ, ਅੰਤਯ ਲੀਲਾ, ਪਰਕਰਣ 4

149. ਬਲਦੇਵ ਉਪਾਧਿਆਇ, ਭਾਰਤੀਯ ਧਰਮ ਔਰ ਦਰਸ਼ਨ ਕਾ ਅਨੁਸ਼ੀਲਨ, ਪੰਨਾ 139

150. ਡਾ. ਰਾਧਾ ਕ੍ਰਿਸ਼ਨਨ, ਭਾਰਤੀਯ ਦਰਸ਼ਨ, ਪੰਨਾ 765

151. ਇਲਿਅਟ ਐਂਡ ਡਾਇਸਨ - ਹਿਸਟਰੀ ਆਫ਼ ਇੰਡੀਆ, ਭਾਗ 4, ਪੰਨਾ 191

152. ਡਾ. ਏ ਐਲ ਸ੍ਰੀ ਵਾਸਤਵ - ਸਲਤਨਤ ਆਫ਼ ਦੇਹਲੀ, ਪੰਨਾ 497

153. ਉਹੀ, ਪੰਨਾ 399

154. ਮੈਕਾਲਿਫ਼ - ਸਿੱਖ ਰਿਲੀਜਨ ਭਾਗ 1, ਪੰਨਾ 42

155. ਐਸ ਆਰ. ਸ਼ਰਮਾ, ਭਾਰਤ ਮੇਂ ਮੁਸਲਿਮ ਸ਼ਾਸਨ ਕਾ ਇਤਿਹਾਸ, ਪੰਨਾ 115

156. ਸ੍ਰੀ ਰਾਮ ਚੰਦਰ ਸ਼ੁਕਲ, ਹਿੰਦੀ ਸਾਹਿਤ ਕਾ ਇਤਿਹਾਸ , ਪੰਨਾ 43

157. ਡਾ. ਬਾਬੂ ਰਾਮ ਜੋਸ਼ੀ, ਸੰਤ ਸਾਹਿਤਯ ਮੇਂ ਪਰੋਖ ਸੱਤਾ ਕਾ ਸਰੂਪ, ਪੰਨਾ 41
158. ਡਾ. ਧਰਮ ਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪਦ (107)
159. ਡਾ. ਹਜ਼ਾਰੀ ਪ੍ਰਸਾਦ ਦਿਵੇਦੀ- ਹਿੰਦੀ ਸਾਹਿਤਯ ਕੀ ਭੂਮਿਕਾ, ਸੰਸਕਰਣ 1944, ਪੰਨਾ 31
160. ਸੰਪਾਦਕ ਬ੍ਰਜੇਸ਼ਵਰ ਵਰਮਾ ਹਿੰਦੀ ਸਾਹਿਤਯ, ਪੰਨਾ 179
161. ਆਚਾਰਯ ਪਰਸ਼ੂਰਾਮ ਚਤੁਰਵੇਦੀ, ਉਤਰੀ ਭਾਰਤ ਕੀ ਸੰਤ ਪਰੰਪਰਾ, ਪੰਨਾ 126
162. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਕੀ ਭਗਤੀ-ਸਾਧਨਾ, ਪੰਨਾ 51
163. ਡਾ. ਧਰਮ ਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ 44-45
164. ਮੁਸਲਿਮ ਰੂਲ ਇਨ ਇੰਡੀਆ, ਪੰਨਾ 165
165. ਉਹੀ, ਪੰਨਾ 252
166. ਜੀ ਐਮ ਘੁਰੇ, ਕਾਸਟ ਐਂਡ ਕਾਸਟ ਇਨ ਇੰਡੀਆ, ਪੰਨਾ 99
167. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪਦ(181)
168. ਉਹੀ, ( 109)
169. ਉਹੀ, ( 110)
170. ਡਾ. ਹਜ਼ਾਰੀ ਪ੍ਰਸਾਦ ਦਿਵੇਦੀ, ਹਿੰਦੀ ਸਾਹਿਤਯ ਕੀ ਭੂਮਿਕਾ, ਪੰਨਾ 31
171. ਸ੍ਰੀ ਤ੍ਰਿਲੋਚਨ ਪਾਂਡੇ, ਸੰਤ ਸਾਹਿਤ੍ਯ ਕਾ ਮੂਲ, ਪੰਨਾ 410, 172. ਪਦ {64}
173. ਆਚਾਰਯ ਪ੍ਰਿਥਵੀ ਸਿੰਘ ਆਜ਼ਾਦ, ਰਵਿਦਾਸ ਦਰਸ਼ਨ, ਪੰਨਾ 4
174. ਡਾ. ਹਜ਼ਾਰੀ ਪ੍ਰਸਾਦ ਦਿਵੇਦੀ, ਨਾਥ ਸੰਪ੍ਰਦਾਇ, ਪੰਨਾ 54
175. ਆਚਾਰੀਆ ਪਰਸੂਰਾਮ ਚਤੁਰਵੇਦੀ, ਉਸਤਰੀ ਭਾਰਤ ਕੀ ਸੰਤ ਪਰੰਪਰਾ, ਪੰਨਾ 58
176. ਨਿਕਲਸਨ, ਮਿਸਟਿਕਸ ਆਫ਼ ਇਸਲਾਮ, ਪੰਨਾ 115
177. ਗੋਬਿੰਦ ਤ੍ਰਿਗੁਣਾਯਤ, ਹਿੰਦੀ ਨਿਰਗੁਣ ਕਾਵਿਧਾਰਾ ਕੀ ਪ੍ਰਿਸ਼ਟਭੂਮੀ, ਪੰਨਾ 580
178. ਗਉੜੀ ਬਾਵਨ ਅੱਖਰੀ, ਮਹਲਾ 5, ਆਦਿ ਗ੍ਰੰਥ, ਪੰਨਾ 250
179. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (71)
180. ਗਉੜੀ ਅਸ਼ਟਪਦੀ 5/ ਰਹਾਉ
181. ਜਪੁਜੀ ਆਦਿ ਗ੍ਰੰਥ, ਪੰਨਾ 3
182. ਰਾਗ ਗਉੜੀ ਮਹਲਾ 5, ਆਦਿ ਗ੍ਰੰਥ, ਪੰਨਾ 240
183. ਰਾਗ ਸੋਰਠਿ, ਆਦਿ ਗ੍ਰੰਥ, ਪੰਨਾ 659
184. ਮਹਲਾ 5, ਆਦਿ ਗ੍ਰੰਥ, ਪੰਨਾ 288

185. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (1)

186. ਉਹੀ, ਪਦ ( 161 )

187. ਕਬੀਰ ਗ੍ਰੰਥਾਵਲੀ, ਪੰਨਾ 42

188. ਮਹਲਾ 5, ਆਦਿ ਗ੍ਰੰਥ, ਪੰਨਾ 236-237

189. ਨਾਮਦੇਵ ਕੀ ਹਿੰਦੀ ਪਦਾਵਲੀ, ਪਦ (9)

190. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (73)

191. ਕਬੀਰ ਗ੍ਰੰਥਾਵਲੀ, ਪੰਨਾ 3

192. ਉਹੀ, ਪੰਨਾ 289

193. ਪਰਭਾਤੀ ਪਦ 4/1

194. ਸੰਤ ਨਾਮਦੇਵ ਕੀ ਹਿੰਦੀ ਪਦਾਵਲੀ, ਪਦ 65

195. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ(76)

196. ਮਹਲਾ 1, ਆਦਿ ਗ੍ਰੰਥ, ਪੰਨਾ 1127

197. ਮਹਲਾ 3, ਆਦਿ ਗ੍ਰੰਥ, ਪੰਨਾ 162

198. ਰਾਗ ਗਉੜੀ, ਆਦਿ ਗ੍ਰੰਥ, ਪੰਨਾ 346

199. ਸੰਤ ਰਵਿਦਾਸ ਬਾਣੀ, ਪਦ(5)

200. ਸੰਤ ਨਾਮਦੇਵ ਜੀ ਹਿੰਦੀ ਪਦਾਵਲੀ, ਪਦ (51)

201. ਸੰਤ ਰਵਿਦਾਸ ਬਾਣੀ, ਪਦ (177)


**

ਅਧਿਆਇ ਦੂਜਾ :

ਭਗਤੀ ਦਾ ਸਰੂਪ - ਸਾਧਨਾ
ਕਰਮ ਮਾਰਗ - ਕਰਮਵਾਦ, ਨੈਤਿਕ ਕਰਮ
ਕਰਮਕਾਂਡ ਦਾ ਵਿਰੋਧ - ਨਿਸ਼ਕਾਮ ਕਰਮ
ਗਿਆਨ -ਮਾਰਗ – ਗੁਰੂ ਰਵਿਦਾਸ ਦਾ ਗਿਆਨ ਮਾਰਗ

ਯੋਗ ਮਾਰਗ – ਅਸ਼ਟਾਂਗ ਯੋਗ — ਹਠਯੋਗ
ਪ੍ਰਾਣ -ਸਾਧਨਾ – ਨਾੜੀ ਸਾਧਨਾ – ਖਟ ਕਰਮ
ਕੁੰਡਲਿਨੀ ਸਾਧਨਾ – ਲਯ ਯੋਗ – ਮੰਤਰਯੋਗ
ਰਾਜਯੋਗ – ਸਹਿਜਯੋਗ
ਯੋਗ ਸਾਧਨਾ ਦੇ ਗੁਰੂ ਰਵਿਦਾਸ ਭਗਤੀ ਸਾਧਨਾ ਤੇ ਪਏ ਪ੍ਰਭਾਵ

ਪੈਰ ਟਿੱਪਣੀਆਂ ਤੇ ਹਵਾਲੇ

****
***
**
*

2.1. ਭਗਤੀ ਦਾ ਸਰੂਪ

ਭਗਤੀ ਇਕ ਮਨੋਭਾਵ ਹੈ ਜੋ ਅਵਿਅਕਤ ਸੱਤਾ ਦੇ ਅਵਲੰਬਨ ਤੋਂ ਰਸ ਰੂਪ ਵਿਚ ਨਿਸਪੰਨ ਹੁੰਦਾ ਹੈ। ਇਹ ਆਪਣੇ ਸਰੂਪ ਨੂੰ ਮਿਲਣ ਦਾ ਪੁਰਾਤਨ ਸਾਧਨ ਹੈ। ਭਗਤੀ ਸ਼ਬਦ ਸੰਸਕ੍ਰਿਤ ਦੇ ਭਜ ਸੇਵਾਯਾਮ ਧਾਤੂ ਤੋਂ ਬਣਿਆ ਹੈ ਜਿਸ ਦਾ ਅਰਥ ਹੈ, ਭਗਵਾਨ ਦੀ ਸੇਵਾ ਕਰਨਾ। ਭਗਤੀ-ਸ਼ਾਸਤਰ ਦੇ ਆਚਾਰੀਆਂ ਨੇ ਭਗਤੀ ਸ਼ਬਦ ਦੀ ਕਈ ਤਰ੍ਹਾਂ ਵਿਆਖਿਆ ਕੀਤੀ ਹੈ। ਰਿਗਵੇਦ ਸੰਹਿਤਾ ਵਿਚ 'ਭਕਤ' ਅਤੇ 'ਅਭਕਤ' ਸ਼ਬਦਾਂ ਦਾ ਵਰਣਨ ਹੈ ਪਰੰਤੂ ਇਨ੍ਹਾਂ ਦਾ ਅਰਥ ਸਾਯਵ ਨੇ ਸੇਵਾਮਾਨ ਅਤੇ ਅਸੇਵਾਮਾਨ ਅਰਥਾਤ ਪੂਜਣੇ ਵਾਲੇ ਅਤੇ ਨਾ ਪੂਜਣੇ ਵਾਲੇ ਠੀਕ ਹੀ ਲਿਆ ਹੈ। ਭਜ ਧਾਤੂ ਦੇ ਜਿੰਨੇ ਵੀ ਪ੍ਰਯੋਗ ਵੈਦਿਕ ਸਾਹਿਤ ਵਿਚ ਹੋਏ ਹਨ ਉਹ ਭਗਤੀ ਦੇ ਪਰਵਰਤੀ ਰੂਪ ਵਿਚ ਨਹੀਂ ਹੋਏ। ਅਨੁਰਾਗ ਦੇ ਅਰਥ ਵਿਚ ਕਿਤੇ ਵੀ ਇਸ ਦਾ ਪ੍ਰਯੋਗ ਨਹੀਂ ਕੀਤਾ ਗਿਆ ਅਤੇ ਭਗਤੀ ਸ਼ਬਦ ਦਾ ਪ੍ਰੇਮ ਮੂਲਕ ਅਰਥ ਪਾਣਿਨੀ ਅਤੇ ਯਾਸਕ ਦੇ ਸਮੇਂ ਤੋਂ ਲੈਣਾ ਆਰੰਭ ਹੁੰਦਾ ਹੈ।[1] ਡਾ. ਰਤਿਭਾਨੁ ਸਿੰਘ ਨਾਹਰ ਨੇ ਉਪਰੋਕਤ ਵਿਚਾਰ ਗੀਤਾ ਦੇ ਆਧਾਰ ਤੇ ਕਿਹਾ ਹੈ ਪਰੰਤੂ ਗੀਤਾ ਵਿਚ ਕ੍ਰਿਸ਼ਨ ਜੀ ਨੇ ਭਗਤੀ ਦੇ ਮਹੱਤਵ ਨੂੰ ਪ੍ਰਤਿਪਾਦਤ ਕਰਦਿਆਂ ਕਰਦਿਆਂ ਕਿਹਾ ਹੈ ਕਿ ਅਰਜਨ ਵਿਰਾਟ ਰੂਪ ਪ੍ਰਭੂ, ਨਾ ਵੇਦ ਅਤੇ ਨਾ ਤਪ ਨਾਲ ਦੇਖਿਆ ਜਾ ਸਕਦਾ ਇਹ ਕੇਵਲ ਭਗਤੀ ਨਾਲ ਹੀ ਸੰਭਵ ਹੈ।"[2]

ਗੁਰੂ ਰਵਿਦਾਸ ਜੀ ਨੇ ਵੀ ਭਗਤੀ ਦਾ ਮੂਲ ਵੇਦਾਂ ਨੂੰ ਮੰਨਿਆ ਹੈ ਉਹ ਵੀ ਲਿਖਦੇ ਹਨ ਕਿ ਵੇਦਾਂ ਤੋਂ ਉਪਨਿਸ਼ਦਾਂ ਉਪਨਿਸ਼ਦਾ ਤੋਂ ਪੁਰਾਣ ਅਤੇ ਪੁਰਾਣਾਂ ਤੋਂ ਭਾਗਵਤ ਅਤੇ ਭਾਗਵਤ ਤੋਂ ਭਗਤੀ ਦੀ ਉਪਜ ਹੋਈ।[3] ਇਸ ਤਰ੍ਹਾਂ ਸਾਨੂੰ ਵੇਦਾਂ ਦੀ ਭਗਤੀ ਨੂੰ ਮਾਨਤਾ ਦੇਣੀ ਹੀ ਪਵੇਗੀ।

ਉਪਨਿਸ਼ਦਾਂ ਵਿਚ ਭਗਤੀ ਸ਼ਬਦ ਦਾ ਪ੍ਰਯੋਗ ਆਧੁਨਿਕ ਅਰਥ ਵਿਚ ਹੋਇਆ ਹੈ। ਸ਼ਵੇਤਾਸ਼ਵੇਤਰੋਪਨਿਸ਼ਦ ਵਿਚ ਵਰਣਨ ਹੈ ਕਿ ਜਿਸਦੀ ਈਸ਼ਵਰ ਵਿਚ ਪਰਾਭਗਤੀ ਹੈ ਅਤੇ ਈਸ਼ਵਰ ਵਿਚ ਜੈਸੀ ਭਗਤੀ ਹੈ ਵੈਸੀ ਹੀ ਗੁਰੂ ਵਿਚ ਵੀ ਹੈ।[4] ਇਸੇ ਉਪਨਿਸ਼ਦ ਵਿਚ ਵਰਣਨ ਹੈ ਕਿ ਉਹ ਪਰਮਾਨੰਦ ਪਰਮਾਤਮਾ ਸ਼ਰਧਾ ਅਤੇ ਭਗਤੀ ਦੁਆਰਾ ਗ੍ਰਹਿਣ ਕੀਤਾ ਜਾ ਸਕਦਾ ਹੈ।[5]

ਗੀਤਾ ਵਿਚ ਵਿਸਥਾਰਪੂਰਵਕ ਭਗਤੀ ਦਾ ਵਰਣਨ ਆਉਂਦਾ ਹੈ। ਇਸ ਵਿਚ ਭਗਤੀ ਦੇ ਸਰੂਪ ਅਤੇ ਲੱਛਣਾਂ ਦੇ ਵਿਸ਼ੇ ਵਿਚ ਕਿਹਾ ਗਿਆ ਹੈ ਕਿ ਜਿਸ ਪ੍ਰਕਾਰ ਗੰਗਾ ਦਾ ਪ੍ਰਵਾਹ ਅਖੰਡ ਰੂਪ ਵਿਚ ਸਮੁੰਦਰ ਦੀ ਤਰਫ਼ ਵਹਿੰਦਾ ਰਹਿੰਦਾ ਹੈ ਉਸੇ ਤਰ੍ਹਾਂ ਭਗਵਤ ਗੁਣਾਂ ਕਾਰਨ ਮਨ ਦੀ

ਗਤੀ ਸਰਵ ਅੰਤਰਯਾਮੀ ਦੇ ਪ੍ਰਤੀ ਹੋ ਜਾਣ ਨਾਲ ਉਸ ਵਿਚ ਨਿਸ਼ਕਾਮ ਅਤੇ ਅੰਨਿਨ ਪ੍ਰੇਮ ਭਗਤੀ ਹੋ ਜਾਂਦੀ ਹੈ।[6] ਗੀਤਾ ਅਨੁਸਾਰ ਉਸ ਵਿਰਤੀ ਨੂੰ ਭਗਤੀ ਕਹਿੰਦੇ ਹਨ ਜਿਸ ਨਾਲ ਸੰਸਾਰਿਕ ਵਿਸ਼ਿਆਂ ਦਾ ਗਿਆਨ ਪ੍ਰਦਾਨ ਵਾਲੀ ਇੰਦ੍ਰੀਆਂ ਦੀ ਸੁਭਾਵਿਕ ਵਿਰਤੀ ਨਿਸ਼ਕਾਮ ਭਾਵ ਨਾਲ ਭਗਵਾਨ ਵਿਚ ਲਗ ਜਾਵੇ।[7]

ਸ਼ਾਂਡਿਲਯ ਅਤੇ ਨਾਰਦ ਭਗਤੀ ਸੂਤਰ ਵਿਚ ਭਗਤੀ ਦਾ ਸ਼ਾਸਤਰੀ ਵਿਵੇਚਨ ਅਤੇ ਅਧਿਅਨ ਕੀਤਾ ਗਿਆ ਹੈ। ਸ਼ਾਂਡਿਲਯ ਅਨੁਸਾਰ ਈਸ਼੍ਵਰ ਪ੍ਰਤੀ ਅੰਤਾਂ ਦਾ ਪ੍ਰੇਮ ਹੀ ਭਗਤੀ ਹੈ। ਭਗਤੀ ਰਸ-ਰੂਪਾ ਹੈ।[8] ਈਸ਼੍ਵਰ ਵਿਚ ਧਿਆਨ ਕਰਨਾ ਵੀ ਭਗਤੀ ਹੈ। ਨਾਰਦ ਅਨੁਸਾਰ, "ਭਗਤੀ ਈਸ਼੍ਵਰ ਵਾਸਤੇ ਪਰਮ ਪ੍ਰੇਮ ਰੂਪ ਹੈ ਉਸ ਨਾਲ ਅਨੁਰਾਗ ਹੋਣਾ ਹੀ ਭਗਤੀ ਹੈ।[9] ਇਸ ਤਰ੍ਹਾਂ ਭਗਤੀ ਪ੍ਰਭੂ ਲਈ ਅਤਿਅੰਤ ਦਿਲ-ਖਿੱਚਵੀਂ ਪ੍ਰੀਤਿ ਦਾ ਨਾਮ ਹੈ ਜਿਸ ਵਿਚ ਧਿਆਨ ਦੁਨੀਆਂ ਵਲੋਂ ਹਟਾ ਕੇ ਅਤੇ ਇਕਾਗਰ ਹੋ ਕੇ ਪੂਰੀ ਤਰ੍ਹਾਂ ਪ੍ਰਭੂ ਨਾਲ ਜੁੜ ਜਾਂਦਾ ਹੈ। ਗੁਰੂ ਰਵਿਦਾਸ ਜੀ ਪ੍ਰਭੂ ਪ੍ਰਤੀ ਜੋ ਖਿੱਚ ਜਾਂ ਪ੍ਰੀਤ ਹੈ ਉਸ ਨੂੰ ਹੀ ਭਗਤੀ ਮੰਨਦੇ ਹਨ। ਗੁਰੂ ਰਵਿਦਾਸ ਲਿਖਦੇ ਹਨ:

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥ ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥[10]

ਨਾਰਦ ਪਾਂਚਰਾਤ੍ਰ ਅਨੁਸਾਰ ਪ੍ਰੇਮ ਭਰਪੂਰ ਮਨ ਦਾ ਹਰੀ ਦੇ ਪ੍ਰਤੀ ਸਵਾਰਥ-ਰਹਿਤ ਹੋ ਕੇ ਸਦਾ ਪ੍ਰਵਾਹਿਤ ਹੁੰਦੇ ਰਹਿਣਾ ਹੀ ਭਗਤੀ ਹੈ।[11] ਇੰਦਰੀਆਂ ਦੇ ਦੁਆਰਾ ਸਭ ਪ੍ਰਕਾਰ ਦੀਆਂ ਉਪਾਧੀਆਂ ਤੋਂ ਸੂਨਯ, ਇਕ ਮਾਤ੍ਰ ਸੇਵਾ ਦੇ ਉਦੇਸ਼ ਨਾਲ ਕੀਤਾ ਜਾਣ ਵਾਲਾ ਜੋ ਨਿਰਮਲ ਭਗਵਤ ਸੇਵਨ ਹੈ, ਉਸ ਨੂੰ ਭਗਤੀ ਕਹਿੰਦੇ ਹਨ।[12]

ਸ਼ੰਕਰਾਚਾਰਯ ਕੇਵਲ ਅਦ੍ਵੈਤਵਾਦੀ ਗਿਆਨ-ਮਾਰਗੀ ਸਨ। ਉਨ੍ਹਾਂ ਦੀ ਦ੍ਰਿਸ਼ਟੀ ਵਿਚ ਕੇਵਲ ਬ੍ਰਹਮ ਹੀ ਸਤਿ ਹੈ ਅਤੇ ਸਭ ਬ੍ਰਹਮ ਹੀ ਹੈ। ਅਤੇ ਉਸਦੀ ਪ੍ਰਾਪਤੀ ਗਿਆਨ ਦੇ ਦੁਆਰਾ ਹੀ ਹੋ ਸਕਦੀ ਹੈ। ਉਸ ਦਾ ਗਿਆਨ ਬੌਧਿਕ ਗਿਆਨ ਤੋਂ ਉਚ ਸੱਤਾ ਦਾ ਪ੍ਰਤੱਖ ਅਨੁਭੂਤੀ ਵਾਲਾ ਗਿਆਨ ਸੀ। ਇਸ ਗਿਆਨ ਦੀ ਰਹੱਸਾਤਮਕ ਅਨੁਭੂਤੀ ਤੋਂ ਪਹਿਲਾਂ ਉਨ੍ਹਾਂ ਨੇ ਵਿਵਹਾਰਿਕ ਜਗਤ ਵਿਚ ਭਗਤੀ ਦੇ ਮਹਤਵ ਨੂੰ ਬਰਾਬਰ ਸਵੀਕਾਰ ਕੀਤਾ। ਬ੍ਰਹਮ ਸੂਤ੍ਰ ਭਾਸ਼੍ਯ ਵਿਚ ਉਨ੍ਹਾਂ ਨੇ ਭਗਤੀ (ਉਪਾਸਨਾ) ਨੂੰ ਮਹਾਨ ਫਲਦਾਇਨੀ ਮੰਨਿਆ ਹੈ।[13] ਵਿਵੇਕ ਚੂੜਾਮਣਿ ਵਿਚ ਮੋਖਸ਼ ਪ੍ਰਾਪਤੀ ਦੇ ਸਾਧਨਾ ਵਿਚੋਂ ਭਗਤੀ ਨੂੰ ਸਰਵਸ੍ਰੇਸ਼ਠ ਕਿਹਾ ਹੈ।[14]

ਸ੍ਰੀ ਮੱਧਵਾਚਾਰਯ ਦਾ ਮਤ ਹੈ ਕਿ ਭਗਵਾਨ ਵਿਚ ਮਹਾਤਮਯ ਗਿਆਨ ਪੂਰਵਕ ਸੁਦ੍ਰਿੜ੍ਹ ਅਤੇ ਸਤਤ ਸਨੇਹ ਹੀ ਭਗਤੀ ਹੈ। ਇਸ ਤੋਂ ਵਧ ਕੇ ਹੋਰ ਕੋਈ ਮੁਕਤੀ ਦਾ ਸਾਧਨ ਨਹੀਂ। ਇਹ ਪਰਮ ਪ੍ਰੇਮ ਜੋ ਪੂਰਵ ਗਿਆਨ ਨਾਲ ਉਤਪੰਨ ਹੁੰਦਾ ਹੈ ਅਤੇ ਹਮੇਸ਼ਾ ਵਿਦਮਾਨ ਰਹਿੰਦਾ ਹੈ, ਨੂੰ ਭਗਤੀ ਕਿਹਾ ਜਾਂਦਾ ਹੈ।[15]

ਰਾਮਾਨੁਜ ਅਨੁਸਾਰ ਭਗਤੀ ਪ੍ਰੇਮ ਪੂਰਵਕ ਪ੍ਰਭੂ ਵਿਚ ਧਿਆਨ ਲਗਾਉਣ ਦਾ ਨਾਮ ਹੈ। ਧਿਆਨ ਦਾ ਲਕਸ਼ ਪਿਆਰਾ ਹੈ ਅਤੇ ਇਸ ਦਾ ਕਰਮ ਵੀ ਬਹੁਤ ਮਿੱਠਾ ਹੈ।[16] ਇਸ ਤਰ੍ਹਾਂ ਰਾਮਾਨੁਜ ਅਨੁਸਾਰ ਭਗਤੀ ਇਕ ਲਗਾਤਾਰ ਅਤੇ ਨਿਰੰਤਰ ਪ੍ਰੇਮਿਕਾ ਦੀ ਪ੍ਰਿਯ ਸਮਾਧੀ ਹੈ। ਪ੍ਰੇਮ ਵਿਚਾਰ ਦੀ ਨਿਰੰਤਰਤਾ ਹੈ ਜੋ ਤੇਲ ਦੀ ਧਾਰ ਵਾਂਗ ਅਟੁੱਟ ਹੈ।[17]

ਰਾਮਾਨੰਦ ਅਨੁਸਾਰ ਵਿਵੇਕ ਆਦਿ ਤੋਂ ਜਿਸ ਦੀ ਉਤਪਤੀ ਹੁੰਦੀ ਹੈ ਯਮ ਆਦਿ ਜਿਸ ਦੇ ਅਠ ਅੰਗ ਹਨ, ਤੇਲ-ਧਾਰਾ ਦੇ ਸਮਾਨ ਨਿਰੰਤਰ ਕੀਤੇ ਗਏ ਸਿਮਰਨ ਤੋਂ ਪ੍ਰਾਪਤ ਹੋਏ ਭਗਵਾਨ ਪ੍ਰਤੀ ਜੋ ਸਨੇਹ ਹੈ ਉਹ ਪਰਾਭਗਤੀ ਹੈ।[18]

ਵਲਭਾਚਾਰੀਆ ਦੇ ਕਥਨ ਅਨੁਸਾਰ ਵੀ ਭਗਵਾਨ ਪ੍ਰਤੀ ਗਿਆਨ ਪੂਰਵਕ ਅਤੇ ਲਗਾਤਾਰ ਪ੍ਰੇਮ ਨੂੰ ਭਗਤੀ ਕਹਿੰਦੇ ਹਨ।[19]

ਗੋਪਾਲਪੂਰਵਤਾਪਨੀ ਉਪਨਿਸ਼ਦ ਦਾ ਕਥਨ ਹੈ ਕਿ ਮਨ ਨੂੰ ਭਗਵਾਨ ਵਿਚ ਪੂਰਣ ਰੂਪ ਨਾਲ ਕੇਂਦਰਿਤ ਕਰਕੇ ਕਿਸੇ ਫਲ ਦੀ ਇੱਛਾ ਕੀਤੇ ਬਿਨਾਂ ਉਸ ਦਾ ਨਿਰੰਤਰ ਭਜਨ ਕਰਨਾ ਹੀ ਭਗਤੀ ਹੈ।[20] ਸ੍ਰੀ ਰੂਪ ਗੋਸਵਾਮੀ ਦੇ ਅਨੁਸਾਰ ਗਿਆਨ ਅਤੇ ਕਰਮ ਦੇ ਪ੍ਰਭਾਵ ਤੋਂ ਰਹਿਤ ਹੋ ਕਿਸੇ ਪ੍ਰਕਾਰ ਦੇ ਫਲ ਦੀ ਇੱਛਾ ਕੀਤੇ ਬਿਨਾਂ ਨਿਰੰਤਰ ਕ੍ਰਿਸ਼ਨ ਦਾ ਪ੍ਰੇਮ ਪੂਰਵਕ ਧਿਆਨ ਕਰਨਾ ਹੀ ਭਗਤੀ ਹੈ।[21] ਭਗਤੀ ਰਸਾਯਣ ਵਿਚ ਭਗਤੀ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਗਈ ਹੈ – ਮਨ ਦੀ ਉਸ ਵਿਰਤੀ ਨੂੰ ਭਗਤੀ ਕਹਿੰਦੇ ਹਨ ਜੋ ਅਧਿਆਤਮਿਕ ਸਾਧਨਾ ਤੋਂ ਦ੍ਰਵੀਭੂਤ ਹੋ ਕੇ ਈਸ਼ਵਰ ਦੀ ਤਰਫ਼ ਪ੍ਰਵਾਹਿਤ ਹੁੰਦੀ ਹੈ।[22]

ਨਿੰਬਾਰਕ ਅਨੁਸਾਰ ਪ੍ਰਭੂ ਦੇ ਗੁਣ ਰੂਪ ਪ੍ਰਤੀ ਸੁਭਾਵਕ ਪ੍ਰੇਮ ਹੀ ਭਗਤੀ ਹੈ।

ਚੈਤੰਨਯ ਮਹਾਂਪ੍ਰਭੂ ਅਨੁਸਾਰ ਭਗਤੀ ਹੀ ਮੁਕਤੀ ਦਾ ਸਾਧਨ ਹੈ।

ਮਧੂਸੂਦਨ ਸਰਸਵਤੀ ਅਨੁਸਾਰ ਭਗਵਤ-ਭਾਵ ਨਾਲ ਦ੍ਰਵਿਤ ਹੋ ਕੇ ਭਗਵਾਨ ਦੇ ਨਾਲ ਚਿਤ ਦਾ ਸਵਿਕਲਪ ਤਦਾਕਾਰ ਭਾਵ ਹੀ ਭਗਤੀ ਹੈ।[23]

ਭਗਤੀ ਦੇ ਵਿਕਾਸ ਦੇ ਨਾਲ ਪਰਮਾਤਮਾ ਦੇ ਪ੍ਰਤੀ ਅਨੁਰਾਗ ਅਤੇ ਪ੍ਰੇਮ ਦੀ ਜਿਹੋ ਜਿਹੀ ਅਭਿਵਿਅਕਤੀ ਹੋਈ ਹੈ ਉਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਮਹਾਂਭਾਰਤ ਕਾਲ ਦੇ ਨੇੜੇ ਪਰਮਾਤਮਾ ਦੇ ਪ੍ਰਤੀ ਭੈ ਅਤੇ ਸੰਭ੍ਰਮ ਦਾ ਭਾਵ ਹੀ ਨਹੀਂ ਸੀ ਸਗੋਂ ਸ਼ਰਧਾ ਪ੍ਰੇਮ ਅਤੇ ਅਨੁਰਾਗ ਦਾ ਭਾਵ ਵੀ ਭਗਤ ਦੇ ਮਨ ਵਿਚ ਪੂਰੀ ਤਰ੍ਹਾਂ ਵਿਦਮਾਨ ਸੀ। ਪਾਂਚਰਾਤ੍ਰ ਸੰਪਰਦਾਵਾਂ ਅਨੁਸਾਰ ਵੀ ਜੋ ਭਗਤੀ ਦਾ ਸਰੂਪ ਵਰਣਨ ਹੈ ਉਨ੍ਹਾਂ ਨੇ ਵੀ ਪ੍ਰੇਮ ਅਤੇ ਅਨੁਰਾਗ ਨੂੰ ਵਿਸ਼ੇਸ਼ ਸਥਾਨ ਦਿੱਤਾ ਹੈ। ਭਾਗਵਤ ਪੁਰਾਣ, ਰਾਮਾਨੁਜ ਸੰਪ੍ਰਦਾਇ, ਰਾਮਾਨੰਦ ਸੰਪ੍ਰਦਾਇ ਨਿੰਬਾਰਕ ਸੰਪ੍ਰਦਾਇ ਆਦਿ ਦੀ ਭਗਤੀ ਵਿਚਵੀ ਇਹ ਭਾਵ ਪ੍ਰਧਾਨ ਰੂਪ ਵਿਚ ਮੌਜੂਦ ਹੋ ਚੁੱਕਾ ਸੀ। ਆਲਵਾਰਾਂ ਦੀ ਭਗਤੀ ਵੀ ਪ੍ਰੇਮ ਮੂਲਕ ਸੀ। ਈਸ਼ਵਰ ਪ੍ਰਤੀ ਸੁਦ੍ਰਿੜ ਅਤੇ ਤੀਬਰ ਪ੍ਰੇਮ ਅਤੇ ਈਸ਼ਵਰ ਦੀ ਗਿਆਨ-ਧਿਆਨ ਪੂਰਵਕ ਭਗਤੀ-ਭਾਵਨਾ ਹੀ ਮੱਧਕਾਲੀਨ ਭਗਤੀ ਅੰਦੋਲਨ ਸਮੇਂ ਪੂਰੇ ਜੋਬਨ ਵਿਚ ਆਈ। ਇਸੇ ਭਾਵ ਦੀਆਂ ਰੇਖਾਵਾਂ ਆਲਵਾਰਾਂ, ਸੂਫ਼ੀਆਂ ਵਿਚ ਮਿਲਦੀਆਂ ਹਨ। ਇਨ੍ਹਾਂ ਰੇਖਾਵਾਂ ਨੇ ਸੰਤ-ਕਾਲ ਵਿਚ ਪੂਰਣ ਆਕ੍ਰਿਤੀ ਗ੍ਰਹਿਣ ਕੀਤੀ।

ਗੁਰੂ ਰਵਿਦਾਸ ਜੀ ਅਨੁਸਾਰ ਭਗਤੀ ਪ੍ਰਭੂ ਪ੍ਰਤੀ ਪ੍ਰੇਮ ਬੰਧਨ ਹੈ। ਇਹ ਭਗਤੀ-ਪ੍ਰੇਮ ਅਜਿਹਾ ਸੂਖ੍ਹਮ ਸੂਤਰ ਹੈ ਜੋ ਭਗਤ ਦੇ ਹਿਰਦੇ ਨੂੰ ਈਸ਼ਵਰ ਦੇ ਚਰਨ-ਕਮਲਾਂ ਨਾਲ ਬੰਨ੍ਹ ਦਿੰਦਾ ਹੈ। ਇਹ ਉਸਦੇ ਪ੍ਰਤੀ ਪਰਮ ਅਨੁਰਕਤਿ ਹੈ। ਇਹ ਬੰਧਨ ਮਨੁਖ ਨੂੰ ਸੰਸਾਰਿਕ ਮੋਹ-ਮਾਇਆ ਤੋਂ ਮੁਕਤ ਕਰਕੇ ਦੂਜੇ ਪਾਸੇ ਪ੍ਰਭੂ ਨੂੰ ਪ੍ਰੀਤ-ਡੋਰੀ ਨਾਲ ਬੰਨ੍ਹ ਲੈਂਦਾ ਹੈ। ਗੁਰੂ ਜੀ ਲਿਖਦੇ ਹਨ:

(1) ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬੰਧਨਿ ਤੁਮ ਬਾਂਧੇ।
ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ।[24]

(2) ਪ੍ਰੇਮ ਕੀ ਜੇਵਰੀ ਬਾਂਧਿਓ ਤੇਰੋ ਜਨ॥
ਕਹਿ ਰਵਿਦਾਸ ਛੂਟਿਬੋ ਕਵਨ ਗੁਨ॥ [25]

ਇਹ ਈਸ਼ਵਰ ਦੇ ਪ੍ਰਤੀ ਪ੍ਰੇਮ ਦਾ ਸਹਜ ਪ੍ਰਵਾਹ ਹੈ। ਇਹ ਸ਼ੁਧ ਨਿਰਸਵਾਰਥ ਦਿੱਵ ਪ੍ਰੇਮ ਹੈ। ਇਹ ਹਿਰਦੇ ਦੀ ਉਹ ਪਵਿੱਤਰ ਭਾਵਨਾ ਹੈ ਜੋ ਭਗਤ ਦਾ ਭਗਵਾਨ ਨਾਲ ਸੰਬੰਧ ਕਰਾਉਂਦੀ ਹੈ। ਉਹ ਭਗਤਾਂ ਦੁਆਰਾ ਕੀਤਾ ਅਨੁਭਵ ਅਤੇ ਅਨੁਭੂਤੀ ਹੈ।

ਸੁਆਮੀ ਵਿਵੇਕਾਨੰਦ ਅਨੁਸਾਰ ਭਗਤੀ ਪਰਮਾਤਮਾ ਦੀ ਇਕ ਅਸਲੀ ਅਤੇ ਸੱਚੀ ਖੋਜ ਹੈ ਜਿਸਦਾ ਆਰੰਭ, ਆਦਿ ਮੱਧ ਅਤੇ ਅੰਤ ਪ੍ਰੇਮ ਵਿਚ ਹੀ ਹੁੰਦਾ ਹੈ।[26]

ਆਚਾਰੀਆ ਰਾਮ ਚੰਦਰ ਸੁਕਲ ਨੇ ਭਗਤੀ ਤੇ ਵਿਚਾਰ ਕਰਦਿਆਂ ਕਿਹਾ ਹੈ ਕਿ ਭਗਤੀ ਮਾਰਗ ਆਪਣੇ ਵਿਸੁਧ ਰੂਪ ਵਿਚਧਰਮ ਭਾਵਨਾ ਦਾ ਭਾਵਾਤਮਕ ਅਤੇ ਰਸਾਤਮਕ ਵਿਕਾਸ ਹੈ।[27]

ਡਾ. ਹਜਾਰੀ ਪ੍ਰਸਾਦ ਦਿਵੇਦੀ ਨੇ ਭਗਤੀ ਸੰਬੰਧੀ ਬਹੁਤ ਹੀ ਰੌਚਕ ਪ੍ਰਸ਼ਨ-ਉਤਰ-ਵਾਰਤਾ ਆਪਣੀ ਪੁਸਤਕ ਮੱਧਕਾਲੀਨ ਧਰਮ ਸਾਧਨਾ ਵਿਚ "ਲੀਲਾ ਤੇ ਭਗਤੀ" ਸਿਰਲੇਖ ਹੇਠ ਦਿੱਤੀ ਹੈ।[29] ਜਿਸ ਦਾ ਆਧਾਰ ਗੀਤਾ ਦੇ ਸ੍ਰਲੋਕ ਹਨ। ਇਸ ਵਿਚੋ ਭਗਤੀ ਰੂਪੀ ਸੂਰਜ ਦੀਆਂ ਕਈ ਪਰਿਭਾਸ੍ਰਾਵਾਂ ਰੂਪੀ ਕਈ ਕਿਰਨਾਂ ਉਦਗਮਦੀਆਂ ਹਨ। ਰਾਇ ਰਾਮਾਨੰਦ ਦੇ ਹਰ ਉਤੱਰ ਵਿਚੋਂ ਇਕ ਭਗਤੀ ਦੀ ਪਰਿਭਾਸ੍ਰਾ ਉਪਜਦੀ ਹੈ।

1. ਆਪਣੇ ਧਰਮ ਅਨੁਕੂਲ ਜੀਉਣਾ ਹੀ ਭਗਤੀ ਹੈ।
2. ਈਸ੍ਰਵਰ ਨੂੰ ਸਾਰੇ ਕਰਮਾਂ ਦਾ ਅਰਪਣ ਕਰ ਦੇਣਾ ਭਗਤੀ ਹੈ।
3. ਨਿਜ ਧਰਮ ਤਿਆਗ ਕੇ ਭਗਵਾਨ ਦਾ ਸ੍ਰਰਨਾਗਤ ਹੋਣਾ ਭਗਤੀ ਹੈ।
4. ਭਗਵਾਨ ਨਾਲ ਪਰਮ ਪ੍ਰੇਮ ਹੀ ਭਗਤੀ ਹੈ।
5. ਪ੍ਰਭੂ ਦੀ ਦਾਸ ਭਾਵ ਨਾਲ ਸੇਵਾ ਕਰਨਾ ਹੀ ਭਗਤੀ ਹੈ।
6. ਪ੍ਰਭੂ ਨੂੰ ਸਖਾ ਜਾਣ ਕੇ ਕੀਤਾ ਪ੍ਰੇਮ ਹੀ ਭਗਤੀ ਹੈ।
7. ਜੀਵਾਤਮਾ-ਇਸਤ੍ਰੀ ਦੀ ਪ੍ਰਭੂ-ਪ੍ਰੀਤਮ ਨਾਲ ਪ੍ਰੀਤ ਹੀ ਭਗਤੀ ਹੈ।
8. ਰਾਧਾ-ਭਾਵ ਦਾ ਪ੍ਰੇਮ ਹੀ ਪਰਮ ਭਗਤੀ ਹੈ।

ਅਸਲ ਵਿਚ ਭਗਤੀ ਸੁਰੂ ਤਾਂ ਧਰਮ ਦੇ ਅਨੁਕੂਲ ਜੀਵਨ ਬਿਤਾਉਣ ਤੋਂ ਹੀ ਹੁੰਦੀ ਹੈ ਪਰੰਤੂ ਅੰਤ ਵਿਚ ਜਾ ਕੇ ਪਰਮਤੱਤ ਨੂੰ ਆਪਾ ਵਾਰ ਦਿੱਤਾ ਜਾਂਦਾ ਹੈ ਅਤੇ ਉਸ ਵਲ ਪ੍ਰੀਤ-ਭਾਵਨਾ ਸਹਜ-ਸੁਭਾ ਰੂਪ ਵਿਚ ਨਿਰੰਤਰ ਪ੍ਰਵਾਹਿਤ ਹੋਣ ਲਗਦੀ ਹੈ, ਪ੍ਰੇਮ ਚਰਮ ਸੀਮਾ ਤੇ ਪਹੁੰਚ ਜਾਂਦਾ ਹੈ ਅਤੇ ਦੁਨੀਆਂ ਵਿਚ ਉਸ ਵਰਗਾ ਹੋਰ ਨਜ਼ਰ ਨਹੀਂ ਆਉਂਦਾ। ਅਜਿਹੀ ਅਵਸਥਾ ਵਿਚ ਪ੍ਰੀਤ

ਉਸ ਨਾਲੋਂ ਤੋੜ ਕੇ ਕਿਸ ਨਾਲ ਜੋੜੀ ਜਾਵੇ?

ਗੁਰੂ ਰਵਿਦਾਸ ਜੀ ਲਿਖਦੇ ਹਨ:

ਮਾਧਵੇ ਤੁਮ ਨ ਤੋਰਹੁ ਤਉਹਮ ਨਹੀ ਤੋਰਹਿ।
ਤੁਮ ਸਿਉ ਤੋਰਿ ਕਵਨ ਸਿਉ ਜੋਰਹਿ॥੧॥[30]

ਉਪਰੋਕਤ ਵਿਆਖਿਆ ਤੋਂ ਸਪਸ਼ਟ ਹੁੰਦਾ ਹੈ ਕਿ ਈਸ਼ਵਰ ਦੇ ਪ੍ਰਤੀ ਪਰਮ ਪ੍ਰੇਮ ਹੀ ਭਗਤੀ ਹੈ। ਇਹ ਹੀ ਮੋਖਸ਼ ਪ੍ਰਾਪਤੀ ਦਾ ਸਰਲ ਸਾਧਨ ਹੈ। ਪ੍ਰਭੂ ਪ੍ਰਤੀ ਪਰਮ ਅਨੁਰਾਗ ਆਨੰਦ ਨਾਲ ਪਰਿਪੂਰਨ ਹੁੰਦਾ ਹੈ। ਮਨੁੱਖ ਸਹਿਜ ਅਵਸਥਾ ਦਾ ਧਾਰਨੀ ਹੋ ਜਾਂਦਾ ਹੈ ਉਸ ਨੂੰ ਸਭ ਵਿਚ ਪਰਮਤੱਤ ਦਿਸਦਾ ਹੈ। ਇਸ ਨਾਲ ਉਹ ਸ਼ੁਧ ਸਾਤਵਿਕ ਗੁਣਾਂ ਨਾਲ ਓਤ ਪ੍ਰੋਤ ਹੋ ਕੇ ਪ੍ਰਵਿਰਤੀ ਮਾਰਗ ਦਾ ਅਨੁਯਾਈ ਬਣਕੇ ਅੰਤਿਮ ਸੱਚ ਨੂੰ ਪ੍ਰਾਪਤ ਕਰ ਲੈਂਦਾ ਹੈ ਇਹ ਹੀ ਭਗਤੀ ਹੈ।

## 2.2. ਸਾਧਨਾ

ਜੀਵ ਅਤੇ ਪ੍ਰਭੂ ਦਾ ਅੰਸ਼-ਅੰਸ਼ੀ ਸੰਬੰਧ ਹੈ। ਜਦੋਂ ਜੀਵ ਸੰਸਾਰ ਵਿਚ ਆਪਣੇ ਕੀਤੇ ਕਰਮਾਂ ਹਿੱਤ ਜਨਮ ਲੈਂਦਾ ਹੈ ਤਾਂ ਉਸ ਦਾ ਅਸਲੀ ਮਨੋਰਥ ਸੰਸਾਰ ਵਿਚ ਦੁਰਲੱਭ ਜੀਵਨ ਨੂੰ ਸਾਰਥਕ ਬਣਾਉਣਾ ਹੁੰਦਾ ਹੈ। ਅਧਿਆਤਮਿਕ ਖੇਤਰ ਵਿਚ ਜੀਵ ਦਾ ਮੁੱਖ ਮੰਤਵ ਪਰਮ ਤੱਤ (ਪ੍ਰਭੂ) ਦਾ ਸਾਖਿਆਤਕਾਰ ਕਰਨਾ ਹੈ। ਉਸ ਨਾਲ ਇਕਮਿਕਤਾ ਪ੍ਰਾਪਤ ਕਰਨੀ ਹੁੰਦੀ ਹੈ ਅਤੇ ਆਪਣੇ ਜਨਮਾਂ-ਜਨਮਾਂਤਰਾਂ ਦੇ ਸੰਚਿਤ ਕਰਮਾਂ ਨੂੰ ਚੰਗੇ ਕਰਮ ਕਰਕੇ ਸੂਨਯ ਕਰਨਾ ਹੁੰਦਾ ਹੈ ਅਤੇ ਪ੍ਰਭੂ ਪ੍ਰੀਤਮ ਤੋਂ ਵਿਛੜੀ ਰੂਹ ਨੇ ਸਦਾ ਸਦਾ ਲਈ ਪ੍ਰਭੂ ਦੇ ਚਰਨਾਂ ਵਿਚ ਸਥਾਨ ਪ੍ਰਾਪਤ ਕਰਨਾ ਹੁੰਦਾ ਹੈ। ਬ੍ਰਹਮ ਅਨੁਭੂਤੀ ਪ੍ਰਾਪਤ ਕਰਨੀ ਹੁੰਦੀ ਹੈ ਅਤੇ ਆਵਾਗਵਨ ਤੋਂ ਛੁਟਕਾਰਾ ਪ੍ਰਾਪਤ ਕਰਕੇ ਜੀਵਨ ਨਿਧੀ ਕਾਸੀ ਪ੍ਰਾਪਤ ਕਰਨੀ ਹੁੰਦੀ ਹੈ। ਇਹ ਪ੍ਰਾਪਤੀ ਕੇਵਲ ਸਿਧਾਂਤ ਪ੍ਰਤਿਪਾਦਨ ਦੁਆਰਾ ਸੰਭਵ ਨਹੀਂ, ਇਸ ਦੇ ਲਈ ਅਭਿਆਸ ਅਤੇ ਅਨੁਭਵ ਦੀ ਆਵਸ਼ਕਤਾ ਹੁੰਦੀ ਹੈ। ਇਸ ਲਈ ਇਸ ਮੂਲ ਤੱਤ ਦੇ ਸਾਖਿਆਤਕਾਰ ਲਈ ਉਸ ਨਾਲ ਆਤਮਾ ਦੀ ਅਭੇਦਤਾ ਸਥਾਪਿਤ ਕਰਨ ਲਈ ਅਤੇ ਸਦੀਵੀ ਇਕਮਿਕਤਾ ਪ੍ਰਾਪਤ ਕਰਨ ਲਈ ਸਾਧਕ ਨੂੰ ਕਈ ਤਰ੍ਹਾਂ ਦੇ ਪ੍ਰਯਤਨ, ਪ੍ਰਯਾਸ ਕਰਨੇ ਪੈਂਦੇ ਹਨ। ਇਨ੍ਹਾਂ ਚੇਸ਼ਟਾਵਾਂ ਦੇ ਦੁਆਰਾ ਸਿੱਧ ਹੋਈ ਪ੍ਰਕ੍ਰਿਆ ਨੂੰ ਸਾਧਨਾ ਕਹਿੰਦੇ ਹਨ।

ਡਾ. ਰਾਮਜੀ ਲਾਲ ਸਹਾਯਕ ਅਨੁਸਾਰ ਮੂਲਤੱਤ (ਬ੍ਰਹਮ) ਦੇ ਸਾਖਿਆਤਕਾਰ ਜਾਂ ਆਤਮਾ ਦੀ ਸੁਧ ਸਰੂਪ ਵਿਚ ਸਥਿਤੀ ਲਈ ਸਾਧਕ (ਜਗਿਆਸੂ) ਨੂੰ ਕਈ ਤਰ੍ਹਾਂ ਦੀਆਂ ਕੋਸ਼ਿਸ਼ਾਂ, ਘਾਲਣਾਂ ਅਤੇ ਯਤਨ ਕਰਨੇ ਪੈਂਦੇ ਹਨ, ਜਿਨ੍ਹਾਂ ਨੂੰ ਸਾਧਨਾ ਦਾ ਨਾਉਂ ਦਿੱਤਾ ਜਾਂਦਾ ਹੈ।[31]

ਡਾ. ਰਤਨ ਸਿੰਘ ਜੱਗੀ ਅਨੁਸਾਰ ਮੂਲ ਤੱਤ ਦੇ ਸਾਖਿਆਤਕਾਰ ਅਥਵਾ ਪਰਮਪਦ ਦੀ ਪ੍ਰਾਪਤੀ ਲਈ ਸਾਧਕ ਨੂੰ ਕਈ ਪ੍ਰਕਾਰ ਦੇ ਪ੍ਰਯਾਸ ਕਰਨੇ ਪੈਂਦੇ ਹਨ। ਉਨ੍ਹਾਂ ਪ੍ਰਯਤਨਾਂ ਦੁਆਰਾ ਸਿੱਧ ਹੋਈ ਪ੍ਰਕ੍ਰਿਆ ਨੂੰ ਸਾਧਨਾ ਕਹਿੰਦੇ ਹਨ।[32]

ਭਗਤੀ ਦੀ ਪ੍ਰਾਪਤੀ ਲਈ ਕੀਤਾ ਪ੍ਰਯਤਨ ਸਾਧਨਾ ਕਹਿਲਾਉਂਦਾ ਹੈ। ਸਾਧਨਾ ਦਾ ਸ਼ਾਬਦਿਕ ਅਰਥ ਹੈ ਮਨ ਨੂੰ ਕਿਸੇ ਵਿਸ਼ੈ ਵਿਚ ਇਕਾਗਰ ਭਾਵ ਨਾਲ ਜੋੜਨਾ ਪਰੰਤੂ ਇਸ ਦੀ ਵਰਤੋਂ ਭਗਤੀ-ਸਾਧਨਾ ਲਈ ਹੀ ਕੀਤੀ ਜਾਂਦੀ ਹੈ। ਮਨੂ ਸਿਮ੍ਰਿਤੀ ਅਨੁਸਾਰ ਜਿਸ ਦੁਆਰਾ ਚਾਰ ਪਦਾਰਥਾਂ (ਧਰਮ, ਅਰਥ, ਕਾਮ, ਮੋਕਸ਼) ਨੂੰ ਸਾਧਿਆ ਜਾਵੇ ਉਹ ਸਾਧਨਾ ਹੈ।[33] ਮਨੁਖੀ ਸਰੀਰ ਨੂੰ ਖੋਜਣ, ਸੰਭਾਲਣਾ, ਸੋਧਣ ਅਤੇ ਚੀਨ੍ਹਣ ਦਾ ਯਤਨ ਜਾਂ ਜੁਗਤੀ ਵੀ ਸਾਧਨਾ ਹੈ। ਮਨੁੱਖ ਦੀ ਅੰਦਰੂਨੀ ਅਗਿਆਨਤਾ ਰੂਪੀ ਹਨ੍ਹੇਰੇ ਨੂੰ ਦਿੱਭ ਦ੍ਰਿਸ਼ਟੀ ਨਾਲ ਰੋਸ਼ਨ ਕਰਨ ਦੀ ਵਿਧੀ ਹੀ ਸਾਧਨਾ ਹੈ।

ਡਾ. ਪ੍ਰੇਮ ਪ੍ਰਕਾਸ਼ ਸਿੰਘ ਅਨੁਸਾਰ ਕਿਸੇ ਪਰਮ ਵਸਤੂ ਦੀ ਸਿੱਧੀ ਲਈ ਕੀਤਾ ਗਿਆ ਮਨ-ਬਚਨ-ਕਰਮ ਰਾਹੀਂ ਯਤਨ ਅਧਿਆਤਮਿਕ ਸ਼ਬਦਾਵਲੀ ਵਿਚ ਸਾਧਨਾ ਅਖਵਾਉਂਦਾ ਹੈ।[34]

ਗੁਰੂ ਰਵਿਦਾਸ ਬਾਣੀ ਦਾ ਕੇਂਦਰੀ ਨੁਕਤਾ ਵੀ ਮਨ-ਬਚਨ ਅਤੇ ਕਰਮ ਦੀ ਏਕਤਾ ਹੈ। ਇਸ ਤਰ੍ਹਾਂ ਗੁਰੂ ਜੀ ਅਨੁਸਾਰ ਵੀ ਮਨ-ਬਚਨ-ਕਰਮ ਰਾਹੀਂ ਕੀਤੀ ਭਗਤੀ ਹੀ ਅਸਲੀ ਭਗਤੀ ਮਾਰਗ ਹੈ। ਗੁਰੂ ਜੀ ਦੀ ਬਾਣੀ ਵਿਚੋਂ ਵੀ ਸਾਧਨਾ ਦੀ ਉਪਰੋਕਤ ਪਰਿਭਾਸ਼ਾ ਸਨਮੁਖ ਆਉਂਦੀ ਹੈ:

ਸਾਚਾ ਸੁਮਿਰਨ ਨਾਂਵ ਬਿਸਾਸਾ,
ਮਨ ਬਚ ਕਰਮ ਕਹੈ ਰਵਿਦਾਸਾ।[35]

ਡਾ. ਸ਼ੇਰ ਸਿੰਘ ਅਨੁਸਾਰ ਸਾਧਨਾ ਜਾਂ ਮਾਰਗ ਉਹ ਗਾਡੀਰਾਹ ਹੈ ਜਿਸ ਤੇ ਚਲ ਕੇ ਹਰ ਕੋਈ ਬੇਖਟਕੇ ਅਤੇ ਨਿਸ਼ਚਿਤ ਹੋ ਕੇ ਸਿਧਾਂਤ ਪੱਖ ਵਿਚ ਦੱਸੀ ਗਈ ਮੁਕਤੀ ਨੂੰ ਪ੍ਰਾਪਤ ਕਰ ਸਕੇ।[36]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸਾਧਕ ਸਾਧਨਾ ਸਮੇਂ ਬ੍ਰਹਮ, ਜੀਵਾਤਮਾ, ਜਗਤ, ਸ੍ਰਿਸ਼ਟੀ ਆਦਿ ਸੰਬੰਧੀ ਅਸਲੀਅਤ ਨੂੰ ਜਾਨਣ ਦੀ ਕੋਸ਼ਿਸ਼ਾਂ ਕਰਦਾ ਹੈ। ਉਸ ਨੂੰ ਪਰਮਾਤਮਾ ਅਤੇ ਆਤਮਾ ਦੇ ਸਰੂਪ ਸੰਬੰਧੀ ਸਮਝ ਆ ਜਾਂਦੀ ਹੈ ਤਾਂ ਉਹ ਆਤਮਾ ਅਤੇ ਪਰਮਾਤਮਾ ਦੇ ਮਿਲਾਪ ਲਈ ਕਿਸੇ ਮਾਰਗ ਨੂੰ ਅਪਣਾਉਂਦਾ ਹੈ। ਪ੍ਰਾਚੀਨ ਸਮੇਂ ਤੋਂ ਅਧਿਆਤਮਿਕ ਖੇਤਰ ਵਿਚ ਭਗਤੀ ਲਈ ਪ੍ਰਮੁਖ ਤੌਰ ਤੇ ਚਾਰ ਸਾਧਨਾ-ਮਾਰਗਾਂ ਦੀ ਮਾਨਤਾ ਰਹੀ ਹੈ। ਇਹ ਹਨ – ਕਰਮ, ਗਿਆਨ, ਯੋਗ ਅਤੇ ਭਗਤੀ।

ਸਮੇਂ ਦੇ ਪ੍ਰਵਾਹ ਵਿਚ ਕਦੀ ਗਿਆਨ ਮਾਰਗ ਨੂੰ ਸਰਵੋਤਮ ਸਮਝਿਆ ਗਿਆ ਅਤੇ ਕਦੀ ਕਰਮ ਮਾਰਗ ਨੇ ਲੋਕਾਂ ਨੂੰ ਆਪਣੇ ਵਿਚ ਰੁਝਾ ਰਖਿਆ। ਕਦੀ ਭਗਤੀ ਮਾਰਗ ਦੀ ਸ਼ਰਧਾ ਵਿਸ਼ਵਾਸ਼ ਨੇ ਲੋਕਾਂ ਨੂੰ ਆਤਮਿਕ ਰਸ ਨਾਲ ਸ਼ਾਂਤ-ਚਿਤ ਕੀਤਾ ਅਤੇ ਕਦੀ ਯੋਗ ਮਾਰਗ ਨੇ ਅਸ਼ਟਾਂਗ-ਸਾਧਨਾ ਦਾ ਪਾਠ ਪੜ੍ਹਾਇਆ। ਸਭ ਮਾਰਗਾਂ ਦਾ ਸੰਬੰਧ ਵਿਭਿੰਨ ਸੰਪ੍ਰਦਾਵਾਂ ਦੇ ਨਾਲ ਹੋਣ ਕਾਰਨ ਲੋਕਾਂ ਵਿਚ ਵਿਰੋਧ ਭਾਵਨਾ ਵੀ ਪੈਦਾ ਹੋਈ। ਮੱਧਯੁਗੀਨ ਸੰਤਾਂ ਨੇ ਚਾਰੇ ਮਾਰਗਾਂ ਦਾ ਸੁਮੇਲ ਕਰਕੇ ਸਹਜ-ਸਤਿ-ਭਗਤੀ ਮਾਰਗ ਦਾ ਪ੍ਰਦਰਸ਼ਨ ਕੀਤਾ। ਇਸ ਤਰ੍ਹਾਂ ਉਨ੍ਹਾਂ ਨੇ ਸਭ ਮਾਰਗਾਂ ਦਾ ਅਨੁਕਰਣ ਕੀਤਾ ਅਤੇ ਇਨ੍ਹਾਂ ਵਿਚੋਂ ਰਿਣਾਤਮਕ ਤੱਤਾਂ ਨੂੰ ਛੱਡ ਕੇ ਧਨਾਤਮਕ ਤੱਤਾਂ ਨੂੰ ਇਕ ਲੜੀ ਵਿਚ ਪਰੋਇਆ।

ਇਨ੍ਹਾਂ ਚਾਰ ਮਾਰਗਾਂ ਦਾ ਕ੍ਰਮ ਨਿਸ਼ਚਿਤ ਕਰਨ ਲਈ ਪਹਿਲ ਕਰਮ ਨੂੰ ਦਿੱਤੀ ਜਾਵੇਗੀ ਕਿਉਂਕਿ ਗੁਰੂ ਰਵਿਦਾਸ ਜੀ ਨੇ ਭਗਤੀ-ਸਾਧਨਾ ਵਿਚ ਭਗਤੀ ਦਾ ਆਰੰਭ ਕਰਮ ਮਾਰਗ ਤੋਂ ਦਸਿਆ ਹੈ। ਉਹ ਲਿਖਦੇ ਹਨ ਗਿਆਨ ਪ੍ਰਾਪਤੀ ਲਈ ਕਰਮ ਕਰਨੇ ਪੈਂਦੇ ਹਨ। ਜਿਵੇਂ ਫੁਲ ਦੀ ਖਾਤਰ ਬਨਸਪਤੀ ਖਿੜਦੀ ਹੈ ਅਤੇ ਫਿਰ ਫਲ ਵਿਚ ਪ੍ਰਵਰਤਿਤ ਹੋਣ ਤੋਂ ਬਾਅਦ ਫੁਲ ਨਸ਼ਟ ਹੋ ਜਾਂਦੇ ਹਨ। ਇਸ ਤਰ੍ਹਾਂ ਹੀ ਮਨੁੱਖ ਨੂੰ ਗਿਆਨ ਪ੍ਰਾਪਤੀ ਲਈ ਕਰਮ ਕਰਨੇ ਪੈਂਦੇ ਹਨ।[37] ਵੈਸੇ ਵੀ ਗੀਤਾ ਅਨੁਸਾਰ ਮਨੁੱਖ ਦੀ ਪ੍ਰਕ੍ਰਿਤੀ ਹੀ ਕਰਮ ਕਰਨ ਦੀ ਹੈ। ਹਰ ਮਨੁਖ ਨੂੰ ਜੀਵਤ ਰਹਿਣ ਲਈ ਕਰਮ ਕਰਨੇ ਪੈਂਦੇ ਹਨ। ਜੀਵਨ ਨਾਮ ਹੀ ਕਰਮ ਕਰਨ ਦਾ ਹੈ।[38] ਵੈਦਿਕ ਭਗਤੀ ਦੀ ਆਧਾਰਸ਼ਿਲਾ ਵੀ ਕਰਮ ਸਨ। ਇਸ ਤਰ੍ਹਾਂ ਅਜਿਹੇ ਤਥਾਂ ਨੂੰ ਮੁਖ ਰਖਕੇ ਪਹਿਲ ਕਰਮ ਨੂੰ ਦਿੱਤੀ ਜਾਵੇਗੀ। ਉਸ ਤੋਂ ਬਾਅਦ ਗਿਆਨ, ਯੋਗ ਅਤੇ ਭਗਤੀ ਮਾਰਗ ਸੰਬੰਧੀ ਵਿਚਾਰ ਹੋਵੇਗਾ।

2.3. ਕਰਮ ਮਾਰਗ

ਮਨੁੱਖ ਦੁਆਰਾ ਕੀਤਾ ਗਿਆ ਕਾਰਜ, ਵਪਾਰ, ਕਰਮਾਂ ਦਾ ਜੀਵਨ ਵਿਚ ਵਿਸ਼ੇਸ਼ ਮਹੱਤਵ ਹੈ ਕਿਉਂਕਿ ਕ੍ਰਿਆਸ਼ੀਲਤਾ ਦਾ ਨਾਂ ਹੀ ਜੀਵਨ ਹੈ। ਜਦੋਂ ਗਤੀ ਖ਼ਤਮ ਹੋ ਜਾਂਦੀ ਹੈ ਤਾਂ ਸਰੀਰ ਨਿਰਾਰਥਕ ਹੋ ਜਾਂਦਾ ਹੈ। ਕਰਮ, ਕ੍ਰਿਆ ਹੀ ਜੀਵਨ ਨੂੰ ਗਤੀਸ਼ੀਲਤਾ ਪ੍ਰਦਾਨ ਕਰਦੇ ਹਨ। ਕ੍ਰਿਸ਼ਨ ਜੀ ਨੇ ਗੀਤਾ ਵਿਚ ਲਿਖਿਆ ਹੈ ਕਿ ਮਨੁੱਖ ਕਰਮ ਕਰੇ ਤੋਂ ਬਿਨਾਂ ਇਕ ਪਲ ਵੀ ਨਹੀਂ ਰਹਿ ਸਕਦਾ। ਇਸ ਤਰ੍ਹਾਂ ਮਨੁੱਖ ਦੀ ਪ੍ਰਕ੍ਰਿਤੀ ਹੀ ਕਰਮਾਂ ਦੀ ਹੈ। ਕਰਮ ਤਾਂ ਮਨੁੱਖ ਨੂੰ ਬੰਧਨ ਵਿਚ ਪਾਉਂਦੇ ਹਨ। ਉਸ ਦੇ ਕੀਤੇ ਕਰਮਾਂ ਅਨੁਸਾਰ ਹੀ ਉਸ ਨੂੰ ਜੀਵਨ ਪ੍ਰਾਪਤ ਹੁੰਦਾ ਹੈ। ਸੰਸਾਰ ਵਿਚ ਅਨੰਤ ਤਰ੍ਹਾਂ ਦੇ ਮਨੁੱਖੀ ਜੀਵਨ ਇਸ ਗੱਲ ਦਾ ਪ੍ਰਤੀਕ ਹਨ ਕਿ ਮਨੁੱਖ ਦੇ ਪੂਰਬਲੇ ਕਰਮਾਂ ਦਾ ਵੀ ਲੇਖਾ-ਜੋਖਾ ਕੀਤਾ ਜਾਂਦਾ ਹੈ। ਆਪਣੇ ਕੀਤੇ ਕਰਮਾਂ ਦਾ ਫ਼ਲ ਭੋਗਣ ਲਈ ਮਨੁੱਖ ਨੂੰ ਸੰਸਾਰ ਵਿਚ ਵਾਰ ਵਾਰ ਆਉਣਾ ਪੈਂਦਾ ਹੈ। ਆਵਾਗਵਨ ਤੋਂ ਮੁਕਤ ਹੋਣ ਲਈ ਕਈ ਜਨਮ ਲੇਖੇ ਲਗ ਜਾਂਦੇ ਹਨ। ਭਾਰਤੀ ਅਧਿਆਤਮਵਾਦ ਅਨੁਸਾਰ ਮਨੁੱਖ ਦੇਹ ਚੰਗੇ ਕਰਮਾਂ ਸਦਕਾ ਪ੍ਰਾਪਤ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿਚ ਲਿਖਿਆ ਹੈ ਕਿ:

ਕਰਮੀ ਆਵੈ ਕਪੜਾ ਨਦਰਿ ਮੋਖੁ ਦੁਆਰ।

ਗੁਰੂ ਰਵਿਦਾਸ ਜੀ ਇਸ ਸੰਬੰਧੀ ਲਿਖਦੇ ਹਨ, ਮਨੁੱਖ ਆਪਣੇ ਕਰਮਾਂ ਸਦਕਾ ਜਗ ਵਿਚ ਆਉਂਦਾ ਹੈ ਅਤੇ ਕਰਮਾਂ ਅਧੀਨ ਹੀ ਵਿਚਰਦਾ ਹੈ:

ਜੀਅ ਜੰਤੁ ਜਹਾਂ ਜਗ ਲਾਗੁ ਕਰਮ ਕੇ ਬਸਿ ਜਾਈ।
ਕਾਲ ਫਾਸ ਅਬਧ ਲਾਗੇ, ਕਛੁ ਨ ਚਲੈ ਉਪਾਈ।[1]

ਵੇਦਾਂ ਵਿਚ ਵੀ ਕਰਮਵਾਦ ਦਾ ਉਲੇਖ ਹੈ। ਕਰਮਵਾਦ ਅਨੁਸਾਰ ਮਨੁਖ ਨੂੰ ਆਪਣੇ ਕੀਤੇ ਕਰਮਾਂ ਅਨੁਸਾਰ ਫਲ ਭੋਗਣਾ ਪੈਂਦਾ ਹੈ। ਮਰਨ ਤੋਂ ਬਾਦ ਵੀ ਉਸ ਨੂੰ ਪੂਰਵ ਜਨਮ ਦੇ ਕੀਤੇ ਗਏ ਕਰਮਾਂ ਦਾ ਫਲ ਭੋਗਣ ਲਈ ਅਨੇਕ ਬਾਰ ਜਨਮ ਲੈਣਾ ਪੈਂਦਾ ਹੈ। ਵਾਮਦੇਵ ਨੇ ਆਪਣੇ ਪੂਰਵ ਦੇ ਜਨਮਾਂ ਦਾ ਵਰਣਨ ਕੀਤਾ ਹੈ।[2] ਪੂਰਵ ਜਨਮਾਂ ਦੇ ਦੁਸ਼ਟ ਕਰਮਾਂ ਕਾਰਨ ਹੀ ਲੋਕਾਂ ਦੀ ਪ੍ਰਵਿਰਤੀ ਕਰਮ ਕਰਨ ਵਲ ਹੁੰਦੀ ਹੈ।[2] ਏ ਵੇਦਾਂ ਵਿਚ ਕਿਹੜੇ ਕਰਮ ਕਰਨੇ ਚਾਹੀਦੇ ਹਨ ਅਤੇ ਕਿਹੜੇ

ਨਹੀਂ ਕਰਨੇ ਚਾਹੀਦੇ, ਦਾ ਵੀ ਵਰਣਨ ਹੈ। ਇਨ੍ਹਾਂ ਨੂੰ ਨਿਤਯ ਕਰਮ ਅਤੇ ਨੈਮਿਤਿੱਕ ਕਰਮ ਕਿਹਾ ਗਿਆ ਹੈ। ਕੁਝ ਕਰਮ ਹਨ ਜਿਨ੍ਹਾਂ ਦੇ ਕਰਨ ਨਾਲ ਪੁੰਨ ਵੀ ਪ੍ਰਾਪਤ ਨਹੀਂ ਹੁੰਦਾ ਪਰੰਤੂ ਨਾ ਕਰਨ ਨਾਲ ਪਾਪ ਹੁੰਦਾ ਹੈ ਜਿਵੇਂ ਸੰਧਿਆ ਉਪਾਸਨਾ। ਯਗ ਆਦਿ ਅਜਿਹੇ ਕਰਮ ਹਨ ਜਿਨ੍ਹਾਂ ਦੇ ਕਰਨ ਨਾਲ ਫਲ ਪ੍ਰਾਪਤ ਹੁੰਦਾ ਹੈ ਅਤੇ ਨਾ ਕਰਨ ਨਾਲ ਪਾਪ ਨਹੀਂ ਹੁੰਦਾ।[3] ਇਸ ਤਰ੍ਹਾਂ ਵੈਦਿਕ ਕਰਮ ਮਨੁੱਖ ਦੇ ਮਨ ਵਿਚ ਸੰਸੇ ਤੇ ਭਰਮ ਪੈਦਾ ਕਰਦੇ ਹਨ ਇਸ ਲਈ ਤਾਂ ਗੁਰੂ ਰਵਿਦਾਸ ਜੀ ਨੇ ਲਿਖਿਆ ਹੈ:

ਕਰਮ ਅਕਰਮ ਬੀਚਾਰੀਐ, ਸੰਕਾ ਸੁਨਿ ਬੇਦ ਪੁਰਾਨ।[4]

ਰਿਗਵੇਦ ਵਿਚ ਅਜਿਹੇ ਮੰਤਿਰਾਂ ਦਾ ਵਰਣਨ ਵੀ ਹੈ ਜਿਸ ਨਾਲ ਇਕ ਜੀਵ ਦੂਸਰੇ ਜੀਵ ਦੁਆਰਾ ਕੀਤੇ ਗਏ ਕਰਮਾਂ ਦਾ ਭੋਗ ਕਰ ਸਕਦਾ ਹੈ। ਅਜਿਹਾ ਕਰਨ ਲਈ ਸਾਧਕ ਮੰਤਿਰਾਂ ਦੁਆਰਾ ਪ੍ਰਾਰਥਨਾ ਕਰਦਾ ਹੈ।[5] ਮੰਤਿਰ ਇਕ ਤਰ੍ਹਾਂ ਦਾ ਸ਼ਬਦ ਦਾ ਸਵਾਸ ਸਿਮਰਨ ਹੈ। ਗੁਰੂ ਰਵਿਦਾਸ ਬਾਣੀ ਵਿਚ ਵੀ ਇਸ ਨਾਲ ਸਮਾਨਤਾ ਵਾਲਾ ਵਿਚਾਰ ਪ੍ਰਾਪਤ ਹੁੰਦਾ ਹੈ ਜਦੋਂ ਉਹ ਕਹਿੰਦੇ ਹਨ ਕਿ ਭਗਤੀ ਕਰਨ ਵਾਲੇ ਦੀਆਂ ਦੋਵਾਂ ਕੁਲਾਂ ਤਰ ਜਾਂਦੀਆਂ ਹਨ ਭਾਵ ਮੁਕਤ ਹੋ ਜਾਂਦੇ ਹਨ:

ਜਿਹਿੰ ਕੁਲ ਸਾਧੂ ਬੈਸਨੌਂ ਹੋਈ।
ਹੋਈ ਪੁਨੀਤ ਭਗਵੰਤ ਭਜਨ ਤੇ, ਆਪੁ ਤਾਰਿ ਤਾਰੇ ਕੁਲ ਦੋਈ।[5 ਏ]

ਉਪਨਿਸ਼ਦ ਵੀ ਕਰਮ-ਮਾਰਗ ਰਾਹੀਂ ਪਰਮ ਗਤੀ ਪ੍ਰਾਪਤ ਕਰਨ ਨੂੰ ਸਵੀਕਾਰ ਕਰਦੇ ਹਨ। ਇਨ੍ਹਾਂ ਅਨੁਸਾਰ ਪੁੰਨ ਕਰਮਾਂ ਨਾਲ ਚੰਗੀ ਜੂਨ ਪ੍ਰਾਪਤ ਹੁੰਦੀ ਹੈ ਅਤੇ ਪਾਪ ਕਰਮਾਂ ਨਾਲ ਭੈੜੀ ਜੂਨ ਪ੍ਰਾਪਤ ਹੁੰਦੀ ਹੈ। ਇਸ ਤਰ੍ਹਾਂ ਮਨੁੱਖ ਆਪਣੇ ਕਰਮਾਂ ਸਦਕਾ ਆਵਾਗਵਨ ਦੇ ਚੱਕਰ ਵਿਚ ਫਸ ਜਾਂਦਾ ਹੈ ਅਤੇ ਚੰਗੇ ਕਰਮਾਂ ਸਦਕਾ ਜੀਵਨ ਸਫ਼ਲ ਬਣ ਸਕਦਾ ਹੈ। ਇਸ ਤਰ੍ਹਾਂ ਉਪਨਿਸ਼ਦਾਂ ਵਿਚ ਵਰਣਨ ਹੈ ਕਿ ਮਨੁਖ ਨੂੰ ਨਿਸ਼ਕਾਮ ਭਾਵ ਨਾਲ ਕਰਮ ਕਰਨੇ ਚਾਹੀਦੇ ਹਨ। ਇਸ ਤਰ੍ਹਾਂ ਸੰਸਾਰਿਕ ਬੰਧਨਾਂ ਤੋਂ ਮੁਕਤ ਹੋਣ ਦਾ ਇਸ ਤੋਂ ਵਧ ਕੇ ਹੋਰ ਉਪਾਅ ਨਹੀਂ।[6]

ਵੇਦਾਂ ਵਿਚ ਜਿਥੇ ਯਗ ਆਦਿ ਕਰਮਾਂ ਨੂੰ ਵਧੇਰੇ ਮਹੱਤਵ ਦਿੱਤਾ ਗਿਆ ਸੀ ਉਥੇ ਭਗਵਤ ਗੀਤਾ ਵਿਚ ਕਰਮਾਂ ਦਾ ਘੇਰਾ ਹੋਰ ਵੀ ਵਿਸਤ੍ਰਿਤ ਰੂਪ ਵਿਚ ਨਜ਼ਰ ਆਉਂਦਾ ਹੈ। ਇਨ੍ਹਾਂ ਦਾ ਮਹੱਤਵ ਸਿਖ਼ਰ ਤੇ ਪਹੁੰਚ ਜਾਂਦਾ ਹੈ। ਗੀਤਾ ਵਿਚ ਸ਼੍ਰੀ ਕ੍ਰਿਸ਼ਨ ਜੀ ਨੇ ਕਿਹਾ ਹੈ ਕਿ ਕਰਮ ਨਾ ਕਰਨ ਨਾਲ ਮਨੁੱਖ ਮੁਕਤ ਨਹੀਂ ਹੁੰਦਾ। ਮਨੁਖ ਨੂੰ ਨਿਸ਼ਕਾਮ ਭਾਵ ਨਾਲ ਚੰਗੇ ਕਰਮ ਕਰਨੇ ਚਾਹੀਦੇ ਹਨ। ਉਨ੍ਹਾਂ ਨੇ ਆਪਣੀ ਉਦਾਹਰਣ ਦੇ ਕੇ ਦਸਿਆ ਹੈ ਕਿ ਮੈਨੂੰ ਇਸ ਸੰਸਾਰ ਵਿਚ ਕਿਸੇ ਵਸਤੂ ਨੂੰ ਪ੍ਰਾਪਤ ਕਰਨ ਦੀ ਜ਼ਰੂਰਤ ਨਹੀਂ ਕਿਉਂਕਿ ਮੈਨੂੰ ਸਭ ਕੁਝ ਪ੍ਰਾਪਤ ਹੈ ਪਰੰਤੂ ਫਿਰ ਵੀ ਮੈਂ ਕਰਮ ਕਰ ਰਿਹਾ ਹੈ।[7] ਗੀਤਾ ਵਿਚ ਕਰਮ ਯੋਗ ਦੇ ਮੂਲ ਸਾਧਨ ਦਾ ਵਿਵੇਚਨ ਦੂਸਰੇ ਅਧਿਆਇ ਵਿਚ ਕੀਤਾ ਗਿਆ ਹੈ। ਇਸ ਸ਼ਲੋਕ ਅਨੁਸਾਰ, "ਤੇਰਾ ਕਰਮ ਕਰਨ ਵਿਚ ਹੀ ਅਧਿਕਾਰ ਹੈ, ਕਰਮ ਫ਼ਲ ਵਿਚ ਤੇਰਾ ਕਦੀ ਵੀ ਅਧਿਕਾਰ ਨਹੀ ਹੈ, ਤੂੰ ਕਰਮ ਫਲ ਦਾ ਹੇਤੂ ਨਾ ਬਣ ਅਤੇ ਤੇਰੀ ਕਰਮ ਕਰਨ ਵਿਚ ਆਸਕਤੀ ਨਹੀਂ ਹੋਣੀ ਚਾਹੀਦੀ।"[8]

ਜੈਨ ਦਰਸ਼ਨ ਅਨੁਸਾਰ ਅਨਾਦਿ ਕਾਲ ਤੋਂ ਕਰਮ ਮਨੁੱਖ ਦੇ ਨਾਲ ਰਹਿੰਦੇ ਹਨ। ਕਰਮਾਂ ਦੇ ਕਾਰਣ ਹੀ ਮਨੁੱਖ ਨੂੰ ਬਾਰ ਬਾਰ ਜਨਮ ਲੈਣਾ ਪੈਂਦਾ ਹੈ। ਕਰਮਾਂ ਦਾ ਸੰਪਰਕ ਹੀ ਇਕ ਪ੍ਰਕਾਰ ਦੀ ਅਵਿਦਿਆ ਹੈ। ਕਰਮ ਹੀ ਬੰਧਨ ਦਾ ਕਾਰਣ ਹਨ। ਕਰਮਾਂ ਦੇ ਭੋਗੇ ਬਿਨਾਂ ਇਨ੍ਹਾਂ ਤੋਂ ਛੁਟਕਾਰਾ ਨਹੀਂ ਹੁੰਦਾ ਹੈ। ਮਾਇਆ ਨਾਲ ਮਨੁੱਖ ਦਾ ਜੋ ਅਨਾਦਿ ਸੰਬੰਧ ਹੈ, ਉਹ ਵੀ ਕਰਮਾਂ ਕਾਰਨ ਹੈ। ਜੀਵ ਦੇ ਸੰਪਰਕ ਵਿਚ ਆਉਣ ਵਾਲੀਆਂ ਸਭ ਵਸਤੂਆਂ ਨਾਲ ਉਸ ਜੀਵ ਦੇ ਕਰਮਾਂ ਦਾ ਸੰਬੰਧ ਰਹਿੰਦਾ ਹੈ। ਜੈਨ ਮਤ ਵਿਚ ਪੁਦਗਲ ਅਨੇਕ ਪ੍ਰਕਾਰ ਦੇ ਹੁੰਦੇ ਹਨ ਉਨ੍ਹਾਂ ਵਿਚੋਂ ਕਰਮ ਨਾਲ ਸੰਬੰਧ ਰਖਣ ਵਾਲੇ ਪੁਦਗਲ ਕਰਮ ਪੁਦਗਲ ਕਹਿਲਾਉਂਦੇ ਹਨ।[9]

ਇਸ ਤਰ੍ਹਾਂ ਜੈਨ ਮਤ ਵਿਚ ਕਰਮ-ਮਾਰਗ ਰਾਹੀ ਆਤਮ-ਸਿੱਧੀ, ਅੰਤਹਕਰਣ ਦੀ ਸੁਧੀ ਆਦਿ ਦਾ ਵਰਣਨ ਹੈ।

ਬੁੱਧ ਮਤ ਵਿਚ ਸਤਿਕਰਮ, ਸੱਚ ਬੋਲਣ ਤੇ ਬੱਲ ਦਿੱਤਾ ਗਿਆ ਹੈ। ਝੂਠੇ ਕਰਮਾਂ ਦੀ ਨਿੰਦਿਆ ਕੀਤੀ ਗਈ ਹੈ। ਮਨੁੱਖ ਦੇ ਆਪਣੇ ਝੂਠੇ ਕਰਮਾਂ ਕਾਰਨ ਹੀ ਦੁਖ ਖੜ੍ਹੇ ਹੁੰਦੇ ਹਨ। ਇਨ੍ਹਾਂ ਦੁੱਖਾਂ ਤੋਂ ਨਿਵਾਰਨ ਹੀ ਮੁਕਤੀ ਹੈ। ਇਨ੍ਹਾਂ ਅਨੁਸਾਰ ਆਤਮਾ ਨਿਤਯ ਨਹੀਂ ਹੈ। ਉਸ ਤੇ ਪੂਰਬਲ ਜਨਮਾਂ ਦਾ ਕਰਮ ਪ੍ਰਭਾਵੀ ਨਹੀਂ ਹੁੰਦੇ। ਵਰਤਮਾਨ ਕਾਲ ਤੋਂ ਬਿਨਾ ਭੂਤ ਅਤੇ ਭਵਿੱਖਤ ਕਾਲ ਨੂੰ ਇਹ ਲੋਕ ਨਹੀ ਮੰਨਦੇ ਹਨ। ਇਸ ਤਰ੍ਹਾਂ ਇਹ ਪੁਰਾਤਨ ਕਰਮਵਾਦ ਜਾਂ ਸੰਚਿਤ ਕਰਮਾਂ ਵਿਚ ਵਿਸ਼ਵਾਸ਼ ਨਹੀਂ ਰਖਦੇ। ਵਰਤਮਾਨ ਜੀਵਨ ਵਿਚ ਕਰਮ ਵਾਲੀਆਂ ਕ੍ਰਿਆਵਾਂ ਨੂੰ ਮਹਤਵ ਪ੍ਰਦਾਨ ਕਰਦੇ ਹਨ।

ਨਿਆਇ ਦਰਸ਼ਨ ਵਿਚ ਜੀਵਾਤਮਾ ਅਤੇ ਪਰਮਾਤਮਾ ਵਿਚ ਕੋਈ ਸੰਬੰਧ ਨਹੀਂ ਮੰਨਿਆ ਗਿਆ। ਇਹ ਦੋਵੇਂ ਆਪਣੇ ਆਪਣੇ ਖੇਤਰ ਵਿਚ ਨਿਰਪੇਖ ਹਨ। ਜੀਵਾਤਮਾ ਆਪਣੇ ਅਨਾਦਿ ਕਰਮਾਂ ਦੇ ਸੰਸਕਾਰਾਂ ਕਾਰਨ ਇਕ ਸ਼ਰੀਰ ਤੇ ਦੂਸਰੇ ਸ਼ਰੀਰ ਵਿਚ ਪ੍ਰਵੇਸ਼ ਕਰਦੀ ਰਹਿੰਦੀ ਹੈ। ਸਭ ਦੁੱਖਾਂ ਦਾ ਨਾਸ਼ ਹੋਣ ਤੇ ਉਹ ਮੁਕਤ ਹੋ ਜਾਂਦੀ ਹੈ। ਇਸ ਤਰ੍ਹਾਂ ਜੀਵਾਤਮਾ ਦੀ ਆਪਣੀ ਮੁਕਤੀ ਲਈ ਕਰਮ ਮਾਰਗ ਦਾ ਵਿਸ਼ੇਸ਼ ਮਹੱਤਵ ਹੈ ਪਰੰਤੂ ਪ੍ਰਭੂ ਪ੍ਰਾਪਤੀ ਨਾਲ ਇਸ ਦਾ ਕੋਈ ਸੰਬੰਧ ਨਹੀਂ।[10]

ਮੀਮਾਸਾਂ ਦਰਸ਼ਨ ਵੀ "ਕਰਮ" ਵਿਚ ਵਿਸ਼ਵਾਸ਼ ਰਖਦਾ ਹੈ। ਇਨ੍ਹਾਂ ਅਨੁਸਾਰ ਭੋਗ-ਆਇਤਨ ਸ਼ਰੀਰ, ਭੋਗ ਸਾਧਨ ਇੰਦਰੀਆਂ ਅਤੇ ਸ਼ਬਦ ਸਪਰਸ਼, ਰੂਪ ਆਦਿ ਭੋਗਣ ਵਾਲੇ ਵਿਸ਼ੇ, ਇਨ੍ਹਾਂ ਤਿੰਨਾਂ ਦੇ ਦੁਆਰਾ ਮਨੁੱਖ ਸੁੱਖ ਦੁਖ ਆਦਿ ਅਨੁਭਵ ਕਰਦਾ ਹੋਇਆ ਅਨਾਦਿ ਕਾਲ ਤੋਂ ਬੰਧਨ ਵਿਚ ਪਿਆ ਰਹਿੰਦਾ ਹੈ। ਪੂਰਵ ਜਨਮ ਦੇ ਕਰਮਾਂ ਤੋਂ ਉਤਪੰਨ ਧਰਮ ਅਤੇ ਅਧਰਮ ਦੇ ਫਲ ਦਾ ਉਪਭੋਗ ਕਰਨ ਨਾਲ ਧਰਮ, ਅਧਰਮ ਦਾ ਨਾਸ਼ ਹੋ ਜਾਂਦਾ ਹੈ। ਇਸ ਦੇ ਨਾਲ ਹੀ ਦੁਖ ਸੁਖ ਦਾ ਵੀ ਨਾਸ਼ ਹੋ ਜਾਂਦਾ ਹੈ ਅਤੇ ਮਨੁੱਖ ਪੂਰਵ ਜਨਮ ਦੇ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ। ਇਸ ਤਰ੍ਹਾਂ ਇਸ ਦਰਸ਼ਨ ਵਿਚ ਵੇਦ-ਵਿਹਿਤ ਕਰਮ ਕਰਦੇ ਰਹਿਣ ਅਤੇ ਨਿਸ਼ਿਧ ਕਰਮਾਂ ਦੇ ਤਿਆਗ ਸੰਬੰਧੀ ਵਰਣਨ ਹੈ।[11]

ਸਾਂਖਯ ਦਰਸ਼ਨ ਵੀ ਕਰਮਵਾਦ ਅਤੇ ਪੁਨਰ ਜਨਮ ਦੇ ਸਿਧਾਂਤ ਨੂੰ ਕਿਸੇ ਨਾ ਕਿਸੇ ਰੂਪ ਵਿਚ ਸਵੀਕਾਰਦਾ ਹੈ। ਇਸ ਦਰਸ਼ਨ ਅਨੁਸਾਰ ਪੁਰਸ਼ ਨੂੰ ਮੁਕਤ ਕਰਨ ਲਈ ਪ੍ਰਕ੍ਰਿਤੀ ਭਿੰਨ ਭਿੰਨ ਪ੍ਰਕਾਰ ਦੇ ਉਪਾਅ ਰਚਦੀ ਹੈ। ਮੁਕਤੀ ਇਕ ਜਨਮ ਵਿਚ ਨਹੀਂ ਪ੍ਰਾਪਤ ਹੁੰਦੀ। ਇਸ ਲਈ ਪ੍ਰਭੂ ਦੇ ਬਲ ਨਾਲ ਪ੍ਰਕ੍ਰਿਤੀ ਇਕ ਸ਼ਰੀਰ ਨੂੰ ਛਡ ਕੇ ਦੂਸਰਾ ਸ਼ਰੀਰ ਧਾਰਨ ਕਰਦੀ ਹੈ ਤਾਂ ਕਿ ਪੁਰਸ਼ ਨੂੰ ਬੰਧਨ ਤੋਂ ਮੁਕਤ ਕੀਤਾ ਜਾਵੇ।[12]

'ਯੋਗ ਸ਼ਾਸਤਰ' ਵਿਚ "ਕਰਮ' ਦਾ ਬਹੁਤ ਉਚਾ ਸਥਾਨ ਹੈ। ਪਰਮ ਲਖਸ਼ ਤਕ ਪਹੁੰਚਣ ਲਈ ਕਰਮ ਇਕ ਪ੍ਰਧਾਨ ਸਾਧਨ ਹੈ। ਕਰਮ ਕਰਨ ਨਾਲ ਹੀ ਮਨੁੱਖ ਦੇ ਸੰਸਕਾਰ ਪੈਦਾ ਹੁੰਦੇ ਹਨ। ਇਹ ਹੀ "ਵਾਸਨਾ" ਨੂੰ ਪੈਦਾ ਕਰਦੇ ਹਨ। ਵਾਸਨਾ ਦੇ ਅਨੁਕੂਲ ਹੀ ਜੀਵ ਦੀ ਉਤਪਤੀ ਹੁੰਦੀ ਅਤੇ ਇਸ ਦੇ ਅਨੁਸਾਰ ਹੀ ਇਸ ਦੇ ਕਰਮ ਹੁੰਦੇ ਹਨ। ਇਹ ਕਰਮ ਚੱਕਰ ਬਿਨਾਂ ਕਿਸੇ ਵਿਘਨ ਦੇ ਸੰਸਾਰ ਵਿਚ ਚਲਦਾ ਰਹਿੰਦਾ ਹੈ। ਕਰਮ ਦੀ ਗਤੀ ਅਨਾਦਿ ਹੈ। ਇਸ ਤਰ੍ਹਾਂ ਕਰਮ ਸੰਚਿਤ ਹੋ ਜਾਂਦੇ ਹਨ। ਇਨ੍ਹਾਂ ਕਰਮਾਂ ਨੂੰ ਭੋਗਣ ਲਈ ਮਨੁੱਖ ਨੂੰ ਭਿੰਨ-ਭਿੰਨ ਜੂਨਾਂ ਵਿਚ ਸੰਸਾਰ

ਵਿਚ ਵਿਚਰਨਾ ਪੈਂਦਾ ਹੈ। ਯੋਗੀ ਅਸੁਕਲ-ਅਕ੍ਰਿਸ਼ਣ ਕਰਮ ਕਰਦੇ ਹਨ। ਉਹ ਉਹੀ ਕਰਮ ਕਰਦੇ ਹਨ ਜਿਨ੍ਹਾਂ ਨਾਲ ਉਨ੍ਹਾਂ ਚਿੱਤ-ਬਿਰਤੀਆਂ ਕਾਬੂ ਹੋ ਸਕਣ। ਇਹ ਲੋਕ ਪਾਪ ਕਰਮ ਤਾਂ ਕਰਦੇ ਹੀ ਨਹੀਂ ਪਰੰਤੂ ਤਪ, ਧਿਆਨ ਆਦਿ ਦੇ ਦੁਆਰਾ ਪੁੰਨ ਵਾਲੇ ਜੋ ਕਰਮ ਕਰਦੇ ਹਨ ਉਨ੍ਹਾਂ ਦੇ ਫ਼ਲ ਦੀ ਇੱਛਾ ਵੀ ਨਹੀਂ ਕਰਦੇ।

ਸ਼ਾਂਕਰ ਵੇਦਾਂਤ ਅਨੁਸਾਰ ਵੀ ਜੇਕਰ ਸੰਚਿਤ ਅਤੇ ਕ੍ਰਿਆਮਾਣ ਕਰਮਾਂ ਦਾ ਨਾਸ਼ ਹੋਣ ਤੇ ਜੀਵਿਤ-ਅਵਸਥਾ ਵਿਚ ਹੀ ਤੱਤ-ਗਿਆਨ ਹੋ ਜਾਵੇ ਤਾਂ ਜੀਵ ਪ੍ਰਾਰੱਬਧ ਕਰਮਾਂ ਨੂੰ ਖ਼ਤਮ ਕਰਕੇ ਜੀਵਨ ਮੁਕਤ ਹੋ ਜਾਵੇਗਾ।

'ਭੇਦਾਭੇਦ ਦਰਸ਼ਨ' ਵਿਚ ਕ੍ਰਮ ਮੁਕਤੀ ਵਿਚ ਕਰਮਾਂ ਰਾਹੀਂ ਪ੍ਰਭੂ ਪ੍ਰਾਪਤੀ ਦਾ ਵਰਣਨ ਹੈ। ਇਨ੍ਹਾਂ ਅਨੁਸਾਰ ਕੇਵਲ ਯਤਨ ਕਰਨ ਨਾਲ ਮੁਕਤੀ ਨਹੀਂ ਮਿਲਦੀ ਸਗੋਂ ਇਹ ਕਰਮ ਅਨੁਸ਼ਠਾਨ ਦੁਆਰਾ ਮਿਲਦੀ ਹੈ। ਅੱਛੇ ਕਰਮ ਕਰਨ ਨਾਲ ਮਰਨ ਤੋਂ ਬਾਦ ਦੇਵਯਾਨ ਮਾਰਗ ਤੋਂ ਅਨੇਕ ਲੋਕਾਂ ਵਿਚ ਘੁੰਮਦੇ ਹੋਏ ਇਹ ਮੋਖਸ਼ ਪ੍ਰਾਪਤ ਕਰਦੇ ਹਨ। ਇਸ ਤਰ੍ਹਾਂ ਇਨ੍ਹਾਂ ਅਨੁਸਾਰ ਮਨੁੱਖ ਅਗਿਆਨਤਾ ਅਤੇ ਕਰਮਾਂ ਕਾਰਨ ਹੀ ਬੰਧਨ ਵਿਚ ਪੈਂਦਾ ਹੈ। ਇਸ ਮਤ ਅਨੁਸਾਰ ਵੀ ਕਰਮ ਕਰਨਾ ਜ਼ਰੂਰੀ ਹੈ। ਕਰਮ ਕਰੇ ਤੋਂ ਬਿਨਾਂ ਦੁਖ-ਬੀਜ ਦਾ ਨਾਸ਼ ਨਹੀਂ ਹੁੰਦਾ।[13] ਇਨ੍ਹਾਂ ਅਨੁਸਾਰ ਜੀਵਨ ਭਰ ਕਰਮ ਦੇ ਅਭਿਆਸ ਨਾਲ ਹੀ ਗਿਆਨ ਨੂੰ ਪਾ ਕੇ ਸਾਧਕ ਦੇ ਸਰੀਰ ਦਾ ਪਤਨ ਹੁੰਦਾ ਹੈ ਅਤੇ ਭੇਦ-ਗਿਆਨ ਦਾ ਨਾਸ਼ ਹੁੰਦਾ ਹੈ। ਸੰਸਾਰਿਕ ਅਤੇ ਪਾਰਲੌਕਿਕ ਕਰਮਾਂ ਦਾ ਵੀ ਨਾਸ਼ ਹੋ ਜਾਂਦਾ ਹੈ। ਇਸ ਤਰ੍ਹਾਂ ਪ੍ਰਾਰਬੱਧ ਕਰਮ ਭੋਗਣ ਨਾਲ ਹੀ ਨਸ਼ਟ ਹੁੰਦੇ ਹਨ।

ਰਾਮਾਨੁਜ ਅਨੁਸਾਰ ਵਰਣ-ਆਸ਼ਰਮ-ਉਚਿਤ-ਕਰਮ ਕਰਨ ਨਾਲ ਚਿੱਤ ਦੀ ਸੁਧੀ ਹੁੰਦੀ ਹੈ। ਚਿੱਤ-ਸੁਧੀ ਤੋਂ ਭਗਤੀ ਅਤੇ ਭਗਤੀ ਤੋਂ ਮੋਖਸ਼ ਪ੍ਰਾਪਤ ਹੁੰਦਾ ਹੈ।

ਦ੍ਵੈਤਾਦ੍ਵੈਤ ਮੱਤ ਵੀ ਕਰਮ ਬੰਧਨ ਨੂੰ ਸਵੀਕਾਰਦਾ ਹੈ। ਇਸ ਮੱਤ ਅਨੁਸਾਰ ਅਨਾਦਿ ਕਰਮ ਅਤੇ ਵਾਸ਼ਨਾ ਆਦਿ ਹੀ ਮਨੁੱਖ ਨੂੰ ਬੰਧਨ ਵਿਚ ਪਾਉਂਦੇ ਹਨ। ਮਨੁੱਖ ਨੂੰ ਆਪਣੇ ਕਰਮਾਂ ਦਾ ਫਲ ਭੋਗਣ ਲਈ ਦੁਵਾਰਾ ਜਨਮ ਲੈਣਾ ਪੈਂਦਾ ਹੈ। ਇਸ ਦਰਸ਼ਨ ਅਨੁਸਾਰ ਮਨੁੱਖ ਸਤਿ-ਕਰਮ ਕਰਦਾ ਹੋਇਆ ਪੂਰਵ ਜਨਮ ਦੇ ਕਰਮਾਂ ਦਾ ਭੋਗ ਸੰਪੰਨ ਕਰਕੇ ਸੰਸਾਰਿਕ ਬੰਧਨ ਤੋਂ ਮੁਕਤ ਹੋ ਸਕਦਾ ਹੈ।[14]

ਦੈਤ ਦਰਸ਼ਨ ਅਨੁਸਾਰ ਪਰੰਪਰਾ ਨਾਲ ਪੁੰਨ ਅਤੇ ਪਾਪ ਦਾ ਜੋ ਅਸਾਧਾਰਣ ਕਾਰਣ ਹੈ ਉਹ "ਕਰਮ" ਹੈ। ਕਰਮ ਦੇ ਤਿੰਨ ਭੇਦ ਹਨ:

(1) <u>ਵਿਹਿਤ ਕਰਮ:</u> ਵਿਧੀ ਪੂਰਵਕ ਕੀਤੀ ਗਈ ਯੱਗ ਆਦਿ ਕਿਰਿਆ ਵਿਹਿਤ ਕਰਮ ਹਨ। ਫਲ ਦੀ ਇੱਛਾ ਨਾਲ ਕੀਤਾ ਕਰਮ "ਕਾਮਯ" ਹੈ ਅਤੇ ਪ੍ਰਭੂ ਨੂੰ ਪ੍ਰਸੰਨ ਕਰਨ ਲਈ ਕੀਤਾ ਕਰਮ "ਅਕਾਮਯ" ਹੈ। ਦੋਨੋਂ ਤਰ੍ਹਾਂ ਦੇ ਕਰਮ ਸਭ ਜੀਵ ਕਰਦੇ ਹਨ।

(2) <u>ਨਿਸ਼ਿੱਧ ਕਰਮ:</u> ਮਨ, ਵਾਣੀ ਅਤੇ ਸ਼ਰੀਰ ਨਾਲ ਆਪਣੇ ਤੋਂ ਵਡਿਆਂ ਦਾ ਅਪਰਾਧ ਕਰਨਾ ਨਿਸ਼ਿੱਧ ਕਰਮ ਹਨ। ਇਸ ਤੋਂ ਇਲਾਵਾ ਜਿਨ੍ਹਾਂ ਕਰਮਾਂ ਦਾ ਵੇਦਾਂ ਜਾਂ ਹੋਰ ਸ਼ਾਸਤਰਾਂ ਵਿਚ ਨਿਸ਼ੇਧ ਹੈ ਉਹ ਵੀ ਨਿਸ਼ਿੱਧ ਕਰਮ ਹਨ।

(3) <u>ਉਦਾਸ਼ੀਨ ਕਰਮ:</u> ਉਪਰੋਕਤ ਕਰਮਾਂ ਤੋਂ ਬਿਨਾਂ ਬਾਕੀ ਕਰਮ ਜੋ ਮਨੁੱਖ ਨੂੰ ਆਪਣੇ ਰੋਜ਼ਾਨਾ ਜੀਵਨ ਵਿਚ ਕਰਨੇ ਪੈਂਦੇ ਹਨ। ਉਹ ਉਦਾਸ਼ੀਨ ਕਰਮ ਹਨ।

ਕਰਮਾਂ ਦੇ ਨਾਸ਼ ਨਾਲ ਹੀ ਮੋਖਸ਼ ਪ੍ਰਾਪਤ ਹੁੰਦਾ ਹੈ। ਪ੍ਰਾਰਬਧ ਕਰਮਾਂ ਦਾ ਨਾਸ਼ ਕੇਵਲ ਭੋਗਣ ਨਾਲ ਹੀ ਹੁੰਦਾ ਹੈ।

ਸ਼ੁਧ ਅਦ੍ਵੈਤ ਦਰਸ਼ਨ ਅਨੁਸਾਰ ਕਰਮ ਅਖਰ-ਰੂਪ-ਬ੍ਰਹਮ ਦਾ ਹੀ ਰੁਪਾਂਤਰ ਹੈ। ਇਸ ਨੂੰ ਅਪੂਰਵ, ਅਦ੍ਰਿਸ਼ਟ ਅਤੇ ਧਰਮ-ਅਧਰਮ ਵੀ ਕਹਿੰਦੇ ਹਨ। ਅਦ੍ਰਿਸ਼ਟ ਆਤਮਾ ਦਾ ਗੁਣ ਨਹੀਂ ਹੈ। ਕਰਮ ਬਹੁਤ ਪ੍ਰਕਾਰ ਦੇ ਵੀ ਨਹੀਂ ਹਨ। ਕਰਮਾਂ ਦੀ ਅਭਿਵਿਅਕਤੀ ਦੇ ਅੰਤਰਗਤ ਅਤੇ ਫਲ ਸਮਾਪਤੀ ਦੇ ਬਾਦ ਵੀ ਇਨ੍ਹਾਂ ਦੀ ਸਥਿਤੀ ਰਹਿੰਦੀ ਹੈ। ਇਸ ਲਈ ਕਰਮਾਂ ਸਦਕਾ ਮਨੁੱਖ ਨੂੰ ਜਨਮ ਲੈਣਾ ਪੈਂਦਾ ਹੈ।[15]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਭਾਰਤੀ ਦਾਰਸ਼ਨਿਕਾਂ ਨੇ ਕਰਮ ਮਾਰਗ ਨੂੰ ਵਿਵਿਧ ਰੂਪ ਵਿਚ ਦੇਖਿਆ। ਕਿਤੇ ਯੱਗ ਆਦਿ ਬਾਹਰੀ ਕਰਮ ਹਨ। ਅਤੇ ਕਿਤੇ ਗਿਆਨ ਨੂੰ ਹੀ ਸ਼ੁਭ ਕਰਮ ਕਿਹਾ ਹੈ। ਕਿਤੇ ਯੋਗ ਅਭਿਆਸ ਦੁਆਰਾ ਚਿੱਤ-ਸ਼ੁਧੀ ਨੂੰ ਹੀ ਕਰਮ ਦਾ ਨਾਮ ਦਿੱਤਾ ਗਿਆ ਹੈ। ਰੋਜ਼ਾਨਾ ਜੀਵਨ ਦੇ ਭਿੰਨ ਭਿੰਨ ਵਿਉਪਾਰ ਜੋ ਸਾਧਨਾ ਦੁਆਰਾ ਮੁਕਤੀ ਪ੍ਰਾਪਤੀ ਲਈ ਕੀਤੇ ਜਾਂਦੇ ਹਨ ਉਹ ਵੀ ਕਰਮ ਹਨ। ਗੁਰੂ ਰਵਿਦਾਸ ਬਾਣੀ ਵਿਚ ਵੀ "ਕਰਮ" ਸ਼ਬਦ ਦਾ ਪ੍ਰਯੋਗ ਵਿਭਿੰਨ ਅਰਥਾਂ ਵਿਚ ਹੋਇਆ ਹੈ।

ਕਰਮ ਮਾਰਗ ਅਨੁਸਾਰ ਮਨੁੱਖ ਇਸ ਜੀਵਨ ਵਿਚ ਵੇਦਾਂ ਸ਼ਾਸਤਰਾਂ ਅਤੇ ਸਦਾਚਾਰੀਆਂ ਅਨੁਸਾਰ ਦੱਸੇ ਉਤਮ ਕੰਮ ਕਰਦਾ ਹੈ। ਇਸ ਤਰ੍ਹਾਂ ਚੰਗੇ ਕਰਮ ਕਰਦਿਆਂ ਉਹ ਪ੍ਰਭੂ ਤਕ ਪਹੁੰਚ

ਜਾਂਦਾ ਹੈ। ਇਹ ਇਕ ਲੰਬੀ ਪ੍ਰਕ੍ਰਿਆ ਹੈ। ਇਸ ਮਾਰਗ ਤੇ ਚਲਦਿਆਂ ਮਨੁੱਖ ਦੇ ਕਈ ਜਨਮ ਲੇਖੇ ਲਗ ਜਾਂਦੇ ਹਨ। ਗੁਰੂ ਰਵਿਦਾਸ ਜੀ ਵੀ ਲਿਖਦੇ ਹਨ ਕਿ ਬਹੁਤ ਜਨਮ ਬਿਛਰੇ ਥੇ ਮਾਧੋ ਇਹ ਜਨਮ ਤੁਮਾਰੇ ਲੇਖੇ।[16]

2.3.1. ਕਰਮਵਾਦ

ਗੁਰੂ ਰਵਿਦਾਸ ਜੀ ਅਨੁਸਾਰ ਵੀ ਮਨੁੱਖ ਜੋ ਭਰਮ ਕਰਮ ਕਰਦਾ ਹੈ ਉਸ ਨਾਲ ਉਹ ਬੰਧਨ ਵਿਚ ਫਸ ਜਾਂਦਾ ਹੈ। ਇਸ ਕਰਕੇ ਹੀ ਮਨੁਖ ਨੂੰ ਵਾਰ ਵਾਰ ਜਨਮ ਲੈਣਾ ਪੈਂਦਾ ਹੈ ਅਤੇ ਕਰਮਾਂ ਦਾ ਫਲ ਭੋਗਣਾ ਪੈਂਦਾ ਹੈ। ਇਹ ਕਰਮ-ਪ੍ਰਵਾਹ ਅਨਾਦਿ ਹੈ। ਗੁਰੂ ਰਵਿਦਾਸ ਜੀ ਨੇ ਇਕ ਪਦ ਵਿਚ ਆਪਣੀ ਨੀਵੀਂ ਜਾਤੀ ਵਿਚ ਜਨਮ ਲੈਣ ਦਾ ਕਾਰਨ ਪਿਛਲੇ ਜਨਮਾਂ ਦੇ ਪਾਪਾਂ ਨੂੰ ਠਹਿਰਾਇਆ ਹੈ। ਇਸ ਤਰ੍ਹਾਂ ਉਨ੍ਹਾਂ ਦੇ ਵਿਚਾਰ ਭਾਰਤੀ ਦਾਰਸ਼ਨਿਕ ਪਰੰਪਰਾ ਦੇ ਅਨੁਰੂਪ ਹਨ।

(1) ਪਰ ਜਨਮ ਮੰਹ ਪਾਤਕ ਬਹੁਲੇ ਹੋਂ ਪਾਛੇ ਹੀ ਬਿਛੁਰਿ ਹੈਂ
ਕਹਿ ਰਵਿਾਸ ਭਾਵ ਬਨੀ ਕੁਛ ਐਸੀ, ਫੁਨਿ ਔਸਰ ਕਿਹਿੰ ਪਰਿ ਹੈਂ।[17]

(2) ਭਰਮ ਕਰਮ ਜੀਅ ਬੰਧਯੈ, ਛੂਟੈ ਤੁਮ ਬਿਨ ਕੈਸੇ ਹੋ ਹਰਿ
ਭੈ ਭੇ ਭੀਤ ਭਗਤ ਜਨ, ਕਰ ਅਵਲੰਬਨ ਦੀਜੈ।[18]

ਮਨੁੱਖ ਨੂੰ ਭੈੜੇ ਕਰਮਾਂ ਦਾ ਫ਼ਲ ਵੀ ਜ਼ਰੂਰ ਭੋਗਣਾ ਪੈਂਦਾ ਹੈ।

ਕੁਕਰਮਾਂ ਕਾਰਨ ਹੀ ਮਨੁਖ ਵਿਭਿੰਨ ਜੂਨਾਂ ਵਿਚ ਪੈਂਦਾ ਹੈ ਅਤੇ ਸੁਕਰਮਾਂ ਸਦਕਾ ਪੁੰਨ-ਫ਼ਲ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਮਨੁਖ ਨੂੰ ਇਹ ਦੇਹੀ ਬਹੁਤ ਉਤਮ ਕਰਮਾਂ ਨਾਲ ਚੌਰਾਸੀ ਲੱਖ ਜੂਨਾਂ ਹੰਡਾਉਣ ਉਪਰੰਤ ਨਸੀਬ ਹੁੰਦੀ ਹੈ। ਇਸ ਸੰਬੰਧ ਵਿਚ ਗੁਰੂ ਜੀ ਲਿਖਦੇ ਹਨ:

ਲਿਯੋ ਵਿਵਿਧ ਜੋਨਿ ਬਾਸ, ਜਮ ਕੀ ਅਗਮਾ ਤ੍ਰਾਸ।
ਤੁਮਾਹਰੇ ਭਜਨ ਬਿਨ ਭ੍ਰਮਤ ਫਿਰਯੌ।[19]

ਗੁਰੂ ਰਵਿਦਾਸ ਜੀ ਨੇ ਕਰਮ-ਫਲ ਅਤੇ ਪੁਨਰ-ਜਨਮ ਸੰਬੰਧੀ ਬਹੁਤ ਉਤਮ ਵਿਚਾਰ ਦਿੱਤੇ ਹਨ। ਉਹ ਲਿਖਦੇ ਹਨ ਕਿ ਸ੍ਰਿਸ਼ਟੀ ਵਿਚ ਜੀਵ-ਜੰਤੂ ਅਲਗ-ਅਲਗ ਕੰਮਾਂ ਤੇ ਲਗੇ ਅਸੀਂ ਵੇਖਦੇ ਹਾਂ ਭਾਵ ਹਰ ਇਕ ਦੀ ਜ਼ਿੰਦਗੀ ਦੇ ਕਰਮ ਭਿੰਨ-ਭਿੰਨ ਹਨ। ਸਭ ਵਿਚ ਪਰਮ ਜੋਤਿ ਦੇ ਹੁੰਦਿਆਂ ਹੋਇਆਂ ਵੀ, ਵਿਲੱਖਣਤਾਵਾਂ ਸਪਸ਼ਟ ਦਿਸਦੀਆਂ ਹਨ। ਇਹ ਸਭ ਕਰਮਾਂ ਦਾ ਹੀ ਫਲ ਹੈ ਪਰੰਤੂ ਅਸੀਂ ਇਸ ਦੀ ਡੂੰਘਾਈ ਤਕ ਨਹੀਂ ਜਾਂਦੇ ਇਸ ਲਈ ਹੀ ਕਰਮਾਂ-ਕੁਕਰਮਾਂ ਵਿਚ ਭੇਦ ਕਰਨ ਦੇ ਸਮਰਥ ਨਹੀਂ ਹਾਂ। ਅੱਜ ਦੇ ਸਾਡੇ ਜੀਵਨ ਵਿਚ ਪੂਰਵਲੇ ਕਰਮਾਂ ਦਾ ਅਕਸ਼ ਹੈ ਪਰੰਤੂ ਇਸ ਦੀ ਹੋਂਦ ਪ੍ਰਤੀ ਕਿਸੇ ਨਾ ਕਿਸੇ ਕਾਰਣ ਕਰਕੇ ਅਗਿਆਤ ਰਹਿੰਦੇ ਹਾਂ। ਗੁਰੂ ਜੀ ਲਿਖਦੇ ਹਨ:

(1) ਜੀਅ ਜੰਤ ਜਹਾਂ ਜਹਾਂ ਲਾਗੁ
ਕਰਮ ਕੇ ਬਸਿ ਜਾਇ।[20]

(2) ਕਹੁ **ਰਵਿਦਾਸ** ਭਇਓ ਜਬ ਲੇਖੋ,
ਜੋਈ ਜੋਈ ਕੀਨੋ ਸੋਈ ਸੋਈ ਦੇਖਿਓ।[21]

ਗੁਰੂ ਜੀ ਨੇ ਕਰਮ-ਫਲ ਦੇ ਵਰਣਨ ਤੋਂ ਬਾਦ ਭੈੜੇ ਕਰਮਾਂ ਦੀ ਜ਼ੋਰਦਾਰ ਨਿਖੇਧੀ ਕਰਦੇ ਹਨ ਅਤੇ ਮਨੁੱਖ ਨੂੰ ਸਤਿ-ਕਰਮ ਕਰਨ ਲਈ ਪ੍ਰੇਰਨਾ ਦਿੰਦੇ ਹਨ। ਉਨ੍ਹਾਂ ਅਨੁਸਾਰ ਸੁਕ੍ਰਿਤ ਕਰਨਾ ਅਤੇ ਪ੍ਰਭੂ ਦਾ ਨਾਮ ਸਿਮਰਨ ਸਤਿ-ਕਰਮ ਹਨ ਅਤੇ ਔਗੁਣ ਕੁਕਰਮ ਹਨ। ਉਹ ਲਿਖਦੇ ਹਨ:

(1) ਨਾਂਵ ਨ ਲੀਯਾ ਔਗੁਨ **ਕੀਯਾ**, ਇਸ ਜੀਵਨ ਕੇ ਤਾਣ ਵੇ।
ਅਪਨੀ ਪਰਾਈ ਗਿਨਿ ਨਾ ਕਾਈ, ਮੰਦੇ ਕਰਮ ਕਮਾਣ ਵੇ।[22]

(2) ਅਬ ਕੀ ਬੇਰ ਨਾ ਸੁਕ੍ਰਿਤ ਕੀਓ,
ਬਹੁਰਿ ਨਾ ਯਹੁ ਗੜ੍ਹ ਪਾਐਵੇ।[23]

(3) ਮਨ ਬਚ ਕਰਮ ਰਸ ਕਸਹਿ ਲੁਭਾਨਾ
ਬਿਨਸਿ ਗਇਆ ਜਾਇ ਕਹੂੰ ਸਮਾਨਾ।[24]

ਨਿਰਸੰਦੇਹ ਸੰਤ ਗੁਰੂ ਰਵਿਦਾਸ ਜੀ ਦੇ ਕਰਮਵਾਦ ਸੰਬੰਧੀ ਵਿਚਾਰ ਵੈਸ਼ਣਵ ਮੱਤ ਨਾਲ ਸਮਾਨਤਾ ਰਖਦੇ ਹਨ। ਉਹ ਇਸ ਵਿਸ਼ੇ ਵਿਚ ਸੂਫ਼ੀਆਂ ਨਾਲੋਂ ਬਿਲਕੁਲ ਭਿੰਨ ਹਨ।

2.3.2. ਨੈਤਿਕ ਕਰਮ

ਨੈਤਿਕ ਕਰਮਾਂ ਅਤੇ ਸਦਾਚਾਰ ਉਤੇ ਹੀ ਮਨੁੱਖ ਦੀ ਆਤਮ-ਸਿੱਧੀ ਨਿਰਭਰ ਕਰਦੀ ਹੈ। ਵੈਦਿਕ ਕਾਲ ਤੋਂ ਹੀ ਰਿਸ਼ੀਆਂ, ਮੁਨੀਆਂ, ਜਪੀਆਂ-ਤਪੀਆਂ ਨੇ ਮਨੁੱਖ ਨੂੰ ਜੀਵਨ-ਮੁੱਲ ਅਪਨਾਉਣ ਦੀ ਪ੍ਰੇਰਨਾ ਦਿੱਤੀ। ਵੈਦਿਕ ਰਿਸ਼ੀ ਸੱਚੇ ਅਤੇ ਮਿਠੇ ਵਚਨ ਬੋਲਦੇ ਸਨ। ਝੂਠ ਬੋਲਣ ਵਾਲਿਆਂ ਤੋਂ ਉਹ ਨਫ਼ਰਤ ਕਰਦੇ ਸਨ।[25] ਉਹ ਲੋਕ ਆਪ ਬਹੁਤ ਸਦਾਚਾਰੀ ਅਤੇ ਧਾਰਮਿਕ ਨਿਯਮਾਂ ਦਾ ਪਾਲਣ ਕਰਨ ਵਾਲੇ ਹੁੰਦੇ ਸਨ। ਉਪਨਿਸ਼ਦਾਂ ਵਿਚ ਵੀ ਸਦਾਚਾਰ ਸੰਬੰਧੀ ਵਰਣਨ ਆਉਂਦਾ ਹੈ। ਪ੍ਰਸ਼ਨੋਪਨਿਸ਼ਦ ਦਾ ਕਥਨ ਹੈ ਕਿ ਜੋ ਅਸਤਿ ਭਾਸ਼ਣ ਕਰਦਾ ਹੈ ਉਹ ਜੜ੍ਹ ਤੋਂ ਸੁੱਕ ਜਾਂਦਾ ਹੈ।[26] ਗੀਤਾ ਵਿਚ ਵੀ ਸਾਤਵਿਕ ਕਰਮ ਕਰਨ ਤੇ ਬਲ ਦਿੱਤਾ ਗਿਆ ਹੈ।[27] ਬੁੱਧ ਮਤ ਵਿਚ ਵੀ ਪਹਿਲਾਂ ਸਦਾਚਾਰ ਦੇ ਨਿਯਮਾਂ ਦਾ ਪਾਲਣ ਕਰਨਾ ਜ਼ਰੂਰੀ ਸਮਝਿਆ ਜਾਂਦਾ ਹੈ। ਜੈਨ ਮੱਤ ਦਾ ਆਧਾਰ ਵੀ ਸਦਾਚਾਰ ਹੈ। ਲਗਭਗ ਸਭ ਧਾਰਮਿਕ ਗ੍ਰੰਥਾਂ ਵਿਚ ਨੈਤਿਕ ਕਰਮਾਂ-ਸੁਕਰਮਾਂ ਨੂੰ ਮਹੱਤਵ ਪ੍ਰਦਾਨ ਕੀਤਾ ਗਿਆ ਹੈ।

ਗੁਰੂ ਰਵਿਦਾਸ ਜੀ ਨੇ ਵੀ ਸਦਾਚਾਰ ਦੇ ਵਿਕਾਸ ਲਈ ਜੀਵਨ-ਮੁੱਲਾਂ ਨੂੰ ਪਹਿਚਾਨਣ ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਮਨੁੱਖਤਾ ਨੂੰ ਨੇਕ ਕਮਾਈ ਕਰਨ, ਸੱਚ ਬੋਲਣ, ਨਿਮਰਤਾ ਧਾਰਨ ਕਰਨ, ਸਹਿਜ ਅਵਸਥਾ ਵਿਚ ਰਹਿਣਾ, ਹਥੀਂ ਕਿਰਤ-ਸੇਵਾ ਕਰਨਾ, ਹਲੀਮੀ, ਦਯਾ, ਤਰਸ ਅਤੇ ਪਰਉਪਕਾਰ ਦੀ ਭਾਵਨਾ ਧਾਰਨ ਕਰਨ ਦੀ ਪ੍ਰੇਰਨਾ ਦਿੱਤੀ ਅਤੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਕਪਟ, ਤ੍ਰਿਸ਼ਨਾ, ਨਿੰਦਿਆ, ਹਿੰਸਾ, ਘ੍ਰਿਣਾ, ਕੰਜੂਸੀ ਆਦਿ ਤੋਂ ਦੂਰ ਰਹਿਣ ਦੀ ਸਿਖਿਆ ਦਿਤੀ।

(1) ਕਾਮ ਕ੍ਰੋਧ ਮਾਇਆ ਮਦ ਮਤਸਰ,
ਇਨ ਪੰਚਹੁ ਮਿਲਿ ਲੂਟੈ।[28]

(2) ਸਾਧ ਕਾ ਨਿੰਦਕੁ ਕੈਸੇ ਤਰੈ,
ਸਰ ਪਰ ਜਾਨਹੁ ਨਰਕ ਹੀ ਪਰੈ।[29]

(3) ਗਨਿਕਾ ਭੀ ਕਿਸ ਕਰਮਾ ਜੋਗ, ਪਰ ਪੁਰਸੂਨ ਸੋ ਰਮਤੀ ਭੋਗ
ਨਿਸਿ ਵਾਸਰ ਦੁਸ ਕਰਮ ਕਮਾਈ ਰਾਮ ਕਹਤ ਬੈਕੁੰਠੇ ਜਾਈ।[30]

ਗੁਰੂ ਰਵਿਦਾਸ ਜੀ ਅਨੁਸਾਰ ਮਨੁੱਖ ਨੂੰ ਕਰਮ, ਅਕਰਮ ਵਿਚਾਰਨੇ ਚਾਹੀਦੇ ਹਨ ਉਨ੍ਹਾਂ ਅਨੁਸਾਰ ਪਾਪ ਅਤੇ ਪੁੰਨ ਦੋਵੇਂ ਮਾਇਆ ਦੇ ਰੂਪ ਹਨ। ਪਾਪ ਦੇ ਨਾਲ ਪੁੰਨ ਵੀ ਮਨੁੱਖ ਨੂੰ ਬੰਧਨ ਵਿਚ ਬੰਨ੍ਹਦੇ ਹਨ। ਇਸ ਲਈ ਉਹ ਅਕਰਮਾਂ ਜਾਂ ਕੁਕਰਮਾਂ ਦਾ ਤਿਆਗ ਕਰਕੇ ਪ੍ਰਭੂ ਦੇ ਨਾਮ ਰੂਪੀ ਵਣਜ ਨੂੰ ਕਰਮ-ਸਾਧਨਾ ਦੁਆਰਾ ਕਰਕੇ ਹੀ ਅੰਤਿਮ ਪਦ ਨੂੰ ਪ੍ਰਾਪਤ ਕਰ ਸਕਦਾ ਹੈ। ਸਦਾਚਾਰ ਹੀ ਕਰਮ-ਸਾਧਨਾ ਹੈ। ਗੀਤਾ ਵਿਚ ਵੀ ਅਜਿਹਾ ਵਿਚਾਰ ਅੰਕਿਤ ਹੈ। ਕ੍ਰਿਸ਼ਨ ਜੀ ਨੇ ਕਿਹਾ ਬੁਧੀ ਯੁਕਤ ਮਨੁੱਖ ਪਾਪ ਅਤੇ ਪੁੰਨ ਦੋਵਾਂ ਦਾ ਪਰਿਤਿਆਗ ਕਰ ਦਿੰਦਾ ਹੈ। ਇਹ ਹੀ ਕਰਮਯੋਗ ਹੈ।"[31] ਗੁਰੂ ਜੀ ਵੀ ਉਪਰੋਕਤ ਭਾਵ ਨਾਲ ਸਹਿਮਤ ਹਨ:

ਜਪ ਤਪ ਬਿਧੀ ਨਿਸੇਧ ਕਰੁੰਨਾ ਮੈਂ,
ਪਾਪ ਪੁੰਨ ਦੋਊ ਮਾਇਆ[32]

## 2.3.3. ਕਰਮ ਕਾਂਡ ਦਾ ਵਿਰੋਧ

ਗੁਰਬਾਣੀ ਵਿਚ ਭਗਤੀ ਨੂੰ ਸਰਵੋਤਮ ਕਰਮ ਕਿਹਾ ਗਿਆ ਹੈ। ਵੈਦਿਕ ਭਗਤੀ ਯੱਗ, ਉਪਾਸਨਾ ਆਦਿ ਕਰਮਾਂ ਤੋਂ ਸ਼ੁਰੂ ਹੋਈ ਹੌਲੀ ਹੌਲੀ ਇਹ ਕਰਮਕਾਂਡਾਂ ਨਾਲ ਬੋਝਲ ਹੋਣ ਲਗੀ। ਇਸ ਵਿਚ ਕਈ ਰਿਣਾਤਮਕ ਤੱਤ ਜਮ੍ਹਾਂ ਹੋਣ ਲਗੇ। ਮੰਨੂ ਸਿਮ੍ਰਤੀ ਅਨੁਸਾਰ ਇਹ ਕਰਮ ਸਨ - ਵੇਦ ਪੜ੍ਹਣੇ ਪੜ੍ਹਾਉਣੇ, ਯੱਗ ਕਰਨਾ ਕਰਾਉਣਾ, ਦਾਨ ਲੈਣਾ ਅਤੇ ਦਾਨ ਦੇਣਾ ਆਦਿ। ਪਰਾਸ਼ਰ ਰਿਖੀ ਅਨੁਸਾਰ ਛੇ ਕਰਮ - ਸੰਧਿਆ, ਇਸ਼ਨਾਨ, ਜਪ-ਤਪ, ਤੀਰਥ ਯਾਤ੍ਰਾ, ਸੰਨਿਆਸ, ਦੇਵ ਪੂਜਾ ਅਤੇ ਮੰਤ੍ਰ ਸਾਧਨਾ ਆਦਿ ਸੀ। ਗੁਰੂ ਰਵਿਦਾਸ ਜੀ ਅਨੁਸਾਰ ਅਜਿਹੇ ਕਰਮ ਕਾਂਡਾਂ ਨਾਲ ਲੱਦੀ ਭਗਤੀ ਨਾਲ ਪ੍ਰਭੂ ਦੀ ਪ੍ਰਾਪਤੀ ਨਹੀਂ ਹੋ ਸਕਦੀ ਕਿਉਂਕਿ ਇਹ ਸਾਧਕ ਨੂੰ ਵਿਧੀ-ਵਿਧਾਨ ਦੇ ਚੱਕਰ ਵਿਚ ਪਾਈ ਰਖਦੇ ਹਨ। ਭਗਤੀ ਤੋਂ ਬਿਨਾਂ ਇਹ ਕਰਮ-ਰੀਤੀਆਂ ਬੇਅਰਥ ਹਨ। ਗੁਰੂ ਜੀ ਲਿਖਦੇ ਹਨ ਕਿ:

(1) ਖਟੁ ਕਰਮ ਕੁਲ ਸੰਜੁਗਤੁ ਹੈ। ਹਰਿ ਭਗਤਿ ਹਿਰਦੈ ਨਾਹਿ।
ਚਰਨਾਰ ਬਿੰਦ ਨ ਕਥਾ ਭਾਵੈ ਸੁਪਚ ਤੁਲਿ ਸਮਾਨਿ।[33]

(2) ਢੂੰਢੈ ਕੋਈ ਖਟ ਸਾਸ਼ਤ੍ਰਨ ਮਹਿ ਕਿੰਧੂ ਕੋਊ ਵੈਦ ਵਖਾਨੈ
ਕਹਿ ਰਵਿਦਾਸ ਮਿਲਓ ਗੁਰ ਪੂਰੋ, ਜਿਹਿ ਅੰਤਰ ਹਰਿ ਮਿਲਾਨੈ।[34]

ਗੁਰੂ ਜੀ ਨੇ ਮੂਰਤੀ ਪੂਜਾ ਦਾ ਵੀ ਖੰਡਨ ਕੀਤਾ। ਇਸ ਤੱਥ ਨੂੰ ਉਨ੍ਹਾਂ ਨੇ ਵਿਗਿਆਨਿਕ ਵਿਧੀ ਨਾਲ ਵਰਣਨ ਕੀਤਾ ਹੈ। ਉਹ ਲਿਖਦੇ ਹਨ ਜੇਕਰ ਮੂਰਤੀ ਵਿਚ ਹੀ ਪਰਮਾਤਮਾ ਵਸਦਾ ਹੈ ਤਾਂ ਇਸਨੂੰ ਪ੍ਰਭੂ ਦੀ ਸ਼ਕਤੀ ਸਮਰੱਥ ਹੋਣ ਕਾਰਨ ਪਾਣੀ ਵਿਚ ਤੈਰਨਾ ਚਾਹੀਦਾ ਹੈ ਪਰੰਤੂ ਇਹ ਤਾਂ ਪਾਣੀ ਵਿਚ ਰਖਦਿਆਂ ਸਾਰ ਹੀ ਡੁੱਬ ਜਾਂਦੀ ਹੈ। ਇਸ ਕਰਕੇ ਗੁਰੂ ਜੀ ਅਨੁਸਾਰ ਮੂਰਤੀ-ਪੂਜਾ ਵੀ ਕਰਮਕਾਂਡੀ ਭਗਤੀ ਹੈ। ਇਸ ਲਈ ਇਸ ਨਾਲ ਪ੍ਰਭੂ ਪ੍ਰਾਪਤੀ ਨਹੀਂ ਹੋ ਸਕਦੀ।

ਪਾਤੀ ਤੋੜੇ ਪੂਜਿ ਰਚਾਵੈਂ ਤਾਰਨ ਤਿਰਨ ਕਹੈਂ ਰੇ।
ਮੂਰਤਿ ਮਾਹਿ ਬਸੇ ਪਰਮੇਸੁਰ ਤੋ ਪਾਨੀ ਮਾਹਿ ਤਿਰੈ ਰੇ।[35]

ਉਪਰੋਕਤ ਤੱਥ ਦੀ ਪ੍ਰੋੜਤਾ ਲਈ ਗੁਰੂ ਜੀ ਇਕ ਹੋਰ ਸ਼ਬਦ ਵਿਚ ਵਰਣਨ ਕਰਦੇ ਹਨ ਕਿ ਉਹ ਪਰਮਾਤਮਾ, ਜੋ ਬ੍ਰਹਿਮੰਡ ਦੇ ਕਣ-ਕਣ ਵਿਚ ਵਿਆਪਕ ਹੈ, ਜਿਸਦਾ ਵਿਸ਼ਾਲ ਅਤੇ ਵਿਰਾਟ ਸਰੂਪ ਹੈ, ਉਹ ਮੂਰਤੀ ਵਿਚ ਕਿਵੇਂ ਸਮਾ ਸਕਦਾ ਹੈ?

ਚਰਨ ਪਤਾਰਿ ਸੀਸ ਅਸਮਾਨਾ, ਸੋ ਠਾਕੁਰ ਕੈਸੇ ਸੰਪਟਿ ਸਮਾਨਾ।[36]

ਸੰਤ-ਕਾਲ ਵਿਚ ਵੀ ਬ੍ਰਾਹਮਣ ਕਰਮਕਾਂਡੀ ਪੂਜਾ ਕਰਦੇ ਸਨ ਅਤੇ ਇਸ ਦਾ ਹੀ ਪ੍ਰਚਾਰ ਕਰਦੇ ਸਨ। ਇਹ ਪੂਜਾ ਦੁਧ, ਫਲ, ਪਾਣੀ, ਚੰਦਨ, ਧੂਪ ਦੀਪ ਅਤੇ ਹੋਰ ਵਸਤਾਂ ਦੀ ਭਗਵਾਨ ਦੀ ਮੂਰਤੀ ਸਾਹਮਣੇ ਭੇਟਾ ਨਾਲ ਕੀਤੀ ਜਾਂਦੀ ਸੀ। ਇਹ ਪੂਜਾ ਅਜ ਦੇ ਯੁਗ ਵਿਚ ਵੀ ਪ੍ਰਚਲਿਤ ਹੈ ਕਿਉਂਕਿ ਕੋਈ ਵੀ ਧਾਰਮਿਕ ਸੰਪ੍ਰਦਾਇ ਆਪਣੇ ਵਿਰਸੇ ਨੂੰ ਸਹਿਜੇ ਹੀ ਨਹੀਂ ਛੱਡ ਸਕਦੀ। ਧਾਰਮਿਕ ਗ੍ਰੰਥਾਂ ਵਿਚ ਚਾਹੇ ਕੁਝ ਵੀ ਲਿਖਿਆ ਹੋਵੇ ਸ਼ਰਧਾਲੂ ਇਸ ਨੂੰ ਆਪਣੇ ਹੀ ਰੰਗ ਵਿਚ ਰੰਗ ਲੈਂਦੇ ਹਨ। ਇਸ ਤਰ੍ਹਾਂ ਸਮੇਂ ਦੇ ਪ੍ਰਵਾਹ ਨਾਲ ਵਿਧੀ ਵਿਧਾਨਾਂ ਵਿਚ ਹੋਰ ਵਾਧਾ ਕਰ ਲੈਂਦੇ ਹਨ। ਗੁਰੂ ਜੀ ਅਨੁਸਾਰ ਬ੍ਰਾਹਮਣਾਂ ਦੀ ਕਰਮਕਾਂਡੀ ਪੂਜਾ ਨਾਲ ਉਸ ਪਵਿੱਤਰ ਪ੍ਰਭੂ ਦੇ ਸਰੂਪ ਨੂੰ ਪਾਇਆ ਨਹੀਂ ਜਾ ਸਕਦਾ ਕਿਉਂਕਿ ਸ਼ੁੱਧ ਦੀ ਪ੍ਰਾਪਤੀ ਲਈ ਸੁਧਤਾ ਦੀ

ਜ਼ਰੂਰਤ ਹੈ। ਉਹ ਇਸ ਤੱਥ ਨੂੰ ਦਲੀਲਾਂ ਨਾਲ ਸਮਝਾਉਂਦੇ ਹਨ ਕਿ ਭੇਟਾਂ ਦੀ ਉਹ ਸਾਮਗਰੀ ਜਿਸ ਦਾ ਠਾਕਰਾਂ ਨੂੰ ਭੋਗ ਲਗਾਇਆ ਜਾਂਦਾ ਹੈ, ਉਹ ਸੁੱਚੀ ਨਹੀਂ ਹੁੰਦੀ। ਦੁੱਧ ਨੂੰ ਵੱਛੇ ਨੇ ਜੂਠਾ ਕੀਤਾ ਹੁੰਦਾ ਹੈ। ਫੁੱਲ ਨੂੰ ਭੰਵਰੇ ਨੇ, ਪਾਣੀ ਨੂੰ ਮੱਛੀ ਨੇ, ਚੰਦਨ ਨੂੰ ਸੱਪਾਂ ਨੇ, ਧੂਪ-ਦੀਪ ਨੂੰ ਸੁੰਘਿਆ ਅਤੇ ਵੇਖਿਆ ਹੁੰਦਾ ਹੈ। ਇਸ ਪੂਜਾ ਸਾਮੱਗਰੀ ਨਾਲ ਸਤਿ-ਸਰੂਪ ਦੀ ਪੂਜਾ ਕਿਵੇਂ ਹੋ ਸਕਦੀ ਹੈ? ਅਸਲੀ ਪੂਜਾ ਵਸਤੂ ਦੇ ਚੜ੍ਹਾਵੇ ਵਿਚ ਨਹੀਂ ਸਗੋਂ ਇਹ ਤਾਂ ਭਾਵਨਾ ਹੈ। ਇਥੇ ਸ੍ਰੀ ਹਰਿਭਾਊ ਉਪਾਧਿਆਇ ਦਾ ਵਿਚਾਰ ਉਲੇਖਣਯੋਗ ਹੈ। ਉਹ ਲਿਖਦੇ ਹਨ "ਕਿ ਈਸ਼੍ਵਰ ਰੂਪੀ ਅਨੰਤ ਚੈਤੰਨਯ-ਸਮੁੰਦਰ ਵਿਚ ਸਭ ਭਾਵਾਂ ਦਾ ਨਿਵਾਸ ਹੈ। ਅਸੀਂ ਜਿਸ ਭਾਵ ਨਾਲ ਉਸ ਨੂੰ ਪੁਕਾਰਦੇ ਹਾਂ ਉਸੇ ਭਾਵ ਦੇ ਅੰਦੋਲਨ ਦੁਆਰਾ ਉਸਦੀ ਤਰਫੋਂ ਅਨੁਕੂਲ ਉਤਰ ਮਿਲਦਾ ਹੈ। ਇਹ ਹੀ ਪ੍ਰਾਰਥਨਾ ਦਾ ਤੱਤ ਜਾਂ ਭਗਤੀ ਦਾ ਰਹੱਸ ਹੈ। ... ਸਾਡੀ ਭਾਵਨਾ ਜਿੰਨੀ ਉਚੀ ਤੇ ਸੁਧ ਹੋਵੇਗੀ ਉਨੀ ਹੀ ਉਹ ਪ੍ਰਬਲ ਹੋਵੇਗੀ ਉਸ ਨਾਲ ਅਧਿਕ ਸਫ਼ਲ ਹੋਣ ਦੀ ਸੰਭਾਵਨਾ ਰਹੇਗੀ।"[37] ਇਸ ਤਰ੍ਹਾਂ ਗੁਰੂ ਰਵਿਦਾਸ ਜੀ ਅਨੁਸਾਰ ਕਰਮਕਾਂਡੀ ਪੂਜਾ ਦੀ ਥਾਂ ਸੁਧ ਤਨ, ਮਨ ਦੇ ਅਰਪਣ ਨਾਲ ਹੀ ਪ੍ਰਭੂ ਪ੍ਰਾਪਤੀ ਹੋ ਸਕਦੀ ਹੈ। ਉਹ ਲਿਖਦੇ ਹਨ:

ਦੂਧੁ ਤ ਬਛਰੈ ਥਨਹੁ ਬਿਟਾਰਿਓ, ਫੂਲ ਭਵਰਿ ਜਲ ਮੀਨ ਬਿਗਾਰਿਓ।
ਮਾਈ ਗੋਵਿੰਦ ਪੂਜਾ ਕਹਾ ਲੈ ਚਰਾਵਉ ਅਵਰੁ ਨ ਫੂਲੁ ਅਨੂਪੁ ਨ ਪਾਵਉ।
ਮੈਲਾਗਰ ਬੇਰ੍ਹੇ ਹੈ ਭੁਇਅੰਗ, ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ।
ਧੂਪ ਦੀਪ ਨਈਬੇਦਹਿ ਬਾਸਾ, ਕੈਸੇ ਪੂਜ ਕਰਹਿ ਤੇਰੀ ਦਾਸਾ।
ਤਨੁ ਮਨੁ ਅਰਪਉ ਪੂਜ ਚਰਾਵਉ, ਗੁਰ ਪਰਸਾਦਿ ਨਿਰੰਜਨੁ ਪਾਵਉ।[38]

ਗੁਰੂ ਰਵਿਦਾਸ ਜੀ ਅਨੁਸਾਰ ਕਰਮਕਾਂਡੀ ਪੂਜਾ ਕਰਨ ਨਾਲ ਜੀਵ ਪ੍ਰਭੂ ਨਾਲ ਇਕਮਿਕਤਾ ਪ੍ਰਾਪਤ ਨਹੀਂ ਕਰ ਸਕਦਾ। ਕਿਉਂਕਿ ਕਰਮਕਾਂਡ ਤਾਂ ਹੰਕਾਰ ਦਾ ਕਾਰਨ ਬਣਦੇ ਹਨ, ਹਉਮੈ ਭਗਤੀ ਦੇ ਰਾਹ ਵਿਚ ਰੋੜਾ ਹੈ, ਇਸ ਲਈ ਹੰਕਾਰ ਅਤੇ ਹਉਮੈਂ ਦੀ ਭਾਵਨਾ ਵਿਚ ਪ੍ਰਭੂ ਪ੍ਰਾਪਤੀ ਕਿਵੇਂ ਹੋ ਸਕਦੀ ਹੈ:

ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ।
ਗਿਆਨੀ ਗੁਨੀ ਸੂਰ ਹਮ ਦਾਤੇ ਇਹੁ ਬੁਧੀ ਕਬਹਿ ਨਾ ਨਾਸੀ।[39]

ਗੁਰੂ ਜੀ ਨੇ ਬਾਣੀ ਵਿਚ ਕਰਮਕਾਂਡੀ ਕਰਮ-ਮਾਰਗ ਦਾ ਖੰਡਨ ਬਹੁਤ ਹੀ ਸੁੰਦਰ ਢੰਗ ਨਾਲ ਦਲੀਲਾਂ ਦੇ ਕੇ ਵਿਗਿਆਨਕ ਵਿਧੀ ਦਾ ਪ੍ਰਯੋਗ ਕਰਕੇ, ਕੀਤਾ ਹੈ। ਉਨ੍ਹਾਂ ਨੇ ਕੇਵਲ ਖੰਡਨ ਹੀ ਨਹੀਂ ਕੀਤਾ, ਇਸ ਦਾ ਮੰਡਨ ਵੀ ਕੀਤਾ ਹੈ। ਉਨ੍ਹਾਂ ਨੇ 'ਆਰਤੀ' ਸ਼ਬਦ ਵਿਚ ਜਿਥੇ ਪੁਰਾਤਨ ਵਿਧੀ ਨਾਲ ਕੀਤੀ ਜਾਂਦੀ ਆਰਤੀ ਦੀ ਤਸਵੀਰ ਉਲੀਕੀ ਹੈ ਉਥੇ ਨਾਲ ਹੀ ਅਸਲ ਆਰਤੀ ਜੋ ਹਰ ਇਨਸਾਨ ਨੂੰ ਕਰਨੀ ਚਾਹੀਦੀ ਹੈ, ਉਸ ਦਾ ਵਰਣਨ ਕੀਤਾ ਹੈ। ਇਸ ਤਰ੍ਹਾਂ ਗੁਰੂ ਜੀ ਅਨੁਸਾਰ ਪ੍ਰਭੂ ਦਾ ਨਾਮ ਹੀ ਸਭ ਕੁਝ ਹੈ ਅਤੇ ਆਰਤੀ ਦੀ ਸਮੁੱਚੀ ਸਾਮੱਗਰੀ ਹੀ ਨਾਮ ਹੈ। ਇਸ ਤਰ੍ਹਾਂ ਉਨ੍ਹਾਂ ਅਨੁਸਾਰ ਸਭ ਤੋਂ ਉਤਮ ਕਿਰਿਆ ਨਾਮ ਹੀ ਹੈ। ਉਹ ਲਿਖਦੇ ਹਨ:

ਨਾਮ ਤੇਰੋ ਆਰਤੀ ਮਜਨੁ ਮੁਰਾਰੇ

... ...

ਨਾਮ ਤੇਰੋ ਆਸਨੋ ਨਾਮੁ ਤੇਰੋ ਉਰਸਾ
ਨਾਮ ਤੇਰੋ ਕੇਸਰੋ ਲੈ ਛਿਟਕਾਰੇ
ਨਾਮ ਤੇਰਾ ਅੰਭੁਲਾ ਨਾਮੁ ਤੇਰੋ ਚੰਦਨੋ
ਘਸਿ ਜਪੈ ਨਾਮੁ ਲੇ ਤੁਝਹਿ ਕਉ ਚਾਰੇ।[40]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਜੀ ਨੇ ਕਰਮ-ਮਾਰਗ ਦੀ ਨਿਖੇਧੀ ਨਹੀਂ ਕੀਤੀ ਉਹ ਤਾਂ ਕੇਵਲ ਕਰਮਕਾਂਡੀ ਪੂਜਾ ਜਾਂ ਉਪਾਸ਼ਨਾ ਵਿਧੀਆਂ ਦਾ ਖੰਡਨ ਕਰਦੇ ਹਨ। ਉਨ੍ਹਾਂ ਅਨੁਸਾਰ ਮਨੁੱਖ ਨੂੰ ਸਤਿ ਕਰਮ ਕਰਨੇ ਚਾਹੀਦੇ ਹਨ। ਮਨੁੱਖ ਦੀ ਪ੍ਰਕ੍ਰਿਤੀ ਹੀ ਕਰਮ ਕਰਨ ਦੀ ਹੈ। ਉਨ੍ਹਾਂ ਅਨੁਸਾਰ ਗਿਆਨ ਪ੍ਰਾਪਤੀ ਲਈ ਮਨੁੱਖ ਨੂੰ ਕਰਮ ਕਰਨੇ ਪੈਂਦੇ ਹਨ। ਬਾਦ ਵਿਚ ਕਰਮ ਪੂਜਾ ਆਦਿ ਦੀ ਜ਼ਰੂਰਤ ਨਹੀਂ ਰਹਿੰਦੀ। ਇਸ ਤਰ੍ਹਾਂ ਗੁਰੂ ਜੀ ਅਨੁਸਾਰ ਕਰਮ ਮਾਰਗ ਭਗਤੀ-ਸਾਧਨਾ ਦੀ ਆਰੰਭਿਕ ਅਵਸਥਾ ਹੈ। ਇਹ ਭਗਤੀ ਦੀ ਮੰਜਿਲ ਤੇ ਪਹੁੰਚਣ ਲਈ ਪਉੜੀ ਹੈ। ਇਸ ਤਰ੍ਹਾਂ ਕਰਮ ਭਗਤੀ ਦਾ ਜ਼ਰੂਰੀ ਅੰਗ ਹਨ। ਗੁਰੂ ਜੀ ਦਾ ਨਿਮਨ ਲਿਖਤ ਸ਼ਬਦ ਕਰਮ ਦਾ ਭਗਤੀ ਨਾਲ ਜੋ ਸੁਮੇਲ ਹੈ ਜਾਂ ਸੰਬੰਧ ਹੈ ਉਸ ਨੂੰ ਸਪਸ਼ਟ ਕਰਦਾ ਹੈ:

ਫਲ ਕਾਰਨ ਫੂਲੀ ਬਨਰਾਇ। ਫਲੁ ਲਾਗਾ ਤਬ ਫੂਲੁ ਬਿਲਾਇ॥
ਗਿਆਨੈ ਕਾਰਨ ਕਰਮ ਅਭਿਆਸੁ॥

ਗਿਆਨ ਭਇਆ ਤਹ ਕਰਮਹ ਨਾਸੁ॥3॥
ਘ੍ਰਿਤ ਕਾਰਨ ਦਧਿ ਮਥੈ ਸਇਆਨ॥ ਜੀਵਨ ਮੁਕਤ ਸਦਾ ਨਿਰਬਾਨ॥
ਕਹਿ ਰਵਿਦਾਸ ਪਰਮ ਬੈਰਾਗ॥ ਰਿਦੈ ਰਾਮੁ ਕੀ ਨ ਜਪਸਿ ਅਭਾਗ॥4॥ [41]

2.3.4. ਨਿਸ਼ਕਾਮ ਕਰਮ

ਗੁਰੂ ਰਵਿਦਾਸ ਜੀ ਨੇ ਜਿਥੇ ਪ੍ਰਚਲਿਤ ਫੋਕਟ ਉਪਾਸਨਾ ਵਿਧੀਆਂ ਦੀ ਨਿਰਾਰਥਿਕਤਾ ਸਿੱਧ ਕੀਤੀ ਅਤੇ ਸਤਿਕਰਮ ਕਰਨ ਦਾ ਉਪਦੇਸ਼ ਦਿੱਤਾ ਉਥੇ ਜੀਵਨ ਦੇ ਸਭ ਕਰਮਾਂ ਨੂੰ ਨਿਸ਼ਕਾਮ ਭਾਵ ਨਾਲ ਕਰਨ ਦੀ ਪ੍ਰੇਰਨਾ ਦਿੱਤੀ। ਗੀਤਾ ਵਿਚ ਵੀ ਕ੍ਰਿਸ਼ਨ ਜੀ ਨਿਸ਼ਕਾਮ ਕਰਮ ਕਰਨ ਦਾ ਉਪਦੇਸ਼ ਦਿੰਦੇ ਹਨ। ਇਸ ਦੇ ਅਨੁਸਾਰ ਕਰਮ ਕਰਤੱਵ ਸਮਝਕੇ ਕਰਨੇ ਚਾਹੀਦੇ ਹਨ। ਉਹ ਲਿਖਦੇ ਹਨ ਕਿ ਜੋ ਦਾਨ ਆਦਿ ਕਰਤੱਵ ਸਮਝ ਕੇ ਕੀਤਾ ਜਾਂਦਾ ਹੈ ਉਹ ਹੀ ਸਾਤਵਿਕ ਹੈ। [42]

ਗੁਰੂ ਰਵਿਦਾਸ ਬਾਣੀ ਵਿਚ ਵੀ ਨਿਸ਼ਕਾਮ ਕਰਮ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ। ਉਨ੍ਹਾਂ ਦਾ ਆਪਣਾ ਜੀਵਨ ਵੀ ਨਿਸ਼ਕਾਮ ਕਰਮ ਲਈ ਸੀ। ਇਸ ਲਈ ਉਨ੍ਹਾਂ ਨੂੰ ਕੇਵਲ ਨਿਸ਼ਕਾਮ ਭਗਤ ਹੀ ਚੰਗਾ ਲਗਦਾ ਹੈ। ਉਨ੍ਹਾਂ ਅਨੁਸਾਰ ਜੋ ਆਪਣੇ ਫਰਜ਼ ਅਨੁਸਾਰ ਕਰਮ ਕਰਦਾ ਹੈ ਉਹ ਹੀ ਨਿਸ਼ਕਾਮ ਜੋਗੀ ਹੈ।

ਵਰਨ ਸਹਿਤ ਜੋ ਜਾਪੈ ਨਾਮੁ, ਸੋ ਜੋਗੀ ਕੇਵਲ ਨਿਹਕਾਮੁ॥ [43]

ਗੁਰੂ ਰਵਿਦਾਸ ਜੀ ਅਨੁਸਾਰ ਮਨੁਖ ਨੂੰ ਸਭ ਆਸ਼ਾਵਾਂ, ਕਾਮਨਾਵਾਂ ਛੱਡ ਕੇ ਭਗਤੀ ਕਰਨੀ ਚਾਹੀਦੀ ਹੈ। ਨਿਸ਼ਕਾਮ ਕਰਮ ਕਰਨੇ ਚਾਹੀਦੇ ਹਨ, ਤਾਂ ਹੀ ਉਸਨੂੰ ਸਤਿਸਰੂਪ ਦੀ ਪ੍ਰਾਪਤੀ ਹੋ ਸਕਦੀ ਹੈ।

(1) ਛੋਡੇ ਆਸ ਨਿਰਾਸ ਪਰਮਪਦ, ਤਬ ਸੁਖ ਸਤਿਕਰ ਹੋਈ।
ਕਹੈ ਰਵਿਦਾਸ ਜਾਸੂੰ ਅਉਰ ਕਹਤ ਹੈ, ਪਰਮ ਤੱਤ ਹੈ ਸੋਈ। [44]

(2) ਯਾ ਹੀ ਸੇ ਤੁਮ ਜੋਰਾ ਕਹਤ ਹੋ, ਜਬ ਲਗ ਆਸ ਕੀ ਪਾਸੀ
ਛੂਟੇ ਤਬ ਹੀ ਜਬ ਮਿਲੇ ਏਕ ਹੋ ਭਣੈ ਰਵਿਦਾਸ ਉਦਾਸੀ।[45]

ਨਿਸ਼ਕਾਮ ਕਰਮ ਕਰਨ ਵਾਲਾ ਮਨੁੱਖ ਸਮਬੁੱਧੀ ਨੂੰ ਪ੍ਰਾਪਤ ਹੁੰਦਾ ਹੈ। ਗੀਤਾ ਵਿਚ ਅਜਿਹੇ ਵਿਅਕਤੀ ਨੂੰ ਜਿਸ ਨੇ ਸਭ ਕਾਮਨਾਵਾਂ ਦਾ ਤਿਆਗ ਕਰ ਦਿਤਾ ਹੋਵੇ ਸਥਿਤਪ੍ਰਗ ਕਹਿੰਦੇ ਹਨ। ਅਜਿਹਾ ਵਿਅਕਤੀ ਸ਼ੁਭ ਅਤੇ ਅਸ਼ੁਭ ਨੂੰ ਪ੍ਰਾਪਤ ਹੋ ਕੇ ਨਾ ਹਰਸ਼ ਕਰਦਾ ਹੈ ਅਤੇ ਨਾ ਦਵੈਸ਼। ਉਸਦੀ ਬੁਧੀ ਸਥਿਰ ਹੋ ਜਾਂਦੀ ਹੈ।[46] ਭਗਤੀ ਲਈ ਸਥਿਰ ਬੁੱਧੀ ਬਹੁਤ ਜ਼ਰੂਰੀ ਹੈ। ਇਸ ਤਰ੍ਹਾਂ ਨਿਸ਼ਕਾਮ ਕਰਮ ਧਿਆਨ ਭਗਤੀ ਵਿਚ ਬਹੁਤ ਜ਼ਰੂਰੀ ਯੋਗ ਪ੍ਰਦਾਨ ਕਰਦੇ ਹਨ। ਗੁਰੂ ਜੀ ਇਸ ਗਲ ਵਿਚ ਵਿਸ਼ਵਾਸ਼ ਕਰਦੇ ਹਨ ਕਿ ਨਿਸ਼ਕਾਮ ਅਵਸਥਾ ਵਿਚ ਪਹੁੰਚ ਕੇ ਆਤਮਾ ਪਰਮਾਤਮਾ ਨਾਲ ਇਕਮਿਕਤਾ ਪ੍ਰਾਪਤ ਕਰ ਸਕਦੀ ਹੈ।

ਕਹੈ ਰਵਿਦਾਸ ਛੂਟੀ ਸਬ ਆਸ, ਤਬ ਹਰਿ ਤਾਹੀ ਕੇ ਪਾਸ।
ਆਤਮਾ ਥਿਰ ਭਈ ਤਬ, ਸਬ ਹੀ ਨਿਧਿ ਪਾਈ।[47]

ਆਤਮਾ ਥਿਰ ਹੋਣ ਨਾਲ ਮਨੁੱਖ ਸਮਭਾਵੀ ਬਣ ਜਾਂਦਾ ਹੈ। ਉਹ ਸਹਜ ਅਵਸਥਾ ਪ੍ਰਾਪਤ ਕਰ ਲੈਂਦਾ ਹੈ। ਇਹ ਅਵਸਥਾ ਕਰਮ ਲਕਸ਼ ਪ੍ਰਾਪਤੀ ਦੇ ਮਾਰਗ ਵਿਚ ਬਹੁਤ ਜ਼ਰੂਰੀ ਹੈ।

ਲੋਹਾ ਸਮਕਰ ਕੰਚਨ ਸਮਕਰ, ਭੇਦ ਅਭੇਦ ਸਮਾਵੈਗਾ
ਜੋ ਸੁਖ ਹੋਵੈ ਪਾਰਸ ਕੇ ਪਰਸੈ, ਸੋ ਸੁਖ ਕਾ ਕਹਿ ਗਾਵੈਗਾ
ਗੁਰ ਪ੍ਰਸਾਦ ਭਈ ਅਨਭੈ ਮਤਿ, ਵਿਸ਼ ਅੰਮ੍ਰਿਤ ਸਮ ਧਯਾਵੈਗਾ
ਕਹ "ਰਵਿਦਾਸ" ਮੇਟਿ ਆਪਾ ਪਰ, ਵਾ ਠੌਰਹਿ ਪਾਵੈਗਾ।[48]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਰਵਿਦਾਸ ਜੀ ਅਨੁਸਾਰ ਭਗਤੀ ਲਈ ਕਰਮ-ਮਾਰਗ ਦਾ ਵਿਸ਼ੇਸ਼ ਮਹਤਵ ਹੈ। ਅਸਲ ਵਿਚ ਭਗਤੀ ਮਾਰਗ ਕਰਮ ਮਾਰਗ ਤੋਂ ਹੀ ਸ਼ੁਰੂ ਹੁੰਦਾ ਹੈ। ਕਰਮ ਮਾਰਗ ਤੇ ਚਲ ਕੇ ਹੀ ਮਨੁੱਖ ਨੂੰ ਕਰਮ ਵਿਕਰਮ ਦੀ ਪਛਾਣ ਹੁੰਦੀ ਹੈ। ਨੈਤਿਕ ਕਰਮ ਮਨੁੱਖ ਨੂੰ ਆਤਮਿਕ ਸੁਧੀ ਪ੍ਰਦਾਨ ਕਰਦੇ ਹਨ, ਸਮਭਾਵੀ ਬਣਾਉਂਦੇ ਹਨ ਅਤੇ ਬੁਧੀ ਨੂੰ ਥਿਰ ਕਰਦੇ ਹਨ। ਅਜਿਹੀ ਸਥਿਤੀ ਪ੍ਰਾਪਤ ਕਰਨ ਤੋਂ ਬਾਦ ਹੀ ਮਨੁੱਖ ਦਾ ਧਿਆਨ ਭਗਤੀ ਵਿਚ

ਲਗਦਾ ਹੈ। ਸਹਜ ਅਵਸਥਾ ਪ੍ਰਾਪਤ ਕਰਨ ਲਈ ਗੁਰੂ ਜੀ ਨੇ ਨਿਸ਼ਕਾਮ ਯੋਗੀ ਬਣਨ ਲਈ ਆਖਿਆ ਹੈ। ਗੁਰੂ ਜੀ ਦੀ ਭਗਤੀ ਦੀ ਅਧਾਰਸ਼ਿਲਾ ਹੀ ਕਰਮ ਹਨ। ਉਨ੍ਹਾਂ ਨੇ ਨੈਤਿਕ ਜੀਵਨ ਦੇ ਕਰਮਾਂ ਨੂੰ ਬਹੁਤ ਮਹੱਤਵ ਦਿੱਤਾ ਹੈ। ਉਨ੍ਹਾਂ ਅਨੁਸਾਰ ਸਤਿ, ਸੰਤੋਖ, ਨਿਮਰਤਾ, ਦਇਆ, ਕਥਨੀ ਅਤੇ ਕਰਨੀ ਵਿਚ ਸੁਮੇਲ, ਪਰ-ਨਿੰਦਾ ਤਿਆਗ ਆਦਿ ਅਜਿਹੇ ਗੁਣ ਹਨ ਜਿਨ੍ਹਾਂ ਨਾਲ ਮਨੁੱਖ ਨੂੰ ਭਗਤੀ ਮਾਰਗ ਲਈ ਸੇਧ ਪ੍ਰਾਪਤ ਹੁੰਦੀ ਹੈ। ਇਸ ਲਈ ਉਹ ਕੁਕਰਮ ਛਡ ਕੇ ਹਰੀ ਦੀ ਸ਼ਰਨ ਵਿਚ ਜਾਣ ਦਾ ਉਪਦੇਸ਼ ਦਿੰਦੇ ਹਨ। ਉਨ੍ਹਾਂ ਅਨੁਸਾਰ ਸਭ ਤੋਂ ਉਤਮ ਕਰਮ ਪ੍ਰਭੂ ਸਿਮਰਨ ਹੈ। ਭਗਤੀ ਦੇ ਅੰਤਰਗਤ ਦਿਖਾਵੇ ਲਈ ਕੀਤੇ ਕਰਮ ਹੀ ਕਰਮਕਾਂਡੀ ਕਰਮ ਹਨ। ਉਨ੍ਹਾਂ ਅਨੁਸਾਰ ਮਾਲਾ ਪਹਿਨ, ਗਠੜੀ ਘਲੇੜੀ ਲਾ ਕੇ, ਇੰਦਰੀਆਂ ਬੰਨ੍ਹ ਕੇ, ਅਹਾਰ ਘਟਾ ਕੇ ਸਾਧੂ ਬਣ ਘੁੰਮਣਾ ਫਿਰਨਾ 'ਕਰਮ' ਹਨ, ਇਹ ਕਰਮਾ ਨੂੰ ਵਧਾਉਂਦੇ ਹਨ। ਉਹ ਸਪਸ਼ਟ ਲਿਖਦੇ ਹਨ:

ਭਗਤੀ ਨ ਇੰਦਰੀ ਬਾਂਧੇ, ਭਗਤੀ ਨਾ ਜੋਗ ਸਾਧੈ।
ਭਗਤਿ ਨਾ ਅਹਾਰ ਘਟਾਈ, ਏ ਸਬ ਕਰਮ ਕਹਾਈ।
ਭਗਤਿ ਨ ਤੌ ਲੇ ਜਾਮੀ, ਜੋ ਲੇ ਆਪ ਕੂੰ ਬਖਾਸੀ।
ਜੋਈ ਜੋਈ ਕਰੇ, ਸੋਈ ਸੋਈ ਕਰਮ ਬਡਾਈ।[49]

ਇਸ ਤਰ੍ਹਾਂ ਗੁਰੂ ਜੀ ਨੇ ਕਰਮਾਂ, ਕੁਕਰਮਾਂ, ਸਤਿ ਕਰਮ, ਨਿਸ਼ਕਾਮ ਕਰਮ, ਕਰਮਕਾਂਡੀ ਕਰਮ, ਨੈਤਿਕ ਕਰਮ, ਸੁਕ੍ਰਿਤ ਸੰਦਿਤ ਕਰਮਾਂ ਸੰਬੰਧੀ ਆਪਣੇ ਵਿਚਾਰ ਦਿੱਤੇ ਹਨ ਅਤੇ ਭਗਤੀ ਲਈ ਕਰਮ ਕਰਨਾ ਜ਼ਰੂਰੀ ਦਸਿਆ ਹੈ। ਗੁਰੂ ਜੀ ਕਰਮ ਭਰੇ ਜੀਵਨ ਨੂੰ ਵਧੇਰੇ ਮਹੱਤਵ ਦਿੰਦੇ ਸਨ। ਉਨ੍ਹਾਂ ਸੰਬੰਧੀ ਆਚਾਰਯ ਹਜ਼ਾਰੀ ਪ੍ਰਸ਼ਾਦ ਦਿਵੇਦੀ ਲਿਖਦੇ ਹਨ ਕਿ ਰਵਿਦਾਸ ਨੇ ਸੰਘਰਸ਼ ਭਰਿਆ ਜੀਵਨ ਬਤੀਤ ਕੀਤਾ ਸੀ ਅਤੇ ਕਰਮ ਭਰੇ ਜੀਵਨ ਨੂੰ ਹੀ ਮਹਾਨ ਪ੍ਰੇਮਿਕਾ ਦੇ ਚਰਨਾਂ ਵਿਚ ਵਾਰ ਦੇਣ ਦਾ ਰਾਹ ਤਿਆਰ ਕੀਤਾ ਸੀ। ਹੋਰਾਂ ਸੰਤਾਂ ਦੀ ਤੁਲਨਾ ਤੇ ਮਹਾਤਮਾ ਰਵਿਦਾਸ ਨੇ ਵਧੇਰੇ ਸਪਸ਼ਟ ਤੇ ਜ਼ੋਰਦਾਰ ਭਾਸ਼ਾ ਵਿਚ ਇਹ ਗਲ ਆਖੀ ਹੈ ਕਿ "ਕਰਮ ਹੀ ਧਰਮ" ਹੈ। ਉਨ੍ਹਾਂ ਦੀਆਂ ਬਾਣੀਆਂ ਤੋਂ ਸਪਸ਼ਟ ਹੁੰਦਾ ਹੈ ਕਿ ਭਾਗਵਤ-ਭਜਨ ਸਦਾਚਾਰ ਭਰਿਆ ਜੀਵਨ, ਘਮੰਡ ਰਹਿਤ ਵਿਰਤੀ ਅਤੇ ਸਭਨਾ ਦੀ ਭਲਾਈ ਲਈ ਕੀਤਾ ਜਾਣ ਵਾਲਾ ਕਰਮ, ਇਹੋ ਵਾਸਤਵਿਕ ਧਰਮ ਹਨ।"[50]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਰਵਿਦਾਸ ਬਾਣੀ ਵਿਚੋਂ ਕਰਮ-ਸਿਧਾਂਤ ਦੇ ਹਰ ਪੱਖ ਬਾਰੇ ਪੂਰਨ ਵਿਸਤਾਰ ਨਾਲ ਵਿਚਾਰ ਕੀਤਾ ਗਿਆ ਹੈ ਜਿਸ ਵਿਚ ਵੈਦਿਕ ਕਰਮਾਂ ਤੋਂ ਲੈ ਕੇ ਮਧਕਾਲੀਨ ਭਗਤੀ ਕਰਮਾਂ ਦਾ ਅੰਗ ਅੰਗ ਸਪਸ਼ਟ ਦ੍ਰਿਸ਼ਟੀਗਤ ਹੁੰਦਾ ਹੈ।

## 2.4. ਗਿਆਨ ਮਾਰਗ

ਜਦੋਂ ਤੋਂ ਸ੍ਰਿਸ਼ਟੀ ਦੀ ਉਤਪਤੀ ਹੋਈ, ਤਦੋਂ ਤੋਂ ਹੀ ਗਿਆਨ ਦੇ ਮਹੱਤਵ ਦੀ ਸਥਾਪਨਾ ਹੋਣੀ ਸ਼ੁਰੂ ਹੋ ਗਈ। ਗਿਆਨ ਸੰਬੰਧੀ ਸਭ ਤੋਂ ਪ੍ਰਾਚੀਨ ਗ੍ਰੰਥ ਵੇਦ ਹਨ। ਇਨ੍ਹਾਂ ਵਿਚ ਗਿਆਨ ਸਾਧਨਾ ਦਾ ਵਰਣਨ ਹੈ। ਵੇਦਾਂ ਵਿਚ ਦਸਿਆ ਹੈ ਕਿ ਆਤਮ ਗਿਆਨ ਨੂੰ ਪ੍ਰਾਪਤ ਕਰ ਮਨੁੱਖ ਮੌਤ ਤੇ ਵਿਜੈ ਪ੍ਰਾਪਤ ਕਰ ਸਕਦਾ ਹੈ।[1] ਰਿਗਵੇਦ ਵਿਚ ਸਾਧਕ ਨੇ ਅਭਯ-ਜੋਤੀ ਦੀ ਪ੍ਰਾਪਤੀ ਲਈ ਪ੍ਰਭੂ ਕ੍ਰਿਪਾ ਲਈ ਪ੍ਰਾਰਥਨਾ ਕੀਤੀ ਹੈ ਅਤੇ ਕਿਹਾ ਹੈ ਕਿ ਮੇਰਾ ਗਿਆਨ ਪਰਿਪੱਕ ਨਹੀਂ ਆਪ ਮਿਹਰ ਕਰੋ ਤਾਂ ਮੈਂ ਅਭਯ ਜੋਤਿ ਨੂੰ ਪ੍ਰਾਪਤ ਕਰ ਸਕਦਾ ਹਾਂ।[2] ਇਸ ਤੋਂ ਇਲਾਵਾ ਪਰਮਤਤ ਦੇ ਗਿਆਨ ਲਈ ਆਤਮ ਸਮਰਪਣ, ਹਉਮੈਂ ਦਾ ਤਿਆਗ ਆਦਿ ਦਾ ਵਰਣਨ ਹੈ। ਵੈਦਿਕ ਲੋਕਾਂ ਨੂੰ ਸੁਖ-ਦੁਖ, ਗਿਆਨ-ਅਗਿਆਨ, ਨਿਤਯ-ਅਨਿਤਯ, ਅਮਰ ਅਤੇ ਅਜਰ, ਲੋਕ-ਪ੍ਰਲੋਕ ਦਾ ਪੂਰਵ ਗਿਆਨ ਸੀ।

ਉਪਨਿਸ਼ਦਾਂ ਵਿਚ ਆਤਮ-ਗਿਆਨ ਨੂੰ ਪਰਮ ਲਕਸ਼ ਮੰਨ ਕੇ ਇਸ ਦਾ ਪ੍ਰਤੀਪਾਦਨ ਕੀਤਾ ਗਿਆ ਹੈ। ਇਸ ਨੂੰ ਅੰਮ੍ਰਿਤ ਅਤੇ ਸੇਤੂ ਕਿਹਾ ਗਿਆ ਹੈ।[3] ਉਸ ਨਿਤਯ ਵਸਤੂ ਦਾ ਗਿਆਨ ਪ੍ਰਾਪਤ ਕਰਨ ਲਈ ਬ੍ਰਹਮਨਿਸ਼ਠ ਗੁਰੂ ਕੋਲ ਜਾਣਾ ਚਾਹੀਦਾ ਹੈ।[4] ਮੁੰਡਕ ਉਪਨਿਸ਼ਦ ਵਿਚ ਦੋ ਤਰ੍ਹਾਂ ਦੀ ਵਿਦਿਆ ਦਾ ਵਰਣਨ ਹੈ: (1) ਪਰਾ ਵਿਦਿਆ (2) ਅਪਰਾ ਵਿਦਿਆ। ਅਪਰਾ ਦੇ ਅੰਤਰਗਤ ਵੇਦ, ਸਿਖਿਆ, ਨਿਰੁਕਤ ਆਦਿ ਦਾ ਗਿਆਨ ਆਉਂਦਾ ਹੈ। ਪਰਾ ਵਿਦਿਆ ਦੁਆਰਾ ਅਖਰ ਬ੍ਰਹਮ ਦਾ ਗਿਆਨ ਹੁੰਦਾ ਹੈ। ਪਰਾਵਿਦਿਆ ਨੂੰ ਸ੍ਰੇਸ਼ਠ ਸਮਝਿਆ ਜਾਂਦਾ ਹੈ।[5] ਇਸ ਤੋਂ ਇਲਾਵਾ ਉਪਨਿਸ਼ਦਾਂ ਵਿਚ ਆਤਮ ਗਿਆਨ ਦੀ ਅਨੁਭੂਤੀ-ਪ੍ਰਕਿਰਿਆ ਦਾ ਵੀ ਵਰਣਨ ਹੈ।

ਗੀਤਾ ਵਿਚ ਆਤਮ-ਗਿਆਨ ਦਾ ਮਹੱਤਵ ਦਸਦੇ ਸਮੇਂ ਇਸਨੂੰ ਪਰਮਤਤ ਅਤੇ ਜੀਵ ਦੀ ਏਕਾਤਮਕਤਾ ਦਾ ਸਾਧਨ ਕਿਹਾ ਗਿਆ ਹੈ। ਉਹ ਪਰਮਾਤਮਾ ਬੋਧ ਸਰੂਪ, ਜਾਨਣਯੋਗ ਅਤੇ ਤੱਤ-ਗਿਆਨ ਨਾਲ ਪ੍ਰਾਪਤ ਕਰਨਯੋਗ ਹੈ।[6] ਗੀਤਾ ਵਿਚ ਸਾਤਵਿਕ ਗਿਆਨ ਦਾ ਵੀ ਵਰਣਨ ਹੈ। ਜਿਸ ਗਿਆਨ ਨਾਲ ਮਨੁੱਖ ਅਲਗ-ਅਲਗ ਸਭ ਭੂਤਾਂ ਵਿਚ ਇਕ ਅਵਿਨਾਸ਼ੀ ਪਰਮਾਤਮ-ਭਾਵ ਨੂੰ ਵਿਭਾਗ ਰਹਿਤ ਸਮਭਾਵ ਨਾਲ ਸਥਿਤ ਦੇਖਦਾ ਹੈ, ਉਸ ਗਿਆਨ ਨੂੰ ਤੂੰ ਸਾਤਵਿਕ ਸਮਝ।

ਚਾਰਵਾਕ ਦਰਸ਼ਨ ਵਿਚ ਕੇਵਲ ਪ੍ਰਤੱਖ ਨੂੰ ਹੀ ਪ੍ਰਮਾਣ ਮੰਨਿਆ ਜਾਂਦਾ ਹੈ। ਅਨੁਮਾਨ, ਸ਼ਬਦ ਆਦਿ ਜਿੰਨੇ ਵੀ ਅਪ੍ਰਤੱਖ ਪ੍ਰਮਾਣ ਹਨ, ਸਭ ਭਰਮਮੂਲਕ ਹਨ। ਇਸ ਲਈ ਪ੍ਰਤੱਖ ਨਾਲ ਗਿਆਤ

ਵਸਤੂਆਂ ਤੋਂ ਇਲਾਵਾ ਕਿਸੇ ਵੀ ਵਸਤੂ ਦੀ ਹੋਂਦ ਨੂੰ ਨਹੀਂ ਮੰਨਿਆ ਜਾ ਸਕਦਾ।[7]

ਨਿਆਇ ਦਰਸ਼ਨ ਵਿਚ ਗਿਆਨ ਸੰਬੰਧੀ ਵਿਸਥਾਰਪੂਰਵਕ ਵਰਣਨ ਆਉਂਦਾ ਹੈ। ਇਸ ਮਤ ਅਨੁਸਾਰ ਜੀਵਾਤਮਾ ਗਿਆਨ ਰਹਿਤ ਹੁੰਦੀ ਹੈ। ਮਨ ਦੇ ਵਿਸ਼ੇਸ਼ ਸੰਯੋਗ ਨਾਲ ਉਸ ਵਿਚ ਗਿਆਨ ਉਤਪੰਨ ਹੁੰਦਾ ਹੈ। ਇਸ ਦਰਸ਼ਨ ਅਨੁਸਾਰ ਸ਼ਾਸਤਰਾਂ ਨੂੰ ਪੜ੍ਹ ਕੇ ਉਸ ਦੇ ਮਰਮ ਨੂੰ ਸਮਝਣ ਨਾਲ ਹੀ ਸਭ ਪਦਾਰਥਾਂ ਦਾ ਗਿਆਨ ਪ੍ਰਾਪਤ ਹੁੰਦਾ ਹੈ। ਪਦਾਰਥਾਂ ਦੇ ਵਿਭਿੰਨ ਪ੍ਰਕਾਰ ਦੇ ਦੋਸ਼ਾਂ ਨੂੰ ਦੇਖਕੇ ਸਾਧਕ ਸੰਸਾਰ ਵਿਚ ਵਿਰਕਤ ਹੋ ਕੇ ਮੋਖਸ਼ ਦੀ ਇੱਛਾ ਕਰਦਾ ਹੈ। ਗਿਆਨ ਮਾਰਗ ਮੋਖਸ਼ ਲਈ ਪੂਰਣ ਸਾਧਨ ਨਹੀਂ ਇਸ ਤੋਂ ਬਾਦ ਸਾਧਕ ਨੂੰ ਅਸ਼ਟਾਂਗ ਯੋਗ ਸਾਧਨਾ ਦਾ ਅਭਿਆਸ ਕਰਨਾ ਪੈਂਦਾ ਹੈ। ਨਿਆਇ ਸ਼ਾਸਤਰ ਵਿਚ ਗਿਆਨ ਜੀਵਾਤਮਾ ਦਾ ਵਿਸ਼ੇਸ਼ ਗੁਣ ਹੈ। ਇਹ ਗਿਆਨ ਦੋ ਪ੍ਰਕਾਰ ਦਾ ਹੈ - ਸਮਰਣ ਰੂਪ, ਅਨੁਭਵ ਰੂਪ।ਸਿਮ੍ਰਤੀ ਤੋਂ ਭਿੰਨ ਗਿਆਨ ਇੰਦਰੀਆਂ ਅਤੇ ਵਸਤੂ ਦੇ ਸੰਯੋਗ ਦੇ ਸਾਖਿਆਤ ਜਾਂ ਪਰੰਪਰਾ ਰੂਪ ਵਿਚ ਜੋ ਗਿਆਨ ਹੁੰਦਾ ਹੈ ਉਸਨੂੰ ਅਨੁਭਵ ਗਿਆਨ ਕਹਿੰਦੇ ਹਨ। ਇਸ ਨੂੰ ਯਥਾਰਥ ਗਿਆਨ ਵੀ ਕਿਹਾ ਜਾਂਦਾ ਹੈ। ਜੋ ਵਸਤੂ ਜਿਸ ਪ੍ਰਕਾਰ ਦੀ ਹੋਵੇ ਉਸਨੂੰ ਉਸ ਰੂਪ ਵਿਚ ਨਾ ਜਾਨਣਾ ਜਾਂ ਦੂਸਰੇ ਰੂਪ ਵਿਚ ਜਾਨਣਾ ਅਯਥਾਰਥ ਗਿਆਨ ਹੈ।

ਵੈਸ਼ੇਸ਼ਿਕ-ਦਰਸ਼ਨ ਵਿਚ "ਪ੍ਰਮੇਯਾਂ" ਦਾ ਵਿਸ਼ੇਸ਼ ਵਿਚਾਰ ਹੈ। ਇਸ ਮਤ ਅਨੁਸਾਰ ਜਗਤ ਸਮੂਹ ਦੀਆਂ ਸਭ ਵਸਤਾਂ ਸਤ ਪਦਾਰਥਾਂ ਵਿਚ ਵੰਡੀਆਂ ਜਾ ਸਕਦੀਆਂ ਹਨ। ਇਹ ਹਨ ਦ੍ਰਵਯ, ਗੁਣ,ਕਰਮ, ਸਾਮਾਨਯ, ਵਿਸ਼ੇਸ਼, ਸਮਵਾਯ (ਸੰਬੰਧ) ਅਤੇ ਅਭਾਵ। ਇਸ ਵਿਚ ਸਮੂਹ ਪਦਾਰਥਾਂ ਪ੍ਰਿਥਵੀ, ਜਲ, ਵਾਯੂ, ਆਕਾਸ਼ ਆਦਿ ਨੌ ਦ੍ਰਵਾਂ ਦਾ ਗਿਆਨ, ਵਸਤੂਆਂ ਦੇ ਗੁਣ- ਰੂਪ, ਰਸ, ਗੰਧ, ਸੰਯੋਗ, ਸਨੇਹ, ਸ਼ਬਦ, ਗਿਆਨ ... ਆਦਿ, ਪਦਾਰਥਾਂ ਵਿਚ ਹੋ ਰਹੀਆਂ ਕਿਰਿਆਵਾਂ, ਅਨੇਕਾਂ ਵਸਤੂਆਂ ਵਿਚ ਸਮਾਨਤਾਵਾਂ, ਵਿਸ਼ੇਸ਼ਤਾਵਾਂ, ਆਪਸੀ ਸੰਬੰਧ, ਵਸਤੂ ਦੀ ਅਣਹੋਂਦ ਕਾਰਨ ਉਤਪੰਨ ਅਭਾਵ ਅਤੇ ਉਸ ਦੇ ਕਾਰਨਾਂ ਦਾ ਵਰਣਨ ਹੈ। ਇਨ੍ਹਾਂ ਸਤ ਪਦਾਰਥਾਂ ਦਾ ਵਾਸਤਵਿਕ ਗਿਆਨ ਪ੍ਰਾਪਤ ਕਰਨ ਨਾਲ ਹੀ ਮੁਕਤੀ ਮਿਲਦੀ ਹੈ।

ਮੀਮਾਂਸਾ ਦਰਸ਼ਨ ਵੇਦਾਂ ਨੂੰ ਨਿਤਯ ਅਤੇ ਪ੍ਰਮਾਣ ਮੰਨਦਾ ਹੈ। ਇਨ੍ਹਾਂ ਦੇ ਮਤ ਵਿਚ ਇਕ ਮਾਤ੍ਰ ਪ੍ਰਮਾਣ ਵੇਦ ਹਨ ਜਿਸ ਨੂੰ ਸ਼ਬਦ ਪ੍ਰਮਾਣ ਜਾਂ ਆਗਮ ਵੀ ਕਹਿੰਦੇ ਹਨ। ਇਸ ਮਤ ਅਨੁਸਾਰ ਗਿਆਨ ਯਥਾਰਥ ਹੀ ਹੁੰਦਾ ਹੈ ਇਸ ਨੂੰ ਮਿਥਿਆ ਨਹੀਂ ਕਿਹਾ ਜਾ ਸਕਦਾ। ਪ੍ਰਭਾਕਰ ਮਤ ਅਨੁਸਾਰ ਰੱਸੀ ਵਿਚ ਸੱਪ ਦਾ ਜੋ ਭ੍ਰਾਂਤੀ ਗਿਆਨ ਕਿਹਾ ਜਾਂਦਾ ਹੈ ਅਸਲ ਵਿਚ ਯਥਾਰਥ ਗਿਆਨ ਹੈ।

ਇਸ ਮਤ ਅਨੁਸਾਰ ਭ੍ਰਾਂਤੀ ਅਤੇ ਗਿਆਨ ਦੋਵੇਂ ਇਕ ਦੂਜੇ ਦੇ ਵਿਰੁਧ ਹਨ ਅਤੇ ਇਹ ਦੋਵੇਂ ਗਿਆਨ ਭਿੰਨ ਹਨ। ਗਿਆਨ ਸਵਪ੍ਰਕਾਸ਼ ਹੋਣ ਕਾਰਨ ਹਮੇਸ਼ਾ ਹੀ ਯਥਾਰਥ ਹੁੰਦਾ ਹੈ।

ਸਾਂਖਯ ਦਰਸ਼ਨ ਅਨੁਸਾਰ ਪੁਰਸ਼ ਤ੍ਰੈਗੁਣਾਤੀਤ ਅਤੇ ਨਿਤਯ ਹੈ। ਅਵਿਦਿਆ ਵੀ ਨਿਤਯ ਹੈ। ਇਨ੍ਹਾਂ ਦੋਵਾਂ ਦਾ ਸੰਯੋਗ ਅਨਾਦਿ ਕਾਲ ਤੋਂ ਹੈ। ਪੁਰਸ਼ ਦਾ ਆਪਣੇ ਆਪ ਨੂੰ ਪਹਿਚਾਨਣਾ ਪ੍ਰਕ੍ਰਿਤੀ ਨੂੰ ਆਪਣੇ ਸਰੂਪ ਦਾ ਗਿਆਨ ਹੋ ਜਾਣਾ ਹੀ ਵਿਵੇਕ ਬੁਧੀ ਹੈ। ਇਹ ਹੀ ਮੁਕਤੀ ਹੈ।[8] ਬਲਦੇਵ ਉਪਾਧਿਆਇ ਅਨੁਸਾਰ ਯਥਾਰਥ ਗਿਆਨ ਦੀ ਉਤਪਤੀ ਤਿੰਨ ਵਸਤੂਆਂ ਦੇ ਉਪਰ ਨਿਰਭਰ ਰਹਿੰਦੀ ਹੈ - ਪ੍ਰਮਾਤਾ, ਪ੍ਰਮੇਯ ਅਤੇ ਪ੍ਰਮਾਣ। ਸਾਂਖਯ ਅਨੁਸਾਰ ਪ੍ਰਮਾਤਾ ਸੁਧ ਚੇਤਨ ਪੁਰਖ ਹੈ। ਬੁੱਧੀ ਵਿਚ ਜੋ ਵਿਰਤੀ ਉਤਪੰਨ ਹੁੰਦੀ ਹੈ ਉਹ ਪ੍ਰਮਾਣ ਹੈ ਅਤੇ ਪ੍ਰਮਾਣ ਦੇ ਦੁਆਰਾ ਜਿਸ ਵਸਤੂ ਦਾ ਗਿਆਨ ਪੁਰਸ਼ ਨੂੰ ਹੁੰਦਾ ਹੈ ਉਹ ਪ੍ਰਮੇਯ ਹੈ।[9]

ਯੋਗ ਦਰਸ਼ਨ ਵਿਚ ਗਿਆਨ ਦੇ ਦੋ ਭੇਦਾਂ ਦਾ ਉਲੇਖ ਹੈ - ਵਿਦਿਆ ਅਤੇ ਅਵਿਦਿਆ। ਆਤਮਾ ਦੇ ਨਿਤਯ, ਮੁਕਤ ਸੁਧ ਸਰੂਪ ਦਾ ਸਤਿ ਗਿਆਨ ਵਿਦਿਆ ਹੈ। ਅਨਿਤਯ, ਅਪਵਿੱਤਰ ਦੁਖ ਅਤੇ ਅਨਾਤਮ-ਪਦਾਰਥਾਂ ਨੂੰ ਨਿਤਯ ਪਵਿੱਤਰ, ਸੁਖ ਅਤੇ ਆਤਮਾ ਸਮਝ ਲੈਣਾ ਅਵਿਦਿਆ ਹੈ।

ਅਦਵੈਤ ਵੇਦਾਂਤ ਅਨੁਸਾਰ ਮਾਇਆ, ਅਵਿਦਿਆ ਅਤੇ ਮਿਥਿਆ ਗਿਆਨ ਦੇ ਕਾਰਨ ਹੀ ਆਤਮਾ ਆਪਣੇ ਸੁਧ ਸਰੂਪ ਨੂੰ ਭੁਲ ਜਾਂਦਾ ਹੈ। ਇਸ ਅਗਿਆਨਜਾਂ ਭਰਮ ਦਾ ਗਿਆਨ ਦੁਆਰਾ ਹੀ ਨਾਸ਼ ਹੋ ਸਕਦਾ ਹੈ। ਅਗਿਆਨਤਾ ਅਤੇ ਭਰਮ ਦਾ ਨਾਸ਼ ਕਰਨਾ ਹੀ ਜੀਵ ਦਾ ਪਰਮ ਕਰਤੱਵ ਹੈ। ਅਵਿਦਿਆ ਦੇ ਨਸ਼ਟ ਹੋਣ ਤੇ ਨਾਮ ਰੂਪਾਤਮਕ ਜਗਤ ਪ੍ਰਪੰਚ ਦਾ ਨਾਸ਼ ਹੋ ਜਾਂਦਾ ਹੈ।

ਰਾਮਾਨੁਜ ਮੱਤ ਅਨੁਸਾਰ ਗਿਆਨ ਸਵੈ-ਪ੍ਰਕਾਸ਼ ਅਤੇ ਵਿਭੂ ਹੈ। ਨਿਤਯ ਜੀਵਾਂ ਦਾ ਅਤੇ ਈਸ਼ਵਰ ਦਾ ਗਿਆਨ ਨਿਤਯ ਅਤੇ ਵਿਆਪਕ ਹੈ। ਗਿਆਨ ਸਭ ਜੀਵਾਂ ਲਈ ਸਵਤ-ਪ੍ਰਮਾਣ ਹੈ। ਸੰਕੋਚ ਅਤੇ ਵਿਕਾਸ ਦੀ ਅਵਸਥਾ ਨੂੰ ਲੈ ਕੇ ਹੀ ਗਿਆਨ ਦੀ ਉਤਪਤੀ ਹੁੰਦੀ ਹੈ। ਇਸ ਮਤ ਅਨੁਸਾਰ ਗਿਆਨ ਦ੍ਰਵਯ ਹੈ। ਇਹ ਮਨ ਦਾ ਸਹਿਕਾਰੀ ਹੈ। ਪ੍ਰਤਖ, ਅਨੁਮਾਨ, ਆਗਮ, ਸਮ੍ਰਿਤੀ, ਦੰਭ, ਲੋਭ, ਕ੍ਰੋਧ, ਆਨੰਦ, ਸੁਮਤਿ, ਉਨਤੀ, ਸ਼ਾਂਤੀ, ਰਤਿ, ਦਯਾ ਆਦਿ ਜੋ ਜੀਵ ਦੇ ਗੁਣ ਹਨ ਇਹ ਸਭ ਗਿਆਨ ਦੀਆਂ ਹੀ ਵਿਸ਼ੇਸ਼ ਅਵਸਥਾਵਾਂ ਹਨ। ਇਨ੍ਹਾਂ ਸਭ ਗੁਣਾਂ ਵਿਚ ਹੀ ਭਕਤੀ ਦਾ ਵਿਸ਼ੇਸ਼ ਸਥਾਨ ਹੈ।[10]

ਦਵੈਤ ਦਰਸ਼ਨ ਅਨੁਸਾਰ ਅੰਤਹਕਰਨ ਦਾ ਪਰਿਣਾਮ ਗਿਆਨ ਹੈ। ਇਸ ਦਾ ਉਤਪਤੀ ਕ੍ਰਮ ਇਸ ਤਰ੍ਹਾਂ ਹੈ - ਆਤਮਾ ਦਾ ਮਨ ਨਾਲ ਸੰਯੋਗ ਹੁੰਦਾ ਹੈ। ਮਨ ਦਾ ਇੰਦਰੀਆਂ ਨਾਲ; ਇੰਦਰੀਆਂ ਵਿਸ਼ੇ ਨਾਲ ਸੰਯੁਕਤ ਹੁੰਦੀਆਂ ਹਨ ਤਾਂ ਅੰਤਹਕਰਣ ਦਾ ਪਰਿਣਾਮ ਹੁੰਦਾ ਹੈ। ਇਸ ਨੂੰ ਗਿਆਨ ਕਹਿੰਦੇ ਹਨ। ਗਿਆਨ ਤੋਂ ਇੱਛਾ ਅਤੇ ਇੱਛਾ ਤੋਂ ਪ੍ਰਵਿਰਤੀ ਹੁੰਦੀ ਹੈ। ਇਸ ਮੱਤ ਅਨੁਸਾਰ ਸਭ ਗਿਆਨ ਪਰਮਾਤਮਾ ਦੇ ਅਧੀਨ ਹਨ।ਮਮਤਾ ਰੂਪੀ ਗਿਆਨ ਸੰਸਾਰ ਦਾ ਕਾਰਣ ਬਣਦਾ ਹੈ ਅਤੇ ਯੋਗ ਅਪਰੋਖ-ਰੂਪ ਗਿਆਨ ਮੋਖਸ਼ ਵਿਚ ਸਹਾਈ ਹੁੰਦਾ ਹੈ। ਸ਼ੁਧਾਦ੍ਵੈਤ ਅਨੁਸਾਰ ਬ੍ਰਹਮ ਹੀ ਗਿਆਨ ਹੈ।

ਨਾਥ ਸੰਪ੍ਰਦਾਇ ਵਿਚ ਵੀ ਗਿਆਨ ਦੇ ਮਹੱਤਵ ਦਾ ਪ੍ਰਤੀਪਾਦਨ ਹੈ। ਗੋਰਖ ਨਾਥ ਬ੍ਰਹਮ ਨੂੰ ਹੀ ਗਿਆਨ ਕਹਿੰਦੇ ਹਨ।[11] ਡਾ. ਦੀਕਸ਼ਿਤ ਅਨੁਸਾਰ, "ਨਾਥ ਸੰਪ੍ਰਦਾਇ ਵਿਚ ਗਿਆਨ ਕਦੀ ਬ੍ਰਹਮ ਦੇ ਅਰਥ ਵਿਚ ਗ੍ਰਹਿਣ ਕੀਤਾ ਗਿਆ ਹੈ ਅਤੇ ਕਦੀ ਬ੍ਰਹਮ ਪ੍ਰਾਪਤੀ ਦੇ ਸਾਧਨ ਦੇ ਰੂਪ ਵਿਚ।"[12]

ਉਪਰੋਕਤ ਵਿਵੇਚਨ ਤੋਂ ਸਪਸ਼ਟ ਹੁੰਦਾ ਹੈ ਕਿ ਭਾਰਤੀ ਦਾਰਸ਼ਨਿਕ ਚਾਹੇ ਆਸਤਿਕ ਹੋਣ ਜਾਂ ਨਾਸਤਿਕ ਸਭ ਨੇ ਗਿਆਨ ਮੀਮਾਂਸਾ ਤੇ ਆਪਣੇ ਵਿਚਾਰ ਦਿੱਤੇ ਹਨ। ਸਭ ਨੇ ਗਿਆਨ ਪ੍ਰਾਪਤੀ ਨੂੰ ਮੁਕਤੀ ਦਾ ਪ੍ਰਮੁਖ ਸਾਧਨ ਮੰਨਿਆ ਹੈ।

### 2.4.1. ਗੁਰੂ ਰਵਿਦਾਸ ਬਾਣੀ ਅਨੁਸਾਰ ਗਿਆਨ ਮਾਰਗ

ਭਗਤੀ ਮਾਰਗ ਜੀਵ ਦੀ ਆਪਣੇ ਸਰੂਪ ਨੂੰ ਮਿਲਣ ਦੀ ਜੁਗਤੀ ਹੈ। ਇਸ ਜੁਗਤੀ ਬਾਰੇ ਪਤਾ ਲਗਾਉਣ ਲਈ ਗਿਆਨ ਦਾ ਸਹਾਰਾ ਲੈਣਾ ਪੈਂਦਾ ਹੈ। ਇਸ ਤਰ੍ਹਾਂ ਗਿਆਨ ਦੁਆਰਾ ਸਾਧਕ ਦੁਨਿਆਵੀ ਅਤੇ ਪਰਮਾਰਥਕ ਸਚਾਈਆਂ ਨੂੰ ਅਨੁਭਵ ਕਰਦਾ ਹੈ ਅਤੇ ਪਰਮ ਲਕਸ਼ ਦੀ ਪ੍ਰਾਪਤੀ ਲਈ ਅਗੇ ਵਧਦਾ ਹੈ। ਭਗਤੀ ਲਈ ਬ੍ਰਹਮ-ਗਿਆਨ ਪਰਮ ਆਵੱਸ਼ਕ ਹੈ। ਭਗਤੀ ਮਾਰਗ ਤੇ ਚਲਣ ਤੋਂ ਪਹਿਲਾਂ ਗਿਆਨ ਮਾਰਗ ਤੇ ਚਲਣਾ ਪੈਂਦਾ ਹੈ ਚਾਹੇ ਕੁਝ ਸਮੇਂ ਲਈ ਹੀ ਇਹ ਕਰਨਾ ਪੈਂਦਾ ਹੈ। ਇਸ ਤਰ੍ਹਾਂ ਗਿਆਨ ਮਾਰਗ ਦਾ ਭਗਤੀ ਮਾਰਗ ਨਾਲ ਗੂੜ੍ਹਾ ਸੰਬੰਧ ਹੈ। ਗਿਆਨ ਮਾਰਗ ਭਗਤੀ ਮਾਰਗ ਤੇ ਚਲਣ ਲਈ ਪ੍ਰਥਮ ਪੌੜੀ ਹੈ, ਜਿਸ ਤੋਂ ਬਿਨਾਂ ਭਗਤੀ ਸੰਪੂਰਨ ਹੋ ਹੀ ਨਹੀਂ ਸਕਦੀ।

ਗੁਰੂ ਰਵਿਦਾਸ ਜੀ ਗਿਆਨ-ਉਤਪਤੀ ਦੀ ਪਹਿਲੀ ਅਵਸਥਾ ਦੇ ਸੰਬੰਧ ਵਿਚ ਲਿਖਦੇ ਹਨ ਕਿ ਬਿਨਾਂ ਬੁੱਧੀ ਦੇ ਗਿਆਨ ਹੋਣਾ ਅਸੰਭਵ ਹੈ। ਗਿਆਨ ਪ੍ਰਾਪਤੀ ਲਈ ਬੁੱਧੀ ਚੰਚਲ ਨਹੀਂ ਹੋਣੀ ਚਾਹੀਦੀ। ਬੁੱਧੀ ਜਾਂ ਮਤਿ ਦੀ ਚੰਚਲਤਾ ਨਾਲ ਪ੍ਰਭੂ ਦੀ ਭਗਤੀ ਨਹੀਂ ਹੋ ਸਕਦੀ।

ਨਰਹਰਿ! ਚੰਚਲ ਹੈ ਮਤਿ ਮੋਰੀ, ਕੈਸੇ ਭਗਤੀ ਕਰੂੰ ਰਾਮ ਤੋਰੀ।[13]

ਗੁਰੂ ਰਵਿਦਾਸ ਜੀ ਅਨੁਸਾਰ ਜੀਵ ਨੂੰ ਮਲਿਨ ਮਤਿ ਨਾਲ ਪ੍ਰਭੂ ਦੀ ਪ੍ਰਾਪਤੀ ਨਹੀਂ ਹੋ ਸਕਦੀ ਹੈ ਕਿਉਂਕਿ ਅਜਿਹੀ ਮਤ ਜਾਂ ਅਵਿਦਿਆ ਮਨੁਖ ਨੂੰ ਮਾਇਆ ਰੂਪੀ ਖੂਹ ਵਿਚ ਧਕੇਲ ਦਿੰਦੀ ਹੈ ਜਿਸ ਵਿਚ ਮਨੁਖ ਨੂੰ ਉਰਲਾ ਪਾਰਲਾ ਬੰਨਾ ਨਹੀਂ ਲਭਦਾ, ਕੇਵਲ ਸੁਮਤਿ ਨਾਲ ਹੀ ਭਰਮਾਂ ਤੋਂ ਨਿਪਟਾਰਾ ਹੁੰਦਾ ਹੈ।

ਮਲਿਨ ਭਈ ਮਤਿ ਮਾਧਵਾ, ਤੇਰੀ ਗਤਿ ਲਖੀ ਨਾ ਜਾਇ।
ਕਰਹੁ ਕ੍ਰਿਪਾ ਭ੍ਰਮ ਚੂਕਈ ਮੈ ਸੁਮਤਿ ਦੇਹੁ ਸਮਝਾਇ।[14]

ਗਿਆਨ ਮਾਰਗ ਆਪਣੇ ਵਿਸ਼ੇ ਖੇਤਰ ਨੂੰ ਪ੍ਰਕਾਸ਼ਿਤ ਕਰਦਾ ਹੈ। ਅਗਿਆਨਤਾ ਮਨੁੱਖ ਦੇ ਵਿਵੇਕ ਦੀਪ ਨੂੰ ਧੁੰਦਲਾ ਕਰ ਦਿੰਦੀ ਹੈ। ਗਿਆਨ ਤੋਂ ਬਿਨਾਂ ਮਨੁੱਖ ਪਰਖਹੀਨ ਹੋ ਜਾਂਦਾ ਹੈ ਅਤੇ ਉਸ ਨੂੰ ਭਲੇ ਬੁਰੇ ਦੀ ਪਛਾਣ ਨਹੀਂ ਰਹਿੰਦੀ ਇਸ ਲਈ ਗੁਰੂ ਰਵਿਦਾਸ ਜੀ ਗਿਆਨ ਨੂੰ ਤਪਾਂ ਤੋਂ ਉਪਰ ਸਮਝਦੇ ਹਨ। ਉਨ੍ਹਾਂ ਅਨੁਸਾਰ ਗਿਆਨਦੇ ਚਾਨਣ ਨਾਲ ਹੀ ਭਰਮਾਂ ਰੂਪੀ ਅੰਧੇਰੇ ਦਾ ਵਿਨਾਸ਼ ਹੁੰਦਾ ਹੈ।

ਮਾਧੋ ਅਵਿਦਿਆ ਹਿਤ ਕੀਨ, ਬਿਵੇਕ ਦੀਪ ਮਲੀਨ।

... ... ...

ਰਵਿਦਾਸ ਦਾਸ ਉਦਾਸ ਤਜ ਭ੍ਰਮ, ਤਪਨ ਤਪੁ ਗੁਰੂ ਗਿਆਨ।[15]

ਬੁੱਧੀ ਦੀ ਮਲਿਨਤਾ ਨੂੰ ਦੇਖ ਕੇ ਵੀ ਨਾ ਦੇਖਣ ਦੀ ਵਾਸਤਵਿਕਤਾ ਜੋ ਮਨੁਖ ਵਿਚ ਹੈ, ਉਸ ਦਾ ਵੀ ਵਰਣਨ ਕੀਤਾ ਹੈ।

ਸਭ ਘਟਿ ਅੰਤਰਿ ਰਮਸਿ ਨਿਰੰਤਰਿ, ਹੈਂ ਦੇਖਤ ਹੂੰ ਨਹੀ ਜਾਨਾ।
ਗੁਨ ਸਭ ਤੋਰ ਮੋਰ ਸਭ ਔਗੁਨ, ਕ੍ਰਿਤ ਉਪਕਾਰ ਨ ਮਾਨਾ।[16]

ਗੁਰੂ ਜੀ ਅਨੁਸਾਰ ਜਿਵੇਂ ਸੋਨਾ ਅਤੇ ਸੋਨੇ ਤੋਂ ਬਣੇ ਗਹਿਣੇ ਅਲੱਗ ਪ੍ਰਤੀਤ ਹੁੰਦੇ ਹਨ। ਰੇਸ਼ਮ ਤੋਂ ਬਣਿਆ ਕਪੜਾ ਕਈ ਭਾਂਤਾਂ ਦਾ ਨਜ਼ਰ ਆਉਂਦਾ ਹੈ ਇਸ ਤਰ੍ਹਾਂ ਹੀ ਮਨੁਖ ਮਿਥਿਆ ਗਿਆਨ ਕਾਰਣ ਬ੍ਰਹਮ ਤੋਂ ਆਪਣੇ ਆਪ ਨੂੰ ਭਿੰਨ ਸਮਝਦਾ ਹੈ। ਇਸ ਅਗਿਆਨਤਾ ਕਾਰਣ ਨਾ ਤਾਂ ਉਹ ਪ੍ਰਭੂ ਨੂੰ ਆਪਣਾ ਸਮਝਣ ਯੋਗ ਹੁੰਦਾ ਹੈ ਅਤੇ ਨਾ ਹੀ ਬਾਕੀ ਪ੍ਰਾਣੀਆਂ ਵਿਚ ਪ੍ਰਭੂ ਨੂੰ ਵੇਖਣ ਵਿਚ ਸਮਰੱਥ ਹੁੰਦਾ ਹੈ। ਅਜਿਹੇ ਗਿਆਨ ਦੀ ਹੋਂਦ ਸਭ ਸਾਧਕਾਂ ਵਿਚ ਹੋਣੀ ਚਾਹੀਦੀ ਹੈ ਪਰੰਤੂ ਕਥਨੀ ਅਤੇ ਕਰਨੀ ਵਿਚ ਅੰਤਰ ਹੋਣ ਕਾਰਨ ਕਈ ਵਾਰ ਗਿਆਨ ਖੁਸ਼ਕ ਅਤੇ ਬੋਝਲ ਬਣ ਕੇ ਰਹਿ ਜਾਂਦਾ ਹੈ। ਇਹ ਤੱਥ ਤਾਂ ਕਈ ਵਾਰੀ ਗਿਆਨੀ ਧਿਆਨੀ ਦੇ ਵੀ ਅਖੋਂ ਪਰੋਖੇ ਹੋ ਜਾਂਦਾ ਹੈ। ਕੇਵਲ ਪ੍ਰਭੂ ਕ੍ਰਿਪਾ ਨਾਲ ਹੀ ਗਿਆਨ ਉਪਜਦਾ ਹੈ ਅਤੇ ਪ੍ਰਕਾਸ਼ ਹੁੰਦਾ ਹੈ।

ਉਪਜਿਓ ਗਿਆਨੁ ਹੂਆ ਪਰਗਾਸ,
ਕਰਿ ਕਿਰਪਾ ਲੀਨੇ ਕੀਟ ਦਾਸ।[17]

ਤੱਥਾਂ ਨੂੰ ਨਿਸ਼ਚਿਤ ਕਰਨ ਲਈ ਬੁੱਧੀ ਦਾ ਪ੍ਰਯੋਗ ਪਰਮ ਆਵਸ਼ਕ ਹੈ ਪਰੰਤੂ ਕੇਵਲ ਬੁੱਧੀ ਕੌਸ਼ਲ, ਤਰਕ-ਵਿਤਰਕ ਦੁਆਰਾ ਕਿਸੇ ਤੱਥ ਦਾ ਨਿਰਣਾ ਲੈਣਾ ਗੁਰੂ ਰਵਿਦਾਸ ਜੀ ਨੂੰ ਸਵੀਕਾਰ ਨਹੀਂ ਹੈ। ਗੁਰੂ ਰਵਿਦਾਸ ਜੀ ਸਤਿ-ਗਿਆਨ ਲਈ ਅਨੁਭਵ ਨੂੰ ਜ਼ਰੂਰੀ ਸਮਝਦੇ ਹਨ। ਦਰਅਸਲ ਸਵੈ-ਅਨੁਭੂਤੀ ਦੀ ਕਸੌਟੀ ਤੇ ਪਰਖਿਆ ਹੋਇਆ ਗਿਆਨ ਹੀ ਵਾਸਤਵਿਕ ਗਿਆਨ ਹੈ। ਇਸ ਤੋਂ ਬਿਨਾਂ ਗਿਆਨ ਰੁੱਖਾ, ਖੁਸ਼ਕ ਅਤੇ ਰਸਹੀਨ ਬਣ ਜਾਂਦਾ ਹੈ। ਗੁਰੂ ਜੀ ਅਨੁਸਾਰ ਬ੍ਰਹਮ ਗਿਆਨ ਇਕ ਅਨੂਪਮ ਅਨੁਭਵ ਹੈ ਇਸ ਤੋਂ ਵਿਰਕਤ ਨਹੀਂ ਰਿਹਾ ਜਾ ਸਕਦਾ। ਸਹਜ-ਗਿਆਨ ਦੁਆਰਾ ਹੀ ਅੰਦਰ ਲਿਵ ਲੱਗਦੀ ਹੈ ਅਤੇ ਗੁਰੂ ਦੀ ਮਿਹਰ ਨਾਲ ਹੀ ਅਗੰਮੀ ਗਿਆਨ ਪ੍ਰਾਪਤ ਹੁੰਦਾ ਹੈ। ਸੰਤ-ਜਨ ਸ਼ਬਦ ਗਿਆਨ-ਅਭਿਆਸ ਨਾਲ ਅੰਦਰੋਂ ਹੀ ਅਨਾਹਦ ਨਾਦ ਸੁਨਣਯੋਗ ਹੋ ਜਾਂਦੇ ਹਨ:

(1) ਸ਼ਬਦ ਅਨਾਹਦ ਬਾਜਤ ਘਟ ਮੰਹਿ,
ਅਗਮ ਗਥਾਨ ਭੈ ਗੁਰੂ ਪਰਤਾਪ।[18]

(2) ਜਊਂ ਤੁਮਹ ਕਾਰਹਿ ਕੇਸਥੈ, ਅੰਤਰਿ ਲਿਵ ਲਾਗੀ।
ਏਕ ਅਨੂਪਮ ਅਨਭਵੈ, ਕਿਮਿ ਹੋਈ ਵਿਭਾਗੀ।[19]

ਗੁਰੂ ਰਵਿਦਾਸ ਜੀ ਨੇ ਗਿਆਨ ਪ੍ਰਾਪਤੀ ਲਈ ਗੁਰੂ ਦੇ ਪ੍ਰਤੀ ਅਨਿੰਨ ਸ਼ਰਧਾ ਵਿਅਕਤ ਕੀਤੀ ਹੈ। ਗੁਰੂ ਜੀ ਅਨੁਸਾਰ ਗੁਰੂ ਦੀ ਕ੍ਰਿਪਾ ਨਾਲ ਹੀ ਗਿਆਨ ਦਾ ਦੀਪਕ ਜਲਦਾ ਹੈ। ਇਸ ਗਿਆਨ ਦੇ ਪ੍ਰਕਾਸ਼ ਨਾਲ ਹੀ ਪ੍ਰਭੂ ਦੀ ਜੋਤਿ ਘਟਿ ਘਟਿ ਵਿਚ ਵਿਆਪਤ ਦਿਸਦੀ ਹੈ। ਇਸ ਦੇ ਨਾਲ ਹੀ ਭੇਦ ਅਭੇਦ ਵਿਚ ਪਰਿਵਰਤਤ ਹੋ ਜਾਂਦੇ ਹਨ, ਵਿਖ ਅਤੇ ਅੰਮ੍ਰਿਤ, ਕੰਚਨ ਅਤੇ ਲੋਹੇ ਨੂੰ ਇਕ ਸਮਾਨ ਦੇਖਣ ਵਾਲੀ ਦ੍ਰਿਸ਼ਟੀ ਜਾਂ ਬੁੱਧੀ ਪ੍ਰਾਪਤ ਹੋ ਜਾਂਦੀ ਹੈ। ਇਸ ਤਰ੍ਹਾਂ ਗੁਰੂ ਗਿਆਨ ਨਾਲ ਹੀ ਭਰਮ ਦੂਰ ਹੁੰਦੇ ਹਨ।

ਜਬ ਰਾਮ ਨਾਮ ਕਹਿ ਗਾਵੈਗਾ।
ਰੰਰਕਾਰ ਰਹਤ ਸਬਹਿਨ ਮੈਂ ਅੰਤਰ ਮੇਲ ਮਿਲਾਵੈਗਾ।
ਲੋਹਾ ਸਮਕਰ ਕੰਚਨ ਸਮਕਰ, ਭੇਦ ਅਭੇਦ ਸਮਾਵੈਗਾ।
ਜੋ ਸੁਖ ਹੋਵੈ ਪਾਰਸ ਕੇ ਪਰਸੈ, ਸੋ ਸੁਖ ਕਾ ਕਹਿ ਗਾਵੈਗਾ।
ਗੁਰ ਪ੍ਰਸਾਦ ਭਈ ਅਨਭੈ ਮਤਿ, ਵਿਸ਼ ਅੰਮ੍ਰਿਤ ਸਮ ਧਿਆਵੈਗਾ॥[20]

ਗੁਰੂ ਜੀ ਅਨੁਸਾਰ ਗਿਆਨ ਪ੍ਰਾਪਤੀ ਤੋਂ ਬਿਨਾਂ ਕੋਈ ਵਿਰਲਾ ਹੀ ਮਾਇਆ ਰੂਪੀ ਹਨੇਰੀ ਤੋਂ ਬਚ ਸਕਦਾ ਹੈ।

ਮਾਇਆ ਦੀਪਕ ਪੇਖਿ ਕਰਿ, ਨਰ ਪਤੰਗ ਅੰਧਿਯਾਜ।
ਰਵਿਦਾਸ ਗੁਰ ਗਯਾਨ ਬਿਨੁ, ਵਿਰਲਾ ਕੋ ਬਚਿ ਜਾਯ।[21]

ਗੁਰੂ ਗਿਆਨ ਦਾ ਮਹੱਤਵ ਦਰਸਾਉਂਦਿਆਂ ਗੁਰੂ ਜੀ ਸਪਸ਼ਟ ਲਿਖਦੇ ਹਨ ਕਿ ਗਿਆਨ ਪ੍ਰਾਪਤ ਕਰਨ ਲਈ ਕੋਈ ਛੇ-ਸ਼ਾਸਤਰਾਂ ਨੂੰ ਫਰੋਲਦਾ ਫਿਰਦਾ ਹੈ ਅਤੇ ਕੋਈ ਵੇਦਾਂ ਵਿਚੋਂ ਉਸ ਨੂੰ ਲਭਦਾ ਹੈ। ਪਰੰਤੂ ਪੂਰਨ ਗੁਰੂ ਸਭ ਅਸੀਮੀ ਰਹੱਸ ਨੂੰ ਜਾਣਦਾ ਹੈ। ਇਸ ਲਈ ਗੁਰੂ ਗਿਆਨ ਸਭ ਤੋਂ ਉਤਮ ਹੁੰਦਾ ਹੈ ਕਿਉਂਕਿ ਅਨੁਭਵ ਦੀ ਕਸੌਟੀ ਉਤੇ ਦੇਖਿਆ ਅਤੇ ਪਰਖਿਆ ਹੁੰਦਾ ਹੈ।

ਗੁਰੂ ਸਭੁ ਰਹੱਸ ਅਗਮਹਿ ਜਾਨੈ
ਢੂੰਢੈ ਕੋਊ ਛਟ ਸਾਸਤ੍ਰਨ ਮਹਿ ਕਿਧੂ ਕੋਊ ਵੇਦ ਵਖਾਨੈ॥
ਕਹਿ ਰਵਿਦਾਸ ਮਿਲਸੈ ਗੁਰ ਪੂਰੇ, ਜਿਹਿ ਅੰਤਰ ਹਰਿ ਮਿਲਾਨੈ॥[21 ਏ]

ਗਿਆਨ ਦੇ ਕਈ ਰੂਪ ਹਨ। ਨਾਮਰੂਪਾਤਮਕ ਜਗਤ ਨੂੰ ਸਤਿ ਗਿਆਨ ਸਮਝਕੇ ਕਈ ਜੜ੍ਹ ਜਗਤ ਦੇ ਭੌਤਿਕ ਪੱਖੀ ਪਦਾਰਥਾਂ ਨੂੰ ਲੈ ਕੇ ਉਨ੍ਹਾਂ ਦੀ ਪਰੀਖਿਆ ਤੇ ਵਿਸ਼ਲੇਸ਼ਣ ਆਦਿ ਕਰਦੇ ਹਨ, ਉਸਨੂੰ ਭੌਤਿਕ ਗਿਆਨ ਕਹਿੰਦੇ ਹਨ। ਕਈ ਲੋਕ ਇਨ੍ਹਾਂ ਭੌਤਿਕ ਪਦਾਰਥਾਂ ਦੇ ਅੰਤਰਗਤ ਅਤੇ ਇਨ੍ਹਾਂ ਤੋਂ ਪਰ੍ਹੇ ਜਾ ਕੇ ਅਧਿਦੈਵਿਕ ਭਾਵਨਾ ਰਖ ਕੇ ਪੂਜਾ-ਪਾਠ ਕਰਦੇ ਹਨ। ਇਹ ਅਧਿਦੈਵਿਕ ਗਿਆਨ ਹੈ। ਕੁਝ ਸਾਧਕ ਇਸ ਨਾਮ ਰੂਪਾਤਮਕ ਜਗਤ ਦੇ ਮੂਲ ਵਿਚ ਇਕ ਵਿਸ਼ੁਧ ਚੈਤੰਨਯ ਸੱਤਾ ਦੀ ਖੋਜ ਕਰਦੇ ਹਨ। ਇਹ ਅਧਿਆਤਮਿਕ ਜਾਂ ਸਤਿ ਗਿਆਨ ਹੈ।

ਵਿਗਿਆਨ ਦਾ ਗਿਆਨ ਕਈ ਵਾਰੀ ਸਮਾਜ ਦੀ ਰਖਿਆ ਦੀ ਥਾਂ ਸਰਵ ਨਾਸ਼ ਕਰ ਦਿੰਦਾ ਹੈ। ਇਸ ਲਈ ਸੰਤ ਜਨਾਂ ਨੇ ਕੇਵਲ "ਹਰਿ ਜਨ ਹਰਿ ਬਿਨ ਔਰ ਨਾ ਜਾਨੈ[22] ਨੂੰ ਸਰਵਸ਼੍ਰੇਸ਼ਠ ਗਿਆਨ ਮੰਨਿਆ ਹੈ ਅਤੇ ਅਧਿਆਤਮਿਕ ਗਿਆਨ ਪ੍ਰਤੀ ਹੀ ਆਪਣੇ ਵਿਚਾਰ ਪੇਸ਼ ਕੀਤੇ ਹਨ। ਇਹ ਗਿਆਨ ਹੀ ਵਾਸਤਵਿਕ ਗਿਆਨ ਹੈ ਇਸ ਦੀ ਪ੍ਰਾਪਤੀ ਨਾਲ ਬਾਕੀ ਜੀਵਨ ਸੰਬੰਧੀ ਗਿਆਨ ਵਿਚਾਰ ਆਪਣੇ ਆਪ ਹੀ ਸਮਝ ਆ ਜਾਂਦੇ ਹਨ। ਪਰਮਤੱਤ ਗਿਆਨ ਸਰੂਪ ਹੈ। ਇਸ ਲਈ ਆਤਮ ਗਿਆਨ ਦੁਆਰਾ ਗਿਆਨ ਸਰੂਪ ਸੰਬੰਧੀ ਗਿਆਨ ਪ੍ਰਾਪਤ ਕਰਕੇ ਹੀ ਉਸਨੂੰ ਪਾਇਆ ਜਾ ਸਕਦਾ ਹੈ।

ਅਗਮ ਅਗੋਚਰ ਅਛਰ ਅਤਰਕ ਨਿਰਗੁਨ ਅਤਿ ਆਨੰਦਾ।
ਸਦਾ ਅਤੀਤ ਗਯਾਨ ਧਨ ਵਰਜਿਤ ਨਿਰਵਿਕਾਰ ਅਵਿਨਾਸੀ।[23]

ਸਤਿ-ਗਿਆਨ ਦਾ ਅਰਥ ਹੈ ਗਿਆਤਾ ਅਤੇ ਗਯੇਯ (ਜਾਣਨ ਯੋਗ) ਵਿੱਚ ਅਭਿੰਨ ਸਥਿਤੀ ਪੈਦਾ ਕਰਨਾ। ਇਹ ਹੀ ਆਤਮ ਗਿਆਨ ਹੈ, ਇਹ ਗਿਆਨ ਅਦੁੱਤੀ ਅਤੇ ਲਾਸਾਨੀ ਹੈ। ਪ੍ਰਭੂ ਦ੍ਰਿਸ਼ਟ, ਅਦ੍ਰਿਸ਼ਟ ਰੂਪ ਵਿਚ ਗਯੇਯ ਅਤੇ ਗਿਆਤਾ ਵੀ ਹੈ। ਇਸ ਲਈ ਪ੍ਰਭੂ ਕ੍ਰਿਪਾ ਨਾਲ ਹੀ ਉਸ ਸੰਬੰਧੀ ਗਿਆਨ ਪ੍ਰਾਪਤ ਹੋ ਸਕਦਾ ਹੈ ਉਸ ਦੇ ਗਿਆਨ-ਸਰੂਪ ਅਤੇ ਗਿਆਨ-ਪ੍ਰਦਾਤਾ ਵਿਚ

ਇਕਮਿਕਤਾ ਹੈ।

ਦ੍ਰਿਸਟਿ ਅਦ੍ਰਿਸਟਿ ਗਯੇਯ ਅਰੁ ਗਿਯਾਤਾ, ਏਕ ਮੇਕ ਹੈ ਰਵਿਦਾਸਾ।[24]

ਗੁਰੂ ਰਵਿਦਾਸ ਜੀ ਅਨੁਸਾਰ ਜੀਵ ਅਤੇ ਪ੍ਰਭੂ ਦੀ ਇਕਮਿਕਤਾ ਹੀ ਸਤਿ ਗਿਆਨ ਹੈ। ਉਨ੍ਹਾਂ ਨੂੰ ਬ੍ਰਹਮ ਅਤੇ ਜਗਤ ਵਿਚ ਅੰਤਰ ਨਹੀ ਦਿਸਦਾ। ਇਹ ਵਿਚਾਰ ਗੀਤਾ ਦੇ ਸਾਤਵਿਕ ਗਿਆਨ ਦੇ ਅਨੁਰੂਪ ਹੈ। ਗੀਤਾ ਵਿਚ ਵਰਣਨ ਹੈ ਕਿ ਜਿਸ ਗਿਆਨ ਨਾਲ ਸਭ ਵੰਡੀਜੇ ਭੂਤਾਂ ਵਿਚ ਇਕ ਅਵੰਡ ਅਵਿਨਾਸ਼ੀ ਭਾਵ ਨੂੰ ਦੇਖਦਾ ਹੈ। ਉਸ ਗਿਆਨ ਨੂੰ ਤੂੰ ਸਾਤਵਿਕ ਗਿਆਨ ਜਾਣ।"[25]

ਇਹ ਸਾਤਵਿਕ ਗਿਆਨ ਹੈ ਜਿਸ ਦੇ ਸਦਕਾ ਮਨੁੱਖ ਹਰ ਇਕ ਮਨੁੱਖ ਵਿਚ ਪਰਮਾਤਮਾ ਨੂੰ ਵੇਖਦਾ ਹੈ ਅਤੇ ਇਸ ਦੇ ਪ੍ਰਤੀਕਰਮ ਵਜੋਂ ਹਰੀ ਵੀ ਭਗਤ ਨੂੰ ਆਪਣਾ ਜਨ ਸਮਝਦਾ ਹੈ। ਇਸ ਤਰ੍ਹਾਂ ਗੁਰੂ ਜੀ ਅਨੁਸਾਰ ਪ੍ਰਾਣੀ ਪ੍ਰਾਣੀ ਵਿਚ ਦ੍ਵੈਤ ਨਹੀਂ।

ਸਬ ਮੇ ਹਰਿ ਹੈ ਹਰਿ ਮੇਂ ਸਬ ਹੈਂ, ਹਰਿ ਅਪਨੋ ਜਨਿ ਜਾਨਾ।
ਆਪਹਿ ਆਪਿ ਸਾਖੀ ਨਹਿੰ ਦੂਸਰ ਜਾਨਨਹਾਰ ਸਯਾਂਨਾ।[26]

ਸਤਿ-ਗਿਆਨ ਮਾਰਗ ਤੇ ਚੱਲਦਾ ਸਾਧਕ ਚਰਮ ਸੀਮਾ ਤੇ ਪਹੁੰਚ ਜਾਂਦਾ ਹੈ। ਉਹ ਪਰਮਤੱਤ ਵਿਚ ਲੀਨ ਹੋ ਜਾਂਦਾ ਹੈ। ਆਤਮ ਗਿਆਨ ਸਦਕਾ ਪ੍ਰਭੂ ਅਤੇ ਜੀਵ ਵਿਚਲੀ ਦੈਤ ਦੂਰ ਹੋ ਜਾਂਦੀ ਹੈ। ਇਸ ਤਰ੍ਹਾਂ ਸੰਤ-ਜਨ ਪਰਮ ਰੂਪ ਹੋਇਆ ਆਪ ਮੁਹਾਰੇ ਕਹਿ ਉਠਦਾ ਹੈ:

ਜਬ ਹਮ ਹੋਤੇ ਤਬ ਤੂ ਨਾਹੀ,
ਅਬ ਤੂੰ ਹੀ ਹੈ ਮੈਂ ਨਾਹੀ।[27]

ਭਗਤੀ ਦੇ ਤਿੰਨ ਮਾਰਗ ਹਨ - ਭਗਤੀ ਮਾਰਗ, ਗਿਆਨ ਮਾਰਗ ਅਤੇ ਕਰਮ ਮਾਰਗ। ਸਮੇਂ ਦੇ ਪ੍ਰਵਾਹ ਵਿਚ ਕੋਈ ਨਾ ਕੋਈ ਮਾਰਗ ਵਿਸ਼ੇਸ਼ ਰੂਪ ਵਿਚ ਸਾਧਨਾ ਲਈ ਪ੍ਰਯੋਗ ਕੀਤਾ ਜਾਂਦਾ ਰਿਹਾ। ਕਦੀ ਗਿਆਨ ਦੀ ਪ੍ਰਧਾਨਤਾ ਰਹੀ ਅਤੇ ਕਦੀ ਕਰਮ ਦੀ। ਭਗਤੀ ਦੇ ਜ਼ਰੂਰੀ ਅੰਗਾਂ - ਪ੍ਰੇਮ ਅਤੇ ਸ਼ਰਧਾ ਦਾ ਅਨੁਕਰਨ ਕਰਕੇ ਆਤਮਾ ਮੁਕਤ ਹੋ ਜਾਂਦੀ ਹੈ। ਪ੍ਰੇਮ ਨਾਲ ਉਸ ਵਿਚ ਚੈਤੰਨਯ ਦਾ ਵਿਕਾਸ ਹੋ ਕੇ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਗਿਆਨ ਦੁਆਰਾ ਵੀ ਇਹੋ

ਅਵਸਥਾ ਪ੍ਰਾਪਤ ਕੀਤੀ ਜਾਂਦੀ ਰਹੀ ਹੈ। ਭਗਤੀ ਅਤੇ ਗਿਆਨ ਦੋਵਾਂ ਦਾ ਇਕ ਹੀ ਲਕਸ਼ ਹੈ। ਭੁਵਨੇਸ਼ਵਰ ਨਾਥ ਮਿਸ਼ੂ ਦਾ ਕਥਨ ਹੈ ਕਿ ਆਤਮਾ ਦੇ ਅਮਰ ਭਾਵ ਦਾ ਸਾਖਿਆਤ ਅਨੁਭਵ ਗਿਆਨ ਨਾਲ ਹੋ ਸਕਦਾ ਹੈ। ਪ੍ਰੇਮ ਲਕਸ਼ਣਾ ਭਗਤੀ ਹੀ ਗਿਆਨ ਹੈ ਅਤੇ ਪ੍ਰਤੱਖ ਗਿਆਨ ਹੀ ਭਗਤੀ।"[28] ਗੁਰੂ ਰਵਿਦਾਸ ਜੀ ਵੀ ਪ੍ਰਭੂ ਪ੍ਰਾਪਤੀ ਲਈ ਕੇਵਲ ਗਿਆਨ ਮਾਰਗ ਨੂੰ ਸੰਪੂਰਨ ਮਾਰਗ ਨਹੀਂ ਸਮਝਦੇ ਕਿਉਂਕਿ ਕੇਵਲ ਗਿਆਨ ਵੀ ਕਈ ਵਾਰੀ ਹਉਮੈਂ ਦਾ ਕਾਰਣ ਬਣਦਾ ਹੈ ਅਤੇ ਹਉਮੈਂ ਪ੍ਰਭੂ-ਪ੍ਰਾਪਤੀ ਵਿਚ ਵੱਡੀ ਰੁਕਾਵਟ ਹੈ।

ਗਿਆਨੀ ਗੁਨੀ ਸੂਰ ਹਮਦਾਤੇ ਇਹ ਬੁਧਿ ਕਬਹੁ ਨ ਨਾਸੀ।[29]

ਕਠੋਪਨਿਸ਼ਦ ਵਿਚ ਵਰਣਨ ਹੈ ਕਿ ਪਰਮਾਤਮਾ ਨਾ ਤਾਂ ਉਨ੍ਹਾਂ ਨੂੰ ਮਿਲਦਾ ਹੈ ਜੋ ਸ਼ਾਸਤਰਾਂ ਨੂੰ ਪੜ੍ਹ ਸੁਣਕੇ ਪਰਮਾਤਮਾ ਤੱਤ ਦਾ ਬਹੁਤ ਤਰੀਕਿਆਂ ਨਾਲ ਵਰਣਨ ਕਰਦੇ ਹਨ, ਨਾ ਉਨ੍ਹਾਂ ਮਨੁੱਖਾਂ ਨੂੰ ਮਿਲਦਾ ਹੈ ਜੋ ਬੁੱਧੀ ਦਾ ਅਭਿਮਾਨ ਕਰਕੇ ਤਰਕ ਦੁਆਰਾ ਉਸ ਨੂੰ ਜਾਣਨਾ ਚਾਹੁੰਦੇ ਹਨ। ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਉਪਨਿਸ਼ਦਾਂ ਨਾਲ ਕਾਫ਼ੀ ਸਮਾਨਤਾ ਰਖਦੀ ਹੈ। ਉਨ੍ਹਾਂ ਅਨੁਸਾਰ ਵੀ ਪੜ੍ਹਨ-ਗੁੜ੍ਹਣ ਨਾਲ ਜਾਂ ਸ਼ਾਸਤਰਾਂ ਦੇ ਅਧਿਅਨ ਨਾਲ ਜਾਂ ਆਪਣੀ ਵਿਦਵਤਾ ਤੇ ਮਾਣ ਕਰਨ ਨਾਲ ਪ੍ਰਭੂ ਦੀ ਪ੍ਰਾਪਤੀ ਨਹੀਂ ਹੁੰਦੀ। ਉਹ ਲਿਖਦੇ ਹਨ:

ਪੜ੍ਹੇ ਗੁਨੈ ਕਛੁ ਸਮਝਿ ਨ ਪਰਹੀ, ਜੌਂ ਲੌ ਅਨਭੈ ਭਾਓ ਨਾ ਦਰਸੈ।[30]

ਹਉਮੈਂ ਵਾਲੀ ਉਪਰੋਕਤ ਸਥਿਤੀ ਤੋਂ ਨਿਵਿਰਤੀ ਪ੍ਰਾਪਤ ਕਰਨ ਲਈ ਗੁਰੂ ਜੀ ਨੇ ਭਗਤੀ ਅਤੇ ਗਿਆਨ ਦਾ ਸੁਮੇਲ ਕੀਤਾ। ਉਨ੍ਹਾਂ ਅਨੁਸਾਰ ਮਨੁਖ ਦੀ ਪ੍ਰਭੂ ਨਾਲ ਅਭੇਦਤਾ ਅਤੇ ਸਮਾਨਤਾ ਪ੍ਰਾਪਤ ਕਰਨ ਦਾ ਸਾਧਨ ਗਿਆਨ ਅਤੇ ਪ੍ਰੇਮ ਭਗਤੀ ਹੈ। ਗਿਆਨ ਬਿਨਾ ਸੋਝੀ ਨਹੀਂ ਆਉਂਦੀ ਅਤੇ ਪ੍ਰੇਮ ਬਿਨਾਂ ਧਰਮ-ਕਰਮ ਸੰਪੂਰਨ ਨਹੀਂ ਹੁੰਦਾ। ਇਸ ਲਈ ਅਗਿਆਨਤਾ ਦੀ ਅਵਸਥਾ ਵਿਚੋਂ ਨਿਕਲ ਕੇ ਵਿਵੇਕ ਬੁਧੀ ਨੂੰ ਸੁਰਜੀਤ ਕਰਨਾ ਜ਼ਰੂਰੀ ਹੈ।

(1) ਜਾਨਿ ਅਜਾਨ ਭਏ ਹਮ ਬਾਵਰ ਸੋਚ ਅਸੋਚ ਦਿਵਸ ਜਾਹੀ,
ਇੰਦ੍ਰੀ ਸਬਲ ਨਿਬਲ ਬਿਬੇਕ ਬੁਧੀ ਪਰਮਾਰਥ ਪਰਵੇਸ ਨਾਹੀ।[30 ਏ]

(2) ਕਹੁ ਰਵਿਦਾਸ ਸਭੈ ਨਹੀਂ ਸਮਝਸਿ, ਭੂਲ ਪਰੇ ਜੈਸੇ ਬਉਰੇ।
ਮੋਹਿ ਆਧਰੁ ਨਾਮ ਨਰਾਇਨ, ਜੀਵਨ ਪ੍ਰਾਨ-ਧਨ ਮੋਰੇ।[31]

ਗੁਰੂ ਰਵਿਦਾਸ ਜੀ ਅਨੁਸਾਰ ਕਰਮ ਗਿਆਨ ਆਦਿ ਭਗਤੀ ਪ੍ਰਾਪਤੀ ਲਈ ਆਰੰਭਿਕ ਅਵਸਥਾਵਾਂ ਹਨ। ਇਹ ਦੋਵੇਂ ਅਵਸਥਾਵਾਂ ਭਗਤੀ ਦੀਆਂ ਵਿਰੋਧੀ ਨਹੀਂ, ਸਗੋਂ ਦੋ ਪੜਾਉ ਹਨ। ਗੁਰੂ ਜੀ ਲਿਖਦੇ ਹਨ ਕਿ ਕਰਮ ਧਰਮ ਇਸ ਲਈ ਹਨ, ਕਿ ਸੋਝੀ ਆ ਜਾਵੇ ਅਤੇ ਗਿਆਨ ਦਾ ਚਾਨਣ ਹੋ ਜਾਵੇ ਅਤੇ ਗਿਆਨਤਾ ਜੋ ਦਵੈਤ ਨੂੰ ਗੁਆ ਕੇ ਏਕਵਾਦ ਦੇ ਮੰਡਲ ਵਿਚ ਲੈ ਜਾਵੇ। ਸਾਰੀ ਫੁਲਵਾੜੀ ਫਲ ਦੀ ਖਾਤਰ ਵਿਗਸਦੀ ਹੈ ਜਦੋਂ ਫੁੱਲ ਝੜ ਜਾਂਦੇ ਹਨ ਤਾਂ ਫਲ ਵਿਚ ਤਬਦੀਲ ਹੋ ਜਾਂਦੇ ਹਨ। ਇਸੇ ਤਰ੍ਹਾਂ ਜੀਵ ਅਤੇ ਪ੍ਰਭੂ ਵਿਚ ਅਦ੍ਵੈਤ ਸਥਾਪਿਤ ਕਰਨ ਲਈ ਸਭ ਕੁਝ ਕੀਤਾ ਜਾਂਦਾ ਹੈ। ਜਦੋਂ ਭੇਦ ਖੁਲ੍ਹ ਜਾਂਦਾ ਹੈ ਫਿਰ ਉਪਾਸਨਾ ਕਰਮਾਂ ਦੀ ਜ਼ਰੂਰਤ ਨਹੀ ਰਹਿੰਦੀ। ਜਿਵੇਂ ਮਖਣ ਆਉਣ ਤੇ ਦੁੱਧ ਰਿੜਕਣ ਦਾ ਚੱਕਰ ਖਤਮ ਹੋ ਜਾਂਦਾ ਹੈ ਇਸ ਤਰ੍ਹਾਂ ਗਿਆਨ ਪ੍ਰਾਪਤ ਹੋਣ ਤੇ ਕਰਮਾਂ ਦੀ ਮਹੱਤਤਾ ਖ਼ਤਮ ਹੋ ਜਾਂਦੀ ਇਹ ਕੇਵਲ ਗਿਆਨ ਪ੍ਰਾਪਤੀ ਤਕ ਹੀ ਸੀਮਤ ਰਹਿੰਦੇ ਹਨ। ਗੁਰੂ ਜੀ ਲਿਖਦੇ ਹਨ:

ਫਲ ਕਾਰਨ ਫੂਲੀ ਬਨ ਰਾਇ, ਫਲੁ ਲਾਗਾ ਤਬ ਫੂਲੁ ਬਿਲਾਇ।
ਗਿਆਨੈ ਕਾਰਨ ਕਰਮ ਅਭਿਆਸੁ, ਗਿਆਨ ਭਇਆ ਤਹ ਕਰਮਹ ਨਾਸੁ।
ਘ੍ਰਿਤ ਕਾਰਨ ਦਧਿ ਮਥੈ ਸਇਆਨ, ਜੀਵਨ ਮੁਕਤਿ ਸਦਾ ਨਿਰਬਾਨ।[32]

ਗੁਰੂ ਜੀ ਭਗਤੀ ਦਾ ਮਹੱਤਵ ਦਰਸਾਉਂਦੇ ਕਹਿੰਦੇ ਹਨ ਕਿ ਗਿਆਨ, ਜੋਗ ਅਤੇ ਵੈਰਾਗ ਭਗਤੀ ਨਹੀਂ ਹਨ। ਭਗਤੀ ਦਾ ਖੇਤਰ ਵਿਸ਼ਾਲ ਹੈ। ਇਹ ਆਪੇ ਵਿਚ ਬਾਕੀ ਮਾਰਗਾਂ ਨੂੰ ਵੀ ਸਮਾ ਲੈਂਦੀ ਹੈ। ਇਸ ਤਰ੍ਹਾਂ ਇਹ ਸਭ ਤੋਂ ਨਿਆਰੀ ਹੈ। ਉਹ ਲਿਖਦੇ ਹਨ:

(1) ਭਗਤਿ ਨ ਰਸ ਦਾਨ, ਭਗਤੀ ਨ ਕਥੈ ਗਿਆਨ।[33]

(2) ਕਰਣੀ ਕਥਨੀ ਗਿਆਨ ਅਚਾਰਾ ਭਗਤਿ ਇਨਹੂੰ ਸੇ ਨਿਆਰੀ।
ਦੋਇ ਘੋੜਾ ਚਢਿ ਕਉ ਨ ਪਹੁਤੇ, ਸਤਿਗੁਰੂ ਕਹੈ ਪੁਕਾਰੀ।[34]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਭਾਵੇਂ ਗੁਰੂ ਜੀ ਨੇ ਬਾਣੀ ਵਿਚ ਗਿਆਨ ਮਾਰਗ ਦਾ ਮਹੱਤਵ ਅੰਕਿਤ ਕੀਤਾ ਹੈ ਪਰ ਇਹ ਅੰਤਿਮ ਤੇ ਇਕੋ ਇਕ ਮਾਰਗ ਨਹੀਂ ਹੈ। ਜਿਥੇ ਤਕ ਗਿਆਨ ਉਨ੍ਹਾਂ ਦੇ ਅਨੁਭਵ ਅਤੇ ਭਾਉ-ਪ੍ਰੇਮ ਨਾਲ ਮੇਲ ਖਾਂਦਾ ਹੈ ਅਤੇ ਉਨ੍ਹਾਂ ਦੀ ਭਗਤੀ ਨੂੰ ਪੁਸ਼ਟ ਕਰਦਾ ਹੈ, ਉਥੋਂ ਤਕ ਉਨ੍ਹਾ ਨੇ ਗਿਆਨ ਅੰਸ਼ ਪ੍ਰਵਾਨ ਕੀਤਾ ਹੈ। ਗੁਰੂ ਜੀ ਭਗਤੀ ਨੂੰ ਗਿਆਨ ਨਾਲੋਂ ਵਧੇਰੇ ਮਹੱਤਵ ਦਿੰਦੇ ਹਨ। ਗਿਆਨ ਮਾਰਗ ਸਾਧਨ ਰੂਪ ਵਿਚ ਹੀ ਉਜਾਗਰ ਹੋਇਆ ਹੈ। ਪਰੰਤੂ ਸਾਧਯ ਰੂਪ ਵਿਚ ਭਗਤੀ ਹੀ ਪ੍ਰਮੁਖ ਹੈ।

ਡਾ. ਸਿੰਗਲ ਅਨੁਸਾਰ ਗੁਰੂ ਰਵਿਦਾਸ ਬਾਣੀ ਵਿਚ "ਗਿਆਨ ਕਰਮ ਤੇ ਭਗਤੀ ਦਾ ਸੁਮੇਲ ਹੈ।" ਉਨ੍ਹਾਂ ਨੇ ਤਿੰਨਾਂ ਮਾਰਗ ਦੀਆਂ ਵਿਸ਼ੇਸ਼ਤਾਵਾਂ ਅਤੇ ਮਹੱਤਵ ਨੂੰ ਪ੍ਰਤਿਪਾਦਤ ਕੀਤਾ ਹੈ ਅਤੇ ਅੰਤ ਵਿਚ ਭਗਤੀ ਦੀ ਸਰਵੋਚਤਾ ਨੂੰ ਦਰਸਾਇਆ ਹੈ। ਉਨ੍ਹਾਂ ਅਨੁਸਾਰ ਗਿਆਨ ਅਤੇ ਕਰਮ ਮਾਰਗ ਪ੍ਰਭੂ ਪ੍ਰਾਪਤੀ ਲਈ ਦੋ ਪਉੜੀਆਂ ਹਨ ਇਨ੍ਹਾਂ ਤੇ ਚੜ੍ਹਕੇ ਹੀ ਭਗਤੀ ਦੇ ਪੌੜੇ ਤੇ ਪੈਰ ਰਖ ਹੁੰਦਾ ਹੈ। ਜਦੋਂ ਸਾਧਕ ਅੰਤਿਮ ਭਗਤੀ ਦੀ ਅਵਸਥਾ ਵਿਚ ਪਹੁੰਚ ਜਾਂਦਾ ਹੈ ਤਾਂ ਉਸ ਵਿਚ ਸਭ ਗੁਣ ਘਰ ਕਰ ਜਾਂਦੇ ਹਨ ਤੇ ਉਸਨੂੰ ਫਿਰ ਪਹਿਲੇ ਮਾਰਗਾਂ ਤੇ ਚਲਣ ਦੀ ਜ਼ਰੂਰਤ ਨਹੀਂ ਰਹਿੰਦੀ।

## 2.5. ਯੋਗ ਮਾਰਗ

ਯੋਗ ਸ਼ਬਦ ਦੀ ਸੰਸਕ੍ਰਿਤ ਦੀ 'ਯੁਜ' ਧਾਤੂ ਤੋਂ ਵਿਉਤਪੱਤੀ ਹੋਈ ਹੈ। ਯੁਜ ਦਾ ਅਰਥ ਹੈ ਯੁਕਤ ਹੋ ਜਾਣਾ ਜਾਂ ਜੁੜ ਜਾਣਾ। ਇਸ ਦਾ ਸਾਧਾਰਨ ਅਰਥ ਸਾਧਨਾ ਵੀ ਲਿਆ ਜਾਂਦਾ ਹੈ। ਇਸ ਤਰ੍ਹਾਂ ਇਸਦਾ ਅਰਥ ਜੀਵ ਦੇ ਚਿੱਤ ਦਾ ਪ੍ਰਭੂ ਵਿਚ ਜੁੜਨਾ ਹੈ ਜਾਂ ਹੋਰ ਵੀ ਵਿਸਤ੍ਰਿਤ ਅਰਥਾਂ ਵਿਚ ਇਸ ਦਾ ਭਾਵ ਹੈ ਜੀਵਾਤਮਾ ਦਾ ਪਰਮਾਤਮਾ ਵਿਚ ਲੀਨ ਹੋਣਾ।

ਯੋਗ ਪੂਰਵ ਵੈਦਿਕ ਭਗਤੀ, ਭਾਰਤੀ ਦਰਸ਼ਨ ਅਤੇ ਹਿੰਦੂ ਧਰਮ-ਸਾਧਨਾ ਦੇ ਪ੍ਰਮੁਖ ਭਗਤੀ-ਮਾਰਗ ਦੇ ਰੂਪ ਵਿਚ ਪ੍ਰਚਲਿਤ ਰਿਹਾ ਹੈ। ਅਜ ਦੀ ਖੋਜ ਤਕ ਯੋਗ ਮਾਰਗ ਸਭ ਤੋਂ ਪ੍ਰਾਚੀਨ ਸਾਧਨਾ-ਮਾਰਗ ਹੈ। ਜਿਵੇਂ ਅਸੀਂ ਪਹਿਲੇ ਅਧਿਆਇ ਵਿਚ ਵਿਚਾਰ ਕਰ ਆਏ ਹਾਂ ਰਿਗਵੇਦ ਕਾਲ ਤੋਂ ਪਹਿਲੀ ਸਿੰਧ ਘਾਟੀ ਦੀ ਸਭਿਅਤਾ ਵਿਚ ਯੋਗ ਸੰਬੰਧੀ ਕਾਫ਼ੀ ਸੰਕੇਤ ਮਿਲੇ ਹਨ ਜਿਸ ਤੋਂ ਯੋਗ ਮਾਰਗ ਸੰਬੰਧੀ ਜਾਣਕਾਰੀ ਪ੍ਰਾਪਤ ਹੋਈ ਹੈ। ਯੋਗ ਮਾਰਗ ਦੀ ਪ੍ਰਤੀਨਿਧ ਰਚਨਾ ਪਾਤੰਜਲੀ ਰਿਸ਼ੀ ਦਾ "ਯੋਗ-ਸੂਤ੍ਰ" ਗ੍ਰੰਥ ਹੈ। ਇਸ ਵਿਚ ਅਸ਼ਟਾਂਗ-ਯੋਗ-ਮਾਰਗ ਦਾ ਵਿਸ਼ੇਸ਼ ਮਹੱਤਵ ਹੈ। ਪਾਤੰਜਲੀ ਦੇ ਯੋਗ-ਸੂਤ੍ਰ ਗ੍ਰੰਥ ਵਿਚ ਚਿੱਤ-ਵਿਰਤੀਆਂ ਦੇ ਨਿਰੋਧ ਨੂੰ ਯੋਗ ਕਿਹਾ ਗਿਆ ਹੈ।[1]

ਵੈਦਿਕ ਯੁਗ ਵਿਚ ਵੀ ਯੋਗ ਮਾਰਗ ਰਿਸ਼ੀਆਂ ਮੁਨੀਆਂ ਲਈ ਵਿਸ਼ੇਸ਼ ਖਿੱਚ ਦਾ ਕਾਰਨ ਰਿਹਾ। ਰਿਗਵੇਦ[2] ਅਤੇ ਅਥਰਵ ਵੇਦ[3] ਵਿਚ ਵੀ ਯੋਗ-ਮਾਰਗ ਨੂੰ ਵਿਸ਼ੇਸ਼ ਪ੍ਰਤਿਸ਼ਠਾ ਪ੍ਰਾਪਤ ਸੀ।

ਉਪਨਿਸ਼ਦਾਂ ਵਿਚ ਸਥਿਰ-ਇੰਦਰੀਆਂ ਧਾਰਨ ਨੂੰ ਯੋਗ ਕਿਹਾ ਗਿਆ ਹੈ।[4] ਸ਼ਵੇਤਾਸ਼ਵਤਰੋਪਨਿਸ਼ਦ ਵਿਚ ਯੋਗ-ਸਾਧਨਾ ਸੰਬੰਧੀ ਵਰਣਨ ਹੈ ਕਿ ਬੁੱਧੀਮਾਨ ਸਾਧਕ ਸਮਾਧੀ ਅਵਸਥਾ ਵਿਚ ਬੈਠ ਕੇ, ਸਾਰੀਆਂ ਇੰਦਰੀਆਂ ਨੂੰ ਮਨ ਦੇ ਦੁਆਰਾ ਹਿਰਦੇ ਵਿਚ ਨਿਰੁੱਧ ਕਰਕੇ ਓਂਕਾਰ ਰੂਪ ਬੇੜੀ ਦੁਆਰਾ ਸੰਪੂਰਨ ਭਯੰਕਾਰਾਂ ਨੂੰ ਪਾਰ ਕਰ ਸਕਦਾ ਹੈ।[5]

ਗੀਤਾ ਵਿਚ ਸੰਯਤ ਮਨ ਦਾ ਆਤਮਾ ਵਿਚ ਸਥਿਰ ਹੋ ਜਾਣਾ ਯੋਗ ਕਿਹਾ ਗਿਆ ਹੈ। "ਜਦੋਂ ਸਭ ਤਰਫ਼ ਤੋਂ ਰੋਕਿਆ ਹੋਇਆ ਚਿਤ ਆਤਮਾ ਵਿਚ ਹੀ ਸਥਿਤ ਹੁੰਦਾ ਹੈ ਤਾਂ ਉਸ ਵਿਚੋਂ ਸਭ ਭੋਗਾਂ ਸੰਬੰਧੀ ਇੱਛਾ ਨਿਰੂਪ ਹੋ ਜਾਂਦੀ ਹੈ ਤਾਂ ਉਸ ਨੂੰ ਯੋਗੀ ਜਾਂ ਯੁਕਤ ਕਿਹਾ ਜਾਂਦਾ ਹੈ।"[6] ਇਸ ਤਰ੍ਹਾਂ ਮਨੋਵਿਰਤੀਆਂ ਦੇ ਨਿਵਿਰਤ ਹੋਣ ਨਾਲ ਵਾਯੂ-ਰਹਿਤ ਸਥਾਨ ਤੇ ਰਖੇ ਦੀਪਕ

ਵਾਂਗ ਆਤਮਾ ਨਿਸ਼ਚਲ ਅਤੇ ਗਿਆਨ ਦੇ ਪ੍ਰਕਾਸ਼ ਨਾਲ ਯੁਕਤ ਹੋ ਜਾਂਦੀ ਹੈ।[7]

ਯੋਗ-ਦਰਸ਼ਨ ਦੇ ਧਿਆਨ-ਯੋਗ ਦਾ ਸਭ ਦਰਸ਼ਨਾਂ ਵਿਚ ਮਹੱਤਵ ਹੈ। ਇਸ ਨੂੰ ਸੰਤ-ਬਾਣੀ ਵਿਚ ਵੀ ਵਿਸ਼ੇਸ਼ ਮਹੱਤਵ ਪ੍ਰਾਪਤ ਹੈ। ਜੀਵਨ ਦੇ ਹਰ ਖੇਤਰ ਵਿਚ ਖ਼ਾਸ ਕਰਕੇ ਅਧਿਆਤਮਿਕਤਾ ਵਿਚ ਧਿਆਨ ਦਾ ਬਹੁਤ ਜ਼ਰੂਰੀ ਯੋਗਦਾਨ ਹੈ ਅਤੇ ਇਸ ਦੀ ਪ੍ਰਾਪਤੀ ਯੋਗ ਮਾਰਗ ਤੇ ਚੱਲਕੇ ਹੀ ਹੁੰਦੀ ਹੈ। ਇਸੇ ਤਰ੍ਹਾਂ ਕਿਸੇ ਨਾ ਕਿਸੇ ਰੂਪ ਵਿਚ ਸਿੱਧੇ ਜਾਂ ਅਸਿੱਧੇ ਤੌਰ ਤੇ ਯੋਗ-ਅਭਿਆਸ ਦਾ ਵੀ ਸਭ ਦਰਸ਼ਨਾਂ ਅਤੇ ਸੰਪ੍ਰਦਾਵਾਂ ਨੇ ਅਨੁਕਰਣ ਕੀਤਾ ਹੈ।

ਬੋਧ ਦਰਸ਼ਨ ਵਿਚ ਵੀ ਯੋਗ-ਮਾਰਗ ਦਾ ਵਰਣਨ ਹੈ। ਇਸ ਵਿਚ ਯੋਗ ਅਭਿਆਸ ਤੇ ਬਲ ਦਿੱਤਾ ਗਿਆ ਹੈ। ਬੋਧ ਮਤ ਵਿਚ ਅਸ਼ਟਾਂਗ-ਯੋਗ-ਮਾਰਗ ਦਾ ਮਹੱਤਵਪੂਰਨ ਸਥਾਨ ਹੈ।

ਯੋਗ-ਦਰਸ਼ਨ ਵਿਚ ਯੋਗ-ਮਾਰਗ ਹੀ ਪ੍ਰਮੁੱਖ ਤੌਰ ਤੇ ਮੁਕਤੀ ਦਾ ਸਾਧਨ ਮੰਨਿਆ ਗਿਆ ਹੈ। ਇਸ ਦਰਸ਼ਨ ਅਨੁਸਾਰ ਯੋਗ ਦਾ ਅਰਥ ਹੈ ਸਮਾਧੀ। ਇਸ ਨੂੰ ਚਿੱਤਵਿਰਤੀ ਦਾ ਨਿਰੋਧ ਵੀ ਕਹਿੰਦੇ ਹਨ, ਇਹ ਚਿਤ ਦਾ ਹੀ ਸੁਭਾਵਿਕ ਧਰਮ ਹੈ। ਚਿਤਵਿਰਤੀਆਂ ਨੂੰ ਅਭਿਆਸ ਅਤੇ ਵੈਰਾਗ ਨਾਲ ਕਾਬੂ ਕੀਤਾ ਜਾਂਦਾ ਹੈ। ਵੈਰਾਗੀ ਹੋਣ ਨਾਲ ਕਿਸੇ ਪ੍ਰਕਾਰ ਦੀ ਇੱਛਾ ਨਹੀਂ ਰਹਿੰਦੀ। ਇਸ ਤਰ੍ਹਾਂ ਯੋਗ ਮਾਰਗ ਵਿਚ ਤ੍ਰਿਵਿਧ ਤਾਪ ਤੋਂ ਮੁਕਤੀ ਮਿਲ ਜਾਂਦੀ ਹੈ ਇਸ ਨੂੰ ਕੈਵਲਯ ਕਿਹਾ ਜਾਂਦਾ ਹੈ।

ਨਾਥ ਪੰਥ ਦੇ ਮੋਢੀ ਗੋਰਖ ਨਾਥ ਨੇ ਵੀ ਯੋਗ ਮਾਰਗ ਨੂੰ ਮੁਕਤੀ ਲਈ ਮੁੱਖ ਸਥਾਨ ਦਿੱਤਾ ਸੀ ਤੇ ਮੁਖ ਸਾਧਨ ਦੇ ਤੌਰ ਤੇ ਪ੍ਰਵਾਨ ਕੀਤਾ। ਉਸ ਨੇ ਹਠ ਯੋਗ ਦੀ ਪੁਨਰ-ਸਥਾਪਨਾ ਕੀਤੀ। ਨਾਥ ਪੰਥ ਨੂੰ ਸਿੱਧ ਮਾਰਗ ਵੀ ਕਿਹਾ ਜਾਂਦਾ ਹੈ। ਇਸ ਲਈ ਇਸ ਮਾਰਗ ਵਿਚ ਸਿੱਧੀਆਂ ਦੀ ਪ੍ਰਾਪਤੀ ਲਈ ਯੋਗ ਅਭਿਆਸ ਤੇ ਬਲ ਦਿੱਤਾ ਜਾਂਦਾ ਸੀ। ਡਾ. ਬੀ.ਪੀ. ਸ਼ਰਮਾ ਅਨੁਸਾਰ ਇਨ੍ਹਾਂ ਦੇ ਚਮਤਕਾਰਵਾਦ ਦਾ ਪ੍ਰਭਾਵ ਪੰਦਰਵੀਂ ਸਦੀ ਦੇ ਸੰਤ-ਸਾਹਿਤ ਤੇ ਵੀ ਪਿਆ।[8]

ਇਸ ਮੱਤ ਵਿਚ ਸਹਿਜ-ਅਵਸਥਾ ਦੀ ਪ੍ਰਾਪਤੀ ਯੋਗ-ਸਾਧਨਾ ਰਾਹੀਂ ਕੀਤੀ ਜਾਂਦੀ ਹੈ। ਯੋਗੀ ਈੜਾ ਪਿੰਗਲਾ ਨਾੜੀਆਂ ਦਾ ਸੰਜੋਗ ਕਰਕੇ ਪ੍ਰਾਣ ਵਾਯੂ ਨੂੰ ਸੁਖਮਨਾ ਨਾੜੀ ਵਲ ਪ੍ਰੇਰਿਤ ਕਰਦਾ ਹੈ। ਸੁਖਮਨਾ ਦੇ ਦਵਾਰ ਤੇ ਕੁੰਡਲ ਰੂਪੀ ਸਰਪਣੀ ਆਕਾਰ ਦੀ ਇਕ ਨਾੜੀ ਹੁੰਦੀ ਹੈ ਜਦੋਂ ਇਹ ਜਾਗ੍ਰਿਤ ਹੋ ਜਾਂਦੀ ਹੈ ਤਾਂ ਸੁਖਮਣਾ ਮਾਰਗ ਖੁਲ੍ਹ ਜਾਂਦਾ ਹੈ ਅਤੇ ਪ੍ਰਾਣ ਵਾਯੂ ਇਸ ਦੇ ਰਾਹੀਂ ਬ੍ਰਹਮ ਰੰਧ੍ਰ ਵਲ ਸਰਕਦੀ ਹੈ। ਹਿਰਦੇ ਚਕ੍ਰ ਵਿਚ ਪ੍ਰਾਣ ਵਾਯੂ ਦੇ ਲੰਘਣ ਨਾਲ ਯੋਗੀ ਨੂੰ

ਬ੍ਰਹਮ ਰੰਧ੍ਰ ਵਿਚੋਂ ਅਨਾਹਦ ਨਾਦ ਸੁਣਾਈ ਦਿੰਦਾ ਹੈ। ਇਸ ਨਾਲ ਸ਼ਾਂਤ ਚਿਤ ਅਵਸਥਾ ਪ੍ਰਾਪਤ ਹੁੰਦੀ ਹੈ। ਇਸ ਤੋਂ ਇਲਾਵਾ ਇਸ ਸੰਪ੍ਰਦਾਇ ਵਿਚ ਹੋਰ ਵੀ ਯੋਗਿਕ ਪ੍ਰਕਿਰਿਆਵਾਂ ਪ੍ਰਚਲਿਤ ਰਹੀਆਂ ਹਨ। ਵਿਚਾਰਾਂ ਦੀ ਭਿੰਨਤਾ ਦੇ ਫਲਸਰੂਪ ਹੋਰ ਦਰਸ਼ਨਾਂ ਵਿਚੋਂ ਉਪਜੀਆਂ ਸੰਪ੍ਰਦਾਵਾਂ ਦੀ ਤਰ੍ਹਾਂ, ਯੋਗ ਮਾਰਗ ਵੀ ਅਗੋਂ ਸ਼ਾਖਾਂ ਵਿਚ ਵੰਡਿਆ ਗਿਆ। ਇਸ ਤਰ੍ਹਾਂ ਅਸ਼ਟਾਂਗ ਯੋਗ ਰੂਪੀ ਰੁੱਖ ਨੂੰ ਮੰਤਰ, ਲਯ, ਹਠ ਅਤੇ ਰਾਜਯੋਗ ਰੂਪੀ ਟਹਿਣੀਆਂ ਲਗੀਆਂ।[9]

ਅਸ਼ਟਾਂਗ-ਯੋਗ

ਪਤੰਜਲੀ ਨੇ ਯੋਗ-ਮਾਰਗ ਵਿਚ ਸਿੱਧੀ ਪ੍ਰਾਪਤ ਕਰਨ ਲਈ ਅਠ ਅੰਗਾਂ ਦਾ ਵਰਣਨ ਕੀਤਾ ਹੈ। ਇਹ ਸਾਧਨਾ ਚਿਤਵਿਰਤੀਆਂ ਦੇ ਵਿਰੋਧ ਲਈ ਕੀਤੀ ਜਾਂਦੀ ਹੈ। ਪਤੰਜਲੀ-ਯੋਗ ਦਰਸ਼ਨ ਅਨੁਸਾਰ ਇਸ ਦੇ ਅੰਗ ਹਨ - ਯਮ, ਨਿਯਮ, ਆਸਨ, ਪ੍ਰਾਣਾਯਾਮ, ਪ੍ਰਤਯਾਹਾਰ, ਧਾਰਨਾ, ਧਿਆਨ ਅਤੇ ਸਮਾਧੀ। ਇਨ੍ਹਾਂ ਵਿਚ ਪਹਿਲੇ ਪੰਜ ਅੰਗ ਯੋਗ ਦੇ ਬਾਹਰੀ ਸਾਧਨ ਕਹੇ ਜਾਂਦੇ ਹਨ ਅਤੇ ਅੰਤਿਮ ਤਿੰਨ ਆਂਤਰਿਕ ਸਾਧਨ ਮੰਨੇ ਜਾਂਦੇ ਹਨ ਇਨ੍ਹਾਂ ਦਾ ਸੰਬੰਧ ਸਮਾਧੀ-ਅਵਸਥਾ ਨਾਲ ਹੈ।

1. ਯਮ

ਯਮ ਦਾ ਅਰਥ ਹੈ ਸੰਯਮ। ਯਮ ਦੇ ਪੰਜ ਭੇਦ ਹਨ - ਅਹਿੰਸਾ, ਸਤਿ, ਅਸਤੇਯ (ਚੋਰੀ ਨਾ ਕਰਨਾ), ਬ੍ਰਹਮਾਚਰਯ, ਅਪਰਿਗ੍ਰਹ (ਲੋਭ-ਵਸ ਬੇਲੋੜੀਆਂ ਵਸਤਾਂ ਦਾ ਸੰਗ੍ਰਹਿ ਨਾ ਕਰਨਾ)[10] ਹਠ-ਯੋਗ ਪ੍ਰਦੀਪਿਕਾ ਵਿਚ ਯਮਾਂ ਦੀ ਸੰਖਿਆ ਦਸ ਦੱਸੀ ਗਈ। ਇਸ ਵਿਚ ਖ਼ਿਮਾ ਕਰਨਾ, ਦਯਾ, ਧੀਰਜ, ਸੁੱਧੀ ਆਦਿ ਸ਼ਾਮਲ ਹਨ।[11]

ਗੁਰੂ ਰਵਿਦਾਸ ਬਾਣੀ ਵਿਚ ਯਮ ਦੇ ਕੁਝ ਭੇਦਾਂ ਦਾ ਅਨੁਕਰਣ ਸਪਸ਼ਟ ਦ੍ਰਿਸ਼ਟੀਗਤ ਹੁੰਦਾ ਹੈ।

(1) ਅਹਿੰਸਾ: ਗੁਰੂ ਜੀ ਦੀ ਬਾਣੀ ਵਿਚ ਅਹਿੰਸਾ ਪ੍ਰਤੀ ਵਿਚਾਰ ਉਪਲਬਧ ਹਨ। ਸਭ ਪ੍ਰਾਣੀਆਂ ਦੇ ਪ੍ਰਤੀ ਦਯਾ ਅਤੇ ਪ੍ਰੇਮ ਭਾਵ ਨਾਲ ਵਰਤਾਉ ਕਰਨਾ ਅਹਿੰਸਾ ਦਾ ਪਾਲਨ ਹੈ।

ਪ੍ਰਾਨੀ ਬਧ ਨਹਿੰ ਕੀ ਜਿਬਹਿ, ਜੀਵ ਬ੍ਰਹਮ ਸਮਾਨ।
ਰਵਿਦਾਸ ਪਾਪ ਨਹਿ ਛੂਟਹਿ ਕਰੋਰ ਗਊਨ ਕਰਿ ਦਾਨ।[12]

(2) ਅਸਤੇਯ: ਗੁਰੂ ਜੀ ਨੇ ਹਰ ਤਰ੍ਹਾਂ ਦੀ ਲੁਟ ਖਸੁਟ ਸੰਬੰਧੀ ਆਪਣੇ ਵਿਚਾਰ ਦਿਤੇ ਹਨ ਚਾਹੇ ਇਹ ਧੰਨ ਦੀ ਲੁੱਟ ਹੈ ਜਾਂ ਕਿਸੇ ਦੇ ਆਦਰ ਮਾਣ ਦੀ ਜਾਂ ਜੀਵਨ ਦੇ ਕਿਸੇ ਹੋਰ ਪਹਿਲੂ ਨਾਲ ਸੰਬੰਧਤ ਵਸਤੂ ਦੀ:

ਥੋਰੇ ਹੀ ਥੋਰੇ ਮੂਸਿਏ ਪਰਾਯੋ ਧਨਾ
ਕਹੈ ਰਵਿਦਾਸ ਸੁਨਹੁ ਸੰਤ ਜਨਾ।।[13]

(3) ਸਤਿ: ਗੁਰੂ ਜੀ ਨੇ ਜੀਵਨ ਵਿਚ ਸਤਿ ਦਾ ਅਨੁਕਰਣ ਕੀਤਾ ਅਤੇ ਸਤਿ ਮਾਰਗ ਤੇ ਚਲਣ ਦੀ ਪ੍ਰੇਰਣਾ ਦਿਤੀ:

ਦੇਵਸਤਿ ਮਤਿ ਸਤਿ ਪ੍ਰੀਤ ਸਤਿ ਮਨ ਅਮਲ
ਮਨ ਬਚ ਕਰਮਨ ਅਰੂ ਅਬਲੰਬਨ ਨਹੀਂ ਮੋਰੈ।[14]

(4) ਅਪਰਿਗ੍ਰਹਿ: ਗੁਰੂ ਜੀ ਨੇ ਸਵਾਰਥ ਹਿੱਤ ਕਿਸੇ ਵਸਤੂ ਦੇ ਸੰਚਿਤ ਕਰਨ ਪ੍ਰਤੀ ਵੀ ਆਵਾਜ਼ ਉਠਾਈ। ਉਨ੍ਹਾਂ ਨੇ ਤਾਂ ਆਪਣੇ ਜੀਵਨ ਵਿੱਚੋਂ ਮਾਇਆ ਦਾ ਤਿਆਗ ਕਰਕੇ ਇਸ ਦੀ ਪ੍ਰਤਿਸ਼ਠਤਾ ਕੀਤੀ।

(1) ਕਵਨ ਕਾਜ ਕਿਰਪਨ ਕੀ ਮਾਯਾ, ਕਰਤ ਫਿਰਤ ਅਪਨੀਂ ਅਪਨੀਂ ਹੈ।
ਖਾਈ ਨ ਸਕੈ ਖਰਚ ਨਹਿੰ ਜਾਨੈ, ਜਿਉਂ ਭਵੰਗ ਸਿਰ ਰਹਤ ਮਨੀ ਹੈ।[15]

(2) ਜਨ ਰਵਿਦਾਸ ਰਾਮ ਨਿਤ ਮੇਟਹਿ, ਰਹਿ ਸੰਜਮ ਜਾਗਿਤ ਪਹਰਾ ਰੇ।[15 ਏ]

ਗੁਰੂ ਰਵਿਦਾਸ ਜੀ ਨੇ ਯਮ ਦੇ ਕੇਵਲ ਚਾਰ ਸਾਧਨਾਂ ਦੀ ਵਰਤੋਂ ਕੀਤੀ ਹੈ। ਇਹ ਅਜਿਹੇ ਸਾਧਨ ਹਨ ਜਿਨ੍ਹਾਂ ਦੀ ਭਗਤੀ ਵਿਚ ਵੀ ਜ਼ਰੂਰਤ ਪੈਂਦੀ ਹੈ। ਇਨ੍ਹਾਂ ਦਾ ਸਿੱਧਾ ਸੰਬੰਧ ਨੈਤਿਕ ਸੁਧੀ ਨਾਲ ਹੈ। ਗੁਰੂ ਰਵਿਦਾਸ ਜੀ ਨੂੰ ਯਮ ਦਾ ਪੰਜਵਾਂ ਸਾਧਨ ਪੂਰਨ ਤੌਰ ਤੇ ਸਵੀਕਾਰ

ਨਹੀਂ। ਉਹ ਇਸ ਦੇ ਕੁਝ ਹੱਦ ਤਕ ਵਿਰੋਧ ਵਿਚ ਵੀ ਲਿਖਦੇ ਹਨ:

ਭ੍ਰਮ ਇੰਦ੍ਰੀ ਨਿਗ੍ਰਹ ਕੀਯਾ, ਭ੍ਰਮ ਗੁਹਾ ਮੈਂ ਬਾਸ।[16]

ਕਿਸੇ ਖ਼ਾਸ ਸੀਮਾ ਤਕ ਗੁਰੂ ਜੀ ਬ੍ਰਹਮਾਚਰਯ ਜੀਵਨ ਦੇ ਹੱਕ ਵਿਚ ਵੀ ਹਨ ਕਿਉਂਕਿ ਗ੍ਰਹਿਸਥੀ ਜੀਵਨ ਵਿਚ ਵਧੇਰੇ ਰੁਝਣਾ ਵੀ ਭਗਤੀ ਲਈ ਰੁਕਾਵਟ ਬਣਦਾ ਹੈ। ਗੁਰੂ ਜੀ ਇਸ ਵਿਸ਼ੇ ਤੇ ਮਾਧਮਿਕ ਮਾਰਗ ਅਪਨਾਉਣ ਦਾ ਸੰਦੇਸ਼ ਦਿੰਦੇ ਹਨ। ਉਹ ਅਪਰੋਖ ਰੂਪ ਵਿਚ ਬ੍ਰਹਮਾਚਰਯ ਦੇ ਅਨੁਕਰਣ ਦਾ ਨਿਰਦੇਸ਼ ਵੀ ਦਿੰਦੇ ਹਨ ਪ੍ਰੰਤੂ ਜੋਗੀਆਂ ਵਾਂਗ ਨਹੀਂ ਉਨ੍ਹਾਂ ਦਾ ਸੰਦੇਸ਼ ਹੈ "ਅੰਜਨ ਮਾਹਿ ਨਿਰੰਜਨ" ਜਾਂ ਇਸ ਸੰਸਾਰ ਵਿਚ ਕਮਲ ਫੁਲ ਵਾਂਗ ਨਿਰਲੇਪ ਰਹਿਣਾ ਤਾਂ ਕਿ ਬ੍ਰਹਮ ਪ੍ਰਾਪਤੀ ਲਈ ਅਗੇ ਵਧਿਆ ਜਾ ਸਕੇ।

(1) ਧਨ ਦਾਰਾ ਮਹਿ ਰਹਿਯੋ ਲਪਟਾਨੋ, ਆਪਹੁ ਨਹਿੰ ਸੁਧਿ ਵਾ ਛਨ ਕੀ।[17]

(2) ਧਨ ਦਾਰਾ ਮਹਿ ਰਹਿਯੋ ਮਗਨ ਨਿਤ,
ਗੁਨਯੋ ਨ ਮਿਚੁ ਕੌ ਤਾਪ।[18]

੨. ਨਿਯਮ

ਨਿਯਮ ਉਸ ਤਪਸਿਆ ਨੂੰ ਕਹਿੰਦੇ ਹਨ ਜਿਸ ਦੁਆਰਾ ਸਦਾਚਾਰ ਦਾ ਪਾਲਨ ਹੁੰਦਾ ਹੈ। ਇਹ ਜ਼ਿੰਦਗੀ ਦਾ ਲਕਸ਼ ਪ੍ਰਾਪਤ ਕਰਨ ਲਈ ਜੀਵਨ ਵਿਚ ਅਪਨਾਇਆ ਵਿਸ਼ੇਸ਼ ਅਨੁਸ਼ਾਸ਼ਨ ਹੈ। ਇਸ ਦੇ ਅਨੁਕਰਨ ਨਾਲ ਮਨ ਅਤੇ ਸ਼ਰੀਰ ਦੀ ਸੁਧੀ ਹੁੰਦੀ ਹੈ। ਯੋਗ ਸੂਤ੍ਰ ਅਨੁਸਾਰ ਇਸਦੇ ਪੰਜ ਭੇਦ ਹਨ। ਸ਼ੌਚ (ਸਰੀਰਿਕ ਅਤੇ ਮਾਨਸਿਕ ਸੁਧੀ, ਸੰਤੋਖ, ਤਪ : ਗਰਮੀ ਸਰਦੀ ਸਹਿਣ ਕਰਨ ਦਾ ਅਭਿਆਸ, ਕਠੋਰ ਵਰਤ ਪਾਲਨ ਆਦਿ), ਸ੍ਵਾਧਿਆਇ (ਨਿਯਮ ਪੂਰਵਕ ਧਰਮ ਗ੍ਰੰਥਾਂ ਦਾ ਅਧਿਅਨ), ਈਸ਼ਵਰ ਪ੍ਰਣਿਧਾਨ (ਈਸ਼ਵਰ ਦਾ ਧਿਆਨ ਅਤੇ ਉਸ ਵਿਚ ਸਭ ਕਰਮਾਂ ਦਾ ਸਮਰਪਣ)[19]

## ਸ਼ੌਚ

ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਸਰੀਰਿਕ ਸੁਧੀ ਦੀ ਭਾਵਨਾ ਸੰਬੰਧੀ ਅਪਰਿਗ੍ਰਹ ਦੇ ਅੰਤਰਗਤ ਆ ਚੁੱਕਾ ਹੈ। ਉਨ੍ਹਾਂ ਨੇ ਮਾਨਸਿਕ ਸ਼ੁੱਧੀ ਬਾਰੇ ਵੀ ਬੱਲ ਦਿੱਤਾ। ਉਹ ਲਿਖਦੇ ਹਨ ਕਿ ਤਨ ਦੀ ਸੁਧੀ ਤੋਂ ਬਿਨਾਂ ਭਗਤੀ ਹੋ ਹੀ ਨਹੀਂ ਸਕਦੀ।

ਭਗਤਿ ਨ ਹੋਇ ਰੇ ਨ ਹੋਈ, ਜਬ ਲਗ ਤਨ ਸੁਧ ਨ ਹੋਇ।[20]

ਇਸਦੇ ਨਾਲ ਹੀ ਗੁਰੂ ਰਵਿਦਾਸ ਜੀ ਭੇਖੀ ਯੋਗੀਆਂ ਪ੍ਰਤੀ ਵਿਅੰਗ ਕਸਦੇ ਲਿਖਦੇ ਹਨ ਕਿ ਜੇਕਰ ਸੱਚ ਨੂੰ ਨਹੀਂ ਪਹਿਚਾਨਿਆ ਤਾਂ ਜੋਗੀ ਦੇ ਸਭ ਕੀਤੇ ਕਰਮ ਭਰਮ ਹਨ। ਇਥੋ ਤਕ ਕੇ ਅਜਿਹੀ ਅਵਸਥਾ ਵਿਚ ਸਰੀਰ ਦੀ ਸੁਧੀ ਅਤੇ ਭਗਤੀ ਵੀ ਭਰਮ ਬਣ ਜਾਂਦੀ ਹੈ:

ਭਾਈ ਰੇ! ਭ੍ਰਮ ਭਗਤਿ ਸੂੰ ਜਾਨਿ
ਜੌ ਲੌਂ ਨਹੀਂ ਸਾਂਚ ਸੂੰ ਪਹਿਚਾਨਿ॥ ਟੇਕ॥

... ... ...

ਭ੍ਰਮ ਸੁਧ ਸਰੀਰ ਜੌ ਲੌਂ ਭ੍ਰਮ ਨਾਂਵ ਬਿਨਾਉ।[21]

ਇਸ ਤਰ੍ਹਾਂ ਗੁਰੂ ਜੀ ਦਾ ਸ਼ੌਚ ਸੰਬੰਧੀ ਦ੍ਰਿਸ਼ਟੀਕੋਣ ਯੋਗ-ਮਾਰਗ ਦੇ ਨਾਲ ਬਹੁਤਾ ਮੇਲ ਨਹੀਂ ਖਾਂਦਾ। ਕਿਉਂਕਿ ਜਿਥੇ ਯੋਗੀ ਤਨ ਤੇ ਮਨ ਦੀ ਸੁਧੀ ਲਈ ਸਮਾਜ ਤੋਂ ਭਾਂਜਵਾਦੀ ਰੁਚੀ ਰਖਦੇ ਹਨ ਉਥੇ ਗੁਰੂ ਜੀ ਸਮਾਜ ਵਿਚ ਰਹਿ ਕੇ ਚੰਗੀਆਂ ਸਦਾਚਾਰਕ ਕੀਮਤਾਂ ਅਪਨਾ ਕੇ ਤਨ ਮਨ ਦੀ ਸੁਧੀ ਦੇ ਹੱਕ ਵਿਚ ਹਨ। ਪ੍ਰਭੂ ਸਿਮਰਨ ਤੋਂ ਬਿਨਾਂ ਕੇਵਲ ਤਨ-ਮਨ ਦੀ ਸੁਧੀ ਨੂੰ ਤਾਂ ਉਹ ਭਰਮ ਭਗਤੀ ਕਹਿੰਦੇ ਹਨ।

## ਸੰਤੋਖ

ਗੁਰੂ ਜੀ ਦਾ ਜੀਵਨ ਸੰਤੋਖ ਭਰਪੂਰ ਸੀ। ਉਨ੍ਹਾਂ ਨੇ ਜੀਵਨ ਵਿਚੋਂ ਮਾਇਆ ਦਾ ਤਿਆਗ ਕੀਤਾ ਹੋਇਆ ਸੀ। ਗੁਰੂ ਅਰਜਨ ਦੇਵ ਜੀ ਨੇ ਵੀ ਇਸ ਗੁਣ ਕਾਰਨ ਹੀ ਆਪ ਦੀ ਉਸਤਤ ਕੀਤੀ ਹੈ। ਉਹ ਲਿਖਦੇ ਹਨ:

ਰਵਿਦਾਸ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ।
ਪਰਗਟੁ ਹੋਆ ਸਾਧ ਸੰਗਿ ਹਰਿ ਦਰਸਨੁ ਪਾਇਆ।[22]

ਗੁਰੂ ਜੀ ਅਨੁਸਾਰ ਮਨੁਖ ਰੋਟੀ ਦੀ ਖਾਤਰ ਹੀ ਸੰਤੋਖ ਦਾ ਪਲਾ ਛਡਦਾ ਹੈ। ਜਦੋਂ ਉਹ ਪਰਮਾਤਮਾ ਸਭ ਨੂੰ ਰਿਜਕ ਪਹੁੰਚਾਉਂਦਾ ਹੈ ਤਾਂ ਫਿਰ ਅਸੰਤੋਖ ਦੀ ਕੀ ਜ਼ਰੂਰਤ ਹੈ। ਉਹ ਲਿਖਦੇ ਹਨ:

ਜਿਨਿ ਜੀਵ ਦਿਯਾ ਸੋ ਰਿਜਕ ਉਮਗਾਵੈ।
ਘਟ ਘਟ ਭੀਤਰਿ ਰਹਟ ਚਲਾਵੈ।[23]

ਸਾਧਿਆਇ

ਇਸ ਦੇ ਅੰਤਰਗਤ ਧਰਮ ਗ੍ਰੰਥਾਂ ਦਾ ਨਿਯਮਪੂਰਵਕ ਅਧਿਅਨ ਆਉਂਦਾ ਹੈ। ਗੁਰੂ ਜੀ ਦੀ ਭਗਤੀ ਸਾਧਿਆਇ ਤੇ ਆਧਾਰਿਤ ਹੈ। ਉਨ੍ਹਾਂ ਦੀ ਬਾਣੀ ਇਸ ਗਲ ਦੀ ਸੂਚਕ ਹੈ ਕਿ ਉਨ੍ਹਾਂ ਨੇ ਵੇਦਾਂ, ਉਪਨਿਸ਼ਦਾਂ, ਭਾਗਵਤ ਦਾ ਅਧਿਅਨ ਕੀਤਾ ਸੀ। ਨਿਯਮਪੂਰਵਕ ਧਰਮ ਗ੍ਰੰਥਾਂ ਦਾ ਅਧਿਅਨ ਇਕ ਤਰ੍ਹਾਂ ਦਾ ਨਾਮ, ਬਾਣੀ ਦਾ ਬਾਰ ਬਾਰ ਸਿਮਰਨ ਹੈ ਤਾਂ ਕਿ ਕਰਤੱਵ, ਅਕਰਤੱਵ, ਸਤਿਕਰਮ, ਕੁਕਰਮ ਦੀ ਜਾਣਕਾਰੀ ਹੋ ਸਕੇ। ਗੁਰੂ ਰਵਿਦਾਸ ਜੀ ਨੂੰ ਕੇਵਲ ਗ੍ਰੰਥਾਂ ਦਾ ਪਠਨ-ਪਾਠਨ ਸਵੀਕਾਰ ਨਹੀਂ ਉਹ ਅਧਿਆਤਮਿਕ ਵਿਚਾਰਧਾਰਾ ਨੂੰ ਸਮਾਜ-ਕਲਿਆਣ ਹਿੱਤ ਵਿਵਹਾਰਿਕ ਰੂਪ ਦੇਣਾ ਚਾਹੁੰਦੇ ਹਨ। ਉਹ ਸਪਸ਼ਟ ਲਿਖਦੇ ਹਨ ਕਿ:

ਸਾਧੋ! ਕਾ ਸਾਸਤ੍ਰ ਨ ਸੁਨਿ ਕੀਨੈ
ਅੰਨ ਪਾਣਨੀ ਭਗਤਿ ਨਹੀਂ ਸਾਧੀ ਭੂਖੈ ਅੰਨ ਨਾ ਦੀਨੈ॥ਟੇਕ॥[24]

ਗੁਰੂ ਰਵਿਦਾਸ ਜੀ ਨੂੰ ਗਿਆਨ ਪ੍ਰਾਪਤੀ ਲਈ ਅਤੇ ਖ਼ਾਸ ਕਰਕੇ ਭਗਤੀ ਲਈ ਨੇਮ ਨਾਲ ਵੇਦਾਂ ਦਾ ਅਧਿਅਨ ਵੀ ਸਵੀਕਾਰ ਹੈ। ਉਹ ਲਿਖਦੇ ਹਨ:

(1) ਨਖ ਪ੍ਰਸੇਦ ਜਾਕੈ ਸੁਰਸਰੀ ਧਾਰਾ, ਰੋਮਾਵਲੀ ਅਠਾਰਹ ਭਾਰ।
ਚਾਰਿ ਬੇਦ ਜਾਕੈ ਸੁਮ੍ਰਿਤਿ ਸਵਾਸਾ, ਭਗਤਿ ਹੇਤ ਗਾਵੈ ਰਵਿਦਾਸਾ।[25]

(2) ਚਾਰਓ ਬੇਦ ਕੀਯਾ ਖੰਡੌਤਿ, ਜਨ ਰਵਿਦਾਸ ਕਰੈ ਡੰਡੌਤਿ।[25] ਏ

ਆਪਣੇ ਦੋਸ਼ਾਂ ਦੀ ਜਾਣਕਾਰੀ ਅਤੇ ਉਸ ਦਾ ਤਿਆਗ ਵੀ ਸਵਾਧਯਾਯ ਕਹਿਲਾਉਂਦਾ ਹੈ। ਗੁਰੂ ਰਵਿਦਾਸ ਜੀ ਇਸ ਦਾ ਅਨੁਕਰਣ ਕਰਦੇ ਹੱਕ ਹਲਾਲ ਅਤੇ ਕਰਤਵ ਅਕਰਤਵ ਨੂੰ ਪਹਿਚਾਣਨ ਦੀ ਪ੍ਰੇਰਨਾ ਕਰਦੇ ਹਨ:

ਰਵਿਦਾਸ ਕੀ ਅਰਦਾਸਿ ਸੁਨਿ, ਕਛੁ ਹਕ ਹਲਾਲ ਪਿਛਾਨਿ ਵੇ।[26]

## ਤਪ

ਗੁਰੂ ਰਵਿਦਾਸ ਜੀ ਨੂੰ ਯੋਗ ਮਾਰਗ ਦੀ ਤਪ-ਸਾਧਨਾ ਕਬੂਲ ਨਹੀਂ। ਉਨ੍ਹਾਂ ਅਨੁਸਾਰ ਬਹੁਤ ਤਪ ਕਰਨਾ ਭਗਤੀ ਨਹੀਂ। ਸ਼ਰੀਰ ਨੂੰ ਵਰਤ ਰਖਕੇ ਜਾਂ ਸਖ਼ਤ ਕਿਰਿਆਵਾਂ ਕਰਕੇ ਕਸ਼ਟ ਦੇਣਾ ਸਹਿਜਭਾਵੀ ਸੰਤਾਂ ਨੂੰ ਸਵੀਕਾਰ ਨਹੀਂ ਕਿਉਂਕਿ ਉਨ੍ਹਾਂ ਦੀ ਨਜ਼ਰ ਵਿਚ ਇਹ ਲੰਬੀ ਪ੍ਰਕਿਰਿਆ ਹੈ ਇਸ ਲਈ ਤਾਂ ਉਹ ਕਹਿੰਦੇ ਹਨ:

ਸੋਈ ਜਪ ਜਪੈ ਜੁ ਬਹੁਰਿ ਨ ਜਪਨਾ,
ਸੋਈ ਤਪ ਤਪੈ ਜੁ ਵਹੁਰਿ ਨ ਤਪਨਾ।
ਸੋਈ ਗੁਰੁ ਕਰੈ ਜੁ ਬਹੁਰਿ ਨ ਕਰਨਾ।
ਏਸੈ ਮਰੈ ਜੁ ਬਹੁਰਿ ਨ ਮਰਨਾ।[27]

ਇਸ ਤੋਂ ਸਪਸ਼ਟ ਹੈ ਕਿ ਗੁਰੂ ਜੀ ਨੇ ਨਾਥਾਂ ਯੋਗੀਆਂ ਦੀ ਕਠੋਰ ਸਾਧਨਾ ਦਾ ਖੰਡਨ ਕੀਤਾ ਹੈ ਜਿਸ ਵਿਚ ਤਪ ਕਰਦੇ ਯੋਗੀ ਨੂੰ ਨਿਤ ਮੌਤ ਦਾ ਦੁੱਖ ਸਹਾਰਨਾ ਪੈਂਦਾ ਹੈ ਅਤੇ ਕਈ ਕਈ ਸਾਲ ਕਠੋਰ ਤਪ ਕਰਦਿਆਂ ਗੁਜ਼ਾਰਨੇ ਪੈਂਦੇ ਹਨ।

## ਈਸਵਰ ਪ੍ਰਣਿਧਾਨ

ਇਸ ਵਿਚ ਈਸ਼ਵਰ ਦਾ ਧਿਆਨ ਕੀਤਾ ਜਾਂਦਾ ਹੈ ਅਤੇ ਉਸ ਦੇ ਚਰਨਾਂ ਵਿਚ ਆਤਮਸਮਰਪਣ ਕਰਕੇ ਨਿਸ਼ਕਾਮ ਕਰਮ ਕੀਤੇ ਜਾਂਦੇ ਹਨ। ਯੋਗ ਮਾਰਗ ਦੇ ਇਹ ਦੋਵੇਂ ਸਾਧਨ

ਭਗਤੀ ਮਾਰਗ ਵਿਚ ਵੀ ਸਰਵਪ੍ਰਿਯ ਹਨ। ਸਭ ਸੰਤਾਂ ਦੀ ਬਾਣੀ ਵਿਚ ਇਸ ਦਾ ਵਿਵੇਚਨ ਹੈ।

(ੳ) ਧਿਆਨ: ਦੁਨੀਆਂ ਦੀਆਂ ਖਿੱਚ-ਸ਼ਕਤੀਆਂ ਵਲੋਂ ਮਨ ਨੂੰ ਹਟਾ ਕੇ ਪ੍ਰਭੂ ਦੇ ਚਰਨਾਂ ਵਿਚ ਚਿੱਤ ਲਾਉਣਾ "ਧਿਆਨ" ਹੈ। ਗੁਰੂ ਰਵਿਦਾਸ ਜੀ ਦੀ ਪ੍ਰਭੂ ਪ੍ਰੇਮ-ਭਗਤੀ ਉਸ ਵਲ ਧਿਆਨ ਤੇ ਆਧਾਰਿਤ ਹੈ:

(1) ਕਹਿ ਰਵਿਦਾਸ ਤਜਿ ਸਭ ਤ੍ਰਿਸਨਾ,
ਇਕ ਰਾਮ ਚਰਨ ਚਿਤ ਮੋਰਾ।[28]

(2) ਐਸਾ ਧਯਾਨ ਧਰੌਂ ਬਨਵਾਰੀ,
ਮਨ ਪਵਨ ਦ੍ਰਿੜ ਸੁਖਮਨ ਨਾਰੀ। [28-ੲ]

ਉਨ੍ਹਾਂ ਨੇ ਤਾਂ ਪ੍ਰਭੂ ਨਾਲ ਚੰਦ-ਚਕੋਰ ਵਾਲਾ ਸੰਬੰਧ ਸਥਾਪਤ ਕਰ ਲਿਆ ਸੀ ਜਿਸ ਕਾਰਨ ਉਨ੍ਹਾਂ ਦਾ ਧਿਆਨ ਹਮੇਸ਼ਾ ਹੀ ਪ੍ਰਭੂ ਪ੍ਰੀਤਮ ਵਲ ਲਗਾ ਰਹਿੰਦਾ ਸੀ। ਗੁਰੂ ਜੀ ਦੀ ਧਿਆਨ ਪ੍ਰਤੀ ਭਾਵਨਾ ਨਿਮਨਲਿਖਿਤ ਸ਼ਬਦ ਤੋਂ ਪ੍ਰਗਟ ਹੁੰਦੀ ਹੈ:

ਜਉ ਤੁਮ ਗਿਰਿਵਰ ਤਉ ਹਮ ਮੋਰਾ॥
ਜਉ ਤੁਮ ਚੰਦ ਹਮ ਭਏ ਹੈ ਚਕੋਰਾ॥1॥

... ... ...

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥[29]

(ਅ) ਆਤਮ ਸਮਰਪਣ: ਪ੍ਰਭੂ ਦੀ ਸ਼ਰਨ ਵਿਚ ਜਾ ਕੇ ਉਸਦੇ ਚਰਨਾਂ ਵਿਚ ਆਪਾ ਨਿਛਾਵਰ ਕਰ ਦੇਣਾ ਆਤਮ ਸਮਰਪਣ ਜਾਂ ਆਤਮ ਨਿਵੇਦਨ ਹੈ। ਪ੍ਰਭੂ ਦੀ ਸ਼ਰਨ ਵਿਚ ਹੀ ਉਸ ਨਾਲ ਇਕਮਿਕਤਾ ਪ੍ਰਾਪਤ ਕਰਨ ਦਾ ਮੌਕਾ ਪ੍ਰਾਪਤ ਹੁੰਦਾ ਹੈ। ਸ਼ਰਨਾਗਤੀ ਗੁਰੂ ਜੀ ਦੀ ਭਗਤੀ ਦਾ ਮਹੱਤਵਪੂਰਣ ਅੰਗ ਹੈ। ਉਨ੍ਹਾਂ ਨੇ ਬਹੁਤ ਸ਼ਰਧਾ ਨਾਲ ਪਰਮਤਣ ਦੀ ਸ਼ਰਨ ਵਿਚ ਸਭ ਕਰਮਾਂ ਦਾ ਸਮਰਪਣ ਕੀਤਾ ਹੈ। ਉਹ ਲਿਖਦੇ ਹਨ:

ਏ ਸੋ ਬੁਧ ਜਾਗਿਹੁੰ ਕਰੂਨਾਮੈਂ, ਤੁਝ ਚਰਨ ਤਜਿ ਕਿਤਹੁ ਨਾ ਜਾਈ।
ਚਰਣ-ਸਰਨ ਰਵਿਦਾਸ ਰਾਵਰੀ, ਅਪਨੇ ਜਾਨ ਲੇਹੁ ਉਰ ਲਾਈ।[30]

ਆਸਨ

ਚਿਰਕਾਲ ਤਕ ਮਨ ਨੂੰ ਸਥਿਰ ਕਰਕੇ ਸੁਖ ਪੂਰਵਕ ਸਾਧਨਾ ਲਈ ਬੈਠਣਾ "ਆਸਨ" ਹੈ।[31] ਇਸ ਦਾ ਸੰਬੰਧ ਸਰੀਰ ਦੀ ਸਥਿਤੀ ਨਾਲ ਹੈ। ਚਿੱਤ ਦੀ ਇਕਾਗਰਤਾ ਲਈ ਸਰੀਰ ਦੇ ਅੰਗਾਂ ਦਾ ਆਪਣੀ ਵਿਸ਼ੇਸ਼ ਸਥਿਤੀ ਵਿਚ ਰਹਿਣਾ ਜ਼ਰੂਰੀ ਹੈ ਕਿਉਂਕਿ ਇਸ ਅਵਸਥਾ ਵਿਚ ਸਰੀਰ ਦੇ ਸਭ ਅੰਗ ਆਪਣਾ ਕਾਰਜ ਠੀਕ ਕਰਦੇ ਹਨ ਅਤੇ ਬੁਧੀ ਨੂੰ ਚੇਤੰਨ ਕਰਦੇ ਹਨ। ਆਸਨ ਕਈ ਤਰ੍ਹਾਂ ਦੇ ਹਨ ਪਰੰਤੂ ਸਭ ਦਾ ਪ੍ਰਯੋਗ ਖ਼ਾਸ ਮਨੋਰਥ ਚਿੱਤ ਧਿਆਨ ਨੂੰ ਕੇਂਦਰਿਤ ਕਰਨ ਲਈ ਹੀ ਕੀਤਾ ਜਾਂਦਾ ਹੈ। ਇਸ ਲਈ ਹਰ ਸਾਧਕ ਨੂੰ ਥੋੜ੍ਹੀ ਬਹੁਤੀ ਇਸਦੀ ਜ਼ਰੂਰਤ ਜ਼ਰੂਰ ਹੁੰਦੀ ਹੈ।

ਪ੍ਰਾਣਾਯਾਮ

ਸਰੀਰ ਨੂੰ ਚੇਤੰਨ ਰੂਪ ਵਿਚ ਰਖਣ ਤੋਂ ਬਾਦ ਸਾਧਕ ਸਾਹ ਨੂੰ ਕਾਬੂ ਕਰਨ ਦਾ ਅਭਿਆਸ ਕਰਦਾ ਹੈ। ਸਵਾਸ-ਪ੍ਰਸਵਾਸ ਦੀ ਗਤੀ ਨੂੰ ਰੋਕਣਾ ਜਾਂ ਆਪਣੇ ਅਨੁਸਾਰ ਕਾਬੂ ਕਰਨਾ ਪ੍ਰਾਣਾਯਾਮ ਹੈ। ਪ੍ਰਾਣਾਯਾਮ ਦੀ ਕਿਰਿਆ ਵਿਚ ਤਿੰਨ ਅਵਸਥਾਵਾਂ ਆਉਂਦੀਆਂ ਹਨ — ਪੂਰਕ (ਅੰਦਰ ਨੂੰ ਪੂਰਾ ਸਾਹ ਖਿੱਚਣਾ), ਕੁੰਭਕ (ਸਵਾਸ ਨੂੰ ਫੇਫੜਿਆਂ ਵਿਚ ਕੁਝ ਦੇਰ ਲਈ ਰੋਕਣਾ) ਅਤੇ ਰੇਚਕ (ਹੌਲੀ ਹੌਲੀ ਨਿਯਮਿਤ ਵਿਧੀ ਅਨੁਸਾਰ ਜਿਵੇਂ ਸਾਹ ਭਰਿਆ ਸੀ ਉਸ ਤਰ੍ਹਾਂ ਹੀ ਇਸ ਨੂੰ ਛਡਣਾ)[32] ਇਸ ਦਾ ਸੰਬੰਧ ਸਵਾਸ-ਸਵਾਸ ਸਿਮਰਨ ਨਾਲ ਹੈ। ਆਮ ਵਿਸ਼ਵਾਸ ਹੈ ਕਿ ਮਨੁਖ ਨੇ ਇਸ ਦੁਨੀਆਂ ਵਿਚ ਗਿਣਵੇਂ ਸਾਹ ਲੈਣੇ ਹਨ। ਇਸ ਧਾਰਨਾ ਅਨੁਸਾਰ ਯੋਗੀ ਪ੍ਰਾਣਾਯਾਮ ਦਾ ਸਮਾਂ ਵਧਾ ਕੇ ਲੰਮੀ ਉਮਰ ਪ੍ਰਾਪਤ ਕਰਨ ਦਾ ਉਪਰਾਲਾ ਕਰਦੇ ਹਨ।

ਪ੍ਰਤਯਾਹਾਰ

ਮਨੁਖ ਵਿਚ ਇੰਦਰੀਆਂ ਦੀ ਗਤੀ ਹਮੇਸ਼ਾ ਹੀ ਮਾਇਆ ਰੂਪੀ ਜਗਤ ਵਲ ਹੁੰਦੀ ਹੈ। ਇੰਦ੍ਰੀਆਂ ਦੀ ਬਾਹਰੀ ਵਿਸ਼ਿਆਂ ਵੱਲ ਦੀ ਗਤੀ ਨੂੰ ਹਟਾ ਕੇ ਅੰਤਰਮੁਖੀ ਹੋ ਜਾਣਾ ਪ੍ਰਤਯਾਹਾਰ ਕਹਿਲਾਉਂਦਾ ਹੈ।[33] ਮਨੁਖ ਦੀਆਂ ਭਿੰਨ-ਭਿੰਨ ਇੰਦਰੀਆਂ ਦੀ ਵਿਸ਼ੇ ਵਿਕਾਰਾਂ ਵਲ ਖਿੱਚ ਹੁੰਦੀ ਹੈ।

ਮਨ ਦੀ ਪ੍ਰਕ੍ਰਿਤੀ ਵੀ ਚੰਚਲ ਹੈ ਉਹ ਇੰਦਰੀਆਂ ਦੇ ਆਖੇ ਲਗ ਦਸ ਦਿਸ਼ਾਵਾਂ ਵਲ ਦੌੜਦਾ ਹੈ। ਸਾਧਕ ਜਾਂ ਯੋਗੀ ਪੰਜ ਇੰਦਰੀਆਂ ਨੂੰ ਥਿਰ ਕਰਦਾ ਹੈ, ਇਹ ਹੀ ਪ੍ਰਤਯਾਹਾਰ ਹੈ। ਗੁਰੂ ਰਵਿਦਾਸ ਜੀ ਅਨੁਸਾਰ ਜੇਕਰ ਵਿਭਿੰਨ ਇੰਦਰੀਆਂ ਨੂੰ ਨਾਮ ਭਗਤੀ ਵਿਚ ਲਗਾ ਦਿੱਤਾ ਜਾਵੇ ਤਾਂ ਪ੍ਰਤਯਾਹਾਰ ਦੀ ਅਵਸਥਾ ਪ੍ਰਾਪਤ ਹੋ ਸਕਦੀ ਹੈ। ਇਕ ਉਦਾਹਰਣ ਦ੍ਰਿਸ਼ਟੀਗਤ ਹੈ:

ਚਿਤ ਸਿਮਰਨੁ ਕਰਉ ਨੈਨ ਅਵਲੋਕਨੋ, ਸ੍ਰਵਣ ਬਾਨੀ ਸੁਜਸੁ ਪੂਰਿ ਰਾਖਉ।
ਮਨੁ ਸੁ ਮਧੁਕਰ ਕਰਉ ਚਰਨ ਹਿਰਦੇ ਧਰਉ, ਰਸਨ ਅਮ੍ਰਿਤ ਰਾਮ ਨਾਮ ਭਾਖਉ।[34]

ਇਹ ਅਵਸਥਾ ਪ੍ਰਾਪਤ ਕਰਨ ਲਈ ਬਹੁਤ ਅਭਿਆਸ ਕਰਨਾ ਪੈਂਦਾ ਹੈ।

## ਧਾਰਨਾ

ਪ੍ਰਤਯਾਹਾਰ ਅਵਸਥਾ ਪ੍ਰਾਪਤ ਕਰਨ ਬਾਦ ਯੋਗੀ ਮਨ ਨੂੰ ਕਿਸੇ ਸਥਾਨ, ਵਸਤੂ ਜਾਂ ਵਿਸ਼ੇਸ਼ ਵਿਚਾਰ ਆਦਿ ਤੇ ਕੇਂਦਰਿਤ ਕਰਦਾ ਹੈ ਇਸ ਨੂੰ ਧਾਰਨਾ ਕਹਿੰਦੇ ਹਨ।[35] ਇਸ ਦੇ ਅਭਿਆਸ ਨਾਲ ਚਿੱਤ-ਵਿਰਤੀਆਂ ਸਥਿਰ ਹੋ ਜਾਂਦੀਆਂ ਹਨ ਅਤੇ ਮਨ ਇਕਾਗਰ ਹੋਣ ਦੇ ਯੋਗ ਹੋ ਜਾਂਦਾ ਹੈ। ਹਰ ਸਾਧਕ ਗੁਰੂ ਧਾਰਦਾ ਹੈ ਜਾਂ ਆਪਣੇ ਪਠਨ-ਪਾਠਨ ਵਿਚੋਂ ਕਿਸੇ ਵਿਚਾਰ ਨੂੰ ਮਨ ਵਿਚ ਰਖਦਾ ਹੈ ਅਤੇ ਫਿਰ ਆਪਣੇ ਮਨ ਨੂੰ ਉਸ ਦੇ ਅਨੁਸਾਰ ਕੇਂਦਰਿਤ ਕਰਦਾ ਹੈ। ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਧਾਰਨਾ ਸੰਬੰਧੀ ਵਿਚਾਰ ਉਪਲਬਧ ਹਨ।

ਲੋਚਨ ਭਰਿ ਭਰਿ ਬਿੰਬ ਨਿਹਾਰੋ, ਜੋਤਿ ਵਿਚਾਰਿਹਨ ਅਵਰ ਵਿਚਾਰੋ।[36]

## ਧਿਆਨ

ਆਪਣੇ ਲਕਸ਼ ਤੇ ਪਹੁੰਚਣ ਲਈ ਧਿਆਉਣ ਯੋਗ ਵਸਤੂ, ਸ਼ਬਦ ਜਾਂ ਪਰਮਤੱਤ ਦਾ ਲਗਾਤਾਰ ਮਨਨ ਕਰਨਾ ਅਤੇ ਚਿਤ-ਵਿਰਤੀਆਂ ਨੂੰ ਬਾਹਰੋਂ ਹਟਾ ਕੇ ਉਸ ਵਿਚ ਨਿਰੰਤਰ ਨਿਯੋਜਿਤ ਕਰਨਾ "ਧਿਆਨ" ਹੈ। ਇਸ ਦੇ ਨਾਲ ਹੀ ਵਿਸ਼ੇ ਦਾ ਡੂੰਘਾ ਯਥਾਰਥ ਅਤੇ ਸਪਸ਼ਟ ਗਿਆਨ ਪ੍ਰਾਪਤ ਹੁੰਦਾ ਹੈ ਜਿਸ ਨਾਲ ਅੰਤਿਮ ਲਕਸ਼ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸਦੇ ਤਿੰਨ ਭੇਦ ਹਨ - ਸਥੂਲ ਧਿਆਨ, ਜੋਤਿ ਧਿਆਨ ਅਤੇ ਸੂਖ਼ਮ ਧਿਆਨ। ਸਭ ਤੋਂ ਪਹਿਲਾਂ ਗੁਰੂ ਦੇ ਦਸੇ ਅਸੀਮੀ

ਰਾਹ ਤੇ ਚਲ ਕੇ ਸਾਧਕ ਨੂੰ ਸਥੂਲ ਧਿਆਨ ਵਾਲੀ ਅਵਸਥਾ ਪ੍ਰਾਪਤ ਹੁੰਦੀ ਹੈ। ਇਸ ਦਾ ਅਭਿਆਸ ਕਰਦਿਆਂ ਕਰਦਿਆਂ ਪ੍ਰਭੂ ਦੇ ਜੋਤਿ ਸਰੂਪ ਤੱਤ ਵਿਚ ਧਿਆਨ ਲਗਦਾ ਹੈ ਅਤੇ ਅੰਤ ਵਿਚ ਸੂਖਮ ਧਿਆਨ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਉਸ ਸਮੇਂ ਉਹ ਪਰਮਤਤ ਸਭ ਵਿਚ ਵਿਆਪਕ ਨਜ਼ਰ ਆਉਂਦਾ ਹੈ। ਗੁਰੂ ਰਵਿਦਾਸ ਬਾਣੀ ਵਿਚ ਧਿਆਨ ਸੰਬੰਧੀ ਵਿਚਾਰ ਵੀ ਪ੍ਰਾਪਤ ਹੁੰਦੇ ਹਨ:

(1) ਏਸਾ ਧਯਾਨ ਧਰੋਂ ਬਨਵਾਰੀ, ਮਨ ਪਵਨ ਦਿੜ੍ਹ ਸੁਖਮਨ ਨਾਰੀ।[37]

(2) ਬਾਹਾਡੰਬਰ ਹੌ ਕਬਹੂੰ ਨ ਜਾਨਯੋ, ਤੁਮ ਚਰਨਨ ਚਿਤ ਮੋਰਾ।[38]

8. ਸਮਾਧੀ

ਯੋਗ-ਮਾਰਗ ਦਾ ਇਹ ਅੰਤਿਮ ਅੰਗ ਹੈ। ਧਿਆਨ ਕਰਦੇ ਕਰਦੇ ਜਦੋਂ ਜੀਵਾਤਮਾ ਅਤੇ ਪਰਮਾਤਮਾ ਵਿਚ ਇਕਮਿਕਤਾ ਹੋ ਜਾਂਦੀ ਹੈ ਉਸਨੂੰ ਸਮਾਧੀ ਕਿਹਾ ਜਾਂਦਾ ਹੈ। ਪਾਤੰਜਲ ਯੋਗ ਦਰਸ਼ਨ ਅਨੁਸਾਰ ਜਦੋਂ ਪ੍ਰਭੂ ਧਿਆਨ ਵਿਚ ਲਗੇ ਯੋਗੀ ਦਾ ਚਿੱਤ ਧਿਆਨ-ਅਧੀਨ ਵਸਤੂ ਦਾ ਆਕਾਰ ਗ੍ਰਹਿਣ ਕਰ ਲੈਂਦਾ ਹੈ ਅਤੇ ਧਿਆਨ ਯੋਗ ਵਸਤੂ ਅਤੇ ਯੋਗੀ ਵਿਚ ਦ੍ਵੈਤ ਖ਼ਤਮ ਹੋ ਜਾਂਦੀ ਹੈ, ਤਾਂ ਉਹ ਯੋਗੀ ਨੂੰ ਸਮਾਧੀ ਅਵਸਥਾ ਵਿਚ ਕਹਿੰਦੇ ਹਨ।[39] ਅਜਿਹੀ ਅਵਸਥਾ ਵਿਚ ਯੋਗੀ ਦੇ ਚਿੱਤ ਦਾ ਨਿਜਸਰੂਪ ਸ਼ੂੰਨ ਹੋ ਜਾਂਦਾ ਹੈ ਅਤੇ ਉਸਦਾ ਧਿਆਨ ਹੀ ਸਮਾਧੀ, ਨਾਦ-ਯੋਗ ਸਮਾਧੀ, ਰਸਾਨੰਦ-ਯੋਗ ਸਮਾਧੀ, ਲਯ-ਸਿੱਧ-ਯੋਗ ਸਮਾਧੀ, ਭਗਤੀ ਯੋਗ ਸਮਾਧੀ, ਰਾਜਯੋਗ ਸਮਾਧੀ, ਸਹਜਯੋਗ ਸਮਾਧੀ। ਇਨ੍ਹਾਂ ਸਭ ਸਮਾਧੀਆਂ ਵਿਚੋਂ ਸਹਜਯੋਗ ਸਮਾਧੀ ਸਰਵੋਤਮ ਅਤੇ ਉਤਕ੍ਰਿਸ਼ਟ ਹੈ।

ਸਹਜ ਸਮਾਧੀ ਸਹਜ ਵਿਰਤੀ ਨਾਲ ਸਿੱਧ ਕੀਤੀ ਜਾਂਦੀ ਹੈ। ਇਸ ਵਿਚ ਯੋਗ ਦੁਆਰਾ ਹੀ ਮਨ ਨੂੰ ਅੰਤਰਮੁਖੀ ਕੀਤਾ ਜਾਂਦਾ ਹੈ। ਯੋਗੀ ਸਭ ਇੰਦਰੀਆਂ ਨੂੰ ਮਨ ਦੇ ਵਸ ਕਰਕੇ ਵਿਸ਼ੇ-ਵਿਕਾਰਾਂ ਤੋਂ ਨਿਰਲੇਪ ਹੋ ਜਾਂਦਾ ਹੈ। ਉਸਦੀਆਂ ਸਭ ਬਿਰਤੀਆਂ ਅੰਤਰਮੁਖੀ ਹੋ ਕੇ ਸ਼ੂਨਯ ਹੋ ਜਾਂਦੀਆਂ ਹਨ। ਗੁਰੂ ਰਵਿਦਾਸ ਜੀ ਅਨੁਸਾਰ ਵੀ ਸਮਾਧੀ ਪ੍ਰਭੂ ਨਾਲ ਅਭੇਦਤਾ ਸਥਾਪਤ ਕਰਨ ਵਾਲੀ ਅਵਸਥਾ ਹੈ ਜਿਵੇਂ ਗੰਗਾ ਸਮੁੰਦਰ ਵਿਚ ਰਲ ਕੇ ਸ਼ਾਂਤ-ਚਿਤ ਅਵਸਥਾ ਵਿਚ ਆ

ਜਾਂਦੀ ਹੈ ਉਸ ਵਿਚੋਂ ਘੋਰ ਗਰਜਨ ਖ਼ਤਮ ਹੋ ਜਾਂਦੀ ਹੈ ਤਿਵੇਂ ਹੀ ਸਾਧਕ ਪਰਮਤੱਤ ਵਿਚ ਲੀਨ ਹੋ ਜਾਂਦਾ ਹੈ ਅਤੇ ਪਰਮ ਰੂਪਤਾ ਪ੍ਰਾਪਤ ਕਰ ਲੈਂਦਾ ਹੈ। ਇਹ ਹੀ ਸਮਾਧੀ ਹੈ।

ਸਮਾਧਿ ਬਿਤਿ ਸੰਤ ਜਨ, ਅਪਨਹੁ ਆਪ ਮਿਟਾਹਿ॥
ਜਿਮਿ ਰੰਗ ਸਮੁੰਦ ਮਿਲਿ, ਰਵਿਦਾਸ ਸਮੁੰਦਹਿੰ ਵਿਲਾਂਹਿ॥ [40]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਰਵਿਦਾਸ ਜੀ ਨੇ ਉਪਰੋਕਤ ਅਸ਼ਟਾਂਗ-ਯੋਗ-ਮਾਰਗ ਦਾ ਸ਼ਾਸਤਰੀ ਰੀਤੀ ਨਾਲ ਚਿਤਰਣ ਨਹੀਂ ਕੀਤਾ ਅਤੇ ਨਾ ਹੀ ਉਨ੍ਹਾਂ ਦੀ ਇਸ ਪ੍ਰਤੀ ਸ਼ਰਧਾ ਵਿਅਕਤ ਹੋਈ ਹੈ। ਗੁਰੂ ਰਵਿਦਾਸ ਬਾਣੀ ਵਿਚ ਕੇਵਲ ਯਮ, ਨਿਯਮ, ਪ੍ਰਾਣਾਯਾਮ, ਧਿਆਨ, ਸਮਾਧੀ ਸੰਬੰਧੀ ਵਿਚਾਰ ਪ੍ਰਾਪਤ ਹੁੰਦੇ ਹਨ। ਇਨ੍ਹਾਂ ਦਾ ਪ੍ਰਯੋਗ ਗੁਰੂ ਜੀ ਨੇ ਕੇਵਲ ਜੀਵਨ ਦੀਆਂ ਸਦਾਚਾਰਕ ਕੀਮਤਾਂ ਹਿੱਤ ਅਤੇ ਭਗਤੀ ਲਈ ਹੀ ਕੀਤਾ ਹੈ। ਜਿਥੇ ਅਸ਼ਟਾਂਗ ਯੋਗ ਮਾਰਗ ਦੇ ਅੰਗ ਹਠ ਸਾਧਨਾ ਤੇ ਬੱਲ ਦਿੰਦੇ ਹਨ ਉਨ੍ਹਾਂ ਨੇ ਇਸ ਦਾ ਸਹਾਰਾ ਨਹੀਂ ਲਿਆ। ਉਨ੍ਹਾਂ ਨੇ ਕੇਵਲ ਭਗਤੀ ਦੇ ਸਹਾਈ ਯੋਗ-ਅੰਗਾਂ ਦੀ ਵਰਤੋਂ ਕੀਤੀ ਹੈ। ਉਹ ਮਨ ਨੂੰ ਇਕਾਗਰ ਕਰਨ ਦੀ ਚਾਹ ਵਿਚ ਹੀ ਯੋਗ ਵਿਚ ਜੁੜੇ ਹਨ। ਹੋਰ ਉਨ੍ਹਾਂ ਦੀ ਬਾਣੀ ਵਿਚ ਯੋਗ ਦਾ ਵਿਸਤ੍ਰਿਤ ਵਰਣਨ ਅਤੇ ਉਪਯੋਗ ਨਹੀਂ ਹੋਇਆ। ਉਨ੍ਹਾਂ ਨੇ ਸਪਸ਼ਟ ਕਿਹਾ ਹੈ:

ਭਗਤਿ ਨ ਇੰਦ੍ਰੀ ਬਾਧੇ, ਭਗਤਿ ਨ ਜੋਗ ਸਾਧੇ। [41]

ਗੁਰੂ ਰਵਿਦਾਸ ਜੀ ਦੇ ਮਨ ਵਿਚ ਤਾਂ ਇਕੋ ਧੁਨ ਹੈ ਉਸ ਨਾਲ ਇਕਮਿਕਤਾ ਪ੍ਰਾਪਤ ਕਰਨ ਦੀ। ਪ੍ਰਭੂ-ਪ੍ਰੀਤਮ ਦੀ ਖ਼ਾਤਰ ਤਾਂ ਉਹ ਸਹਜ ਸਮਾਧੀ ਲਗਾਉਣ ਲਈ ਵੀ ਤਿਆਰ ਹਨ। ਗੁਰੂ ਜੀ ਲਿਖਦੇ ਹਨ:

ਚਲਿ ਮਨ ਹਰਿ ਚਟਸਾਲ ਪੜਾਊਂ [42]
ਗੁਰੂ ਕੀ ਸਾਂਟਿ ਗਯਾਨ ਦਾ ਅਛਰ, ਬਿਸਰੈ ਤੌ ਸਹਜ ਸਮਾਧਿ ਲਗਾਊ॥ ਟੇਕ॥

ਹਠ-ਯੋਗ

ਇਸ ਯੋਗ ਦੇ ਪ੍ਰਥਮ ਅਚਾਰੀਆ ਮਾਰਕੰਡੈ ਰਿਸ਼ੀ ਨੂੰ ਮੰਨਿਆ ਜਾਂਦਾ ਹੈ। ਗੁਰੂ ਰਵਿਦਾਸ ਜੀ ਨੇ ਇਸ ਰਿਸ਼ੀ ਦਾ ਨਾਮ ਬਹੁਤ ਸ਼ਰਧਾ ਨਾਲ ਲਿਆ ਹੈ। ਨਾਥ-ਸਾਹਿਤ ਵਿਚ ਵੀ ਹਠ-ਯੋਗ ਦਾ ਵਰਣਨ ਹੈ। ਗੋਰਖ ਨਾਥ, ਮਛੰਦਰ ਨਾਥ ਆਦਿ ਨਾਥਾਂ ਨੇ ਹਠ-ਯੋਗ ਸਾਧਨਾ ਕੀਤੀ।

ਹਠ ਯੋਗ ਦਾ ਸਥੂਲ ਸ਼ਰੀਰ ਅਤੇ ਪ੍ਰਾਣ ਨਿਰੋਧ ਨਾਲ ਸੰਬੰਧ ਹੈ। ਸਿੱਧ-ਸਿਧਾਂਤ ਪੱਧਤੀ ਅਨੁਸਾਰ "ਹ" ਸੂਰਜ ਅਤੇ "ਠ" ਚੰਦ੍ਰ ਦਾ ਪ੍ਰਤੀਕ ਹੈ। ਇਸ ਸਾਧਨਾ ਵਿਚ ਸੂਰਜ ਨਾੜੀ ਅਤੇ ਚੰਦਰ ਨਾੜੀ ਦਾ ਸੰਯੋਗ ਕਰਵਾਇਆ ਜਾਂਦਾ ਹੈ। ਮਨੁੱਖ ਦੇ ਸ਼ਰੀਰ ਵਿਚ 72000 ਨਾੜੀਆਂ ਹਨ। ਇਨ੍ਹਾਂ ਵਿਚੋਂ ਤਿੰਨ ਨਾੜੀਆਂ ਮੁਖ ਹਨ – 1. ਈੜਾ ਜਾਂ ਚੰਦਰ, 2. ਪਿੰਗਲਾ ਜਾਂ ਸੂਰਜ, 3. ਸੁਖਮਨਾ। ਸੱਜੀ ਨਾਸਿਕਾ ਵਿਚੋਂ ਜਦੋਂ ਸਵਾਸ ਚਲਦਾ ਹੈ ਤਾਂ ਉਸ ਸਮੇਂ ਸੂਰਜ ਨਾੜੀ ਕੰਮ ਕਰਦੀ ਹੈ ਅਤੇ ਜਦੋਂ ਖੱਬੀ ਨਾਸਿਕਾ ਵਿਚੋਂ ਸਵਾਸ ਅੰਦਰ ਆਉਂਦਾ ਅਤੇ ਬਾਹਰ ਜਾਂਦਾ ਹੈ ਤਾਂ ਚੰਦ੍ਰ ਜਾਂ ਈੜਾ ਨਾੜੀ ਕੰਮ ਕਰਦੀ ਹੈ। ਈੜਾ ਨਾੜੀ ਰੀੜ੍ਹ ਦੀ ਹੱਡੀ ਦੇ ਖੱਬੇ ਪਾਸੇ ਹੁੰਦੀ ਹੈ, ਪਿੰਗਲਾ ਨਾੜੀ ਇਸ ਦੇ ਸੱਜੇ ਪਾਸੇ। ਅਤੇ ਸੁਖਮਨਾ ਮਧ ਭਾਗ ਵਿਚ ਸਥਿਤ ਹੁੰਦੀ ਹੈ। ਇਨ੍ਹਾਂ ਨਾੜੀਆਂ ਦੁਆਰਾ ਹੀ ਪ੍ਰਾਣ ਆ ਕੇ ਬਾਕੀ ਨਾੜੀਆਂ ਵਿਚ ਸੰਚਾਰਿਤ ਹੁੰਦੇ ਹਨ। ਹਠ ਯੋਗ ਪ੍ਰਦੀਪਿਕਾ ਵਿਚ ਸੂਰਜ ਨੂੰ ਪ੍ਰਾਣ ਅਤੇ ਚੰਦ੍ਰ ਨੂੰ ਅਪਾਨ ਦਾ ਵਾਚਕ ਮੰਨਿਆ ਹੈ।[43] ਹਠਯੋਗੀ ਸ਼ਰੀਰ ਅਤੇ ਪ੍ਰਾਣ ਤੋਂ ਸਾਧਨਾ ਸ਼ੁਰੂ ਕਰਦਾ ਹੈ। ਉਹ ਪ੍ਰਾਣ ਅਤੇ ਅਪਾਨ ਨੂੰ ਮਿਲਾ ਕੇ ਉਸ ਸੰਯੁਕਤ ਪ੍ਰਾਣ-ਅਪਾਨ ਨੂੰ ਵਿਭਿੰਨ ਚੱਕਰਾਂ ਵਿਚ ਲਿਜਾ ਕੇ ਸਿੱਧੀਆਂ ਪ੍ਰਾਪਤ ਕਰਦਾ ਹੈ।

ਹਠ ਯੋਗ ਉਸ ਸਾਧਨਾ ਦਾ ਨਾਮ ਹੈ ਜਿਸ ਵਿਚ ਸੂਰਜ ਅਤੇ ਚੰਦ੍ਰ ਨਾੜੀਆਂ ਵਾਯੂ ਰੋਕ ਕੇ ਜਾਂ ਇਨ੍ਹਾਂ ਵਿਚੋਂ ਵਾਯੂ-ਗਮਨ ਰੋਕ ਕੇ ਸੁਖਮਨਾ ਮਾਰਗ ਤੋਂ ਪ੍ਰਾਣ-ਵਾਯੂ ਨੂੰ ਸੰਚਾਰਿਤ ਕੀਤਾ ਜਾਵੇ।

ਹਠ ਯੋਗ ਸਾਧਨਾ ਦਾ ਰਾਜ-ਯੋਗ ਵਿਚ ਵੀ ਮਹੱਤਵ ਹੈ ਜਿਥੇ ਹਠਯੋਗ ਸਾਧਨਾ ਖ਼ਤਮ ਹੁੰਦੀ ਹੈ ਉਥੋਂ ਰਾਜ ਯੋਗ ਸਾਧਨਾ ਸ਼ੁਰੂ ਹੁੰਦੀ ਹੈ। ਦੋਨਾਂ ਦੀ ਪ੍ਰਾਪਤੀ ਨਾਲ ਹੀ ਯੋਗੀ ਸਿੱਧੀ ਪ੍ਰਾਪਤ ਕਰ ਸਕਦਾ ਹੈ ਇਸ ਤਰ੍ਹਾਂ ਇਹ ਦੋਵੇਂ ਇਕ ਦੂਜੇ ਦੇ ਪੂਰਕ ਹਨ।

## ਸਵਾਸ-ਸਾਧਨਾ ਜਾਂ ਪ੍ਰਾਣ ਸਾਧਨਾ

ਯੋਗ ਅਨੁਸਾਰ ਪ੍ਰਾਣ ਵਾਯੂ ਅਤੇ ਅਪਾਨ ਵਾਯੂ ਦਾ ਮਿਲਣ ਸਥਾਨ ਨਾਭੀ ਹੈ। ਇਹ ਦੋਵੇਂ ਇਕ ਦੂਸਰੇ ਨੂੰ ਦਿਨ-ਰਾਤ ਦੇ 24 ਘੰਟਿਆਂ ਵਿਚ 21600 ਵਾਰੀ ਖਿੱਚੀਦੀਆਂ ਤੇ ਸੰਗੋੜਦੀਆਂ ਹਨ। ਅਤੇ ਖਿੱਚਣ ਤੇ ਸੰਗੋੜਣ ਦੇ ਸਮੇਂ ਮੰਤਰ ਜਾਂ ਸ਼ਬਦ ਦਾ ਉਚਾਰਣ ਹੁੰਦਾ ਰਹਿੰਦਾ ਹੈ। ਯੋਗੀ ਸਾਧਕ ਦੇ ਦੁਆਰਾ ਇਸ ਸੁਭਾਵਿਕ ਪ੍ਰਕਿਰਿਆ ਨੂੰ ਮੰਤਰ ਰੂਪ ਵਿਚ ਗ੍ਰਹਿਣ ਕਰਨਾ ਹਠਯੋਗ ਦਾ ਅਜਪਾ-ਜਾਪ ਹੈ। ਗੁਰੂ ਰਵਿਦਾਸ ਬਾਣੀ ਵਿਚ ਅਜਪਾ-ਜਾਪ ਅਤੇ ਪ੍ਰਾਣ-ਸਾਧਨਾ ਦਾ ਵਰਣਨ ਆਉਂਦਾ ਹੈ। ਸੰਤਾਂ ਨੇ ਅਜਪਾ-ਜਾਪ ਨੂੰ ਹਠਯੋਗ ਸਾਧਨਾ ਦੇ ਅਨੁਸਾਰ ਗ੍ਰਹਿਣ ਨਹੀਂ ਕੀਤਾ, ਕਿਉਂਕਿ ਉਹ ਇਕ ਪਾਸੇ ਤਾਂ ਕਹਿੰਦੇ ਹਨ ਕਿ ਹਠਯੋਗ ਸਾਥੋਂ ਨਹੀਂ ਹੁੰਦਾ ਪਰੰਤੂ ਦੂਜੇ ਪਾਸੇ ਉਹ ਸਵਾਸ ਸਵਾਸ ਸਿਮਰਨ ਦਾ ਉਪਦੇਸ਼ ਦਿੰਦੇ ਹਨ। ਮਨੁੱਖ ਹਰ ਰੋਜ਼ 21600 ਸਾਹ ਲੈਂਦਾ ਹੈ। ਸਹਜ ਯੋਗੀ ਸੰਤ ਜਨ ਵੀ ਅਭਿਆਸ ਨਾਲ ਸਵਾਸ-ਸਵਾਸ ਸਿਮਰਨ ਕਰ ਲੈਂਦੇ ਹਨ ਇਸ ਨੂੰ ਉਹ ਅਜਪਾ-ਜਾਪ ਵੀ ਕਹਿੰਦੇ ਹਨ:

(1) ਦਮ ਛੇ ਸੈ ਸਹਸ ਇਕੀਸ ਹਰ ਦਿਨ,
ਖਜ਼ਾਨੈ ਥੈ ਜਾਂਹਿ ਵੇ।[44]

(2) ਚਾਰਿ ਵੇਦ ਜਾਕੈ ਸੁਮ੍ਰਿਤਿ ਸਵਾਸਾ,
ਭਗਤੀ ਹੇਤ ਗਾਵੈ ਰਵਿਦਾਸਾ।[45]

ਗੁਰੂ ਰਵਿਦਾਸ ਜੀ ਦੀ ਸਵਾਸ ਸਾਧਨਾ ਸਹਿਜ ਭਾਵ ਦੇ ਅਧੀਨ ਕੀਤੀ ਸਾਧਨਾ ਹੈ। ਹਠ-ਯੋਗੀਆਂ ਖ਼ਾਸ ਕਰਕੇ ਨਾਥ ਯੋਗੀਆਂ ਦੀ ਸਾਧਨਾ ਦੀ ਉਹ ਨਿਖੇਧੀ ਕਰਦੇ ਹਨ। ਉਹ ਲਿਖਦੇ ਹਨ:

ਸਾਂਸ ਉਸਾਂਸ ਚੜ੍ਹਾਵੇ ਬਹੁ ਬਿਧ, ਪੈਠਹਿੰ ਸੁੰਨਿ ਸਮਾਧੀ।
ਫਾਂਟਯੌ ਕਾਨੁ ਭਭੂਤ ਤਨੁ ਲਾਈ, ਅਨਿਕ ਭ੍ਰਮਤ ਵੈਰਾਗੀ।[46]

ਨਾੜੀ ਸਾਧਨਾ

ਕੁੰਡਲਿਨੀ ਨੂੰ ਜਾਗ੍ਰਤ ਕਰਨ ਲਈ ਨਾੜੀ ਸਾਧਨਾ ਕੀਤੀ ਜਾਂਦੀ ਹੈ। ਇਨ੍ਹਾਂ ਨਾੜੀਆਂ ਵਿਚੋਂ ਪ੍ਰਾਣ-ਵਾਯੂ ਦਾ ਸੰਚਾਰ ਹੁੰਦਾ ਹੈ। ਯੋਗ ਸਾਧਨਾ ਵਿਚ ਤਿੰਨ ਨਾੜੀਆਂ - ਈੜਾ, ਪਿੰਗਲਾ ਅਤੇ ਸੁਖਮਨਾ ਨੂੰ ਵਧੇਰੇ ਮਹੱਤਵ ਪ੍ਰਾਪਤ ਹੈ। ਇਨ੍ਹਾਂ ਨਾੜੀਆਂ ਨੂੰ ਸੂਰਜ, ਚੰਦ੍ਰ, ਅਗਨੀ, **ਸੁਖਮਣਾ**, ਗੰਗਾ, ਯਮਨਾ ਅਤੇ ਸਰਸਵਤੀ ਨਾਮ ਵੀ ਦਿੱਤੇ ਜਾਂਦੇ ਹਨ। ਸੁਖਮਨਾਂ ਨੂੰ ਬ੍ਰਹਮ ਨਾੜੀ ਵੀ ਕਿਹਾ ਜਾਂਦਾ ਹੈ। ਇਹ ਮੂਲ ਆਧਾਰ ਤੋਂ ਲੈ ਕੇ ਬ੍ਰਹਮ ਰੰਧ੍ਰ ਤਕ ਜਾਂਦੀ ਹੈ। ਇਹ ਨਾੜੀਆਂ ਅਸ਼ੁਧ ਹੁੰਦੀਆਂ ਹਨ ਕੁੰਡਲਿਨੀ ਦੇ ਜਾਗ੍ਰਿਤ ਕਰਨ ਤੋਂ ਪਹਿਲਾਂ ਇਨ੍ਹਾਂ ਨੂੰ ਸ਼ੁੱਧ ਕਰਨਾ ਜ਼ਰੂਰੀ ਹੈ।

ਨਾੜੀ ਸਾਧਨਾ ਲਈ ਕਈ ਮੁਦ੍ਰਾਵਾਂ ਦੀ ਸਾਧਨਾ ਕਰਨੀ ਪੈਂਦੀ ਹੈ। ਇਨ੍ਹਾਂ ਦਾ ਸੰਬੰਧ ਪ੍ਰਾਣਾਯਾਮ ਨਾਲ ਹੈ। ਮੁਦ੍ਰਾਵਾਂ ਸੰਬੰਧੀ ਗੁਰੂ ਰਵਿਦਾਸ ਬਾਣੀ ਵਿਚ ਉਲੇਖ ਨਹੀਂ ਹੈ। ਉਨ੍ਹਾਂ ਨੇ ਕੇਵਲ ਪ੍ਰਾਣਾਯਾਮ ਦੇ ਵਿਸ਼ੇ ਤੇ ਚਰਚਾ ਕੀਤੀ ਹੈ। ਉਹ ਲਿਖਦੇ ਹਨ:

(1) ਉਲਟੀ ਗੰਗ ਜਮੁਨਿ ਮੀਂਹਿ ਲਿਆਵੈ।
ਬਿਨ ਹੀ ਜਲ ਮਜਨ ਕਰਿ ਆਵੈ।[47]

(2) ਈਲਾ ਪਿੰਗਲਾ ਖੋਲੀ ਕਿਵਰਿਯਾ, ਸੁੰਨਿ ਸਮਾਧਿ ਰਹਾਉਂ।[48]

ਗੁਰੂ ਰਵਿਦਾਸ ਜੀ ਨੇ ਮਨ ਨੂੰ ਕੇਂਦਰਿਤ ਕਰਨ ਲਈ ਪ੍ਰਾਣਾਯਾਮ ਦਾ ਆਸਰਾ ਲਿਆ। ਹਠਯੋਗ ਵਿਚ ਵੀ ਪ੍ਰਾਣਾਯਾਮ ਦੁਆਰਾ ਮਨ ਨੂੰ ਵਸ ਵਿਚ ਕੀਤਾ ਜਾਂਦਾ ਹੈ। ਹਠਯੋਗ ਅਨੁਸਾਰ ਵਾਯੂ ਸੰਚਾਰ ਦੇ ਅਭਿਆਸ ਨਾਲ ਮਨ ਸਥਿਰ ਹੋ ਜਾਂਦਾ ਹੈ। ਇਸ ਤੋਂ ਹੀ ਉਨਮਨ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ। ਪ੍ਰਾਣਾਯਾਮ ਦੇ ਨਾਲ ਨਾਲ ਹੀ ਯੋਗੀ ਆਪਣੀ ਦ੍ਰਿਸ਼ਟੀ ਦੋਨਾਂ ਭਰਵੱਟਿਆਂ ਦੇ ਮੱਧ ਵਿਚ ਸਥਿਰ ਕਰਕੇ ਧਿਆਨ ਨੂੰ ਵੀ ਉਥੇ ਹੀ ਕੇਂਦਰਿਤ ਕਰਦਾ ਹੈ। ਸੁਖਮਨਾ ਨਾੜੀ ਜਦੋਂ ਬ੍ਰਹਮ ਰੰਧ੍ਰ ਵਿਚ ਪ੍ਰਵੇਸ਼ ਕਰਦੀ ਹੈ ਤਾਂ ਕੰਠ ਦੇ ਨੇੜੇ ਇਹ ਦੋ ਭਾਗਾਂ ਵਿਚ ਵੰਡ ਜਾਂਦੀ ਹੈ। ਇਸ ਦਾ ਇਕ ਭਾਗ ਤ੍ਰਿਕੁਟੀ ਵਿਚੋਂ ਹੁੰਦਾ ਹੋਇਆ ਬ੍ਰਹਮ ਰੰਧ੍ਰ ਵਿਚ ਮਿਲ ਜਾਂਦਾ ਹੈ ਅਤੇ ਦੂਸਰਾ ਭਾਗ ਸਿਰ ਦੇ ਪਿਛੋਂ ਦੀ ਹੁੰਦਾ ਹੋਇਆ ਬ੍ਰਹਮਰੰਧ੍ਰ ਵਿਚ ਜਾ ਮਿਲਦਾ ਹੈ। ਇਸ ਤਰ੍ਹਾਂ ਤਿੰਨ ਮੁਖ ਨਾੜੀਆਂ ਦੇ ਸੰਗਮ ਸਥਾਨ ਨੂੰ ਤ੍ਰਿਕੁਟੀ ਵੀ ਕਹਿੰਦੇ ਹਨ। ਯੋਗੀ

ਇਥੇ ਹੀ ਧਿਆਨ ਨੂੰ ਕੇਂਦਰਿਤ ਕਰਦੇ ਹਨ। ਗੁਰੂ ਰਵਿਦਾਸ ਬਾਣੀ ਵਿਚ ਵੀ ਇਸ ਦਾ ਉਲੇਖ ਹੈ:

(1) ਘੀਵ ਅਖੰਡਾ ਸੋਹੈ ਬਾਤੀ, ਤ੍ਰਿਕੁਟੀ ਜੋਤ ਜਲੈ ਦਿਨ ਰਾਤੀ।[49]

(2) ਤ੍ਰਿਕੁਟੀ ਸੰਗਮ ਰਹਨ ਦੇ ਸਵਾਮੀ, ਗਾਵਣ ਦੇ ਗੋਪਾਲਾ।[50]

ਇਨ੍ਹਾਂ ਦੋਵਾਂ ਪਦਾਂ ਵਿਚ ਵਿਰੋਧੀ ਵਿਚਾਰਾਂ ਤੋਂ ਸਪਸ਼ਟ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਗੁਰੂ ਜੀ ਨੇ ਹਠਯੋਗ ਦਾ ਅਭਿਆਸ ਸਹਜ ਯੋਗ ਰਾਹੀਂ ਸੰਸ਼੍ਰਿਕ ਰੂਪ ਵਿਚ ਕੀਤਾ। ਅਸਲ ਵਿਚ ਉਨ੍ਹਾਂ ਨੂੰ ਇਸ ਸਭ ਕੁਝ ਨਾਲੋਂ ਪ੍ਰਭੂ ਦੀ ਉਸਤਤ ਕਰਨ ਵਿਚੋਂ ਵਧੇਰੇ ਆਨੰਦ ਪ੍ਰਾਪਤ ਹੁੰਦਾ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ ਤ੍ਰਿਕੁਟੀ ਤੇ ਧਿਆਨ ਕੇਂਦਰਿਤ ਕਰਨ ਵਾਲੀ ਮੁਦ੍ਰਾ ਦੇ ਦੁਆਰਾ ਸਹਸ੍ਰਕਮਲ ਸਥਿਤ ਚੰਦਰਮਾ ਤੋਂ ਝਰ ਰਹੇ ਅੰਮ੍ਰਿਤ ਦਾ ਪਾਨ ਕਰਕੇ ਯੋਗੀ ਅਮਰ ਹੋ ਜਾਂਦਾ ਹੈ।[51] ਗੁਰੂ ਰਵਿਦਾਸ ਬਾਣੀ ਵਿਚ ਸੁੰਨ ਮੰਡਲ ਤੋਂ ਅੰਮ੍ਰਿਤ ਝਰਨ ਦਾ ਵਰਣਨ ਹੈ:

ਸਹਜ ਸੁੰਨਿ ਮੈਂ ਭਾਟੀ ਸ੍ਰਵੈ, ਰਵਿਦਾਸ ਗੁਰਮੁਖ ਦ੍ਰਵੈ।[52]

<u>ਖਟ-ਕਰਮ</u>

ਹਠ ਯੋਗ ਸਾਧਨਾ ਵਿਚ ਖਟ ਕਰਮ ਅਧੀਨ ਛੇ ਕਰਮਾਂ ਦਾ ਵਰਣਨ ਹੈ। ਗੁਰੂ ਰਵਿਦਾਸ ਜੀ ਦੀ ਖਟ ਕਰਮ ਸੰਬੰਧੀ ਕੋਈ ਵਿਸ਼ੇਸ਼ ਰੁਚੀ ਨਹੀਂ ਸੀ। ਉਨ੍ਹਾਂ ਨੇ ਖਟ-ਕਰਮ ਕਰਨ ਲਈ ਅਸਮਰਥਤਾ ਦਰਸਾਈ ਹੈ। ਉਹ ਲਿਖਦੇ ਹਨ:

(1) ਖਟ ਕਰਮ ਕੁਲ ਸੰਜੁਗਤੁ ਹਰਿ ਭਗਤਿ ਹਿਰਦੈ ਨਾਹਿ।[52 - ਏ]

(2) ਦੂਰਿ ਬਸੇ ਖਟ ਕਰਮ ਸਕਲ, ਅਰੁ ਦੂਰਿਉ ਕੀਨ ਹੈਂ ਸੇਊ।[53]

ਇਨ੍ਹਾਂ ਦਾ ਪ੍ਰਯੋਗ ਸਰੀਰ ਦੀ ਸੁਧੀ ਲਈ ਕੀਤਾ ਜਾਂਦਾ ਹੈ।

## ਕੁੰਡਲਿਨੀ ਸਾਧਨਾ

ਇਸ ਸਾਧਨਾ ਲਈ ਯੋਗੀ ਪਹਿਲਾਂ ਨਾੜੀਆਂ - ਸੂਰਜ ਅਤੇ ਚੰਦ੍ਰ ਦਾ ਸ਼ੋਧਨ ਕਰਦਾ ਹੈ। ਇਸ ਕਿਰਿਆ ਵਿਚ ਈੜਾ ਅਤੇ ਪਿੰਗਲਾ ਨੂੰ ਅਵਰੁੱਧ (ਰੋਕਣਾ) ਕਰਕੇ ਪ੍ਰਾਣ ਵਾਯੂ ਨੂੰ ਸੁਖਮਨਾ ਵਿਚੋਂ ਸੰਚਾਰਿਤ ਕੀਤਾ ਜਾਂਦਾ ਹੈ। ਮਨੁੱਖ ਦੇ ਸ਼ਰੀਰ ਵਿਚ ਕੁੰਡਲਿਨੀ ਸ਼ਕਤੀ ਮੇਰੂਦੰਡ ਦੇ ਨੀਚੇ ਸੁਖਮਨਾ ਨਾੜੀ ਦੇ ਹੇਠਲੇ ਸਿਰੇ ਦੇ ਨੇੜੇ ਸੱਪਣੀ ਦੇ ਸਮਾਨ ਸਾਢੇ ਤਿੰਨ ਕੁੰਡਲ ਮਾਰੇ ਹੋਏ ਨਿਵਾਸ ਕਰਦੀ ਹੈ। ਇਸ ਨੂੰ ਸੁਖਮਨਾ ਵਿਚੋਂ ਲੰਘ ਰਹੇ ਪ੍ਰਾਣ ਵਾਯੂ ਨਾਲ ਜਾਗਰਿਤ ਕੀਤਾ ਜਾਂਦਾ ਹੈ। ਇਸ ਨਾਲ ਕੁੰਡਲਿਨੀ ਸ਼ਕਤੀ ਉਪਰ ਨੂੰ ਗਤੀ ਕਰਦੀ ਹੈ । ਸੁਖਮਨਾ ਮਾਰਗ ਖੁੱਲ੍ਹਣ ਨਾਲ ਪ੍ਰਾਣ ਵਾਯੂ ਉਪਰ ਨੂੰ ਬ੍ਰਹਮ ਰੰਧ੍ਰ ਵਲ ਸਰਕਦਾ ਹੈ। ਹਿਰਦੈ ਚੱਕਰ ਵਿਚੋਂ ਪ੍ਰਾਣ ਵਾਯੂ ਦੇ ਸੰਚਾਰ ਹੋਣ ਨਾਲ ਅਨਹਦ ਨਾਦ ਸੁਣਾਈ ਦਿੰਦਾ ਹੈ। ਨਾਦ ਤੋਂ ਪ੍ਰਕਾਸ਼ ਹੁੰਦਾ ਹੈ ਅਤੇ ਪ੍ਰਕਾਸ਼ ਦਾ ਹੀ ਵਿਅਕਤ ਰੂਪ ਮਹਾ ਬਿੰਦੂ ਹੈ। ਇਹ ਬਿੰਦੂ ਤਿੰਨ ਪ੍ਰਕਾਰ ਦਾ ਹੁੰਦਾ ਹੈ - ਇੱਛਾ, ਗਿਆਨ ਅਤੇ ਕਿਰਿਆ। ਯੋਗੀ ਇਨ੍ਹਾਂ ਨੂੰ ਹੀ ਸੂਰਜ, ਚੰਦ੍ਰ ਅਤੇ ਅਗਨੀ ਕਹਿ ਦਿੰਦੇ ਹਨ। ਇਹ ਨਾਦ ਅਤੇ ਬਿੰਦੂ ਅਸਲ ਵਿਚ ਅਖਿਲ ਬ੍ਰਹਿਮੰਡ ਵਿਚ ਵਿਆਪਕ ਅਨਾਹਤ ਨਾਦ ਦਾ ਵਿਅਕਤ ਰੂਪ ਹਨ।

(1) ਗਗਨ ਮੰਡਲ ਮੇਂ ਆਰਤੀ ਕੀਜੈ, ਨਾਦ ਬਿੰਦ ਇਕਮੇਕ ਕਰੀਜੈ।
ਸੁਖਮਨ ਇੰਦੂ ਅੰਮ੍ਰਿਤ ਕੁੰਭ ਧਰਾਵੈ, ਮਨਸਾ ਮਾਲਾ ਫੂਲ ਚੜ੍ਹਾਵੈ

... ... ...

ਸਹਜ ਕੰਵਲ ਸਿੰਘਾਸਨ ਰਾਜੈ, ਅਨਹਦ ਝਾਂਜਨ ਨਿਤ ਹੀ ਬਾਜੈ।[54]

(2) ਜੁਗਤਿ ਨ ਸੁੰਨਿ ਮੰਡਲ ਸੋਧੇ, ਜੁਗਤਿ ਨਾ ਕਛੁ ਦਿਖਾਏ।[55]

## ਖਟ-ਚੱਕਰ

ਹਠ ਯੋਗ ਵਿਚ ਛੇ ਚਕਰਾਂ ਦੀ ਚਰਚਾ ਹੈ। ਇਹ ਹਨ - ਮੂਲਾਧਾਰ, ਸਵਾਧਿਸ਼ਠਾਨ, ਮਣਿਪੂਰਕ, ਅਨਾਹਤ, ਵਿਸ਼ੁੱਧ ਆਗਿਆ ਚੱਕਰ। ਇਨ੍ਹਾਂ ਛੇ-ਚਕਰਾਂ ਤੋਂ ਇਲਾਵਾ ਆਗਿਆ ਚੱਕਰ ਤੋਂ ਉਪਰ ਸਹਸ੍ਰਦਲ ਕਮਲ ਹੈ ਜੋ ਸੁਖਮਨਾ ਨਾੜੀ ਦੇ ਉਪਰਲੇ ਭਾਗ ਅਤੇ ਤਾਲੂ ਦੇ ਮੂਲ ਵਿਚ

ਸਥਿਤ ਹੈ। ਛੇ ਚਕਰਾਂ ਦਾ ਗੁਰੂ ਰਵਿਦਾਸ ਬਾਣੀ ਵਿਚ ਉਲੇਖ ਨਹੀਂ ਪਰੰਤੂ ਸਹਸ੍ਰਦਲ ਕਮਲ ਦਾ ਉਲੇਖ ਬਾਣੀ ਵਿਚ ਉਪਲਬਧ ਹੈ। ਸਹਸ੍ਰਦਲ ਕਮਲ ਨੂੰ ਸ੍ਰੂਨਯ ਚੱਕਰ, ਕੈਲਾਸ਼, ਗਗਨਮੰਡਲ ਦਸਮ-ਦਵਾਰ ਆਦਿ ਵੀ ਕਿਹਾ ਜਾਂਦਾ ਹੈ। ਕੁੰਡਲਿਨੀ ਸਾਧਨਾਂ ਦੁਆਰਾ ਉਤਪੰਨ ਹੋਇਆ ਨਾਦ ਮੂਲਾਧਾਰ ਚੱਕਰ ਤੋਂ ਉਠ ਕੇ ਸਹਸਰ ਚੱਕਰ ਵਿਚ ਜਾ ਕੇ ਲੀਨ ਹੁੰਦਾ ਹੈ। ਉਪਰ ਨੂੰ ਗਤੀ ਕਰਦੀ ਕੁੰਡਲਿਨੀ ਸ਼ਕਤੀ ਸੁਖਮਨਾ ਮਾਰਗ ਵਿਚੋਂ ਹੁੰਦੀ ਹੋਈ ਛੇ ਚੱਕਰਾਂ ਨੂੰ ਵਿੰਨ੍ਹਦੀ ਹੋਈ ਸਹਸਰਾਰ ਵਿਚ ਜਾ ਪਹੁੰਚਦੀ ਹੈ। ਇਥੇ ਸ੍ਰੂਨਯ ਆਕਾਰ ਬ੍ਰਹਮ ਰੰਧਰ ਹੈ। ਉਸ ਵਿਚ ਬ੍ਰਹਮ ਦੀ ਸਥਿਤੀ ਮੰਨੀ ਗਈ ਹੈ।[56] ਗੁਰੂ ਰਵਿਦਾਸ ਜੀ ਨੇ ਇਕ ਹੀ ਸ਼ਬਦ ਵਿਚ ਭੰਵਰ ਗੁਫਾ, ਗਗਨ ਮੰਡਲ ਦਾ ਉਲੇਖ ਕੀਤਾ ਹੈ। ਸਹਸ੍ਰਦਲ ਕਮਲ ਦਾ ਬਾਣੀ ਵਿਚ ਬਹੁਤ ਵਾਰੀ ਉਲੇਖ ਹੋਇਆ ਹੈ। ਸਹਸ੍ਰਦਲ ਕਮਲ ਅਤੇ ਤਾਲੂ-ਮੂਲ ਵਿਚ ਸਥਿਤ ਤ੍ਰਿਕੋਣ ਭਾਗ ਤੋਂ ਈੜਾ ਨਾੜੀ ਦੁਆਰਾ ਅੰਮ੍ਰਿਤ ਝਰਦਾ ਹੈ ਜਿਸ ਨੂੰ ਪੀ ਕੇ ਸੰਤ ਜਨ ਪਰਮਾਨੰਦ ਦੀ ਅਵਸਥਾ ਪ੍ਰਾਪਤ ਕਰਦੇ ਹਨ:

(1) ਸਹਸ੍ਰਾਰ ਮੰਹਿ ਭੰਵਰ ਗੁਫਾ ਹੈ, ਭੰਵਰਾ ਗੂੰਜ ਕਰੈ॥[57]

ਗੁਰੂ ਰਵਿਦਾਸ ਜੀ ਵੀ ਸ੍ਰੂਨਯ ਚੱਕਰ ਵਿਚਲੀ ਬ੍ਰਹਮ ਦੀ ਸਥਿਤੀ ਮੰਨਦੇ ਹਨ:

ਜਹਾਂ ਕਾ ਉਪਜਯਾ ਤਹਾ ਵਿਲਾਈ, ਸਹਜ ਸੁੰਨਿ ਮੈਂ ਰਹਯੋ ਲੁਕਾਈ।[58]

ਗੁਰੂ ਰਵਿਦਾਸ ਜੀ ਦੀ ਅਨਹਦ ਨਾਦ ਦੀ ਪ੍ਰਾਪਤੀ ਅਤੇ ਸ੍ਰੂਨਯ ਮੰਡਲ ਤੋਂ ਅੰਮ੍ਰਿਤ ਰਸ ਦੀ ਪ੍ਰਾਪਤੀ ਦਾ ਸਾਧਨ ਹਠ ਯੋਗ ਵਾਲਾ ਨਹੀ ਹੈ। ਉਨ੍ਹਾਂ ਨੇ ਬਾਣੀ ਵਿਚ ਸੁੰਨਿ ਮੰਡਲ ਦੀ ਥਾਂ ਸਹਿਜ ਸੁੰਨ ਮੰਡਲ ਸ਼ਬਦ ਦੀ ਵਰਤੋਂ ਕੀਤੀ ਹੈ ਜੋ ਇਸ ਗਲ ਦਾ ਸੂਚਕ ਹੈ ਕਿ ਉਨ੍ਹਾਂ ਦੀ ਸਾਧਨਾ ਹਠ ਯੋਗ ਨਹੀਂ ਸਗੋਂ ਸਹਜ-ਯੋਗ ਹੈ। ਉਹ ਸਪਸ਼ਟ ਲਿਖਦੇ ਹਨ ਕਿ:

(1) ਥਾਹੀ ਸੌਂ ਤੁਮ ਜੋਗ ਕਹਤ ਹੌ, ਜਬ ਲਗ ਆਸ ਕੀ ਪਾਸੀ।
ਛੂਟੇ ਤਬਹੀ ਜਬ ਮਿਲੈ ਏਕਹੀ, ਭਣੈ ਰਵਿਦਾਸ ਉਦਾਸੀ।[59]

(2) ਭਗਤਿ ਨ ਗਯਾਨ ਜੋਗ ਬੈਰਾਗੈ, ਭਗਤੀ ਨ ਕਹੈ ਕਹਾਵੈ।
ਭਗਤਿ ਨ ਸੁੰਨਿ ਮੰਡਲ ਘਰ ਸੋਧੈ, ਭਗਤਿ ਨਾ ਕਛੁ ਦਿਖਾਵੈ

## ਲਯ ਯੋਗ

**ਲਯ** ਯੋਗ ਨੂੰ ਧਿਆਨ-ਯੋਗ ਵੀ ਕਿਹਾ ਜਾਂਦਾ ਹੈ ਕਿਉਂਕਿ ਇਸ ਵਿਚ ਧਿਆਨ ਦੀ ਪ੍ਰਧਾਨਤਾ ਹੁੰਦੀ ਹੈ। ਮਨ ਅਤੇ ਚਿੱਤ ਨੂੰ ਕਿਸੇ ਵਿਸ਼ੇਸ਼ ਲਕਸ਼ ਤੇ ਕੇਂਦਰਿਤ ਕਰਨ ਨਾਲ ਮਨ ਦੇ ਵਿਸ਼ੇ-ਵਿਕਾਰ ਆਦਿ ਵਿਲੀਨ ਹੋ ਜਾਂਦੇ ਹਨ। ਇਸ ਨੂੰ **ਲਯ**-ਯੋਗ ਕਿਹਾ ਜਾਂਦਾ ਹੈ। ਜਦੋਂ ਮਨ ਪਰਮ-ਲਕਸ਼ ਦੀ ਪ੍ਰਾਪਤੀ ਵਿਚ ਲੀਨ ਹੋ ਜਾਂਦਾ ਹੈ ਤਾਂ ਚਿੱਤ-ਬਿਰਤੀਆਂ ਨਿਰੁੱਧ ਹੋ ਜਾਂਦੀਆਂ ਹਨ। ਹਠ-ਯੋਗ ਪ੍ਰਦੀਪਿਕਾ ਵਿਚ ਵੀ ਮਨ ਨੂੰ ਕੇਂਦਰਿਤ ਕਰਨ ਦੇ ਸੰਬੰਧ ਵਿਚ ਆਦੇਸ਼ ਹੈ। ਦੋਨਾਂ ਭਰਵੱਟਿਆਂ ਦੇ ਵਿਚਕਾਰ ਸ਼ਿਵ ਸਥਾਨ ਹੈ। ਯੋਗੀ ਉਥੇ ਮਨ ਨੂੰ ਕੇਂਦਰਿਤ ਕਰਦੇ ਹਨ ਜਾਂ ਤ੍ਰਿਕੁਟੀ ਤੇ ਨਿਰੰਤਰ ਧਿਆਨ ਲਗਾਉਂਦੇ ਹਨ। ਇਸ ਤਰ੍ਹਾਂ ਇਕ ਵਿਸ਼ੇਸ਼ ਸਥਾਨ ਜਾਂ ਵਸਤੂ ਤੇ ਧਿਆਨ ਇਕਾਗਰ ਕਰਨ ਨਾਲ ਮਨ ਵਸ ਵਿਚ ਆ ਜਾਂਦਾ ਹੈ। ਇਸ ਵਿਚੋਂ ਵਾਸ਼ਨਾਵਾਂ ਨਸ਼ਟ ਹੋ ਜਾਂਦੀਆਂ ਹਨ। ਲਗਾਤਾਰ ਧਿਆਨ ਲਗਾਉਣ ਨਾਲ ਮਨ ਨਾਦ ਵਿਚ ਲੀਨ ਹੋ ਜਾਂਦਾ ਹੈ।[61] ਬੌਧ ਤੇ ਹਿੰਦੂ ਤੰਤ੍ਰਾਂ ਵਿਚ ਵੀ ਨਾਦ-**ਲਯ**-ਯੋਗ ਦੇ ਮਹੱਤਵ ਨੂੰ ਸਵੀਕਾਰ ਕੀਤਾ ਗਿਆ। ਮਧਕਾਲੀਨ ਸੰਤ ਸਾਹਿਤ ਵਿਚ ਵੀ **ਲਯ** ਯੋਗ ਦਾ ਮਹੱਤਵ ਹੈ ਪਰੰਤੂ ਸੰਤ-ਜਨਾਂ ਨੇ ਇਸ ਦਾ ਪ੍ਰਯੋਗ ਹਠ-ਯੋਗ ਸਾਧਨਾ ਅਧੀਨ ਨਹੀਂ ਕੀਤਾ। ਉਨ੍ਹਾਂ ਦੀ ਸਾਧਨਾ ਵਿਚ ਕੇਵਲ ਧਿਆਨ ਦਾ ਮਹੱਤਵ ਹੈ। ਜਿਸਨੂੰ ਉਨ੍ਹਾਂ ਨੇ ਸ਼ਬਦ-ਸੁਰਤਿ-ਯੋਗ ਸਾਧਨਾ ਦੇ ਤੌਰ ਤੇ ਪ੍ਰਵਾਨ ਕੀਤਾ ਹੈ। ਉਹ ਸ਼ਬਦ-ਰੂਪੀ ਬ੍ਰਹਮ ਵਿਚ ਸੁਰਤਿ ਲਗਾ ਕੇ ਸਾਧਨਾ ਕਰਦੇ ਹਨ।

## ਮੰਤਰ-ਯੋਗ

ਮੰਤਰ ਦੇ ਦੁਆਰਾ ਚਿਤ-ਬਿਰਤੀਆਂ ਦੇ ਨਿਰੋਧ ਨੂੰ ਮੰਤਰਯੋਗ ਕਿਹਾ ਜਾਂਦਾ ਹੈ। ਇਸ ਦਾ ਸਿੱਧਾ ਸੰਬੰਧ ਜਪ-ਸਾਧਨਾ ਨਾਲ ਹੈ। ਇਸ ਕਰਕੇ ਮੰਤਰ-ਯੋਗ ਨੂੰ ਕਿਸੇ ਨਾ ਕਿਸੇ ਰੂਪ ਵਿਚ ਤਕਰੀਬਨ ਸਭ ਦਰਸ਼ਨਾਂ ਵਿਚ ਸਵੀਕਾਰ ਕੀਤਾ ਗਿਆ। ਇਹ ਯੋਗ-ਮਾਰਗ ਵਿਚ ਸਭ ਤੋਂ ਸਰਲ ਸਾਧਨਾ ਹੈ। ਪਾਤੰਜਲ ਯੋਗ ਦਰਸ਼ਨ ਵਿਚ ਉਸ ਈਸ਼ਵਰ ਦਾ ਵਾਚਕ ਸ਼ਬਦ ਜਾਂ ਨਾਮ ਉਂਕਾਰ ਲਿਖਿਆ ਹੈ ਇਸ ਦੇ ਨਾਲ ਹੀ ਓਮ ਸ਼ਬਦ ਦਾ ਜਪ ਕਰਨ ਅਤੇ ਈਸ਼ਵਰ ਦਾ ਬਾਰ ਬਾਰ ਚਿੰਤਨ ਕਰਨ ਦਾ ਆਦੇਸ਼ ਦਿੱਤਾ ਗਿਆ ਹੈ।[62]

ਉਪਨਿਸ਼ਦਾਂ ਵਿਚ ਵੀ ਯੌਗਿਕ-ਸਾਧਨਾ ਦਾ ਵਰਨਣ ਮੁਕਤੀ ਦੇ ਸਾਧਨ ਦੇ ਰੂਪ ਵਿਚ ਹੋਇਆ ਹੈ। ਸਮਾਧੀ ਲਗਾਕੇ ਮਨ ਇੰਦਰੀਆਂ ਨੂੰ ਹਿਰਦੈ ਵਿਚ ਸੰਕੁਚਿਤ ਕਰ ਵਿਦਵਾਨ ਓਂਕਾਰ ਰੂਪ ਬੇੜੀ ਦੇ ਦੁਆਰਾ ਸੰਪੂਰਨ ਭਿਆਨਕ ਜਲ ਪ੍ਰਵਾਹਾਂ ਨੂੰ ਪਾਰ ਕਰ ਜਾਂਦੇ ਹਨ।[63] ਗੀਤਾ ਵਿਚ ਵੀ ਇਸ ਦਾ ਪ੍ਰਯੋਗ ਨਾਮ-ਸਾਧਨਾ ਦੇ ਰੂਪ ਵਿਚ ਕੀਤਾ ਗਿਆ ਹੈ। ਇਸ ਵਿਚ ਉਲੇਖ ਹੈ ਕਿ ਸਭ ਦੁਆਰਾਂ ਨੂੰ ਰੋਕ ਕੇ, ਯੋਗ ਧਾਰਣਾ ਵਿਚ ਸਥਿਤ ਹੋ ਕੇ ਆਪਣੇ ਪ੍ਰਾਣਾਂ ਨੂੰ ਦਿਮਾਗ ਵਿਚ ਠਹਿਰਾ ਕੇ ਓਂਕਾਰ ਅੱਖਰ ਬ੍ਰਹਮ ਦਾ ਉਚਾਰਣ ਕਰਦਾ ਹੋਇਆ ਅਤੇ ਮੈਨੂੰ ਸਿਮਰਦਾ ਹੋਇਆ ਮਨੁੱਖ ਪਰਮਗਤੀ ਨੂੰ ਪ੍ਰਾਪਤ ਹੁੰਦਾ ਹੈ।[64]

ਡਾ. ਸ੍ਰੀ ਗੋਪੀਨਾਥ ਕਵਿਰਾਜ ਅਨੁਸਾਰ ਯੋਗ ਸ਼ਾਸਤਰ ਵਿਚ ਮੰਤਰਯੋਗ ਸ਼ਬਦ ਬਾਰੇ ਵਿਭਿੰਨ ਸਥਾਨਾਂ ਤੇ ਵਿਭਿੰਨ ਅਰਥਾਂ ਵਿਚ ਪ੍ਰਯੋਗ ਹੋਇਆ ਹੈ ਪਰੰਤੂ ਫਿਰ ਵੀ ਇਸ ਦਾ ਮੁਖ ਅਰਥ ਜੀਵਾਤਮਾ ਅਤੇ ਪਰਮਾਤਮਾ ਦਾ ਸਮਿਲਨ ਹੀ ਮੰਨਣ ਵਿਚ ਕੋਈ ਹਰਜ਼ ਨਹੀਂ।[65] ਸਾਧਕ ਸ਼ਬਦਾਤਮਕ ਮੰਤ੍ਰ ਦੇ ਚੇਤਨ ਹੋਣ ਤੇ ਉਪਰ ਗਮਨ ਕਰਦਾ ਕਰਦਾ ਸ਼ਬਦ ਤੋਂ ਅਤੀਤ ਪਰਮਾਨੰਦ ਅਵਸਥਾ ਵਿਚ ਪਹੁੰਚ ਜਾਂਦਾ ਹੈ। ਹੰਸ ਮੰਤ੍ਰ, ਜਿਸ ਦਾ ਜੀਵ ਨਿਰੰਤਰ ਸਵਾਸ-ਪ੍ਰਸਵਾਸ ਜਪ ਕਰਦਾ ਹੈ। ਸੋਹੰਗ ਜਾਂ ਸੋਹੰ ਮੰਤ੍ਰ ਵਿਚ ਪਰਿਵਰਤਿਤਹੋ ਜਾਂਦਾ ਹੈ। ਗੁਰੂ ਰਵਿਦਾਸ ਜੀ ਤੇ ਵੇਦਾਂਤ ਦਾ ਪ੍ਰਭਾਵ ਵਧੇਰੇ ਹੈ ਉਨ੍ਹਾਂ ਨੇ ਹੰਸ-ਮੰਤ੍ਰ ਸਾਧਨਾ ਨਹੀਂ ਕੀਤੀ, ਸਗੋਂ ਸੋਹੰ-ਸਾਧਨਾ ਤੇ ਵਧੇਰੇ ਬਲ ਦਿੱਤਾ।

## ਸ਼ਬਦ-ਸੁਰਤਿ-ਯੋਗ

ਸ਼ਬਦ ਨਿਤਯ, ਸੂਖ੍ਮ ਅਤੇ ਸਰਵਵਿਆਪਕ ਹੈ। ਉਹ ਪਰਮਤਤ ਸ਼ਬਦ ਰੂਪ ਹੈ ਜਾਂ ਅੱਖਰ ਰੂਪ ਹੈ। ਇਸ ਲਈ ਪ੍ਰਭੂ ਦੇ ਵਾਚਕ "ਸ਼ਬਦ" ਵਿਚ ਵੀ ਅਪਾਰ ਗੁਣ ਮੌਜੂਦ ਹਨ। ਸ਼ਬਦ ਜਾਂ ਅੱਖਰ ਉਸ ਦੀ ਕਰਤਾਰੀ ਸ਼ਕਤੀ ਦਾ ਨਾਮ ਹੈ। ਗੁਰੂ ਰਵਿਦਾਸ ਜੀ ਅਨੁਸਾਰ ਸ਼ਬਦ ਬ੍ਰਹਮ ਅਗਮ ਅਗੋਚਰ, ਅੱਛਰ, ਅਤਰਕ ਅਤੇ ਆਨੰਦ ਯੁਕਤ ਹੈ।

ਅਗਮ ਅਗੋਚਰ ਅਛਰ ਅਤਰਕ, ਨਿਰਗੁਣ ਅਤਿ ਆਨੰਦਾ।[66]

ਬ੍ਰਹਮ ਦੇ ਇਸ ਰੂਪ ਨਾਲ ਹੀ ਸੁਰਤਿ ਦਾ ਸੰਯੋਗ ਹੁੰਦਾ ਹੈ। ਡਾ. ਬਲਬੀਰ ਸਿੰਘ ਅਨੁਸਾਰ, "ਸ਼ਰੀਰ ਦੇ ਅੰਦਰ ਅੰਤਰਯਾਮੀ ਪ੍ਰਭੂ ਬੈਠਾ ਹੈ ਉਹ ਨਜ਼ਰ ਤੋਂ ਓਹਲੇ ਰਹਿੰਦਾ ਹੈ

ਪਰ ਸੁਰਤਿ ਵਾਲੇ ਨੂੰ ਉਹ ਅੰਦਰ ਤ੍ਰਿਕੁਟੀ ਨਾਲ ਪ੍ਰਤੱਖ ਹੋ ਜਾਂਦਾ ਹੈ।"[67] ਡਾ. ਤਿਲਕ ਰਾਜ ਸ਼ਿੰਗਾਰੀ ਅਨੁਸਾਰ, "ਸ਼ਬਦ ਦੀ ਸਵੈਭੰਗਤਾ ਭਾਵ, ਆਪਣੇ ਆਪ ਤੋਂ ਆਪ ਹੋਣਾ, ਆਪਣੀ ਹੋਂਦ ਲਈ ਕਿਸੇ ਦੂਸਰੇ ਉਤੇ ਨਿਰਭਰ ਨਾ ਹੋਣਾ, ਸਰਵਵਿਆਪਕਤਾ, ਅਖੰਡਤਾ, ਨਿਰੰਤਰਤਾ ਦਾ ਭਾਵ ਦ੍ਰਿੜਾਉਣ ਲਈ ਹੀ ਮਹਾਤਮਾ ਨੇ ਸੱਚੇ ਸ਼ਬਦ ਨੂੰ ਅਨਾਹਦ ਸ਼ਬਦ ਕਿਹਾ ਹੈ।"[68] ਅਸਲ ਵਿਚ ਇਹ ਸ਼ਬਦ ਸ੍ਰਿਸ਼ਟੀ ਵਿਚ ਸਦਾ ਵਿਆਪਕ ਹੁੰਦਾ ਹੈ। ਮਨੁੱਖ ਦੀ ਬਿਰਤੀ ਵਿਸ਼ੇ-ਵਿਕਾਰਾਂ ਵਿਚ ਲੱਗੀ ਹੋਣ ਕਾਰਨ, ਉਹ ਇਸ ਨੂੰ ਪਹਿਚਾਣ ਨਹੀਂ ਸਕਦਾ। ਜਦੋਂ ਉਹ ਸੁਰਤਿ ਜਾਂ ਪ੍ਰਭੂ ਦਾ ਧਿਆਨ ਕਰਨਾ ਸ਼ੁਰੂ ਕਰਦਾ ਹੈ ਤਾਂ ਹੌਲੀ ਹੌਲੀ ਉਸ ਨੂੰ ਇਸ ਸਭ ਕੁਝ ਦਾ ਅੰਦਰੋਂ ਹੀ ਅਹਿਸਾਸ ਹੋਣ ਲਗਦਾ ਹੈ। ਗੁਰੂ ਰਵਿਦਾਸ ਜੀ ਅਨੁਸਾਰ ਵੀ ਇਹ ਸ਼ਬਦ ਮਨੁੱਖ ਦੇ ਅੰਦਰ ਹੀ ਹੈ ਜੋ ਉਸ ਵਿਚ ਸੁਰਤਿ ਲਗਾ ਖੋਜਦਾ ਹੈ ਉਸਨੂੰ ਉਹ ਅੰਦਰੋਂ ਹੀ ਪ੍ਰਾਪਤ ਕਰ ਲੈਂਦਾ ਹੈ।

ਬਾਹਰਿ ਖੋਜਤ ਜਨਮ ਗਵਾਏ, ਉਨਮਨਿ ਧਿਆਨ ਰਹੇ ਘਟ ਆਪਣੇ।
ਸ਼ਬਦ ਅਨਾਹਦ ਬਾਜਤ ਘਟ ਮੰਹ, ਅਗਮ ਗਿਆਨ ਹੂੰ ਗੁਰ ਪ੍ਰਤਾਪ।[69]

ਗੁਰੂ ਜੀ ਅਨੁਸਾਰ ਸ਼ਬਦ ਹੀ ਅਨਾਹਦ ਸ਼ਬਦ ਹੈ। ਇਸ ਨੂੰ ਹੀ ਸਾਧਕ ਗੁਰੂ ਦੀ ਦੱਸੀ ਜੁਗਤੀ ਅਨੁਸਾਰ ਸ਼ਬਦ ਵਿਚ ਸੁਰਤਿ ਲਗਾ ਕੇ ਸੁਣਦਾ ਹੈ। ਇਹ ਸ਼ਬਦ ਹੀ ਬ੍ਰਹਮ ਹੈ ਅਤੇ ਸ਼ਬਦ ਹੀ ਗੁਰੂ ਹੁੰਦਾ ਹੈ। ਇਸ ਸ਼ਬਦ ਦੀ ਹੋਂਦ ਅਤੇ ਨਿਰੰਤਰਤਾ ਨੂੰ ਸੁਰਤਿ ਦੁਆਰਾ ਹੀ ਅਨੁਭਵ ਕੀਤਾ ਜਾ ਸਕਦਾ ਹੈ। ਸੁਰਤਿ ਅਤੇ ਸ਼ਬਦ ਦਾ ਕੁਦਰਤੀ ਸੰਬੰਧ ਹੈ। ਸੰਤ-ਜਨ ਸੁਰਤਿ ਨੂੰ ਸ਼ਬਦ ਨਾਲ ਜੋੜ ਕੇ ਉਨਮਨ ਅਵਸਥਾ ਪ੍ਰਾਪਤ ਕਰਦੇ ਹਨ। ਸ਼ਬਦ-ਸੁਰਤਿ ਯੋਗ ਦਾ ਚਰਮ ਵਿਕਾਸ ਕੇਵਲ ਮਧ-ਯੁਗੀਨ ਸੰਤ ਸਾਹਿਤ ਵਿਚ ਹੀ ਹੋਇਆ ਹੈ। ਸ਼ਬਦ ਨੂੰ ਸੁਰਤਿ ਦੁਆਰਾ ਅਨੁਭਵ ਕਰਨ ਦੀ ਜੁਗਤੀ ਸਤਿਗੁਰੂ ਜਾਂ ਉਸ ਦੀ ਮਿਹਰ ਨਾਲ ਪ੍ਰਾਪਤ ਹੁੰਦੀ ਹੈ। ਡਾ. ਤਿਲਕ ਰਾਜ ਸ਼ਿੰਗਾਰੀ ਅਨੁਸਾਰ, "ਸੁਰਤਿ ਸ਼ਬਦ ਦੀ ਅੰਤਿਮ ਪੌੜੀ ਬਹੁਤ ਉਚੀ ਹੈ। ਗੁਰੂ ਦਾ ਬਚਨ ਜੋ ਪ੍ਰਮਾਣ ਰੂਪ ਸੀ, ਉਹ ਜੋ ਬਾਹਰ ਸੀ ਉਹ ਅੰਦਰ ਪੂਰੀ ਤਰ੍ਹਾਂ ਨਿੱਠ ਕੇ ਬੈਠ ਜਾਂਦਾ ਹੈ। ਉਸ ਦੀ ਅੰਤ੍ਰੀਵਤਾ ਬਹੁਤ ਡੂੰਘੀ ਹੋ ਜਾਂਦੀ ਹੈ। ਉਹ ਪਾਰਬ੍ਰਹਮ ਨਾਲ ਅਭੇਦ ਹੋ ਜਾਂਦਾ ਹੈ, ਪ੍ਰਤੀਤ ਹੋ ਜਾਂਦਾ ਹੈ ਕਿ ਅੰਦਰ ਹੀ ਉਹ ਸ਼ਬਦ ਹੈ ਜੋ ਪਰਮਾਣ ਰੂਪ ਗੁਰੂ ਹੈ। ਨਾਲ ਹੀ ਇਹ ਪ੍ਰਤੱਖ ਹੋ ਜਾਂਦਾ ਹੈ ਕਿ ਅੰਦਰ ਹੀ ਉਹ ਸ਼ਕਤੀ ਹੈ, ਜੋ ਉਸ ਗੁਰੂ ਦੇ ਹੁਕਮ ਨੂੰ ਸਮਝਦੀ

ਹੈ। ਇਹ ਸੁਰਤਿ ਹੈ।"[70] ਗੁਰੂ ਰਵਿਦਾਸ ਜੀ ਅਨੁਸਾਰ ਵੀ ਗੁਰੂ ਦਾ ਸ਼ਬਦ ਹੀ ਸ਼ਬਦ ਰੂਪੀ ਬ੍ਰਹਮ ਹੈ। ਗੁਰੂ ਦੇ ਸ਼ਬਦ ਦੇ ਸੁਰਤਿ ਨਾਲ ਸੰਯੋਗ ਨਾਲ ਹੀ ਪਰਮਪਦ ਦੀ ਪ੍ਰਾਪਤੀ ਹੁੰਦੀ ਹੈ।

ਗੁਰੂ ਕਾ ਸਬਦ ਸੁਰਤਿ ਕੁਦਾਲੀ, ਖੋਦਤ ਕੋਊ ਲਹੈ ਰੇ।
ਰਾਮ ਕਾਹੂ ਕੇ ਬਾਂਟੇ ਨ ਆਇਓ, ਸੋ ਨੇਕੁ ਲਭ ਹੈ ਰੇ।[71]

ਪ੍ਰਭੂ ਵਿਚ ਸੁਰਤਿ ਲਗਾਉਣ ਨਾਲ ਉਹ ਸਭ ਸੁਧੀਆਂ ਪ੍ਰਾਪਤ ਹੋ ਜਾਂਦੀਆਂ ਹਨ ਜਿਨ੍ਹਾਂ ਨੂੰ ਹਠ-ਯੋਗੀ ਕਰੜੀ-ਸਾਧਨਾ ਉਪਰੰਤ ਪ੍ਰਾਪਤ ਕਰਦੇ ਹਨ। ਗੁਰੂ ਰਵਿਦਾਸ ਜੀ ਅਨੁਸਾਰ ਜਦੋਂ ਸੁਰਤਿ ਅਤੇ ਸ਼ਬਦ ਵਿਚ ਯੋਗ ਹੋ ਜਾਂਦਾ ਹੈ ਜਾਂ ਇਕਮਿਕਤਾ, ਇਕਤਾਰਤਾ, ਸਮਰਸਤਾ ਜਾਂ ਲੀਨਤਾ ਹੋ ਜਾਂਦੀ ਹੈ ਤਾਂ ਹੀ ਅੰਦਰੋਂ ਪਰਮਤਤ ਦੀ ਜੋਤਿ ਦਾ ਦੀਦਾਰ ਹੁੰਦਾ ਹੈ ਅਤੇ ਉਸ ਸਮੇਂ ਹੀ ਬ੍ਰਹਮ ਆਨੰਦ ਦੀ ਅਨੁਭੂਤੀ ਪ੍ਰਾਪਤ ਹੁੰਦੀ ਹੈ। ਅੰਮ੍ਰਿਤ ਰਸ ਦਾ ਝਰਨਾ ਨਿਰੰਤਰ ਝਰਨ ਲਗਦਾ ਹੈ ਅਤੇ ਸੁਰਤਿ ਸਾਧਕ ਨੂੰ ਰਾਮ-ਰਸ ਦੇ ਪਿਆਲੇ ਪ੍ਰਦਾਨ ਕਰਦੀ ਹੈ;

(1) ਸੁਰਤ ਸ਼ਬਦ ਜਉ ਏਕ ਹੋਂ ਤਉਂ, ਪਾਈਹਿੰ ਪਰਮ ਅਨੰਦ
ਰਵਿਦਾਸ ਅੰਤਰ ਦੀਪਕ ਜਰਈ, ਘਟ ਉਪਜਈ ਬ੍ਰਹਮ ਅਨੰਦ।[72]

(2) ਪੀਆ ਰਾਮ ਰਸੁ ਪੀਆ ਰੇ
ਭਰਿ ਭਰਿ ਦੇਵੈ ਸੁਰਤਿ ਕਲਾਲੀ
ਦਰਿਆ ਦਰਿਆ ਪੀਨਾ ਰੇ।
ਪੀਵਤ ਪੀਵਤੁ ਆਪਾ ਜਗ ਭੂਲਾ, ਹਰਿ ਰਸ ਮਾਂਹਿ ਬੌਰਾਨਾ ਹੈ।[73]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਰਵਿਦਾਸ ਦਾ ਸ਼ਬਦ-ਸੁਰਤਿ-ਯੋਗ ਹਠ-ਯੋਗ ਦੀ ਸਾਧਨਾ ਤੋਂ ਭਿੰਨ ਹੈ, ਗੁਰੂ ਜੀ ਅਨੁਸਾਰ ਸੁਰਤਿ ਸਹਜ ਭਾਵ ਵਿਚ ਹੀ ਸ਼ਬਦ ਵਿਚ ਜੁੜ ਜਾਂਦੀ ਹੈ। ਇਹ ਅਸਲ ਵਿਚ ਨਾਮ ਸਾਧਨਾ ਹੈ ਕਿਉਂਕਿ ਗੁਰੂ ਜੀ ਅਨੁਸਾਰ ਸ਼ਬਦ ਹੀ ਬ੍ਰਹਮ ਹੈ ਇਹ ਹੀ ਅਨਹਦ ਨਾਦ ਹੈ। ਇਹ ਹੀ ਗੁਰੂ ਸ਼ਬਦ ਦਾ ਵਾਚਕ ਹੈ। ਇਹ ਹੀ ਨਾਮ ਹੈ। ਇਸ ਲਈ ਨਾਮ ਅਤੇ ਨਾਮੀ ਵੀ ਇਕ ਹੀ ਹਨ। ਨਾਮ ਦੀ ਪ੍ਰਾਪਤੀ ਗੁਰੂ ਤੋਂ ਹੀ

ਹੁੰਦੀ ਹੈ। ਇਹ ਸ਼ਬਦ ਸਾਡੇ ਅੰਦਰ ਸਦੀਵੀ ਤੌਰ ਤੇ ਵਿਦਮਾਨ ਹੈ।

ਪਖੰਡ ਪਰੈ ਜੀਵ ਜਿਮ ਘਰਿ ਜਾਤਾ,
ਸ਼ਬਦ ਅਤੀਤ ਅਨਹਦ ਰਾਤਾ।[74]

ਸਾਰੰਸ਼ ਇਹ ਹੈ ਕਿ ਗੁਰੂ ਰਵਿਦਾਸ ਜੀ ਦੁਆਰਾ ਪ੍ਰਤਿਪਾਦਿਤ ਯੋਗ ਵਿਚ ਨਾਮ-ਸਾਧਨਾ ਦਾ ਸਥਾਨ ਪਰਮ-ਉਚ ਹੈ। ਉਨ੍ਹਾਂ ਨੇ ਯੋਗ ਮਤ ਦੀ ਕੇਵਲ ਪ੍ਰਚਲਿਤ ਸ਼ਬਦਾਵਲੀ ਨੂੰ ਉਸ ਸੀਮਾ ਤਕ ਹੀ ਅਪਣਾਇਆ ਹੈ ਜਿਥੇ ਤਕ ਉਹ ਸਹਜ ਭਗਤੀ ਮਾਰਗ ਨੂੰ ਸਪੱਸ਼ਟ ਕਰਨ ਲਈ ਉਨ੍ਹਾਂ ਦਾ ਸਾਥ ਦਿੰਦੀ ਹੈ। ਯੋਗ ਮਾਰਗ ਦੀਆਂ ਖੁਸ਼ਕ ਪਰਿਭਾਸ਼ਾਵਾਂ ਕਰਨ ਅਤੇ ਉਨ੍ਹਾਂ ਦੀ ਵਿਆਖਿਆ ਜਾਂ ਸਾਧਨਾ ਮਗਰ ਉਹ ਕਦੇ ਵੀ ਨਹੀਂ ਨੱਠੇ। ਸੰਤ ਮਾਰਗ ਵਿਚ ਯੋਗ ਨੂੰ ਇਕ ਹੱਦ ਤਕ ਹੀ ਅਪਣਾਇਆ ਗਿਆ ਹੈ ਤੇ ਸੰਤ ਰਵਿਦਾਸ ਜੀ ਵੀ ਕੇਵਲ ਇਸਦੀ ਸ਼ਬਦਾਵਲੀ ਦਾ ਹੀ ਪ੍ਰਯੋਗ ਕਰਦੇ ਹਨ।

## ਰਾਜ-ਯੋਗ

ਯੋਗ ਦੇ ਗ੍ਰੰਥਾਂ ਵਿਚ ਰਾਜਯੋਗ ਨੂੰ ਸਰਵਸ੍ਰੇਸ਼ਠ ਮੰਨਿਆ ਗਿਆ ਹੈ, ਬਾਕੀ ਦੇ ਯੋਗ ਕੇਵਲ ਇਸਦੀ ਭੂਮਿਕਾ ਹਨ। ਰਾਜਯੋਗ ਵਿਚ ਮਨ ਨੂੰ ਸਾਧਣ ਤੇ ਬਲ ਦਿੱਤਾ ਜਾਂਦਾ ਹੈ। ਜਦੋਂ ਮਨ ਨੂੰ ਜਿੱਤ ਕੇ ਯੋਗੀ ਧਿਆਨ ਅਤੇ ਧਾਰਣਾ ਦੇ ਸਹਾਰੇ ਅਜਪਾ-ਜਾਪ ਕਰਦਿਆਂ ਸਹਸ੍ਰਾਰ ਵਿਚ ਉਸ ਨੂੰ ਕੇਂਦਰਿਤ ਕਰ ਦਿੰਦਾ ਹੈ ਤਾਂ ਉਸਦੀ ਸਾਧਨਾ ਨੂੰ ਰਾਜ-ਯੋਗ ਕਹਿੰਦੇ ਹਨ। ਲਯ-ਯੋਗ ਦੀ ਧਿਆਨ-ਸਾਧਨਾ ਅਤੇ ਮੰਤ੍ਰ-ਯੋਗ ਦੀ ਨਾਮ ਅਤੇ ਨਾਦ-ਸਾਧਨਾ ਵੀ ਰਾਜ-ਯੋਗ ਸਾਧਨਾ ਦੇ ਅੰਤਰਗਤ ਆਉਂਦੀ ਹੈ। ਇਸ ਲਈ ਸਭ ਗ੍ਰੰਥਾਂ ਵਿਚ ਇਸ ਨੂੰ ਵਧੇਰੇ ਮਹੱਤਵ ਦਿੱਤਾ ਗਿਆ ਹੈ। ਮਨ ਦੀ ਸਥਿਰਤਾ ਦੀ ਅਵਸਥਾ ਨੂੰ ਸ਼ਿਵ ਅਵਸਥਾ ਜਾਂ ਮਨੋਮਨੀ ਕਿਹਾ ਜਾਂਦਾ ਹੈ।[75] ਇਸ ਨੂੰ ਉਨਮਨ ਅਵਸਥਾ, ਸਮਾਧੀ, ਅਮਰਤੱਵ, ਪਰਮਪਦ, ਜੀਵਨ ਮੁਕਤੀ, ਸਹਜ ਅਵਸਥਾ ਅਤੇ ਤੁਰੀਆ ਅਵਸਥਾ ਵੀ ਕਿਹਾ ਜਾਂਦਾ ਹੈ। ਰਾਜਯੋਗ ਅਜਿਹੀ ਸਥਿਤੀ ਹੈ ਜਿਥੇ ਮਨ ਅਤੇ ਪ੍ਰਾਣਾਂ ਦਾ ਭੇਦ ਮਿਟ ਜਾਂਦਾ ਹੈ ਅਤੇ ਦੋਵੇਂ ਇਕ ਹੋ ਜਾਂਦੇ ਹਨ। ਮਨ ਆਮ ਹਾਲਤ ਵਿਚ ਸੰਸਾਰਿਕ ਵਸਤਾਂ ਦੇ ਪਿਛੇ ਲਗਾ ਸਰੀਰ ਦੇ ਨੌਂ-ਦੁਆਰਿਆਂ ਜਾਂ ਚੱਕਰਾਂ ਵਿਚ ਘੁੰਮਦਾ ਫਿਰਦਾ ਹੈ। ਸਮਾਧੀ

ਸਥਿਤੀ ਵਿਚ ਜਾਂ ਸੁਰਤਿ ਉਸ ਵਿਚ ਲਗਾਉਣ ਨਾਲ ਇਹ ਊਰਧਵ ਗਤਿ ਹੋ ਕੇ ਦਸਵੇਂ ਘਰ ਜਾਂ ਸਹਸ੍ਰਾਰ ਵਿਚ ਪਰਮਤਤ ਨਾਲ ਲੀਨ ਹੋ ਜਾਂਦਾ ਹੈ। ਜਿਸ ਨਾਲ ਬ੍ਰਹਮ-ਰੰਧ੍ਰ ਵਿਚੋਂ ਨਿਰੰਤਰ ਅੰਮ੍ਰਿਤ ਝਰਨ ਲਗਦਾ ਹੈ। ਇਸ ਅਵਸਥਾ ਨੂੰ ਉਨਮਨ ਅਵਸਥਾ ਕਿਹਾ ਜਾਂਦਾ ਹੈ। ਡਾ. ਬੀ.ਪੀ. ਸ਼ਰਮਾ ਅਨੁਸਾਰ ਇਸ ਸ਼ਬਦ ਦਾ ਦੂਜਾ ਅਰਥ ਹੈ ਸੰਸਾਰ ਤੋਂ ਉਦਾਸੀਨ ਹੋਣਾ। ਸੰਤ ਸਾਧਨਾ ਵਿਚ ਸੰਸਾਰਿਕ ਵਿਸ਼ਿਆਂ ਤੋਂ ਉਦਾਸੀਨ ਰਹਿਣ ਵਾਲਾ ਸਾਧਕ ਸਦਾ ਬ੍ਰਹਮ ਚਿੰਤਨ ਵਿਚ ਲੀਨ ਰਹਿੰਦਾ ਹੈ। ਇਸ ਪਰਕਾਰ ਦੀ ਚਿਣਬਿਰਤੀ ਅਥਵਾ ਮਨ ਦੀ ਸਥਿਤੀ ਨੂੰ ਸੰਤ-ਭਾਸ਼ਾ ਵਿਚ ਉਨਮਨਿ ਕਿਹਾ ਗਿਆ ਹੈ।[76] ਗੁਰੂ ਰਵਿਦਾਸ ਜੀ ਅਨੁਸਾਰ ਵੀ ਇਹ ਪਰਮਾਨੰਦ ਦੀ ਅਵਸਥਾ ਹੈ:

ਪੀਆ ਰਾਮ ਰਸੁ ਪੀਆ ਰੇ॥ ਟੇਕ॥
ਪੀਵਤ ਪੀਵਤ ਆਪਾ ਜਗ ਭੂਲਾ, ਹਰਿ ਰਸਿ ਮਾਂਹਿ ਬੌਰਾਨਾ ਰੇ।
ਦਰ ਘਰਿ ਵਿਸਰਿ ਗਯੌ ਰਵਿਦਾਸਾ, ਉਨਮਨਿ ਸਦ ਮਤਵਾਰੀ ਰੇ।[77]

ਸਾਧਕ ਉਨਮਨ ਅਵਸਥਾ ਪ੍ਰਾਪਤ ਕਰਨ ਲਈ ਸਭ ਤੋਂ ਪਹਿਲਾਂ ਬਾਹਰਮੁਖੀ ਮਨ ਨੂੰ ਅੰਤਰਮੁਖੀ ਸਥਿਤੀ ਵਿਚ ਲਿਆਉਣ ਲਈ ਨਾੜੀ ਸਾਧਨਾ ਕਰਦਾ ਹੈ। ਇਸ ਵਿਚ ਪਿੰਗਲ-ਈੜਾ ਦੇ ਸੰਯੋਗ ਨਾਲ ਪ੍ਰਾਣ-ਵਾਯੂ ਨੂੰ ਸੁਖਮਨਾ ਵਿਚ ਪ੍ਰੇਰਿਤ ਕੀਤਾ ਜਾਂਦਾ ਹੈ ਜਿਸ ਨਾਲ ਸੁਖਮਨਾ ਦੁਆਰਾ ਖੁਲ੍ਹ ਜਾਂਦਾ ਹੈ ਅਤੇ ਪ੍ਰਾਣ ਵਾਯੂ ਇਸ ਵਿਚੋਂ ਦੀ ਬ੍ਰਹਮਰੰਧ੍ਰ ਵਲ ਜਾਂਦੀ ਹੈ। ਇਸ ਨਾਲ ਅਨਾਹਦ ਨਾਦ ਦਾ ਅਨੁਭਵ ਹੁੰਦਾ ਹੈ ਅਤੇ ਸੁੰਨਿ ਮੰਡਲ ਵਿਚੋਂ ਨਿਰੰਤਰ ਅੰਮ੍ਰਿਤ ਝਰਦਾ ਹੈ ਜਿਸਨੂੰ ਪੀਂਦਾ ਸਾਧਕ ਨਹੀਂ ਥਕਦਾ। ਗੁਰੂ ਜੀ ਲਿਖਦੇ ਹਨ:

ਉਨਮਨ ਮਨ ਮਨ ਹੀ ਮਿਲੇ, ਛੁਟਕਤ ਬਜਰ ਕਪਾਟ।[78]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਰਾਜ ਯੋਗ ਸੰਪੂਰਨ ਯੋਗ ਸਾਧਨਾ ਹੈ ਇਸ ਵਿਚ ਕਾਇਆ ਸਾਧਨਾ, ਪ੍ਰਾਣ-ਸਾਧਨਾ ਅਤੇ ਮਨ-ਸਾਧਨਾ ਦਾ ਸੁਮੇਲ ਹੈ। ਧਿਆਨ, ਧਾਰਨਾ ਅਤੇ ਸਮਾਧੀ ਇਸਦੇ ਪ੍ਰਮੁਖ ਅੰਗ ਹਨ। ਇਸ ਤੋਂ ਇਲਾਵਾ ਰਾਜ-ਯੋਗ ਸਾਧਨਾ ਦੇ ਸਭ ਪ੍ਰਮੁਖ ਸਾਧਨਾਵਾਂ ਦਾ ਸਮਾਵੇਸ਼ ਹੈ।

## ਸਹਜ ਯੋਗ

ਸਹਜ ਮਹੱਤਵਪੂਰਣ ਅਧਿਆਤਮਿਕ ਸ਼ਬਦ ਹੈ। ਵੈਦਿਕ ਯੁਗ ਤੋਂ ਲੈ ਕੇ ਹੁਣ ਤਕ ਸਹਜ ਦਾ ਪ੍ਰਯੋਗ ਨਿਰੰਤਰ ਕਿਸੇ ਨਾ ਕਿਸੇ ਰੂਪ ਵਿਚ ਹੁੰਦਾ ਰਿਹਾ ਹੈ। ਸਹਜ, ਵਿਚਾਰ, ਵਿਵੇਕ, ਸ਼ੋਕ ਦਾ ਅਭਾਵ, ਆਨੰਦ ਦਾ ਸੂਚਕ ਕਿਰਿਆ ਵਿਸ਼ੇਸ਼ਣ ਦੇ ਤੌਰ ਤੇ ਸਹਿਜ ਸੁਭਾਵਿਕ, ਸੁਤੇਸਿੱਧ ਅਰਥਾਂ ਨੂੰ ਵੀ ਪ੍ਰਗਟਾਉਂਦਾ ਹੈ। ਇਹ ਸ਼ਬਦ ਭਗਤੀ ਸਾਧਨਾ ਵਿਚ ਬਾਹਰੀ ਆਚਾਰ, ਆਡੰਬਰ, ਹਠ-ਯੋਗ, ਤੀਰਥ-ਵਰਤ ਆਦਿ ਦੀ ਪ੍ਰਧਾਨਤਾ ਦੇ ਪ੍ਰਤੀਕਿਰਿਆ ਸਰੂਪ ਵਰਤਿਆ ਗਿਆ। ਸਹਜ ਨਾਲ ਜੋੜ ਕੇ ਅਨੇਕ ਸਮਾਸ ਵੀ ਇਸਤੇਮਾਲ ਕੀਤੇ ਗਏ ਹਨ: ਸਹਜ ਸੁੰਨਿ, ਸਹਜ ਸਮਾਧੀ, ਸਹਜ ਯੋਗ ਆਦਿ। ਇਸ ਤੋਂ ਇਲਾਵਾ ਮਧਕਾਲੀਨ ਸੰਤਾਂ ਨੇ ਬ੍ਰਹਮ ਨੂੰ ਵੀ ਸਹਜ ਕਿਹਾ ਹੈ। ਇਸ ਤਰ੍ਹਾਂ ਉਨ੍ਹਾਂ ਦਾ ਭਗਤੀ ਮਾਰਗ ਵੀ ਸਹਜ ਮਾਰਗ ਹੈ ਅਤੇ ਪਰਮ ਲਕਸ਼ ਦੀ ਪ੍ਰਾਪਤੀ ਵਾਲੀ ਉਚਤਮ ਅਵਸਥਾ ਵੀ ਸਹਜ-ਅਵਸਥਾ ਹੈ। ਬ੍ਰਹਮ ਵੀ ਸਹਜ ਹੈ ਅਤੇ ਉਸ ਦਾ ਨਿਵਾਸ ਸਥਾਨ ਵੀ ਸਹਜ ਸੁੰਨਿ ਹੈ। ਉਸ ਲਈ ਲਗਾਈ ਸਮਾਧੀ ਵੀ ਸਹਜ ਹੈ ਗੱਲ ਕਿ ਉਨ੍ਹਾਂ ਦਾ ਸੰਪੂਰਨ ਭਗਤੀ ਮਾਰਗ ਹੀ ਸਹਜ-ਯੋਗ ਹੈ। ਸਹਜ ਦਾ ਤੱਤ ਅਸਲ ਵਿਚ ਵਜ੍ਰਯਾਨੀ ਬੁਧ-ਸੰਪ੍ਰਦਾਇ ਦੀ ਦੇਣ ਹੈ। ਇਸ ਦਾ ਵਿਕਾਸ ਅਗੇ ਜਾ ਕੇ ਬੋਧ ਤਾਂਤ੍ਰਿਕ ਸਹਜਯਾਨੀ ਸਿੱਧਾ ਦੀਆਂ ਬਾਣੀਆਂ ਵਿਚ ਹੋਇਆ ਹੈ। ਸਹਜਯਾਨੀ ਸਿੱਧਾਂ ਦਾ ਸਹਜ ਇਕ ਤਰ੍ਹਾਂ ਦੀ ਮਾਨਸਿਕ ਅਵਸਥਾ ਸੀ ਜਿਸ ਨੂੰ ਉਹ ਮਹਾਂਸੁਖ ਵੀ ਕਹਿੰਦੇ ਹਨ। ਨਾਥ ਮੱਤ ਵਿਚ ਸਹਜ ਦਾ ਈਸ਼ਵਰ ਦੇ ਰੂਪ ਵਿਚ ਪ੍ਰਯੋਗ ਹੋਇਆ ਹੈ।

ਅਵਧੂ ਰਾਤ ਨ ਹੋਤੀ ਦਿਨ ਸਹਜੈ ਆਯਾ,
ਦਿਨ ਪ੍ਰਸਰਯਾ ਰਾਤਿ ਸਹਜੈ ਸਮਾਯਾ।[79]

ਬੋਧਮੱਤ ਦੇ ਮਾਧਮਿਕ ਮਾਰਗ ਵਿਚ ਵੀ ਸਹਜ-ਸਾਧਨਾ ਦਾ ਆਪਣੇ ਢੰਗ ਨਾਲ ਪ੍ਰਯੋਗ ਕੀਤਾ ਜਾਂਦਾਸੀ। ਇਸ ਸਾਧਨਾ ਦਾ ਆਰੰਭ ਮਨ ਦੀ ਸਥਿਰਤਾ ਨਾਲ ਹੁੰਦਾ ਸੀ। ਨਾਥਾਂ ਯੋਗੀਆਂ ਨੇ ਜਿਥੇ ਮਨ ਨੂੰ ਸਥਿਰ ਕਰਨ ਲਈ ਹਠ-ਯੋਗ ਦਾ ਸਹਾਰਾ ਲਿਆ, ਉਥੇ ਮੱਧਕਾਲੀਨ ਸੰਤ-ਕਵੀਆਂ ਨੇ ਇਹ ਸਭ ਕੁਝ ਸਹਜ ਭਾਵ ਨਾਲ ਕੀਤਾ ਇਸ ਲਈ ਸੰਤਾਂ ਦਾ ਸਹਜ ਅਸਲੀ ਅਰਥਾਂ ਵਿਚ ਸਹਜ ਹੈ ਕਿਉਂਕਿ ਉਨ੍ਹਾਂ ਦੀ ਕਥਨੀ ਅਤੇ ਕਰਨੀ ਵਿਚ ਏਕਤਾ ਸੀ ਜਿਸਨੇ ਉਨ੍ਹਾਂ ਦੀ ਸਹਜ ਭਾਵਨਾ ਨੂੰ ਸਹਜ ਸੁਭਾ ਵਿਕਸਿਤ ਕੀਤਾ।

ਗੁਰੂ ਰਵਿਦਾਸ ਜੀ ਦਾ ਸਹਜ ਯੋਗ, ਸ਼ਬਦ-ਸੁਰਤਿ-ਯੋਗ ਹੀ ਹੈ। ਸਹਜ ਸੁੰਨਿ ਅਵਸਥਾ ਪ੍ਰਾਪਤ ਕਰਨ ਲਈ ਗਿਆਨ ਦੇ ਪ੍ਰਕਾਸ਼ ਦੀ ਜ਼ਰੂਰਤ ਹੁੰਦੀ ਹੈ ਪਰੰਤੂ ਜਦੋਂ ਸਾਧਕ ਇਕ ਵਾਰੀ ਸੁਰਤਿ ਸ਼ਬਦ-ਯੋਗ ਰਾਹੀਂ ਸੁੰਨਿ ਚੱਕਰ ਤੇ ਪਹੁੰਚ ਜਾਂਦਾ ਹੈ ਉਹ ਸਦੀਵੀ ਤੌਰ ਤੇ ਉਚਤਮ ਸਹਜ ਅਵਸਥਾ ਪ੍ਰਾਪਤ ਕਰ ਲੈਂਦਾ ਹੈ:

(1) ਨੀਹ ਅਬ ਵੇਦ ਕਤੇਬ ਪੁਰਾਇਨ, ਸੁੰਨਿ ਸਹਜ ਹੇ ਭਾਈ।[80]

(2) ਸੁੰਨਿ ਸਹਜ ਮੈਂ ਦੋਊ ਤਿਆਗੀ, ਰਾਮ ਕਹੌ ਨਾ ਖੁਦਾਈ।[81]

ਗੁਰੂ ਰਵਿਦਾਸ ਜੀ ਨੇ ਸਹਜ ਸ਼ਬਦ ਨਾਲ ਸੁੰਨਯ, ਸਮਾਧੀ ਆਦਿ ਸ਼ਬਦਾਂ ਦਾ ਯੋਗ ਕਰਕੇ ਇਸਨੂੰ ਨਵੇਂ ਅਰਥ ਪ੍ਰਦਾਨ ਕੀਤੇ ਹਨ। ਉਨ੍ਹਾਂ ਦਾ ਸਹਜ ਜਾਂ ਸਹਜ ਸੁੰਨਿ "ਬ੍ਰਹਮ" ਹੈ। ਉਨ੍ਹਾਂ ਅਨੁਸਾਰ ਸਹਜ ਦਾ ਅਰਥ ਹੈ ਸਹਜ ਭਾਵ ਨਾਲ ਪ੍ਰਾਪਤੀ, ਸਹਜ-ਸਾਧਨਾ, ਸਹਜ ਸਰੂਪ ਪ੍ਰਭੂ ਦਾ ਨਿਵਾਸ ਸਥਾਨ, ਪ੍ਰਭੂ ਪ੍ਰਾਪਤੀ ਦੀ ਉਚਤਮ ਅਵਸਥਾ ਜਾਂ ਸਹਜ ਅਵਸਥਾ ਆਦਿ। ਉਹ ਲਿਖਦੇ ਹਨ ਕਿ ਸਹਜ-ਅਵਸਥਾ ਦੁਆਰਾ ਸਿੱਧੀ ਹੁੰਦੀ ਹੈ:

(1) ਭਾਈ ਰੇ ਸਹਜ ਬੰਦੇ ਲੋਈ, ਬਿਨ ਸਹਜ ਸਿੱਧ ਨਾ ਹੋਏ।[82]

ਪ੍ਰਭੂ ਸਹਜ ਸੁੰਨਿ ਵਿਚ ਨਿਵਾਸ ਕਰਦਾ ਹੈ:

ਸਹਜ ਸੁੰਨਿ ਮੈਂ ਭਾਟੀ ਸ੍ਰਵੈ, ਰਵਿਦਾਸ ਗੁਰਮੁਖ ਦੂਵੈ।[83]

ਸਹਜ ਭਗਤਾਂ-ਸੰਤਾਂ ਦਾ ਵਪਾਰ ਹੈ, ਮਾਰਗ ਹੈ:

ਹਉ ਬਨਜਾਰੋ ਰਾਮ ਕੋ ਸਹਜ ਕਰਉ ਵ੍ਯਾਪਾਰੁ।[84]

ਸਹਜ ਸਮਾਧੀ ਭਾਗਾਂ ਨਾਲ ਲਗਦੀ ਹੈ:

ਸਹਜ ਸਮਾਧਿ ਉਪਾਧਿ ਰਹਤ ਫੁਨਿ,
ਬਡੈ ਭਾਗ ਲਿਵ ਲਾਗੀ।[85]

ਉਹ ਸਹਿਜੇ-ਸਹਿਜੇ ਹੀ ਪ੍ਰਾਪਤ ਹੁੰਦਾ ਹੈ:

ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਈ ਸੁ ਹੋਈ।[86]

ਸਹਜ-ਭਾਵ-ਉਪਾਸਨਾ ਹੀ ਸਤਿ ਹੈ:

ਜੋਈ ਜੋਈ ਕਹਿ ਪੂਜਿਏ ਸੋਈ ਸੋਈ ਕਾਂਚੀ,
ਸਹਿਜ ਭਾਈ ਸਤਿ ਹੋਈ।[87]

ਉਹ ਪ੍ਰਭੂ ਸਹਜ-ਸਰੂਪ ਹੈ:

ਕਹੈ ਰਵਿਦਾਸ ਵਿਮਲ ਬਮੇਕ ਸੁਖ, ਸਹਜ ਸੁਰੂਪ ਸੰਭਾਰਾ।[88]

"ਰੰਰਕਾਰ" ਦਾ ਸਿਮਰਨ ਤੇ ਕੀਰਤਨ ਕਰਦਿਆਂ ਸੰਤ-ਜਨ ਸਹਿਜੇ ਹੀ (ਸੁਭਾਵਿਕ ਤੌਰ ਤੇ) ਪਰਮਪਦ ਪ੍ਰਾਪਤ ਕਰ ਲੈਂਦੇ ਹਨ:

ਭਵਤ ਰਵਿਦਾਸ ਰੰਰਕਾਰ ਗੁਣ ਗਾਵਤ,
ਸੰਤ ਸਾਧੂ ਭਏ ਸਹਜਿ ਪਾਰੰ।[89]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਰਵਿਦਾਸ ਜੀ ਦਾ ਯੋਗ ਸਹਜ-ਯੋਗ ਹੈ ਅਤੇ ਇਸਦਾ ਸ਼ਬਦ-ਸੁਰਤਿ-ਯੋਗ ਨਾਲ ਅਤੇ ਸਹਜ-ਪ੍ਰਾਣ ਸਾਧਨਾ ਜਾਂ ਜਪ-ਯੋਗ ਨਾਲ ਗੂੜ੍ਹਾ ਸੰਬੰਧ ਹੈ। ਗੁਰੂ ਰਵਿਦਾਸ ਜੀ ਦਾ ਸਹਜ ਮਧਕਾਲੀਨ ਸੰਤ-ਸਾਹਿਤ ਵਿਚ ਨਵੀਨਤਾ, ਮੌਲਿਕਤਾ ਅਤੇ ਵਿਲਖਣਤਾ ਰਖਦਾ ਹੈ। ਉਹ ਸਪਸ਼ਟ ਲਿਖਦੇ ਹਨ:

ਕਥਨੀ ਅਤੇ ਕਰਨੀ ਵਿਚ ਏਕਤਾ ਹੋਣ ਤੇ ਹੀ ਸਹਜ ਦੀ ਉਤਪਤੀ ਹੁੰਦੀ ਹੈ:

ਵੇਦ ਕਤੇਬ ਕੁਰਾਨ ਪੁਰਾਨਨਿ, ਸਹਜਿ ਏਕ ਨਹੀ ਦੇਖਿਆ।[90]

ਸਹਜ ਹੀ ਅੰਤਿਮ ਮਾਰਗ ਹੈ:

ਜਹਿੰ ਅਖ ਬੇਦ ਕਤੇਬ ਪੁਰਾਨਿਨ,
ਸੁਨਿ ਸਹਜ ਰੇ ਭਾਈ।[91]

ਸਹਜ ਰੂਪ ਵਿਚ ਪ੍ਰਾਪਤ ਕੀਤੀ ਵਸਤੂ, ਵਿਚਾਰਧਾਰਾ ਹੀ ਸਨਮੁਖ ਰਹਿੰਦੀ ਹੈ। ਇਹ ਮਨੋਵਿਗਿਆਨ ਦਾ ਮਹੱਤਵਪੂਰਣ ਤੱਥ ਹੈ:

ਸੋਈ ਸਹਜਿ ਮਿਲਓ ਸੋਈ ਸਨਮੁਖ, ਕਹੈ ਰਵਿਦਾਸ ਬੜਾਈ।[92]

ਇਸ ਲਈ ਜੀਵਨ ਦੇ ਹਰ ਮੌਸਮ ਵਿਚ ਸਹਜ ਦਾ ਮਹੱਤਵ ਹੈ। ਜੀਵਨ ਦੀ ਪਤਝੜ ਦੀ ਰੁੱਤ ਵਿਚ ਜਦੋਂ ਹਠ ਯੋਗ ਅਤੇ ਹੋਰ ਕਰੜੀ ਸਾਧਨਾ ਕਰਨ ਤੋਂ ਸਾਧਕ ਅਸਮਰਥ ਹੋ ਜਾਂਦਾ ਹੈ ਤਾਂ ਉਹ ਪ੍ਰਭੂ ਨਾਲ ਆਪਣਾ ਇਕਮਿਕਤਾ ਵਾਲਾ ਸੰਬੰਧ ਬਣਾਈ ਰਖਣ ਲਈ ਸਹਜ-ਭਗਤੀ ਹੀ ਕਰਦਾ ਹੈ। ਇਸ ਤਰ੍ਹਾਂ ਗੁਰੂ ਰਵਿਦਾਸ ਜੀ ਅਨੁਸਾਰ ਸਹਜ-ਯੋਗ ਦਾ ਜੀਵਨ ਵਿਚ ਬਹੁਤ ਮਹੱਤਵ ਹੈ। ਗੁਰੂ ਜੀ ਦਾ ਸਹਜ-ਯੋਗ ਆਪਣੀ ਵਿਚਾਰਧਾਰਾ ਸਦਕਾ ਸਹਜ-ਭਗਤੀ-ਮਾਰਗ ਵਿਚ ਪਰਿਣਤ ਹੋ ਜਾਂਦਾ ਹੈ। ਇਹ ਹੀ ਇਨ੍ਹਾਂ ਦੀ ਵਿਲਖਣਤਾ ਅਤੇ ਮੌਲਿਕਤਾ ਹੈ। ਉਹ ਲਿਖਦੇ ਹਨ:

ਕਾ ਗਾਊਂ ਗਾਈ ਨ ਹੋਈ,<br>
ਗਾਊਂ ਰੂਪ ਸਹਜੈ ਸੋਈ॥ ਟੇਕ॥[93]

<u>ਯੌਗਿਕ ਸਾਧਨਾ ਦੇ ਗੁਰੂ ਰਵਿਦਾਸ</u>

<u>ਭਗਤੀ-ਸਾਧਨਾ ਤੇ ਪਏ ਪ੍ਰਭਾਵ</u>

ਅਸੀਂ ਵੇਖਿਆ ਹੈ ਕਿ ਗੁਰੂ ਰਵਿਦਾਸ ਜੀ ਦੀ ਭਗਤੀ ਸਾਧਨਾ ਤੇ ਹਠ ਯੋਗ ਦੀਆਂ ਸਹਜ ਪ੍ਰਕਿਰਿਆਵਾਂ ਦਾ ਹੀ ਪ੍ਰਭਾਵ ਪਿਆ। ਹੁਣ ਅਸੀਂ ਉਨ੍ਹਾਂ ਦੇ ਸਾਧਨਾ-ਖੇਤ੍ਰ ਵਿਚ ਪਏ ਹੋਰ ਪ੍ਰਭਾਵਾਂ ਸੰਬੰਧੀ ਵਰਣਨ ਕਰਾਂਗੇ:

1. <u>ਅਵਧੂਤ ਅਵਸਥਾ</u>: ਨਾਥ ਸੰਪ੍ਰਦਾਇ ਵਿਚ ਯੋਗੀ ਅਵਧੂਤ ਅਵਸਥਾ ਪ੍ਰਾਪਤ ਕਰਦਾ ਹੈ। ਇਸ ਵਿਚ ਉਹ ਸਭ ਪ੍ਰਵਿਰਤੀਆਂ ਅਤੇ ਵਿਕਾਰਾਂ ਦਾ ਤਿਆਗ ਕਰ ਦਿੰਦਾ ਹੈ। ਗੁਰੂ ਰਵਿਦਾਸ ਬਾਣੀ ਵਿਚ ਵੀ ਇਕ ਥਾਂ ਤੇ ਇਸ ਦਾ ਪ੍ਰਯੋਗ ਹੋਇਆ ਹੈ। ਗੁਰੂ ਜੀ ਨੇ ਇਸ ਅਵਸਥਾ ਦੀ ਪ੍ਰਾਪਤੀ ਭਗਤੀ ਮਾਰਗ ਰਾਹੀਂ ਹੀ ਕੀਤੀ। ਇਸ ਲਈ ਇਸ ਦਾ ਪ੍ਰਯੋਗ ਸ਼ਬਦਾਵਲੀ ਦੇ

ਤੌਰ ਤੇ ਹੀ ਹੋਇਆ ਹੈ:

ਦੇਹੁ ਕਲਾਲੀ ਏਕ ਪਿਆਲਾ, ਐਸਾ ਅਵਧੂ ਹੋਈ ਮਤਵਾਲਾ।[94]

2. <u>ਅਨਹਦ-ਨਾਦ:</u> ਇਹ ਧੁਨੀ ਹੈ ਜਿਸਦਾ ਅਨੁਭਵ ਸਾਧਕ ਨੂੰ ਭਗਤੀ ਦੀ ਅੰਤਿਮ ਅਵਸਥਾ ਤਕ ਪਹੁੰਚਣ ਤੇ ਹੁੰਦਾ ਹੈ। ਜਦੋਂ ਸੰਤ-ਜਨ ਭਗਤੀ-ਸਾਧਨਾ ਦੁਆਰਾ ਜਾਂ ਕਿਸੇ ਹੋਰ ਸਾਧਨਾ ਅਨੁਸਾਰ ਪਰਮਤਤ ਨਾਲ ਇਕਮਿਕਤਾ ਪ੍ਰਾਪਤ ਕਰ ਲੈਂਦਾ ਹੈ ਤਾਂ ਉਹ ਅਨਹਦ-ਨਾਦ ਦਾ ਅਨੁਭਵ ਪ੍ਰਾਪਤ ਕਰਦਾ ਹੈ ਜਾਂ ਕਈ ਵਿਦਵਾਨਾਂ ਅਨੁਸਾਰ ਉਸ ਨੂੰ ਮਧੁਰ ਧੁਨੀ ਸੁਣਾਈ ਦਿੰਦੀ ਹੈ। ਨਿਰਗੁਣ-ਧਾਰਾ ਨਾਲ ਸੰਬੰਧਿਤ ਸੰਤਾਂ ਨੇ ਵੀ ਹਠ-ਯੋਗੀਆਂ ਵਾਂਗ ਅਨਹਦ-ਨਾਦ ਸੰਬੰਧੀ ਵਰਣਨ ਕੀਤਾ ਹੈ। ਭੌਤਿਕ-ਵਿਗਿਆਨ ਦੇ ਸਿਧਾਂਤ ਅਨੁਸਾਰ ਵੇਖਿਆ ਜਾਵੇ ਤਾਂ ਅਨਹਦ-ਨਾਦ ਕੇਵਲ ਸਵਾਸ ਦੇ ਨਾਲ ਅੰਦਰ ਗਈ ਹਵਾ ਦੀ ਕਿਰਿਆ ਦੇ ਪ੍ਰਤੀਕਰਮ ਵਜੋਂ ਪੈਦਾ ਹੁੰਦਾ ਹੈ। ਜਦੋਂ ਸਵਾਸ ਸਵਾਸ ਸਿਮਰਨ ਨਾਲ ਪ੍ਰਾਣ-ਵਾਯੂ ਅੰਦਰ ਜਾ ਕੇ ਕੁੰਡਲਿਨੀ ਨੂੰ ਜਾਗ੍ਰਤ ਕਰਦਾ ਹੈ ਤਾਂ ਪ੍ਰਾਣ-ਵਾਯੂ ਵਿਚਲੇ ਸਮੇਂ ਅੰਤਰਾਲ ਅਤੇ ਸੁਖਮਨਾ ਨਾੜੀ ਵਿਚਲੀ ਆਂਤਰਿਕ ਦੂਰੀ ਦੀ Adjustment ਨਾਲ ਉਤਪੰਨ ਹੋਈ ਧੁਨੀ ਸ਼ਬਦ ਬ੍ਰਹਮ ਜਾਂ ਨਾਦ ਨਾਲ ਇਕਸੁਰ Resonant ਹੋ ਜਾਂਦੀ ਹੈ ਤਾਂ ਉਹ ਸ਼ਬਦ ਰੂਪੀ ਬ੍ਰਹਮ ਜਾਂ ਅਨਹਦ-ਨਾਦ ਸੁਣਾਈ ਦਿੰਦਾ ਹੈ। ਸਾਧਕ ਸ਼ਬਦ ਸਾਧਨਾ ਰਾਹੀਂ ਜਾਂ ਬਾਣੀ ਦੇ ਸਿਮਰਨ ਨਾਲ ਧਿਆਨ ਨੂੰ ਬੰਨ੍ਹ ਕੇ ਸੰਸਾਰਿਕ ਵਿਸ਼ਿਆਂ ਵਲ ਨੂੰ ਨਠਦੇ ਮਨ ਨੂੰ ਠੱਲ ਪਾ ਲੈਂਦਾ ਹੈ ਅਤੇ ਨਾਦ ਵਿਚ ਲੀਨ ਹੋ ਜਾਂਦਾ ਹੈ। ਮੱਧਯੁਗੀਨ ਨਿਰਗੁਣੀਏ ਸੰਤਾਂ ਨੇ ਸਵਾਸ-ਸਾਧਨਾ ਦਾ ਸਹਾਰਾ ਜ਼ਰੂਰ ਲਿਆ ਕਿਉਂਕਿ ਉਨ੍ਹਾਂ ਦੀ ਬਾਣੀ ਦੀ ਧੁਨੀ ਅਨਹਦ ਨਾਦ ਨਾਲ ਮੇਲ ਖਾਂਦੀ ਹੈ। ਧਿਆਨ ਬਿੰਦੂ ਅਤੇ ਨਾਦ ਬਿੰਦੂ ਦਾ ਗੂੜ੍ਹਾ ਸੰਬੰਧ ਹੈ ਕਿਉਂਕਿ ਧਿਆਨ ਬ੍ਰਹਮ ਦਾ ਕੀਤਾ ਜਾਂਦਾ ਹੈ ਅਤੇ ਬ੍ਰਹਮ ਨਾਦ ਹੈ। ਇਨ੍ਹਾਂ ਵਿਚੋਂ ਕਿਸੇ ਇਕ ਦੀ ਕਿਰਿਆ ਦੂਜੇ ਦੀ ਹੋਂਦ ਨੂੰ ਸਵੀਕਾਰਦੀ ਹੈ। ਗੁਰੂ ਰਵਿਦਾਸ ਜੀ ਨੇ ਸਹਜ ਯੋਗ ਸਾਧਨਾ ਰਾਹੀਂ ਇਸ ਦੀ ਪ੍ਰਾਪਤੀ ਕੀਤੀ। ਸੰਤਾਂ ਦੀ ਸਵਾਸ ਸਾਧਨਾ ਤੇ ਯੋਗ ਸਾਧਨਾ ਦਾ ਪ੍ਰਭਾਵ ਪ੍ਰਤੱਖ ਦ੍ਰਿਸ਼ਟੀਗੋਚਰ ਹੁੰਦਾ ਹੈ ਚਾਹੇ ਇਸ ਦੇ ਸੰਕੇਤ ਉਪਨਿਸ਼ਦਾਂ ਵਿਚੋਂ ਵੀ ਪ੍ਰਾਪਤ ਹੁੰਦੇ ਹਨ।

ਪਰ ਇਥੇ ਇਹ ਵੀ ਉਲੇਖਣਯੋਗ ਹੈ ਕਿ ਨਾਥਾਂ ਦੀ ਸਵਾਸ ਸਾਧਨਾ ਅਤੇ ਮੱਧਯੁਗੀਨ ਸੰਤਾਂ ਦੀ ਸਵਾਸ ਸਾਧਨਾ ਵਿਚ ਅੰਤਰ ਹੈ। ਜਿਥੇ ਪਹਿਲੀ ਹਠ ਯੋਗ ਦੇ ਸੰਦਰਭ ਵਿਚ ਕੀਤੀ ਜਾਂਦੀ ਸੀ ਦੂਜਰੀ ਵਿਚ ਸਹਜ ਯੋਗ ਅਪਣਾਇਆ ਗਿਆ ਹੈ।

3. ਅਜਪਾ-ਜਾਪ: ਪ੍ਰਭੂ ਦੇ ਨਾਮ, ਸ਼ਬਦ ਦਾ ਸਵਾਸ-ਸਵਾਸ ਸਿਮਰਨ ਹੀ ਅਜਪਾ-ਜਾਪ ਹੈ। ਗੁਰੂ ਰਵਿਦਾਸ ਜੀ ਨੇ ਬਾਣੀ ਵਿਚ ਇਸ ਦਾ ਉਲੇਖ ਕੀਤਾ ਹੈ। ਇਹ ਆਂਤਰਿਕ ਸਾਧਨਾ ਹੈ। ਗੁਰੂ ਰਵਿਦਾਸ ਜੀ ਅਨੁਸਾਰ ਜਪ ਤਾਂ ਸਭ ਕਰਦੇ ਹਨ ਪਰੰਤੂ ਅਜਪਾ ਜਾਪ ਕੋਈ ਵਿਰਲਾ ਹੀ ਕਰਦਾ ਹੈ। ਨਾਥ ਮਤ ਅਤੇ ਮੱਧਯੁਗੀਨ ਸੰਤ-ਮਤ ਵਿਚ ਵੀ ਇਸ ਦਾ ਵਿਵੇਚਨ ਹੋਇਆ। ਗੁਰੂ ਰਵਿਦਾਸ ਜੀ ਨੇ ਇਸ ਦਾ ਪ੍ਰਯੋਗ ਨਾਥ-ਸੰਪ੍ਰਦਾਇ ਵਿਚ ਪ੍ਰਚਲਿਤ ਸਾਧਨਾ ਅਨੁਸਾਰ ਨਹੀਂ ਕੀਤਾ। ਉਨ੍ਹਾਂ ਨੇ ਤਾਂ ਆਮਣੀ ਤੌਰ ਤੇ ਇਸਦਾ ਅਨੁਕਰਣ ਕੀਤਾ ਹੈ। ਉਨ੍ਹਾਂ ਨੇ ਰੋਮਟਿਆਂ ਰੂਪੀ ਕੁਦਰਤੀ ਘੜੀ ਤੇ ਇਸ ਦੀ ਪੜ੍ਹਤ ਵੀ ਕੀਤੀ ਹੈ। ਇਸ ਤਰ੍ਹਾਂ ਇਸ ਸਾਧਨਾ ਸੰਬੰਧੀ ਉਨ੍ਹਾਂ ਦਾ ਵਿਗਿਆਨਕ ਦ੍ਰਿਸ਼ਟੀਕੋਣ ਹੈ। ਇਸ ਕਾਰਨ ਹੀ ਉਹ ਵਿਸ਼ਿਸ਼ਟਤਾ ਦੇ ਅਧਿਕਾਰੀ ਹਨ। ਉਹ ਲਿਖਦੇ ਹਨ ਕਿ ਮਨੁੱਖ ਹਰ ਰੋਜ਼ 21600 ਸਾਹ ਲੈਂਦਾ ਹੈ। ਇਸ ਤਰ੍ਹਾਂ ਉਹ ਜੇਕਰ ਸਵਾਸ-ਸਵਾਸ ਸਿਮਰਨ ਕਰੇ ਤਾਂ ਹਰ ਰੋਜ਼ 21600 ਵਾਰੀ ਉਸ ਨੂੰ ਯਾਦ ਕਰ ਸਕਦਾ ਹੈ।

ਰਵਿਦਾਸ ਅਰਾਧਹੁ ਦੇਵ ਕੂੰ, ਇਕ ਮਨ ਹੁਈ ਧਰਿ ਧਯਾਨ
ਅਜਪਾ ਜਾਪ ਜਪਤ ਰਹਹੁ ਸੰਤਨਾਮ ਸੰਤਨਾਮ । [95]

4. ਤ੍ਰਿਕੁਟੀ: ਤ੍ਰਿਕੁਟੀ ਤਿੰਨ ਨਾੜੀਆਂ ਸੁਖਮਨਾ, ਈੜਾ, ਪਿੰਗਲਾ ਦਾ ਸੰਗਮ ਸਥਾਨ ਹੈ। ਯੋਗ-ਸਾਧਨਾ ਵਿਚ ਇਸ ਦਾ ਵਿਸ਼ੇਸ਼ ਮਹੱਤਵ ਹੈ। ਨਾਥ ਪੰਥ ਦੀ ਹਠ-ਯੋਗ ਸਾਧਨਾ ਵਿਚ ਵੀ ਇਨ੍ਹਾਂ ਨਾੜੀਆਂ ਦੇ ਜਾਗਰਣ ਨਾਲ ਹੀ ਚਰਮ ਅਵਸਥਾ ਪ੍ਰਾਪਤ ਹੁੰਦੀ ਹੈ। ਈੜਾ ਨੂੰ ਚੰਦ੍ਰ ਨਾੜੀ ਅਤੇ ਪਿੰਗਲਾ ਨੂੰ ਸੂਰਜ ਨਾੜੀ ਵੀ ਕਿਹਾ ਜਾਂਦਾ ਹੈ। ਗੁਰੂ ਰਵਿਦਾਸ ਜੀ ਨੇ ਇਨ੍ਹਾਂ ਨਾੜੀਆਂ ਲਈ ਚੰਦ, ਸੂਰਜ, ਗੰਗਾ ਯਮੁਨਾ ਆਦਿ ਨਾਂਵ ਪ੍ਰਯੋਗ ਕੀਤੇ ਹਨ। ਮਧਯੁਗੀਨ ਸੰਤਾਂ ਨੇ ਇਹ ਪ੍ਰਭਾਵ ਨਾਥ ਸੰਪ੍ਰਦਾਇ ਤੋਂ ਹੀ ਗ੍ਰਹਿਣ ਕੀਤਾ। ਬ੍ਰਹਮ ਰੰਧ੍ਰ ਤੋਂ ਝਰਨ ਵਾਲੇ ਅੰਮ੍ਰਿਤ ਨੂੰ ਸੂਰਜ ਨਾੜੀ ਸੋਖ ਲੈਂਦੀ ਹੈ ਇਸ ਲਈ ਯੋਗੀ ਉਲਟੀ ਗੰਗਾ ਯਮੁਨਾ ਵਿਚ ਲਿਆਉਣ ਵਾਲੀ ਸਾਧਨਾ ਕਰਦੇ ਹਨ ਤਾਂ ਕਿ ਸੂਰਜ ਨਾੜੀ ਦੇ ਸੋਖਣ-ਪ੍ਰਭਾਵ ਨੂੰ ਖ਼ਤਮ ਕਰਕੇ ਸੁਧਾ ਰਸ ਦਾ ਆਨੰਦ ਲਿਆ ਜਾਵੇ। ਗੁਰੂ ਰਵਿਦਾਸ ਜੀ ਨੇ ਉਪਰੋਕਤ ਪ੍ਰਭਾਵ ਨੂੰ ਸਪਸ਼ਟ ਰੂਪ ਵਿਚ ਕਬੂਲ ਕੀਤਾ ਹੈ। ਉਹ ਲਿਖਦੇ ਹਨ:

ਚੰਦ ਸੂਰ ਦੋਊ ਸਨਮੁਖ ਹੋਈ, ਪੀਵੈ ਪਿਆਲਾ ਮਰੇ ਨਾ ਕੋਈ।[97]

ਈੜਾ ਅਤੇ ਪਿੰਗਲਾ ਨਾੜੀਆਂ ਦਾ ਵਰਣਨ ਵੀ ਗੁਰੂ ਰਵਿਦਾਸ ਬਾਣੀ ਵਿਚ ਹੋਇਆ ਹੈ:

ਈਲਾ ਪਿੰਗਲਾ ਖੋਜਿ ਕਿਵਰਿਜਾ, ਸੁੰਨਿ ਸਮਾਧੀ ਰਹਾਊ।[97 ਏ]

ਸਾਧਕ ਸਮਾਧੀ ਲਗਾ ਕੇ ਤ੍ਰਿਕੁਟੀ (ਦੋਨਾਂ ਭਰਵੱਟਿਆਂ ਦੇ ਵਿਚਕਾਰ ਮੱਥੇ) ਤੇ ਧਿਆਨ ਨੂੰ ਕੇਂਦਰਿਤ ਕਰਦਾ ਹੈ। ਜਦੋਂ ਉਸਨੂੰ ਇਸ ਵਿਚ ਪੂਰਨਤਾ ਪ੍ਰਾਪਤ ਹੋ ਜਾਂਦੀ ਹੈ ਤਾਂ ਉਹ ਸੰਪੂਰਣ ਇੰਦਰੀਆਂ ਦੇ ਪ੍ਰਭਾਵ ਅਤੇ ਸੰਸਾਰਿਕ ਕਿਰਿਆ ਕਰਮਾਂ ਤੋਂ ਨਿਵਿਰਤ ਹੋ ਜਾਂਦਾ ਹੈ ਅਤੇ ਜੋਤਿ-ਸਰੂਪ ਪ੍ਰਭੂ ਦੇ ਦੀਦਾਰ ਦਾ ਭਾਗੀ ਹੋ ਜਾਂਦਾ ਹੈ:

ਘੀਵ ਅਖੰਡਾ ਸੋਹੈ ਬਾਤੀ, ਤ੍ਰਿਕੁਟੀ ਜੋਤ ਜਲੈ ਦਿਨ ਰਾਤੀ।[98]

5. ਉਲਟੀ ਗੰਗਾ: ਸਹਜ ਯੋਗ ਦੇ ਸਾਧਕ ਸਵਾਸ-ਸਵਾਸ ਸਿਮਰਨ ਕਰਦੇ ਹਨ ਉਥੇ ਹਠ ਯੋਗ ਦੇ ਸਾਧਕ ਤਪ ਸਾਧਨਾ ਰਾਹੀਂ ਬ੍ਰਹਿਮੰਡ ਤਕ ਸਵਾਸ ਨੂੰ ਚੜ੍ਹਾਉਂਦੇ ਹਨ। ਇਸ ਨੂੰ ਉਲਟੀ ਗੰਗਾ ਵਹਾਉਣਾ ਕਿਹਾ ਜਾਂਦਾ ਹੈ। ਇਹ ਕਠਿਨ ਘਾਲਨਾ ਹੈ ਅਤੇ ਇਹ ਸਾਧਕ ਦੀ ਆਪਣੇ ਮਨੋਰਥ ਦੀ ਪ੍ਰਾਪਤੀ ਲਈ ਦ੍ਰਿੜ੍ਹ ਇਰਾਦੇ ਦੀ ਸੂਚਕ ਹੈ। ਗੁਰੂ ਰਵਿਦਾਸ ਜੀ ਸਹਜ-ਯੋਗੀ ਸਨ ਉਨ੍ਹਾਂ ਨੇ ਵੀ ਇਹ ਵਰਣਨ ਪ੍ਰਭੂ-ਪ੍ਰਾਪਤੀ ਦੇ ਦ੍ਰਿੜ੍ਹ ਇਰਾਦੇ ਨੂੰ ਪੂਰਾ ਕਰਨ ਹਿੱਤ ਹੀ ਕਿਹਾ ਹੈ:

ਉਲਟੀ ਗੰਗ ਜਮੁਨਿ ਮਹਿ ਲਿਆਵੈਂ,
ਖਿਨ ਹੀ ਜਲ ਮਜਨ ਹੋਵ ਆਵੈ।[99]

6. ਉਨਮਨੀ: ਉਨਮਨੀ ਜਾਂ ਉਨਮਨ ਅਵਸਥਾ ਨੂੰ ਯੋਗ-ਸਾਧਨਾ ਦੀ ਇਕ ਵਿਸ਼ੇਸ਼ ਅਵਸਥਾ ਮੰਨਿਆ ਜਾਂਦਾ ਹੈ। ਪਰੰਤੂ ਇਹ ਅਵਸਥਾ ਹਰ ਸਾਧਕ ਨੂੰ ਕਿਸੇ ਵੀ ਸਾਧਨਾ-ਮਾਰਗ ਤੇ ਚਲਦਿਆਂ ਪ੍ਰਾਪਤ ਹੋ ਜਾਂਦੀ ਹੈ ਜਦੋਂ ਸਾਧਕ ਦਾ ਮਨ ਪ੍ਰਭੂ ਵਲ ਉਨਮੁਖ ਹੋ ਜਾਂਦਾ ਹੈ ਅਤੇ ਬਾਹਰੀ ਸੰਸਾਰਿਕ ਭਾਵਾਂ, ਵਿਚਾਰਾਂ, ਵਿਸ਼ੇ-ਵਿਕਾਰਾਂ ਤੋਂ ਮਨ ਰਹਿਤ ਹੋ ਜਾਂਦਾ ਹੈ ਤਾਂ ਆਤਮਾ ਅਤੇ

ਪਰਮਾਤਮਾ ਦਾ ਸੰਯੋਗ ਹੋ ਜਾਂਦਾ ਹੈ। ਇਸ ਸਮੇਂ ਸਾਧਕ ਪਰਮਾਨੰਦ ਦੀ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ। ਗੋਰਖ-ਪੰਥ ਵਿਚ ਵੀ ਇਹ ਅਵਸਥਾ ਉਦੋਂ ਪ੍ਰਾਪਤ ਹੁੰਦੀ ਹੈ ਜਦੋਂ ਯੋਗੀ ਦਾ ਚਿੱਤ ਨਿਰਾਂਤ ਸਥਿਰ ਹੋ ਜਾਂਦਾ ਹੈ। ਉਨਮਨ-ਅਵਸਥਾ ਭਗਤੀ ਸਾਧਨਾ ਵਿਚ ਚਰਮ ਅਵਸਥਾ ਹੈ ਜਦੋਂ ਸਾਧਕ ਅੰਮ੍ਰਿਤ-ਰਸ ਪ੍ਰਾਪਤ ਕਰਦਾ ਹੈ ਅਤੇ ਨਾਮ ਦੀ ਖੁਮਾਰੀ ਨਾਲ ਪਰਿਪੂਰਨ ਹੋ ਜਾਂਦਾ ਹੈ। ਇਹ ਪਰਮਾਨੰਦ ਦੀ ਅਵਸਥਾ ਹੈ ਜਿਸ ਦਾ ਵਰਨਣ ਸਭ ਮਧ-ਯੁਗੀਨ ਸੰਤਾਂ ਦੀ ਬਾਣੀ ਵਿਚ ਹੈ। ਇਸ ਤਰ੍ਹਾਂ ਉਨਮਨ ਸ਼ਬਦ ਦਾ ਪ੍ਰਯੋਗ ਮਨ ਦੀ ਆਂਤਰਿਕ ਸਾਧਨਾ ਦੁਆਰਾ ਪ੍ਰਾਪਤ ਪ੍ਰਭੂ-ਪ੍ਰੇਮ ਵਿਚ ਮਦ-ਮਸਤ ਨਾਮ ਖੁਮਾਰੀ ਵਾਲੀ ਅਵਸਥਾ ਹੈ। ਗੁਰੂ ਰਵਿਦਾਸ ਬਾਣੀ ਵਿਚ ਇਸ ਸ਼ਬਦ ਦਾ ਪ੍ਰਯੋਗ ਪਰੰਪਰਾ ਮੂਲਕ ਅਰਥਾਂ ਵਿਚ ਅਤੇ ਮਧਕਾਲੀਨ-ਸੰਤ-ਸਾਹਿਤ ਦੇ ਅਨੁਸਾਰ ਹੋਇਆ ਹੈ।

(1) ਉਨਮਨ ਮਨ ਹੀ ਮਨ ਮਿਲੇ, ਛੁਟਕਤ ਬਜਰ ਕਪਾਟ।[100]

(2) ਵਹ ਘਰ ਵਿਸਰਿ ਗਯੋ ਰਵਿਦਾਸਾ, ਉਨਮਨਿ ਸਦ ਮਤਵਾਰੀ ਹੈ।[101]

7. <u>ਖਸਮ</u>: ਜਿਥੇ ਸਿੱਧਾਂ ਨੇ ਇਸ ਦਾ ਪ੍ਰਯੋਗ ਸਹਜ-ਅਵਸਥਾ ਲਈ ਜਾਂ ਸੂਨਯ ਅਵਸਥਾ ਲਈ ਕੀਤਾ ਉਥੇ ਹਠ-ਯੋਗੀਆਂ ਨੇ ਇਸ ਦਾ ਪ੍ਰਯੋਗ ਆਤਮਾ ਦੇ ਸੂਨਯ ਚੱਕਰ ਵਿਚ ਪਹੁੰਚ ਕੇ ਸਮਭਾਵ ਦੀ ਅਵਸਥਾ ਪ੍ਰਾਪਤ ਕਰਨ ਦੇ ਅਰਥਾਂ ਵਿਚ ਪ੍ਰਯੋਗ ਕੀਤਾ ਹੈ।[102] ਮਧ-ਯੁਗੀਨ ਨਿਰਗੁਣੀਏ ਸੰਤਾਂ ਨੇ ਇਸ ਦਾ ਪ੍ਰਯੋਗ ਪ੍ਰਭੂ-ਪ੍ਰੀਤਮ ਲਈ ਕੀਤਾ ਹੈ। ਗੁਰੂ ਰਵਿਦਾਸ ਜੀ ਨੇ ਵੀ ਇਸ ਸ਼ਬਦ ਦੀ ਵਰਤੋਂ ਈਸ਼ਵਰ ਲਈ ਕੀਤੀ ਹੈ।

ਤਜਿ ਬਦਿਜਵਾਂ ਬੇਨਜਰਿ ਕਮਦਿਲਾਂ,
ਕਰਿ ਖਸਮ ਕੀ ਕਾਹਿ ਵੇ।[103]

8. <u>ਨਾਦ-ਬਿੰਦ</u>: ਇਸ ਸ਼ਬਦ ਦਾ ਪ੍ਰਯੋਗ ਬੋਧ ਤੰਤ੍ਰ ਵਿਚ ਵੀ ਹੋਇਆ ਹੈ। ਸ਼ੈਵ-ਤੰਤ੍ਰਾਂ ਵਿਚ ਨਾਦ ਨੂੰ ਸ਼ਿਵ ਅਤੇ ਬਿੰਦੂ ਨੂੰ ਸ਼ਕਤੀ ਦਾ ਪ੍ਰਤੀਕ ਮੰਨਿਆ ਗਿਆ। ਨਾਥ ਯੋਗੀਆਂ ਦੀ ਬਾਣੀ ਵਿਚ ਵੀ ਇਸ ਦੀ ਵਰਤੋਂ ਹੋਈ ਹੈ।

ਡਾ. ਹਜਾਰੀ ਪ੍ਰਸ਼ਾਦ ਦਿਵੇਦੀ ਅਨੁਸਾਰ ਕੁੰਡਲਿਨੀ ਸਾਧਨਾ ਸਮੇਂ ਜਦੋਂ ਪ੍ਰਾਣ ਵਾਯੂ ਕੁੰਡਲਿਨੀ ਸ਼ਕਤੀ ਨੂੰ ਜਾਗ੍ਰਿਤ ਕਰਦੀ ਹੈ ਤਾਂ ਇਹ ਉਪਰ ਨੂੰ ਉਠਦੀ ਹੈ ਜਿਸ ਨਾਲ ਵਿਸਫੋਟ ਹੁੰਦਾ ਹੈ ਜਿਸ ਨੂੰ ਨਾਦ ਕਹਿੰਦੇ ਹਨ। ਨਾਦ ਤੋਂ ਪ੍ਰਕਾਸ਼ ਹੁੰਦਾ ਹੈ ਅਤੇ ਪ੍ਰਕਾਸ਼ ਦਾ ਹੀ ਵਿਅਕਤ ਰੂਪ ਮਹਾਂਬਿੰਦੂ ਹੈ। ਇਹ ਬਿੰਦੂ ਤਿੰਨ ਪ੍ਰਕਾਰ ਦਾ ਹੁੰਦਾ ਹੈ - ਇੱਛਾ, ਗਿਆਨ ਅਤੇ ਕਿਰਿਆ। ਇਹ ਨਾਦ ਅਤੇ ਬਿੰਦੂ ਅਸਲ ਵਿਚ ਅਖਿਲ ਬ੍ਰਹਿਮੰਡ ਵਿਚ ਵਿਆਪਕ ਅਨਾਹਤ ਨਾਦ ਦਾ ਵਿਆਪਕ ਰੂਪ ਹੁੰਦੇ ਹਨ।[104] ਨਾਦ ਅਤੇ ਬਿੰਦੂ ਵਿਚ ਇਕਮਿਕਤਾ ਪ੍ਰਾਪਤ ਕਰਨਾ ਹੀ ਯੋਗੀ ਦਾ ਚਰਮ ਉਦੇਸ਼ ਹੁੰਦਾ ਹੈ। ਗੁਰੂ ਰਵਿਦਾਸ ਜੀ ਦਾ ਵੀ ਆਪਣੀ ਬਾਣੀ ਵਿਚ ਨਾਦ ਬਿੰਦ ਦਾ ਪ੍ਰਯੋਗ ਪਰੰਪਰਾਮੂਲਕ ਅਰਥਾਂ ਵਿਚ ਕੀਤਾ ਪ੍ਰਤੀਤ ਹੁੰਦਾ ਹੈ:

(1) ਨਾਦ ਬਿੰਦ ਸਭੈ ਹੀ ਥਾਕੈ, ਮਨ ਮੰਗਲ ਨਹਿੰ ਗਾਵੈ।[105]

(2) ਗਗਨ ਮੰਡਲ ਮੇਂ ਆਰਤੀ ਕੀਜੈ, ਨਾਦ ਬਿੰਦ ਇਕਮੇਕ ਕਰੀਜੈ।[106]

9. <u>ਸੁੰਨ ਅਤੇ ਸੁੰਨ ਸਮਾਧੀ</u>: ਸੁੰਨ ਸ਼ਬਦ ਦੀ ਪ੍ਰਾਚੀਨ ਪਰੰਪਰਾ ਹੈ। ਅਸਲ ਵਿਚ ਇਹ ਸ਼ਬਦ ਬੁੱਧ-ਦਰਸ਼ਨ ਦੀ ਦੇਣ ਹੈ। ਨਾਗਾਰਜੁਨ ਨੇ ਮਾਧਮਿਕ ਦਰਸ਼ਨ ਵਿਚ ਇਸ ਦੀ ਵਿਆਖਿਆ ਕੀਤੀ ਹੈ। ਉਸ ਨੇ ਪਰਮਾਰਥ-ਸਤਿ ਨੂੰ ਨਿਰਵਾਣ ਦੇ ਸਮਾਨ ਕਿਹਾ ਹੈ। ਇਹ ਸਤਿ ਸਭ ਧਰਮਾਂ ਤੋਂ ਰਹਿਤ ਹੈ। ਇਸ ਨੂੰ ਹੀ ਉਸ ਨੇ ਸ਼ੂਨਯਤਾ ਕਿਹਾ ਹੈ।[107] ਬਾਦ ਵਿਚ ਸਿੱਧ-ਸਾਧਨਾ ਅਤੇ ਨਾਥ ਸੰਪ੍ਰਦਾਇ ਵਿਚ ਵੀ ਇਸਦਾ ਪ੍ਰਚਾਰ ਹੋਇਆ। ਸੰਤ-ਸਾਹਿਤ ਵਿਚ ਵੀ ਇਸ ਦੀ ਕਾਫ਼ੀ ਵਰਤੋਂ ਹੋਈ ਹੈ। ਅਸਲ ਵਿਚ ਇਹ ਸ਼ਬਦ ਪਰੰਪਰਾ ਵਿਚੋਂ ਹੀ ਪ੍ਰਾਪਤ ਹੋਇਆ ਹੈ। ਗੁਰੂ ਰਵਿਦਾਸ ਬਾਣੀ ਵਿਚ ਵੀ ਇਸ ਦਾ ਉਲੇਖ ਹੈ। ਗੁਰੂ ਜੀ ਨੇ ਇਸ ਦੀ ਵਰਤੋਂ ਬ੍ਰਹਮ, ਬ੍ਰਹਮਰੰਧ੍ਰ, ਪ੍ਰਭੂ ਦੇ ਨਿਵਾਸ-ਸਥਾਨ ਅਤੇ ਸਮਾਧੀ ਅਵਸਥਾ ਲਈ ਕੀਤੀ ਹੈ:

(1) ਜਹਾਂ ਕਾ ਉਪਜਯਾ ਤਹਾਂ ਬਿਲਾਈ,
ਸਹਜ ਸੁੰਨਿ ਮੈਂ ਰਹਯੋ ਲੁਕਾਈ।[108]

(2) ਸਹਜ ਸੁੰਨਿ ਮੈਂ ਤਾਰੀ ਲ੍ਵੈ, ਰਵਿਦਾਸ ਗੁਰਮੁਖ ਦ੍ਵੈ।[109]

(3) ਸੁੰਨ ਮੰਡਲ ਮੈਂ ਤੇਰਾ ਬਾਸਾ, ਤਾਕੈਂ ਜੀਵ ਮੈਂ ਰਹੈਂ ਉਦਾਸਾ।[110]

(4) ਈਲਾ ਪਿੰਗਲਾ ਖੋਲਿ ਕਿਵਰਿਆ, ਸੁੰਨਿ ਸਮਾਧਿ ਰਹਾਉ।[111]

ਇਸ ਤੋਂ ਇਲਾਵਾ ਸੰਤਾਂ ਦੀ ਬਾਣੀ ਵਿਚ ਸਹਜ, ਸੁਰਤਿ, ਸਹਸ੍ਰਾਰ ਕੰਵਲ, ਭੰਵਰ ਗੁਫ਼ਾ, ਸੁਖਮਨੀ ਆਦਿ ਸ਼ਬਦਾਂ ਦੀ ਜੋ ਵਰਤੋਂ ਕੀਤੀ ਹੈ ਇਸ ਤੇ ਵੀ ਅੰਸ਼ਿਕ ਰੂਪ ਵਿਚ ਨਾਥ ਸਾਹਿਤ ਦਾ ਪ੍ਰਭਾਵ ਪਿਆ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਰਵਿਦਾਸ ਜੀ ਨੇ ਹਠਯੋਗ ਵਿਚੋਂ ਸਹਜ ਯੋਗ ਕਿਰਿਆਵਾਂ ਨੂੰ ਹੀ ਆਪਣੀ ਪ੍ਰਭੂ ਪ੍ਰੇਮ-ਭਗਤੀ ਵਿਚ ਪਰਿਪਕਤਾ ਲਿਆਉਣ ਲਈ ਭਗਤੀ-ਸਾਧਨਾ ਦਾ ਅੰਗ ਬਣਾਇਆ। ਉਨ੍ਹਾਂ ਨੇ ਪੂਰਨ ਤੌਰ ਤੇ ਹਠ ਯੋਗ, ਅਸ਼ਟਾਂਗ ਯੋਗ ਆਦਿ ਦਾ ਅਨੁਕਰਨ ਨਹੀਂ ਕੀਤਾ ਹੈ। ਇਸ ਨੂੰ ਭਗਤੀ-ਸਾਧਨਾ ਦੇ ਉਤਪ੍ਰੇਰਕ ਦੇ ਰੂਪ ਵਿਚ ਪ੍ਰਯੋਗ ਕੀਤਾ ਹੈ। ਗੁਰੂ ਰਵਿਦਾਸ ਜੀ ਨੇ ਭਗਤੀ ਦੀ ਦ੍ਰਿੜ੍ਹਤਾ ਲਈ ਅਤੇ ਪੂਰਨਤਾ ਲਈ ਹੀ ਇਸ ਨੂੰ ਭਗਤੀ-ਸਾਧਨ ਦੇ ਰੂਪ ਵਿਚ ਇਸ ਦਾ ਸਹਾਰਾ ਲਿਆ ਕਿਉਂਕਿ ਗੁਰੂ ਜੀ ਦਾ ਇਸੇ ਜਨਮ ਵਿਚ ਮੁਕਤੀ ਪ੍ਰਾਪਤ ਕਰਨ ਦਾ ਦ੍ਰਿੜ ਸੰਕਲਪ ਸੀ। ਮੁਕਤੀ ਵੀ ਸਦੀਵੀ ਤਾਂ ਕਿ ਹਮੇਸ਼ਾ ਹਮੇਸ਼ਾ ਲਈ ਪ੍ਰਭੂ ਨਾਲ ਇਕਮਿਕਤਾ ਬਣੀ ਰਹੇ। ਇਸ ਲਈ ਉਨ੍ਹਾਂ ਨੇ ਸਹਜ ਯੋਗ ਨੂੰ ਅਪਨਾਇਆ ਤਾ ਕਿ ਜੀਵਨ ਦੇ ਘਟ ਅਵਘਟ ਡੂਗਰ ਘਣੇ ਤੇ ਸਹਜ ਦਾ ਵਪਾਰ ਹਰ ਰੁੱਤ ਵਿਚ ਚਲਦਾ ਰਹੇ।

## ਪੈਰ ਟਿਪਣੀਆਂ ਤੇ ਹਵਾਲੇ

### ( ਸਾਧਨਾ -ਮਾਰਗ) ਭਗਤੀ ਦਾ ਸਰੂਪ

1. ਡਾ. ਰਤਿਭਾਨ ਸਿੰਘ ਨਾਹਰ, ਭਕਤਿ ਅੰਦੋਲਨ ਕਾ ਅਧਿਐਨ, ਫ਼ਾ 17-18
2. ਗੀਤਾ 10/53
3. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (134)
4. ਸ਼੍ਵੇਤਾਸ਼੍ਵਤਰੋਪਨਿਸ਼ਦ 6/23
5. ਉਹੀ 5
6. ਭਾਗਵ 3/29/11
7. ਗੀਤਾ 3/25 -32-33
8. ਸ਼ਾਂਡਿਲਯ ਭਕਤਿ ਸੂਤ੍ਰ 21
9. ਨਾਰਦ ਭਕਤਿ ਸੂਤ੍ਰ 2
10. ਗੁਰੂ ਗ੍ਰੰਥ ਸਾਹਿਬ, ਪੰਨਾ 659
11. ਸ੍ਰੀ ਭੁਵਨੇਸ਼੍ਵਰ ਨਾਥ ਮਿਸ਼ਰ, ਰਾਮ ਭਕਤਿ - ਸਾਹਿਤਯ ਮੇਂ ਮਧੁਰ ਉਪਾਸਨਾ,ਪੰਨਾ 11
12. ਉਹੀ, ਪੰਨਾ 14
13. ਬ੍ਰਹਮਸੂਤਰ ਭਾਸ਼ਯ 1/1/10/24
14. ਵਿਵੇਕਚੂੜਾਮਣਿ 32
15. ਮਹਾਂਭਾਰਤ ਤਾਤਪਰਯ ਨਿਰਣਯ 1.86.107
16. ਗੀਤਾ ਤੇ ਰਾਮਾਨੁਜ ਦਾ ਭਾਸ਼ਯ 7
17. ਵੇਦਾਰਥ-ਸੰਗ੍ਰਹਿ ਪੰਨਾ 61
18. ਡਾ. ਬਦਰੀ ਨਾਰਾਇਣ, ਸ੍ਰੀਵਾਸਤਵ, ਰਾਮਾਨੰਦ ਸੰਪ੍ਰਦਾਇ ਤਥਾ ਹਿੰਦੀ ਪਰ ਉਸਕਾ ਪਭਾਵ, ਪੰਨਾ 293
19. ਤਤਵਦੀਪ ਨਿਬੰਧ, ਸ਼ਾਂਸਤਾਂਰਯ ਪ੍ਰਕਰਣ
20. ਗੋਪਾਲ ਪੂਰਵਤਾਪਨੀ ਉਪਨਿਸ਼ਦ 2-1
21. ਭਕਤਿ ਰਸਾਮ੍ਰਿਤ ਸਿੰਧੂ
22. ਭਕਤਿ ਰਸਾਯਣ 1-3
23. ਅਦਵੈਤ ਸਿੱਧੀ
24. ਰਾਗ ਸੋਰਠਿ, ਡਾ. ਬੀ. ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ {58}
25. ਰਾਗ ਆਸਾ, ਉਹੀ, ਪਦ {41}
26. ਵਿਵੇਕਾਨੰਦ, ਭਗਤੀ ਯੋਗ, ਪੰਨਾ 12

27. ਆਚਾਰੀਆ ਰਾਮ ਚੰਦਰ ਸੁਕਲ, ਸੂਰਦਾਸ, ਪੰਨਾ 45

28. ਡਾ. ਹਜ਼ਾਰੀ ਪ੍ਰਸਾਦ ਦਿਵੇਦੀ, ਮਧਕਾਲੀਨ ਧਰਮਸਾਧਨਾ, ਪੰਨਾ ੧੪੨.

29. ਆਚਾਰੀਯ ਹਜ਼ਾਰੀ ਪ੍ਰਸਾਦ ਦਿਵੇਦੀ, ਮਧਕਾਲੀਨ ਧਰਮ ਸਾਧਨਾ, ਦੂਜਾ ਸੰਸਕਰਣ,1956 ਪੰਨਾ 141-142

30. ਰਾਗ ਸੋਰਠਿ, ਡਾ. ਬੀ. ਪੀ. ਸ਼ਰਮਾ, ਸੰਤ ਰਵਿਦਾਸ ਵਾਣੀ, ਪਦ {63}

32. ਸ੍ਰੀ ਰਾਮ ਜੀ ਲਾਲ ਸਹਾਯਕ, ਕਬੀਰ ਦਰਸ਼ਨ, ਪੰਨਾ 248

33. ਡਾ. ਪ੍ਰੇਮ ਪ੍ਰਕਾਸ਼ ਸਿੰਘ, ਗੁਰੂ ਨਾਨਕ ਤੇ ਨਿਰਗੁਣਧਾਰਾ, ਪੰਨਾ 167

34. ਉਹੀ, ਪੰਨਾ 167

35. ਡਾ. ਬੀ ਪੀ ਸ਼ਰਮਾ, ( 72)

36. ਡਾ. ਸ਼ੇਰ ਸਿੰਘ ਫਿਲਾਸਫ਼ੀ ਆਫ਼ ਸਿਖਇਜ਼ਮ, ਪੰਨਾ 260

37. ਡਾ. ਬੀ. ਪੀ. ਸ਼ਰਮਾ, ਸੰਤ ਰਵਿਦਾਸ ਬਾਣੀ, ਪਦ {1}.

38. ਗੀਤਾ 18/7, 3/8

**

## ਪੈਰ ਟਿਪਣੀਆਂ ਤੇ ਹਵਾਲੇ

( ਕਰਮ ਮਾਰਗ )

1. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, ਪਦ (47)
2. ਰਿਗਵੇਦ 4-26-27

2(ੳ) ਰਿਗਵੇਦ 7/8-6

3. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ 32
4. ਸੰਤ ਰਵਿਦਾਸ ਬਾਣੀ, ਪਦ (68)
5. ਰਿਗਵੇਦ 7/52/2 ਅਤੇ 6-57-7

5(ੳ) ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ ਪਦ(128)

6. ਸ਼ਵੇਤਾਸ਼ਵਤਰ ਉਪਨਿਸ਼ਦ 2
7. ਗੀਤਾ 3%22
8. ਗੀਤਾ 2/47
9. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ 128-29
10. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ 226
11. ਉਹੀ, ਪੰਨਾ 251
12. ਉਹੀ, ਪੰਨਾ 310
13. ਭਾਸ਼ਯ 1-1-4
14. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ 422
15. ਉਹੀ, ਪੰਨਾ 455
16. ਉਹੀ, ਪਦ ( 110 )
17. ਡਾ. ਬੀ ਪੀ ਸ਼ੁਰਮਾ, ਰਵਿਦਾਸ ਬਾਣੀ, ਪਦ (153)
18. ਉਹੀ (19)
19. ਉਹੀ ਪਦ (9)
20. ਉਹੀ ਪਦ (47)
21. ਉਹੀ, ਪਦ (104)
22. ਉਹੀ, ਪਦ (31)
23. ਉਹੀ ਪਦ(31)
24. ਉਹੀ, ਪਦ (88)

25ੲ ਰਿਗਵੇਦ 1/8/8, 1/15-16
26. ਪ੍ਰਸ਼ਨੋਪਨਿਸ਼ਦ, 3
27. ਗੀਤਾ 18/23
28. ਪਦ (14)
29. ਉਹੀ ਪਦ(130)
30. ਉਹੀ, ਪਦ(96)
31. ਗੀਤਾ 2/50
32. ਉਹੀ, ਪਦ(19)
33. ਰਾਗ ਕੇਦਾਰਾ, ਉਹੀ ਪਦ (60).
34. ਡਾ. ਬੀ ਪੀ ਸ਼ੁਰਮਾ, ਪਦ (78)
35. ਉਹੀ, ਪਦ (55)
36. ਉਹੀ ਪਦ (76).
37. ਸ੍ਰੀ ਹਰਿਭਾਊ ਉਪਾਧਿਆਇ, ਭਾਗਵਤ ਧਰਮ ਯਾ ਧਰਮ ਦੀ ਕ੍ਰਿਤਾਰਥਤਾ, ਪੰਨਾ 99
38. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪਦ (172)
39. ਡਾ. ਬੀ ਪੀ ਸ਼ੁਰਮਾ, ਪਦ(14)
40. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪਦ(124)
41. ਉਹੀ ਪਦ (138)
42. ਗੀਤਾ 17/20
43. ਡਾ. ਬੀ ਪੀ ਸ਼ੁਰਮਾ, ਪਦ(1)
44. ਉਹੀ, ਪਦ(40)
45. ਉਹੀ, ਪਦ(2)
46. ਗੀਤਾ 2/55-57
47. ਡਾ. ਬੀ ਪੀ ਸ਼ੁਰਮਾ, ਪਦ(27)
48. ਉਹੀ, ਪਦ(16)
49. ਉਹੀ, ਪਦ(27)
50. ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ, ਰਵਿਦਾਸ ਦਰਸ਼ਨ, ਮੁਖਬੰਦ( ਦੋ ਸ਼ਬਦ)

**

## ਪੈਰ ਟਿੱਪਣੀਆਂ ਤੇ ਹਵਾਲੇ

1. ਯਜੁਰਵੇਦ 31/13
2. ਰਿਗਵੇਦ 2/27/11-14
3. ਬ੍ਰਿਹਦਾਰਣਯਕੋਪਨਿਸ਼ਦ 3/7/23
4. ਮੁੰਡਕ ਉਪਨਿਸ਼ਦ 1/2/12
5. ਉਹੀ 1/1/4

5(ੳ) ਬ੍ਰਿਹਦਾਰਣਯਕੋਪਨਿਸ਼ਦ 1.4.10 ਅਤੇ 2.5.19

6. ਗੀਤਾ 13/17
7. ਭਾਰਤੀਯ ਦਰਸ਼ਨ, ਡਾ. ਸਤੀਸ਼ ਚੰਦਰ ਚਟੋਪਧਿਆਇ ਪੰਨਾ 16
8. ਉਮੇਸ਼ ਚੰਦਰ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ 310
9. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਵਿਅਕਤਿਤਵ ਅਤੇ ਕਿਰਤਵ , ਪੰਨਾ 484-85
10. ਉਮੇਸ਼ ਮਿਸਰ, ਭਾਰਤੀਯ ਦਰਸ਼ਨ, ਪੰਨਾ 415-16
11. ਗੋਰਖਬਾਣੀ, ਪੰਨਾ 108
12. ਤ੍ਰਿਲੋਕੀ ਨਾਰਾਇਣ ਦੀਕਸ਼ਿਤ, ਮਲੂਕਦਾਸ, ਦਾਦੂਦਾਸ ਕਾ ਦਾਰਸ਼ਨਿਕ ਦ੍ਰਿਸ਼ਟੀਕੋਣ,ਪੰਨਾ 401
13. ਡਾ. ਬੀ ਪੀ ਸ਼ਰਮਾ, ਪਦ (13)
14. ~~ਆਸਾ ਬਾਣੀ, 86~~ ਗਉੜੀ ਪੂਰਬੀ, 66
15. ਆਸਾ ਬਾਣੀ, 96
16. ਡਾ. ਬੀ ਪੀ ਸ਼ਰਮਾ, ਪਦ(13)
17. ਉਹੀ ਪਦ( 125)
18. ਉਹੀ, ਪਦ (54)
19. ਉਹੀ, ਪਦ (16)
20. ਉਹੀ, ਪਦ (16)
21. ਉਸਰ ੀ ਪਦ(15) ਸਾਖੀ ਭਾਗ

21(ੳ) ਡਾ. ਬੀ ਪੀ ਸ਼ ਰਮਾ, ਪਦ (78)

22. ਉਹੀ, ਪਦ (17)
23. ਉਹੀ ਪਦ (70)
24. ਉਹੀ, ਪਦ (28)

25. ਗੀਤਾ 18/20

26. ਉਹੀ ਪਦ (10)

27. ਉਹੀ, ਪਦ (68)

28. ਭੁਵਨੇ ਸ਼ਵਰਨਾਥ ਮਿਸ਼ਰ, ਮੀਰਾ ਕੀ ਪ੍ਰੇਮ ਸਾਧਨਾ, ਪੰਨਾ 7, ਤੀਜਾ ਸੰਸਕਰਣ, ਰਾਜਕਮਲ, ਪ੍ਰਕਾਸ਼ਨ

29. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (14)

30. ਉਹੀ, ਪਦ (15)

31. ਉਹੀ ਪਦ (14)

32. ਉਹੀ, ਪਦ (1)

33. ਉਹੀ, ਪਦ (27)

34. ਉਹੀ, ਪਦ (161)


****

## ਯੋਗ ਕਰਮ

### ਪੈਰ ਟਿੱਪਣੀਆਂ ਤੇ ਹਵਾਲੇ

1. ਪਾਤੰਜਲ ਯੋਗ ਸੂਤਰ 1.2
2. ਰਿਗਵੇਦ 10/136/2
3. ਅਥਰਵੇਦ 4/35/2
4. ਕਠੋਪਨਿਸ਼ਦ 2/3/11
5. ਸ਼ਵੇਤਾਸ਼ਵਤਰ ਉਪਨਿਸ਼ਦ 2/8-15
6. ਗੀਤਾ 6/18
7 ਗੀਤਾ 6/19
8. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਕੀ ਭਗਤੀ ਸਾਧਨਾ, ਪੰਨਾ 45
9. ਡਾ. ਜੱਗੀ, ਗੁਰੂ ਨਾਨਕ ਵਿਅਕਤਿਤਵ ਔਰ ਕਰਤਿਵ , ਪੰਨਾ 510
10. ਪਤੰਜਲ ਯੋਗ ਸੂਤਰ 2/30
11. ਹਠਯੋਗ ਯੋਗ ਸੂਤਰ 2/3
12. ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ, ਰਵਿਦਾਸ ਦਰਸ਼ਨ, ਸਾਖੀ, 86
13. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ(29)
14. ਉਹੀ, ਪਦ (137)
15. ਉਹੀ ਪਦ ( 126)

15(ੳ) ਉਹੀ ਪਦ (170)

16. ਉਹੀ, ਪਦ (7)
17. ਉਹੀ ਪਦ ( 143)
18. ਉਹੀ ਪਦ ( 54)
19. ਡਾ. ਜੱਗੀ, ਗੁਰੂ ਨਾਨਕ ਵਿਅਕਤਿਤਵ ਕ੍ਰਿਤਤਵ ਔਰ ਚਿੰਤਨ ਪੰਨਾ 512 ,ਯੋਗਸੂਤਰ 2/3
20. ਡਾ. ਸਿੰਗਲ, ਗੁਰੂ ਰਵਿਦਾਸ ਬਾਣੀ, ਪਦ (144)
21. ਉਹੀ, ਪਦ (146)
22. ਰਾਗ ਆਸਾ ਬਾਣੀ ਭਗਤ ਧੰਨੇ ਜੀ ਕੀ, ਆਦਿ ਗ੍ਰੰਥ, ਪੰਨਾ 487
23. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ(80)
24. ਉਹੀ, ਪਦ (100)

25. ਉਹੀ ਪਦ (76)

25(ੳ) ਉਹੀ, ਪਦ (90)

26. ਉਹੀ, ਪਦ (43)

27. ਉਹੀ, ਪਦ (75)

28. ਉਹੀ, ਪਦ (73)

29. ਡਾ. ਧਰਮਪਾਲ ਸਿੰਗਲ, ਬਾਣੀ ਗੁਰੂ ਰਵਿਦਾਸ ਜੀ, ਪਦ (75)

30. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਜੀ ਪਦ (93)

31. ਯੋਗ ਸੂਤਰ 2/46

32. ਯੋਗ ਸੂਤਰ 2/50

33. ਯੋਗ ਸੂਤਰ 2/54

34. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ ਪਦ (162)

35. ਯੋਗ ਸੂਤਰ 3/1

36. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ (75)

37. ਉਹੀ, ਪਦ (75)

38. ਉਹੀ, (ਪਦ 73)

39. ਯੋਗਸੂਤਰ 3/3

40. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਸਾਖੀ (24)

41. ਉਹੀ, ਪਦ (126)

42. ਉਹੀ, ਪਦ (94)

43. ਹਠਯੋਗ ਪ੍ਰਦੀਪਿਕਾ, ਪੰਨਾ 2-3

44. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ (43)

45. ਉਹੀ, ਪਦ (76)

46. ਉਹੀ, ਪਦ (78)

47. ਉਹੀ, ਪਦ (76)

48. ਉਹੀ, ਪਦ (75)

49. ਉਹੀ, ਪਦ (176)

50. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਭਗਤਿ ਸਾਧਨਾ, ਪੰਨਾ 145

51. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਵਿਅਕਤਿਤਵ, ਕ੍ਰਿਤਤਵ ਅਤੇ ਚਿੰਤਨ, ਪੰਨਾ 517

52. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ(50)
52(ੳ) ਉਹੀ ਪਦ (60)
53. ਉਹੀ, ਪਦ (3)
54. ਉਹੀ, ਪਦ (176)
55. ਉਹੀ, ਪਦ (135)
56. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਵਿਅਕਤਿਤਵ ਕ੍ਰਿਤਤਵ ਔਰ ਚਿੰਤਨ, ਪੰਨਾ 519
57. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ(158)
58. ਉਹੀ ਪਦ (2)
59. ਉਹੀ ਪਦ (12)
60. ਡਾ. ਧਰਮਪਾਲ ਸਿੰਗਲ - ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪਦ(144)
61. ਹਠਯੋਗ ਪ੍ਰਦੀਪਿਕਾ 4/94
62. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਵਿਅਕਤਿਤਵ ਕ੍ਰਿਤਤਵ ਔਰ ਚਿੰਤਨ, ਪੰਨਾ 526
63. ਸ੍ਵੇਤਾਸ੍ਵਤਰੋਪਨਿਸ੍ਦ, 2/8
64. ਗੀਤਾ 8/12/13
65. ਡਾ. ਸ੍ਰੀ ਗੋਪੀ ਨਾਥ ਕਵਿਰਾਜ, ਭਾਰਤੀਯ ਸੰਸਕ੍ਰਿਤੀ ਔਰ ਸਾਧਨਾ, ਪੰਨਾ 382
66. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ(70)
67. ਡਾ. ਬਲਬੀਰ ਸਿੰਘ, ਸੁਰਤਿ ਸ਼ਬਦ ਵਿਚਾਰ, ਪੰਨਾ 11
68. ਡਾ. ਤਿਲਕ ਰਾਜ ਸਿੰਗਾਰੀ, ਸੰਤ-ਮਤ ਵਿਚਾਰ, ਪੰਨਾ 287
69. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ (54)
70. ਡਾ. ਤਿਲਕ ਰਾਜ ਸਿੰਗਾਰੀ, ਸੰਤ ਮਤ ਵਿਚਾਰ, ਪੰਨਾ 325
71. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, (ਪਦ (55)
72. ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ, ਰਵਿਦਾਸ ਦਰਸ਼ਨ, ਪਦ (79)
73. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ (144)
74. ਉਹੀ, ਪਦ (54)
75. ਹਠਯੋਗ ਪ੍ਰਦੀਪਿਕਾ 2/42
76. ਡਾ. ਬੀ ਪੀ ਸੁਰਮਾ, ਗੁਰੂ ਰਵਿਦਾਸ ਬਾਣੀ, ਪੰਨਾ 158
77. ਉਹੀ, ਪਦ (144)
78. ਉਹੀ, ਪਦ ( 30)

79. ਗੋਰਖਬਾਣੀ, ਮਛੇਂਦਰ ਗੋਰਖਨਾਥ, ਪੰਨਾ 189

80. ਡਾ. ਬੀ ਪੀ ਸੁਰਮਾ, ਗੁਰੂ ਰਵਿਦਾਸ ਬਾਣੀ, ਪਦ(155)

81. ਉਹੀ, ਪਦ (3)

82. ਉਹੀ ਪਦ ( 45

83. ਉਹੀ ਪਦ ( 50)

84 ਉਹੀ ਪਦ (96)

85. ਉਹੀ ਪਦ (136)

86. ਉਹੀ ਪਦ (68)

87. ਉਹੀ ਪਦ (5)

88. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ (11)

89. ਉਹੀ ਪਦ (53)

90. ਉਹੀ ਪਦ (5)

91. ਉਹੀ ਪਦ (155)

92. ਉਹੀ, ਪਦ (3)

93. ਉਹੀ, ਪਦ (155)

94. ਉਹੀ, ਪਦ (50)

95. ਪ੍ਰਿਥਵੀ ਸਿੰਘ ਆਜ਼ਾਦ, ਰਵਿਦਾਸ ਦਰਸ਼ਨ, ਸਾਖੀ (19)

96. ਉਹੀ

97. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ (50)

97(ੳ) ਉਹੀ ਪਦ (140)

98. ਉਹੀ , ਪਦ (176)

99. ਉਹੀ ਪਦ (75)

100. ਉਹੀ ਪਦ ( 30)

101. ਉਹੀ ਪਦ (144)

102. ਡਾ. ਹਜ਼ਾਰੀ ਪ੍ਰਸਾਦ ਦਿਵੇਦੀ, ਕਬੀਰ, ਪੰਨਾ 75 ਤੋਂ 78

103. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ (43)

104. ਡਾ. ਹਜ਼ਾਰੀ ਪ੍ਰਸਾਦ ਦਿਵੇਦੀ, ਕਬੀਰ, ਪੰਨਾ 46

105. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ (62)

106. ਉਹੀ, ਪਦ (176)

107. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ 168

~~xxxxxxxxxxxxx~~

108. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪੰਨਾ(2)

109. ਉਹੀ ਪਦ (50)

110. ਉਹੀ ਪਦ ( 75)

111. ਉਹੀ ਪਦ (140)

****

ਅਧਿਆਇ ਤੀਜਾ:

## ਸਾਧਨਾ - ਮਾਰਗ

ਭਗਤੀ ਮਾਰਗ :- (1) ਨਵਧਾ ਭਗਤੀ (2) ਨਾਰਦ ਭਗਤੀ ਸੂਤਰਾਂ ਅਨੁਸਾਰ ਗਿਆਰਾਂ ਅਸਕਤੀਆਂ

(3) ਪ੍ਰੇਮ ਭਗਤੀ (4) ਪ੍ਰੇਮ ਭਗਤੀ ਦੇ ਸਾਧਨਾ -ਸ਼ਰਧਾ ਤੇ ਵਿਸ਼ਵਾਸ ਗੁਰੂ ਤੇ ਗੁਰੂ ਕਿਰਪਾ, ਪ੍ਰਭੂ ਕਿਰਪਾ, ਸਤਿਸੰਗਤ

(5) ਭਗਤੀ ਦੇ ਰਾਹ ਵਿਚ ਰੁਕਾਵਟਾਂ

(6) ਸਹਿਜ -ਮਾਰਗ - ਸਤਿ ਮਾਰਗ

ਪੈਰ ਟਿੱਪਣੀਆਂ ਤੇ ਹਵਾਲੇ

****
***
**
*

ਭਗਤੀ ਮਾਰਗ :-

ਗੁਰੂ ਰਵਿਦਾਸ ਜੀ ਨੇ ਬਾਕੀ ਸਭ ਸਾਧਨਾਂ-ਮਾਰਗਾਂ ਨਾਲੋਂ ਭਗਤੀ ਮਾਰਗ ਨੂੰ ਸਰਵੋਤਮ ਕਿਹਾ ਹੈ। ਉਨ੍ਹਾਂ ਦੀ ਬਾਣੀ ਵਿਚੋਂ ਵਿਭਿੰਨ ਭਗਤੀਆਂ ਸੰਬੰਧੀ ਭਰਪੂਰ ਜਾਣਕਾਰੀ ਪ੍ਰਾਪਤ ਹੁੰਦੀ ਹੈ। ਭਗਤੀ ਮਾਰਗ ਦਾ ਮਹੱਤਵ ਅੰਕਿਤ ਕਰਦੇ ਉਹ ਲਿਖਦੇ ਹਨ:

ਕਰਣੀ ਕਥਨੀ ਗਿਆਨ ਆਚਾਰਾ,ਭਗਤਿ ਇਨਹੂੰ ਸੇ ਨਿਆਰੀ ॥[1]

ਵੈਦਿਕ ਭਗਤੀ ਸ਼ਰਧਾ ਵਿਸ਼ਵਾਸ ਦੀ ਨੀਂਹ ਤੇ ਉਸਰੀ ਹੋਈ ਭਗਤੀ ਹੈ। ਦੇਵਤਿਆਂ ਵਿਚ ਸ਼ਰਧਾ ਪ੍ਰਗਟ ਕਰਕੇ ਵੈਦਿਕ ਰਿਸ਼ੀ ਕਹਿੰਦਾ ਹੈ "ਹੇ ਪ੍ਰਭੂ, ਤੁਹਾਡੀ ਹੋਂਦ ਤੋਂ ਵਧ ਕੇ ਕਿਸੇ ਚੀਜ਼ ਦੀ ਹੋਂਦ ਨਹੀਂ ਆਪਦੀ ਸਰਵੋਤਮ ਸੱਤਾ ਹੈ।"[2] ਵੈਦਿਕ ਭਗਤੀ ਤੇ ਕਰਮਕਾਂਡੀ ਹੋਣ ਦਾ ਆਰੋਪ ਲਗਾਇਆ ਜਾਂਦਾ ਹੈ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਪ੍ਰਾਰੰਭਿਕ ਰੂਪ ਵਿਚ ਇਸ ਭਗਤੀ ਵਿਚ ਵੀ ਧੰਨੇ ਜੱਟ ਦੀ ਭਗਤੀ ਵਾਂਗ ਹਿਰਦੇ ਦੀ ਸਪੱਸ਼ਟਤਾ ਅਤੇ ਮਰਮ ਸਪਰਸ਼ਤਾ ਸੀ। ਪਰੰਤੂ ਹੌਲੀ ਹੌਲੀ ਵੈਦਿਕ ਲੋਕਾਂ ਨੇ ਭਾਗਵਤ ਭਗਤਾਂ ਵਾਂਗ ਪ੍ਰਭੂ ਨੂੰ ਰਿਝਾਉਣ ਲਈ ਹੋਰ ਕਰਮ ਕਰਕੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਨੇ ਵੈਦਿਕ ਭਗਤੀ ਨੂੰ ਕਰਮਕਾਂਡ ਨਾਲ ਲੱਦ ਦਿੱਤਾ। ਵੈਦਿਕ ਭਗਤੀ ਦੀ ਅਰਦਾਸ ਵਿਚ ਅਜਿਹੀ ਭਗਤੀ ਭਾਵਨਾ ਹੈ ਕਿ ਇਹ ਜ਼ਰੂਰ ਪ੍ਰਭੂ ਦੇ ਦੁਆਰ ਤੇ ਦਸਤਕ ਕਰਨ ਵਿਚ ਸਮਰੱਥ ਹੁੰਦੀ ਹੋਵੇ ਗੀ। ਇਸ ਵਿਚੋਂ ਵੀ ਅੱਜ ਦੀ ਭਗਤੀ ਦੀ ਝਲਕ ਮਿਲਦੀ ਹੈ। ਵੇਦਾਂ ਵਿਚ ਵਰਣਨ ਹੈ ਕਿ ਏ ਊਸ਼ਾ ! ਮੇਰੀ ਰਖਿਆ ਕਰੋ, ਨਦੀਓ ਅਤੇ ਅਚੱਲ ਪਰਬਤੋ ਸਾਡੀ ਰਖਿਆ ਕਰੋ।"[3] ਮੱਧਕਾਲੀਨ ਸੰਤਾਂ ਨੇ ਵੀ ਕਿਸੇ ਨਾ ਕਿਸੇ ਰੂਪ ਵਿਚ ਪ੍ਰਭੂ ਕੋਲ ਅਰਦਾਸ ਕੀਤੀ ਹੈ। ਇਸ ਕਾਰਣ ਹੀ ਤਾਂ ਉਨ੍ਹਾਂ ਦੀ ਬਾਣੀ ਵਿਚ ਪ੍ਰਭੂ ਦਾ ਕਰੁਣਾਮਈ ਰੂਪ ਸਾਹਮਣੇ ਆਉਂਦਾ ਹੈ। ਫਰਕ ਇਤਨਾ ਹੈ ਕਿ ਜਿਥੇ ਵੈਦਿਕ ਲੋਕ ਬ੍ਰਹਿਮੰਡ ਦੇ ਕਣ ਕਣ ਨੂੰ ਆਰਤ ਕਰਕੇ ਰਖਿਆ ਦੀ ਯਾਚਨਾ ਕਰਦੇ ਸਨ ਉਥੇ ਮੱਧਕਾਲੀਨ ਸੰਤਾਂ ਨੇ ਇਕ ਪ੍ਰਭੂ ਕੋਲ ਦੁਆ ਕੀਤੀ। ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਵੀ ਪ੍ਰਭੂ ਅਗੇ ਬਹੁਤ ਪ੍ਰਭਾਵਸ਼ਾਲੀ ਅਰਦਾਸ ਦਾ ਵਰਣਨ ਆਉਂਦਾ ਹੈ:

ਸੁਖੀ ਬਸੈ ਮੋਰੋ ਪਰਿਵਾਰਾ ॥ ਸੇਵਕ ਸਿਖ ਸਭੈ ਕਰਤਾਰਾ ॥
ਮੋ ਰੱਛਾ ਨਿਜ ਕਰਦੇ ਕਰੀਐ॥ ਸਭ ਵੈਰਨ ਕੋ ਆਜ ਸੰਘਰੀਐ ॥
ਪੂਰਨ ਹੋਇ ਹਮਾਰੀ ਆਸਾ ॥ਤੋਰਿ ਭਜਨ ਕੀ ਰਹੈ ਪਿਆਸਾ ॥
(ਕਬਿਓਵਾਚ ਪ:10,ਚੌਪਈ)

ਇਸ ਤੋਂ ਇਲਾਵਾ ਵੈਦਿਕ ਭਗਤੀ ਵਿਚ ਨਵਧਾ ਭਗਤੀ ਦੇ ਸੰਕੇਤ ਵੀ ਮਿਲਦੇ ਹਨ। ਭਗਤੀ ਦੇ ਸਾਧਨਾਂ ਪ੍ਰਭੂ ਕਿਰਪਾ, ਸਤਿਸੰਗ, ਕੀਰਤਨ, ਪ੍ਰਭੂ ਮਹਿਮਾ ਸੰਬੰਧੀ ਵੀ

ਵੀ ਵੇਦਾਂ ਵਿਚ ਵਰਨਣ ਆਉਂਦਾ ਹੈ।

ਉਪਨਿਸ਼ਦਾਂ ਵਿਚ ਭਾਵੇਂ ਗਿਆਨ ਮਾਰਗ ਦੇ ਵਧੇਰੇ ਬੋਲਬਾਲਾ ਹੈ ਪਰੰਤੂ ਇਸ ਵਿਚ ਭਗਤੀ ਮਾਰਗ ਦਾ ਵੀ ਪ੍ਰਤਿਪਾਦਨ ਹੋਇਆ ਹੈ। ਉਪਨਿਸ਼ਦਾਂ ਵਿਚ ਪਰਮਤਤ ਨੂੰ ਬ੍ਰਹਮ ਦਾ ਨਾਮ ਦਿੱਤਾ ਗਿਆ ਹੈ। ਬ੍ਰਿਹਦਾਰਣਯਕ ਉਪਨਿਸ਼ਦ ਵਿਚ ਬਹੁਤ ਉਤਮ ਵਿਚਾਰ ਪ੍ਰਦਾਨ ਕੀਤਾ ਗਿਆ ਹੈ। " ਮੈਂ ਹੀ ਬ੍ਰਹਮ ਹਾਂ" [4] ਇਹ " ਸੋਹੰ ਸਾਧਨਾ ਹੈ ਜਿਸਦਾ ਜ਼ਿਕਰ ਮਧਕਾਲੀਨ ਸੰਤਾਂ ਦੀ ਬਾਣੀ ਵਿਚ ਵੀ ਪ੍ਰਾਪਤ ਹੁੰਦਾ ਹੈ। ਅਸਲ ਵਿਚ ਇਹ ਸ਼ਬਦ ਰੂਪ ਬ੍ਰਹਮ ਦਾ ਪ੍ਰਤੀਕ ਹੈ ਜਿਸਦਾ ਸਵਾਸ ਸਵਾਸ ਸਿਮਰਨ ਕੀਤਾ ਜਾਂਦਾ ਹੈ। ਉਪਨਿਸ਼ਦਾਂ ਵਿਚ ਵੀ ਭਗਤੀ ਨੂੰ ਗਿਆਨ ਮਾਰਗ ਨਾਲੋਂ ਸ੍ਰੇਸ਼ਠ ਸਮਝਿਆ ਜਾਂਦਾ ਹੈ ਇਸ ਵਿਚ ਵਰਣਨ ਹੈ ਕਿ ਪਰਮਾਤਮਾ ਨਾ ਤਾਂ ਵਿਖਿਆਨ ਆਦਿ ਨਾਲ ਮਿਲਦਾ ਹੈ ਅਤੇ ਨਾ ਹੀ ਬੁੱਧੀ ਨਾਲ ਜਾਂ ਵਧੇਰੇ ਸੁਨਣ ਨਾਲ ਪ੍ਰਾਪਤ ਹੁੰਦਾ ਹੈ। ਉਹ ਪਰਮਾਤਮਾ ਜਿਸ ਨੂੰ ਸਵੀਕਾਰ ਕਰਦਾ ਹੈ ਉਸ ਨੂੰ ਹੀ ਮਿਲਦਾ ਹੈ। ਗੁਰੂ ਰਵਿਦਾਸ ਜੀ ਉਪਰੋਕਤ ਵਿਚਾਰਧਾਰਾ ਨਾਲ ਸਹਿਮਤੀ ਪ੍ਰਗਟ ਕਰਦੇ ਲਿਖਦੇ ਹਨ:-

1. ਭਗਤੀ ਨਾ ਰਸ ਦਾਨ, ਭਗਤੀ ਨਾ ਕਥੈ ਗਿਆਨ ॥[6]

2. ਬੋਲੈ ਗਯਾਨ ਰ ਬੋਲੈ ਧਯਾਨ ਬੋਲ ਬੇਦ ਬੜਾਈ ॥
ਉਰਮਾਂ ਧਰਿ ਧਰਿ ਜਬ ਹੀ ਬੋਲੈ ਤਬ ਹੀ ਮੂਲ ਗੰਵਾਈ ॥
ਬੋਲਿ ਬੋਲਿ ਔਰਹਿੰ ਸਮਝਾਵੇ, ਤਬ ਲਗਿ ਸਮਝਿ ਨਹੀਂ ਰੇ ਭਾਈ ॥
ਬੋਲਿ ਬੋਲਿ ਸਮੁਝਿ ਸਬ ਬੂਝੀ, ਤਬ ਕਾਲ ਸਹਿਤ ਸਬ ਪਾਈ ॥[7]

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਅਨੁਸਾਰ ਭਗਤੀ ਸਮਝਣ ਸਮਝਾਉਣ ਦਾ ਵਿਸ਼ਾ ਨਹੀਂ ਇਹ ਤਾਂ ਪ੍ਰਭੂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ ਅਤੇ ਸਾਧਕ ਇਸ ਨੂੰ ਸਹਿਜੇ ਸਹਿਜੇ ਹੀ ਪ੍ਰਾਪਤ ਕਰ ਸਕਦਾ ਹੈ। ਇਸ ਤੋਂ ਇਲਾਵਾ ਉਪਨਿਸ਼ਦਾਂ ਵਿਚ ਗੁਰੂ ਦਾ ਮਹੱਤਵ, ਸ਼ਰਧਾ, ਸਿਮਰਨ ਪ੍ਰਾਪਤੀ, ਪ੍ਰਭੂ-ਕਿਰਪਾ ਆਦਿ ਭਗਤੀ ਦੇ ਸਾਧਨਾਂ ਦਾ ਮਹੱਤਵ ਵੀ ਪ੍ਰਤੀਪਾਦਤ ਕੀਤਾ ਗਿਆ ਹੈ।

ਨਾਰਦ ਸੂਤ੍ਰ ਅਤੇ ਸ਼ਾਂਡਿਲਯ ਸੂਤ੍ਰ ਅਸਲ ਵਿਚ ਭਗਤੀ ਸੂਤਰ ਹੀ ਹਨ। ਰਿਸ਼ੀ ਨਾਰਦ ਅਨੁਸਾਰ ਭਗਤੀ ਕਰਮ, ਗਿਆਨ ਅਤੇ ਯੋਗ ਆਦਿ ਤੋਂ ਸ੍ਰੇਸ਼ਠ ਹੈ।[8] ਇਹ ਸਾਧਨ ਨਹੀਂ ਸਾਧਯ ਹੈ। ਈਸ਼ਵਰ ਦੇ ਪ੍ਰਤੀ ਪਰਮ ਅਨੁਰਾਗ ਭਗਤੀ ਹੈ।[9] ਨਾਰਦ ਅਨੁਸਾਰ ਭਗਤੀ ਦਾ ਸਰੂਪ ਪ੍ਰੇਮ ਰੂਪਾ ਅਤੇ ਅੰਮ੍ਰਿਤ ਰੂਪ ਹੈ।[10] ਇਸ ਵਿਚ ਪ੍ਰਭੂ ਕਿਰਪਾ ਨੂੰ ਬਹੁਤ ਮਹੱਤਵ ਦਿੱਤਾ ਗਿਆ ਹੈ। ਇਸ ਵਿਚ ਵਰਨਣ ਹੈ ਕਿ ਮਹਾਂਪੁਰਸ਼ਾਂ ਦਾ ਦੁਰਲਭ ਸੰਗ ਭਾਗਵਤ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ।[11] ਇਨ੍ਹਾਂ ਅਨੁਸਾਰ ਗੌਣੀ ਭਗਤੀ, ਸਤ, ਰਜ, ਤਮ ਅਥਵਾ ਆਰਤ, ਜਿਗਿਆਸੂ, ਅਰਥਾਰਥੀ ਭੇਦ ਕਾਰਨ ਤਿੰਨ ਪ੍ਰਕਾਰ ਦੀ ਹੁੰਦੀ ਹੈ।[12] ਪ੍ਰੇਮਾ ਭਗਤੀ ਇਕ ਹੋ ਕੇ ਵੀ ਗਿਆਰਾਂ ਪ੍ਰਕਾਰ ਹੁੰਦੀ

ਹੁੰਦੀ ਹੈ।[13] ਰਿਸ਼ੀ ਨਾਰਦ ਅਨੁਸਾਰ ਪ੍ਰੇਮ ਦਾ ਸਰੂਪ ਅਨਿਵਰਚਨੀਯ ਹੈ ਅਤੇ ਗੂੰਗੇ ਦੇ ਸਵਾਦ ਦੀ ਤਰ੍ਹਾਂ ਵਰਣਨ ਨਹੀਂ ਕੀਤਾ ਜਾ ਸਕਦਾ।[14] ਗੁਰੂ ਰਵਿਦਾਸ ਜੀ ਵੀ ਪ੍ਰਭੂ ਕਿਰਪਾ ਅਤੇ ਅਨਹਦ -ਅਵਸਥਾ ਨੂੰ ਅਨਿਵਰਚਨੀਯ ਅਤੇ ਅਕਥਨੀਯ ਕਹਿੰਦੇ ਹਨ।

ਪਖੰਡ ਪਰੈ ਜੋਵ ਜਿਸ ਘਰਿ ਜਾਤਾ, ਸਬਦ ਅਤੀਤ ਅਨਾਹਦ ਰਾਤਾ ॥
ਜਾ ਪਰਿ ਕ੍ਰਿਪਾ ਸੋਈ ਭਲ ਜਾਨੈ, ਗੂੰਗੋ ਸਾਕਰ ਕਹਾ ਬਖਾਨੈ ॥[15]

ਸ਼ਾਂਡਿਲਯ ਭਗਤੀ ਸੂਤਰ ਅਨੁਸਾਰ ਵੀ ਭਗਤੀ ਹੀ ਸਰਵਸ੍ਰੇਸ਼ਠ ਹੈ।[16] ਇਸ ਵਿਚ ਸਭ ਦਾ ਅਧਿਕਾਰ ਹੈ[17] ਅਤੇ ਜਿਸਦੇ ਅਨੁਸਾਰ ਅਲਪਮਾਤਰ ਕੀਤਾ ਹੋਇਆ ਭਜਨ ਵੀ ਵੱਡੇ ਵੱਡੇ ਪਾਪਾਂ ਨੂੰ ਨਸ਼ਟ ਕਰ ਦਿੰਦਾ ਹੈ।[18]

ਸ੍ਰੀ ਮਦ ਭਾਗਵਤ ਗੀਤਾ ਵਿਚ ਤਿੰਨ ਭਗਤੀ ਮਾਰਗਾਂ ਦਾ ਵਿਵੇਚਨ ਹੈ ਪਰੰਤੂ ਇਸ ਵਿਚ ਈਸ਼ਵਰ ਅਰਪਿਤ ਨਿਸ਼ਕਾਮ ਕਰਮ ਅਤੇ ਈਸ਼ਵਰ ਦੇ ਪ੍ਰਤੱਖ ਗਿਆਨ ਦੇ ਨਾਲ ਵੀ ਈਸ਼ਵਰ ਭਗਤੀ ਦੇ ਨਾਲ ਹੀ ਉਸ ਨੂੰ ਫਲਦਾਇਕ ਕਿਹਾ ਗਿਆ ਹੈ। ਪਰਮਾਤਮਾ ਦਾ ਆਪ ਆਪਣੇ ਉਪਰ ਭਗਤ ਦੀ ਮੁਕਤੀ ਦਾ ਭਾਰ ਲੈ ਲੈਣਾ ਵੀ ਭਗਤੀ ਦੀ ਸ੍ਰੇਸ਼ਠਤਾ ਘੋਸ਼ਿਤ ਕਰਦਾ ਹੈ। ਭਗਵਾਨ ਸ੍ਰੀ ਕ੍ਰਿਸ਼ਨ ਨੇ ਭਗਤੀ ਅਤੇ ਭਗਤ ਦੀ ਮਹਿਮਾ ਆਪ ਕੀਤੀ ਹੈ। ਭਗਵਾਨ ਕ੍ਰਿਸ਼ਨ ਜੀ ਅਨੁਸਾਰ ਉਹ ਕੇਵਲ ਅਨੰਯ ਭਗਤੀ ਨਾਲ ਹੀ ਪ੍ਰਾਪਤ ਹੁੰਦਾ ਹੈ।[14] ਇਸ ਤੋਂ ਇਲਾਵਾ ਭਗਤੀ ਦੇ ਜ਼ਰੂਰੀ ਅੰਗ ਸ਼ਰਨਾਗਤੀ ਸੰਬੰਧ ਵਰਣਨ ਵੀ ਆਉਂਦਾ ਹੈ। ਗੀਤਾ ਵਿਚ ਲਿਖਿਆ ਹੈ ਜੋ ਭਗਤ-ਜਨ ਸਮਸਤ ਕਰਮਾਂ ਨੂੰ ਮੇਰੇ ਪਰਮੇਸ਼ੁਰ ਨੂੰ ਅਰਪਿਤ ਕਰਦੇ ਹਨ ਉਨ੍ਹਾਂ ਆਪਣੇ ਵਿਚ ਚਿੱਤ ਲਗਾਉਣ ਵਾਲਿਆਂ ਨੂੰ ਮੈਂ ਮਿਰਤੂ ਸੰਸਾਰ ਤੋਂ ਉਧਾਰ ਕਰ ਦਿੰਦਾ ਹੈ।[20] ਇਸ ਤੋਂ ਇਲਾਵਾ ਭਗਵਤ ਗੀਤਾ ਵਿਚ ਨਿਸ਼ਕਾਮ ਭਗਤੀ ਅਤੇ ਨਵਧਾ ਭਗਤੀ ਦਾ ਵੀ ਵਿਵੇਚਨ ਪ੍ਰਾਪਤ ਹੈ।

ਦੇਵੀ ਭਾਗਵਤ ਵਿਚ ਵੀ ਕਰਮ-ਯੋਗ, ਗਿਆਨ-ਯੋਗ ਅਤੇ ਭਗਤੀ ਯੋਗ ਤਿੰਨੋ ਹੀ ਸਾਧਨਾ -ਮਾਰਗ ਮੰਨੇ ਗਏ ਹਨ ਪਰੰਤੂ ਇਨ੍ਹਾਂ ਵਿਚ ਭਗਤੀ ਯੋਗ ਹੀ ਸੁਲਭ ਹੈ ਕਿਉਂਕਿ ਇਹ ਕੇਵਲ ਮਾਨਸਿਕ ਹੈ ਅਤੇ ਬਿਨਾਂ ਸਰੀਰ ਨੂੰ ਕਸ਼ਟ ਦਿਤੇ ਸੰਪਨ ਹੁੰਦਾ ਹੈ।[21] ਪਰਾਭਗਤੀ ਪ੍ਰਾਪਤ ਮਨੁੱਖ ਨਾਮ-ਕੀਰਤਨ ਅਤੇ ਪ੍ਰਭੂ ਦੇ ਗੁਣ-ਸ਼੍ਰਵਣ ਕਰਦਾ ਹੈ ਅਤੇ ਉਸ ਦਾ ਮਨ ਪ੍ਰਭੂ ਵਿਚ ਤੇਲ ਦੀ ਧਾਰਾ ਵਾਂਗ ਸਥਿਤ ਰਹਿੰਦਾ ਹੈ। ਸ਼ਿਵ ਪੁਰਾਣ ਅਨੁਸਾਰ ਗਿਆਨ ਤੋਂ ਬਿਨਾਂ ਪ੍ਰਭੂ ਪ੍ਰਾਪਤੀ ਨਹੀਂ ਹੋ ਸਕਦੀ ਕਿਉਂਕਿ ਗਿਆਨ ਦਾ ਮੂਲ ਭਗਤੀ ਹੈ। ਇਨ੍ਹਾਂ ਅਨੁਸਾਰ ਭਗਤੀ ਦਾ ਮੂਲ ਪ੍ਰੇਮ, ਪ੍ਰੇਮ ਦਾ ਮੂਲ ਸ਼ਿਵ-ਗੁਣ-ਸ਼੍ਰਵਣ, ਪ੍ਰਭੂ ਗੁਣ-ਸ਼੍ਰਵਣ ਦਾ ਮੂਲ ਸਤਿਸੰਗ ਅਤੇ ਸਤਿਸੰਗ ਦਾ ਮੂਲ ਸਤਿਗੁਰੂ ਹੈ।[23] ਗੁਰੂ ਰਵਿਦਾਸ ਜੀ ਦੀ ਭਗਤੀ ਸਾਧਨਾ ਸੰਬੰਧੀ ਵਿਚਾਰਧਾਰਾ ਸ਼ਿਵ ਪੁਰਾਣ ਨਾਲ ਕਾਫ਼ੀ ਮੇਲ ਖਾਂਦੀ ਹੈ ਪਰੰਤੂ ਗੁਰੂ ਜੀ ਗਿਆਨ ਮਾਰਗ ਨੂੰ ਭਗਤੀ-ਸਾਧਨਾ ਦਾ ਅੰਤਿਮ ਮਾਰਗ ਨਹੀਂ ਮੰਨਦੇ ਉਨ੍ਹਾਂ ਅਨੁਸਾਰ ਭਗਤੀ ਸਭ ਤੋਂ ਨਿਆਰੀ ਹੈ। ਉਨ੍ਹਾਂ ਅਨੁਸਾਰ ਸਾਧ ਸੰਗਤ ਤੋਂ ਬਿਨਾਂ ਪ੍ਰੇਮ

ਨਹੀਂ ਉਪਜਦਾ ਅਤੇ ਪ੍ਰੇਮ ਬਿਨਾਂ ਭਗਤੀ ਨਹੀਂ ਹੁੰਦੀ।

ਸਾਧ ਸੰਗਤਿ ਬਿਨਾ ਭਉ ਨਹੀਂ ਉਪਜੈ, ਭਾਵ ਬਿਨ ਭਗਤਿ ਨਹੀਂ ਹੋਇ ਤੇਰੀ॥[24]

ਵਿਸ਼ਣੂ ਪੁਰਾਣ ਵਿਚ ਵੀ ਭਗਤੀ-ਸਾਧਨਾ ਨੂੰ ਸਰਵੋਤਮ ਸਮਝਿਆ ਗਿਆ ਹੈ। ਇਸ ਵਿਚ ਭਗਤ ਭਗਵਾਨ ਨੂੰ ਪ੍ਰਾਰਥਨਾ ਕਰਦਾ ਹੈ ਕਿ ਕਰਮ ਫਲ ਦੇ ਕਾਰਣ ਜਿਨ੍ਹਾਂ ਜੂਨਾਂ ਵਿਚ ਵੀ ਮੈਂ ਭ੍ਰਮਣ ਕਰਾਂ। ਉਨ੍ਹਾਂ ਸਭ ਜੋਨੀਆਂ ਵਿਚ ਵੀ ਤੁਹਾਡੇ ਪ੍ਰਤੀ ਮੇਰੀ ਅਚਲ ਭਗਤੀ ਬਣੀ ਰਹੇ। ਵਿਵੇਕ ਰਹਿਤ ਮਨੁੱਖ ਦੀ ਜਿਵੇਂ ਵਿਸ਼ਿਆਂ ਸੰਗ ਆਸਕਤੀ ਰਹਿੰਦੀ ਹੈ ਉਸ ਤਰ੍ਹਾਂ ਹੀ ਤੁਹਾਡਾ ਸਿਮਰਨ ~~ਕਰ~~ ਕਰਦੇ ਹੋਏ ਆਪ ਦੇ ਪ੍ਰਤੀ ਵੀ ਮੇਰੀ ਅਜਿਹੀ ਪ੍ਰੀਤ ਹੋਵੇ ਜੋ ਹਿਰਦੇ ਤੋਂ ਕਦੀ ਅਲੱਗ ਨਾ ਹੋਵੇ।[25] ਇਸ ਤਰ੍ਹਾਂ ਵਿਸ਼ਣੂ ਪੁਰਾਣ ਦੀ ਭਗਤੀ ਮਧਕਾਲੀਨ ਭਗਤੀ ਨਾਲ ਕਾਫ਼ੀ ਸਮਾਨਤਾ ਰਖਦੀ ਹੈ। ਇਸ ਵਿਚ ਵੀ ਅੰਨਿਨ ਅਤੇ ਪ੍ਰਭੂ ਪ੍ਰੇਮ ਭਗਤੀ ਨੂੰ ਮਹੱਤਵ ਦਿੱਤਾ ਗਿਆ ਹੈ ।

ਸ਼ੰਕਰਾਚਾਰਯ ਭਾਵੇਂ ਕੇਵਲ ਅਦਵੈਤਵਾਦੀ ਗਿਆਨ ਮਾਰਗੀ ਸਨ ਫਿਰ ਵੀ ਗਿਆਨ ਦੀ ਉਸ ਰਹੱਸਾਤਮਕ ਅਨੁਭੂਤੀ ਤੋਂ ਪਹਿਲਾਂ ਵਿਵਹਾਰਿਕ ਜਗਤ ਵਿਚ ਉਨ੍ਹਾਂ ਨੇ ਭਗਤੀ ਦਾ ਮਹੱਤਵ ਬਰਾਬਰ ਸਵੀਕਾਰ ਕੀਤਾ ਹੈ। ਬ੍ਰਹਮ ਸੂਤਰ ਭਾਸ਼੍ਯ ਵਿਚ ਉਨ੍ਹਾਂ ਨੇ ਭਗਤੀ ਨੂੰ ਮਹਾਨ ਫਲਦਾਇਨੀ ਮੰਨਿਆ ਹੈ।[26] ਵਿਵੇਕਚੂੜਾਮਣਿ ਵਿਚ ਸਭ ਸਾਧਨਾਂ-ਮਾਰਗਾਂ ਵਿਚੋਂ ਭਗਤੀ ਨੂੰ ਹੀ ਸਰਵਸ਼੍ਰੇਸ਼ਠ ਮੰਨਿਆ ਹੈ।[27] ਪ੍ਰਬੋਧ -ਸੁਧਾਕਰ ਦੇ ਅਨੁਸਾਰ ਜਿਸ ਪ੍ਰਕਾਰ ਮੈਲੇ ਬਸਤਰ ਖਾਰੇ ਪਾਣੀ ਤੋਂ ਬਿਨਾਂ ਸਵੱਛ ਨਹੀਂ ਹੁੰਦੇ ਉਸੇ ਤਰ੍ਹਾਂ ਮਲਿਨ ਅੰਤਹਕਰਣ ਨੂੰ ਸ਼ੁਧ ਕਰਨ ਲਈ ਭਗਤੀ ਪਰਮ ਆਵੱਸ਼ਕ ਹੈ। ਗੁਰੂ ਰਵਿਦਾਸ ਜੀ ਅਨੁਸਾਰ ਵੀ ਸਰੀਰ ਰੂਪੀ ਮੈਲੇ ਕਪੜੇ ਨੂੰ ਭਗਤੀ ਨਾਲ ਹੀ ਧੋਤਾ ਜਾ ਸਕਦਾ ਹੈ। ਉਹ ਲਿਖਦੇ ਹਨ:-

1. ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ॥

   ......   .....   ....

   ਮੈਲੇ ਕਪਰੇ ਕਹਾਂ ਲਉ ਧੋਵਉਂ, ਆਵੇਗੀ ਨੀਦ ਕਹਾਂ ਲਗੁ ਸੋਵਉ ॥[29]

2. ਮਨ ਬਸਤਰ ਕਾ ਮੈਲਾ ਚੋਲਾ ॥ਨਾਮ ਅਮੋਰਸ ਦੀਯੋ ਝਕੋਲਾ ॥[30]

ਗੁਰੂ ਸ੍ਰੀ ਨਾਨਕ ਜੀ ਵੀ ਭਗਤੀ ਲਈ ਸਮਾਨ ਵਿਚਾਰਧਾਰਾ ਰਖਦੇ ਜੁਪਜੀ ਸਾਹਿਬ ਵਿਚ ਲਿਖਦੇ ਹਨ:

ਮੂਤ ਪਲੀਤੀ ਕਪੜੁ ਹੋਇ ॥ਦੇ ਸਾਬੂਣੁ ਲਈਐ ਓਹੁ ਧੋਇ ॥
ਭਰੀਐ ਮਤਿ ਪਾਪਾਂ ਕੈ ਸੰਗਿ॥ਓਹੁ ਧੋਪੈ ਨਾਵੈ ਕੈ ਰੰਗਿ ॥

ਰਾਮਾਨੁਜ ਦੇ ਵਿਸ਼ਿਸ਼ਟਾਦਵੈਤ ਅਨੁਸਾਰ ਭਗਤ ਆਪਣੀ ਹੋਂਦ ਕਾਇਮ ਰਖਣਾ ਚਾਹੁੰਦਾ ਹੈ ਤਾਂ ਜੋ ਹਰ ਸਮੇਂ ਉਹ ਈਸ਼ਵਰ ਦੇ ਧਿਆਨ ਵਿਚ ਮਹਾਨ ਹੋ ਕੇ ਉਸ ਤੋਂ ਆਨੰਦ ਮਾਣ

ਸਕੇ। ਇਸ ਲਈ ਇਸ ਮਤ ਵਿਚ ਗਿਆਨ-ਮਾਰਗ ਤੋਂ ਭਗਤੀ-ਮਾਰਗ ਨੂੰ/ਉਤਮ ਸਮਝਿਆ ਜਾਂਦਾ ਹੈ ਅਤੇ ਇਸ ਦੇ ਅਨੁਕਰਣ ਦੀ ਪ੍ਰੇਰਨਾ ਦਿਤੀ ਜਾਂਦੀ ਹੈ।

ਮਧਵ ਦਾ ਦਵੈਤਵਾਦ ਵੀ ਭਗਤੀ ਦੇ ਪੱਖੋਂ ਮਹਤਵਪੂਰਨ ਮਤ ਹੈ। ਭਗਤੀ ਦਾ ਆਰੰਭ ਹੀ ਦਵੈਤ ਦੀ ਭਾਵਨਾ ਤੋਂ ਹੁੰਦਾ ਹੈ। ਮਧਵ ਅਨੁਸਾਰ ਭਗਤੀ ਦੋ ਸਾਧਨਾਂ ਦੁਆਰਾ ਸੰਪੂਰਣ ਹੁੰਦੀ ਹੈ - ਸ਼ਾਸਤਰਾਂ ਦੇ ਅਭਿਆਸ ਅਤੇ ਧਿਆਨ ਦੁਆਰਾ। ਸ਼ਾਸਤਰਾਂ ਦੇ ਅਧਿਅਨ ਤੋਂ ਅਪ੍ਰੋਖ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਪਰੰਤੂ ਇਹ ਗਿਆਨ ਵੀ ਪ੍ਰਭੂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ ਅਤੇ ਉਸ ਤੋਂ ਬਾਅਦ ਦੀ ਪਰਮ ਭਗਤੀ ਪ੍ਰਾਪਤ ਹੁੰਦੀ ਹੈ। ਇਸ ਤਰ੍ਹਾਂ ਇਸ ਮਤ ਅਨੁਸਾਰ ਭਗਤੀ-ਮਾਰਗ ਸਰਵਸ਼੍ਰੇਸ਼ਠ ਸਾਧਨਾ ਮਾਰਗ ਹੈ।

ਦਵੈਤ -ਅਦਵੈਤ ਮਤ ਵਿਚ ਭਗਤੀ-ਮਾਰਗ ਅਤੇ ਕਰਮ ਮਾਰਗ ਦੋਵਾਂ ਦੇ ਮਹੱਤਵ ਨੂੰ ਸਵੀਕਾਰ ਕੀਤਾ ਗਿਆ ਹੈ, ਕਰਮ-ਮਾਰਗ ਦੇ ਅਨੁਯਾਈਆਂ ਨੂੰ ਹੌਲੀ ਹੌਲੀ ਮੁਕਤੀ ਪ੍ਰਾਪਤ ਹੁੰਦੀ ਹੈ। ਜਿਥੇ ਭਗਤੀ-ਮਾਰਗ ਦਾ ਅਨੁਕਰਣ ਕਰਨ ਵਾਲਿਆਂ ਨੂੰ ਈਸ਼ਵਰ ਦੀ ਕਿਰਪਾ ਨਾਲ ਕ੍ਰਿਸ਼ਨ ਲੋਕ ਦੀ ਪ੍ਰਾਪਤੀ ਹੁੰਦੀ ਹੈ। ਇਨ੍ਹਾਂ ਅਨੁਸਾਰ ਭਗਤੀ ਨੂੰ ਪ੍ਰਾਪਤ ਕਰਨ ਦਾ ਪ੍ਰਮੁੱਖ ਸਾਧਨ ਪ੍ਰਪੱਤੀ ਹੈ ਇਸ ਦੇ ਨਾਲ ਹੀ ਪ੍ਰਭੂ ਦੀ ਕਿਰਪਾ ਪ੍ਰਾਪਤ ਹੁੰਦੀ ਹੈ। ਇਸ ਲਈ ਇਸ ਮਤ ਵਿਚ ਸ਼ਰਨਾਗਤੀ ਦਾ ਬਹੁਤ ਮਹੱਤਵ ਹੈ। ਇਨ੍ਹਾਂ ਦੀ ਭਗਤੀ ਦਾ ਅੰਤਿਮ ਲਕਸ਼ ਪ੍ਰਭੂ ਨਾਲ ਇਕਮਿਕ ਹੋਣਾ ਨਹੀਂ ਸਗੋਂ ਬ੍ਰਹਮ ਸਮਾਨ ਹੋਣਾ ਹੈ।

ਵਲਭਾਚਾਰੀਆ ਦੇ ਸ਼ੁਧ ਅਦਵੈਤ ਅਨੁਸਾਰ ਪ੍ਰਭੂ ਪ੍ਰਾਪਤੀ ਦਾ ਉਤਮ ਮਾਰਗ ਭਗਤੀ ਹੈ। ਇਸ ਲਈ ਈਸ਼ਵਰ ਦੇ ਪ੍ਰਤੀ ਗਿਆਨ ਰੱਖਦਿਆਂ ਹੋਇਆਂ ਜੋ ਸੁਦ੍ਰਿੜ ਅਤੇ ਤੀਬਰ ਪ੍ਰੇਮ ਹੈ ਉਹ ਹੀ ਸੱਚੀ ਭਗਤੀ ਹੈ। ਇਸ ਤਰ੍ਹਾਂ ਇਸ ਮੱਤ ਵਿਚ ਪ੍ਰੇਮ ਭਗਤੀ ਨੂੰ ਉਤਮ ਦਰਜਾ ਪ੍ਰਾਪਤ ਹੈ।

ਚੈਤੰਨਯ ਅਚਿੰਤਯ ਭੇਦਾਭੇਦ ਮੱਤ ਭਗਤੀ ਪ੍ਰਧਾਨ ਹੈ। ਇਸ ਵਿਚ ਕ੍ਰਿਸ਼ਣ ਭਗਤੀ ਨੂੰ ਮਹੱਤਵ ਦਿੱਤਾ ਗਿਆ ਹੈ ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸਭ ਸੰਪ੍ਰਦਾਵਾਂ ਅਤੇ ਪਰੰਪਰਾਵਾਂ ਵਿਚ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਕਿਸੇ ਨਾ ਕਿਸੇ ਤਰ੍ਹਾਂ ਭਗਤੀ-ਮਾਰਗ ਨੂੰ ਸਵੀਕਾਰ ਕੀਤਾ ਹੈ। ਇਸ ਤਰ੍ਹਾਂ ਮਧਕਾਲੀਨ ਭਗਤੀ ਪਰੰਪਰਾਮੂਲਕ ਭਗਤੀ ਤੋਂ ਜ਼ਰੂਰ ਪ੍ਰਭਾਵਿਤ ਹੋਈ ਹੈ।

<u>ਭਗਤੀ ਦੇ ਪ੍ਰਕਾਰ</u> :- ਭਗਤੀ ਦੀ ਉਤਪਤੀ ਇਹ ਗੱਲ ਸਿੱਧ ਕਰਦੀ ਹੈ ਕਿ ਸੰਤ-ਜਨਾਂ ਦੀ ਬਾਣੀ ਭਗਤੀ ਦੇ ਕਿਸੇ ਪ੍ਰਕਾਰ ਵਿਸ਼ੇਸ਼ ਨੂੰ ਲੈ ਕੇ ਨਹੀਂ ਚਲਦੀ। ਵੈਦਿਕ ਭਗਤੀ ਦਾ ਸਰੂਪ ਸਰਲ ਅਤੇ ਸਪੱਸ਼ਟ ਸੀ। ਭਗਤੀ ਦਾ ਸੰਬੰਧ ਸਾਧਕ ਦੇ ਹਿਰਦੇ ਦੀ ਭਾਵਨਾ ਨਾਲ ਹੁੰਦਾ ਹੈ। ਹੌਲੀ ਹੌਲੀ ਜਿਵੇਂ ਭਗਤੀ ਦਾ ਵਿਕਾਸ ਹੋਇਆ ਉਸ ਦੇ ਨਾਲ ਹੀ ਭਗਤੀ ਦੀ ਪ੍ਰਕਾਰ ਵੰਡ ਵੀ ਸ਼ੁਰੂ ਗਈ। ਸਾਧਕ ਦੇ ਮਨ ਵਿਚ ਪ੍ਰਭੂ ਪ੍ਰਤੀ ਉਪਜੇ ਭਾਵਾਂ ਦੇ ਅਨੁਸਾਰ ਭਗਤੀ ਵੀ ਕਿਸਮਾਂ ਵੀ ਵੰਡੀ ਜਾਣ

ਲਗੀ। ਵੈਦਿਕ ਅਤੇ ਉਪਨਿਸ਼ਦਕ ਭਗਤੀ ਦੀ ਆਪਣੀ ਪ੍ਰਕਾਰ ਵੰਡ ਵੈਦਿਕ ਸਾਹਿਤ ਵਿਚ ਵਰਨਣ ਨਹੀਂ ਹੈ ਪਰੰਤੂ ਅਜ ਦੇ ਵਿਦਵਾਨ ਇਸ ਵਿਚੋਂ ਨਾਰਦ-ਭਗਤੀ ਸੂਤ੍ਰਾਂ ਅਨੁਸਾਰ ਭਗਤੀਆਂ ਲਭਣ ਦਾ ਯਤਨ ਕਰਦੇ ਹਨ ਇਸ ਲਈ ਹੁਣ ਵੈਦਿਕ ਭਗਤੀ ਵਿਚ ਸਭ ਪ੍ਰਕਾਰ ਦੀਆਂ ਭਗਤੀਆਂ ਦੇ ਸੰਕੇਤ ਪ੍ਰਾਪਤ ਹੁੰਦੇ ਹਨ।

ਰਿਸ਼ੀ ਨਾਰਦ ਨੇ ਆਪਣੇ ਭਗਤੀ-ਸੂਤ੍ਰ ਵਿਚ ਭਗਤੀ ਦੀਆਂ ਆਸਕਤੀਆਂ ਦਾ ਜ਼ਿਕਰ ਹੈ।[31] ਉਹ ਹਨ - 1. ਗੁਣ ਮਾਹਾਤਮਯਾਸਕਤੀ, 2.ਰੂਪਾਸਕਤੀ 3. ਪੂਜਾਸਕਤੀ 4. ਸਮਰਣਾਸਕਤੀ 5. ਦਾਸਾਸਕਤੀ, 6. ਸਖਾਸਕਤੀ 7. ਕਾਂਤਾਸਕਤੀ 8. ਵਾਤਸਲਯਾਸਕਤੀ 9.ਆਤਮ ਨਿਵੇਦਨਾਸਕਤੀ 10. ਤੰਨਮਯਤਾਸਕਤੀ 11.ਪਰਮ ਵਿਰਹਾਸਕਤੀ ।

ਰਿਸ਼ੀ ਨਾਰਦ ਨੇ ਭਗਤੀ ਨੂੰ ਸਰਵਸ੍ਰੇਸ਼ਠ ਮੰਨਿਆ ਹੈ। ਪਰੰਤੂ ਉਸਨੇ ਤਿੰਨ ਪ੍ਰਕਾਰ ਦੀ ਗੌਣੀ ਭਗਤੀ ਵੀ ਸਵੀਕਾਰ ਕੀਤੀ ਹੈ। ਗੌਣੀ ਭਗਤੀ ਸਤ, ਰਜ ਤਮ ਅਥਵਾ ਆਰਤ ਜਿਗਿਆਸੂ ਅਤੇ ਅਰਥਾਰਥੀ ਅਨੁਸਾਰ ਤਿੰਨ ਪ੍ਰਕਾਰ ਦੀ ਹੁੰਦੀ ਹੈ।[32] ਸ੍ਰੀ ਮਦ ਭਾਗਵਤ ਗੀਤਾ ਵਿਚ ਭਗਤੀ ਦਾ ਦੋ ਤਰ੍ਹਾਂ ਦਾ ਵਰਗੀਕਰਨ ਉਪਲਬੱਧ ਹੈ। ਪਹਿਲੇ ਵਿਚ ਸਾਧਕ ਦੀਆਂ ਬਿਰਤੀਆਂ ਦੇ ਆਧਾਰ ਤੇ ਭਗਤੀ-ਵੰਡ ਕੀਤੀ ਗਈ ਹੈ। ਸਾਧਨਾ-ਪੱਖ ਨੂੰ ਧਿਆਨ ਵਿਚ ਰਖਦੇ।ਹੋਏ ਅਧਿਕ ਪ੍ਰਚਲਿਤ ਨਵਧਾ ਭਗਤੀ ਦੀ ਯੋਜਨਾ ਵੀ ਭਾਗਵਤ ਵਿਚ ਕੀਤੀ ਗਈ ਹੈ।[33]

ਸ੍ਰੀ ਮਦ ਭਾਗਵਤ ਵਿਚ ਮਾਨਵੀ-ਬਿਰਤੀਆਂ ਦੇ ਅਨੁਸਾਰ ਭਗਤੀ ਦੇ ਚਾਰ ਭੇਦ ਮੰਨੇ ਹਨ।

1. ਸਾਤਵਿਕੀ ਭਗਤੀ ਜਿਸ ਵਿਚ ਮੁਕਤੀ ਦੀ ਕਾਮਨਾ ਰਹਿੰਦੀ ਹੈ ।
2. ਰਾਜਸੀ ਭਗਤੀ ਜਿਸ ਵਿਚ ਧੰਨ ਕੁੱਟੰਬ ਦੀ ਕਾਮਨਾ ਰਹਿੰਦੀ ਹੈ।
3. ਤਾਮਸੀ ਭਗਤੀ ਜਿਸ ਵਿਚ ਦੁਸ਼ਮਣਾਂ ਦੇ ਅਹਿੱਤ ਅਤੇ ਸੁਤਰੂਆਂ ਦੇ ਵਿਕਾਸ ਦੀ ਕਾਮਨਾ ਰਹਿੰਦੀ ਹੈ।
4. ਨਿਰਗੁਣ ਭਗਤੀ ਜਿਸ ਵਿਚ ਕੋਈ ਕਾਮਨਾ ਨਹੀਂ ਰਹਿੰਦੀ ਇਥੋਂ ਤਕ ਕਿ ਮੁਕਤੀ ਤਕ ਦੀ ਕਾਮਨਾ ਵੀ ਨਹੀਂ ਰਹਿੰਦੀ। ਚੌਥੀ ਭਗਤੀ ਨੂੰ ਸਰਵਸ੍ਰੇਸ਼ਠ ਮੰਨਿਆ ਜਾਂਦਾ ਹੈ।[33-ਏ]

ਭਾਗਵਤਕਾਰ ਨੇ ਨਵਧਾ ਭਗਤੀ ਦੀ ਵਿਆਖਿਆ ਬਹੁਤ ਹੀ ਮਨੋਵਿਗਿਆਨਕ ਢੰਗ ਨਾਲ ਕੀਤੀ ਹੈ। ਨਵਧਾਭਗਤੀ ਅਨੁਸਾਰ ਭਗਤੀ ਦੇ 9 ਪ੍ਰਕਾਰ ਹਨ - ਸ੍ਰਵਣ, ਕੀਰਤਨ, ਨਾਮ-ਸਿਮਰਨ, ਪਾਦ-ਸੇਵਨ, ਅਰਚਨਾ, ਬੰਦਨਾ, ਦਾਸਾ, ਸਖਾ ਅਤੇ ਆਤਮ ਨਿਵੇਦਨ ਭਗਤੀ । ਇਨ੍ਹਾਂ ਵਿਚੋਂ ਪਹਿਲੇ ਤਿੰਨ - ਸ੍ਰਵਣ, ਕੀਰਤਨ ਅਤੇ ਸਿਮਰਨ ਸ਼ਰਧਾ ਅਤੇ ਵਿਸ਼ਵਾਸ ਬਿਰਤੀ ਦੇ ਸਹਾਇਕ ਹਨ। ਸ਼ਰਧਾ ਅਤੇ ਵਿਸ਼ਵਾਸ ਦੀ ਸਥਾਪਨਾ ਤੋਂ ਬਾਅਦ ਦਾਸ, ਸਖਾ ਅਤੇ ਆਤਮਨਿਵੇਦਨ ਭਾਵਾਂ ਦੀ ਯੋਜਨਾ ਆਪੇ ਸੰਭਵ ਹੋ ਜਾਂਦੀ ਹੈ। ਭਗਵਾਨ ਦੇ ਰੂਪ ਤੋਂ ਵੀ ਸਾਧਕ ਪ੍ਰਭਾਵਿਤ ਹੁੰਦਾ

ਹੈ। ਇਸ ਲਈ ਉਹ ਪਾਦਸੇਵਨ, ਅਰਚਨਾ ਅਤੇ ਬੰਧਨਾਂ ਭਗਤੀ ਕਰਦਾ ਹੈ।

ਇਸ ਤੋਂ ਇਲਾਵਾ ਗੌਣੀ ਅਤੇ ਪਰਾਭਗਤੀ ਅਤੇ ਵੈਧੀ ਜਾਂ ਰਾਗਾਨੁਗਾ ਭਗਤੀ ਦੀ ਯੋਜਨਾ ਵੀ ਭਾਗਵਤਕਾਰ ਨੇ ਕੀਤੀ ਹੈ। ਭਾਗਵਤਕਾਰਾਂ ਨੇ ਸਾਧਨ ਅਤੇ ਸਾਧਯ ਪੱਖ ਦੇ ਆਧਾਰ ਤੇ ਜੋ ਭਗਤੀ ਦਾ ਵਰਗੀਕਰਣ ਕੀਤਾ ਹੈ ਉਸ ਵਿਚ ਗੌਣੀ ਅਤੇ ਪਰਾਭਗਤੀ ਨੂੰ ਵਿਸਥਾਰ ਪੂਰਵਕ ਵਰਣਨ ਕੀਤਾ ਹੈ। ਗੌਣੀ ਭਗਤੀ ਦੇ ਦੋ ਉਪਭੇਦ ਕੀਤੇ ਗਏ ਹਨ - ਵੈਧੀ ਅਤੇ ਰਾਗਾਨੁਗਾ ਅਗੇ ਰਾਗਾਨੁਗਾ ਦੇ ਵੀ ਕਾਮਰੂਪਾ ਅਤੇ ਸੰਬੰਧ ਰੂਪਾਂ ਦੋ ਉਪਰੂਪਾ ਉਪਭੇਦ ਕੀਤੇ ਗਏ ਹਨ। ਸ੍ਰਵਣ, ਕੀਰਤਨ, ਸਿਮਰਨ, ਪਾਦਸੇਵਨ, ਅਰਚਨਾ ਅਤੇ ਬੰਦਨਾ ਦਾ ਸੰਬੰਧ ਵੈਧੀ ਭਗਤੀ ਨਾਲ ਹੈ ਅਤੇ ਦਾਸਾ ਸਖਾ ਅਤੇ ਆਤਮ ਨਿਵੇਦਨ ਭਗਤੀ ਰਾਗਾਨੁਗਾ ਨਾਲ ਸੰਬੰਧਿਤ ਹੈ। ਗੌਣੀ ਭਗਤੀ ਨੂੰ ਸਾਧਨ ਭਗਤੀ ਅਤੇ ਪਰਾਭਗਤੀ (ਨਿਸ਼ਕਾਮ ਜਾਂ ਨਿਰਗੁਣ ਭਗਤ) ਨੂੰ ਸਾਧਯ ਭਗਤੀ ਜਾਂ ਸਵਰੂਪਾ ਭਗਤੀ ਵੀ ਕਿਹਾ ਗਿਆ ਹੈ ।

<u>ਵੈਧੀ ਭਗਤੀ</u> :- ਇਸ ਭਗਤੀ ਵਿਚ ਵਿਧੀ ਨਿਸ਼ੇਧ ਦਾ ਵਿਸ਼ੇਸ਼ ਧਿਆਨ ਅਤੇ ਕਰਮਕਾਂਡੀ ਪੂਜਾ ਦੀ ਬਹੁਤ ਮਹਿਮਾ ਹੈ। ਵੈਧੀ ਭਗਤੀ ਦਾ ਆਚਰਣ ਸ਼ਾਸਤਰ ਨਿਰਦੇਸ਼ ਦੇ ਅਨੁਸਾਰ ਹੁੰਦਾ ਹੈ। ਇਸ ਵਿਚ ਵੈਦਿਕ ਕ੍ਰਿਆਕਲਾਪ, ਵਰਣਾਸ਼੍ਰਮ ਧਰਮ ਦੇ ਨਿਯਮ ਆਦਿ ਦਾ ਪਾਲਨ ਕਰਦੇ ਹੋਏ ਪ੍ਰਭੂ ਦੇ ਪ੍ਰਤੀ ਕੁਝ ਭੈ, ਸ਼ਰਧਾ ਦਾ ਭਾਵ-ਵਿਸ਼ੇਸ਼ ਰਹਿੰਦਾ ਹੈ। ਭਗਤੀ

ਰਾਗਮਈ ਭਗਤੀ ਵਿਚ ਸਹਜ ਭਾਵ ਨਾਲ ਹੀ ਵਿਧੀ-ਵਿਧਾਨਾਂ ਦਾ ਪਰਿਤਿਆਗ ਹੋ ਜਾਂਦਾ ਹੈ ਇਸ ਵਿਚ ਸਾਧਕ ਆਂਤਰਿਕ ਭਾਵ ਨਾਲ ਪ੍ਰੇਰਿਤ ਹੋ ਕੇ ਕਦੀ ਦਾਸਾ ਭਾਵ ਨਾਲ ਕਦੀ ਸਖਾ ਅਤੇ ਕਦੀ ਜੀਵਾਤਮਾ -ਇਸਤਰੀ ਦੇ ਰੂਪ ਵਿਚ ਭਗਤੀ ਕਰਦਾ ਹੈ। ਇਹ ਅਸਲ ਵਿਚ ਹਿਰਦੇ ਦੀ ਸਾਧਨਾ ਹੈ। ਇਹ ਹਿਰਦੇ ਵਿਚ ਹੀ ਹਿਰਦੇ ਦੁਆਰਾ ਹਿਰਦੇ ਵਿਚ ਵਸ ਰਹੇ ਈਸ਼ਵਰ ਦੀ ਰਾਗਮਈ ਉਪਾਸ਼ਨਾ ਹੁੰਦੀ ਹੈ। ਜਿਸ ਤਰ੍ਹਾਂ ਭਗ. ਦੇ ਹਿਰਦੇ ਵਿਚ . ਭਗਵਾਨ ਦੇ ਲਈ ਅਤੇ ਭਗਵਾਨ ਦੇ ਹਿਰਦੇ ਵਿਚ ਭਗਤ ਲਈ ਜੋ ਸੁਭਾਵਿਕ ਗੂੜੀ ਤ੍ਰਿਸ਼ਨਾ ਹੁੰਦੀ ਹੈ ਉਹ ਹੀ ਰਾਗਮਈ ਭਗਤੀ ਹੈ। ਵੈਧੀ ਭਗਤੀ ਜਿਥੇ ਗਿਆਨ ਦਾ ਸਾਧਨ ਹੈ ਉਥੇ ਰਾਗਾਨੁਗਾ ਭਗਤੀ ਦਾ ਉਦੇ ਗਿਆਨ ਅਤੇ ਵਿਗਿਆਨ ਦੇ ਅੰਤਰਗਤ ਹੁੰਦਾ ਹੈ। ਰਾਗਾਨੁਗਾ ਭਗਤੀ ਸਾਧਨ ਨਹੀਂ ਸਾਧਯ ਹੈ। ਅਤਿਅੰਤ ਸਨੇਹ ਹੀ ਇਸ ਦਾ ਸਰੂਪ ਹੈ।

ਗੁਰੂ ਰਵਿਦਾਸ ਬਾਣੀ ਵੈਧੀ ਭਗਤੀ ਵਿਚ ਵੀ ਸੰਖ੍ਰਿਤ ਰੂਪ ਵਿਚ ਯਕੀਨ ਰਖਦੀ ਹੈ ਕਿਉਂਕਿ ਉਨ੍ਹਾਂ ਨੇ ਵੀ ਭਗਤੀ ਦਾ ਵਿਕਾਸ ਕਰਮਵਾਰ ਕਰਮ ਅਤੇ ਗਿਆਨ ਤੋਂ ਮੰਨਿਆ ਹੈ। ਉਨ੍ਹਾਂ ਅਨੁਸਾਰ ਗਿਆਨ ਪ੍ਰਾਪਤੀ ਲਈ ਕਰਮ ਕਰਨੇ ਜ਼ਰੂਰੀ ਹਨ ਜਦੋਂ ਗਿਆਨ ਦੀ ਪ੍ਰਾਪਤੀ ਹੋ ਗਈ ਤਾਂ ਕਰਮ ਆਪਣੇ ਆਪ ਹੀ ਵਿਨਾਸ਼ ਹੋ ਜਾਂਦੇ ਹਨ ਜਿਵੇਂ ਫਲ ਬਨਣ ਦੇ ਫੁੱਲ ਆਪਣੇ ਆਪ ਖਤਮ ਹੋ ਜਾਂਦੇ ਹਨ। . ਇਥੇ ਇਕ ਗੱਲ ਹੋਰ ਕਹਿਣੀ ਵੀ ਉਚਿਤ ਹੈ ਕਿ ਗੁਰੂ ਰਵਿਦਾਸ ਜੀ ਦੀ

ਵੈਧੀ ਭਗਤੀ ਕਰਮਕਾਂਡੀ ਨਹੀਂ ਕਿਉਂਕਿ ਕਰਮਕਾਂਡ ਬਾਹਰੀ ਆਡੰਬਰ ਅਤੇ ਮੂਰਤੀ ਪੂਜਾ ਆਦਿ ਦੀ ਉਨ੍ਹਾਂ ਨੇ ਨਿਖੇਧੀ ਕੀਤੀ ਹੈ। ਇਥੇ ਕਰਮਾਂ ਦਾ ਅਰਥ ਸਤਿਕਰਮ ਹੈ ਜਿਸ ਵਿਚ ਵੇਦ ਆਦਿ ਧਾਰਮਿਕ ਗ੍ਰੰਥ ਪੜ੍ਹਣੇ ਸ਼ਾਮਲ ਹਨ। ਇਹ ਸਭ ਕੁਝ ਭਗਤੀ ਹੇਤ ਹੋਤਾ ਜਾਂਦਾ ਹੈ:

1. ਫਲ ਕਾਰਨ ਫੂਲੀ ਬਨਰਾਇ, ਫਲ ਲਾਗਾ ਤਬ ਫੂਲੁ ਬਿਲਾਇ ॥
ਗਿਆਨੈ ਕਾਰਨ ਕਰਮ ਅਭਿਆਸੁ ਗਿਆਨ ਭਇਆ ਤਬ ਕਰਮਹ ਨਾਸੁ ॥[34]

2. ਤੋਰਉ ਨ ਪਾਤੀ ਪੂਜਉ ਨ ਦੇਵਾ, ਸਹਜ ਸਮਾਧਿ ਕਰਉ ਹਰਿ ਸੇਵਾ ॥
...... ..... ....
ਚਾਰਿ ਬੇਦ ਜਾਕੈ ਸੁਮ੍ਰਿਤਿ ਸਾਸਾ, ਭਗਤਿ ਹੇਤ ਗਾਵੈ ਰਵਿਦਾਸਾ ॥[35]

ਨਿਰਮਲ ਚਿੱਤ ਵਿਚ ਪੂਰਣ ਵੈਰਾਗ ਦਾ ਉਦੈ ਹੋਣ ਨਾਲ ਅਤੇ ਸੁਧ ਵਿਗਿਆਨ ਦੇ ਅੰਤਰ ਹੀ ਰਾਗਾਨੁਮਾ ਭਗਤੀ ਉਤਪੰਨ ਹੁੰਦੀ ਹੈ ਇਸਨੂੰ ਪ੍ਰੇਮਾਭਗਤੀ ਵੀ ਕਹਿੰਦੇ ਹਨ। ਇਸ ਦੇ ਸ਼ਾਂਤ, ਦਾਸਾ, ਸਖਾ, ਵਾਤਸਲਯ ਅਤੇ ਸ਼੍ਰਿੰਗਾਰ ਭੇਦ ਨਾਲ ਪੰਜ ਪ੍ਰਕਾਰ ਹਨ। ਰਾਗਾਨੁਮਾ ਭਗਤੀ ਦੇ ਹੋਰ ਵੀ ਤਿੰਨ ਭੇਦ ਹਨ - ਪ੍ਰੇਮਾ, ਪਰਾ, ਪ੍ਰੌੜਾ। ਰਾਗਾਨੁਮਾ ਭਗਤੀ ਦਾ ਮੂਲ ਰੂਪ ਨੂੰ ਉਤਮ ਭਗਤੀ ਮੰਨਿਆ ਜਾਂਦਾ ਹੈ। ਸ੍ਰੀ ਰੂਪ ਗੋਸਵਾਮੀ ਦੇ ਅਨੁਸਾਰ " ਹੋਰ ਅਭਿਲਾਸ਼ਾ ਤੋਂ ਸ਼ੂਨਯ, ਇਕ ਮਾਤ੍ਰ ਭਗਤੀ ਦੀ ਅਭਿਲਾਸ਼ਾ ਨਾਲ ਯੁਕਤ, ਗਿਆਨ -ਕਰਮ ਆਦਿ ਤੋਂ ਬਿਲਕੁਲ ਰਹਿਤ, ਭਗਵਾਨ ਦੀ ਪ੍ਰੀਤਿ -ਸੰਪਾਦਨ ਦੇ ਉਦੇਸ਼ ਨਾਲ ਕੀਤੀ ਜਾਣ ਵਾਲੀ ਭਗਵਦ-ਵਿਸ਼ਿਅਕ ਸੰਪੂਰਣ ਚੇਸ਼ਟਾ ਦਾ ਨਾਮ ਹੀ ਉਤਮ ਭਗਤੀ ਹੈ।[36]

ਉਤਮਾ ਭਗਤੀ ਅਥਵਾ ਸੁਧ ਭਗਤੀ ਦੇ ਵੀ ਤਿੰਨ ਭੇਦ ਹਨ - ਸਾਧਨ ਭਗਤੀ, ਭਾਵ ਭਗਤੀ, ਪ੍ਰੇਮਾ ਭਗਤੀ ।

ਅਧਿਆਤਮ ਰਾਮਾਇਣ ਵਿਚ ਵੀ ਭਗਤੀ ਦੇ ਨੌਂ ਪ੍ਰਕਾਰ ਵਰਣਨ ਹਨ - ਸਤਿਸੰਗ ਰਾਮਕਥਾ ਦਾ ਕੀਰਤਨ, ਰਾਮਗੁਣ ਦੀ ਚਰਚਾ, ਰਾਮ ਕਥਾ ਦਾ ਵਿਖਿਆਨ, ਆਚਾਰਯ ਨੂੰ ਭਗਵਾਨ ਸਮਝ ਕੇ ਉਸਦੀ ਨਿਸ਼ਕਪਟ ਉਪਾਸਨਾ, ਪੁੰਨ-ਦਾਨ ਕਰਨ ਦੇ ਨਾਲ ਨਾਲ ਯਮ-ਨਿਯਮਾਂ ਦਾ ਪਾਲਨ ਕਰਦੇ ਹੋਏ ਨਿੱਤ ਨਿਸ਼ਚੇ ਸਹਿਤ ਰਾਮ ਦੀ ਪੂਜਾ ਕਰਨਾ, ਰਾਮ ਮੰਤ੍ਰ ਦੀ ਸਾਂਗੋਪਾਂਗ ਉਪਾਸ਼ਨਾ, ਭਗਤ ਦੀ ਰਾਮ ਤੋਂ ਅਧਿਕ ਪੂਜਾ ( ਸਭ ਪ੍ਰਾਣੀਆਂ ਵਿਚ ਰਾਮ ਨੂੰ ਵੇਖਦਾ) ਰਾਮ ਤੱਤ ਦਾ ਵਿਚਾਰ ਅਤੇ ਅਨੁਭਵ।[37]

ਇਸ ਤੋਂ ਇਲਾਵਾ ਪਰਮਤੱਤ ਦੇ ਸਰੂਪ ਦੇ ਭੇਦ ਅਨੁਸਾਰ ਭਗਤੀ ਦੋ ਪ੍ਰਕਾਰ ਦੀ ਮੰਨੀ ਜਾਂਦੀ ਹੈ - ਨਿਰਗੁਣ, ਸਗੁਣ। ਨਿਰਗੁਣ ਭਗਤੀ ਦਾ ਸੰਬੰਧ ਨਿਰਾਕਾਰ ਅਤੇ ਅਨਿਵਰਚਨੀਯ ਬ੍ਰਹਮ ਨਾਲ ਹੈ ਅਤੇ ਸਗੁਣ ਭਗਤੀ ਸਾਕਾਰ ਭਗਵਾਨ ਦੇ ਨਾਮ, ਰੂਪ, ਗੁਣ ਲੀਲਾ ਆਦਿ ਨਾਲ ਸੰਬੰਧਿਤ ਹੈ। ਨਿਰਗੁਣ ਭਗਤੀ ਵਿਚ ਪਰਮਤੱਤ ਦਾ ਮਾਨਸਿਕ ਚਿੰਤਨ ਹੁੰਦਾ ਹੈ ਉਥੇ ਸਗੁਣ ਭਗਤੀ

ਵਿਚ ਸਥੂਲ ਮੂਰਤ ਦੀ ਉਪਾਸ਼ਨਾ ਨਾਲ ਭਗਤੀ ਕੀਤੀ ਜਾਂਦੀ ਹੈ। ਸ੍ਰੀਮਦ ਭਾਗਵਤ ਗੀਤਾ ਅਨੁਸਾਰ " ਜਿਸ ਪ੍ਰਕਾਰ ਗੰਗਾ ਦਾ ਪ੍ਰਵਾਹ ਅਖੰਡ ਰੂਪ ਵਿਚ ਸਮੁੰਦਰ ਦੇ ਵਲ ਵਹਿੰਦਾ ਹੈ ਉਸੇ ਤਰ੍ਹਾਂ ਮੇਰੇ ਗੁਣਾਂ ਦੇ ਸ੍ਰਵਣ ਮਾਤ੍ਰ ਨਾਲ ਮਨ ਦੀ ਗਤੀ ਦਾ ਤੇਲ ਦੀ ਧਾਰਾ ਵਾਂਗ ਅਟੁੱਟ ਰੂਪ ਵਿਚ ਮੇਰੇ ਅੰਤਰਯਾਮੀ ਦੇ ਪ੍ਰਤੀ ਹੋ ਜਾਣਾ ਅਤੇ ਮੇਰੇ ਪੁਰਸ਼ੋਤਮ ਵਿਚ ਨਿਸ਼ਕਾਮ ਅਤੇ ਅਨੰਯ ਪ੍ਰੇਮ ਹੋਣਾ ਨਿਰਗੁਣ ਭਗਤੀ ਯੋਗ ਦਾ ਲੱਛਣ ਹੈ"।[38] ਸਗੁਣ ਭਗਤੀ ਦੇ ਲੱਛਣ ਵੈਧੀ ਅਤੇ ਗੌਣੀ ਭਗਤੀ ਨਾਲ ਮੇਲ ਖਾਂਦੇ ਹਨ।

ਨਾਰਦ ਭਗਤੀ ਸੂਤ੍ਰ ਵਿਚ ਪਰਾ ਅਤੇ ਗੌਣੀ ਦੋ ਭਗਤੀਆਂ ਦਾ ਵੀ ਵਰਨਣ ਹੈ। ਭਗਤੀ ਦੀ ਸੁਧੀ ਬਾਹਰੀ ਲੱਛਣਾਂ ਤੇ ਗ੍ਰਹਿਣ ਕਰਦੇ ਹੋਏ ਤਿੰਨ ਪ੍ਰਕਾਰ ਦੀ ਗੌਣੀ ਭਗਤੀ ਸਵੀਕਾਰ ਕੀਤੀ ਗਈ ਹੈ। ਅਤੇ ਗੌਣੀ ਭਗਤੀ ਨੂੰ ਪਰਾ-ਭਗਤੀ ਪ੍ਰਾਪਤ ਕਰਨ ਵਿਚ[39] ਹੇਤੂ ਮੰਨਿਆ ਹੈ।[40] ਸਤ ਰਜ, ਤਮ ਤਿੰਨ ਗੁਣਾਂ ਅਨੁਸਾਰ ਕੀਤੀ ਜਾਣ ਵਾਲੀ ਭਗਤੀ ਗੌਣੀ ਭਗਤੀ ਹੈ। ਤਿੰਨਾਂ ਗੁਣਾਂ ਤੋਂ ਪਰੇ, ਨਿਸ਼ਕਾਮ ਅਤੇ ਨਿਰੰਤਰ ਕੀਤੀ ਜਾਣ ਵਾਲੀ ਭਗਤੀ ਪ੍ਰੇਮ-ਲਖਣਾ ਪਰਾਭਗਤੀ ਹੈ।[41]

ਸ਼ੰਕਰਾਚਾਰਯ ਅਨੁਸਾਰ ਭਗਤੀ ਦੋ ਪ੍ਰਕਾਰ ਦੀ ਹੈ - ਸਥੂਲ ਅਤੇ ਸੂਖਮ ਸ਼ੁਰੂ ਵਿਚ ਇਹ ਸਥੂਲ ਹੁੰਦੀ ਹੈ ਅਤੇ ਬਾਅਦ ਵਿਚ ਸੂਖਮ ।[42]

ਰਾਮਾਨੁਜ ਨੇ ਪਰਾ ਭਗਤੀ, ਪਰਾ ਗਿਆਨ ਅਤੇ ਪਰਮ ਭਗਤੀ ਦਾ ਵਰਣਨ ਕੀਤਾ ਹੈ। ਪਰਾ ਭਗਤੀ ਮਨੁੱਖ ਵਿਚ ਪਰਮਾਤਮਾ ਪ੍ਰਤੀ ਜਗਿਆਸਾ ਉਤਪੰਨ ਕਰਦੀ ਹੈ। ਇਹ ਉਸ ਗਿਆਨ ਦਾ ਫਲ ਹੈ ਜੋ ਪ੍ਰੇਮ ਤੋਂ ਉਪਜਦਾ ਹੈ। ਪਰਮਾਤਮਾ ਪ੍ਰਤੀ ਸੰਪੂਰਣ ਗਿਆਨ ਪਰ-ਗਿਆਨ ਭਗਤੀ ਰਾਹੀਂ ਹੁੰਦਾ ਹੈ। ਇਸ ਤੋਂ ਬਾਅਦ ਹੀ ਪਰਮ ਭਗਤੀ ਉਪਜਦੀ ਹੈ। ਇਹ ਹੀ ਪ੍ਰਭੂ ਪ੍ਰਾਪਤੀ ਦਾ ਸਾਧਨ ਹੈ ਅਜਿਹੀ ਭਗਤੀ ਉਸ ਭਗਤ ਦੇ ਹਿਰਦੇ ਵਿਚ ਉਤਪੰਨ ਹੁੰਦੀ ਹੈ, ਜਿਸਦਾ ਹਿਰਦਾ ਗਿਆਨ ਅਤੇ ਕਰਮਯੋਗ ਦੇ ਅਭਿਆਸ ਨਾਲ ਪਵਿੱਤਰ ਹੋ ਚੁੱਕਾ ਹੋਵੇ। ਗੁਰੂ ਰਵਿਦਾਸ ਜੀ ਦੀ ਭਗਤੀ ਪ੍ਰਤੀ ਵਿਚਾਰਧਾਰਾ ਰਾਮਾਨੁਜ ਦੀ ਵਿਚਾਰਧਾਰਾ ਨਾਲ ਮੇਲ ਖਾਂਦੀ ਹੈ। ਰਾਮਾਨੁਜ ਨੇ ਵੀ ਭਾਗਵਤ ਦੀ ਨਵਧਾ ਭਗਤੀ ਅਤੇ ਨਾਰਦ ਦੀ ਗਿਆਰਾਂ ਪ੍ਰਕਾਰ ਦੀ ਭਗਤੀ ਨੂੰ ਥੋੜੇ ਬਹੁਤ ਅੰਤਰ ਨਾਲ ਸਵੀਕਾਰ ਕੀਤਾ ਹੈ। ਇਸ ਦੇ ਨੌਂ ਪ੍ਰਕਾਰ ਹਨ – ਯਾਤਨਾ, ਸ੍ਰਵਣ, ਕੀਰਤਨ, ਅਰਚਨਾ, ਉਸਤਤੀ, ਵਚਨ ਬੰਦਨਾ, ਸਿਮਰਨ ਅਤੇ ਧਿਆਨ। ਗੁਰੂ ਰਵਿਦਾਸ ਬਾਣੀ ਪਹਿਲੀ ਭਗਤੀ ਨੂੰ ਛੱਡ ਕੇ ਬਾਕੀਆਂ ਨੂੰ ਸਵੀਕਾਰ ਕਰਦੀ ਹੈ। ਜਿਸਦਾ ਅਧਿਅਨ ਨਵਧਾ ਭਗਤੀ ਦੇ ਅੰਤਰਗਤ ਕੀਤਾ ਜਾਵੇਗਾ।

ਨਿੰਬਾਰਕ ਅਨੁਸਾਰ ਭਗਤੀ ਦੋ ਪ੍ਰਕਾਰ ਦੀ ਹੈ - ਸਾਧਕ ਰੂਪਾ ਅਤੇ ਪ੍ਰੇਮ ਲਕਸ਼ਣਾ । ਸਾਧਨ ਰੂਪਾ ਭਗਤੀ ਦੀ ਪ੍ਰਾਪਤੀ ਅਨੇਕ ਜਨਮਾਂ ਦੇ ਸ਼ੁਭ ਕਰਮਾਂ ਦੇ ਫਲ-ਸਰੂਪ ਹੁੰਦੀ ਹੈ। ਪ੍ਰੇਮ ਲਕਸ਼ਣਾਂ ਭਗਤੀ ਈਸ਼ਵਰ ਦੇ ਪ੍ਰਤੀ ਸੁਭਾਵਿਕ ਪ੍ਰੇਮ ਪੂਰਣ ਭਗਤੀ ਹੈ ਜਿਸਨੂੰ ਉਤਮ ਫਲ

ਰੂਪ ਅਤੇ ਪਰਾਭਗਤੀ ਵੀ ਕਹਿੰਦੇ ਹਨ। ਇਸ ਮਤ ਨੇ ਕ੍ਰਿਸ਼ਨ ਭਗਤੀ ਨੂੰ ਪੰਜ ਭਾਵਾਂ ਨਾਲ ਵਿਅਕਤ ਕੀਤਾ ਹੈ - ਸ਼ਾਂਤ, ਦਾਸ, ਸਖਾ, ਵਾਤਸਲ, ਮਧੁਰ ਦਾ ਉਜਵਲਾ। ਪਰੰਤੂ ਇਸ ਵਿਚ ਮਧੁਰਾਭਾਵ ਦੀ ਪ੍ਰਧਾਨਤਾ ਹੈ।

ਭਗਤੀ ਦੇ ਖੇਤਰ ਵਿਚ ਵਲਭਚਾਰੀਆ ਦੀ ਸਾਧਨਾ -ਪੱਧਤੀ ਪੁਸ਼ਟੀ ਮਾਰਗ ਦੇ ਨਾਮ ਨਾਲ ਜਾਣੀ ਜਾਂਦੀ ਹੈ। ਰਾਗਾਨੁਗਾ ਭਗਤੀ ਨੂੰ ਹੀ ਪੁਸ਼ਟੀ ਮਾਰਗ ਵਿਚ ਪੁਸ਼ਟੀ ਭਗਤੀ ਜਾਂ ਅਵਿਹਿਤਾ ਭਗਤੀ ਕਹਿੰਦੇ ਹਨ।[43] ਪੁਸ਼ਟੀ ਮਾਰਗ ਨੂੰ ਸੇਵਾ ਮਾਰਗ ਵੀ ਕਹਿੰਦੇ ਹਨ। ਇਸ ਵਿਚ ਤਿੰਨ ਤਰ੍ਹਾਂ ਪ੍ਰਭੂ ਦੇ ਸਰੂਪ ਦੀ ਸੇਵਾ ਕੀਤੀ ਜਾਂਦੀ ਹੈ। ਤਨ, ਮਨ ਅਤੇ ਧਨ ਦੁਆਰਾ ਕੀਤੀ ਸੇਵਾ ਨੂੰ ਕ੍ਰਮਵਾਰ ਤਨੁਜਾ, ਮਾਨਸੀ ਅਤੇ ਵਿੱਤਜਾ ਕਹਿੰਦੇ ਹਨ। ਮਾਨਸੀ ਸੇਵਾ ਦੋ ਪ੍ਰਕਾਰ ਦੀ ਹੈ - ਮਰਯਾਦਾ ਮਾਰਗੀ ਅਤੇ ਪੁਸ਼ਟੀ ਮਾਰਗੀ। ਮਰਯਾਦਾ ਮਾਰਗੀ ਮਾਨਸੀ ਸੇਵਾ ਲਈ ਸ਼ਾਸਤਰਾਂ ਦੇ ਗੰਭੀਰ ਗਿਆਨ ਦੀ ਜ਼ਰੂਰਤ ਹੁੰਦੀ ਹੈ ਅਤੇ ਪੁਸ਼ਟੀ ਮਾਰਗੀ ਸੇਵਾ ਵਿਚ ਪ੍ਰੇਮ ਦੀ ਪ੍ਰਮੁੱਖਤਾ ਹੁੰਦੀ ਹੈ। ਇਸ ਲਈ ਇਸਨੂੰ ਪ੍ਰੇਮ ਲਕਸ਼ਣਾਂ ਭਗਤੀ ਵੀ ਕਹਿੰਦੇ ਹਨ।

ਚੈਤੰਨਯ ਮਤ ਵਿਚ ਕ੍ਰਿਸ਼ਨ ਭਗਤੀ ਨੂੰ ਮਹੱਤਵ ਦਿੱਤਾ ਜਾਂਦਾ ਹੈ। ਇਹ ਭਗਤੀ ਮਧੁਰ ਦਾਸ, ਸਖਾ ਅਤੇ ਵਾਤਸਲ ਭਾਵ ਨਾਲ ਕੀਤੀ ਜਾਂਦੀ ਹੈ।

ਗੁਰੂ ਰਵਿਦਾਸ ਜੀ ਨੇ ਭਗਤੀ ਦੀ ਪ੍ਰਕਾਰ ਵੰਡ ਨਹੀਂ ਕੀਤੀ ਪਰੰਤੂ ਉਨ੍ਹਾਂ ਦੀ ਬਾਣੀ ਵਿਚੋਂ ਨਵਧਾ ਭਗਤੀ ਅਤੇ ਨਾਰਦ ਭਗਤੀ ਸੂਤ੍ਰ ਅਨੁਸਾਰ ਜੋ ਗਿਆਰਾਂ ਪ੍ਰਕਾਰ ਦੀ ਭਗਤੀ ਹੈ, ਉਸ ਸੰਬੰਧੀ ਵਰਣਨ ਜ਼ਰੂਰ ਆਉਂਦਾ ਹੈ। ਉਨ੍ਹਾਂ ਨੇ ਸ਼ਰਨਾਗਤ, ਆਤਮ ਸਮਰਪਣ ਸ਼ਬਦਾਂ ਦਾ ਪ੍ਰਯੋਗ ਕਰਕੇ ਦਰਸਾਇਆ ਹੈ ਕਿ " ਉਨ੍ਹਾਂ ਨੇ ਆਤਮ-ਨਿਵੇਦਨ ਭਗਤੀ ਨੂੰ ਮਹੱਤਵ ਦਿੱਤਾ। ਉਨ੍ਹਾਂ ਨੇ ਸਖਾ ਅਤੇ ਦਾਸਾ ਸ਼ਬਦਾਂ ਰਾਹੀਂ ਆਪਣੀ ਸਖਾ ਅਤੇ ਦਾਸਾ ਭਗਤੀ ਸੰਬੰਧੀ ਸੰਕੇਤ ਵੀ ਦਿੱਤੇ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਕੀਰਤਨ ਸਿਮਰਨ, ਅਰਚਾ, ਆਦਿ ਸ਼ਬਦਾਂ ਦੀ ਵਰਤੋਂ ਵੀ ਬਾਣੀ ਵਿਚ ਹੋਈ ਹੈ।

ਗੁਰੂ ਰਵਿਦਾਸ ਬਾਣੀ ਵਿਚ ਭਾਵੇਂ ਭਗਤੀ ਦੇ ਸਭ ਅੰਗਾਂ ਦਾ ਵਿਵਰਣ ਪ੍ਰਾਪਤ ਹੈ। ਪਰੰਤੂ 'ਭਾਓ ਭਗਤ ਨੂੰ ਉਨ੍ਹਾਂ ਨੇ ਪ੍ਰਮੁੱਖ ਭਗਤੀ ਦੇ ਤੌਰ ਤੇ ਮੰਨਿਆ ਹੈ। ਉਹ ਲਿਖਦੇ ਹਨ:

ਸਾਧ ਸੰਗਤਿ ਬਿਨਾ ਭਾਉ ਨਹੀਂ ਉਪਜੈ ।।
ਭਾਵ ਬਿਨ ਭਗਤਿ ਨਹੀਂ ਹੋਇ ਤੇਰੀ ।।[44]

1. ਸ੍ਰਵਣ ਭਗਤੀ :- ਨਵਧਾ ਭਗਤੀ ਦਾ ਆਰੰਭ ਸ੍ਰਵਣ ਤੋਂ ਹੁੰਦਾ ਹੈ। ਸ੍ਰਵਣ ਦੇਖਣ ਤੋਂ ਸਥੂਲ ਰੂਪ ਲਗਦਾ ਹੈ ਪਰੰਤੂ ਸੁਣ ਕੇ ਮੰਨਣ ਅਤੇ ਅਭਿਆਸ ਕਰਨਾ ਵੀ ਇਸ ਦੇ ਅੰਤਰਗਤ ਆਉਂਦਾ ਹੈ। ਬੇਧਿਆਨੇ ਹੋ ਕੇ ਜਾਂ ਸਰਸਰੀ ਵੀ ਕੋਈ ਗਲ ਸੁਣੀ ਜਾਂਦੀ ਹੈ। ਪਰੰਤੂ ਇਥੇ ਸ੍ਰਵਣ ਭਗਤੀ ਦਾ ਧਿਆਨ ਦੇ ਨਾਲ ਗੂੜ੍ਹਾ ਸੰਬੰਧ ਹੈ। ਸ੍ਰਵਣ ਦਾ ਅਰਥ ਹੈ ਇਕਾਗਰ ਹੋ ਕੇ ਅਧਿਆਤਮਿਕ

ਗਿਆਨ ਸੁਣ ਕੇ ਹਿਰਦੇ ਵਿਚ ਵਸਾਉਣਾ ਅਤੇ ਉਸ ਨਾਲ ਇਕਮਿਕਤਾ ਪ੍ਰਾਪਤ ਕਰਨੀ। ਇਸ ਤਰ੍ਹਾਂ ਸ੍ਰਵਣ ਭਗਤੀ ਵੀ ਸੂਖਮ ਹੋ ਕੇ ਸੁਤੰਤਰ ਰੂਪ ਵਿਚ ਪ੍ਰਭੂ ਪ੍ਰਾਪਤੀ ਦਾ ਸਾਧਨ ਹੈ। ਸਮੁੱਚੇ ਤੌਰ ਤੇ ਪਰਮਾਤਮਾ ਦੇ ਪ੍ਰੇਮੀ ਭਗਤਾਂ ਦੁਆਰਾ ਜਾਂ ਸਤਿਸੰਗਤ ਜਾਂ ਸਾਧ ਸੰਗਤ ਦੁਆਰਾ ਕਥਿਤ ਪ੍ਰਭੂ ਦੇ ਨਾਮ ਰੂਪ, ਗੁਣ, ਪ੍ਰਭਾਵ, ਲੀਲਾ, ਤੱਤ ਅਤੇ ਰਹੱਸਮਈ ਅੰਮ੍ਰਿਤਮਈ ਬਾਣੀ ਦਾ ਸ਼ਰਧਾ ਅਤੇ ਪ੍ਰੇਮ ਪੂਰਵਕ ਸੁਣਨਾ ਅਤੇ ਸ੍ਰਵਣ ਕਰਨ ਤੋਂ ਬਾਅਦ ਪ੍ਰਭੂ-ਪ੍ਰੇਮ ਵਿਚ ਮੁਗਧ ਹੋ ਜਾਣਾ ਸ੍ਰਵਣ ਭਗਤੀ ਦਾ ਸਰੂਪ ਹੈ।

ਸ੍ਰਵਣ ਭਗਤੀ ਦੀ ਪ੍ਰਾਪਤ ਲਈ ਸ਼ਰਧਾ ਅਤੇ ਪ੍ਰੇਮ ਪੂਰਵਕ ਮਹਾਂਪੁਰਸ਼ਾਂ ਨੂੰ ਪ੍ਰਣਾਮ, ਉਨ੍ਹਾਂ ਦੀ ਸੇਵਾ ਅਤੇ ਉਨ੍ਹਾਂ ਦੇ ਦੱਸੇ ਹੋਏ ਮਾਰਗ ਅਨੁਸਾਰ ਆਚਰਨ ਕਰਨਾ, ਇਸ ਨੂੰ ਪ੍ਰਾਪਤ ਕਰਨ ਦੀ ਜੁਗਤੀ ਹੈ।

ਮਹਾਂਪੁਰਸ਼ਾਂ ਦੁਆਰਾ ਜਾਂ ਸਤਿ-ਸੰਗਤ ਦੁਆਰਾ ਵਰਣਿਤ ਸ੍ਰਵਣ ਭਗਤੀ ਨੂੰ ਪ੍ਰਾਪਤ ਕਰਕੇ ਪ੍ਰਭੂ ਨਾਲ ਅਨਿੰਨ ਪ੍ਰੇਮ ਹੋਣ ਲਈ ਭਗਤਾਂ ਵਿਚ ਉਸਦਾ ਪ੍ਰਚਾਰ ਕਰਨਾ ਇਸ ਦਾ ਪ੍ਰਯੋਜਨ ਹੈ।

ਗੁਰੂ ਰਵਿਦਾਸ ਜੀ ਅਨੁਸਾਰ ਵੀ ਗੁਰੂ ਤੋਂ ਅੰਮ੍ਰਿਤਮਈ ਰਹੱਸਮਈ ਬਾਣੀ ਨੂੰ ਸ਼ਰਧਾਪੂਰਵਕ ਸੁਣ ਕੇ ਹਿਰਦੇ ਵਿਚ ਵਿਚਾਰਨਾ ਅਤੇ ਉਸ ਨੂੰ ਜ਼ਿੰਦਗੀ ਵਿਚ ਅਮਲੀ ਰੂਪ ਦੇਣਾ ਜਾਂ ਉਸਦਾ ਅਭਿਆਸ ਕਰਨਾ ਹੀ ਸ੍ਰਵਣ ਭਗਤੀ ਹੈ। ਗੁਰੂ ਜੀ ਭਗਤੀ ਦੇ ਸਾਧਨ ਖਾਸ ਕਰਕੇ ਗਿਆਨ ਮਾਰਗ ਅਤੇ ਭਗਤੀ ਮਾਰਗ ਦੇ ਅਗੰਮੀ ਗਿਆਨ ਸੰਬੰਧੀ ਗੁਰੂ ਦੇ ਸਤਿਵਚਨ ਸੁਣ ਕੇ ਉਸਦਾ ਹਿਰਦੇ ਵਿਚ ਚਿੰਤਨ ਅਤੇ ਦ੍ਰਿੜ ਅਭਿਆਸ ਕਰਨ ਨੂੰ ਵੀ ਸ੍ਰਵਣ ਭਗਤੀ ਦੇ ਅੰਤਰਗਤ ਮੰਨਦੇ ਹਨ:

1. ਗੁਰੂ ਕੇ ਅੰਮ੍ਰਿਤ ਬਚਨ ਸੁਨ ਸ਼ਰਧਾ ਹਿਰਦੈ ਧਾਰ ॥
ਰਵਿਦਾਸ ਭਗਤੀ ਇਹੀ ਹੈ, ਹਿਰਦੈ ਖੂਬ ਵਿਚਾਰ ॥[45]

2. ਸ੍ਰਵਨ ਬਾਨੀ ਸੁ ਜਸੁ ਪੂਰਿ ਰਾਖਉ ॥[46]

3. ਸਤਿਨਾਮੁ ਉਪਦੇਸ਼ੁ ਗੁਰ, ਕਰ ਤੂੰ ਦ੍ਰਿੜ ਅਭਿਆਸ ॥
ਸ੍ਰਵਣ ਇਸ ਕਾ ਨਾਮ ਹੈ ਸੁਣ ਸਤਿਨਾਮ ਵਿਚਾਰ ॥[47]

ਸ੍ਰਵਣ ਭਗਤੀ ਸੰਪੂਰਨ ਭਗਤੀ ਹੈ, ਸ੍ਰਵਣ ਕੀਤੀ ਬਾਣੀ ਜਾਂ ਸ਼ਬਦ ਦੀ ਧੁਨੀ ਅਭਿਆਸ ਨਾਲ ਕਪਾਲ ਵਿਚ ਸਥਿਤ ਸੁੰਨਯ ਚੱਕਰ ਵਿਚ ਦਸਤਕ ਕਰ ਸ਼ਬਦ ਰੂਪੀ ਬ੍ਰਹਮ ਦੀ ਧੁਨੀ ਨਾਦ ਨੂੰ ਉਤਪੰਨ ਕਰਦੀ ਹੈ। ਇਸ ਤਰ੍ਹਾਂ ਗੁਰੂ ਜੀ ਅਨੁਸਾਰ ਪ੍ਰਭੂ ਨੇ ਇਹ ਕੰਨ ਬਾਣੀ ਦੇ ਸ੍ਰਵਣ ਅਤੇ ਅਨਹਦ-ਨਾਦ ਦੀ ਅਨੁਭੂਤੀ ਲਈ ਦਿੱਤੇ ਹਨ।

ਨੇਤਰ ਰਸਨਾ ਨਾਸਕ, ਕਰਣ ਦੀਏ ਸੁਣਿ ਨਾਦ ॥[48]

ਗੁਰੂ ਅਮਰਦਾਸ ਜੀ ਨੇ ਵੀ ਆਨੰਦ ਸਾਹਿਬ ਵਿਚ ਕੰਨਾਂ ਦੇ ਮਹੱਤਵ ਨੂੰ ਦਰਸਾਇਆ ਹੈ। ਉਹ ਲਿਖਦੇ ਹਨ:

ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥[49]

ਸ੍ਰਵਣ ਭਗਤੀ ਦੇ ਸਾਧਨ :-

1. ਭਾਉ :- ਗੁਰੂ ਜੀ ਅਨੁਸਾਰ ਧਾਰਮਿਕ ਗ੍ਰੰਥਾਂ ਦੇ ਪੜ੍ਹਣ ਅਤੇ ਸੁਣਨ ਨਾਲ ਅਧਿਆਤਮਿਕ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ, ਗਿਆਨ ਦਾ ਚਾਨਣ ਹੁੰਦਾ ਹੈ ਅਤੇ ਪ੍ਰਭੂ ਦੇ ਨਾਮ-ਮਹਿਮਾ ਸੁਨਣ ਨਾਲ ਹੀ ਉਸ ਪਰਮ ਤਤ ਨਾਲ ਕੇਵਲ ਨਿਕਟਤਾ ਪ੍ਰਾਪਤ ਹੁੰਦੀ ਹੈ ਪਰੰਤੂ ਭਾਓ ਤੋਂ ਬਿਨਾਂ ਭਗਤੀ ਸੰਪੂਰਨ ਨਹੀਂ ਹੁੰਦੀ। ਭਗਤੀ ਮਾਰਗ ਦੀ ਚਰਮ ਸੀਮਾ ਤੇ ਪਹੁੰਚਣ ਲਈ ਪ੍ਰਭੂ ਪ੍ਰਤੀ ਭਾਉ ਬਹੁਤ ਆਵਸ਼ਕ ਹੈ ਇਸ ਤੋਂ ਬਿਨਾਂ ਭਗਤੀ ਨਹੀਂ ਉਪਜਦੀ। ਕਠੋਪਨਿਸ਼ਦ ਵਿਚ ਵੀ ਸ੍ਰਵਣ ਭਗਤੀ ਸੰਬੰਧੀ ਵਰਨਣ ਆਉਂਦਾ ਹੈ ਕਿ ਪਰਮਾਤਮਾ ਨਾਂ ਤਾਂ ਉਨ੍ਹਾਂ ਨੂੰ ਮਿਲਦਾ ਹੈ ਜੋ ਸ਼ਾਸਤਰਾਂ ਨੂੰ ਪੜ੍ਹ ਸੁਣ ਕੇ ਪਰਮ ਤੱਤ ਦਾ ਭਿੰਨ ਭਿੰਨ ਤਰ੍ਹਾਂ ਵਰਨਣ ਕਰਦੇ ਹਨ ਅਤੇ ਨਾ ਹੀ ਉਨ੍ਹਾਂ ਨੂੰ ਮਿਲਦਾ ਹੈ ਜੋ ਪਰਮਾਤਮਾ ਦੇ ਵਿਸ਼ੇ ਵਿਚ ਬਹੁਤ ਕੁਝ ਸੁਣਦੇ ਹਨ।[50]

1. ਪੜੀਐ ਗੁਨੀਐ ਨਾਮ ਸੁਭ ਸੁਨੀਐ
   ਅਨਭਉ ਭਾਓ ਨ ਦਰਸੈ ॥[51]
2. ਗਾਵੀਐ ਸੁਣੀਐ ਮਨਿ ਰਖੀਐ ਭਾਉ ॥[52]

2. ਸ਼ਰਧਾ : ਸ੍ਰਵਣ ਭਗਤੀ ਲਈ ਸਰਵਪ੍ਰਥਮ ਸ਼ਰਧਾ ਦੀ ਜ਼ਰੂਰਤ ਹੈ। ਕਿਉਂਕਿ ਇਸ ਤੋਂ ਬਿਨਾਂ ਭਗਤੀ ਦਾ ਵਿਕਾਸ ਨਹੀਂ ਹੁੰਦਾ। ਸ਼ਵੇਤਾਸ਼ਵਤਰ ਉਪਨਿਸ਼ਦ ਵਿਚ ਭਗਵਤ ਪ੍ਰਾਪਤੀ ਲਈ ਸ਼ਰਧਾ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ। ਇਸ ਵਿਚ ਅਪ੍ਰਤੱਖ ਰੂਪ ਵਿਚ ਦਾਸ ਭਾਵ ਦੀ ਵੀ ਪ੍ਰੇਰਨਾ ਦਿਤੀ ਗਈ ਹੈ। ਸ੍ਰੀ ਮਦ ਭਾਗਵਤ ਵਿਚ ਵੀ ਸ਼ਰਧਾ ਹਿੱਤ ਤੱਤ ਨੂੰ ਜਾਨਣ ਵਾਲੇ ਪੁਰਖਾਂ ਨੂੰ ਦੰਡਵਤ ਅਤੇ ਪ੍ਰਣਾਮ ਕਰਨ ਅਤੇ ਨਿਸ਼ਕਾਮ ਭਾਵ ਨਾਲ ਗਿਆਨ ਦਾ ਮਰਮ ਪ੍ਰਾਪਤ ਕਰਨ ਦਾ ਉਪਦੇਸ਼ ਹੈ।[53] ਇਸ ਤਰ੍ਹਾਂ ਸ੍ਰਵਣ ਭਗਤੀ ਵਿਚ ਵੀ ਪ੍ਰਭੂ ਤੇ ਗੁਰੂ, ਸਤਿਸੰਗਤ, ਧਾਰਮਿਕ ਗ੍ਰੰਥਾਂ ਵਿਚਲੇ ਵਿਚਾਰਾਂ ਤੇ ਸ਼ਰਧਾ ਕਰਨ ਨਾਲ ਹੀ ਪਰਿਪੱਕਤਾ ਆਉਂਦੀ ਹੈ। ਗੁਰੂ ਰਵਿਦਾਸ ਜੀ ਸ਼ਰਧਾ ਸੰਬੰਧੀ ਲਿਖਦੇ ਹਨ ਕਿ ਇਹ ਹੀ ਅਸਲ ਵਿਚ ਭਗਤੀ ਹੈ:-

ਗੁਰੂ ਕੇ ਅੰਮ੍ਰਿਤ ਬਚਨ ਸੁਨ ਸ਼ਰਧਾ ਹਿਰਦੈ ਧਾਰ ॥[54]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਰਵਿਦਾਸ ਜੀ ਅਨੁਸਾਰ ਸ੍ਰਵਣ ਭਗਤੀ ਵੀ ਪ੍ਰਭੂ ਪ੍ਰਾਪਤੀ ਦਾ ਇਕ ਮਹੱਤਵ ਪੂਰਨ ਸਾਧਨ ਹੈ। ਸ਼ਬਦ ਨੂੰ ਸੁਣਨ ਵਿਚਾਰਨ ਅਤੇ ਅਭਿਆਸ ਨਾਲ ਅਨਹਦ ਨਾਦ ਦੀ ਪ੍ਰਾਪਤੀ ਹੁੰਦੀ ਹੈ। ਉਪਨਿਸ਼ਦਾਂ ਵਿਚ ਵੀ ਸ੍ਰਵਣ ਭਗਤੀ ਨੂੰ ਬ੍ਰਹਮ ਲੋਕ

ਪ੍ਰਾਪਤੀ ਦਾ ਇਕ ਮਾਰਗ ਮੰਨਿਆ ਗਿਆ ਹੈ। ਕਠੋਪਨਿਸਦਿ ਵਿਚ ਵਰਣਨ ਹੈ ਕਿ " ਨਚਿਕਤਾ ਨੂੰ ਯਮਾਰਾਜ ਦੁਆਰਾ ਦਿਤੇ ਗਿਆਨ ਉਪਦੇਸ਼ ਨੂੰ ਜੋ ਪੜ੍ਹਦਾ ਹੈ, ਸੁਣਦਾ ਹੈ ਅਤੇ ਮਨਨ ਕਰਦਾ ਹੈ। ਉਹ ਬ੍ਰਹਮ ਲੋਕ ਵਿਚ ਜਾ ਕੇ ਪ੍ਰਤਿਸ਼ਠਾ ਪ੍ਰਾਪਤ ਕਰਦਾ ਹੈ। ਜੋ ਮਨੁੱਖ ਸਰੀਰ ਅਤੇ ਮਨ ਤੋਂ ਪਵਿੱਤਰ ਹੋ ਕੇ ਇਸ ਸੰਵਾਦ ਨੂੰ ਬ੍ਰਹਮ ਜਨਾਂ ਦੀ ਸਭਾ ਵਿਚ ਸੁਣਦਾ ਹੈ ਅਤੇ ਦੂਸਰਿਆਂ ਨੂੰ ਵੀ ਇਹ ਸੁਣਾਉਂਦਾ ਹੈ ਉਹ ਅਨੰਦ, ਅਵਿਨਾਸ਼ੀ ਫਲ ਪ੍ਰਾਪਤ ਕਰਦਾ ਹੈ,"[55]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸ਼੍ਰਵਣ ਭਗਤੀ ਵੀ ਆਪਣੇ ਆਪ ਵਿਚ ਸੰਪੂਰਨ ਭਗਤੀ ਹੈ।

2. <u>ਕੀਰਤਨ ਭਗਤੀ</u> :- ਕੀਰਤਨ ਭਗਤੀ ਵੀ ਆਪਣੇ ਆਪ ਵਿਚ ਸੰਪੂਰਨ ਭਗਤੀ ਹੈ। ਕੀਰਤਨ ਦਾ ਆਮ ਅਰਥ ਹੈ ਪ੍ਰਭੂ ਦੀ ਮਹਿਮਾ ਗਾਉਣਾ। ਸੰਗੀਤ ਇਕ ਕੋਮਲ ਕਲਾ ਹੈ ਇਸ ਦਾ ਸਿੱਧਾ ਸੰਬੰਧ ਮਨ ਨਾਲ ਹੈ ਇਹ ਧਿਆਨ ਨੂੰ ਕੇਂਦਰਿਤ ਕਰਨ ਦਾ ਸਾਧਨ ਹੈ। ਰਾਗਮਈ ਭਾਵ ਨਾਲ ਗਾਈ ਬਾਣੀ ਨਾਲ ਮਨ ਪੰਘਰ ਜਾਂਦਾ ਹੈ ਦਿਲ ਦੀਆਂ ਤਾਰਾਂ ਟੁਣਕ ਪੈਂਦੀਆਂ ਹਨ। ਮਨ ਕਰੁਣਾ, ਨਿਰਮਾਣਤਾ ਭਾਵ ਨਾਲ ਸਾਰੋਬਾਰ ਹੋ ਜਾਂਦਾ ਹੈ ਅਤੇ ਇਸ ਤਰ੍ਹਾਂ ਪ੍ਰਭੂ ਪ੍ਰੇਮ ਦਾ ਵਲਵਲਾ ਪੈਦਾ ਹੋ ਜਾਂਦਾ ਹੈ ਇਹੀ ਭਾਵਨਾ ਪ੍ਰਭੂ ਨਾਲ ਇਕਮਿਕਤਾ ਕਰਵਾਉਂਦੀ ਹੈ। ਇਸ ਤਰ੍ਹਾਂ ਰਾਗ ਵਿਚ ਕੀਤੀ ਪ੍ਰਭੂ ਦੀ ਮਹਿਮਾ ਸਾਧਕ ਨੂੰ ਵਿਸਮਾਦ ਅਵਸਥਾ ਵਿਚ ਲੈ ਜਾਂਦੀ ਹੈ। ਇਸ ਤਰ੍ਹਾਂ ਸਮੁੱਚੇ ਤੌਰ ਤੇ ਪ੍ਰਭੂ ਦੇ ਨਾਮ, ਰੂਪ, ਗੁਣ, ਪ੍ਰਭਾਵ, ਚਰਿੱਤਰ ਤੱਤ ਅਤੇ ਰਹੱਸ ਦਾ ਸ਼ਰਧਾ ਅਤੇ ਪ੍ਰੇਮਪੂਰਵਕ ਉਚਾਰਣ ਕਰਦੇ ਕਰਦੇ ਸਰੀਰ ਵਿਚ ਰੋਮਾਂਚ, ਗਲੇ ਦਾ ਭਰ ਆਉਣਾ ਹੰਝੂਆਂ ਦੀ ਝੜੀ ਲਗਣਾ, ਹਿਰਦੇ ਦੀ ਪ੍ਰਫੁਲੱਤਾ, ਮੁਗਧਤਾ ਆਦਿ ਦਾ ਹੋਣਾ ਕੀਰਤਨ ਭਗਤੀ ਦਾ ਸਰੂਪ ਹੈ।

ਬਾਣੀ ਦੇ ਵਿਖਿਆਨ ਦੁਆਰਾ ਭਗਤਾਂ ਸਾਹਮਣੇ ਪ੍ਰਭੂ ਦੇ ਪ੍ਰੇਮ -ਪ੍ਰਭਾਵ ਦਾ ਕਥਨ ਕਰਨਾ, ਸਾਧ ਸੰਗਤ ਵਿਚ ਸੰਗੀਤ ਸਹਿਤ ਜਾਂ ਇਸ ਤੋਂ ਬਿਨਾਂ ਬਾਣੀ ਦਾ ਕੀਰਤਨ ਕਰਨਾ ਆਦਿ ਕੀਰਤਨ ਭਗਤੀ ਨੂੰ ਪ੍ਰਾਪਤ ਕਰਨ ਦੇ ਸਾਧਨ ਹਨ।

ਕੀਰਤਨ ਭਗਤੀ ਪ੍ਰਭੂ ਅਤੇ ਸਤਿਪੁਰਖਾਂ ਦੀ ਕ੍ਰਿਪਾ ਨਾਲ ਪ੍ਰਾਪਤ ਹੁੰਦੀ ਹੈ। ਕੀਰਤਨ ਭਗਤੀ ਵਿਚ ਸਤਿ-ਸੰਗਤ ਦਾ ਵਿਸ਼ੇਸ਼ ਯੋਗਦਾਨ ਹੈ। ਸਾਧ ਸੰਗਤ ਵਿਚ ਪ੍ਰਭੂ ਦੀ ਮਹਿਮਾ ਗਾਉਂਦਾ ਸਾਧਕ ਪ੍ਰਭੂ ਦੀ ਦਇਆ ਨਾਲ ਉਸ ਦੇ ਪ੍ਰੇਮ ਦਾ ਪਾਤਰ ਬਣ ਕੇ ਉਸ ਨੂੰ ਪ੍ਰਾਪਤ ਕਰ ਲੈਂਦਾ ਹੈ। ਗੀਤਾ ਵਿਚ ਭਗਵਾਨ ਨੇ ਕਿਹਾ ਹੈ ਕਿ ਜੇਕਰ ਕੋਈ ਅਤਿ ਦੁਰਾਚਾਰੀ ਵੀ ਅਨਿੰਨ ਭਾਵ ਨਾਲ ਮੇਰਾ ਭਗਤ ਹੋਇਆ ਮੇਰਾ ਨਿਰੰਤਰ ਭਜਨ ਕਰਦਾ ਹੈ ਉਹ ਜਲਦੀ ਹੀ ਪਰਮਾਤਮਾ ਹੋ ਜਾਂਦਾ ਹੈ ਅਤੇ ਸਦੀਵੀ ਸ਼ਾਂਤੀ ਪ੍ਰਾਪਤ ਕਰ ਲੈਂਦਾ ਹੈ।[56]

ਵੇਦਾਂ ਵਿਚ ਵੀ ਕੀਰਤਨ ਭਗਤੀ ਦੇ ਸੰਕੇਤ ਪ੍ਰਾਪਤ ਹੁੰਦੇ ਹਨ। ਵੇਦਾਂ ਵਿਚ ਵਰਣਨ ਆਉਂਦਾ ਹੈ ਕਿ ਅਸੀਂ ਸਾਰੀਆਂ ਚਿੱਤ -ਸ਼ਕਤੀਆਂ ਨੂੰ ਤੇਰੇ ਅੰਦਰ ਕੇਂਦਰਿਤ ਕਰਕੇ, ਬਾਣੀ ਦੁਆਰਾ ਤੇਰੇ ਨਾਮ ਦਾ ਜਾਪ, ਤੇਰੇ ਗੁਣਾਂ ਦਾ ਸਿਮਰਨ, ਗਾਉਣ ਤੇ ਕੀਰਤਨ ਕਰਦੇ ਹੋਏ ਤੇਰਾ ਪ੍ਰਕਾਸ਼ ਕਰੀਏ, ਤੇਰਾ ਅਨੁਭਵ ਕਰੀਏ।"[57] ਏਨਾ ਹੀ ਨਹੀਂ ਰਿਗਵੇਦ ਦਾ ਰਿਸ਼ੀ ਵਾਰ ਵਾਰ ਕਹਿੰਦਾ ਹੈ ਕਿ " ਉਸ ਗਿਆਨੀ ਪਰਮ ਪਵਿੱਤਰ ਪ੍ਰਭੂ ਦਾ ਗੁਣਗਾਨ ਕਰੋ।[58] ਗੀਤਾ ਵਿਚ ਵੀ ਕੀਰਤਨ ਭਗਤੀ ਦਾ ਵਰਨਣ ਆਉਂਦਾ ਹੈ।[59]

ਭਜਨ ਜਾਂ ਕੀਰਤਨ ਰਸਨਾ ਦੁਆਰਾ ਹੀ ਹੁੰਦਾ ਹੈ। ਗੁਰੂ ਜੀ ਫੋਕੀਆਂ ਗੱਲਾਂ ਨੂੰ ਛੱਡ ਕੇ ਪ੍ਰਭੂ ਕੀਰਤਨ ਕਰਨ ਦੀ ਪ੍ਰੇਰਨਾ ਦਿੰਦੇ ਹਨ ਕਿਉਂਕਿ ਜਦੋਂ ਤਕ ਇਹ ਜੀਭ ਪ੍ਰਭੂ ਕੀਰਤਨ ਕਰਦੀ ਨਾਮ ਰੂਪੀ ਅੰਮ੍ਰਿਤ ਰਸ ਪ੍ਰਾਪਤ ਨਹੀਂ ਕਰਦੀ ਤਦੋਂ ਤਕ ਇਸ ਦੀ ਪਿਆਸ ਨਹੀਂ ਮਿਟਦੀ ਭਗਤੀ ਰਸ ਨਾਲ ਹੀ ਅਨਰਸ ਵਿਸਰਦੇ ਹਨ:

1. ਹਰਿ ਹਰਿ ਨ ਜਪਸਿ ਰਸਨਾ ॥
   ਅਵਰ ਸਭ ਛਾਡਿ ਬਚਨ ਰਚਨਾ ॥[60]

2. ਐ ਰਸਨਾ ਤੂੰ ਅਨਰਿਸ ਰਾਚਿ ਰਹੀ
   ਤੇਰੀ ਪਿਆਸ ਨਾ ਜਾਇ ॥
   ਪਿਆਸ ਨ ਜਾਇ ਹੋਰਤੁ ਕਿਤੈ ਜਿਚਰ
   ਹਰਿ ਰਸੁ ਪਲੈ ਨਾ ਪਾਇ ॥[61]

ਕੀਰਤਨ ਦਾ ਮਹੱਤਵ ਵੈਦਿਕ ਕਾਲ ਤੋਂ ਸਵੀਕਾਰ ਕੀਤਾ ਗਿਆ ਇਸ ਵਿਚ ਵਰਣਨ

ਹੈ ਕਿ ਕੀਰਤਨ ਨਾਲ ਮਨੁੱਖ ਪਾਪਾਂ ਤੋਂ ਛੁਟਕਾਰਾ ਪ੍ਰਾਪਤ ਕਰ ਲੈਂਦਾ ਹੈ। ਵਿਸ਼ਨੂੰ ਪੁਰਾਣ ਵਿਚ ਭਗਤੀ ਦਾ ਮਹੱਤਵ ਦਰਸਾਂਦਿਆਂ ਰਿਖੀ ਪਰਾਸ਼ਰ ਜੀ ਕਹਿੰਦੇ ਹਨ ਕਿ ਕੀਰਤਨ ਕਰਨ ਨਾਲ ਸਮਸਤ ਪਾਪਾਂ ਦਾ ਨਾਸ਼ ਹੁੰਦਾ ਹੈ।[62] ਗੁਰੂ ਰਵਿਦਾਸ ਜੀ ਵੀ ਸਮਾਨ ਵਿਚਾਰਧਾਰਾ ਰਖਦੇ ਕਹਿੰਦੇ ਹਨ ਕਿ ਵੇਦਾਂ ਦੀ ਬਾਣੀ ਦਾ ਕੀਰਤਨ ਪਾਪਾਂ ਦਾ ਵਿਨਾਸ਼ ਕਰ ਦਿੰਦਾ ਹੈ। ਗੁਰੂ ਜੀ ਅਨੁਸਾਰ ਅਸਲੀ ਕੀਰਤਨ ਤਾਂ ਸਾਧਕ ਦੇ ਮਨ ਨੂੰ ਪ੍ਰਫੁਲਿਤ ਕਰ ਦਿੰਦਾ ਹੈ ਉਸਦੇ ਅੰਗ ਅੰਗ ਵਿਚ ਰੋਮਾਂਚ ਭਰ ਦਿੰਦਾ ਹੈ।ਇਸ ਦੇ ਬਾਰੇ ਤਾਂ ਪੰਡਿਤਾਂ ਨੂੰ ਵੀ ਨਹੀਂ ਪਤਾ ਕਿ ਜਿਸਦਾ ਕੀਰਤਨ ਕਰਨਾ ਹੈ ਉਸ ਦੇ ਗੁਣ ਤਾਂ ਅਕਥਨੀਯ ਹਨ ਤੇ ਫਿਰ ਕੀ ਕਹਿ ਕੇ ਉਸ ਦੀ ਵਡਿਆਈ ਕੀਤੀ ਜਾਵੇ। ਵੇਦਾਂ ਵਿਚ ਵੀ ਇਸ ਬਾਰੇ ਦਸਿਆ ਨਹੀਂ ਜਾ ਸਕਿਆ ਅਤੇ ਨਾ ਹੀ ਹੋਰ ਗਿਆਨੀ ਧਿਆਨੀ ਹੀ ਇਹ ਗੱਲ ਸਮਝਾ ਸਕੇ ਹਨ:

1. ਪੰਡਿਤ ਅਖਿਲ ਖਿਲੈ ਨਹੀਂ ਕਾ ਕਹਿ ਗਾਉ
   ਕੋਈ ਨ ਕਹੈ ਸਮਝਾਈ ॥[63]

2. ਕੀਰਤਿ ਤੇਰੀ ਪਾਪ ਬਿਨਾਸੈ ਲੋਕ ਬੇਦ ਯੂੰ ਗਾਵੈ ॥[64]

ਭਗਤੀ ਸ਼ਾਸਤਰ ਦੇ ਆਚਾਰੀਆ ਅਨੁਸਾਰ ਕੀਰਤਨ ਭਗਤੀ ਪ੍ਰਭੂ ਪ੍ਰਾਪਤੀ ਦਾ ਇਕ ਸਾਧਨ ਹੈ। ਵੱਲਭਾਚਾਰੀਆ ਅਨੁਸਾਰ ਈਸ਼ਵਰ ਦੇ ਗੁਣ ਅਤੇ ਨਾਮ ਦੇ ਕੀਰਤਨ ਨਾਲ ਆਲੌਕਿਕ ਆਨੰਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਇਸ ਦੇ ਫਲਸਰੂਪ ਭਗਤ ਵਿਚ ਈਸ਼ਵਰ ਦੇ ਗੁਣ ਆ ਜਾਂਦੇ ਹਨ।[65] ਇਸ ਤਰ੍ਹਾਂ ਜੀਵ ਅਤੇ ਬ੍ਰਹਮ ਵਿਚਲੀ ਵਿੱਥ ਘਟ ਜਾਂਦੀ ਹੈ। ਸਾਧਕ ਨੂੰ ਸਭ ਵਿਚ ਸੱਚਾ ਧਣੀ ਦ੍ਰਿਸ਼ਟੀਗਤ ਹੁੰਦਾ ਹੈ। ਇਹ ਹੀ ਤਾਂ ਅੰਤਰ-ਆਤਮਾ ਦੀ ਪਰਮ ਆਤਮਾ ਨਾਲ ਮਿਲਣ ਦੀ ਪਹਿਚਾਣ ਹੈ:

1. ਜਬ ਰਾਮ ਨਾਮ ਕਹਿ ਗਾਵੈਗਾ ॥
   ਰੰਰਕਾਰ ਰਹਤ ਸਬਹਿਨ ਮੈਂ, ਅੰਤਰ ਮੇਲ ਮਿਲਾਵੈਗਾ ॥[66]

ਗੁਰੂ ਰਵਿਦਾਸ ਜੀ ਅਨੁਸਾਰ ਕੀਰਤਨ ਭਗਤੀ ਆਪਣੇ ਆਪ ਵਿਚ ਪੂਰਣ ਭਗਤੀ ਹੈ। ਇਸ ਦੇ ਦੁਆਰਾ ਆਵਾਗਵਨ ਤੋਂ ਛੁਟਕਾਰਾ ਪ੍ਰਾਪਤ ਹੁੰਦਾ ਹੈ। ਅਤੇ ਜਮਾਂ ਦੀ ਫਾਹੀ ਸਦਾ ਸਦਾ ਲਈ ਕਟੀ ਜਾਂਦੀ ਹੈ। ਭਾਗਵਤ ਪੁਰਾਣ ਵਿਚ ਲਿਖਿਆ ਹੈ ਕਿ ਗ੍ਰਹਿਸਥ ਜੀਵਨ ਦੇ ਸਾਰੇ ਬੰਧਨਾਂ ਤੋਂ ਛੁਟਕਾਰਾ ਪਾਉਣ ਲਈ ਕੀਰਤਨ ਭਗਤੀ ਇਕ ਸਰਲ ਸਾਧਨ ਹੈ।[67] ਇਸ ਲਈ ਤਾਂ ਗੁਰੂ ਰਵਿਦਾਸ ਜੀ ਪ੍ਰਭੂ ਦੀ ਮਹਿਮਾ ਗਾਉਂਦੇ ਹਨ:

ਤੁਮਰੇ ਭਜਨ ਕਟਹਿ ਜਮ ਫਾਸਾ ॥
ਭਗਤਿ ਹੇਤ ਗਾਵੈ ਰਵਿਦਾਸਾ ॥[68]

ਇਹ ਭਗਤੀ ਨੀਵਿਆਂ ਨੂੰ ਉਚੱਤਾ ਪ੍ਰਦਾਨ ਕਰਦੀ ਹੈ ਇਹ ਕੇਵਲ ਸਾਧਕ ਨੂੰ ਹੀ ਨਹੀਂ ਤਾਰਦੀ, ਸਗੋਂ ਉਸ ਦੀਆਂ ਦੋਵੇਂ ਪੀੜ੍ਹੀਆਂ ਤਰ ਜਾਂਦੀਆਂ ਹਨ। ਸ੍ਰੀ ਮਦ ਭਾਗਵਤ ਪੁਰਾਣ ਵਿਚ ਵੀ ਕਲਯੁਗ ਵਿਚ ਕੀਰਤਨ ਦਾ ਵਿਸ਼ੇਸ਼ ਮਹੱਤਵ ਦਸਿਆ ਹੈ। ਯਗ, ਪ੍ਰਭੂ-ਧਿਆਨ ਅਤੇ ਸੇਵਾ ਨਾਲ ਜੋ ਪ੍ਰਾਪਤੀਆਂ ਹੁੰਦੀਆਂ ਹਨ ਉਹ ਕਲਯੁਗ ਵਿਚ ਹਰੀ ਕੀਰਤਨ ਨਾਲ ਉਪਲਬਧ ਹੋ ਜਾਂਦੀਆਂ ਹਨ।[69]

ਬ੍ਰਾਹਮਨ ਬੈਸ ਸੂਦ ਅਰੁ ਖਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ ॥
ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ ॥[70]

ਕੀਰਤਨ ਭਗਤੀ ਦੁਆਰਾ ਸਾਧਕ ਪੁਨੀਤ ਹੋ ਜਾਂਦਾ ਹੈ ਉਸ ਨਾਲ ਇਕਮਿਕਤਾ ਪ੍ਰਾਪਤ ਹੋ ਜਾਂਦੀ, ਦਵੈਤ ਮਿਟ ਜਾਂਦੀ ਹੈ ਤੇ ਫਿਰ ਗੁਣ ਕਿਸ ਦੇ ਗਾਏ ਜਾਣ? ਅਜਿਹੀ ਅਵਸਥਾ ਵਿਚ ਪਹਿਲਾਂ ਵਾਲੀ ਪੁਕਾਰ ਮੁਕ ਜਾਂਦੀ ਹੈ, ਉਸ ਨੂੰ ਕਦੀ ਰਾਮ ਅਤੇ ਕ੍ਰਿਸ਼ਨ ਕਹਿ ਕੇ ਗੁਣ ਗਾਉਣ ਵਾਲੀ ਅਵਸਥਾ ਵੀ ਖਤਮ ਹੋ ਜਾਂਦੀ ਹੈ। ਸਹਿਜ ਗੁਣ-ਸਰੂਪ ਪ੍ਰਭੂ ਨਿਕਟ ਦਿਸਦਾ ਹੈ, ਆਤਮਾ ਪਰਮਾਤਮਾ ਵਿਚ ਸਮਾ ਜਾਂਦੀ ਹੈ। ਪਰਮਾਨੰਦ ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਅਤੇ ਸਾਧਕ ਪਰਮਰੂਪ ਹੋਇਆ ਸਹਿਜ ਅਵਸਥਾ ਨੂੰ ਪ੍ਰਾਪਤ ਹੋ ਜਾਂਦਾ ਹੈ। ਇਹ ਕੀਰਤਨ ਦੀ ਚਰਮ ਸੀਮਾ ਹੈ। ਗੁਰੂ ਰਵਿਦਾਸ ਜੀ ਕੀਰਤਨ ਭਗਤੀ ਦੇ ਕ੍ਰਮਿਕ ਵਿਕਾਸ ਸੰਬੰਧੀ ਲਿਖਦੇ ਹਨ:

1. ਜਬ ਲਗਿ ਯਹ ਤਨ ਕੀ ਆਸਾ, ਤਬ ਲਗਿ ਕਰੈ ਪੁਕਾਰਾ ॥
ਜਬ ਮਨ ਮਿਲਯੋ ਆਸ ਨਹੀਂ ਤਨਕੀ, ਤਬ ਕੌ ਗਾਵਨਹਾਰਾ ॥
ਗਾਉਂ ਗਾਉਂ ਅਬ ਕਿਆ ਕਹਿ ਗਾਉਂ
ਗਾਵਨ ਹਾਰ ਕੁ ਨਿਕਟ ਬਤਾਉ ॥[71]

2. ਕਾ ਗਾਉ ਕਛੁ ਗਾਈ ਨ ਹੋਈ ਗਾਉਂ ਰੂਪ ਸਹਿਜੇ ਸੋਈ ॥
ਨਹਿ ਅਬ ਰਾਮ ਕ੍ਰਿਸ਼ਨ ਗੁਣ ਗਾਈ, ਬੋਲਤ ਹੈ ਸੁੰਨ ਫੰਦਾ ॥
ਭਣੈ ਰਵਿਦਾਸ ਕਾ ਕਹਿ ਗਾਉ, ਗਾਵਣ ਗਾਈ ਹਰਾਣਾ ॥
ਸਮਝਿ ਬਿਚਾਰਿ ਬੋਲਿ ਕਹਾਂ ਧੌਂ ਆਪਹਿ ਆਪ ਸਮਾਣਾ।[72]

3. ਜੇ ਸੁਖ ਹੋਵੇ ਪਾਰਸ ਕੇ ਪਰਸੈ, ਸੋ ਸੁਖ ਕਾ ਕਹਿ ਗਾਵੈਗਾ ॥[73]

4. ਭਣੈ ਰਵਿਦਾਸ ਅਬ ਕਾ ਕਹਿ ਗਾਉ ਜਉ ਕੋਈ ਔਰਹਿ ਹੋਈ ॥
ਜਾ ਸਿਉ ਗਾਇਹ ਗਾਈ ਕਰਤ ਹੈਂ, ਪਰਮ ਰੂਪ ਹਮਸੋਈ ॥[74]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਰਵਿਦਾਸ ਜੀ ਨੇ ਪਰੰਪਰਾਗਤ ਕੀਰਤਨ ਭਗਤੀ ਨੂੰ ਸਵੀਕਾਰ ਕੀਤਾ ਹੈ ਅਤੇ ਇਸ ਨੂੰ ਪਰਮਰੂਪਤਾ ਪ੍ਰਾਪਤ ਕਰਵਾਉਣ ਵਾਲੀ ਭਗਤੀ ਮੰਨਿਆ ਹੈ। ਉਨ੍ਹਾਂ ਅਨੁਸਾਰ ਮਹਾਂਮੁਨੀ ਸਨਕ ਸਨੰਦਨ, ਰਿਸ਼ੀ ਨਾਰਦ, ਰਿਖੀ ਵਿਆਸ ਨੇ ਵੀ ਇਹ ਦਰਸਾ

ਦਿੱਤਾ ਹੈ ਕਿ ਕੀਰਤਨ ਭਗਤੀ ਨਾਲ ਉਮਾਪਤੀ ਵਰਗੇ ਅਤੇ ਇਸ ਤੋਂ ਇਲਾਵਾ ਹਜ਼ਾਰਾਂ ਹੀ ਪਰਮਗਤੀ ਨੂੰ ਪ੍ਰਾਪਤ ਹੋਏ:

ਸਨਕ ਸਨੰਦਨ ਮਹਾਂਮੁਨੀ ਗਯਾਨੀ, ਸੁਕ ਨਾਰਦ ਅਰੁ ਵਿਆਸ
ਇਹੈ ਵਿਖਾਣੀ ॥
ਗਾਵਤ ਨਿਗਮ ਉਮਾਪਤੀ ਸਵਾਮੀ, ਸੇਸ ਸਹਸਮੁਖ ਕੀਰਤਿ ਗਾਮੀ॥[75]

ਇਸ ਲਈ ਤਾਂ ਉਹ ਵਾਰ ਵਾਰ ਕਹਿੰਦੇ ਹਨ ਕਿ ਹੇ ਸਾਧਓ! ਸ਼ਾਸਤਰ ਸੁਣਨ ਦਾ ਕੀ ਫਾਇਦਾ ਜੇਕਰ ਕਥਾ ਕੀਰਤਨ ਹੀ ਨਹੀਂ ਕੀਤਾ। ਸਪਸ਼ਟ ਹੈ ਕਿ ਗੁਰੂ ਜੀ ਸ਼ਾਸਤਰਾਂ ਦੇ ਦਰਸਾਏ ਰਾਹ ਕੀਰਤਨ ਭਗਤੀ ਨੂੰ ਆਪਣੇ ਭਗਤੀ ਮਾਰਗ ਵਿਚ ਵਿਸ਼ੇਸ਼ ਸਥਾਨ ਦਿੰਦੇ ਹਨ। ਉਹ ਲਿਖਦੇ ਹਨ:

ਸਾਧੋ! ਨਾ ਸਾਸਤ੍ਰਨ ਸੁਨਿ ਕੀਨੌ,
.... ..... ....
ਹਰਿ ਅਰਪਨ ਕਰਿ ਭੋਜ ਨਾ ਕੀਨੌ, ਕਥਾ ਕੀਰਤ ਨਹੀਂ ਜਾਨੀ ॥

ਸਾਧਨਾ :-

1. ਆਤਮ -ਸਮਰਪਣ:- ਕੀਰਤਨ ਭਗਤੀ ਨੂੰ ਪ੍ਰਾਪਤ ਕਰਨ ਦਾ ਮੁਖ ਸਾਧਨ ਹੈ ਤਨ ਮਨ ਧਨ ਉਸ ਦੇ ਚਰਨਾਂ ਵਿਚ ਵਾਰਨਾ। ਆਤਮ ਸਮਰਪਣ ਕਰਨ ਨਾਲ ਹੀ ਉਪਰੋਕਤ ਪ੍ਰਾਪਤੀਆਂ ਹੁੰਦੀਆਂ ਹਨ ਅਤੇ ਭਗਤੀ ਵਿਚ ਪਰਿਪੱਕਤਾ ਆਉਂਦੀ ਹੈ:

ਤਨਮਨ ਅਰਪਿਮ ਬਾਰਿ, ਸਦਾ ਹਰਿ ਗਾਈਏ ॥[77]

2. ਸਾਧ ਸੰਗ:- ਗੁਰੂ ਰਵਿਦਾਸ ਜੀ ਅਨੁਸਾਰ ਗੁਰੂ ਦੀ ਸੰਗਤ ਅਤੇ ਸਾਧ ਸੰਗਤ ਵਿਚ ਪ੍ਰਭੂ ਦੀ ਕੀਰਤਨ ਭਗਤੀ ਕਰਨ ਨਾਲ ਹੀ ਪ੍ਰਭੂ ਦੇ ਚਰਨਾਂ ਵਿਚ ਪ੍ਰੀਤ ਲਗਦੀ ਹੈ ਅਤੇ ਉਸ ਦੇ ਨਾਲ ਹੀ ਇਕਮਿਕਤਾ ਪ੍ਰਾਪਤ ਹੁੰਦੀ ਹੈ।

ਸਤ ਸੰਗਤ ਨਹਿੰ ਗੁਰਪਦ ਸੇਉ; ਪ੍ਰਭੂ ਕੀਰਤਿ ਨਹਿੰ ਗਾਈ ॥[78]

3. ਸਿਮਰਨ ਭਗਤੀ:- ਸਿਮਰਨ ਭਗਤੀ ਸੂਖਮ ਭਗਤੀ ਹੈ। ਇਸ ਦਾ ਮੂਲ ਰੂਪ ਵਿਚ ਸੰਬੰਧ ਮਾਨਸਿਕ ਜਗਤ ਨਾਲ ਹੈ ਇਸ ਲਈ ਵਧੇਰੇ ਪ੍ਰਭਾਵਸ਼ਾਲੀ ਹੁੰਦੀ ਹੈ। ਪ੍ਰਭੂ ਦੀ ਬਾਣੀ ਦਾ ਸ਼ਰਧਾਪੂਰਵਕ ਸ੍ਰਵਣ ਅਤੇ ਪਠਨ ਕਰਕੇ ਉਸਦਾ ਮੰਨਨ ਕਰਨਾ ਅਤੇ ਉਸ ਦਾ ਜਪ ਕਰਦਿਆਂ ਉਸਦੇ ਸਰੂਪ ਵਿਚ ਧ੍ਰੂਵ ਦੀ ਭਾਂਤੀ ਤਲੀਨ ਹੋ ਜਾਣਾ ਸਿਮਰਨ ਭਗਤੀ ਦਾ ਸਰੂਪ ਹੈ। ਸਿਮਰਨ ਵਿਚ ਲਿਵਲੀਨ ਹੋਇਆ ਸਾਧਕ ਦੀ ਅਜਿਹੀ ਬਿਰਤੀ ਹੋ ਜਾਂਦੀ ਹੈ ਕਿ ਦੁਨਿਆਵੀ ਕੰਮ ਕਰਦਿਆਂ ਵੀ ਉਸਦੀ ਸੁਰਤਿ ਪ੍ਰਭੂ ਵਲ ਲਗੀ ਰਹਿੰਦੀ ਹੈ ਸਹਿਜੇ ਸਹਿਜੇ ਮਾਨਸਿਕ ਜਪ ਹੋਣ ਲਗਦਾ ਹੈ

ਸਵਾਸ ਸਵਾਸ ਪ੍ਰਭੂ ਸਿਮਰਨ ਹੋਣ ਲਗਦਾ ਹੈ। ਇਸ ਤਰ੍ਹਾਂ ਸਿਮਰਨ, ਸਰਲ ਆਸਣ ਵਿਚ ਬੈਠ ਕੇ ਜਾਂ ਦੁਨਿਆਵੀ ਕੰਮ ਕਰਦਿਆਂ ਮਨ ਨੂੰ ਵਿਸ਼ੇ ਵਿਕਾਰਾਂ ਤੋਂ ਰਹਿਤ ਕਰਕੇ, ਸੁਧ ਅਤੇ ਸਰਲ ਭਾਵ ਨਾਲ ਸਗੁਣ-ਨਿਰਗੁਣ ਤੱਤ ਨੂੰ ਜਾਣ ਕੇ ਪ੍ਰਭਾਵ ਸਹਿਤ ਪ੍ਰਭੂ ਦੇ ਸਰੂਪ ਗੁਣ ਅਤੇ ਤੱਤਾਂ ਦਾ ਚਿੰਤਨ ਕਰਕੇ ਗੁਰੂ ਦੀ ਬਾਣੀ ਨਾਲ ਮਨ ਦੁਆਰਾ ਮਹਿਮਾ ਗਾਉਣਾ ਅਤੇ ਪ੍ਰਾਰਥਨਾ ਕਰਨਾ ਹੈ।

ਭਗਤ ਰਾਮਾਨੰਦ ਨੇ ਹਰਿ ਸਿਮਰਨ ਨੂੰ ਸਭ ਤੋਂ ਉਚਾ ਕਰਮ ਦਸਦਿਆਂ ਕਿਹਾ ਹੈ ਕਿ ਪ੍ਰਭੂ ਸਿਮਰਨ ਮਨੁੱਖ ਨੂੰ ਵਰਗਾਂ ਅਤੇ ਵਰਣਾਂ ਵਿਚੋਂ ਕਢਦਾ ਹੈ।

ਗੁਰੂ ਰਵਿਦਾਸ ਜੀ ਸ੍ਰੀ ਰਾਮਾਨੰਦ ਦੇ ਸ਼ਿਸ਼ ਸਨ ਉਨ੍ਹਾਂ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋਣਾ ਸੁਭਾਵਿਕ ਸੀ। ਗੁਰੂ ਜੀ ਵੀ ਸਮਾਨ ਵਿਚਾਰ ਰਖਦੇ ਰਹਿੰਦੇ ਹਨ ਕਿ ਬ੍ਰਾਹਮਣ, ਵੈਸ਼, ਸੂਦਰ ਅਤੇ ਖੱਤਰੀ ਸਭ ਦੇ ਮਨ ਵਿਚ ਪਰਮਾਤਮਾ ਵਾਸ ਕਰਦਾ ਹੈ ਇਸ ਲਈ ਸੂਦਰ ਵੀ ਪ੍ਰਭੂ ਸਿਮਰਨ ਨਾਲ ਪੁਨੀਤ ਹੋ ਸਕਦੇ ਹਨ।[79]

ਵੇਦਾਂ ਵਿਚ ਵੀ ਸ੍ਰਵਣ ਭਗਤੀ ਦੇ ਸੰਕੇਤ ਮਿਲਦੇ ਹਨ। ਯਜੁਰਵੇਦ ਵਿਚ ਉਸ ਬ੍ਰਹਮ ਨੂੰ 'ਓਮ' ਕਿਹਾ ਗਿਆ ਹੈ[80] ਅਤੇ ਫਿਰ 'ਓਮ' ਦਾ ਸਿਮਰਨ ਕਰਨਦਾਉਪਦੇਸ਼ ਦਿਤਾ ਗਿਆ।[81] ਰਿਗਵੇਦ ਵਿਚ ਵੀ ਨਾਮ ਭਗਤੀ ਸੰਬੰਧੀ ਵਰਨਣ ਆਉਂਦਾ ਹੈ।

" ਹੇ ਗਿਆਨ ਦੇ ਭੰਡਾਰ ਭਗਵਾਨ! ਤੁਹਾਡੇ ਪਵਿੱਤਰ ਨਾਂ ਦਾ ਚੌਹਾਂ ਬਾਣੀਆਂ ਰਾਹੀਂ ਭਗਤੀ ਉਚਾਰਣ ਕਰਦੇ ਰਹਿੰਦੇ ਹਾਂ। ਅਵਨਾਸ਼ੀ ਭਗਵਾਨ ਦੇ ਮਹਿਮਾਸ਼ਾਲੀ ਨਾਂ ਦਾ ਬੜੀ ਸ਼ਰਧਾ ਨਾਲ ਜਾਪ ਤੇ ਕੀਰਤਨ ਕਰਦੇ ਹਾਂ।"[82]

ਗੁਰੂ ਰਵਿਦਾਸ ਜੀ ਵੀ ਮੁਕੰਦ ਦਾ ਜਪ ਕਰਨ ਦਾ ਉਪਦੇਸ਼ ਦਿੰਦੇ ਹਨ ਅਤੇ ਦਸਦੇ ਹਨ ਕਿ ਸਵਾਸ-ਸਵਾਸ ਸਿਮਰਨ ਕਰਨ ਨਾਲ ਹੀ ਭਗਤੀ ਸੰਪੂਰਨ ਹੁੰਦੀ ਹੈ। ਸਿਮਰਨ ਤੋਂ ਬਿਨਾਂ ਦੁਲਭ ਜਨਮ ਬੇ-ਅਰਥ ਚਲਾ ਜਾਂਦਾ ਹੈ। ਉਸ ਦਾ ਸਿਮਰਨ ਹੀ ਮਨੁੱਖ ਨੂੰ ਸੰਸਾਰਿਕ ਬੰਧਨਾਂ ਤੋਂ ਛੁਟਕਾਰਾ ਦਵਾਉਂਦਾ ਹੈ:

1. ਮੁਕੰਦ ਮੁਕੰਦ ਜਪਹੁ ਸੰਸਾਰ ਬਿਨੁ ਮੁਕੰਦ ਤਨੁ ਹੋਇ ਅਉਹਾਰ ॥
ਸੋਈ ਮੁਕੰਦ ਮੁਕਤਿ ਕਾ ਦਾਤਾ ਸੋਈ ਮੁਕੰਦੁ ਹਮਰਾ ਪਿਤਾ ਮਾਤਾ ॥
ਜੀਵਤ ਮੁਕੰਦੇ ਮਰਤ ਮੁਕੰਦੇ, ਤਾਕੇ ਸੇਵਕ ਕਉ ਸਦਾ ਅਨੰਦਾ ॥[83]

2. ਚਾਰਿ ਵੇਦ ਜਾਕੈ ਸੁਮ੍ਰਿਤ ਸਵਾਸਾ ॥
ਭਗਤਿ ਹੇਤ ਗਾਵੈ ਰਵਿਦਾਸਾ ॥[84]

ਸ੍ਰੀਮਦ ਭਾਗਵਤ ਪੁਰਾਣ ਵਿਚ ਸਿਮਰਨ ਭਗਤੀ ਦੀ ਵਿਸ਼ੇਸ਼ਤਾ ਪ੍ਰਤਿਪਾਦਤ ਕੀਤੀ ਗਈ ਹੈ। ਇਸ ਵਿਚ ਲਿਖਿਆ ਹੈ ਕਿ ਜੋ ਵਿਅਕਤੀ ਵਿਸ਼ਿਆਂ ਦਾ ਚਿੰਤਨ ਕਰਦਾ ਹੈ, ਉਸ ਦਾ

ਮਨ ਵਿਸ਼ਯ-ਕਰਮਾਂ ਵਿਚ ਅਤੇ ਜੋ ਪ੍ਰਭੂ ਦਾ ਨਿਰੰਤਰ ਸਿਮਰਨ ਕਰਦਾ ਹੈ ਉਸਦਾ ਮਨ ਪ੍ਰਭੂ ਵਿਚ ਲੀਨ ਹੁੰਦਾ ਹੈ।[85]

ਗੁਰੂ ਰਵਿਦਾਸ ਜੀ ਅਨੁਸਾਰ ਵਿਸ਼ੇ-ਵਿਕਾਰਾਂ ਵਿਚ ਮਨ ਮਲੀਨ ਹੋ ਜਾਂਦਾ ਹੈ। ਪ੍ਰਭੂ ਸਿਮਰਨ ਨਾਲ ਹੀ ਮਨ ਪਵਿੱਤਰ ਹੁੰਦਾ ਹੈ ਅਤੇ ਪ੍ਰਭੂ ਵਿਚ ਲੀਨ ਹੁੰਦਾ ਹੈ:

ਮਨ ਮਲੀਨ ਬਿਖਿਆ ਰਸ ਲੰਪਟ, ਤੌ ਹਰਿ ਨਾਵ ਸੰਭਾਲੇ ॥[86]

ਭਾਗਵਤ ਪੁਰਾਣ ਅਨੁਸਾਰ ਜੋ ਲੋਕ, ਪ੍ਰਭੂ ਦਾ ਆਪ ਸਿਮਰਨ ਧਿਆਨ ਕਰਦੇ ਹਨ ਅਤੇ ਪ੍ਰਭੂ ਦੇ ਚਰਨ ਕਮਲਾਂ ਦੀ ਸੇਵਾ ਵਿਚ ਮਨ ਲਗਾਉਂਦੇ ਹਨ ਉਹਨਾਂ ਦੇ ਜਨਮ ਮਰਣ ਦੇ ਗੇੜ ਕਟੇ ਜਾਂਦੇ ਹਨ।[87] ਗੁਰੂ ਰਵਿਦਾਸ ਜੀ ਅਨੁਸਾਰ ਵੀ ਪ੍ਰਭੂ ਸਿਮਰਨ ਦੀ ਬਰਕਤ ਨਾਲ ਅਮਰਪਦ ਦੀ ਪ੍ਰਾਪਤੀ ਹੁੰਦੀ ਹੈ ਜਨਮ-ਜਨਮਾਂਤਰਾਂ ਦੇ ਕੀਤੇ ਕਰਮਾਂ ਦੇ ਲੇਖੇ ਮੁਕ ਜਾਂਦੇ ਹਨ। ਇਸ ਤਰ੍ਹਾਂ ਮਨੁੱਖ ਆਵਾਗਵਨ ਤੋਂ ਛੁਟਕਾਰਾ ਪ੍ਰਾਪਤ ਕਰ ਲੈਂਦਾ ਹੈ। ਗੁਰੂ ਜੀ ਲਿਖਦੇ ਹਨ:

1. ਕਹੈ ਰਵਿਦਾਸ ਰਾਮ ਜਪਿ ਭਾਈ
   ਸੰਤ ਸਾਖਿ ਦੇ ਬਹੁਰਿ ਨ ਆਉ ॥[88]
2. ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ ।
   ਹਰਿ ਸਿਮਰਤ ਜਨ ਗਏ ਨਿਸਤਰਿ ਤਰੇ ॥
   ਹਰਿ ਕੇ ਨਾਮ ਕਬੀਰ ਉਜਾਗਰ ॥
   ਜਨਮ ਜਨਮ ਕੇ ਕਾਟੇ ਕਾਗਰ ॥[89]

ਵਿਸ਼ਨੂੰ ਪੁਰਾਣ ਵਿਚ ਲਿਖਿਆ ਹੈ ਕਿ ਭਗਵਾਨ ਦੇ ਨਿਰੰਤਰ ਸਿਮਰਨ ਦੁਆਰਾ ਸੰਪੂਰਨ ਪਾਪਾਂ ਦਾ ਵਿਨਾਸ਼ ਹੋ ਜਾਂਦਾ ਹੈ ਅਤੇ ਮਨੁੱਖ ਨਰਕਾਂ ਤੋਂ ਛੁਟਕਾਰਾ ਪ੍ਰਾਪਤ ਕਰ ਲੈਂਦਾ ਹੈ।[90] ਗੁਰੂ ਰਵਿਦਾਸ ਜੀ ਅਨੁਸਾਰ ਵੀ ਜੋ ਪ੍ਰਭੂ ਦਾ ਨਾਮ ਜਪਦਾ ਹੈ ਉਸ ਦਾ ਜਾਤਾਂ ਅਤੇ ਜੋਨੀਆਂ ਦੇ ਨਰਕਾਂ ਤੋਂ ਨਿਪਟਾਰਾ ਹੋ ਜਾਂਦਾ ਹੈ:-

1. ਕਹਿ ਰਵਿਦਾਸ਼ ਜੋ ਜਪੈ ਨਾਮ
   ਤਿਸੁ ਜਾਤਿ ਨ ਜਨਮ ਨ ਜੋਨਿ ਕਾਮ ॥[91]
2. ਪਰਚੈ ਰਾਮ ਰਵੈਜਉ ਕੋਈ, ਪਾਰਸੁ ਪਰਸੈ ਦੁਬਿਧਾ ਨ ਹੋਈ ॥[92]

ਵਿਸ਼ਨੂੰ ਪੁਰਾਣ ਵਿਚ ਵਰਨਣ ਹੈ ਕਿ ਜੋ ਸਾਧਕ ਕਿਸੇ ਸਮੇਂ ਅੰਮ੍ਰਿਤ ਵੇਲੇ, ਰਾਤ ਸਮੇਂ ਜਾਂ ਹੋਰ ਕਿਸੇ ਸਮੇਂ ਵੀ ਨਾਰਾਇਣ ਦਾ ਸਿਮਰਨ ਕਰਦਾ ਹੈ ਉਹ ਮੋਖ ਨੂੰ ਪ੍ਰਾਪਤ ਹੁੰਦਾ ਹੈ।[93] ਗੁਰੂ ਰਵਿਦਾਸ ਜੀ ਮਨੁੱਖ ਨੂੰ ਸ਼ਾਮ ਸਵੇਰੇ ਪ੍ਰਭੂ ਸਿਮਰਨ ਦੀ ਪ੍ਰੇਰਨਾ ਦਿੰਦੇ ਹਨ।[94] ਕਿਉਂਕਿ ਪ੍ਰਭੂ ਸਿਮਰਨ ਹੀ ਮਨੁੱਖ ਨੂੰ ਉਬਾਰਦਾ ਹੈ ਅਤੇ ਅੰਤ ਸਮੇਂ ਸਹਾਈ ਹੁੰਦਾ ਹੈ:

1. ਕਹਿ ਰਵਿਦਾਸ ਕ੍ਰਿਸ਼ਨ ਕਰਨਾ ਮੈਂ, ਨਾਮ ਲੇਤ ਉਬਰੈ ।।[95]

2. ਬੀਤਿ ਆਉ ਭਜਨੁ ਨਹੀਂ ਕੀਨਹਾ।। ਟੇਕ ।।

ਕਹ ਰਵਿਦਾਸ ਚਲਨ ਕੀ ਬਿਰਿਆ, ਕੋਊ ਨ ਹੋਹੁ ਸਹਾਈ ।।[96]

ਸ੍ਰੀਮਦ ਭਾਗਵਤ ਪੁਰਾਣ ਅਨੁਸਾਰ ਪ੍ਰਭੂ ਦੇ ਸਿਮਰਨ ਨਾਲ ਕਲੇਸ਼ਾਂ ਦਾ ਨਾਸ਼ ਹੁੰਦਾ ਹੈ ਅਤੇ ਮਨੁੱਖ ਦਾ ਕਲਿਆਣ ਹੁੰਦਾ ਹੈ।[97] ਗੁਰੂ ਰਵਿਦਾਸ ਜੀ ਅਨੁਸਾਰ ਵੀ ਜੋ ਪ੍ਰਭੂ ਦਾ ਸਿਮਰਨ ਕਰਦੇ ਹਨ ਉਹ ਪ੍ਰਭੂ ਦੇ ਅਨਿੰਨ ਸੇਵਕ ਜਾਂ ਸੱਚੇ ਭਗਤ ਬਣ ਜਾਂਦੇ ਹਨ ਉਨ੍ਹਾਂ ਨੂੰ ਘਟਿ ਘਟਿ ਵਿਚ ਪ੍ਰਭੂ ਨਜ਼ਰ ਆਉਂਦਾ ਹੈ ਇਸ ਤਰ੍ਹਾਂ ਉਹ ਕਲਿਆਣਕਾਰੀ ਗੁਣਾਂ ਦੇ ਧਾਰਨੀ ਹੋ ਜਾਂਦੇ ਹਨ। ਗੁਰੂ ਜੀ ਇਸ ਸੰਬੰਧੀ ਲਿਖਦੇ ਹਨ:

ਹਰਿ ਜਪਤ ਤੇਊ ਜਨਾਂ ਪਦਮ ਕਵਲਾਪਤਿ
ਤਾਸ ਸਮ ਤੁਲਿ ਨਹੀਂ ਆਨ ਕੋਊ
ਏਕ ਹੀ ਏਕ ਅਨੇਕ ਹੋਇ ਬਿਸਥਰਿਓ
ਆਨ ਰੇ ਆਨ ਭਰਪੂਰਿ ਸੋਊ ।।[98]

ਸ੍ਰੀਮਦ ਭਾਗਵਤ ਪੁਰਾਣ ਅਨੁਸਾਰ ਪ੍ਰਭੂ ਦਾ ਸਿਮਰਨ ਪਰਮਾਤਮਾ ਪ੍ਰਤੀ ਗਿਆਨ ਅਤੇ ਵੈਰਾਗ ਪੈਦਾ ਕਰਦਾ ਹੈ।[99] ਇਸ ਤਰ੍ਹਾਂ ਸਿਮਰਨ ਸੰਪੂਰਣ ਭਗਤੀ ਦਾ ਰੂਪ ਹੋ ਨਿਬੜਦਾ ਹੈ। ਗਿਆਨ ਦੀ ਪ੍ਰਾਪਤੀ ਹੋ ਜਾਂਦੀ ਹੈ ਸੰਸਾਰਿਕ ਤ੍ਰਿਸ਼ਨਾਂ ਖਤਮ ਹੋ ਜਾਂਦੀ ਹੈ ਪ੍ਰਭੂ ਦੀ ਹਮੇਸ਼ਾਂ ਲਈ ਸੇਵਾ ਕਰਨ ਦਾ ਅਵਸਰ ਪ੍ਰਾਪਤ ਹੋ ਜਾਂਦਾ ਹੈ। ਇਸ ਤਰ੍ਹਾਂ ਸਿਮਰਨ ਕਰ ਰਹੇ ਸਾਧਕ ਦਾ ਮਨ ਹਰਸ਼ ਹੁਲਾਸ ਨਾਲ ਭਰ ਜਾਂਦਾ ਹੈ ਉਹ ਭਗਤੀ ਦੀ ਚਰਮਾਂ ਅਵਸਥਾ ਤੇ ਪਹੁੰਚ ਪਰਮਾਨੰਦ ਪ੍ਰਾਪਤ ਕਰ ਲੈਂਦਾ ਹੈ:-

ਜਪਿ ਮੁਕੰਦ ਮਸਤਕਿ ਨੀਸਾਨੰ, ਸੇਵ ਮੁਕੰਦ ਕਰੈ ਬੈਰਾਗੀ ।।
ਕਹੁ ਰਵਿਦਾਸ ਅਬ ਤ੍ਰਿਸ਼ਨਾ ਚੂਕੀ, ਜਪਿ ਮੁਕੰਦ ਸੇਵਾ ਤਾਹੂ ਕੀ ।।[100]

ਸਿਮਰਨ ਭਗਤੀ ਵਿਚ ਸਾਧਕ ਪ੍ਰਭੂ ਨਾਲ ਸੰਜੋਗ ਪ੍ਰਾਪਤ ਕਰਨ ਲਈ ਨਾਮ ਦਾ ਸਹਾਰਾ ਲੈ ਕੇ ਨਿਰੰਤਰ ਨਾਮ ਜਪਦਾ ਹੈ। ਇਹ ਨਾਮ ਜਪ ਤਿੰਨ ਤਰ੍ਹਾਂ ਦਾ ਮੰਨਿਆ ਗਿਆ ਹੈ। ਪਹਿਲੇ ਜਪ ਵਿਚ ਬਾਣੀ ਦਾ ਸਿਮਰਨ ਕਰਨ ਤੇ ਧੁਨੀ ਪੈਦਾ ਹੁੰਦੀ ਹੈ ਭਾਵ ਉਚੀ ਬੋਲ ਕੇ ਸਿਮਰਨ ਕੀਤਾ ਜਾਂਦਾ ਹੈ। ਦੂਜੇ ਵਿਚ ਕੇਵਲ ਹੋਠ ਅਤੇ ਜੀਭ ਹੀ ਹਿਲਦੇ ਹਨ ਪਰੰਤੂ ਆਵਾਜ਼ ਨਹੀਂ ਨਿਕਲਦੀ ਤੇ ਸ਼ਬਦ ਮੂੰਹ ਵਿਚ ਹੀ ਰਹਿੰਦੇ ਹਨ। ਤੀਜੇ ਪ੍ਰਕਾਰ ਦੇ ਜਪ ਵਿਚ ਮਨ ਹੀ ਮਨ ਵਿਚ ਜਪ ਹੁੰਦਾ ਹੈ ਤੇ ਇਸ ਨਾਲ ਮੂੰਹ ਅਤੇ ਜੀਭ ਵੀ ਨਹੀਂ ਹਿਲਦੇ। ਇਸ ਨੂੰ ਅਜਪਾ ਜਾਪ ਵੀ ਕਹਿੰਦੇ ਹਨ। ਪਹਿਲੇ ਨਾਲੋਂ ਦੂਜਾ ਅਤੇ ਦੂਜੇ ਨਾਲੋਂ ਤੀਜਾ ਉਤਮ ਗਿਣਿਆ ਜਾਂਦਾ ਹੈ। ਮਨੂ ਸਿਮ੍ਰਿਤੀ ਵਿਚ ਲਿਖਿਆ ਹੈ ਕਿ ਯੱਗ ਆਦਿ ਕਰਮਾਂ ਨਾਲੋਂ ਉਚੇ ਸੁਰ ਵਿਚ ਕੀਤਾ ਜਪ ਦਸ ਗੁਣਾਂ,

ਮਧਮ ਸੁਰ ਵਾਲਾ ਜਪ ਸੌ ਗੁਣਾਂ ਅਤੇ ਮਾਨਸਿਕ ਜਪ ਹਜ਼ਾਰ ਗੁਣਾਂ ਸ੍ਰੇਸ਼ਠ ਹੈ।[101] ਸ਼ੁਰੂ ਵਿਚ ਸਾਧਕ ਨੂੰ ਚਾਹੇ ਉਚੇ ਸੁਰ ਵਿਚ ਕੀਰਤਨ ਜਾਂ ਸਿਮਰਨ ਕਰਨਾ ਪੈਂਦਾ ਹੈ ਪਰੰਤੂ ਸਿਮਰਨ ਕਰਦਿਆਂ ਇਕ ਅਜਿਹੀ ਅਵਸਥਾ ਆ ਜਾਂਦੀ ਹੈ ਜਦੋਂ ਨਾਮ ਹਿਰਦੇ ਵਿਚ ਵਸ ਜਾਂਦਾ ਹੈ ਤੇ ਫਿਰ ਮਨ ਦੁਆਰਾ ਚਿਤਵਨ ਜਾਂ ਸਿਮਰਨ ਹੁੰਦਾ ਰਹਿੰਦਾ ਹੈ। ਗੁਰੂ ਰਵਿਦਾਸ ਜੀ ਵੀ ਚਿੱਤ ਦੁਆਰਾ ਸਿਮਰਨ ਦੀ ਰੀਝ ਪ੍ਰਗਟ ਕਰਦੇ ਹਨ:

ਚਿਤ ਸਿਮਰਨ ਕਰਉ ਨੈਨ ਅਵਿਲੋਕਨੋ, ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ॥
ਮਨੁ ਸੁ ਮਧੁਕਰ ਕਰਉ ਚਰਨ ਹਿਰਦੇ ਧਰਉ, ਰਸਨ ਅੰਮ੍ਰਿਤ ਰਾਮ ਨਾਮ ਭਾਖਉ ॥[102]

ਗੁਰੂ ਰਵਿਦਾਸ ਜੀ ਪ੍ਰਭੂ ਅਗੇ ਬੇਨਤੀ ਕਰਦੇ ਹਨ ਕਿ ਮੇਰੇ ਤੇ ਮਿਹਰ ਕਰੋ ਤਾਂ ਕਿ ਤਨ ਮਨ ਅੰਤਲੇ ਸੁਆਸਾਂ ਤਕ ਤੇਰਾ ਸਿਮਰਨ ਕਰਦੇ ਰਹਿਣ।

ਸਰੀਰ ਅਰਾਧੈ, ਮੋਕਉ ਬੀਚਾਰ ਦੇਹੁ ॥[103]

ਗੁਰੂ ਜੀ ਅਨੁਸਾਰ ਸੱਚਾ ਸਿਮਰਨ ਪ੍ਰਭੂ ਦੀ ਨਾਮ ਭਗਤੀ ਹੈ। ਇਹ ਜੋ ਮੰਦਰਾਂ ਵਿਚ ਕਰਮਕਾਂਡੀ ਉਪਾਸਨਾ ਕੀਤੀ ਜਾਂਦੀ ਹੈ ਇਹ ਸਭ ਝੂਠ ਹੈ ਅਤੇ ਕੇਵਲ ਪ੍ਰਭੂ ਦਾ ਨਾਮ ਹੀ ਸੱਚਾ ਹੈ। ਗੁਰੂ ਜੀ ਅਨੁਸਾਰ ਮਨ ਬਚਨ ਅਤੇ ਕਰਮਾਂ ਦੁਆਰਾ ਕੀਤਾ ਸਿਮਰਨ ਹੀ ਸਰਵਸ੍ਰੇਸ਼ਠ ਹੈ:

ਥੋਥਾ ਮੰਦਿਰ ਭੋਗ ਬਿਲਾਸਾ, ਥੋਥੀ ਆਨ ਦੇਵ ਕੀ ਪੂਜਾ ॥
ਸਾਚਾ ਸੁਮਿਰਨ ਨਾਂਵ ਬਿਸਾਸਾ, ਮਨ ਬਚ ਕਰਮ ਕਹੈ ਰਵਿਦਾਸਾ ॥[104]

ਗੁਰੂ ਰਵਿਦਾਸ ਜੀ ਨੇ ਦਿਖਾਵੇ ਦੇ ਕਰਮ ਜਾਂ ਸਿਮਰਨ ਕਰਨ ਵਾਲਿਆਂ ਦਾ ਖੰਡਨ ਕਰਦੇ ਕਹਿੰਦੇ ਹਨ ਕਿ ਜਿਹੋ ਜਿਹੀ ਭਾਵਨਾ ਨਾਲ ਪ੍ਰਭੂ ਨੂੰ ਯਾਦ ਕੀਤਾ ਜਾਵੇਗਾ ਉਹ ਜਿਹੀ ਪ੍ਰਾਪਤੀ ਹੀ ਮਨੁੱਖ ਨੂੰ ਹੋਵੇਗੀ। ਗੀਤਾ ਵਿਚ ਵੀ ਭਗਵਾਨ ਕ੍ਰਿਸ਼ਨ ਨੇ ਕਿਹਾ ਹੈ ਕਿ ਤੂੰ ਸਭ ਸਮਿਆਂ ਵਿਚ ਮੇਰਾ ਸਿਮਰਨ ਕਰ ਮੇਰੇ ਵਿਚ ਅਰਪਿਤ ਕੀਤੀ ਹੋਈ ਮਨ-ਬੁੱਧੀ ਵਾਲਾ ਨਿਰਸੰਦੇਹ ਮੈਨੂੰ ਹੀ ਪ੍ਰਾਪਤ ਹੋਵੇਗਾ।"[105] ਗੁਰੂ ਰਵਿਦਾਸ ਜੀ ਨੂੰ ਵੀ ਪ੍ਰਭੂ ਦੇ ਸੱਚੇ ਨਾਮੁ ਤੇ ਸ਼ਰਧਾ ਅਤੇ ਵਿਸ਼ਵਾਸ ਹੈ ਇਸ ਲਈ ਉਹ ਸੱਚਾ ਸਿਮਰਨ ਕਰਨ ਦਾ ਉਪਦੇਸ਼ ਦਿੰਦੇ ਹਨ:

ਕੋਉ ਸੁਮਰਨ ਦੇਖੋ, ਏ ਸਬ ਉਪਲੀ ਚੋਭਾ ॥
ਜਾ ਕੈ ਜੈਸੋ ਸੁਮਿਰਨ, ਤਾਕੋ ਤੈਸੀ ਸੋਭਾ ॥[106]

ਸਿਮਰਨ ਭਗਤੀ ਦਾ ਵਿਸ਼ਾ ਖੇਤਰ ਬਹੁਤ ਵਿਸ਼ਾਲ ਹੈ ਇਹ ਆਪਣੇ ਆਪ ਵਿਚ ਸੰਪੂਰਨ ਭਗਤੀ ਦਾ ਰੂਪ ਹੈ। ਇਸ ਦੇ ਅੰਤਰਗਤ ਨਾਮ ਭਗਤੀ ਜਾਂ ਸ਼ਬਦ ਸਾਧਨਾ ਵੀ ਆਉਂਦੀ ਹੈ। ਸਿਮਰਨ ਭਗਤੀ ਅਤੇ ਨਾਮ ਭਗਤੀ ਵਿਭਿੰਨ ਨਹੀਂ ਹਨ। ਇਕ ਭਗਤੀ ਆਪਣੀ ਕਰਨੀ ਵਿਚ

ਦੂਜੀ ਨੂੰ ਲਪੇਟ ਵਿਚ ਲੈ ਲੈਂਦੀ ਹੈ। ਪਰੰਤੂ ਫਿਰ ਵੀ ਨਾਮ-ਭਗਤੀ ਦਾ ਘੇਰਾ ਹੋਰ ਵੀ ਵਿਸਤ੍ਰਿਤ ਹੈ। ਇਸ ਦਾ ਸੰਬੰਧ ਵਿਸ਼ੇਸ਼ ਕਰਕੇ ਸ਼ਬਦ-ਬ੍ਰਹਮ ਨਾਲ ਹੈ। ਸ਼ਬਦ-ਬ੍ਰਹਮ ਦੀ ਪਹਿਚਾਣ ਅਤੇ ਅਨੁਭਵ ਹੀ ਭਗਤੀ ਦੀ ਅੰਤਿਮ ਅਵਸਥਾ ਹੈ। ਇਸ ਲਈ ਹੁਣ ਅਸੀਂ ਨਾਮ ਭਗਤੀ ਸੰਬੰਧੀ ਵੀ ਕੁਝ ਹੋਰ ਵਿਚਾਰ ਕਰਾਂਗੇ।

ਨਾਮ -ਭਗਤੀ:- ਪ੍ਰਾਚੀਨ ਸਮੇਂ ਤੋਂ ਧਾਰਮਿਕ ਗ੍ਰੰਥਾਂ ਵਿਚ ਨਾਮ ਦੀ ਮਹਿਮਾ ਚਲੀ ਆ ਰਹੀ ਹੈ। ਉਤਮ ਵਸਤੂ ਦੀ ਉਸਤਤ ਹੀ ਨਾਮ ਹੈ। ਉਸ ਦੇ ਗੁਣ ਤੇ ਨਾਮ ਵੀ ਕਈ ਹਨ, ਸਮੇਂ ਦੇ ਪ੍ਰਵਾਹ ਨਾਲ ਪ੍ਰੇਮੀ ਸਾਧਕ ਨੇ ਪ੍ਰਭੂ ਪ੍ਰੇਮ ਦੇ ਲੋਰ ਵਿਚ ਉਸ ਦੇ ਕਈ ਨਾਂਵ ਰੱਖ ਲਏ। ਵੇਦਾਂ ਵਿਚ ਬ੍ਰਹਮ ਨੂੰ ਓਮ ਕਿਹਾ ਗਿਆ ਹੈ।[107] ਅਤੇ ਉਪਨਿਸ਼ਦਾਂ ਵਿਚ ਵੀ ਓਮ ਜਾਂ ਉਕਾਰ ਦਾ ਸਿਮਰਨ ਕਰਨ ਤੇ ਸਦੀਵੀ ਸ਼ਾਂਤੀ ਪ੍ਰਾਪਤ ਕਰਨ ਦੀ ਪ੍ਰੇਰਨਾ ਦਿਤੀ ਗਈ ਹੈ।[108] ਸ਼ਵੇਤਾਸ਼ਵਤਰੋਪਨਿਸ਼ਦ ਵਿਚ ਅਵਿਅਕਤ ਬ੍ਰਹਮ ਦਾ ਨਾਮ ਉਕਾਰ ਲਿਖਿਆ ਹੈ ਅਤੇ ਇਸ ਵਿਚ ਵਰਣਨ ਹੈ ਕਿ ਉਕਾਰ ਰੂਪੀ ਬੇੜੀ ਦੇ ਦੁਆਰਾ ਮਨੁੱਖ ਭਿਆਨਕ ਜਲ -ਪ੍ਰਵਾਹ ਨੂੰ ਪਾਰ ਕਰ ਜਾਂਦਾ ਹੈ।[109] ਸ੍ਰੀ ਮਦ ਭਾਗਵਤ ਗੀਤਾ ਵਿਚ ਵੀ ਕਿਹਾ ਹੈ ਕਿ ਜੋ ਮਨੁੱਖ ਸਭ ਦੁਆਰਾਂ ਨੂੰ ਰੋਕ ਕੇ, ਯੋਗ ਧਾਰਣਾ ਵਿਚ ਸਥਿਤ ਹੋ ਕੇ ਆਪਣੇ ਪ੍ਰਾਣਾਂ ਨੂੰ ਦਿਮਾਗ਼ ਵਿਚ ਠਹਿਰਾ ਕੇ ਉਕਾਰ ਅੱਖਰ ਬ੍ਰਹਮ ਦਾ ਉਚਾਰਨ ਕਰਦਾ ਹੈ ਅਤੇ ਮੈਨੂੰ ਸਿਮਰਦਾ ਹੋਇਆ ਪਰਮਗਤੀ ਨੂੰ ਪ੍ਰਾਪਤ ਹੁੰਦਾ ਹੈ।[110]

ਇਸ ਤੋਂ ਬਾਅਦ ਵੈਸ਼ਣਵ ਧਰਮ ਦੀਆਂ ਵਿਭਿੰਨ ਸੰਪਰਦਾਵਾਂ ਵਿਚ ਵੀ ਓਮ, ਉਕਾਰ ਰਾਮ ਕ੍ਰਿਸ਼ਨ, ਰਾਧਾ, ਮੁਰਾਰਿ ਸਤਿਨਾਮ, ਗੋਬਿੰਦ ਆਦਿ ਸ਼ਬਦਾਂ ਨੂੰ ਪ੍ਰਭੂ ਦਾ ਨਾਮ ਮੰਨ ਕੇ ਨਾਮ ਭਗਤੀ ਕਿਸੇ ਨਾ ਕਿਸੇ ਰੂਪ ਵਿਚ ਪ੍ਰਚਲਿਤ ਰਹੀ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਨਾਮ ਤਾਂ ਮਨੁੱਖ ਦਾ ਆਪਣੀ ਸਹੂਲਤ ਲਈ ਲੋੜ ਅਨੁਸਾਰ ਕਲਪਿਤ ਕੀਤਾ ਹੋਇਆ ਚਿੰਨ੍ਹ ਹੈ। ਇਹ ਚਿਨ੍ਹ ਸੰਪੂਰਨ ਏਕਤਾ ਦਾ ਸੂਚਕ ਹੈ। ਨਾਮ ਭਗਤੀ ਦੇ ਅੰਤਰਗਤ ਨਿਰਗੁਣ ਨੂੰ ਦ੍ਰਿਸ਼ਟਮਾਨ ਅੱਖਰਾਂ ਦੁਆਰਾ ਵਿਅਕਤ ਕਰਨਾ, ਨਾਮਹੀਣ ਦਾ ਕੋਈ ਨਾਮ ਰਖਣਾ, ਜਾਂ ਉਸ ਦੇ ਪੂਰਬਲੇ ਨਾਮ ਨੂੰ ਸਿਮਰਨਾ ਆਉਂਦਾ ਹੈ। ਇਸ ਅੱਖਰੀ ਜਾਂ ਨਾਦਾਤਮਕ ਨਾਮ ਦੁਆਰਾ ਨਿਰਾਕਾਰ ਨੂੰ ਦ੍ਰਿੜ ਕਰਕੇ ਹਿਰਦੇ ਵਿਚ ਵਸਾਉਣਾ ਹੀ ਨਾਮ ਭਗਤੀ ਹੈ।

ਡਾ. ਦਲੀਪ ਸਿੰਘ ਦੀਪ ਅਨੁਸਾਰ ਨਾਮ ਮੰਤਰ ਰੂਪ ਹੈ ਜਿਸਦਾ ਜਾਪ ਰਸਨਾ ਨਾਲ ਕੀਤਾ ਜਾਂਦਾ ਹੈ ਅਤੇ ਹੌਲੀ ਹੌਲੀ ਹਿਰਦੇ ਵਿਚ ਨਿਵਾਸ ਕਰਕੇ ਅਜਪਾ ਜਾਪ ਬਣ ਜਾਂਦਾ ਹੈ।[111]

ਅਸਲ ਵਿਚ ਨਾਮ ਉਹ ਸ਼ਬਦ ਹੈ ਜੋ ਇਕ ਸਾਧਕ ਆਪਣੇ ਗੁਰੂ ਕੋਲੋਂ ਉਸ ਦੀ ਸ਼ਬਦ-ਕਮਾਈ ਵਿਚੋਂ ਦੀਖਿਆ ਲੈਂਦਾ ਹੈ। ਇਹ ਸ਼ਬਦ ਕੇਵਲ ਉਚਾਰਨ ਨਹੀਂ ਇਹ ਅੰਗਮੀ ਰਾਹ ਦਾ ਪ੍ਰਤੀਕ ਹੈ। ਇਸ ਦੇ ਜਪਣ ਦੀ ਜੁਗਤੀ ਤੇ ਭਾਵਨਾ ਵੀ ਇਸਦੇ ਅੰਤਰਗਤ ਹੀ ਆਉਂਦੀ ਹੈ। ਇਸ ਤਰ੍ਹਾਂ ਨਾਮ ਰਸਨਾ ਦੁਆਰਾ ਉਚਾਰਿਆ ਜਾਣ ਵਾਲਾ ਰਾਮ, ਰਹੀਮ, ਉਕਾਰ ਆਦਿ ਜਿਹਾ ਸਥੂਲ ਨਹੀਂ ਸਗੋਂ ਆਲੌਕਿਕ ਵਸਤੂ ਜਾਂ ਸ਼ੁਕਤੀ ਹੈ। ਜੋ ਇਸ ਸ਼ਬਦ ਤੋਂ ਹੀ ਪ੍ਰਾਪਤ ਹੁੰਦੀ ਹੈ। ਹਰ ਗੁਰੂ

ਨਾਮ ਗੁਪਤ ਰੱਖਣ ਦਾ ਆਦੇਸ਼ ਆਪਣੇ ਸਾਧਕਾਂ ਨੂੰ ਦਿੰਦਾ ਹੈ ਇਸ ਲਈ ਇਸ ਦੇ ਬਾਰੇ ਬਹੁਤ ਕੁਝ ਨਹੀਂ ਕਿਹਾ ਜਾ ਸਕਦਾ ਹਾਂ ਇਕ ਸਪੱਸ਼ਟ ਤੇ ਸਰਲ ਹਿਰਦੇ ਤੋਂ ਜੋ ਪਤਾ ਲਗਾ ਹੈ ਉਸ ਦੇ ਅਨੁਸਾਰ ਉਕਾਰ, ਸਤਿਨਾਮ, ਓਮ, ਓਮ ਨਮੋਂ ਸ਼ਿਵਾਯ ਆਦਿ ਵੀ ਨਾਮ ਭਗਤੀ ਦੇ ਸ਼ਬਦ ਹਨ। ਇਹ ਸਭ ਸ਼ਬਦ ਬ੍ਰਹਮ ਦੇ ਸੂਚਕ ਹਨ। ਉਸ ਪ੍ਰਭੂ ਦੇ ਰੂਪ, ਗੁਣ ਨੂੰ ਦਰਸਾਉਂਦਾ ਪੂਰਾ ਪਦ ਵੀ ਨਾਮ ਭਗਤੀ ਲਈ ਸ਼ਬਦ ਹੈ। ਕਈਆਂ ਗੁਰਮੁੱਖਾਂ ਅਨੁਸਾਰ ਸਮੁੱਚੀ ਬਾਣੀ ਹੀ ਸ਼ਬਦ ਹੈ ਜਿਵੇਂ ਸੁਖਮਣੀ ਸਾਹਿਬ ਵਿਚ ਤਕਰੀਬਨ 24000 ਸ਼ਬਦ ਹਨ ਇਸ ਦਾ ਇਕ ਪਾਠ ਸਾਰੇ ਦਿਨ ਦੇ ਸਵਾਸ ਸਵਾਸ ਸ਼ਬਦ ਸਿਮਰਨ ਦੇ ਤੁਲ ਹੈ ਕਿਉਂਕਿ ਮਨੁੱਖ ਹਰ ਰੋਜ਼ ਤਕਰੀਬਨ ਏਨੇ ਹੀ ਸਵਾਸ ਲੈਂਦਾ ਹੈ। ਪਰੰਤੂ ਸੂਖਮ ਦ੍ਰਿਸ਼ਟੀ ਤੋਂ ਨਾਮ ਉਹ ਸ਼ਬਦ ਜਾਂ ਅੱਖਰ ਹੀ ਹੈ ਜਿਸਦੀ ਧੁਨੀ ਸ਼ਬਦ ਬ੍ਰਹਮ ਨਾਲ ਇਕਸੁਰ ਹੋ ਦਸਵੇਂ ਦੁਆਰੇ ਤੋਂ ਸਾਧਕ ਨੂੰ ਆਨੰਦ ਦੀ ਅਨੁਭੂਤੀ ਕਰਵਾਉਂਦੀ ਹੈ।

ਗੁਰੂ ਰਵਿਦਾਸ ਜੀ ਦੀ ਨਾਮ ਭਗਤੀ ਉਨ੍ਹਾਂ ਦੇ ਹਿਰਦੇ ਦੀ ਤਰ੍ਹਾਂ ਸਰਲ ਤੇ ਸਪੱਸ਼ਟ ਹੈ। ਉਹ ਸ਼ਬਦ ਜਿਸ ਨੂੰ ਅੱਜ ਤਕ ਦੇ ਗੁਰੂ ਗੁਪਤ ਰਖਦੇ ਰਹੇ ਹਨ ਉਸਨੂੰ ਗੁਰੂ ਜੀ ਨੇ ਆਮ ਲੋਕਾਈ ਦੇ ਕਲਿਆਣ ਹਿੱਤ ਸਦਾ ਸਦਾ ਲਈ ਪ੍ਰਗਟ ਕਰ ਦਿੱਤਾ। ਗੁਰੂ ਰਵਿਦਾਸ ਜੀ ਦੇ ਗੁਰੂ ਰਾਮਾਨੰਦ ਵੀ ਮਹਿਮਾ ਦੇ ਪਾਤਰ ਹਨ ਜਿਨ੍ਹਾਂ ਨੇ ਆਪਣੇ ਸ਼ਿਸ਼ ਨੂੰ ਸ਼ਬਦ ਗੁਪਤ ਰਖਣ ਲਈ ਨਹੀਂ ਕਿਹਾ। ਗੁਰੂ ਰਵਿਦਾਸ ਜੀ ਸਪੱਸ਼ਟ ਲਿਖਦੇ ਹਨ ਕਿ ਇਹ ਮੰਤਰ ਮੈਨੂੰ ਆਪਣੇ ਗੁਰੂ ਤੋਂ ਪ੍ਰਾਪਤ ਹੋਇਆ। ਇਸ ਦਾ ਮੇਰੀ ਰਸਨਾ ਨਿੱਤ ਜਾਪ ਕਰਦੀ ਹੈ ਅਤੇ ਇਸ ਤੋਂ ਮੈਨੂੰ ਅਮੀਰਸ ਜਾਂ ਰਾਮ ਰਸ ਦੀ ਪ੍ਰਾਪਤੀ ਹੋਈ ਹੈ। ਹੁਣ ਮੇਰਾ ਦੁਲਭ ਜਨਮ ਬਿਰਥਾ ਨਹੀਂ ਜਾਵੇਗਾ ਮੈਂ ਭੌ-ਸਾਗਰ ਨੂੰ ਤਰ ਲਵਾਂਗਾ ।

1. ਰਾ ਰੈ ਰਾਮ ਮੋਹਿ ਗੁਰੂ ਰਾਮਾ ਦੀਨ ਹੌ, ਨਾਂਹਿ ਇਹੁ ਮੰਤਰ ਬਿਸਰਾਉ ॥
   ਕਹੈ ਰਵਿਦਾਸ ਰਰੰਕਾਰ ਜਪਤਹਿੰ, ਭੌ ਸਾਗਰ ਤਰਿ ਜਾਊ ॥[112]
2. ਰੇ ਪਇਓ ਰੈ ਰਾਮ ਅਭੀ ਰਸ ॥ ਟੇਕ ॥
   ਰਸ ਜਿਨਿ ਮਗਨ ਹੈਵ ਰਹਿਯਾ ਰਰੰਕਾਰ ਰਾਖੇ ਨਿਤ ਰਸਨਾ ॥
   ਇਹ ਰਸ ਪੀਣਾ ਰਾਮ ਰਸ ਬੂਝੋਂ, ਅਪੁ ਮਗਨ ਰਹਿ ਹੈਵ ਦਿਨ ਰੈਨਾ ॥[113]

ਗੁਰੂ ਰਵਿਦਾਸ ਜੀ ਅਨੁਸਾਰ ਸਭ ਗ੍ਰੰਥਾਂ ਸ਼ਾਸਤਰਾਂ ਦਾ ਗਿਆਨ ਚੌਤੀ ਅੱਖਰਾਂ ਤਕ ਮਹਿਦੂਦ ਹੈ। ਰਿਸ਼ੀ ਵੇਦ ਵਿਆਸ ਨੇ ਵੀ ਚਾਰ ਵੇਦਾਂ ਵਿਚੋਂ ਜੋ ਸਾਰ ਵਸਤੂ ਨਿਚੋੜ ਕੇ ਕੱਢੀ ਹੈ ਉਹ ਹੀ ਨਾਮ ਭਗਤੀ ਜਾਂ ਸ਼ਬਦ ਦੀ ਕਮਾਈ ਹੈ। ਗੁਰੂ ਜੀ ਲਿਖਦੇ ਹਨ ਕਿ :

ਨਾਨਾ ਖਿਆਨ ਪੁਰਾਨ, ਬੇਦ ਬਿਧਿ, ਚਉਤੀਸ ਅਖਰ ਮਾਂਹੀ ॥
ਬਿਆਸ ਬਿਚਾਰਿ ਕਹਿਓ ਪਰਮਾਰਥੁ, ਰਾਮ ਨਾਮ ਸਰਿ ਨਾਹੀ ॥[114]

ਨਾਮ ਸਾਧਕ ਨੂੰ ਭਵ-ਸਾਗਰ ਤੋਂ ਤਾਰਨ ਵਾਲਾ ਪਰਮਾਨੰਦ ਪ੍ਰਦਾਨ ਕਰਨ ਵਾਲਾ,

ਅਨਹਦ-ਨਾਦ ਦੀ ਅਨੁਭੂਤੀ ਕਰਾਉਣ ਵਾਲਾ ਅਤੇ ਪ੍ਰਭੂ ਪ੍ਰਾਪਤੀ ਦਾ ਇਕੋ ਇਕ ਸਾਧਨ ਹੈ। ਇਸ ਲਈ ਸੰਤਾਂ ਦੇ ਮਾਰਗ ਨੂੰ ਨਾਮ ਮਾਰਗ ਜਾਂ ਸ਼ਬਦ ਮਾਰਗ ਵੀ ਕਿਹਾ ਜਾਂਦਾ ਹੈ।[115]

ਨਾਮ ਭਗਤੀ ਹੀ ਸੰਤਾਂ ਦਾ ਭਗਤੀ-ਮਾਰਗ ਹੈ। ਇਸ ਦੇ ਤੁਲ ਹੋਰ ਕੋਈ ਭਗਤੀ ਨਹੀਂ। ਭਾਗਵਤ ਪੁਰਾਣ ਵਿਚ ਵਰਨਣ ਹੈ ਕਿ ਜੋ ਕੁਝ ਸਤਿਯੁਗ ਵਿਚ ਵਿਸ਼ਨੂੰ ਦੇ ਧਿਆਨ ਨਾਲ, ਤ੍ਰੇਤੇ ਵਿਚ . ਯੱਗ ਕਰਨ ਨਾਲ ਅਤੇ ਦੁਆਪਰ ਵਿਚ ਸੇਵਾ ਕਰਨ ਨਾਲ ਪ੍ਰਾਪਤ ਹੁੰਦਾ ਸੀ ਉਹ ਸਭ ਕੁਝ ਕਲਯੁੱਗ ਵਿਚ ਹਰੀ ਦੇ ਕੀਰਤਨ ਨਾਲ ਪ੍ਰਾਪਤ ਹੋ ਜਾਂਦਾ ਹੈ।[116] ਗੁਰੂ ਰਵਿਦਾਸ ਜੀ ਮੌਲਿਕ ਅਤੇ ਵਿਲੱਖਣ ਵਿਚਾਰਧਾਰਾ ਉਪਰੋਕਤ ਸੰਦਰਭ ਵਿਚ ਵਿਸ਼ੇਸ਼ ਸਥਾਨ ਰਖਦੀ ਹੈ। ਗੁਰੂ ਰਵਿਦਾਸ ਜੀ ਅਨੁਸਾਰ ਸਤਿਯੁਗ ਵਿਚ ਸਤ ਵਰਤ ਪਾਲਨ ਕਰਨ, ਤ੍ਰੇਤਾ ਯੁਗ ਵਿਚ ਯਗ ਕਰਨ ਅਤੇ ਦੁਆਪਰ ਯੁਗ ਵਿਚ ਪੂਜਾਪਾਠ ਤੇ ਜ਼ੋਰ ਸੀ ਪਰ ਕਲਯੁਗ ਵਿਚ ਕੇਵਲ ਨਾਮ ਦਾ ਹੀ ਇਕ ਮਾਤਰ ਮਾਰਗ ਹੈ:

ਸਤਜੁਗਿ ਸਤੁ ਤੇਤਾ ਜਗੀ, ਦੁਆਪਰਿ ਪੂਜਾਚਾਰ ॥
ਤੀਨੌ ਜੁਗ ਤੀਨੌ ਦਿੜੇ, ਕਲਿ ਕੇਵਲ ਨਾਮ ਅਧਾਰ ॥[117]

ਨਾਮ ਭਗਤੀ ਗੁਰੂ ਰਵਿਦਾਸ ਜੀ ਦਾ ਪ੍ਰਾਣ-ਆਧਾਰ ਹੈ ਅਤੇ ਜੀਵਨ ਦਾ ਧਨ ਹੈ। ਇਸ ਲਈ ਉਨ੍ਹਾਂ ਰਾਮ ਨਾਮ ਤੋਂ ਬਿਨਾਂ ਸਭ ਕੁਝ ਭਰਮ ਲਗਦਾ ਹੈ, ਮ੍ਰਿਗ ਤ੍ਰਿਸ਼ਨਾ ਲਗਦੀ ਹੈ।

1. ਮੇਰਿ ਅਧਾਰੁ ਨਾਮ ਨਾਰਾਇਨ, ਜੀਵਨ ਪ੍ਰਾਨ ਧਨ ਮੋਰੇ ॥[118]
2. ਰਾਮ ਨਾਮ ਬਿਨ ਜੋ ਕਛੁ ਕਰੀਐ, ਸੋ ਸਬ ਭਰਮ ਕਹਾਈ ॥[119]

ਗੁਰੂ ਰਵਿਦਾਸ ਅਨੁਸਾਰ ਜਮਾਂ ਦੀ ਫਾਹੀ ਕਟਣ ਲਈ ਇਕੋ ਇਕ ਨਾਮ-ਮਾਰਗ ਹੈ। ਇਹ ਉਸ ਅਜਰ, ਅਮਰ ਨੂੰ ਪ੍ਰਾਪਤ ਕਰਨ ਦਾ ਸਰਵਸ੍ਰੇਸ਼ਠ ਧਰਮ-ਕਰਮ ਹੈ।

1. ਰਵਿਦਾਸ ਜਪੈ ਰਾਮ ਨਾਮਾ, ਮੋਹਿ ਜਮ ਸਿਉ ਨਾਹੀ ਕਾਮਾ ॥[120]
2. ਕਹਿ ਰਵਿਦਾਸ ਸਭੈ ਜਗੁ ਲੂਟਿਆ ॥
   ਹਮ ਤਉ ਏਕ ਰਾਮ ਕਹਿ ਛੂਟਿਆ ॥[121]

ਨਾਮ ਸਭ ਦੇ ਅੰਦਰ ਹੈ, ਇਹ ਪਵਿੱਤਰਤਾ ਦਾ ਪੁੰਜ ਹੈ। ਇਸ ਦੇ ਨਾਲ ਅੰਤਰ ਗਿਆਨ ਪ੍ਰਕਾਸ਼ ਹੁੰਦਾ ਹੈ ਜਿਸ ਨਾਲ ਆਪੇ ਦੀ ਪਹਿਚਾਣ ਹੁੰਦੀ ਹੈ ਅਤੇ ਸਭ ਸੁਖਾਂ ਦੀ ਨਿਧੀ ਪ੍ਰਾਪਤੀ ਹੁੰਦੀ ਹੈ। ਨਾਮ-ਭਗਤੀ ਸਭ ਇਛਾਵਾਂ ਪੂਰਨ ਕਰਨ ਵਾਲਾ ਚਿੰਤਾਮਣੀ ਹੈ, ਚਾਹੇ ਸੰਤਾਂ ਨੂੰ ਇਨ੍ਹਾਂ ਰਿਧੀਆਂ ਸਿਧੀਆਂ ਦੀ ਜ਼ਰੂਰਤ ਨਹੀਂ ਹੁੰਦੀ ਪਰੰਤੂ ਨਾਮ-ਭਗਤੀ ਸਦਕਾ ਸਭ ਕੁਝ ਉਨ੍ਹਾਂ ਦੇ ਤਲੀ ਤੇ ਹੁੰਦਾ ਹੈ:

1. ਰਾਮ ਨਾਮ ਹਿਰਦੇ ਬਸੈ, ਸਬ ਸੁਖ ਨਿਧੀ ਸਾਰ ॥[122]

ਨਾਮ ਭਗਤੀ ਰਾਹੀਂ ਹੀ ਮਾਇਆ ਦੇ ਤ੍ਰਿਵਿਧ ਤਾਪ ਤੋਂ ਛੁਟਕਾਰਾ ਪ੍ਰਾਪਤ ਹੁੰਦਾ ਹੈ।

ਇਸ ਤਰ੍ਹਾਂ ਗੁਰੂ ਦੇ ਸ਼ਬਦ ਰੂਪੀ ਬੇੜੀ ਰਾਹੀਂ ਸੰਸਾਰ ਸਾਗਰ ਨੂੰ ਪਾਰ ਕੀਤਾ ਜਾ ਸਕਦਾ ਹੈ। ਗੁਰੂ ਜੀ ਅਨੁਸਾਰ ਸ਼ਬਦ ਦੇ ਅਭਿਆਸ ਨਾਲ ਹੀ ਭਗਤੀ ਵਿਚ ਦ੍ਰਿੜਤਾ ਆਉਂਦੀ ਹੈ:

ਤ੍ਰਿਵਿਧ ਸੰਸਾਰ ਕਵਨ ਬਿਧਿ ਤਿਰਬੋ,ਜੇ ਦਿੜ ਨਾਵ ਨ ਗਹੈਂ ਰੇ ਰੇ ॥
ਕਹੈ ਰਵਿਦਾਸ ਰਾਮ ਜਪ ਰਸਨਾ, ਮਾਇਆ ਕਾਹੂ ਕੇ ਸੰਗ ਨ ਰਹੇ ਰੇ ॥[123]

ਗੁਰੂ ਰਵਿਦਾਸ ਜੀ ਅਨੁਸਾਰ ਪ੍ਰਭੂ ਦੇ ਨਾਮ ਤੋਂ ਬਿਨਾਂ ਪੂਜਾ ਪਾਠ ਦੇ ਸਾਰੇ ਬਾਹਰਮੁਖੀ ਵਿਸਥਾਰ ਝੂਠੇ ਹਨ ਅਤੇ ਫੋਕਟ ਆਡੰਬਰ ਹਨ। ਗੁਰੂ ਜੀ ਅਨੁਸਾਰ ਆਰਤੀ ਦੀ ਸਾਮਗਰੀ ਸਭ ਕੁਝ ਨਾਮ ਹੀ ਹੈ। ਗੀਤਾ ਵਿਚ ਵੀ ਭਗਵਾਨ ਕ੍ਰਿਸ਼ਨ ਨੇ ਕਿਹਾ ਹੈ ਕਿ ਕੇਵਲ ਮੇਰੀ ਭਗਤੀ ਕਰਨ ਵਾਲਾ ਮੈਨੂੰ ਪ੍ਰਾਪਤ ਹੁੰਦਾ ਹੈ। ਮੈਂ ਹੀ ਯੱਗ, ਔਸ਼ਧ, ਮੰਤ੍ਰ, ਅਗਨੀ ਅਤੇ ਹਵਨ ਹਾਂ।"[124] ਗੁਰੂ ਰਵਿਦਾਸ ਜੀ ਦੀ ਵੀ ਨਾਮ ਸੰਬੰਧੀ ਵਿਚਾਰਧਾਰਾ ਭਗਵਤ ਗੀਤਾ ਨਾਲ ਮੇਲ ਖਾਂਦੀ ਹੋਈ ਵੀ ਵਿਲੱਖਣਤਾ ਰਖਦੀ ਹੈ। ਗੁਰੂ ਜੀ ਲਿਖਦੇ ਹਨ:

ਨਾਮ ਤੇਰੋ ਆਰਤੀ ਮਜਨੁ ਮੁਰਾਰੇ ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਸਾਰੇ ॥
ਨਾਮੁ ਤੇਰੋ ਆਸਨੋ ਨਾਮੁ ਤੇਰੋ ਉਰਸਾ ॥
ਨਾਮੁ ਤੇਰਾ ਕੇਸਰੋ ਲੇ ਛਿਟਕਾਰੇ ॥

..... ..... .....

ਕਹੈ ਰਵਿਦਾਸ ਨਾਮੁ ਤੇਰੋ ਆਰਤੀ, ਸਤਿਨਾਮ ਹੈ ਹਰਿ ਭੋਗ ਤੁਹਾਰੇ॥[125]

ਨਾਮ ਭਗਤੀ ਦੀ ਮਹਿਮਾ ਦਾ ਸਤ ਦੀਪਾਂ ਤਕ ਜਸ ਗਾਇਆ ਜਾਂਦਾ ਹੈ। ਨਾਮ ਦੇ ਕਾਰਨ ਹੀ ਕਬੀਰ ਨੇ ਪ੍ਰਸਿੱਧੀ ਪ੍ਰਾਪਤ ਕੀਤੀ। ਨਾਮ ਕਾਰਨ ਹੀ ਪ੍ਰਭੂ ਨੇ ਦਰੋਪਤੀ ਦੀ ਲਾਜ ਰਖੀ। ਪ੍ਰਹਿਲਾਦ ਦੀ ਨਾਮ ਭਗਤੀ ਸਦਕਾ ਪ੍ਰਭੂ ਨੇ ਥੰਮ ਪਾੜ ਕੇ ਉਸਦੀ ਰਖਿਆ ਕੀਤੀ । ਧ੍ਰੂਵ ਨੂੰ ਨਾਮ ਰੂਪੀ ਸ਼ਿਰੋਮਣੀ ਭਗਤੀ ਸਦਕਾ ਅਟੱਲ ਪਦ ਦੀ ਪ੍ਰਾਪਤੀ ਹੋਈ, ਰਾਮ ਨਾਮ ਉਚਰਨ ਨਾਲ ਗਜ ਦਾ ਫੰਦਾ ਪਲਾਂ ਵਿਚ ਛੁਟ ਗਿਆ, ਨਾਮ ਨੇ ਕਈਆਂ ਨੂੰ ਉਨਮਨ ਅਵਸਥਾ ਪ੍ਰਦਾਨ ਕੀਤੀ।[126] ਗੁਰੂ ਰਵਿਦਾਸ ਜੀ ਅਨੁਸਾਰ ਨਾਮ ਸਦਕਾ ਗੁਰੂ ਗੌਤਮ ਵਾਸਦੇਵ, ਵਿਸ਼ਵਾਮਿਤ੍ਰ, ਵਿਆਸ, ਰਿਸ਼ੀ ਜਮਦਗਨਿ ਸਹਿੰਗੀ ਰਿਸ਼ੀ ਦਰਵਾਸਾ, ਰਿਸ਼ੀ ਮਾਰਕੰਡੇ , ਰਿਸ਼ੀ ਬਾਲਮੀਕ, ਰਿਸ਼ੀ ਕਪਲਿ ਗੁਰੂ ਰਾਜਾਨਨ, ਮੁਨੀ ਅਗਸਤਿ, ਪਾਰਾਸ਼ੁਰ ਰਿਸ਼ੀ ਜੜਭਰਥ, ਸੁੰਭ ਰਿਸ਼ੀ, ਰਿਸ਼ੀ ਵਿਸਿਸ਼ਠ, ਪ੍ਰਹਿਲਾਦ ਰਿਸ਼ੀ ਨਾਰਦ। ਵਿਦੁਰ, ਭੀਸ਼ਮ, ਉਧਵ, ਵਾਸਦੇਵ, ਅੰਗਤ, ਭਰਥ, ਰੁਕਮਾਂਗਦ, ਨਾਮਦੇਵ ਆਦਿ ਅਤੇ ਹੋਰ ਅਣਗਿਣਤ ਪ੍ਰਭੂ ਨੂੰ ਪ੍ਰਾਪਤ ਹੋਏ:-

1. ਅਹੋ ਦੇਵ ਤੇਰੋ ਅਮਿਤ ਮਹਿਮਾ ਮਹਾਦੇਵ ॥
ਮਾਯਾ ਮਨ ਜੋਬਨ ਦੁਹਨਾ ਕਲਿਖ ਕਲਿਰਾਤਮ

ਸਕਲ ਸੰਸੇ ਸਮਾਨ,ਨਿਰਵਾਣ ਪਦ ਭਵਨ,ਨਾਮ ਥਿਘਨੌ ਆਪ
ਪਵਨ ਪਾਤਮ
ਅਹੋ ਦੇਵ ਗੁਰੂ ਗੌਤਮ,ਵਾਮਦੇਵ ਵਿਸਵਾਮਿਤ੍ਰ ਵਿਆਸ ॥[127]

2. ਬਿਆਸ ਮਹਿ ਲੇਖੀਏ ਸਨਕ ਮਹਿ ਪੇਖੀਐ ॥
ਨਾਮ ਦੀ ਨਾਮਨਾ ਸਪਤ ਦੀਪਾ ॥[128]

ਗੁਰੂ ਰਵਿਦਾਸ ਜੀ ਅਨੁਸਾਰ ਨਾਮ ਤੋਂ ਬਿਨਾਂ ਮਨੁੱਖੀ ਜੀਵਨ ਅਧੂਰਾ ਹੈ ਜਿਵੇਂ ਅੱਖਾਂ ਤੋਂ ਬਿਨਾਂ ਸਰੀਰ ਚੰਦਰਮੇ ਤੋਂ ਬਿਨਾਂ ਰਾਤ, ਪੰਖ ਤੋਂ ਬਿਨਾਂ ਪੰਛੀ, ਪਾਣੀ ਤੋਂ ਬਿਨਾਂ ਮਛਲੀ ਦੀ ਅਵਸਥਾ ਹੁੰਦੀ ਹੈ। ਇਸ ਤਰ੍ਹਾਂ ਹੀ ਪ੍ਰਭੂ ਨਾਮ ਬਿਨ ਜੀਵਨ ਦਾ ਕੋਈ ਹੱਜ ਨਹੀਂ। ਇਸ ਲਈ ਸਾਧਕ ਨੂੰ ਪ੍ਰਭੂ ਦੇ ਮਜੀਠ ਰੰਗ ਵਿਚ ਆਪਾ ਰੰਗਣਾ ਚਾਹੀਦਾ ਹੈ। ਜੋ ਸੰਤ, ਭਗਤ ਇਸ ਰੰਗ ਵਿਚ ਰੱਤੇ ਜਾਂਦੇ ਹਨ ਉਨ੍ਹਾਂ ਨੂੰ ਹੋਰ ਸੰਸਾਰਿਕ ਰੰਗ ਚੰਗੇ ਨਹੀਂ ਲਗਦੇ। ਨਾਮ ਤੋਂ ਸਖਣੇ ਮਨੁੱਖਾਂ ਨੂੰ ਅੰਤ ਨੂੰ ਪਛਤਾਉਣਾ ਪੈਂਦਾ ਹੈ। ਇਸ ਤਰ੍ਹਾਂ ਸਾਡੇ ਜੀਵਨ ਵਿਚ ਨਾਮ ਦਾ ਬਹੁਤ ਮਹੱਤਵ ਹੈ:-

ਧ੍ਰਿਗ ਧ੍ਰਿਗ ਜੀਵਣੁ ਰਾਜੇ ਰਾਮ ਬਿਨਾਂ
ਦੇਹਿ ਨੈਨ ਵਿਨੁ,ਚੰਦ ਰੈਨ ਵਿਨੁ,ਜਿਉ ਮੀਨਾ ਗਹਿਰੂ ਜਲ ਵਿਨਾ ॥[129]

ਪਰਮਾਤਮਾ ਦੀ ਨਾਮ ਭਗਤੀ ਸਦਕਾ ਸਾਧਕ ਨੂੰ ਆਨੰਦਮਈ ਅਚਲ ਰਾਸ਼ੀ ਪ੍ਰਾਪਤ ਹੋ ਜਾਂਦੀ ਹੈ ਉਹ ਸਹਿਜ ਅਵਸਥਾ ਦਾ ਧਾਰਨੀ ਹੋ ਜਾਂਦਾ ਹੈ। ਦੁੱਖਾਂ ਤੋਂ ਸਦਾ ਸਦਾ ਲਈ ਛੁਟਕਾਰਾ ਪ੍ਰਾਪਤ ਹੋ ਜਾਂਦਾ ਹੈ। ਆਵਾਗਵਨ ਦਾ ਲੇਖਾ ਮੁਕ ਜਾਂਦਾ ਹੈ। ਸਾਖਿਆਤ ਪ੍ਰਭੂ ਦੇ ਦਰਸ਼ਨ ਪ੍ਰਾਪਤ ਹੋ ਜਾਂਦੇ ਹਨ ਅਤੇ ਫਿਰ ਅਜਿਹੀ ਅਵਸਥਾ ਵਿਚ ਪ੍ਰਭੂ ਦੀ ਨਾਮ ਭਗਤੀ ਕਿਵੇਂ ਛੁਟ ਸਕਦੀ ਹੈ:

ਅਬ ਕੈਸੇ ਛੂਟੇ ਨਾਮ ਰਟ ਲਾਗੀ ॥
ਪ੍ਰਭੂ ਜੀ ਤੁਮ ਚੰਦਨ ਹਮ ਪਾਨੀ, ਜਾਕੀ ਬਾਸ ਅੰਗ ਅੰਗ ਸਮਾਨੀ ॥[130]

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗੁਰੂ ਰਵਿਦਾਸ ਜੀ ਦੀ ਨਾਮ ਭਗਤੀ ਆਪਣੇ ਆਪ ਵਿਚ ਪੂਰਨ ਭਗਤੀ ਹੈ। ਇਹ ਸੂਖਮ ਭਗਤੀ ਹੈ ਜਿਸ ਦਾ ਸੰਬੰਧ ਸ਼ਬਦ ਬ੍ਰਹਮ ਨਾਲ ਹੈ। ਇਹ ਪ੍ਰਭੂ- ਪ੍ਰੀਤਮ ਦੀ ਪ੍ਰਾਪਤੀ ਦਾ ਇਕੋ ਇਕ ਸਾਧਨ ਹੈ। ਇਸ ਭਗਤੀ ਦਾ ਜਸ ਤਿੰਨਾਂ ਲੋਕਾਂ ਵਿਚ ਹੈ। ਅਸਲ ਵਿਚ ਇਹ ਸੰਤ-ਮਾਰਗ ਹੈ।

4. ਪਾਦਸੇਵਨ ਭਗਤੀ:- ਭਗਤੀ ਦੇ ਦੋ ਰੂਪ ਹਨ - ਨਿਰਗੁਣ, ਸਗੁਣ। ਨਿਰਗੁਣ ਭਗਤੀ ਵਿਚ ਪ੍ਰਭੂ ਦੇ ਨਿਰਾਕਾਰ ਸਰੂਪ ਦਾ ਧਿਆਨ ਕੀਤਾ ਜਾਂਦਾ ਹੈ ਅਤੇ ਸਗੁਣ ਭਗਤੀ ਵਿਚ ਕਿਸੇ ਦੇਵੀ ਦੇਵਤੇ ਦੀ ਮੂਰਤੀ ਸਥਾਪਿਤ ਕਰਕੇ ਉਸ ਦੀ ਪੂਜਾ ਕਰਨਾ ਅਥਵਾ ਪ੍ਰਭੂ ਨੂੰ ਸਥੂਲ ਰੂਪ ਵਿਚ ਮੰਨ ਕੇ ਸਾਧਨਾ ਕਰਨਾ ਸਗੁਣ ਭਗਤੀ ਦੇ ਲੱਛਣ ਹਨ। ਪਾਦ ਸੇਵਨ ਭਗਤੀ ਪ੍ਰਭੂ ਦੇ ਸਗੁਣ, ਨਿਰਗੁਣ,

ਸਰੂਪ ਕਰਕੇ ਦੋ ਤਰ੍ਹਾਂ ਦੀ ਹੈ। ਇਸ ਸੇਵਾ ਦੇ ਲਈ ਸਗੁਣ ਭਗਤੀ ਦੇ ਸਮਰਥਕਾਂ ਨੇ ਭਗਵਾਨ ਦੇ ਬਾਹਰੀ ਜਾਂ ਪ੍ਰਤੱਖ ਸਰੂਪ ਉਪਰ ਵਿਸ਼ੇਸ਼ ਜ਼ੋਰ ਦਿੱਤਾ ਹੈ ਅਰਥਾਤ ਕਿਸੇ ਮੂਰਤੀ ਨੂੰ ਆਧਾਰ ਮੰਨ ਕੇ ਪਾਦਸੇਵਨ ਦਾ ਉਪਦੇਸ਼ ਦਿੱਤਾ। ਸ੍ਰੀ ਕ੍ਰਿਸ਼ਨ ਜੀ ਭਾਵੇਂ ਸਗੁਣ ਨਿਰਗੁਣ ਵਿਚ ਸਮਾਨ ਵਿਸ਼ਵਾਸ ਰਖਦੇ ਸਨ ਉਨ੍ਹਾਂ ਨੇ ਵੀ ਆਮ ਜਨ-ਸਾਧਾਰਣ ਲਈ ਸਗੁਣ ਪਾਦਸੇਵਨ ਦਾ ਹੀ ਉਪਦੇਸ਼ ਦਿੱਤਾ ਹੈ। ਨਿਰਗੁਣ ਭਗਤੀ ਦੇ ਸਮਰਥਕਾਂ ਵਿਚ ਅਜਿਹੇ ਸੰਕਲਪ ਦੀ ਅਣਹੋਂਦ ਹੈ। ਉਨ੍ਹਾਂ ਦਾ ਪਾਦਸੇਵਨ ਜਾਂ ਚਰਨ-ਬੰਦਨਾ ਸਥੂਲ ਨਹੀਂ ਸਗੋਂ ਸੂਖਮ ਹੈ। ਉਹ ਨਿਰੰਕਾਰ ਪ੍ਰਭੂ ਦੇ ਸੂਖਮ ਚਰਣਾਂ ਦੀ ਸੇਵਾ ਕਰਨ ਦੀ ਪ੍ਰੇਰਨਾ ਦਿੰਦੇ ਹਨ।

ਸਮੁੱਚੇ ਰੂਪ ਵਿਚ ਪ੍ਰਭੂ ਦੇ ਦਿਵਯ ਮੰਗਲਮਈ ਸਰੂਪ ਦੀ ਧਾਤੂ ਪੱਥਰ ਆਦਿ ਦੀ ਮੂਰਤੀ, ਚਿਤ੍ਰਪਟ ਅਤੇ ਮਾਨਸ-ਮੂਰਤੀ ਦੇ ਮਨੋਹਰ-ਚਰਣਾਂ ਦਾ ਸ਼ਰਧਾਪੂਰਵਕ ਦਰਸ਼ਨ, ਚਿੰਤਨ, ਪੂਜਨ, ਸੇਵਨ ਕਰਦੇ ਕਰਦੇ ਪ੍ਰਭੂ ਪ੍ਰੇਮ ਤੰਨਮਯ ਹੋ ਜਾਣਾ ਜਾਂ ਲੀਨ ਹੋ ਜਾਣਾ ਪਾਦਸੇਵਨ ਭਗਤੀ ਹੈ। ਪਾਦਸੇਵਨ ਭਗਤੀ ਸਗੁਣ ਭਗਤਾਂ ਵਿਚ ਵਧੇਰੇ ਪ੍ਰਚਲਿਤ ਹੈ। ਨਿੰਰਗੁਣਵਾਦੀ ਜਾਂ ਸਗੁਣਵਾਦੀ ਜਦੋਂ ਪ੍ਰਭੂ ਜਾਂ ਗੁਰੂ ਦੇ ਚਰਨਾਂ ਨੂੰ ਅਪ੍ਰਤੱਖ ਜਾਂ ਪ੍ਰਤੱਖ ਤੌਰ ਤੇ ਨਮਸਕਾਰ ਕਰਦੇ ਹਨ ਤਾਂ ਉਨ੍ਹਾਂ ਦੇ ਮਨ ਵਿਚ ਦਾਸ ਭਾਵ ਅਤੇ ਨਿਮਰਤਾ ਭਾਵ ਪੈਦਾ ਹੁੰਦਾ ਹੈ। ਇਸ ਤਰ੍ਹਾਂ ਉਹ ਨਿਰਮਾਣਤਾ ਸਦਕਾ ਹਉਮੈ ਦੀ ਭਾਵਨਾ ਦਾ ਤਿਆਗ ਕਰਕੇ ਪ੍ਰਭੂ -ਪ੍ਰੇਮ ਦੇ ਜਾਂ ਗੁਰੂ ਦੀ ਮਿਹਰ ਦੇ ਪਾਤਰ ਬਣ ਜਾਂਦੇ ਹਨ। ਸ੍ਰੀ ਮਦ ਭਾਗਵਤ ਵਿਚ ਵੀ ਕਿਹਾ ਗਿਆ ਹੈ "ਹੇ ਪ੍ਰਭੂ ! ਜਦ ਤਕ ਲੋਕ ਤੁਹਾਡੇ ਉਭੇ ਚਰਨ ਕਮਲਾਂ ਦਾ ਸੱਚੇ ਹਿਰਦੇ ਨਾਲ ਆਸਰਾ ਨਹੀਂ ਲੈਂਦੇ, ਤਦੋਂ ਤਕ ਧਨ, ਘਰ, ਮਿੱਤਰ ਆਦਿ ਨਾਲ ਨਿਮਿਤ ਭੈ, ਸ਼ੋਕ ਆਦਿ ਨਾਲ ਗ੍ਰਸਤ ਰਹਿੰਦੇ ਹਨ। ਭਗਵਾਨ ਦੀ ਚਰਨ-ਸ਼ਰਨ ਵਿਚ ਆਉਣ ਨਾਲ 'ਮੈਂ' ਦੀ ਭਾਵਨਾ ਨਸ਼ਟ ਹੁੰਦੀ ਹੈ।"[131]

ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਜੋ ਪਾਦ-ਸੇਵਨ ਭਗਤੀ ਦਾ ਜ਼ਿਕਰ ਕੀਤਾ ਗਿਆ ਹੈ ਉਹ ਸਥੂਲ ਮੂਰਤੀ ਦੀ ਪੂਜਾ ਨਹੀਂ ਸਗੋਂ ਨਿਰਗੁਣ ਬ੍ਰਹਮ ਦੀ ਮਾਨਸ ਮੂਰਤੀ ਵਿਚ ਸੁਰਤਿ ਜੋੜਨ ਦਾ ਨਾਮ ਹੈ। ਉਨ੍ਹਾਂ ਨੇ ਪ੍ਰਭੂ ਦੇ ਸੂਖਮ ਚਰਨਾਂ ਦੀ ਗੱਲ ਕੀਤੀ ਹੈ। ਅਤੇ ਦਸਿਆ ਹੈ ਕਿ ਪ੍ਰਭੂ ਦੇ ਚਰਨਾਂ ਵਿਚ ਹਮੇਸ਼ਾਂ ਧਿਆਨ ਲਗਾਉਣ ਨਾਲ ਹੀ ਪ੍ਰਭੂ ਦੀ ਨੇੜਤਾ ਪ੍ਰਾਪਤ ਹੁੰਦੀ ਹੈ। ਇਸ ਲਈ ਗੁਰੂ ਜੀ ਸਪਸ਼ਟ ਸ਼ਬਦਾਂ ਵਿਚ ਕਹਿੰਦੇ ਹਨ ਕਿ ਉਹ ਪ੍ਰਭੂ ਦੇ ਚਰਨ ਕਮਲਾਂ ਵਿਚ ਹਮੇਸ਼ਾਂ ਹਮੇਸ਼ਾਂ ਲਈ ਧਿਆਨ ਲਾਈ ਰਖਣਾ ਚਾਹੁੰਦੇ ਹਨ ਅਤੇ ਇਹ ਵੀ ਨਿਸਚਾ ਪ੍ਰਗਟ ਕਰਦੇ ਹਨ ਕਿ ਹੇ ਪਾਰਬ੍ਰਹਮ ਪਰਮੇਸ਼ੁਰ ਆਪਦੇ ਚਰਨ ਕਮਲਾਂ ਦੀ ਮੂਰਤ ਮੇਰੇ ਹਿਰਦੇ ਮੰਦਰ ਵਿਚ ਇਸ ਤਰ੍ਹਾਂ ਸਮਾ ਚੁੱਕੀ ਹੈ ਕਿ ਹੁਣ ਮੈਂ ਕਦੀ ਵੀ ਇਸਦਾ ਆਸਰਾ ਨਹੀਂ ਤਿਆਗਦਾ ਮੇਰਾ ਸਰੀਰ ਤਾਂ ਨਸ਼ਟ ਹੋ ਸਕਦਾ ਹੈ ਪਰੰਤੂ ਮੈਂ ਆਪਦੇ ਚਰਨ-ਕਮਲਾਂ ਨੂੰ ਨਹੀਂ ਛਡਾਂਗਾ। ਜੇ ਗੁਰੂ ਰਵਿਦਾਸ ਜੀ ਦੇ ਪ੍ਰਸੰਗ ਵਿਚ ਦੇਖਿਆ ਜਾਵੇ ਤਾਂ ਸਵਾਲ ਪੈਦਾ ਹੋ ਸਕਦਾ ਹੈ ਕਿ ਉਹ ਕਿਹੜੇ ਚਰਨ-ਕਮਲ ਹਨ ਜਿਸ

ਦੀ ਸ਼ਰਨ ਵਿਚ ਉਹ ਜਾਣਾ ਚਾਹੁੰਦੇ ਹਨ ਜਦ ਕਿ ਉਨ੍ਹਾਂ ਦਾ ਇਸ਼ਟ ਅਨਾਮ, ਅਰੂਪ, ਅਮੂਰਤ ਪਾਰਬ੍ਰਹਮ ਹੈ ਅਤੇ ਜਿਸ ਦੀ ਨਾ ਕੋਈ ਮੂਰਤ ਹੈ ਅਤੇ ਨਾ ਸੂਰਤ ਹੈ ਜਿਸਦਾ ਨਾ ਕੋਈ ਰੰਗ ਹੈ ਨਾ ਰੇਖ ਅਤੇ ਜਿਹੜਾ ਜਨਮ-ਮਰਨ ਦੇ ਚੱਕਰ ਵਿਚ ਨਹੀਂ ਆਉਂਦਾ। ਸਪੱਸ਼ਟ ਹੈ ਕਿ ਇਹ ਇਸ਼ਟ ਉਨ੍ਹਾਂ ਦੀ ਮਨ-ਬਾਣੀ ਉਤੇ ਛਾਇਆ ਹੋਇਆ ਹੈ ਉਹ ਅਨਾਦਿ, ਅਗਮ, ਅਗੋਚਰ ਵਿਰਾਟ ਪੁਰਸ਼ ਹੈ ਜਿਸ ਦੇ ਚਰਨਾਂ ਦੀ ਧਾਰਨਾ ਕੋਈ ਰਵਿਦਾਸ ਵਰਗਾ ਪਹੁੰਚਿਆ ਹੋਇਆ ਸੰਤ-ਮਨੀਸ਼ੀ ਹੀ ਕਲਪ ਸਕਦਾ ਹੈ। ਇਸ ਲਈ ਗੁਰੂ ਰਵਿਦਾਸ ਜੀ ਉਸ ਪਰਮ ਤਤ ਨਾਲ ਆਪਣਾ ਸੰਬੰਧ ਬਣਾਈ ਰਖਣ ਲਈ ਆਪਾ ਵਾਰਨ ਨੂੰ ਵੀ ਤਿਆਰ ਹਨ:

ਮੇਰੀ ਹਰਹੁ ਬਿਪਤਿ ਜਨੁ ਕਰਹੁ ਸੁਭਾਈ
ਚਰਣ ਨਾ ਛਾਡਉ ਸਰੀਰ ਕਲ ਜਾਈ ॥[132]

ਗੁਰੂ ਰਵਿਦਾਸ ਜੀ ਪ੍ਰਭੂ ਨਾਲ ਸਦੀਵੀ ਇਕਮਿਕਤਾ ਪ੍ਰਾਪਤ ਕਰਨ ਲਈ ਪ੍ਰਭੂ ਦੇ ਚਰਨਾਂ ਵਿਚ ਚਿੱਤ ਲਾਉਣ ਨੂੰ ਸਰਵੋਤਮ ਭਗਤੀ ਦਾ ਸਾਧਨ ਸਵੀਕਾਰ ਕਰਦੇ ਹਨ। ਉਹ ਪ੍ਰਭੂ ਦੇ ਚਰਨ ਕਮਲਾਂ ਵਿਚ ਸੁਰਤਿ ਲਗਾ ਕੇ ਉਸ ਦੀ ਸ਼ਰਨ ਵਿਚ ਰਹਿਣ ਨੂੰ ਹੀ ਪੂਰਣ ਭਗਤੀ ਮੰਨਦੇ ਹਨ:

ਬਾਪੁਰੋ ਸਤਿ ਰੈਦਾਸ ਕਹੈਂ ਰੇ,
ਗਿਆਨ ਬਿਚਾਰਿ ਚਰਨ ਚਿਤ ਲਾਵੈ
ਹਰਿ ਕੇ ਸਰਨਿ ਰਹੈ ਰੇ ॥[133]

ਚਰਨ ਸੇਵਾ ਨਿਮਰਤਾ ਦਾ ਭਾਵ ਪ੍ਰਗਟਾਉਂਦੀ ਹੈ ਨਿਮਰਤਾ ਵਿਚ ਚਰਨਾਂ ਤੇ ਝੁਕੀਦਾ ਹੈ। ਸ਼ਰਧਾਪੂਰਵਕ ਪ੍ਰਭੂ ਦੇ ਸੂਖਮ ਚਰਨਾਂ ਦੀ ਸੇਵਾ ਨਾਲ ਸਾਧਕ ਨੂੰ ਆਨੰਦ ਪ੍ਰਾਪਤ ਹੁੰਦਾ ਹੈ। ਸਾਧਕ ਪ੍ਰਭੂ-ਗਿਰਵਰ ਨੂੰ ਵੇਖ ਵੇਖ ਮੋਰ ਵਾਂਗ ਪੈਲਾ ਪਾਉਂਦਾ ਹੈ ਅਤੇ ਚਕੋਰ ਦੀ ਤਰ੍ਹਾਂ ਪ੍ਰਭੂ-ਚੰਦ ਨੂੰ ਤੱਕਦਾ ਨਹੀਂ ਥਕਦਾ। ਇਸ ਲਈ ਤਾਂ ਗੁਰੂ ਰਵਿਦਾਸ ਜੀ ਉਸ ਪਾਰਬ੍ਰਹਮ ਦੇ ਚਰਨ-ਕੰਵਲਾਂ ਦਾ ਭੌਰਾ ਬਨਣਾ ਲੋਚਦੇ ਹਨ;

ਮਨ ਸੁ ਮਧੁਕਰੁ ਕਰਉ ਚਰਨ ਹਿਰਦੇ ਧਰਉ ॥[134]

ਪ੍ਰਭੂ ਦੇ ਸੂਖਮ ਚਰਨਾਂ ਦੀ ਸੇਵਾ ਕਰਨ ਵਾਲਾ ਸਾਧਕ ਦਿਖਾਵੇ ਦੀ ਪੂਜਾ ਵਿਚ ਨਹੀਂ ਪੈਂਦਾ। ਪ੍ਰਭੂ ਦੇ ਚਰਨਾਂ ਦਾ ਧਿਆਨ ਉਸ ਦੇ ਵਿਵੇਕ-ਦੀਪ ਨੂੰ ਰੋਸ਼ਨ ਕਰ ਦਿੰਦਾ ਹੈ ਅਤੇ ਉਸ ਨੂੰ ਬਾਹਰੀ ਕਰਮ ਕਾਂਡ ਤੇ ਆਡੰਬਰ ਆਦਿ ਨਿਰਾਰਥਕਤਾ ਸੰਬੰਧੀ ਸੂਝ ਆ ਜਾਂਦੀ ਹੈ। ਉਹ ਸਗੁਣ ਬ੍ਰਹਮ ਦੇ ਅਵਿਅਕਤ ਸਰੂਪ ਤੋਂ ਜਾਣੂੰ ਹੋ ਜਾਂਦਾ ਹੈ ਉਸ ਦੇ ਮਨ ਵਿਚੋਂ ਸ਼ੰਕੇ ਭਰਮ ਆਦਿ ਦੀ ਨਿਵਿਰਤੀ ਹੋ ਜਾਂਦੀ ਹੈ ਅਤੇ ਉਹ ਆਪਣੇ ਆਪ ਕਹਿ ਉਠਦਾ ਹੈ:

ਬਾਹਾਡੰਬਰ ਤੋਂ ਕਬਹੂੰ ਨ ਜਾਨਿਉ,ਤੁਮ ਚਰਨਨ ਚਿਤ ਮੋਰਾ ॥

ਅਗੁਨ ਸਰਗੁਣ ਦੋ ਸਮਕਰਿ ਜਾਨਿਓ ਚੁਹ ਦਿਸ ਦਰਸਨ ਤੇਰਾ ।।[135]

ਪ੍ਰਭੂ ਦੇ ਚਰਨ ਕਮਲਾਂ ਦੀ ਓਟ ਲੈਣ ਵਾਲਾ ਕੰਵਲ ਫੁੱਲ ਦੀ ਤਰ੍ਹਾਂ ਸੰਸਾਰਿਕ ਮੋਹ ਮਾਇਆ ਤੋਂ ਨਿਰਲੇਪ ਰਹਿੰਦਾ ਹੈ ਉਸਦੀ ਤ੍ਰਿਸ਼ਨਾ ਮੁਕ ਜਾਂਦੀ ਹੈ ਅਤੇ ਪੰਚ-ਵਿਕਾਰਾਂ ਤੋਂ ਨਿਵਿਰਤੀ ਪ੍ਰਾਪਤ ਹੋ ਜਾਂਦੀ ਹੈ। ਜਦੋਂ ਪ੍ਰਭੂ-ਚਰਨ ਕੰਵਲਾਂ ਨੇ ਮਨ ਭੌਰੇ ਨੂੰ ਹੀ ਖੀਵਾ ਕਰ ਦਿੱਤਾ ਹੈ ਤਾਂ ਉਸ ਲਈ ਪਾਰਸਮਣੀ ਦੀ ਕੋਈ ਕੀਮਤ ਨਹੀਂ ਰਹਿ ਜਾਂਦੀ। ਇਥੇ ਪਾਰਸਮਣੀ ਦੇ ਪ੍ਰਸੰਗ ਵਿਚ ਇਹ ਗਲ ਵਿਚਾਰਨ-ਯੋਗ ਹੈ ਕਿ ਸ਼ਾਇਦ ਕੁਝ ਪਾਠਕਾਂ ਨੂੰ ਇਸ ਪ੍ਰਸੰਗ ਵਿਚ ਵਿਰੋਧਾਭਾਸ ਦਿਖਾਈ ਦੇਵੇ ਕਿਉਂਕਿ ਗੁਰੂ ਰਵਿਦਾਸ ਜੀ ਨੇ ਕਈ ਹੋਰ ਥਾਵਾਂ ਤੇ ਪਾਰਸਮਣੀ, ਚਿੰਤਾਮਣੀ ਦੀ ਪ੍ਰੋੜਤਾ ਕਰਦੇ ਹੋਏ ਨਜ਼ਰਆਉਂਦੇ ਹਨ। ਇਥੇ ਇਸ ਪ੍ਰਸੰਗ ਵਿਚ ਪਾਰਸਮਣੀ ਦੀ ਉਨ੍ਹਾਂ ਦੀ ਮੁਰਾਦ ਜਗਤ ਫੰਦਿਆਂ ਅਤੇ ਕਰਮਕਾਂਡਾਂ ਤੋਂ ਹੈ ਜਿਨ੍ਹਾਂ ਨਾਲ 'ਜੀਵ' ਕੇਵਲ ਬਾਹਰੀ ਜਗਤ ਵਿਚ ਖਚਿਤ ਹੋ ਕੇ ਰਹਿ ਜਾਂਦਾ ਹੈ ਅਤੇ ਪਰਮਪੁਰਸ਼ ਦੀ ਨੇੜਤਾ ਪ੍ਰਾਪਤ ਕਰਨਤੋਂਵਾਂਝਾ ਰਹਿ ਜਾਂਦਾ ਹੈ ਇਸ ਲਈ ਆਪ ਸਭ ਤਰ੍ਹਾਂ ਦੇ ਬੰਧਨ ਤੋੜ ਕੇ ਉਸ ਪਾਰਬ੍ਰਹਮ ਦੇ ਸਿਰ ਚਰਨਾਂ ਦੇ ਨਿਵਾਸਨੂੰਪ੍ਰਮੁੱਖਤਾ ਦਿੰਦੇ ਹਨ ਜਿਹੜੀ ਕਿ ਗੁਰੂ ਰਵਿਦਾਸ ਜੀ ਦੀ ਨਿਮਰਤਾ ਅਤੇ ਦਾਸ ਭਾਵਨਾ ਦੀ ਇਕ ਬਹੁਤ ਵੱਡੀ ਵਡਿਆਈ ਹੈ। ਇਸ ਵਿਚ ਕਿਸੇ ਵੀ ਪ੍ਰਕਾਰ ਦਾ ਵਿਰੋਧ ਕੇਵਲ ਉਨ੍ਹਾਂ ਲੋਕਾਂ ਨੂੰ ਭਾਸਦਾ ਹੈ ਜਿਹੜੇ ਗੁਰੂ ਰਵਿਦਾਸ ਬਾਣੀ ਦਾ ਕੇਵਲ ਬਾਹਰੀ ਰੂਪ ਹੀ ਦੇਖਦੇ ਹਨ:

ਪਾਰਸ ਮਨੀ ਮੁਹਿ ਰਤੁ ਨਾਹਿ ਭਾਵੇ,ਜਗ ਜੰਜਾਰ ਨਾ ਥੋਰਾ ॥
ਕਹਿ ਰਵਿਦਾਸ ਤਜਿ ਸਭਿ ਤ੍ਰਿਸ਼ਨਾ ਇਕ ਰਾਮ ਚਰਨ ਚਿਤ ਮੋਰਾ ॥[136]

ਗੁਰੂ ਰਵਿਦਾਸ ਜੀ ਅਨੁਸਾਰ ਪ੍ਰਭੂ ਦੇ ਚਰਨਾਂ ਵਿਚ ਚਿੱਤ ਲਾਉਣ ਵਾਲਾ ਅੰਤਰਮੁਖਤਾ ਪ੍ਰਾਪਤ ਕਰ ਲੈਂਦਾ ਹੈ ਅਤੇ ਉਹ ਪ੍ਰਭੂ ਨਾਲ ਆਪਣਾ ਮੂਲ ਸੰਬੰਧ ਸਥਾਪਿਤ ਕਰਕੇ ਜੀਵਨ ਮੁਕਤ ਹੋਇਆ ਬੈਕੁੰਠ ਵਿਚ ਸਥਾਨ ਪ੍ਰਾਪਤ ਕਰ ਲੈਂਦਾ ਹੈ। ਗੀਤਾ ਵਿਚ ਵਰਨਣ ਹੈ ਕਿ ਮੇਰਾ ਆਸਰਾ ਲੈ ਕੇ ਇਸਤਰੀ, ਵੈਸ਼, ਸੂਦਰ ਜੋ ਵੀ ਪਾਪ ਯੋਨੀ ਹਨ ਉਹ ਪਰਮ ਗਤੀ ਨੂੰ ਪ੍ਰਾਪਤ ਹੁੰਦੇ ਹਨ।[137] ਗੁਰੂ ਰਵਿਦਾਸ ਜੀ ਵੀ ਇਸ ਨਾਲ ਸਹਿਮਤੀ ਪ੍ਰਗਟ ਕਰਦੇ ਲਿਖਦੇ ਹਨ ਕਿ ਚਰਨ ਭਗਤੀ ਕਰਨ ਨਾਲ ਮੈਨੂੰ ਹਰੀ ਦੇ ਚਰਨਾਂ ਵਿਚ ਸਥਾਨ ਪ੍ਰਾਪਤ ਹੋ ਗਿਆ ਹੈ। ਸ੍ਰੀਮਦ ਭਾਗਵਤ ਵਿਚ ਵੀ ਵਰਨਣ ਹੈ ਕਿ ਭਗਤ ਜਨ ਪ੍ਰਭੂ ਦੇ ਚਰਨ-ਸ਼ਰਨ ਹੋਏ ਸਵਰਗ ਆਦਿ ਦੀ ਕਾਮਨਾ ਨਹੀਂ ਕਰਦੇ, ਉਹ ਨਾ ਹੀ ਮੋਖਸ਼ ਚਾਹੁੰਦੇ ਹਨ ਉਹ ਤਾਂ ਪ੍ਰਭੂ ਦੇ ਚਰਨ-ਸੇਵਨ ਵਿਚ ਹੀ ਸੰਲਗਨ ਰਹਿਣਾ ਚਾਹੁੰਦੇ ਹਨ।[138]ਗੁਰੂ ਰਵਿਦਾਸ ਜੀ ਨੇ ਵੀ ਸਪੱਸ਼ਟ ਕਿਹਾ ਹੈ ਕਿ ਪ੍ਰਭੂ ਦੀ ਚਰਨ ਭਗਤੀ ਨਾਲ ਇਕ ਸੂਦਰ ਨੂੰ ਹਰਿ ਚਰਨਾਂ ਵਿਚ ਨਿਵਾਸ ਪ੍ਰਾਪਤ ਹੋ ਗਿਆ ਹੈ। ਉਸ ਨੂੰ ਇਸ ਸੰਸਾਰ ਵਿਚ ਵੀ ਜੀਉਂਦੇ ਜੀ ਜੱਸ ਪ੍ਰਾਪਤ ਹੋਇਆ ਹੈ ਅਤੇ ਪਾਰ ਮੁਕਤੀ ਕਾਰਣ ਪ੍ਰਭੂ ਦੀ ਕਿਰਪਾ ਨਾਲ ਸਦੀਵੀ ਇਕਮਿਕਤਾ

ਵੀ ਪ੍ਰਾਪਤ ਹੋ ਗਈ ਹੈ:

1. ਤਾਂ ਥੈ ਭਲੋ ਸਵਾਨ ਕੌ ਸਤ੍ਰੁਹ, ਹਰਿ ਚਰਨਾਂ ਚਿੱਤ ਲਾਇਆ ਰੇ ॥
ਮੁਵਾ ਮੁਕਤਿ ਬੈਕੁੰਠਹ ਵਾਸਾ, ਜੀਵਤ ਇੰਹ ਜਸ ਪਾਇਆ ਰੇ ॥[139]

2. ਮੋਹਿ ਕੁਚਿਲ ਜਾਤਿ ਕੁਟਿਲ ਮੇ ਬਾਸ ॥
ਭਗਤ ਚਰਨ ਹਰਿ ਚਰਨ ਨਿਵਾਸ ॥[140]

ਪ੍ਰਭੂ ਨਾਲ ਸਦੀਵੀ ਇਕਮਿਕਤਾ ਅਤੇ ਇਕਸੁਰਤਾ ਬਣਾਈ ਰਖਣ ਲਈ ਗੁਰੂ ਰਵਿਦਾਸ ਜੀ ਪ੍ਰਭੂ ਕੋਲ ਪੁਕਾਰ ਕਰਦੇ ਕਹਿੰਦੇ ਹਨ ਹੇ ਪ੍ਰਭੂ ਇਸ ਸੇਵਕ ਨੂੰ ਆਪਣੇ ਸੀਨੇ ਨਾਲ ਲਾਈ ਰੱਖੀ ਮੇਰੇ ਤੇ ਮਿਹਰ ਕਰੀ ਤਾਂ ਕਿ ਮੇਰੀ ਬੁੱਧੀ ਤੇਰੇ ਵਲ ਲਗੀ ਰਹੇ। ਹੇ ਪ੍ਰਭੂ ! ਮੈਂ ਵਰਦਾਨ ਮੰਗਦਾ ਹਾਂ ਕਿ ਮੈਂ ਜਿਥੇ ਵੀ ਜਾਵਾਂ ਉਥੇ ਮੈਨੂੰ ਤੇਰੇ ਹੀ ਦਰਸ਼ਨ ਹੋਣ ਅਤੇ ਮੈਂ ਤੇਰੀ ਹੀ ਸੇਵਾ ਕਰਦਾ ਰਹਾ। ਇਸ ਵਿਚ ਗੁਰੂ ਰਵਿਦਾਸ ਜੀ ਨੇ ਆਪਣੀ ਭਗਤੀ ਭਾਵਨਾ ਪ੍ਰਗਟ ਕੀਤੀ ਹੈ ਕਿ ਕਿਵੇਂ ਸੱਚਾ ਸਾਧਕ ਇਕ ਪਲ ਦੀ ਜੁਦਾਈ ਵੀ ਨਹੀਂ ਚਾਹੁੰਦਾ ਉਹ ਹਰ ਕੀਮਤ ਤੇ ਪ੍ਰਭੂ ਪ੍ਰੀਤਮ ਦੀ ਪ੍ਰੀਤ ਨੂੰ ਬਣਾਈ ਰਖਣਾ ਚਾਹੁੰਦਾ ਹੈ:

1. ਐਸੋ ਬੁਧ ਜਾਚਿਹੁ ਕਰੁੰਨਾ ਮੈਂ ਤੁਝ ਚਰਨ ਤਜਿ ਕਤਹੁ ਨਾ ਜਾਈ ॥
ਚਰਣ ਸਰਨ ਰਵਿਦਾਸ ਗਵਹੀ, ਆਪਨੋ ਜਾਨ ਲੇਹੁ ਲਾਈ ॥ [141]

2. ਜਹ ਜਹ ਜਾਉ ਤਹਾਂ ਤੇਰੀ ਸੇਵਾ, ਤੁਮ ਸੋ ਠਾਕੁਰ ਅਉਰ ਨਾ ਦੇਵਾ ॥[142]

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਰਵਿਦਾਸ ਜੀ ਅਨੁਸਾਰ ਚਰਣ ਭਗਤੀ ਤੋਂ ਸਾਧਕ ਨੂੰ ਨਿਮਰਤਾ ਅਤੇ ਦਾਸ-ਭਾਵ ਵਰਗੇ ਮਿੱਠੇ ਗੁਣ ਪ੍ਰਾਪਤ ਹੁੰਦੇ ਹਨ। ਉਸ ਦਾ ਪ੍ਰਭੂ ਦੇ ਸੂਖਮ ਚਰਨਾਂ ਵਿਚ ਚਿੱਤ ਲਾਉਣ ਨਾਲ ਮੋਹ -ਮਾਇਆ ਪੰਚ ਵਿਕਾਰਾਂ ਅਤੇ ਉਪਾਸਨਾ ਦੇ ਬਾਹਰੀ ਆਡੰਬਰਾਂ ਤੋਂ ਛੁਟਕਾਰਾ ਪ੍ਰਾਪਤ ਹੋ ਜਾਂਦਾ ਹੈ। ਉਸ ਨੂੰ ਭਗਤ ਚਰਨਾਂ ਵਿਚ ਹਰਿ ਚਰਨਾਂ ਦੀ ਪ੍ਰਤੀਤੀ ਹੁੰਦੀ ਹੈ। ਪ੍ਰਭੂ ਦੇ ਚਰਨਾਂ ਕੰਵਲਾਂ ਵਿਚ ਚਿੱਤ ਲਾਉਣ ਨਾਲ ਮਨ-ਭੌਰਾ ਆਨੰਦ ਪ੍ਰਾਪਤ ਕਰ ਲੈਂਦਾ ਹੈ। ਉਸਨੂੰ ਦੋਨਾਂ ਲੋਕਾਂ ਵਿਚ ਮੁਕਤੀ ਪ੍ਰਾਪਤ ਹੁੰਦੀ ਹੈ। ਉਹ ਜੀਵਨ ਮੁਕਤ ਹੋਇਆ ਪ੍ਰਭੂ ਨਾਲ ਇਕਮਿਕਤਾ ਪ੍ਰਾਪਤ ਕਰ ਲੈਂਦਾ ਹੈ। ਇਸ ਲਈ ਗੁਰੂ ਰਵਿਦਾਸ ਜੀ ਪ੍ਰਭੂ ਦੀ ਚਰਨ-ਸ਼ਰਨ ਵਿਚ "ਚਰਣ ਨਾ ਛਾਡਉ ਸਰੀਰ ਕਲ ਜਾਈ" 'ਜਹਾਂ ਜਹਾਂ ਜਾਉ ਤਹਾਂ ਤੇਰੀ ਸੇਵਾ ਤੁਮ ਸੇ ਠਾਕੁਰ ਅਉਰ ਨਾ ਦੇਵਾ" ਦੀ ਰਟ ਲਾਉਂਦੇ ਹਨ। ਅੱਜ ਵੀ ਅਪ੍ਰੋਖ ਰੂਪ ਵਿਚ ਪਾਦਸੇਵਨ ਪ੍ਰਚਲਿਤ ਹੈ। ਸੈਂਪਲੀ ਸਾਹਿਬ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਕੰਵਲ ਦੇ ਚਿੰਨ੍ਹ ਅਤੇ ਗੁਰੂ ਰਵਿਦਾਸ ਜੀ ਦੇ ਚਿਤੌੜ ਵਿਖੇ ਪਦ ਚਿੰਨ ਅਜ ਵੀ ਪਾਦਸੇਵਨ ਭਗਤੀ ਦਾ ਕਿਸੇ ਨਾ ਕਿਸੇ ਰੂਪ ਵਿਚ ਜੀਉਂਦਾ ਜਾਗਦਾ ਨਮੂਨਾ ਹਨ ਭਾਵੇਂ ਅਸੀਂ ਇਸ ਸੋਚ ਤੋਂ ਇਨਕਾਰੀ ਹੁੰਦੇ ਹਾਂ।

5. ਅਰਚਨਾ ਭਗਤੀ:- ਅਰਚਨਾ ਦਾ ਸਾਧਾਰਨ ਅਰਥ ਹੈ ਪੂਜਾ, ਉਪਾਸਨਾ ਆਦਿ। ਭਗਵਾਨ ਦੇ ਭਗਤਾਂ ਤੋਂ ਸੁਣੇ ਹੋਏ, ਸ਼ਾਸਤਰਾਂ ਵਿਚ ਪੜ੍ਹੇ ਹੋਏ ਅਨੁਸਾਰ ਪੱਥਰ ਧਾਤੂ ਆਦਿ ਤੋਂ ਬਣੀਆਂ ਮਨ ਨੂੰ ਭਾਉਣ ਵਾਲੀਆਂ ਭਗਵਾਨ ਦੇ ਸਰੂਪ ਦੀਆਂ ਮੂਰਤੀਆਂ ਆਦਿ ਦੀ ਜਾਂ ਆਪਣੀ ਅਭਿਲਾਸ਼ਾ ਅਨੁਸਾਰ ਦੇ ਸਰੂਪ ਦੀ ਮਾਨਸਿਕ ਮੂਰਤੀ ਬਣਾ ਕੇ ਬਾਹਰੀ ਸਮੱਗਰੀ ਨਾਲ ਜਾਂ ਮਾਨਸਿਕ ਭਾਵਨਾ ਨਾਲ, ਸੰਪੂਰਣ ਭੂਤਾਂ ਵਿਚ ਪਰਮਾਤਮਾ ਨੂੰ ਸਥਿਤ ਸਮਝ ਕੇ ਵਿਭਿੰਨ ਵਿਧੀਆਂ ਅਤੇ ਉਪਚਾਰਾਂ ਨਾਲ ਸ਼ਰਧਾ ਭਗਤੀ ਪੂਰਵਕ ਉਨ੍ਹਾਂ ਦੀ ਪੂਜਾ -ਸੇਵਾ ਕਰਨਾ ਅਤੇ ਉਨ੍ਹਾਂ ਦੇ ਤੱਤ ਰਹੱਸ ਅਤੇ ਪ੍ਰਭਾਵ ਨੂੰ ਸਮਝ ਸਮਝਾ ਕੇ ਪ੍ਰੇਮ ਵਿਚ ਮੁਗੱਧ ਹੋਣਾ ਅਰਚਨਾ ਭਗਤੀ ਹੈ। ਅਰਚਨਾ ਭਗਤੀ ਵਧੇਰੇ ਤੌਰ ਤੇ ਸਗੁਣਵਾਦੀਆਂ ਵਿਚ ਪ੍ਰਚਲਿਤ ਰਹੀ ਹੈ। ਇਸ ਵਿਚ ਉਹ ਪ੍ਰਭੂ ਦੇ ਸਗੁਣ ਸਰੂਪ ਜਾਂ ਉਸਦੇ ਕਿਸੇ ਅਵਤਾਰ ਦੀ ਪ੍ਰੇਮਪੂਰਵਕ ਪੂਜਾ ਕਰਦੇ ਹਨ। ਇਸ ਵਿਚ ਪ੍ਰੇਮ ਅਤੇ ਸ਼ਰਧਾਪੂਰਵਕ ਭਗਵਾਨ ਦੀਆਂ ਮੂਰਤੀਆਂ ਨੂੰ ਇਸ਼ਨਾਨ ਕਰਵਾਉਣਾ, ਸੋਹਣੇ ਸੋਹਣੇ ਬਸਤਰ ਪਹਿਨਾਉਣੇ, ਚੰਦਨ ਆਦਿ ਸੁਗੰਧੀਆਂ ਨਾਲ ਮੂਰਤੀ ਨੂੰ ਸੁਗੰਧਿਤ ਕਰਨਾ ਅਤੇ ਚੰਗੀਆਂ ਲਗਣ ਵਾਲੀਆਂ ਵਸਤਾਂ ਜਿਵੇਂ ਫੱਲ, ਫੁੱਲ ਆਦਿ ਅਮਨ ਕਰਨਾ ਆਦਿ ਸ਼ਾਮਲ ਹੈ। ਸੁੰਦਰਤਾ ਧਿਆਨ ਨੂੰ ਕੇਂਦਰਿਤ ਕਰਨ ਦਾ ਇਕ ਸਾਧਨ ਹੈ। ਇਸੇ ਬਿਰਤੀ ਕਾਰਨ ਪ੍ਰਭੂ ਦੇ ਭਗਤ ਮੂਰਤੀਆਂ ਨੂੰ ਸੁੰਦਰ ਪੁਸ਼ਾਕਾਂ ਨਾਲ ਸਜਾਉਂਦੇ ਹਨ। ਅੱਜ ਦੇ ਨਿਰਗੁਣਵਾਦੀ ਕਹਿਲਾਉਣ ਵਾਲੇ ਵੀ ਇਸ ਭਾਵਨਾ ਤੋਂ ਬੱਚ ਨਹੀਂ ਸਕੇ। ਸੁੰਦਰਤਾ, ਸੁੰਦਰਤਾ ਪ੍ਰਦਾਨ ਕਰਨਾ ਮਨੁੱਖ ਦੀ ਪ੍ਰਕ੍ਰਿਤਕ ਰੁੱਚੀ ਹੈ। ਸੁੰਦਰ ਫੁੱਲ ਨੂੰ ਵੇਖ ਕੇ ਹੀ ਧੌਰਾ ਉਸ ਵਲ ਖਿਚਿਆ ਜਾਂਦਾ ਹੈ। ਇਸ ਲਈ ਤਾਂ ਅੱਜ ਦੇ ਧਾਰਮਿਕ ਸਥਾਨ ਵੀ ਸੌਂਦਰਯ ਦੀ ਲਪੇਟ ਵਿਚ ਆਉਣ ਤੋਂ ਬਚ ਨਹੀਂ ਸਕੇ। ਗੁਰੂ ਬਾਣੀ ਹੀ ਸ਼ਬਦ ਬ੍ਰਹਮ ਹੈ ਉਸ ਨੂੰ ਵੀ ਅੱਜ ਦੇ ਯੁਗ ਵਿਚ ਵਧ ਤੋਂ ਵਧ ਸੁੰਦਰ ਬਸਤਰ ਪਹਿਨਾਏ ਜਾਂਦੇ ਹਨ। ਇਹ ਸਭ ਕੁਝ ਸਗੁਣ -ਨਿਰਗੁਣ ਅਨੁਯਾਈਆਂ ਦੇ ਮਨ ਦੀ ਉਪਜ ਹੈ। ਸ੍ਰੀਮਦ ਭਾਗਵਦ ਗੀਤਾ ਵਿਚ ਵੀ ਅਰਚਨਾ ਦਾ ਦੂਹਰਾ ਸਰੂਪ ਪ੍ਰਾਪਤ ਹੁੰਦਾ ਹੈ। ਪਹਿਲਾ ਸਰੂਪ ਹੈ ਸਗੁਣ ਉਪਾਸ਼ਕਾਂ ਲਈ ਜਾਂ ਜਨ ਸਧਾਰਨ ਜੋ ਅਜ ਕਲ੍ਹ ਵੀ ਵਧੇਰੇ ਪ੍ਰਬਲ ਰੂਪ ਵਿਚ ਪ੍ਰਚਲਿਤ ਹੈ। ਭਗਵਾਨ ਨੇ ਗੀਤਾ ਵਿਚ ਕਿਹਾ ਹੈ " ਹੇ ਅਰਜਨ ! ਪੱਤਰ, ਪੁਸ਼ਪ, ਫਲ, ਜਲ ਆਦਿ ਜੋ ਕੋਈ ਮੇਰਾ ਭਗਤ ਮੇਰੇ ਲਈ ਪ੍ਰੇਮ ਨਾਲ ਅਰਪਣ ਕਰਦਾ ਹੈ, ਉਸ ਸ਼ੁਧ ਬੁੱਧੀ, ਨਿਸ਼ਕਾਮ ਪ੍ਰੇਮੀ ਭਗਤ ਦਾ ਪ੍ਰੇਮਾਪੂਰਵਕ ਅਰਪਣ ਕੀਤਾ ਪੱਤਰ, ਪੁਸ਼ਪ ਫਲ ਆਦਿ ਮੈਂ ਸਗੁਣ ਰੂਪ ਨਾਲ ਪ੍ਰਗਟ ਹੋ ਕੇ ਪ੍ਰੀਤੀ ਸਹਿਤ ਖਾਂਦਾ ਹਾਂ।" [143]

ਨਿਰਗੁਣ ਭਾਵ ਨਾਲ ਓਤ-ਪੋਤ ਅਰਚਨਾ ਭਗਤੀ ਦਾ ਸਰੂਪ ਵੀ ਗੀਤਾ ਵਿਚ ਸਪੱਸ਼ਟ ਰੂਪ ਵਿਚ ਵਰਣਨ ਹੈ। ਗੀਤਾ ਵਿਚ ਭਗਵਾਨ ਕ੍ਰਿਸ਼ਨ ਨੇ ਕਿਹਾ ਹੈ ਕਿ ਦੂਸਰੇ ਮਹਾਤਮਾ ਗਿਆਨ -ਯੱਗ ਨਾਲ ਮੇਰੀ ਪੂਜਾ ਕਰਦੇ ਹੋਏ ਵੀ ਬਹੁਤ ਪ੍ਰਕਾਰ ਨਾਲ ਵਿਭਿੰਨ ਰੂਪ ਵਿਚ ਜਗਤ ਦੇ ਆਕਾਰ

ਵਿਚ ਸਥਿਤ ਮੇਰੀ ਪਰਮੇਸ਼ੁਰ ਦੀ ਏਕਤਵ ਭਾਵ ਨਾਲ ਉਪਾਸਨਾ ਕਰਦੇ ਹਨ। ਭਾਵ ਨਾਮ ਰੂਪ ਦੇ ਵਿਭਾਗ ਤੋਂ ਰਹਿਤ ਅਤਿਅੰਤ ਸੂਖਮ ਜੜ੍ਹ -ਚੇਤਨ ਵਸਤੂਮਾਤ੍ਰ ਜਿਸਦਾ ਸਰੀਰ ਹੈ ਇਸ ਸਤਿ ਸੰਕਲਪ ਨਾਲ ਉਹ ਉਪਾਸਨਾ ਕਰਦੇ ਹਨ। ਇਸ ਨੂੰ ਹੋਰ ਸਪੱਸ਼ਟ ਕਰਨ ਹਿੱਤ ਇਸ ਤੋਂ ਅਗਲੇ ਸ਼ਲੋਕ ਵਿਚ ਭਗਵਾਨ ਕ੍ਰਿਸ਼ਨ ਨੇ ਕਿਹਾ ਹੈ ਕਿ ਮੈਂ ਹੀ ਯੱਗ ਹਾਂ, ਮੈਂ ਹੀ ਔਸ਼ਧ ਹਾਂ ਮੈਂ ਹੀ ਮੰਤਰ ਹਾਂ, ਮੈਂ ਹੀ ਅਗਨੀ ਅਤੇ ਹਵਨ ਹਾਂ।"[144] ਇਸ ਤੋਂ ਸਪੱਸ਼ਟ ਹੈ ਕਿ ਪਰਮਤਤ ਹੀ ਸਭ ਕੁਝ ਹੈ ਇਸ ਦੀ ਅਰਚਨਾ ਭਗਤੀ ਸੰਬੰਧੀ ਗੀਤਾ ਵਿਚ ਵਰਣਨ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਅਰਚਨਾ ਭਗਤੀ ਦੇ ਵੀ ਦੋ ਰੂਪ ਹਨ - ਸਥੂਲ ਅਤੇ ਸੂਖਮ। ਦੋਵਾਂ ਦਾ ਆਪਣਾ ਆਪਣਾ ਵਿਸ਼ੇਸ਼ ਮਹੱਤਵ ਹੈ। ਪਹਿਲਾ ਆਮ ਭਗਤਾਂ ਦੇ ਮਨ ਨੂੰ ਰੀਝਾਉਂਦਾ ਹੈ ਇਸ ਦੇ ਰਾਹੀਂ ਹੀ ਉਹ ਦੂਰੀ ਅਰਚਨਾ ਭਗਤੀ ਕਰਨ ਦੇ ਯੋਗ ਹੁੰਦੇ ਹਨ। ਇਸ ਤਰ੍ਹਾਂ ਦੂਜੇ ਪ੍ਰਕਾਰ ਦੀ ਅਰਚਨਾ ਵਿਚ ਪੂਜਾ ਸਮੱਗਰੀ ਦੀ ਜ਼ਰੂਰਤ ਨਹੀਂ ਰਹਿੰਦੀ ਅਤੇ ਸੁੱਤੇ ਸਿੱਧ ਮਾਨਸਿਕ ਅਰਚਨ ਹੁੰਦਾ ਰਹਿੰਦਾ ਹੈ। ਗੁਰੂ ਰਵਿਦਾਸ ਜੀ ਬ੍ਰਹਮ ਦੇ ਨਿਰਗੁਣ -ਸਗੁਣ ਸਰੂਪ ਤੋਂ ਉਪਰ ਪਹੁੰਚ ਚੁੱਕੇ ਸਨ ਇਸ ਲਈ ਅਰਚਨਾ ਭਗਤੀ ਦਾ ਸੂਖਮ ਤੋਂ ਸੂਖਮ ਰੂਪ ਹੀ ਉਨ੍ਹਾਂ ਦੀ ਭਗਤੀ ਵਿਚ ਪਾਇਆ ਜਾਂਦਾ ਹੈ। ਉਹ ਲੋਕਾਂ ਨੂੰ ਪੂਜਾ ਉਪਾਸਨਾ ਕਰਦਿਆਂ ਨੂੰ ਵੇਖ ਕੇ ਪਰਮਾਤਮਾ ਨੂੰ ਪ੍ਰਸ਼ਨ ਕਰਦੇ ਹਨ ਕਿ ਮੈਨੂੰ ਤਾਂ ਵਿਧੀ-ਵਿਧਾਨਾਂ ਅਤੇ ਸ਼ਾਸਤਰਾਂ ਅਨੁਸਾਰ ਪੂਜਾ ਅਰਚਨਾ ਨਹੀਂ ਆਉਂਦੀ ਕੀ ਮੇਰੀ ਗਤੀ ਨਹੀਂ ਹੋਵੇਗੀ?

ਪੂਜਾ ਅਰਚਾ ਆਹਿ ਨਾ ਤੋਰੀ
ਕਹਿ ਰਵਿਦਾਸ ਕਵਨ ਗਤਿ ਮੋਰੀ ॥[145]

ਗੁਰੂ ਰਵਿਦਾਸ ਜੀ ਦੀ ਅਰਚਨਾ ਭਗਤੀ ਸੰਬੰਧੀ ਵਿਚਾਰਧਾਰਾ ਸਗੁਣਵਾਦੀਆਂ ਦੀ ਪੂਜਾ ਉਪਾਸਨਾ ਦੇ ਖੰਡਨ ਵਿਚੋਂ ਉਭਰ ਕੇ ਸਾਹਮਣੇ ਆਉਂਦੀ ਹੈ। ਗੁਰੂ ਜੀ ਲਿਖਦੇ ਹਨ ਕਿ ਪ੍ਰਭੂ ਅਗੇ ਕਿਹੜੀਆਂ ਦੁਨਿਆਵੀ ਵਸਤਾਂ ਦੀ ਭੇਟ ਕਰਨ, ਦੁੱਧ ਨੂੰ ਵੱਛੇ ਨੇ ਜੂਠਾ ਕੀਤਾ ਹੈ, ਫੁੱਲਾਂ ਨੂੰ ਭੌਰੇ ਨੇ ਮੂੰਹ ਮਾਰ ਕੇ ਅਪਵਿੱਤਰ ਕਰ ਦਿੱਤਾ ਹੈ। ਪਾਣੀ ਨੂੰ ਮੱਛੀਆਂ ਨੇ ਖਰਾਬ ਕੀਤਾ ਹੋਇਆ ਹੈ। ਚੰਦਨ ਨੂੰ ਸੱਪ ਨੇ ਅਸ਼ੁਧ ਕਰ ਰਖਿਆ ਹੈ, ਅੰਮ੍ਰਿਤ ਵੀ ਉਸ ਦੀ ਸਮਝ ਅਨੁਸਾਰ ਉਪਾਸਨਾ ਯੋਗ ਨਹੀਂ ਕਿਉਂਕਿ ਇਹ ਵੀ ਸਮੁੰਦਰ ਵਿਚ ਵਿਸ਼ ਦੇ ਸੰਗ ਰਹਿਣ ਕਾਰਣ ਸ਼ੁਧ ਨਹੀਂ ਰਿਹਾ, ਧੂਪ ਦੀਪਾਂ ਆਦਿ ਵੀ ਵਾਸ਼ਨਾ ਲੈਣ ਨਾਲ ਜਾਂ ਸੁੰਘਣ ਆਦਿ ਨਾਲ ਜੂਠੇ ਹੋ ਗਏ ਹਨ। ਇਸ ਤਰ੍ਹਾਂ ਗੁਰੂ ਰਵਿਦਾਸ ਜੀ ਅਨੁਸਾਰ ਦੁਨਿਆਵੀ ਵਸਤਾਂ ਸਭ ਅਸ਼ੁਧ ਹਨ ਕੇਵਲ ਤਨ ਮਨ ਅਰਪਨ ਹੀ ਵਾਸਤਵਿਕ ਅਤੇ ਸਰਵੋਤਮ ਅਰਚਨਾ ਹੈ:

ਦੂਧ ਤ ਬਛਰੈ ਥਨਹੁ ਬਿਟਾਰਿਓ, ਫੂਲੁ ਭਵਰਿ ਜਲੁ ਮੀਨਿ ਬਿਗਾਰਿਓ ॥
ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ, ਅਵਰੁ ਨ ਫੂਲੁ ਅਨੂਪੁ ਨ ਪਾਵਉ ॥
ਮੈਲਾਗਰ ਬੇਰੇ ਹੈ ਭੁਇਅੰਗਾ, ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ ॥

ਧੂਪਦੀਪ ਮਈ ਬੇਦਹਿ ਬਾਸਾ, ਕੈਸੇ ਪੂਜ ਕਰਹਿ ਤੇਰੀ ਦਾਸਾ ॥
ਤਨ ਮਨ ਅਰਪਉ ਪੂਜ ਚਰਾਵਉ ਗੁਰ ਪਰਸਾਦਿ ਨਿਰੰਜਨ ਪਾਵਉ ॥[146]

ਇਸ ਪਦ ਵਿਚ ਗੁਰੂ ਰਵਿਦਾਸ ਜੀ ਆਪਣੇ ਸਮਕਾਲੀ ਸਮਾਜ ਵਿਚ ਪ੍ਰਚਲਿਤ ਕਰਮ-ਕਾਂਡੀ ਪੰਡਤਾਂ ਅਤੇ ਪ੍ਰੋਹਤਾਂ ਵਲੋਂ ਪ੍ਰਚਾਰੀ ਜਾਂਦੀ ਪੂਜਾ -ਪੱਧਤੀ ਬਾਰੇ ਆਪਣੇ ਹੀ ਨਿਮਰਤਾ ਭਰੇ ਅਤਿ ਕੋਮਲ ਵਿਚਾਰ ਪੇਸ਼ ਕੀਤੇ ਹਨ। ਪਰੰਤੂ ਨਾਲ ਹੀ ਵਿਅੰਗਮਈ ਸ਼ੈਲੀ ਵਿਚ ਟੀਕਾ ਟਿਪਣੀ ਵੀ ਕੀਤੀ ਹੈ। ਗੁਰੂ ਜੀ ਦੁਨਿਆਵੀ ਵਸਤਾਂ ਨਾਲ ਪ੍ਰਭੂ ਨੂੰ ਰਿਝਾਉਣ ਦਾ ਹੀਲਾ ਕਰਨ ਵਾਲੇ ਇਨ੍ਹਾਂ ਭੋਲੇ ਭਾਲੇ ਲੋਕਾਂ ਨੂੰ ਚੇਤਾਵਨੀ ਕਰਦੇ ਹੋਏ ਇਨ੍ਹਾਂ ਵਸਤਾਂ ਦੀ ਵਿਅਰਥਤਾ ਸਿੱਧ ਕਰਦੇ ਹਨ ਅਤੇ ਬੜੇ ਹੀ ਤਰਕਪੂਰਨ ਢੰਗ ਨਾਲ ਦਸਦੇ ਹਨ ਕਿ ਪੂਜਾ ਅਰਚਨਾ ਦੀ ਸਮੱਗਰੀ ਨੂੰ ਤੁਸੀਂ ਲੋਕ ਏਨਾ ਪਵਿੱਤਰ ਸਮਝ ਕੇ ਆਪਣੇ ਇਸ਼ਟ ਦੇ ਚਰਨਾਂ ਵਿਚ ਨਿਛਾਵਰ ਕਰਦੇ ਹੋ ਉਹ ਚੀਜ਼ਾਂ ਵੀ ਵਾਸਤਵ ਵਿਚ ਜੂਠੀਆਂ ਭ੍ਰਿਸ਼ਟੀਆਂ ਅਸ਼ੁਧ ਅਪਵਿੱਤਰ ਵਸਤਾਂ ਹਨ ਇਸ ਲਈ ਲੋੜ ਹੈ ਮਨ ਦੀਆਂ ਸਾਰੀਆਂ ਸ਼ੁਧ ਅਤੇ ਸਾਤਵਿਕ ਚਿਤ-ਬਿਰਤੀਆਂ ਨੂੰ ਅਰਪਣ ਕਰਨ ਦੀ। ਗੁਰੂ ਰਵਿਦਾਸ ਜੀ ਅਨੁਸਾਰ ਇਹੋ ਹੀ ਨਿਰੰਜਨ ਪ੍ਰਾਪਤੀ ਦਾ ਸਾਧਨ ਹੈ। ਸ੍ਰੀਮਦ ਭਾਗਵਤ ਪੁਰਾਣ ਵਿਚ ਵੀ ਸਮਾਨ ਵਿਚਾਰਧਾਰਾ ਦੇ ਦਰਸ਼ਨ ਹੁੰਦੇ ਹਨ। ਭਾਗਵਤ ਪੁਰਾਣ ਦੇ ਅਨੁਸਾਰ ਭਗਵਾਨ ਧੂਪ, ਦੀਪ, ਪੁਸ਼ਪ, ਗੰਧ, ਅੰਨ ਆਦਿ ਵਸਤਾਂ ਦੇ ਅਰਪਣ ਨਾਲ ਪ੍ਰਸੰਨ ਨਹੀਂ ਹੁੰਦੇ ਉਨ੍ਹਾਂ ਦੀ ਪ੍ਰਸੰਨਤਾ ਲਈ ਭਗਤੀ-ਭਾਵਨਾ ਹੀ ਕਾਫ਼ੀ ਹੈ।[147] ਈਸ਼ਵਰ ਦੇ ਚਰਨਾਂ ਦਾ ਅਰਚਨ-ਪੂਜਣ ਮਨੁੱਖ ਲਈ ਮੋਖ ਦਾ ਮੂਲ ਆਧਾਰ ਹੈ।[148]

ਗੁਰੂ ਰਵਿਦਾਸ ਜੀ ਨੇ ਜਿਥੇ ਸਗੁਣ ਭਗਤੀ ਦੀ ਅਰਚਨਾ ਪੱਧਤੀ ਦਾ ਵਰਨਣ ਕੀਤਾ ਹੈ ਉਥੇ ਉਨ੍ਹਾਂ ਨੇ ਸੰਤ-ਸੁਲਭ ਅਰਚਨਾ ਦਾ ਚਿੱਤਰ ਵੀ ਪੇਸ਼ ਕੀਤਾ ਹੈ। ਉਨ੍ਹਾਂ ਅਨੁਸਾਰ ਪੂਜਾ ਅਰਚਨਾ, ਉਸ ਪਰਮਤੱਤ ਦਾ ਨਾਮ ਹੈ। ਨਾਮ ਹੀ ਉਸਦੀ ਆਰਤੀ ਹੈ, ਨਾਮ ਹੀ ਤੀਰਥਾਂ ਦਾ ਇਸ਼ਨਾਨ ਹੈ ਉਹ ਆਸਨ ਜਿਸ ਉਪਰ ਬੈਠ ਕੇ ਪੰਡਤ ਮੂਰਤੀ ਦੀ ਪੂਜਾ ਕਰਦਾ ਹੈ ਉਹ ਵੀ ਨਾਮ ਹੀ ਹੈ। ਚੰਦਨ ਘਸਾਉਣ ਵਾਲੀ ਸਿਲ ਵੀ ਨਾਮ ਹੈ। ਨਾਮ ਹੀ ਕੇਸਰ ਹੈ ਜੋ ਮੂਰਤੀ ਪੂਜਕ ਮੂਰਤੀਆਂ ਤੇ ਛਿੜਕਦਾ ਹੈ। ਨਾਮ ਹੀ ਦੀਵਾ ਹੈ, ਨਾਮ ਹੀ ਬੱਤੀ ਹੈ। ਇਸ ਵਿਚਲਾ ਤੇਲ ਵੀ ਨਾਮ ਹੀ ਹੈ ਅਤੇ ਜੋਤਿ ਵੀ ਨਾਮ ਦੀ ਹੀ ਜਾਗਦੀ ਹੈ, ਜਿਸ ਨਾਲ ਸਭ ਭਵਨ ਜਗਮਗਾ ਉਠਦੇ ਹਨ। ਇਸ ਤਰ੍ਹਾਂ ਗੁਰੂ ਰਵਿਦਾਸ ਜੀ ਦੀ ਸਮੁੱਚੀ ਉਪਾਸਨਾ ਨਾਮ ਹੀ ਹੈ।:

ਨਾਮੁ ਤੇਰੋ ਆਰਤੀ ਮਜਨੁ ਮੁਰਾਰੇ ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਸਾਰੇ ॥
ਨਾਮ ਤੇਰੋ ਆਸਨੋ ਨਾਮੁ ਤੇਰਾ ਉਰਸਾ
ਨਾਮ ਤੇਰੋ ਕੇਸਰੋ ਲੇ ਛਿਟਕਾਰੇ ॥

.... .... ....

ਕਹੈ ਰਵਿਦਾਸ ਨਾਮ ਤੇਰੋ ਆਰਤੀ
ਸਤਿਨਾਮ ਹੈ ਹਰਿ ਭੋਗ ਤੁਹਾਰੇ ॥[149]

ਭਗਤੀ ਇਕ ਮਾਰਗ ਹੈ ਜਿਸ ਤੇ ਚਲਦਾ ਸਾਧਕ ਕਈ ਅਵਸਥਾਵਾਂ ਨੂੰ ਪਾਰ ਕਰਦਾ ਹੈ। ਅਤੇ ਅੰਤਿਮ ਅਵਸਥਾ ਤੇ ਪਹੁੰਚਦਾ ਹੈ। ਗੁਰੂ ਰਵਿਦਾਸ ਜੀ ਦੀ ਅਰਚਨਾ ਭਗਤੀ ਦੇ ਵਿਕਾਸ ਦੇ ਅਲੱਗ ਅਲੱਗ ਪੜਾਅ, ਉਨ੍ਹਾਂ ਦੀਆਂ ਲਿਖੀਆਂ ਆਰਤੀਆਂ ਤੋਂ ਸਪੱਸ਼ਟ ਹੁੰਦੇ ਹਨ। ਗੁਰੂ ਜੀ ਅਨੁਸਾਰ ਭਗਤੀ ਦੀ ਪਹਿਲੀ ਅਵਸਥਾ ਵੈਰਾਗ ਦੀ ਹੈ। ਜੇਕਰ ਖਵੰਜਾ ਦੀਪ ਲੈ ਕੇ ਆਰਤੀ ਵੀ ਕਰਾਂ ਤਾਂ ਇਸ ਆਰਤੀ ਦੀ ਅਗਨੀ ਉਸ ਅਨੂਪਮ ਪ੍ਰਭੂ ਦੀ ਅਪਾਰ ਮਹਿਮਾ ਤਕ ਪਹੁੰਚ ਨਹੀਂ ਸਕਦੀ ਅਤੇ ਨਾ ਹੀ ਇਸ ਨਾਲ ਸਾਧਕ ਵਿਚ ਵੈਰਾਗ ਹੀ ਪੈਦਾ ਹੋ ਸਕਦਾ ਹੈ ਤੇ ਫਿਰ ਉਹ ਸੇਵਕ ਕਿਵੇਂ ਉਚੱਤਾ ਪ੍ਰਾਪਤ ਕਰ ਸਕਦਾ ਹੈ। ਇਸ ਦੇ ਉਤਰ ਵਿਚ ਗੁਰੂ ਜੀ ਲਿਖਦੇ ਹਨ ਕਿ ਆਰਤੀ ਦੀ ਜੋਤਿ ਕੇਵਲ ਮੰਦਰਾਂ ਵਿਚ ਜਗਦੀ ਹੈ ਇਸ ਦੀ ਜ਼ਰੂਰਤ ਨਹੀਂ ਜਦੋਂ ਕਿ ਉਸ ਪਰਮ ਤੱਤ ਦੀ ਜੋਤਿ ਸਭ ਵਿਚ ਬਰਾਬਰ ਰਮੀ ਹੋਈ ਹੈ :

ਆਰਤੀ ਕਹਾ ਲੈ ਕਰਿ ਜੋਵੈ, ਸੇਵਗਦਾਸ ਉਚ ਮੈਂ ਹੋਵੇ ॥ ਟੇਕ ॥
ਬਾਬਨ ਕੰਚਨ ਦੀਪ ਘੜਾਵੈ, ਜੜਿ ਬੈਰਾਗ ਰੇ ਦ੍ਰਿਸਿਟ ਨ ਆਵੈ ॥
ਕੋਟਿ ਭਾਣ ਜਾਕੀ ਸੋਭਾ ਰੋਮੈ, ਕਹਾ ਆਰਤੀ ਅਗਨਿ ਹੁ ਘੁਮੈਂ ॥
....... ...... ....
ਕਹੈ ਰਵਿਦਾਸ ਮੈਂ ਦੇਖਯਾ ਮਾਂਹੀ, ਸਕਲੈ ਹੀ ਜੋਤਿ ਰੋਮ ਸਮਿ ਨਾਹੀ ॥[150]

ਆਰਤੀ ਉਤਾਰਨ ਲਈ ਜਾਂ ਅਰਚਨਾ ਕਰਨ ਲਈ ਉਸ ਪ੍ਰਭੂ ਦਾ ਸਰੂਪ ਸਾਹਮਣੇ ਹੋਣਾ ਚਾਹੀਦਾ ਹੈ। ਗੁਰੂ ਜੀ ਅਨੁਸਾਰ ਜਦ ਉਹ ਪਰਮਾਤਮਾ ਅਜਰ, ਅਮਰ, ਅਡੋਲ, ਨਿਰਵਿਕਾਰ ਸਰਵੱਗ, ਅਨੰਤ , ਅਭੇਦ, ਅਵਿਗਤ ਤੇ ਨਿਰਗੁਣ ਰੂਪ ਹੈ ਉਸ ਨੂੰ ਤਾਂ ਇਕ ਰੇਖਾ ਵਾਹ ਕੇ ਵੀ ਨਿਰੂਪਤ ਨਹੀਂ ਕੀਤਾ ਜਾ ਸਕਦਾ ਤੇ ਫਿਰ ਉਸ ਦੇ ਅਗੇ ਖੜ ਕੇ ਆਰਤੀ ਕਰਦਿਆਂ ਤਾਂ ਮੈਨੂੰ ਹਾਸਾ ਹੀ ਆ ਜਾਂਦਾ ਹੈ ਕਿ ਅਦ੍ਰਿਸ਼ਟਿ ਨਾਲ ਵੀ ਕਿਤੇ ਗੱਲਾਂ ਕੀਤੀਆਂ ਜਾਸਕਦੀਆਂ ਹਨ। ਇਸ ਲਈ ਮਨ-ਬਚਨ -ਕਰਮ ਦਾ ਸੁਮੇਲ ਹੀ ਅਸਲ ਵਿਚ ਅਰਚਨਾ ਭਗਤੀ ਹੈ ਜਿਸ ਨਾਲ ਮਨ-ਮੰਦਰ ਵਿਚ ਘੰਟੀਆਂ ਵਜਾ ਕੇ ਆਤਮਾ ਦੀ ਪਹਿਚਾਣ ਹੁੰਦੀ ਹੈ।

ਆਰਤੀ ਕਰਤ ਹੰਸੇ ਮਨ ਮੇਰੋ, ਆਵਤ ਚਿਤਤੁਵ ਰੂਪ ਘਨੇਰੋ ॥
ਅਜਰ ਅਮਰ ਅਡੋਲ, ਅਭੇਖ, ਨਿਰਗੁਨ ਰਹਿਤ ਰੂਪ ਨਹਿੰ ਰੇਖਾ ॥
..... ..... ....
ਅਨਤਬਾਰ ਤੋਹਿ ਧਿਆਨ ਲਗਾਣਾ, ਸੁਨਿ ਜਨ ਪੈ ਪਾਰਨਹਿੰ ਪਾਵਾ ॥
ਮਨ ਬਚ ਕਰਮ ਰਵਿਦਾਸ ਧਿਆਵਾ ਘੰਟਾ ਝਾਲਰ ਮਨਹਿੰ ਬਜਾਵਾ ॥

ਗੁਰੂ ਰਵਿਦਾਸ ਜੀ ਮੂਲ ਰੂਪ ਵਿਚ ਸੰਤ ਸਨ ਉਨ੍ਹਾਂ ਨੇ ਸੰਤਾਂ ਦੁਆਰਾ ਕੀਤੀ ਆਰਤੀ ਦਾ ਵੀ ਵਰਣਨ ਕੀਤਾ ਹੈ ਜਿਸ ਤੋਂ ਉਨ੍ਹਾਂ ਦਾ ਆਪਣਾ ਵਿਅਕਤਿਤਵ ਪ੍ਰਗਟ ਹੁੰਦਾ ਹੈ। ਉਨ੍ਹਾਂ ਅਨੁਸਾਰ ਸੰਤ ਆਰਤੀ ਕਰਦਿਆਂ ਲੋਕਾਂ ਵਾਂਗ ਚੀਖ ਪੁਕਾਰ ਨਹੀਂ ਕਰਦੇ ਸਗੋਂ ਹਿਰਦੇ ਅੰਦਰ ਬਿਨਾਂ ਬੁਲ੍ਹ ਹਿਲਾਏ ਪਰਮਤਤ ਦਾ ਮਾਨਸਿਕ ਚਿੰਤਨ ਕਰਦੇ ਹਨ। ਉਹ ਮਨ-ਮੰਦਿਰ ਵਿਚ ਹੀ ਸੂਖਮ ਆਰਤੀ ਕਰਦੇ ਹਨ ਅਤੇ ਹਿਰਦੇ-ਘਰ ਵਿਚ ਸਥਿਤ ਰਾਮ ਨੂੰ ਪ੍ਰਭੂ ਪ੍ਰੇਮ ਰੂਪੀ ਮਾਲਾ ਅਰਪਨ ਕਰਦੇ ਹਨ। ਪ੍ਰਭੂ ਦੀ ਜੋਤਿ ਨੂੰ ਮਨ ਮੰਦਿਰ ਵਿਚ ਜਲਾ ਆਪਾ ਰੌਸ਼ਨ ਕਰਦੇ ਹਨ ਅਤੇ ਸਭ ਜੀਵਾਂ ਵਿਚ ਉਸ ਦੀ ਜੋਤਿ ਜਲਦੀ ਨੂੰ ਵੇਖਦੇ ਹਨ ਇਸ ਤਰ੍ਹਾਂ ਉਨ੍ਹਾਂ ਨੂੰ ਸਮੁੱਚਾ ਬ੍ਰਹਿਮੰਡ ਜਗਮਗ ਕਰਦਾ ਦ੍ਰਿਸ਼ਟੀਗਤ ਹੁੰਦਾ ਹੈ। ਇਸ ਤਰ੍ਹਾਂ ਤਨ ਮਨ ਅਰਪਨ ਕਰਕੇ ਉਸ ਦੀ ਜੋਤਿ ਸੰਗ ਜੋਤਿ ਬਣ ਕੇ ਵਿਚਰਦੇ ਹਨ।

ਸੰਤ ਉਤਾਰੈ ਆਰਤੀ ਦੇਵ ਸਿਰੋਮਣੀਏ ॥
ਉਰ ਅੰਤਰਿ ਤਹਾਂ ਪੈਸਿ, ਬਿਨ ਰਸਨਾ ਭਜੀਏ ॥ ਟੇਕ ॥
ਮਨਸਾ ਮੰਦਿਰ ਮਾਂਹਿ ਧੂਪ ਧੁਪਾਈਐ, ਪ੍ਰੇਮ ਪ੍ਰੀਤਿ ਕੀ ਮਾਲ ਰਾਮ
ਚਹੁੰ ਦਿਸਿ ਦਿਵਲਾ ਬਾਰਿ ਜਗਿਮਗਿ ਰੈਵ ਰਹਯੌਏ ॥[152]

ਅਰਚਨਾ ਭਗਤੀ-ਮਾਰਗ ਤੇ ਚਲਦਿਆਂ ਪ੍ਰਭੂ ਪ੍ਰਾਪਤੀ ਦੀ ਅਵਸਥਾ ਤਕ ਪਹੁੰਚਣ ਲਈ ਜੋ ਆਰਤੀ ਗੁਰਦੇਵ ਨੇ ਦਸੀ ਹੈ ਉਸ ਪ੍ਰਤੀ ਗੁਰੂ ਰਵਿਦਾਸ ਜੀ ਸ਼ਰਧਾ ਅਤੇ ਵਿਸ਼ਵਾਸ ਪ੍ਰਗਟ ਕਰਦੇ ਹਨ। ਇਸ ਆਰਤੀ ਤੋਂ ਗੁਰੂ ਰਵਿਦਾਸ ਜੀ ਦੀ ਭਗਤੀ-ਸਾਧਨਾ ਦੀ ਸਮੁੱਚੀ ਤਸਵੀਰ ਸਾਹਮਣੇ ਆ ਜਾਂਦੀ ਹੈ। ਗੁਰੂ ਰਵਿਦਾਸ ਜੀ ਦੀ ਅਰਚਨਾ ਭਗਤੀ ਭਗਤੀ ਅਤੇ ਯੋਗ ਦਾ ਸਹੀ ਸੁਮੇਲ ਹੈ। ਉਨ੍ਹਾਂ ਅਨੁਸਾਰ ਪ੍ਰਾਣ ਸਾਧਨਾ ਰੂਪੀ ਥਾਲ ਵਿਚ ਮਨ ਰੂਪੀ ਚਮੁਖੀਆ ਦੀਵਾ ਜਲਾ ਕੇ, ਜਿਸ ਵਿਚ ਲਗਨ ਰੂਪੀ ਘਿਉ ਅਤੇ ਸ਼ਬਦ ਰੂਪੀ ਬੱਤੀ ਪਾਈ ਹੋਵੇ , ਦੇ ਦੁਆਰਾ ਹੀ ਤ੍ਰਿਕੁਟੀ ਜੋਤਿ ਉਤਪੰਨ ਹੁੰਦੀ ਹੈ। ਸ਼ਰਧਾ ਰੂਪੀ ਫੁੱਲ ਚੜ੍ਹਾਉਣ ਨਾਲ ਹੀ ਸੁੰਨਿ ਮੰਡਲ ਵਿਚ ਆਰਤੀ ਸ਼ੁਰੂ ਹੁੰਦੀ ਹੈ। ਸਵਾਸ ਸ਼ਬਦ ਸਾਧਨਾ ਅਤੇ ਇਸ ਨਾਲ ਹੀ ਨਾਦ-ਬਿੰਦ ਇਕਮਿਕ ਹੁੰਦੇ ਹਨ। ਆਰਤੀ ਕਰਦਿਆਂ ਸੱਜੇ ਖੱਬੇ ਹੱਥ ਹਿਲਾਉਣ ਦੀ ਥਾਂ ਸੂਰਜ ਅਤੇ ਚੰਦਰ ਨਾੜੀ ਵਿਚੋਂ ਪ੍ਰਾਣ-ਵਾਯੂ ਨੂੰ ਸਥਿਰ ਕਰਕੇ ਹੀ ਕੁੰਡਲਿਨੀ ਸ਼ਕਤੀ ਜਾਗ੍ਰਤ ਹੁੰਦੀ ਹੈ ਸੁਖਮਨਾ ਦੁਆਰਾ ਖੁਲ੍ਹਦਾ ਹੈ ਅਤੇ ਪ੍ਰੇਰਿਤ ਸ਼ਬਦ ਸ਼ਕਤੀ ਸਹਸ੍ਰਾਰ ਕੰਵਲ ਤੇ ਪ੍ਰਤੀਕਰਮ ਕਰ ਅਨਹਦ ਨਾਦ ਪੈਦਾ ਕਰਦੀ ਹੈ। ਜਿਸ ਦੇ ਫਲ ਸਰੂਪ ਬ੍ਰਹਮ ਰੰਧ੍ਰ ਵਿਚੋਂ ਨਿਰੰਤਰ ਅੰਮ੍ਰਿਤ ਝਰਨ ਲਗਦਾ ਹੈ। ਇਸ ਵਿਧੀ ਨਾਲ ਕੀਤੀ ਆਰਤੀ ਹੀ ਅਸਲ ਵਿਚ ਅਲਖ ਪਰਮਪੁਰਖ ਦੀ ਸੱਚੀ ਸੇਵਾ ਹੈ। ਇਸ ਅਰਚਨਾ ਪੱਧਤੀ ਨਾਲ ਹੀ ਸਾਧਕ ਦਾ ਪਾਰ-ਉਤਾਰਾ ਹੁੰਦਾ ਹੈ।

ਆਰਤੀ:-

ਗਗਨ ਮੰਡਲ ਮੈਂ ਆਰਤੀ ਕੀਜੈ, ਨਾਦ ਬਿੰਦ ਇਕ ਮੇਕ ਕਰੀਜੈ ।।
ਸੁਸਮਨ ਇੰਦੁ ਅੰਮ੍ਰਿਤ ਕੁੰਭ ਧਰਾਵੈ, ਮਨਸਾ ਮਾਲਾ ਫੂਲ ਚੜਾਵੈ ।।
ਘੀਵ ਅਖੰਡਾ ਸੋਹੰ ਬਾਤੀ, ਤ੍ਰਿਕੁਟੀ ਜੋਤਿ ਜਲੈ ਦਿਨ ਰਾਤੀ ।।
ਪਵਨ ਸਾਧਨਾ ਥਾਲ ਸਜੀਜੈ, ਤਾਮੈਂ ਚੋਮੁਖ ਮਨ ਧਰਿ ਲੀਜੈ ।।2 ।।
ਰਵਿ ਸਸਿ ਹਾਥ ਗਹੌ ਤਿੰਨ ਮਾਹੀਂ, ਖਿਨ ਦਾਹਿਨੇ ਖਿਨ ਬਾਮੇ ਲਾਹੀ ।।
ਸਹਸ ਕੰਵਲ ਸਿੰਘਾਸਨ ਰਾਜੈ, ਅਨਹਦ ਝਾਂਜਨ ਨਿਤ ਹੀ ਬਾਜੈ ।।3 ।।
ਇਹੁ ਵਿਧ ਆਰਤੀ ਸਾਂਚੀ ਸੇਵਾ, ਪਰਮ ਪੁਰਿਸੁ ਅਲਖ ਅਭੇਵਾ ।।
ਕਹੈ ਰਵਿਦਾਸ ਗੁਰਦੇਵ ਬਤਾਵੈ, ਐਸੀ ਆਰਤੀ ਪਾਰ ਲੰਘਾਵੈ ।।[153]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਰਵਿਦਾਸ ਜੀ ਦੀ ਬਾਣੀ ਵਿਚੋਂ ਪ੍ਰਾਪਤ ਅਰਚਨਾ ਭਗਤੀ ਨਿਰਗੁਣ, ਸਗੁਣ ਤੋਂ ਵੀ ਉਪਰ ਮੰਡਲਾਂ ਨਾਲ ਸੰਬੰਧਿਤ ਹੈ। ਗੁਰੂ ਜੀ ਨੇ ਪੂਜਾ ਦੀ ਅਸਲੀਅਤ ਨੂੰ ਜਿਸ ਮਹਾਨ ਚਿਤਰਪੱਟ ਤੇ ਉਲੀਕਿਆ ਹੈ ਉਹ ਨਿਸ਼ਚੇ ਹੀ ਨਾਮ ਦੇ ਮਜੀਠ ਰੰਗ ਵਿਚ ਰੰਗਿਆ ਹੋਇਆ ਹੈ। ਉਨ੍ਹਾਂ ਨੇ ਪਰੰਪਰਾਗਤ ਕਰਮਕਾਂਡਾਂ ਦੇ ਖੋਖਲੇਪਨ ਨੂੰ ਨਾਮ ਪਦਾਰਥ ਨਾਲ ਭਰਿਆ ਅਤੇ ਪੂਜਾ-ਅਰਚਨਾ ਦੀ ਸੱਚੀ ਵਿਧੀ ਦਾ ਨਿਰੂਪਣ ਕੀਤਾ । ਵਿਸ਼ੇਸ਼ ਕਰਕੇ ਆਰਤੀ ਅਤੇ ਪੂਜਾ ਦੇ ਤਾਂ ਅਰਥ ਹੀ ਬਦਲ ਕੇ ਰਖ ਦਿੱਤੇ ਹਨ। ਮੂਰਤੀਆਂ ਨੂੰ ਭੋਗ ਲਗਵਾਉਣ ਦੀ ਰਸਮ ਦੀ ਅਸਲੀਅਤ ਨੂੰ ਵੀ ਇਕ ਵਿਗਿਆਨਕ ਦਲੀਲ ਦੁਆਰਾ ਨੰਗਿਆ ਕੀਤਾ ਹੈ।

6. ਬੰਦਨਾ ਭਗਤੀ:- ਭਗਵਾਨ ਦੇ ਸ਼ਾਸਤਰ ਵਰਣਿਤ ਸਰੂਪ, ਉਸ ਦੇ ਨਾਮ, ਮੂਰਤੀ, ਚਿੱਤਰ ਜਾਂ ਮਾਨਸਿਕ ਮੂਰਤੀ ਨੂੰ ਸਰੀਰ ਜਾਂ ਮਨ ਨਾਲ ਸ਼ਰਧਾ ਸਹਿਤ ਪ੍ਰਣਾਮ ਕਰਦੇ ਹੋਏ ਭਗਵਤ ਪ੍ਰੇਮ ਵਿਚ ਮੁਗਧ ਹੋਣਾ ਬੰਦਨਾ ਭਗਤੀ ਹੈ। ਬੰਦਨਾ ਭਗਤੀ ਦੇ ਵੀ ਸਥੂਲ ਅਤੇ ਸੂਖਮ ਦੋ ਰੂਪ ਹਨ। ਸਗੁਣਵਾਦੀ ਪ੍ਰਭੂ ਦੀ ਮੂਰਤੀ ਜਾਂ ਅਵਤਾਰਾਂ ਨੂੰ ਬੰਦਨਾ ਕਰਦੇ ਹਨ ਅਤੇ ਨਿਰਗੁਣਵਾਦੀ ਪ੍ਰਭੂ ਦਾ ਧਿਆਨ ਕਰਕੇ ਉਸ ਨੂੰ ਵਾਰ ਵਾਰ ਨਮਸਕਾਰ ਕਰਦੇ ਹਨ। ਪ੍ਰਭੂ ਅਗਮ, ਅਗੋਚਰ, ਅਛਰ, ਅਤਰਕ, ਨਿਰਗੁਣ, ਨਿਰਵਿਕਾਰ, ਅਨੂਪ, ਅਜਨਮਾ, ਸਹਵਸ, ਅਭੇਖਾ, ਅਡੋਲ ਆਦਿ ਹੈ। ਉਹ ਦਰਕਦਰ, ਦਰਿਆ ਦਿਲ, ਸੁਲਤਾਨਾਂ ਦਾ ਸੁਲਤਾਨ, ਕਿਰਪਾ ਨਿਧੀ, ਕਰੁਣਾ ਨਿਧੀ, ਚਿੰਤਾਮਣੀ ਸੁਖਮਨੀ ਤੇ ਕਾਮਧੇਨ ਹੈ। ਉਸ ਦੀ ਲੀਲਾ, ਬੇਅੰਤ ਹੈ। ਸਾਧਕ ਉਸ ਪ੍ਰਭੂ ਦੇ ਅਕਥ ਗੁਣਾਂ ਤੋਂ ਵਾਰੇ ਜਾਂਦੇ ਹਨ ਅਤੇ ਵਾਰ ਵਾਰ ਉਸ ਨੂੰ ਅਭਿਨੰਦਨ ਕਰਦੇ ਹਨ। ਜਦੋਂ ਭਗਤ ਪ੍ਰਭੂ ਦੇ ਬਾਰੇ ਅਸਲੀ ਗਿਆਨ ਪ੍ਰਾਪਤੀ ਕਰ ਲੈਂਦਾ ਹੈ, ਆਪੇ ਨੂੰ ਜਾਣ ਜਾਂਦਾ ਹੈ ਤਾਂ ਉਸ ਵਿਚ ਉਸ ਦੀ ਅਸੀਮ ਸ਼ਰਧਾ ਹੋ ਜਾਂਦੀ ਹੈ। ਇਸ ਅਵਸਥਾ ਵਿਚ ਭਗਤ ਪਰਮਤਤ ਨੂੰ ਪਲ ਪਲ ਤੇ ਡੰਡੋਤ ਕਰਦਾ ਹੈ। ਇਸ ਤਰ੍ਹਾਂ ਉਹ ਦਾਸ ਭਾਵ, ਨਿਮਰਤਾ ਭਾਵ, ਨਿਵੇਦਨ ਅਤੇ ਪ੍ਰੇਮ ਭਾਵ ਗ੍ਰਹਿਣ

ਕਰ ਲੈਂਦਾ ਹੈ ਅਤੇ ਉਸ ਦੀ ਕਿਰਪਾ ਦਾ ਪਾਤਰ ਬਣ ਜਾਂਦਾ ਹੈ। ਗੁਰੂ ਰਵਿਦਾਸ ਬਾਣੀ ਵਿਚ ਬੰਦਨਾ ਭਗਤੀ ਦਾ ਵਿਕਾਸ ਵਿਦਮਾਨ ਹੈ।

ਗੁਰੂ ਰਵਿਦਾਸ ਜੀ ਪ੍ਰਭੂ ਦੇ ਅਪਾਰ ਗੁਣਾਂ ਤੋਂ ਪ੍ਰਭਾਵਿਤ ਹੋਏ ਉਸ ਦੀ ਮਹਿਮਾ ਗਾਉਂਦੇ ਹਨ ਉਹ ਆਪੇ ਨੂੰ ਪਹਿਚਾਣਦੇ ਹੋਏ ਪਰਮਤਤ ਦੀ ਬੇਅੰਤ ਲੀਲ੍ਹਾ ਤੋਂ ਵਾਰੇ ਜਾਂਦੇ ਹਨ। ਉਨ੍ਹਾਂ ਨੂੰ ਉਸ ਤੇ ਅਪਾਰ ਸ਼ਰਧਾ ਹੈ ਕਿ ਉਹ ਕਿਰਪਾ ਨਿਧੀ ਅਤੇ ਕਰੁਣਾਨਿਧੀ ਹੈ:

ਯਾ ਰਾਮਾ ਏਕ ਤੂੰ ਦਾਨਾ, ਤੇਰਾ ਆਦਿ ਭੇਖ ਨਾ
ਤੂੰ ਸੁਲਿਤਾਨ ਸੁਲਿਤਾਨਾ, ਬੰਦਾ ਸਕਿਸਤਾ ਅਜਾਨਾ ॥ ਟੇਕ ॥
ਮੈਂ ਬੇਦਿਆਨਤ ਬਦਨਜ਼ਰ, ਦਰਮੰਦ ਬਰਖੁਰਦਾਰ ॥
ਬੇ ਅਦਬ ਬਦਬਖਤ ਵੀਰਾਂ ਤੇ ਅਕਿਲ ਬਦਕਾਰ ॥
..... ..... .....
ਤੂੰ ਦਰਕਦਰ, ਦਰਿਯਾਵ ਦਿਲ, ਮੈਂ ਹਿਰਿਸਿਆ ਹੁਸਿਆਰ
ਰਵਿਦਾਸ ਦਾਗਹਿ ਬੋਲਿ, ਸਾਹਿਬ ਦੇਹੁ ਅਬ ਦੀਦਾਰ ॥[154]

ਪ੍ਰਭੂ ਵਿਚ ਸ਼ਰਧਾ ਅਤੇ ਵਿਸ਼ਵਾਸ ਤੋਂ ਬਾਅਦ ਸਾਧਕ ਉਸ ਨੂੰ ਨਮਸ਼ਕਾਰ ਕਰਦਾ ਹੈ। ਉਸ ਤੋਂ ਵਾਰਿਆ ਜਾਂਦਾ ਹੈ। ਕੁਰਬਾਨ ਹੁੰਦਾ ਹੈ:

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ, ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ, ਜਨ ਕਉ ਪੂਰਨੁ ਦੀਜੈ ॥
ਹਉ ਬਲਿ ਬਲਿ ਜਾਉ ਰਮਈਆ ਕਾਰਨੇ,
ਕਾਰਨ ਕਵਨ ਅਬੋਲ ॥੧ ॥[155]

ਸਾਧਕ ਨੂੰ ਪ੍ਰਭੂ ਦੇ ਦਰਸ਼ਨ ਗੁਰੂ ਦੇ ਦੁਆਰਾ ਹੀ ਹੁੰਦੇ ਹਨ। ਗੁਰੂ ਰਵਿਦਾਸ ਜੀ ਨੂੰ ਜਦੋਂ ਪਰਮਰੂਪ ਸ੍ਰੀ ਰਾਮਾਨੰਦ ਜੀ ਨੇ ਘਰ ਆ ਕੇ ਦਰਸ਼ਨ ਦਿਤੇ ਤਾਂ ਗੁਰੂ ਜੀ ਨੇ ਉਨ੍ਹਾਂ ਤੋਂ ਆਪਾ ਵਾਰ ਕੇ ਨਮਸ਼ਕਾਰ ਕੀਤੀ। ਇਹ ਉਨ੍ਹਾਂ ਦੀ ਬੰਦਨਾ ਭਗਤੀ ਦਾ ਉਤਮ ਨਮੂਨਾ ਹੈ। ਗੁਰੂ ਨੂੰ ਬੰਦਨਾ ਕਰਨਾ ਅਵਤਾਰਾਂ ਜਾਂ ਮੂਰਤੀਆਂ ਨੂੰ ਬੰਦਨਾ ਕਰਨਾ ਨਹੀਂ। ਇਹ ਤਾਂ ਰਹੱਸ ਹੈ ਇਸ ਦਾ ਮਰਮ ਕੋਈ ਵਿਰਲਾ ਹੀ ਜਾਣਦਾ ਹੈ ਕਬੀਰ ਜੀ ਵੀ ਸਮਾਨ ਵਿਚਾਰਧਾਰਾ ਰਖਦੇ ਪਹਿਲਾਂ ਗੁਰੂ ਨੂੰ ਬੰਦਨਾ ਕਰਦੇ ਹਨ:-

1. ਗੁਰੂ ਗੋਬਿੰਦ ਦੋਊ ਖੜੇ ਕਾਕੇ ਲਾਗੂ ਪਾਏ ॥
ਬਲਿਹਾਰੀ ਗੁਰੂ ਆਪਨੇ ਜਿਨ ਗੋਬਿੰਦ ਦਿਉ ਬਤਾਏ ॥ (ਕਬੀਰ)

2. ਆਜ ਦਿਵਸ ਲੇਉਂ ਬਲਿਹਾਰਾ

ਮੇਰੇ ਗ੍ਰਿਹ ਆਜਾ ਰਾਜਾ ਰਾਮ ਜੀ ਕਾ ਪਯਾਰਾ ॥ ਟੇਕ ॥
ਆਂਗਨ ਬਗਰ ਭੁਵਨ ਭਯੋ ਪਾਵਨ, ਹਰਿਜਨ ਬੈਠੇ ਹਰਿ ਜਸ ਗਾਵਨ ॥
ਕਰੌ ਡੰਡੌਤ ਅਰੁ ਚਰਨ ਪਖਾਰੌਂ, ਤਨ ਮਨ ਧਨ ਸੰਤਨ ਪਰ ਵਾਰੌਂ ॥[156]

ਪ੍ਰਭੂ ਜਾਂ ਗੁਰੂ ਨੂੰ ਨਮਸਕਾਰ ਸਾਧਾਰਨ ਨਮਸਕਾਰ ਨਹੀਂ, ਇਹ ਅਨੂਪਮ ਨਮਸ੍ਕਾਰ ਹੈ। ਇਹ ਭਗਤੀ ਭਾਵਨਾ ਅਤੇ ਨਿਰਮਾਣਤਾ ਨਾਲ ਭਰਪੂਰ ਹੁੰਦੀ ਹੈ। ਇਸ ਵਿਚ ਸਾਧਕ ਪ੍ਰੇਮ ਵਿਚ ਵਿਆਕੁਲ ਹੋਇਆ ਡੰਡੌਤ ਬੰਦਨਾ ਕਰਦਾ ਹੈ। ਸ੍ਰੀ ਮਦ ਭਾਗਵਤ ਵਿਚ ਵਰਨਣ ਹੈ ਕਿ ਅਕਰੂਰ ਜੀ ਪ੍ਰੇਮ ਬਿਹਬਲ ਹੋ ਕੇ ਬੜੀ ਸ਼ੀਘਰਤਾ ਨਾਲ ਰਥ ਤੋਂ ਕੁੱਦ ਕੇ ਬਲਰਾਮ ਅਤੇ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਤੇ ਦੰਡਵਤ ਕਰਦੇ ਗਿਰ ਪਏ,"[157] ਆਕ੍ਰੂਰ ਜੀ ਦੀ ਭਗਤੀ ਦੀ ਮਹਿਮਾ ਗੁਰੂ ਰਵਿਦਾਸ ਜੀ ਨੇ ਵੀ ਗਾਈ ਹੈ:

ਅਹੋ ਦੇਵ! ਧ੍ਰੂਵ ਅੰਬਰੀਸ਼ ਪ੍ਰਹਲਾਦ ਨਾਰਦਾ ॥
ਵਿਦੁਰ ਦ੍ਰੂਵਣ ਅਕ੍ਰੂਰ ਪੰਡਵ ਸੁਦਾਮਾ ਭੀਸ਼ਮ ਊਧਵ ॥
ਬਭੀਸ਼ਣ ਚੰਦਰਾਂਸਿ ਬਲਿ, ਕ੍ਰਲਿ ਭਗਤਿ ਜਗਤੀ ॥[158]

ਭੀਸ਼ਮਸਤਵਰਾਜ ਵਿਚ ਵਰਣਨ ਹੈ ਕਿ ਪਿਤਾਮਹ ਭੀਸ਼ਮ ਗੱਦ ਗਦ ਹੋ ਕੇ ਭਗਵਾਨ ਨੂੰ ਅ ਨਮਸ੍ਕਾਰ ਕਰਦੇ ਹਨ ਅਤੇ ਭਗਵਾਨ ਤਤਕਾਲ ਹੀ ਉਸ ਨੂੰ ਆਪਣਾ ਦਿਵਯ ਗਿਆਨ ਦੇ ਦਿੰਦੇ ਹਨ। ਜਿਨ੍ਹਾ ਦਾ ਮਨ ਭਗਵਾਨ ਵਿਚ ਇਕਸੁਰ ਹੋ ਚੁੱਕਾ ਹੈ ਅਜਿਹੇ ਭੀਸ਼ਮ ਨੇ ਅਨੇਕ ਪ੍ਰਕਾਰ ਭਗਵਾਨ ਦੀ ਉਸਤਤ ਕਰਨ ਬਾਅਦ 'ਨਮੋ ਕ੍ਰਿਸ਼ਨਾਯ' ਕਹਿ ਕੇ ਭਗਵਾਨ ਨੂੰ ਪ੍ਰਣਾਮ ਕੀਤਾ ਤਾਂ ਭਗਵਾਨ ਕ੍ਰਿਸ਼ਨ ਯੋਗ ਸ਼ਕਤੀ ਦੁਆਰਾ ਭੀਸ਼ਮ ਦੀ ਭਗਤੀ ਨੂੰ ਸਮਝ ਕੇ ਉਸਨੂੰ ਭਗਵਤ ਸਰੂਪ ਨੂੰ ਪ੍ਰਤੱਖ ਕਰਨ ਵਾਲਾ ਦਿਵਯ ਗਿਆਨ ਦੇ ਕੇ ਚਲੇ ਗਏ।"[159]

ਗੁਰੂ ਰਵਿਦਾਸ ਜੀ ਨੇ ਵੀ ਆਪਣੇ ਗੁਰੂ ਰਾਮਾਨੰਦ ਨੂੰ ਪ੍ਰਣਾਮ ਕਰਕੇ ਭਗਤੀ ਦੇ ਅੰਗਮੀ ਰਹੱਸ ਸੰਬੰਧੀ ਜਾਣਕਾਰੀ ਪ੍ਰਾਪਤ ਕੀਤੀ। ਗੁਰੂ ਜੀ ਸਪੱਸ਼ਟ ਲਿਖਦੇ ਹਨ:

1. ਅਭਯ ਵਰ ਪ੍ਰਤੰਗਯਾ, ਦੁਸਟ ਤਾਰਣ ਚਰਣ ਸਰਣਾਈ ਤੇਰੇ ॥
ਦਾਸ ਰਵਿਦਾਸ ਯਹੁ ਕਾਲ ਬਿਆਕੁਲ ਭਯੋ
ਤ੍ਰਾਹਿ ਤ੍ਰਾਹਿ ਗੁਰੂ ਰਾਮਾ ਆਲੰਬਨ ਮੋਰੇ ॥[160]

2. ਸੰਸਾਰ ਪ੍ਰਪੰਚ ਹੌ ਬਿਆਕੁਲ ਰਾਮਾਨੰਦਾ ॥
ਤ੍ਰਾਹਿ ਤ੍ਰਾਹਿ ਅਨਾਥ ਨਾਥ ਗੋਬਿੰਦਾ
ਰਵਿਦਾਸ ਬਿਨਵੈ ਕਰ ਜੋਰੀ, ਅਵਿਗਤ ਨਾਥ ਕਵਨ ਗਤਿ ਮੋਰੀ ॥[161]

ਬੰਦਨਾ ਭਗਤੀ ਦੀ ਪ੍ਰਾਪਤੀ ਲਈ ਭਗਤ ਪ੍ਰਭੂ ਜਾਂ ਗੁਰੂ ਅਗੇ ਉਸੇ ਦੇ ਪ੍ਰੇਮ ਪ੍ਰਤੀ

ਜਾਂ ਭਗਤੀ-ਪਿਆਰ ਸੰਬੰਧੀ ਵਿਆਕੁਲਤਾ ਪ੍ਰਗਟ ਕਰਦਾ ਹੈ। ਉਹ ਆਰਤ ਕਰਦਾ ਹੈ ਉਹ ਨਾਥ ਗੋਬਿੰਦ ਕੋਲ ਆਪਣੀ ਨਿਰਬਲਤਾ, ਨਿਰਮਾਣਤਾ ਅਤੇ ਦਾਸਤਾ ਦਾ ਇਜ਼ਹਾਰ ਕਰਦਾ ਹੈ। ਉਹ ਆਤਮ-ਨਿਵੇਦਨ ਕਰਦਾ ਕਰੁਣਾਨਿਧੀ ਕੋਲ ਫਰਿਆਦ ਕਰਦਾ ਹੈ। ਉਸ ਤੋਂ ਵਾਰਨੇ ਜਾਂਦਾ ਹੈ:

1. ਕਹੈ ਰਵਿਦਾਸ ਇਕ ਬੇਨਤਿ ਹਰਿ ਸਿਉ, ਪੈਜ ਰਾਖਹੁ ਰਾਜਾ ਰਾਮ ਮੇਰੀ [162]

2. ਹੈ ਸਬ ਆਤਮ ਸਵੈ ਪ੍ਰਕਾਸ ਸਾਚੌ ॥[163]

3. ਰਵਿਦਾਸ ਬਿਨਵੈ ਕਰ ਜੋਰਿ, ਅਹੋ ਸਵਾਮੀ ਤੁਮ ਮਾਹਿ ਨਾ ਖੋਰਿ
   ਸੁਤੌ ਪੂਰਬਲਾ ਅਕਰਮ ਮੋਰ, ਬਲਿ ਜਾਊ ਕਰੌ ਨਿਜ ਕੋਰ ।।[164]

ਸਾਧਕ ਪ੍ਰਭੂ ਕਿਰਪਾ ਕਰਨ ਲਈ ਜਿਥੇ ਬੇਨਤੀ ਕਰਦਾ ਹੈ ਉਥੇ 'ਹਉਮੈਂ' ਭਾਵ ਨੂੰ ਸਦਾ ਸਦਾ ਲਈ ਤਿਆਗ ਦਿੰਦਾ ਹੈ। ਉਹ ਪ੍ਰਭੂ ਤੋਂ ਕੁਰਬਾਨ ਹੁੰਦਾ ਹੈ ਮਿਹਰ ਦਾ ਪਾਤਰ ਬਨਣ ਲਈ ਬਾਰ ਬਾਰ ਡੰਡੌਤ ਕਰਦਾ ਹੈ। ਉਸਦੀ ਕਿਰਪਾ ਪ੍ਰਾਪਤੀ ਤੋਂ ਬਾਅਦ ਉਹ ਸੰਝ ਸਵੇਰੇ ਪ੍ਰਭੂ ਦੀ ਬੰਦਗੀ ਕਰਨ ਲਗਦਾ ਹੈ ਤੇ ਸੁਭਾਵੀ ਤੌਰ ਤੇ ਨਿਮਰਤਾ ਗ੍ਰਹਿਣ ਕਰ ਲੈਂਦਾ ਹੈ। ਆਪਾ ਮੇਟਿ ਕੇ ਪ੍ਰਭੂ ਪ੍ਰਾਪਤੀ ਲਈ ਅਗ੍ਰਸਰ ਹੁੰਦਾ ਹੈ:

ਹਰਿ ਬੰਦਗੀ ਛਾਂਡਿ ਮੈਂ ਮੇਰਾ ਹਿਰਦੈ ਕਰੀਮ ਸੰਭਾਰਿ ਸਵੇਰਾ ॥[165]

ਗੁਰੂ ਰਵਿਦਾਸ ਜੀ ਅਨੁਸਾਰ ਪ੍ਰਭੂ ਵਿਚ ਅਨਿਨ ਪ੍ਰੇਮ ਹੋ ਕੇ ਪ੍ਰਭੂ ਦੀ ਪ੍ਰਾਪਤੀ ਕਰਨਾ ਇਸ ਭਗਤੀ ਦਾ ਉਦੇਸ਼ ਹੈ। ਗੁਰੂ ਜੀ ਇਸ ਸੰਬੰਧ ਵਿਚ ਲਿਖਦੇ ਹਨ:

ਸਕਤਿ ਸਨੇਹ ਇਸ਼ਵ ਅੰਗਿ ਲਾਵੈ, ਅਸਥਲਿ ਅਸਥਲਿ ਖੇਲੈ ।।
ਜੇ ਕੁਛ ਮਿਲੈ ਆਨ ਅਖਰ ਸੌ, ਸੁਤ ਦਾਰਾ ਸਿਰ ਮੇਲੈ ॥
..... ..... ....
ਕਹੈ ਰਵਿਦਾਸ ਸੋਈ ਜਨੁ ਨਿਰਮਲ, ਨਿਸ ਦਿਨ ਨਿਜੁ ਅਨੁਰਾਗੀ ।। [166]

ਉਪਰੋਕਤ ਵਿਵੇਚਨ ਤੋਂ ਸਪੱਸ਼ਟ ਹੈ ਕਿ ਸਤਿ ਸੰਗਤ ਅਤੇ ਪ੍ਰਭੂ ਤੇ ਸ਼ਰਧਾ, ਪ੍ਰੇਮ, ਰਹੱਸੇ, ਪ੍ਰਭਾਵ ਅਤੇ ਤੱਤ ਦਾ ਮਰਮ ਸਮਝਣ ਨਾਲ ਬੰਦਨਾ ਪ ਭਗਤੀ ਪ੍ਰਾਪਤ ਹੁੰਦੀ ਹੈ। ਸ਼ਰਧਾ ਅਤੇ ਪ੍ਰੇਮ ਸਹਿਤ ਪ੍ਰਭੂ ਨੂੰ ਬੰਦਨਾ ਕਰਨ ਨਾਲ ਮਨੁੱਖ ਸਭ ਪਾਪਾਂ ਤੋਂ ਮੁਕਤ ਹੋ ਕੇ ਪਰਮਪਦ ਪ੍ਰਾਪਤ ਕਰਦਾ ਹੈ। ਵੈਸ਼ੰਪਾਯਨ ਮੁਨੀ ਅਨੁਸਾਰ ਭਗਵਾਨ ਸ੍ਰੀ ਕ੍ਰਿਸ਼ਨ ਨੂੰ ਕੀਤਾ ਹੋਇਆ ਇਕ ਪ੍ਰਣਾਮ ਵੀ ਦਸ ਅਸ਼ਵਮੇਧ ਯੱਗਾਂ ਦੇ ਬਰਾਬਰ ਹੈ ਯੱਗ ਲੈਣ ਵਾਲੇ ਨੂੰ ਤਾਂ ਫਿਰ ਜਨਮ ਲੈਣਾ ਪੈਂਦਾ ਹੈ ਪਰੰਤੂ ਪ੍ਰਣਾਮ ਕਰਨ ਵਾਲੇ ਨੂੰ ਫਿਰ ਜਨਮ ਨਹੀਂ ਲੈਣਾ ਪੈਂਦਾ ।* [167]

ਗੁਰੂ ਰਵਿਦਾਸ ਜੀ ਵੀ ਪ੍ਰਭੂ ਨੂੰ ਕੀਤੀ ਬੰਦਨਾ ਦਾ ਮਹੱਤਵ ਦਸਦੇ ਲਿਖਦੇ ਹਨ ਕਿ

ਪ੍ਰਭੂ ਅਗੇ ਸ੍ਰਧਾ ਅਤੇ ਪ੍ਰੇਮਪੂਰਵਕ ਕੀਤੀ ਬੇਨਤੀ ਵਿਅਰਥ ਨਹੀਂ ਜਾਂਦੀ ਉਸ ਕੋਲੋਂ ਜੋ ਮੰਗੋ ਸਭ ਪ੍ਰਾਪਤ ਹੁੰਦਾ ਹੈ। ਇਹ ਕਿਸੇ ਤੋਲੋਂ ਛੁਪਿਆ ਨਹੀਂ:-

ਜੋ ਜਿਹਿ ਚਾਹੇ ਸੋ ਮਿਲੈ, ਆਰਤਿ ਗਤਿ ਹੋਈ ॥
ਕਹੈ ਰਵਿਦਾਸ ਯਹੁ ਗੋਪਿ ਨਹੀਂ, ਜਾਨੈ ਸਬ ਕੋਈ ॥[168]

ਗੁਰੂ ਰਵਿਦਾਸ ਜੀ ਨਿਰਗੁਣਵਾਦੀ ਹੋਣ ਦੇ ਨਾਤੇ ਸਗੁਣਵਾਦੀਆਂ ਵਾਂਗ ਪ੍ਰਭੂ ਦੀਆਂ ਮੂਰਤੀਆਂ ਜਾਂ ਅਵਤਾਰਾਂ ਨੂੰ ਬੰਦਨਾਂ ਨਹੀਂ ਸਨ ਕਰਦੇ ਇਸ ਲਈ ਉਹ ਆਤਮ ਨਿਵੇਦਨ ਰਾਹੀਂ ਨਿਮਰਤਾ ਭਾਵ ਨਾਲ ਫੁਰਮਾਉਂਦੇ ਹਨ ਕਿ ਹੇ ਪ੍ਰਭੂ ! ਮੈਂ ਤੇਰੀ ਬੰਦਗੀ ਨਹੀਂ ਕੀਤੀ। ਕੀ ਮੇਰੀ ਗਤੀ ਨਹੀਂ ਹੋਵੇਗੀ?[169]
ਇਥੇ ਗੁਰੂ ਜੀ ਇਹ ਗੱਲ ਦ੍ਰਿੜ ਕਰਨਾ ਚਾਹੁੰਦੇ ਹਨ ਕਿ ਪ੍ਰਭੂ ਦੀ ਭਜਨ ਬੰਦਗੀ ਤੋਂ ਬਿਨਾਂ ਸੰਸਾਰ ਵਿਚ ਕੋਈ ਵੀ ਜੀਵ ਇਸ ਸੰਸਾਰ-ਸਾਗਰ ਤੋਂ ਪਾਰ ਨਹੀਂ ਜਾ ਸਕਦਾ। ਉਸਦਾ ਕਲਿਆਣ ਉਦੋਂ ਤਕ ਸੰਭਵ ਨਹੀਂ ਹੈ ਜਦ ਤਕ ਉਹ ਪ੍ਰਭੂ ਦੀ ਬੰਦਗੀ ਸੱਚੇ ਦਿਲੋਂ ਅਤੇ ਦਿਲ ਦੀਆਂ ਡੂੰਘਾਈਆਂ ਵਿਚੋਂ ਨਹੀਂ ਕਰਦਾ ਹੈ ਅਰਥਾਤ ਪ੍ਰਭੂ ਦੀ ਬੰਦਗੀ ਤੋਂ ਬਿਨਾਂ ਮੋਖਸ਼ ਪ੍ਰਾਪਤੀ ਦਾ ਕੋਈ ਹੋਰ ਰਸਤਾ ਹੀ ਨਹੀਂ। ਇਹ ਗਲ ਗੁਰੂ ਰਵਿਦਾਸ ਜੀ ਆਪਣੀ ਬਾਣੀ ਵਿਚ ਬਾਰ ਬਾਰ ਦੁਹਰਾਉਂਦੇ ਹਨ। ਅਤੇ ਸੰਸਾਰੀ ਜੀਵਾਂ ਨੂੰ ਸ਼ੁਧ ਭਾਵ ਨਾਲ ਆਪਾ ਵਾਰਦੇ ਹੋਏ ਪ੍ਰਭੂ ਦੇ ਚਰਨ ਕਮਲਾਂ ਦਾ ਧਿਆਨ ਧਰਦੇ ਹੋਏ ਉਸਦੇ ਪ੍ਰੇਮ ਵਿਚ ਬਿਹਬਲ ਬੰਦਨਾ ਜਾਂ ਬੰਦਗੀ ਕਰਨ ਦਾ ਉਪਦੇਸ਼ ਦਿੰਦੇ ਹਨ।

7. <u>ਦਾਸ ਭਗਤੀ</u>: - ਪ੍ਰਭੂ ਨਾਲ ਸੰਬੰਧ ਸਥਾਪਤ ਕਰਨ ਲਈ ਨਿਮਰਤਾ, ਹਲੀਮੀ ਅਤੇ ਦਾਸ ਭਾਵਨਾ ਆਵੱਸ਼ਕ ਹੈ। ਉਚੱਤਾ, ਮਾਣ ਵਾਲੀ ਭਾਵਨਾ, ਅਭਿਮਾਨ, ਹੰਕਾਰ, ਹਉਮੈ ਦੀ ਭਾਵਨਾ ਤਿਆਗਣ ਨਾਲ ਹੀ ਪ੍ਰਭੂ ਦੀ ਦਿਆਲਤਾ, ਕਿਰਪਾਲਤਾ ਅਤੇ ਮਿਹਰ ਪ੍ਰਾਪਤ ਹੋ ਸਕਦੀ ਹੈ। ਇਸ ਲਈ ਭਗਤ ਆਪਣੇ ਪਰਮਾਤਮਾ ਨਾਲ ਮਾਲਕ ਅਤੇ ਸੇਵਕ ਵਾਲਾ ਰਿਸ਼ਤਾ ਸਥਾਪਤ ਕਰਨਾ ਚੰਗਾ ਸਮਝਦਾ ਹੈ। ਇਸ ਸੰਬੰਧ ਦੇ ਅੰਤਰਗਤ ਕੀਤੀ ਪ੍ਰਭੂ ਦੀ ਭਗਤੀ ਨੂੰ ਦਾਸਾ ਭਗਤੀ ਕਹਿੰਦੇ ਹਨ। ਇਸ ਤਰ੍ਹਾਂ ਪ੍ਰਭੂ ਦੇ ਗੁਣ, ਤੱਤ, ਰਹੱਸ ਨੂੰ ਜਾਣ ਕੇ ਸ੍ਰਧਾ ਪੂਰਵਕ ਉਸਦੀ ਸੇਵਾ ਕਰਨਾ ਦਾਸ ਭਗਤੀ ਹੈ। ਮਨ ਨਾਲ ਪ੍ਰਭੂ ਦੇ ਸਰੂਪ ਦਾ ਧਿਆਨ ਕਰਨਾ, ਧਾਰਮਿਕ ਗ੍ਰੰਥਾਂ ਨੂੰ ਪ੍ਰਭੂ ਦੀ ਆਗਿਆ ਸਮਝ ਕੇ ਉਸਦੇ ਅਨੁਸਾਰ ਆਚਰਣ ਕਰਨਾ, ਪ੍ਰਭੂ ਦੀ ਰੁਚੀ ਅਨੁਸਾਰ ਕਰਮ ਕਰਨਾ - ਦਾਸ ਭਗਤੀ ਦੇ ਪ੍ਰਕਾਰ ਹਨ। ਗੁਰੂ ਰਵਿਦਾਸ ਜੀ ਦੀ ਦੂਜੇ ਸੰਤ ਕਵੀਆਂ ਤੋਂ ਇਸ ਪੱਖ ਵਿਚ ਵਿਲੱਖਣਤਾ ਹੈ ਕਿ ਉਨ੍ਹਾਂ ਨੇ ਨਿਮਰਤਾ ਅਤੇ ਦਾਸ ਭਾਵ ਨੂੰ ਇਕ ਪਲ ਲਈ ਵੀ ਨਹੀਂ ਛਡਿਆ। ਉਹ ਥਾਂ ਥਾਂ ਆਪਣੇ ਲਈ ਜਨ, ਦਾਸ, ਦਾਸਾਨ ਦਾਸਾ, ਸੇਵਾਨੁਗ ਸ਼ਬਦਾਂ ਦਾ ਪ੍ਰਯੋਗ ਕਰਕੇ ਆਪਣੀ ਦਾਸਤਾਂ ਪ੍ਰਗਟ ਕਰਦੇ ਹਨ। ਇਤਨਾ ਹੀ ਨਹੀਂ ਬਹੁਤ ਥਾਵਾਂ ਤੇ ਪ੍ਰਭੂ ਨੂੰ ਰਾਜਾ ਰਾਮ, ਬਡ

ਰਾਜਾ ਸੁਆਮੀ, ਅੰਤਰਜਾਮੀ, ਕਹਿ ਕੇ ਪਰਮ ਸਾਖਿਤੀ ਵਿਚ ਦਰਸਾਉਂਦੇ ਹਨ। ਇਸ ਤਰ੍ਹਾਂ ਉਹ ਸਵਾਮੀ ਅਤੇ ਸੇਵਕ ਵਿਚਲੇ ਭੇਦ ਨੂੰ ਸਪੱਸ਼ਟ ਕਰਦੇ ਹਨ ਅਸਲ ਵਿਚ ਇਹ ਸਭ ਕੁਝ ਪ੍ਰਭੂ ਸੁਆਮੀ ਦੇ ਰਹੱਸ ਦੇ ਅੰਤਰਗਤ ਹੀ ਆਉਂਦਾ ਹੈ। ਕਿਉਂਕਿ ਗੁਰੂ ਜੀ ਅਨੁਸਾਰ ਮਨੁੱਖ ਉਸ ਮਾਲਕ ਦੀ ਸੇਵਾ ਤੋਂ ਬਿਨਾਂ ਦਾਸ ਅਤੇ ਰਾਮ ਜਨ ਬਨਣ ਤੋਂ ਬਿਨਾਂ ਭਗਤ ਨਹੀਂ ਬਣ ਸਕਦਾ। ਇਸ ਲਈ ਉਸ ਪ੍ਰਭੂ ਦੀ ਭਗਤੀ-ਸੇਵਾ ਹੀ ਦਾਸਾ ਭਗਤੀ ਹੈ:

ਰਾਮ ਜਨ ਹੋਉ ਨਾ ਭਗਤ ਕਹਾਉਂ ॥
ਸੇਵਾ ਕਰੌ ਨਾ ਦਾਸਾ ॥[170]

ਗੁਰੂ ਜੀ ਅਨੁਸਾਰ ਪ੍ਰਭੂ ਨੂੰ ਸੁਆਮੀ ਆਪ ਉਸ ਦੇ ਸੇਵਕ ਬਣ ਕੇ ਕੀਤੀ ਭਗਤੀ ਨੂੰ ਦਾਸਾ ਭਗਤੀ ਤਾਂ ਕਹਿੰਦੇ ਹਨ ਪਰੰਤੂ ਗੁਰੂ ਜੀ ਅਨੁਸਾਰ ਇਸ ਦੇ ਅੰਤਰਗਤ ਪਰਮ ਤੱਤ ਨੂੰ ਚੀਨਣਾ ਵੀ ਆਉਂਦਾ ਹੈ। ਜਦੋਂ ਤਕ ਆਤਮਾ ਨੂੰ ਪਰਮਤਤ ਦੇ ਰਹੱਸ ਬਾਰੇ ਨਹੀਂ ਪਤਾ ਤਦੋਂ ਤਕ ਸਾਧਕ ਦੇ ਦਾਸ ਭਾਵ ਨੂੰ ਭਗਤੀ ਨਹੀਂ ਕਿਹਾ ਜਾ ਸਕਦਾ :

ਭਗਤੀ ਨ ਹੋਈ ਰੇ ਨਾ ਹੋਈ, ਜਬ ਲਾਗਤਨ ਸੁਧ ਨਾ ਹੋਈ
.... .... ....
ਭਗਤੀ ਨਹੀਂ ਸਵਾਮੀ ਅਰੁ ਸੇਬਗ, ਜਬ ਲਗ ਪਰਮਤਤ ਨਹੀਂ ਚੀਨਹਾ।[171]

ਪਰਮਤੱਤ ਦੇ ਗੁਣ, ਤੱਤ ਅਤੇ ਰਹੱਸ ਨੂੰ ਜਾਨਣ ਉਪਰੰਤ ਹੀ ਦਾਸਾ ਭਗਤੀ ਸ਼ੁਰੂ ਹੁੰਦੀ ਹੈ। ਇਸ ਤੋਂ ਉਪਰੰਤ ਸਾਧਕ ਪ੍ਰਭੂ ਪ੍ਰਤੀ ਨਿਮਰਤਾ ਅਤੇ ਦਾਸਾ ਭਾਵ ਦਾ ਇਜ਼ਹਾਰ ਕਰਦਾ ਹੈ ਉਸ ਨੂੰ ਰਿਝਾਉਣ ਲਈ ਹਰ ਸੰਭਵ ਯਤਨ ਕਰਦਾ ਹੈ ਉਸ ਦੀ ਅਪਾਰ ਮਹਿਮਾ ਦਾ ਨਿਮਰਤਾ ਸਹਿਤ ਗੁਣ ਗਾਣ ਕਰਦਾ ਹੈ :

ਰਾਮ ਗੁਸਈਆਂ ਜੀਅ ਕੇ ਜੀਵਨਾ ॥
ਮੋਹਿ ਨ ਬਿਸਾਰਹੁ ਮੈਂ ਜਨ ਤੇਰਾ ॥[172]

ਸਾਧਕ ਨਿਮਾਣਾ ਬਣ ਕੇ ਪ੍ਰਭੂ ਦੇ ਚਰਨਾਂ ਵਿਚ ਅਰਦਾਸ ਕਰਦਾ ਹੈ ਕਿ ਹੇ ਪ੍ਰਭੂ! ਆਪਣੇ ਜਨ ਨੂੰ ਨਾ ਵਿਸਾਰੋ, ਮਿਹਰ ਦੀ ਨਜ਼ਰ ਕਰੋ। ਦਾਸ ਨੂੰ ਪੂਰਨਤਾ ਨਾਲ ਨਿਵਾਜੋ, ਦਾਸ ਦੀ ਸੇਵਾ ਕਬੂਲ ਕਰੋ, ਅਪਰਾਧੀ ਨੂੰ ਖਿਮਾ ਕਰੋ। ਕਰੁਣਾ ਨਿਧੀ ਮੇਰੇ ਤੇ ਮਿਹਰ ਕਰੋ। ਇਸ ਤਰ੍ਹਾਂ ਸਾਧਕ ਦਾਸਾ ਭਗਤੀ ਦੀ ਸੰਪੂਰਣਤਾ ਲਈ ਪਲ ਪਲ ਉਸ ਅਗੇ ਅਰਦਾਸ ਕਰਦਾ ਹੈ:

1. ਹਮ ਸਰਿ ਦੀਨੁ ਦਇਆਲੁ ਨਾ ਤੁਮ ਸਰਿ,
ਅਬ ਪਤਿਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ
ਜਨ ਕਉ ਪੂਰਨ ਦੀਜੈ ॥[173]

2. ਤੁਮ ਦੀਨਾ ਨਾਥ ਦਿਆਲ ਦਮੋਦਰ ਕੋਨੇ ਹੇਤ ਫਿਲੰਬੈ ॥
ਰਵਿਦਾਸ ਦਾਸ ਸੰਤ ਚਰਨਮਹਿ ਮੋਹਿ ਅਵਲੰਬਨ ਦੀਜੈ ॥[174]

ਪ੍ਰਭੂ ਦੇ ਪ੍ਰਤੀ ਅੰਨਿਨ ਪ੍ਰੇਮ ਦੇ ਕਾਰਣ ਸੰਮਾਜਿਕਤਾ ਅਤੇ ਹੋਰ ਕਿਸੇ ਦੇਵ ਵਿਚ ਰਵਿਦਾਸ ਦਾ ਮਨ ਨਹੀਂ ਲਗਦਾ। ਦਾਸ ਭਾਵ ਨਾਲ ਪ੍ਰਭੂ ਨੂੰ ਰਿਝਾਣਾ ਹੀ ਉਸ ਦਾ ਕਰਤਵ ਬਣ ਗਿਆ ਸੀ।

ਰਵਿਦਾਸ ਦਾਸ ਕੀ ਸੇਵਾ ਮਾਨਹੁ ਦੇਵਾ ॥
ਪਤਿਤ ਪਾਵਨ ਨਾਮ ਪਰਗਟ ਕਰੀਜੈ ॥[175]

ਗੁਰੂ ਰਵਿਦਾਸ ਜੀ ਅਨੁਸਾਰ ਜਦੋਂ ਸਾਧਕ ਨੂੰ ਆਪੇ ਦੀ ਪਹਿਚਾਣ ਹੋ ਜਾਂਦੀ ਹੈ ਤਾਂ ਉਸ ਵਿਚੋਂ ਹਉਮੈ ਦੀ ਭਾਵਨਾ ਨਿਕਲਦੀ ਹੈ ਤਾਂ ਉਸਨੂੰ ਪਰਮ ਤਤ ਦੇ ਕਿਰਪਾ ਨਿਧੀ ਅਤੇ ਕਰੁਣਾਨਿਧੀ ਤੋਂਭਗਤੀ ਦੀ ਦਾਤ ਪ੍ਰਾਪਤ ਹੁੰਦੀ ਹੈ। ਗੁਰੂ ਰਵਿਦਾਸ ਜੀ ਦਾਸ ਭਾਵ ਦੀਆਂ ਅੰਤਿਮ ਕੜੀਆਂ ਨੂੰ ਛੂਹ ਦੇ ਪ੍ਰਭੂ ਪ੍ਰਤੀ ਆਪਣੀ ਮਨ ਦੀ ਭਾਵਨਾ ਵਿਅਕਤ ਕਰਦੇ ਹਨ। ਉਨ੍ਹਾਂ ਅਨੁਸਾਰ ਸੇਵਕ ਦੀ ਪਹਿਚਾਣ ਸਵਾਮੀ ਤੋਂ ਹੁੰਦੀ ਹੈ। ਇਸ ਲਈ ਭਗਤ ਨੂੰ ਭਗਤੀ ਦਾ ਵਰਦਾਨ ਦਿਉ ।

ਤੁਮਹ ਜੁ ਨਾਇਕ ਆਛਹ ਅੰਤਰਜਾਮੀ ॥
ਪ੍ਰਭੂ ਤੇ ਜਨ ਜਾਨੀਜੈ, ਜਨ ਤੈ ਸੁਆਮੀ ॥[176]

ਦਾਸ-ਭਗਤੀ ਆਪਣੇ ਆਪ ਵਿਚ ਪੂਰਨ ਭਗਤੀ ਹੈ ਜਦੋਂ ਪ੍ਰਭੂ ਦੀ ਮਿਹਰ ਹੋ ਜਾਂਦੀ ਹੈ ਤਾਂ ਦਾਸ ਦੀ ਸਾਰੀ ਬਿਪਤਾ ਕਟੀ ਜਾਂਦੀ ਹੈ। ਸੰਸਾਰਿਕ ਮੋਹ ਮਾਇਆ ਤੋਂ ਛੁਟਕਾਰਾ ਪ੍ਰਾਪਤ ਹੋ ਜਾਂਦਾ ਹੈ। ਗਿਆਨ ਦੇ ਚਾਨਣ ਨਾਲ ਅਧਿਆਤਮਿਕ ਖੇਤਰ ਜਗਮਗ ਕਰਨ ਲਗਦਾ ਹੈ। ਜਨਮ ਮਰਨ ਦੇ ਫੰਦੇ ਸਿਆਂ ਤੋਂ ਨਿਵਿਰਤੀ ਹੋ ਜਾਂਦੀ ਹੈ। ਉਸ ਵੇਲੇ ਸਾਧਕ ਉਸ ਪਰਮਤਤ ਪ੍ਰਭੂ-ਸੁਆਮੀ ਦੇ ਦਰਸ਼ਨਾਂ ਲਈ ਵੇਦਨਾ ਕਰਦਾ ਹੈ। ਕਿਉਂਕਿ ਇਸ ਤੋਂ ਬਿਨਾਂ ਭਗਤੀ ਸੰਪੂਰਨ ਨਹੀਂ ਹੁੰਦੀ। ਗੀਤਾ ਵਿਚ ਵੀ ਅਰਜੁਨ ਜੀ ਸ੍ਰੀ ਕ੍ਰਿਸ਼ਨ ਜੀ ਨੂੰ ਕਹਿੰਦੇ ਹਨ ਕਿ " ਪਰਮੇਸ਼ੁਰ ਮੈਂ ਆਪ ਦਾ ਐਸ਼ਵਰਯ-ਸਰੂਪ ਦੇਖਣਾ ਚਾਹੁੰਦਾ ਹੈ ਅਤੇ ਜੇਕਰ ਸੰਭਵ ਹੈ ਤਾਂ ਮੈਨੂੰ ਆਪਣਾ ਪੂਰਨ ਰੂਪ ਦਿਖਾਓ।" (ਗੀਤਾ 11/3-4)

ਆਦਿ ਅੰਤ ਮਧਿ ਸੰਗ ਤਿਹਾਰੇ , ਹਖ ਕਾਹੇ ਕਰਤਹੁ ਨਿਨਾਰੇ ॥
ਕਹਿ ਰਵਿਦਾਸ ਵੇਗੁ ਮਿਲ ਠਾਕੁਰ, ਨਿਜਜਨ ਕੂੰ ਲੇਹ ਉਧਾਰਿ ॥[177]

ਗੁਰੂ ਜੀ ਪ੍ਰਭੂ -ਸੁਆਮੀ ਦੇ ਸਾਹਮਣੇ ਬਹੁਤ ਨਿਮਰਤਾ ਸਹਿਤ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ! ਮੈਂ ਤਾਂ ਜਨਮ-ਜਨਮਾਂਤਰਾਂ ਤੋਂ ਆਪ ਜੀ ਦੇ ਚਰਨਾਂ ਵਿਚ ਡੇਰਾ ਲਾਈ ਰਖਿਆ ਹੈ। ਜਦੋਂ ਕਦੇ ਸ੍ਰਿਸ਼ਟੀ ਦਾ ਆਰੰਭ ਹੋਇਆ ਸੀ ਉਦੋਂ ਤੋਂ ਲੈ ਕੇ ਸ੍ਰਿਸ਼ਟੀ ਸਮੁੱਚੇ ਪ੍ਰਕਰਣ ਵਿਚ ਮੈਂ ਆਪ ਜੀ ਨੂੰ ਛੱਡ ਕੇ ਕਿਸੇ ਹੋਰ ਨੂੰ ਚਿਤਵਿਆ ਤਕ ਨਹੀਂ ਪਰੰਤੂ ਹੇ ਪ੍ਰਭੂ !. ਮੇਰੇ ਇਸ ਜਨਮ ਵਿਚ ਕਿਸ ਗਲ ਦਾ ਦੰਡ ਦੇ ਰਹੇ ਹੋ ਕਿ ਮੇਰੇ ਵਰਗੇ ਜਨਮ-ਜਨਮਾਂਤਰਾਂ ਦੇ ਸੇਵਕ ਨੂੰ ਆਪ ਆਪਣੇ ਚਰਨਾਂ

ਵਿਚ ਨਿਵਾਸ ਪ੍ਰਦਾਨ ਨਹੀਂ ਕਰ ਰਹੇ ਮੇਰੀ ਇਹ ਜੀਵਨ ਰੀਝ ਕਦੋਂ ਪੂਰੀ ਹੋਵੇ ਗੀ?

ਮਾਧੋ ਤੂੰ ਮਮ ਠਾਕੁਰ ਹੋ ਤੁਝ ਸੇਵਗੁ ॥
ਜਨਮ ਜਨਮ ਤੇ ਹੌ ਤੁਝ ਸੇਵਾਨੁਗ ॥[178]

ਪ੍ਰਭੂ ਦਾ ਭਗਤ ਮੋਖਸ਼ ਨਹੀਂ ਚਾਹੁੰਦਾ ਉਹ ਤਾਂ ਸੰਸਾਰਿਕ ਕਰਮਾਂ ਤੋਂ ਛੁਟਕਾਰਾ ਪਾ ਕੇ ਪ੍ਰਭੂ ਦੀ ਸੇਵਾ ਵਿਚ ਨਿੱਤ-ਨਿੱਤ ਰਹਿਣਾ ਚਾਹੁੰਦਾ ਹੈ। ਉਹ ਉਸ ਦੇ ਸੰਗ-ਸੰਗ ਰਹਿਣ ਵਾਲਾ ਸੰਬੰਧ ਸਥਾਪਿਤ ਕਰਨਾ ਚਾਹੁੰਦਾ ਹੈ। ਇਸ ਦੀ ਪ੍ਰਾਪਤੀ ਲਈ ਉਹ ਪਲ ਪਲ ਪੂਜਾ ਠਾਨਦਾ ਹੈ, ਅਰਦਾਸ ਕਰਦਾ ਹੈ, ਤਾਂ ਕਿ ਅੰਸ਼ੀ-ਅੰਸ਼ ਦਾ ਸੰਬੰਧ ਸਦਾ-ਸਦਾ ਲਈ ਬਣਿਆ ਰਹੇ:

ਜਉ ਤੁਮ ਗਿਰਿਵਰ ਤਉ ਹਮ ਮੋਰਾ, ਜਉ ਤੁਮ ਚੰਦ ਤਉ ਹਮ
ਭਏ ਹੈ ਚਕੋਰਾ ॥
..... .... ...
ਜਹ ਜਹ ਜਾਉ ਤਹਾ ਮੁ ਤੁਮਰੀ ਸੇਵਾ, ਤੁਮ ਸੌ ਠਾਕੁਰ ਅਵਰ
ਨਾ ਦੇਵਾ ॥[179]

ਪ੍ਰਭੂ-ਮਾਲਕ ਅਤੇ ਸਾਧਕ ਸੇਵਕ ਦਾ ਰਿਸ਼ਤਾ ਦ੍ਰਿੜ ਕਰਨਾ ਹੀ ਦਾਸ ਭਗਤੀ ਦਾ ਮੂਲ ਉਦੇਸ਼ ਹੈ। ਸਾਧਕ ਪ੍ਰਭੂ ਨਾਲ ਆਪਣੇ ਨਿਜੀ ਰਿਸ਼ਤੇ ਸਮਝਦਾ ਹੋਇਆ ਆਪਾ ਭਾਵ ਖਤਮ ਕਰ ਦਿੰਦਾ ਹੈ ਕਿਉਂਕਿ ਜਦ ਤਕ ਸਵੈਮਾਨ ਜਾਂ ਹਉਮੈ ਦੀ ਭਾਵਨਾ ਹੈ ਤਦ ਤਕ ਦਾਸ ਭਾਵ ਉਤਪੰਨ ਨਹੀਂ ਹੁੰਦਾ ਦਵੈਤ ਪ੍ਰਭੂ ਤੋਂ ਵਿਛੋੜਾ ਹੈ। ਸਵੈ-ਕੇਂਦਰਿਤ ਹੋਣਾ ਹੀ ਦਵੈਤ ਨੂੰ ਜਨਮ ਦਿੰਦਾ ਹੈ। ਅਦਵੈਤ ਨੂੰ ਪਹਿਚਾਨਣਾ ਅਤੇ ਇਸ ਨੂੰ ਅਮਲੀ ਰੂਪ ਦੇਣਾ ਹੀ ਉਸ ਨਾਲ ਲੀਨਤਾ, ਏਕਤਾ ਅਤੇ ਮਿਲਾਪ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ:

ਤਿਸ ਸਾਹਿਬ ਕੀ ਬਾਤ ਜਿ ਆਖੈ, ਕਹੁ ਨਾਨਕ ਕਿਆ ਦੀਜੈ ॥
ਸੀਸ ਵਢੇ ਕਰਿ ਬੈਸਣਿ ਦੀਜੈ, ਵਿਣੁ ਸਿਰ ਸੇਵ ਕਰੀਜੈ ॥[180]

ਗੁਰੂ ਰਵਿਦਾਸ ਜੀ ਵੀ ਅਜਿਹੀ ਭਾਵਨਾ ਵਿਅਕਤ ਕਰਦੇ ਹਨ ਤਾਂ ਕਿ ਪ੍ਰਭੂ-ਸੁਆਮੀ ਨਾਲ ਮੂਲ ਸੰਬੰਧ ਕਿਸੇ ਕੀਮਤ ਤੇ ਵੀ ਬਣਿਆ ਰਹੇ।

1. ਕਹੈ ਰਵਿਦਾਸ ਮੇਟਿ ਆਪਾ ਪਰ
ਵਾ ਠੋਰਹਿ ਪਾਵੈਗਾ ॥[181]
2. ਕਰੋ ਡੰਡੌਤ ਅਰੁ ਚਰਨ ਪਖਾਰੋ
ਤਨ ਮਨ ਧਨ ਸੰਤਨ ਪਰ ਵਾਰੋ ॥[182]
3. ਚਰਣ ਨਾ ਛਾਡਿਓ ਸਰੀਰ ਕਲ ਜਾਈ ॥ (ਰਾਗ ਗਉੜੀ)

ਦਾਸਾ ਭਗਤੀ ਦੇ ਮਹੱਤਵ ਨੂੰ ਦਾਰਸਾਉਂਦੇ ਗੁਰੂ ਜੀ ਲਿਖਦੇ ਹਨ ਕਿ ਬ੍ਰਾਹਮਣ ਅੱਜ ਮੈਨੂੰ ਡੰਡੌਤ ਕਰਦੇ ਹਨ ਇਹ ਤਾਂ ਕੇਵਲ ਇਸ ਕਰਦੇ ਕਿ ਮੈਂ ਪ੍ਰਭੂ ਦਾ ਅੰਸ਼ ਹਾਂ ਅਤੇ ਇਹ ਸਭ ਕੁਝ ਪ੍ਰਭੂ-ਅੰਸ਼ੀ ਦੀ ਬੰਦਗੀ ਤੋਂ ਪ੍ਰਾਪਤ ਹੋਇਆ ਹੈ:

ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ ॥
ਤਿਨ ਤਨੈ ਰਵਿਦਾਸ ਦਾਸਾਨ ਦਾਸਾ ॥[183]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਗੁਰੂ ਜੀ ਅਨੁਸਾਰ ਦਾਸਾ ਭਗਤੀ ਪ੍ਰਭੂ-ਸੁਆਮੀ ਜਾਂ ਪਰਮਤਤ ਨੂੰ ਚੀਨਣਾ ਹੈ। ਇਸ ਲਈ ਸਾਧਕ ਨਿਮਰਤਾ, ਦਾਸ ਭਾਵ ਸਹਿਤ ਬੇਨਤੀ ਸੇਵਾ ਬੰਦਗੀ ਕਰਦਾ ਹੈ ਇਸ ਤਰ੍ਹਾਂ ਅੰਸ਼-ਅੰਸ਼ੀ ਦਾ ਸੰਬੰਧ ਅਮਲੀ ਰੂਪ ਵਿਚ ਸਥਾਪਤ ਕਰ ਲੈਂਦਾ ਹੈ ।

ਗੁਰੂ ਰਵਿਦਾਸ ਜੀ ਨੂੰ ਦਾਸਾ ਭਗਤੀ ਵਿਚ ਪੂਰਨ ਸ਼ਰਧਾ ਅਤੇ ਵਿਸ਼ਵਾਸ ਹੈ। ਉਹ ਆਪਣੀ ਬਾਣੀ ਵਿਚ ਅੰਗਦ ਜੀ ਦੀ ਭਗਤੀ ਦੀ ਉਸਤਤ ਕਰਦੇ ਹਨ। ਅੰਗਦ ਜੀ ਨੂੰ ਜਦੋਂ ਭਗਵਾਨ ਸ੍ਰੀ ਰਾਮ ਚੰਦਰ ਆਯੋਧਿਆ ਤੋਂ ਵਾਪਸ ਜਾਣ ਨੂੰ ਕਹਿੰਦੇ ਹਨ ਤਾਂ ਉਸ ਸਮੇਂ ਅੰਗਦ ਜੀ ਭਗਵਾਨ ਕੋਲ ਪਾਰਥਨਾ ਕਰਦੇ ਹਨ ਅਤੇ ਭਗਤੀ ਨੂੰ ਪ੍ਰਾਪਤ ਹੁੰਦੇ ਹਨ:

ਆਤਮ ਸਾਜਾ ਜੈ ਵਿਜੈ ਦ੍ਰੋਪਤੀ ਇਸਤ੍ਰੀ ਪ੍ਰਚੇਤਾ ॥
ਰੁਕਮਾਂਗਦ ਅੰਗਦ ਬਸਦੇਵ ਦੇਵ ਕੀ ਅਗਿਨਤ ਕਹੁੰ ਭਗਤ ਕੇਤਾ ॥[184]

8. ਸਖਾ -ਭਗਤੀ:- ਪਰਮਾਤਮਾ ਪ੍ਰਤੀ ਮਿਤਰਤਾ ਦੀ ਭਾਵਨਾ ਨਾਲ ਕੀਤੀ ਭਗਤੀ ਸਖਾ ਭਗਤੀ ਹੈ । ਸ੍ਰੀ ਮਦ ਭਾਗਵਤ ਗੀਤਾ ਵਿਚ ਸਖਾ ਭਗਤੀ ਸੰਬੰਧੀ ਸਵਿਸਥਾਰ ਵਰਨਣ ਹੈ। ਇਸ ਵਿਚ ਲਿਖਿਆ ਹੈ ਕਿ ਉਸ ਨੰਦਗੋਪ ਦੇ ਵ੍ਰਜ ਵਿਚ ਰਹਿਣ ਵਾਲੇ ਲੋਕ ਧੰਨ ਹਨ ਜਿਨ੍ਹਾਂ ਦਾ ਮਿਤਰ ਪਰਮਾਨੰਦ ਪਰਿਪੂਰਣ ਸਨਾਤਨ ਬ੍ਰਹਮ ਹੈ।"[185] ਇਸ ਤੋਂ ਇਲਾਵਾ ਸਪੱਸ਼ਟ ਹੈ ਕਿ ਸ੍ਰੀ ਕ੍ਰਿਸ਼ਨ ਜੀ ਨੂੰ ਸਖਾ ਜਾਣ ਕੇ ਉਨ੍ਹਾਂ ਦੇ ਭਗਤਾਂ ਨੇ ਭਗਤੀ ਕੀਤੀ।

ਭਗਵਾਨ ਦੇ ਪ੍ਰਭਾਵ ਤੱਤ, ਰਹੱਸ ਅਤੇ ਮਹਿਮਾ ਨੂੰ ਸਮਝ ਕੇ ਸ਼ਰਧਾ ਅਤੇ ਪਰਮ ਵਿਸ਼ਵਾਸ ਪੂਰਵਕ ਮਿੱਤਰ ਭਾਵ ਨਾਲ ਪ੍ਰਭੂ ਦੇ ਅਨੁਕੂਲ ਬਣ ਜਾਣਾ, ਉਸ ਵਿਚ ਅਨਿੰਨ ਪ੍ਰੇਮ ਕਰਨਾ ਅਤੇ ਉਸ ਦੇ ਗੁਣ ਰੂਪ ਲੀਲਾ ਲੀਲਾ ਤੇ ਮੁਗਧ ਹੋ ਕੇ ਨਿਤ-ਨਿਰੰਤਰ ਪ੍ਰਸੰਨ ਰਹਿਣਾ ਸਖਾ ਭਗਤੀ ਹੈ।

ਪਰਮਾਤਮਾ ਪ੍ਰਤੀ ਮਿਤਰਤਾ ਦੀ ਭਾਵਨਾ ਸਾਧਕ ਨੂੰ ਪ੍ਰਭੂ ਦੇ ਬਹੁਤ ਸਮੀਪ ਲੈ ਜਾਂਦੀ ਹੈ। ਸਖਾ ਭਗਤ ਸੰਸਾਰਿਕ ਰਿਸ਼ਤੇ ਨਾਤਿਆਂ ਤੋਂ ਉਪਰ ਉਠ ਕੇ ਦੁਨੀਆਂ ਵਿਚ ਸਭ ਤੋਂ ਵਧ ਪ੍ਰਭੂ ਨੂੰ ਸਮਝਦਾ ਹੈ । ਇਸ ਤਰ੍ਹਾਂ ਉਹ ਪ੍ਰਭੂ ਨਾਲ ਅਜਿਹਾ ਸੰਬੰਧ ਸਥਾਪਤ ਕਰ ਲੈਂਦਾ ਹੈ ਕਿ ਉਸ ਵਿਚ ਹਉਮੈ ਆਦਿ ਦੀ ਭਾਵਨਾ ਖਤਮ ਹੋ ਜਾਂਦੀ ਹੈ। ਅਸਲ ਵਿਚ ਇਹ ਸਾਧਕ ਦੀ

ਉੱਚਤਮ ਅਵਸਥਾ ਦੀ ਸੂਚਕ ਹੈ। ਇਸ ਭਗਤੀ ਸਾਧਨਾ ਰਾਹੀਂ ਸਾਧਕ ਸਮਾਨਤਾ ਹਾਸਲ ਕਰ ਲੈਂਦਾ ਹੈ। ਉਸ ਵਿਚੋਂ ਡਰ ਦੀ ਭਾਵਨਾ ਖਤਮ ਹੋ ਜਾਂਦੀ ਹੈ। ਭਾਉ, ਪਿਆਰ ਦੀ ਭਾਵਨਾ ਜਨਮ ਲੈਂਦੀ ਹੈ। ਸਾਧਕ ਪ੍ਰਭੂ ਨੂੰ ਆਪਣੇ ਪ੍ਰੇਮ ਬੰਧਨ ਵਿਚ ਬੰਨ ਲੈਂਦਾ ਹੈ। ਗੁਰੂ ਰਵਿਦਾਸ ਜੀ ਦੀ ਸਖਾ ਭਗਤੀ ਨਿਮਨਲਿਖਤ ਪਦ ਤੋਂ ਸਪੱਸ਼ਟ ਦ੍ਰਿਸ਼ਟੀਗੋਚਰ ਹੁੰਦੀ ਹੈ ਜਦੋਂ ਉਹ ਪ੍ਰਭੂ ਨੂੰ ਕਹਿੰਦੇ ਹਨ ਕਿ ਅਸੀਂ ਸੰਸਾਰਿਕ ਮੋਹ-ਮਾਇਆ ਤੋਂ ਤੇਰਾ ਨਾਮ ਸਿਮਰਨ ਕਰਕੇ ਨਿਵਿਰਤੀ ਪ੍ਰਾਪਤ ਕਰ ਲਈ ਪਰ ਅਸੀਂ ਤੈਨੂੰ ਆਪਣੇ ਪ੍ਰੇਮ ਵਿਚ ਬੰਨ ਲਿਆ ਹੈ ਹੁਣ ਛੁਟਣ ਦਾ ਜਤਨ ਕਰੋ"। ਅਜਿਹੀ ਗੱਲ ਗੁਰੂ ਰਵਿਦਾਸ ਜੀ ਵਰਗਾ ਪਰਮ-ਪ੍ਰੇਮ ਭਗਤ ਹੀ ਕਹਿ ਸਕਦਾ ਹੈ ਇਸ ਵਿਚੋਂ ਗੁਰੂ ਜੀ ਦੀ ਸਖਾ ਭਗਤੀ ਦੀ ਚਰਮ-ਸੀਮਾ-ਅਵਸਥਾ ਦੀ ਝਲਕ ਮਿਲਦੀ ਹੈ:

1. ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥
ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥
ਮਾਧਵੇ ਜਾਨਤ ਹਹੁ ਜੈਸੀ ਤੈਸੀ ॥
ਅਬ ਕਹਾ ਕਰਹੁਗੇ ਐਸੀ ॥੧॥ ਰਹਾਉ ॥[186]

2. ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨੁ
ਕਹਿ ਰਵਿਦਾਸ ਛੂਟਿਬੋ ਕਵਨ ਗੁਨ ॥[187]

ਸਖਾ ਭਗਤੀ ਕਾਰਣ ਸ੍ਰੀ ਵਿਭੀਸ਼ਣ, ਸੁਗ੍ਰੀਵ, ਊਧਵ, ਅਰਜੁਨ, ਸੁਦਾਮਾ ਸ੍ਰੀ ਦਾਮਾਦਿ ਵ੍ਰਜਸਖਾ ਆਦਿ ਪ੍ਰਸਿੱਧ ਸਖਾ ਭਗਤ ਹੋਏ ਹਨ। ਸ੍ਰੀ ਮਦ ਭਾਗਵਤ ਗੀਤਾ ਵਿਚ ਵੀ ਸਖਾ ਭਗਤ ਊਧਵ ਅਰਜੁਨ ਅਤੇ ਸੁਦਾਮਾ ਸੰਬੰਧੀ ਵਰਣਨ ਆਉਂਦਾ ਹੈ। ਅਸਲ ਵਿਚ ਸਖਾ ਭਗਤੀ ਪ੍ਰੇਮ ਭਗਤੀ ਦੀ ਅੰਤਿਮ ਅਵਸਥਾ ਹੈ ਜਦੋਂ ਸਾਧਕ ਤਾਂ ਪ੍ਰਭੂ ਪ੍ਰੇਮ ਦੇ ਮਜੀਠ ਰੰਗ ਵਿਚ ਰੰਗਿਆ ਪਰਮਾਨੰਦ ਅਵਸਥਾ ਵਿਚ ਵਿਚਰਦਾ ਹੈ ਤਾਂ ਭਗਵਾਨ ਵੀ ਆਪਣੇ ਭਗਤਾਂ ਪ੍ਰਤੀ ਉਨਾਂ ਹੀ ਪ੍ਰੇਮ ਨਿਛਾਵਰ ਕਰਨ ਲਗਦਾ ਹੈ ਇਸ ਤਰ੍ਹਾਂ ਇਹ ਪ੍ਰੇਮ ਪਰਸਪਾਰਿਕ ਹੋ ਜਾਂਦਾ ਹੈ। ਊਧਵ ਨਾਲ ਭਗਵਾਨ ਏਨਾ ਪਿਆਰ ਕਰਦੇ ਸਨ ਕਿ ਇਕ ਬਾਰ ਊਧਵ ਨੂੰ ਕਹਿਣ ਲੱਗੇ – "ਭਾਈ ਊਧਵ ਤੇਰੇ ਵਰਗੇ ਪ੍ਰੇਮੀ ਮੈਨੂੰ ਜਿੰਨੇ ਪਿਆਰ ਹਨ ਉਨੇ ਪਿਆਰੇ ਮੈਨੂੰ ਬ੍ਰਹਮਾ ਸ਼ੰਕਰ, ਸੰਕ੍ਰਖਣ, ਲਛਮੀ ਅਤੇ ਆਪਣੀ ਆਤਮਾ ਵੀ ਨਹੀਂ ਹੈ।"[188] ਊਧਵ ਜੀ ਦਾ ਵੀ ਭਗਵਾਨ ਕ੍ਰਿਸ਼ਣ ਨਾਲ ਗੂੜ੍ਹਾ ਸਖਾ ਪ੍ਰੇਮ ਸੀ। ਉਸ ਸਮੇਂ ਦੇ ਵਰਣਨ ਵਿਚ ਸ੍ਰੀ ਸੁਕਦੇਵ ਜੀ ਨੇ ਕਿਹਾ ਹੈ " ਬ੍ਰਹਸਪਤਿ ਦੇ ਸਾਖਿਆਤ ਸ਼ਿਸ਼ ਅਤੇ ਅਤਿਅੰਤ ਬੁੱਧੀਮਾਨ ਊਧਵ, ਭਗਵਾਨ ਸ੍ਰੀ ਕ੍ਰਿਸ਼ਨ ਦੇ ਪਰਮ ਪ੍ਰਿਯ ਸਖਾ ਸਨ। ਸ੍ਰੀ ਕ੍ਰਿਸ਼ਨ ਨੇ ਇਕ ਦਿਨ ਊਧਵ ਦਾ ਹੱਥ ਪਕੜ ਕੇ ਕਿਹਾ ਕਿ ਤੂੰ ਬ੍ਰਜ ਜਾ ਕੇ ਮੇਰੇ ਮਾਤਾ ਪਿਤਾ ਨੂੰ ਪ੍ਰਸੰਨ ਕਰ ਅਤੇ ਮੇਰੇ ਸੰਦੇਸ਼ ਦੁਆਰਾ ਗੋਪੀਆਂ ਨੂੰ ਵਿਯੋਗ ਰੋਗ ਤੋਂ ਮੁਕਤ ਕਰ।"[189]

ਇਸੇ ਤਰ੍ਹਾਂ ਹੀ ਸ੍ਰੀ ਕ੍ਰਿਸ਼ਣ ਜੀ ਨੇ ਅਰਜੁਨ ਦੇ ਸਖਾ ਭਾਵ ਦੀ ਖੁਦ ਘੋਸ਼ਣਾ ਕੀਤੀ " ਤੂੰ ਮੇਰਾ ਭਗਤ ਅਤੇ ਸਖਾ ਹੈ, ਤੂੰ ਮੇਰਾ ਪਰਮ ਪਿਆਰਾ ਹੈ।"[190] ਮਿਤਰ ਸੁਦਾਮਾ ਨੂੰ ਦੇਖ ਕੇ ਭਗਵਾਨ ਕ੍ਰਿਸ਼ਨ ਕਿਸ ਤਰ੍ਹਾਂ ਪ੍ਰੇਮ ਬਿਹਬਲ ਹੁੰਦੇ ਹਨ ਅਤੇ ਕਿਸ ਤਰ੍ਹਾਂ ਸੁਦਾਮਾ ਦਾ ਆਦਰ ਕਰਦੇ ਹਨ ਇਸ ਪ੍ਰਸੰਗ ਵਿਚ ਵੀ ਸ੍ਰੀ ਸੁਕਦੇਵ ਜੀ ਨੇ ਵਿਸਥਾਰ ਪੂਰਬਕ ਲਿਖਿਆ ਹੈ।[191]

ਗੁਰੂ ਰਵਿਦਾਸ ਬਾਣੀ ਵਿਚ ਸ੍ਰੀਮਦ ਭਾਗਵਤ ਗੀਤਾ ਦਾ ਉਪਰੋਕਤ ਪ੍ਰਭਾਵ ਸਪੱਸ਼ਟ ਨਜ਼ਰ ਆਉਂਦਾ ਹੈ। ਗੁਰੂ ਜੀ ਨੇ ਬਹੁਤ ਸ਼ਰਧਾ ਨਾਲ ਭਗਵਾਨ ਕ੍ਰਿਸ਼ਨ ਜੀ ਦੇ ਸਖਾ ਭਾਵ ਨੂੰ ਵਿਅਕਤ ਕੀਤਾ ਹੈ। ਇਹ ਹਵਾਲੇ ਇਸ ਗਲ ਵਲ ਸੰਕੇਤ ਕਰਦੇ ਹਨ ਕਿ ਗੁਰੂ ਰਵਿਦਾਸ ਜੀ ਨੂੰ ਸਖਾ ਭਗਤੀ ਵਿਚ ਪੂਰਨ ਵਿਸ਼ਵਾਸ ਅਤੇ ਸ਼ਰਧਾ ਸੀ:

1. ਜਾ ਪੈ ਦੀਨਾਨਾਥੁ ਢਰੈ
ਦੀਨ ਬੰਧੁ ਕਰੁਨਾ ਮੈ ਸਵਾਮੀ, ਔਗਨ ਚਿਤ ਨਾ ਧਰੈ ॥
ਨਿਸਚਰ ਭੁਨਿ ਬੰਧੁ ਬਭੀਸ਼ਣ, ਤਿਹੁ ਸਿਰ ਛਤ੍ਰ ਧਰੈ ॥
ਬਨ ਬੇਰਿ ਬੇਰਿ ਭਖੈ ਭੀਲਨੀ,ਲਛਿਮਨ ਪੇਖਿ ਪ੍ਰਜ ਹੈ ।।
ਦਰਿਦ ਸੁਦਾਮਾ ਕਿਯਹੁ ਆਪੁ ਸਮ, ਨੈਨਨ ਨੀਰ ਢਰੈ ॥[192]

2. ਬਾਲਸਖਾ ਜਲ ਮਹਿ ਡੁਬੋਯੇ, ਤਾਰਏ ਖਿਨਿ ਹੀ ਜਹਾਜ ॥[193]

3. ਵਿਦੁਰ ਦ੍ਰਵਣ ਅਕ੍ਰੂਰ ਪੰਡਵ,ਸੁਦਾਮਾ, ਭੀਸ਼ਮ, ਊਧਵ
ਬਭੀਸ਼ਣ ਚੰਦ੍ਰ ਗਸਿ ਖਲਿ, ਕਲਿ ਭਗਤਿ ਜਗਤੀ ॥[194]

ਗੁਰੂ ਰਵਿਦਾਸ ਜੀ ਦੀ ਕੱਚੀ ਬਾਣੀ ਵਿਚ ਵੀ ਅਰਜੁਨ ਦੀ ਸਖਾ ਭਗਤੀ ਦੀ ਮਹਿਮਾ ਗਾਈ ਹੈ। ਅਤੇ ਇਸ ਵਿਚ ਇਸ ਦੇ ਸਰੂਪ ਦਾ ਵਰਣਨ ਕੀਤਾ ਗਿਆ ਹੈ ਕਿ ਕਿਵੇਂ ਸਖਾ ਭਗਤ ਵਿਸ਼ੇ ਵਿਕਾਰਾਂ ਤੋਂ ਛੁਟਕਾਰਾ ਪਾ ਲੈਂਦਾ ਹੈ ਅਤੇ ਪ੍ਰਭੂ ਸਖਾ ਨਾਲ ਦੁਧ-ਪਾਣੀ ਦੀ ਤਰ੍ਹਾਂ ਇਕਮਿਕ ਹੋ ਜਾਂਦਾ ਹੈ।

ਗਾਤਪ੍ਰਾਤ ਅਰ ਭ੍ਰਾਤ ਤੇ ਪ੍ਰਿਯ ਜਾਣ ਗੁਰਦੇਵ ।।
ਔਰ ਸਖਾ ਨਹੀਂ ਜਗਤ ਮੇ ਜੈਸੇ ਹੈ ਗੁਰਦੇਵ ॥
ਸਖਾ ਭਗਤੀ ਇਹ ਅਸ਼ਟਮੀ ਕੀਤੀ ਅਰਜਨ ਦੇਵ ॥
ਸਖਾ ਜਾਨ ਗੁਰ ਭਗਤ ਕੋ ਤਿਆਗ ਕਰੇ ਅੰਹਮੇਵ ।।
ਕ੍ਰਾਮ ਕ੍ਰੋਧ ਹੰਕਾਰ ਤਜ ਤਬ ਕੁਝ ਪਾਵੇ ਭੇਦ ॥
ਸਖਾ ਭਗਤ ਸੁਭਾਵ ਯਹ ਜਿਮ ਜਲ ਦੁਧ ਮਲੇਵ ॥[195]

ਗੁਰੂ ਰਵਿਦਾਸ ਬਾਣੀ ਵਿਚ ਸਖਾ ਭਗਤੀ ਦੇ ਘਟ ਉਦਾਹਰਣ ਹੀ ਮਿਲਦੇ ਹਨ।

ਸਖਾ ਭਗਤੀ ਬਰਾਬਰ ਦਿਆਂ ਨਾਲ ਹੁੰਦੀ ਹੈ ਗੁਰੂ ਰਵਿਦਾਸ ਜੀ ਨੂੰ ਜਦੋਂ ਗੋਬਿੰਦ ਨੇ ਨੀਚ ਤੋਂ ਉਚ ਕਰ ਦਿਤਾ ਤਾਂ ਉਨ੍ਹਾਂ ਦੀ ਸਖਾ ਭਗਤੀ ਵੀ ਚਰਮ ਸੀਮਾ ਤੇ ਪਹੁੰਚ ਗਈ। ਉਨ੍ਹਾਂ ਨੇ ਵੀ ਪ੍ਰਭੂ ਨੂੰ ਪ੍ਰੇਮ ਦੀ ਡੋਰੀ ਨਾਲ ਬੰਨ ਲਿਆ ਤੇ ਇਹ ਪ੍ਰੇਮ ਦੀ ਖਿੱਚ ਦੋ-ਬਲੀ ਹੋ ਗਈ। ਇਸ ਤਰ੍ਹਾਂ ਉਨ੍ਹਾਂ ਨੇ ਉਸ ਦੀ ਮਿਹਰ ਦੇ ਪਾਤਰ ਬਣ ਕੇ ਅੰਗਤਾ-ਸੰਗਤਾ ਪ੍ਰਾਪਤ ਕਰ ਲਈ ।

9. ਆਤਮ ਨਿਵੇਦਨ ਭਗਤੀ : ਆਤਮ ਨਿਵੇਦਨ ਭਗਤੀ ਨੂੰ ਸ਼ਰਨਾਗਤੀ ਭਗਤੀ ਵੀ ਕਹਿੰਦੇ ਹਨ। ਪ੍ਰਭੂ ਦੀ ਸ਼ਰਨ ਵਿਚ ਜਾ ਕੇ ਆਪਣੇ ਆਪ ਨੂੰ ਸੰਪੂਰਨ ਤੌਰ ਤੇ ਉਸ ਪਰਮਤਤ ਪ੍ਰਤੀ ਸਮਰਪਣ ਕਰ ਦੇਣਾ ਆਤਮ ਨਿਵੇਦਨ ਭਗਤੀ ਹੈ। ਇਸ ਨੂੰ ਪ੍ਰਪੱਤੀ ਦਾ ਨਾਂ ਵੀ ਦਿੱਤਾ ਜਾਂਦਾ ਹੈ। ਇਹ ਭਾਵ ਭਗਤੀ ਦੇ ਭਾਵਾਂ ਵਿਚੋ ਵਧੇਰੇ ਮਹੱਤਵਪੂਰਨ ਹੈ। ਇਸ ਵਿਚ ਤਨ ਮਨ ਧਨ ਸਭ ਕੁਝ ਅਰਪਿਤ ਕਰ ਦਿੱਤਾ ਜਾਂਦਾ ਹੈ। ਇਹ ਭਗਤੀ, ਦਾਸ ਭਗਤੀ ਅਤੇ ਬੰਦਨਾਂ ਭਗਤੀ ਦਾ ਹੀ ਵਿਕਸਿਤ ਰੂਪ ਹੈ। ਗੁਰੂ ਰਵਿਦਾਸ ਜੀ ਦੀ ਕੱਚੀ ਬਾਣੀ ਵਿਚ ਵੀ ਆਤਮ ਨਿਵੇਦਨ ਪ੍ਰਤੀ ਸੰਕੇਤ ਮਿਲਦੇ ਹਨ। ਇਸ ਦੇ ਅਨੁਸਾਰ ਤਨ, ਮਨ ਧਨ ਅਰਪਣ ਕਰਕੇ ਪ੍ਰਭੂ ਨਾਲ ਪ੍ਰੀਤ ਪਾਉਣੀ ਲੋਭ, ਮੋਹ ਤੇ ਹੰਕਾਰ ਨੂੰ ਤਿਆਗ ਕੇ ਚਿਤ ਗੁਰੂ ਦੇ ਚਰਨਾਂ ਵਿਚ ਲਾਉਣਾ, ਹਉਮੈ ਦੀ ਭਾਵਨਾ ਨੂੰ ਛਡ ਕੇ ਸਭ ਕੁਝ ਉਸ ਅਸੀਮ ਤੋਂ ਵਾਰਨਾ ਹੀ ਆਤਮ ਨਿਵੇਦਨ ਭਗਤੀ ਹੈ।

ਅਸਲ ਵਿਚ ਪਰਮਾਤਮਾ ਦੇ ਤੱਤ, ਰਹੱਸ, ਪ੍ਰਭਾਵ ਅਤੇ ਮਹਿਮਾ ਨੂੰ ਸਮਝ ਕੇ ਅਹੰਕਾਰ ਰਹਿਤ ਹੋ ਕੇ, ਤਨ ਮਨ ਧਨ-ਜਨ ਸਹਿਤ ਆਪਣੇ ਆਪ ਨੂੰ ਅਤੇ ਸੰਪੂਰਣ ਕਰਮਾਂ ਨੂੰ ਸ਼ਰਧਾ ਅਤੇ ਪਰਮ ਪ੍ਰੇਮ ਪੂਰਵਕ ਪਰਮਾਤਮਾ ਨੂੰ ਸਮਰਪਣ ਕਰ ਦੇਣਾ ਆਤਮ-ਨਿਵੇਦਨ ਭਗਤੀ ਹੈ।

ਪ੍ਰਪੱਤੀ ਭਾਗਵਤਾ ਦੇ ਮੱਤ ਵਿਚ ਮੋਖਸ਼ ਪ੍ਰਾਪਤੀ ਦਾ ਸਭ ਤੋਂ ਉਪਯੁਕਤ ਸਾਧਨ ਹੈ। ਇਹ ਮਾਰਗ ਸਭ ਲਈ ਖੁਲ੍ਹਾ ਹੈ। ਰਾਮਾਨੁਜ ਭਾਸ਼ਯ ਵਿਚ ਪ੍ਰਪੱਤੀ ਦੇ ਛੇ ਤੱਤ ਵਰਣਨ ਕੀਤੇ ਗਏ ਹਨ।[196] ਜੋ ਇਸ ਪ੍ਰਕਾਰ ਹਨ (1) ਐਸੇ ਗੁਣਾਂ ਦੀ ਪ੍ਰਾਪਤੀ ਜੋ ਇਕ ਵਿਅਕਤੀ ਨੂੰ ਇਸ ਯੋਗ ਬਣਾ ਸਕੇ ਕਿ ਉਹ ਈਸ਼ਵਰ ਪ੍ਰਤੀ ਉਪਯੁਕਤ ਉਪਹਾਰ ਬਣ ਸਕੇ(2) ਐਸੇ ਆਚਰਣ ਦਾ ਤਿਆਗ ਕਰਨਾ ਜੋ ਈਸ਼ਵਰ ਨੂੰ ਸਵੀਕਾਰ ਨਹੀਂ (3) ਇਸ ਤਰ੍ਹਾਂ ਦਾ ਦ੍ਰਿੜ੍ਹ ਵਿਸ਼ਵਾਸ ਰਖਣਾ ਕਿ ਪਰਮਾਤਮਾ ਉਸ ਦੀ ਰਖਿਆ ਕਰੇਗਾ (4) ਪ੍ਰਭੂ ਕੋਲ ਰਖਿਆ ਲਈ ਅਵੇਦਨ ਕਰਨਾ (5) ਆਪਣੀ ਤੁੱਛਤਾ ਦਾ ਅਨੁਭਵ ਕਰਨਾ (6) ਨਿਰੰਤਰ ਸਮਰਪਣ। ਵੈਸ਼ਣਵ ਅਚਾਰੀਆ ਨੇ ਵੀ ਇਸ ਨੂੰ ਛੇ ਭਾਗਾਂ ਵਿਚ ਵੰਡਿਆ ਹੈ।[197] ਪਾਂਚਰਾਤਰ ਦੀ ਲਖਸ਼ਮੀ ਸੰਹਿਤਾ ਅਤੇ ਅਹਿਰ-ਬੁਧਨਯ ਸੰਹਿਤ ਵਿਚ ਵੀ ਇਨ੍ਹਾਂ ਹੇਠ ਲਿਖੇ ਛੇ ਅੰਗਾਂ ਦਾ ਜ਼ਿਕਰ ਕੀਤਾ ਮਿਲਦਾ ਹੈ।

1. ਅਨੁਕੂਲ ਦਾ ਸੰਕਲਪ: ਸਭ ਤੋਂ ਪਹਿਲਾਂ ਸਾਧਕ ਦ੍ਰਿੜ੍ਹ, ਸੰਕਲਪ ਕਰਕੇ ਪ੍ਰਭੂ-ਪ੍ਰਾਪਤੀ ਦੇ ਯੋਗ ਸਹਾਇਕ ਅਤੇ ਆਪਣੇ ਇੱਛਾਂ ਅਨੁਸਾਰ ਢੁਕਵੇਂ ਸਾਧਨਾਂ ਨੂੰ ਅਪਣਾਉਂਦਾ ਹੈ। ਗੁਰੂ ਰਵਿਦਾਸ ਜੀ ਨੇ ਪਰਮਾਤਮਾ ਤੇ ਪੂਰਣ ਸ਼ਰਧਾ ਅਤੇ ਵਿਸ਼ਵਾਸ ਕਰ ਆਪਣੇ ਆਪ ਨੂੰ ਪ੍ਰਭੂ ਦੇ ਰੰਗ ਵਿਚ ਰੰਗੇ ਜਾਣ

ਦਾ ਅਨੁਗ੍ਰਹਿ ਕੀਤਾ। ਉਨ੍ਹਾਂ ਨੇ ਇਸ ਲਈ ਸਹਿਜ ਭਗਤੀ-ਮਾਰਗ ਅਪਣਾਇਆ ਅਤੇ ਪ੍ਰਭੂ-ਪ੍ਰੀਤਮ ਦੇ ਚਰਣਾਂ ਵਿਚ ਆਪਾ ਵਾਰਕੇ ਆਤਮ ਨਿਵੇਦਨ ਭਗਤੀ ਕਰਨ ਦਾ ਦ੍ਰਿੜ੍ਹ ਸੰਕਲਪ ਲਿਆ। ਪ੍ਰਭੂ ਸੁਆਮੀ ਨੂੰ ਰੀਝਾਉਣ ਲਈ ਨਿਮਰਤਾ ਅਤੇ ਦਾਸਾ ਭਾਵ ਨੂੰ ਅਪਣਾਇਆ।

1. ਹਮ ਸਰਿ ਦੀਨ ਦਇਆਲੁ ਨ ਤੁਮ ਸਰਿ,
ਅਬ ਪਤੀਆਰੁ ਕਿਆ ਕੀਜੈ ॥
ਬਚਨੀ ਤੋਰ ਮੋਰ ਮਨੁ ਮਾਨੈ,
ਜਨ ਕਉ ਪੂਰਨੁ ਦੀਜੈ ॥
ਹਉ ਬਲਿ ਬਲਿ ਜਾਉ ਰਮਈਆ ਕਾਰਨੇ
ਕਾਰਨ ਕਵਨ ਅਬੋਲ ॥੧ ॥ ਰਹਾਉ
ਬਹੁਤ ਜਨਮ ਬਿਛੁਰੇ ਥੇ ਮਾਧਉ,
ਇਹ ਜਨਮ ਤੁਮਾਰੇ ਲੇਖੇ
ਕਹਿ ਰਵਿਦਾਸ ਆਸ ਲਗਿ ਜੀਵਉ,
ਚਿਰ ਭਇਆ ਦਰਸਨੁ ਦੇਖੈ ॥[198]

2. ਹਉ ਬਨਿਜਾਰੋ ਰਾਮ ਕੋ, ਸਹਜ ਕਰਉ ਵਪਾਰੁ ॥
ਮੈ ਰਾਮ ਨਾਮ ਧਨ ਲਾਦਿਆ, ਬਿਖੁ ਲਾਦੀ ਸੰਸਾਰਿ ॥
.... .... .
ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ ॥[199]

3. ਯਹੁ ਮਾਯਾ ਸਬ ਥੋਥਰੀ ਰੇ
ਭਗਤ ਕੋ ਪ੍ਰਤਿਪਾਰ
ਕਹੈ ਰਵਿਦਾਸ ਸਤਿ ਵਚਨ ਗੁਰ ਕੈ,
ਸੋਨਾ ਜੀਆ ਤੇ ਟਾਰਿ ॥[200]

2. ਪ੍ਰਤਿਕੂਲ ਦਾ ਤਿਆਗ:- ਸਾਧਕ ਉਨ੍ਹਾਂ ਸਮਸਤ ਸਾਧਨਾਂ ਦਾ ਤਿਆਗ ਕਰਦਾ ਹੈ ਜੋ ਪ੍ਰਭੂ ਪ੍ਰਾਪਤੀ ਦੇ ਰਾਹ ਵਿਚ ਰੋੜਾ ਅਟਕਾਉਂਦੇ ਹਨ। ਸਾਧਕ ਹਉਮੈ, ਮੋਹ-ਮਾਇਆ, ਵਿਸ਼ੇ-ਵਿਕਾਰਾਂ, ਕੁਕਰਮਾਂ ਅਤੇ ਹੱਠ ਯੋਗ ਆਦਿ ਦਾ ਤਿਆਗ ਕਰਦਾ ਹੈ। ਉਹ ਇੰਦ੍ਰੀ ਨਿਗ੍ਰਹ, ਤਪ, ਦਾਨ, ਕਰਮਕਾਂਡੀ ਪੂਜਾ ਨੂੰ ਭਰਮ ਸਮਝਦਾ ਹੈ ਇਸ ਲਈ ਸਾਧਕ ਇਨ੍ਹਾਂ ਦਾ ਵੀ ਤਿਆਗ ਕਰਦਾ ਹੈ। ਉਹ ਸੰਸਾਰਿਕ ਸਰਬ ਸੰ ਜੰਜਾਲ ਨੂੰ ਛਡ ਦਿੰਦਾ ਹੈ। ਉਹ ਅਧਿਆਤਮਿਕ ਅਤੇ ਸਦਾਚਾਰਿਕ ਜੀਵਨ ਮੁਲਾਂ ਦੇ ਵਿਰੋਧੀ ਤੱਤਾਂ ਦੇ ਨੇੜੇ ਨਹੀਂ ਜਾਂਦਾ ਹੈ:

1. ਮੋਹਿ ਜਮ ਡੰਡੁ ਨਾ ਲਾਗਈ, ਤਜੀਲੇ ਸਰਬ ਜੰਜਾਲ
ਜੈਸਾ ਰੰਗੁ ਕਸੁੰਭ ਕਾ ਤੈਸਾ ਇਹੁ ਸੰਸਾਰੁ ॥[201]

2. ਰੇ ਮਨ ਮਾਛੁਲਾ ਸੰਸਾਰ ਸਮੁੰਦੇ ਤੂੰ ਚਿਤ੍ਰ ਬਿਚਿਤ੍ਰ ਬਿਚਾਰਿ ਰੇ ॥
ਜਿਹਿੰ ਗਾਲੇ ਗਲਿਆਹੀਂ ਮਰੀਏ, ਸੋ ਸੰਗੁ ਦੂਰਿ ਨਿਵਾਰਿ ਰੇ ॥

.... .... ...

ਪਾਪ ਗੁਨਹੀਂ ਫੈ ਧਰਮ ਨਿਬੌਲੀ, ਤੂੰ ਦੇਖਿ ਦੇਖਿ ਫਲ ਚਾਖਿ ਰੇ
ਪਰਤਿਯ ਸੰਗ ਭਲੌ ਜੌ ਹੋਵੈ, ਤੌ ਰਾਣੌ ਰਾਵਨ ਦੇਖਿ ਰੇ ॥[202]

3. ਗੋਪਤ੍ਰਿਤਵਵਰਣ:- ਇਸ ਦੇ ਅੰਤਰਗਤ ਪ੍ਰਭੂ ਦੇ ਰਖਿਆ ਕਰਨ ਵਾਲੇ ਸਰੂਪ ਨੂੰ ਅਪਨਾਉਣਾ ਅਤੇ ਉਸ ਨੂੰ ਹੀ ਆਪਾ ਰਖਿਅਕ ਸਵੀਕਾਰ ਕਰਨਾ ਸ਼ਾਮਲ ਹੈ। ਇਸ ਸੰਬੰਧ ਵਿਚ ਗੁਰੂ ਰਵਿਦਾਸ ਜੀ ਦਾ ਇਹ ਪਦ ਉਲੇਖਣਯੋਗ ਹੈ। ਇਸ ਵਿਚ ਗੁਰੂ ਜੀ ਨੇ ਪ੍ਰਭੂ ਦੀ ਰਖਿਆ ਸ਼ਕਤੀ ਲਈ ਅਵੇਦਨ ਕੀਤਾ ਹੈ।

ਆਦਿ ਮਧਯ ਔਸਾਨ ਰਾਮ ਬਿਨ, ਕੋਈ ਨਾ ਕਰੇ ਨਿਵਾਰਾ ਹੋ ਹਰਿ ॥[203]

4. ਰਖਿਆ ਦਾ ਵਿਸ਼ਵਾਸ਼: - ਸਾਧਕ ਪਰਮਾਤਮਾ ਦੀ ਹੋਂਦ ਵਿਚ ਦ੍ਰਿੜ ਵਿਸ਼ਵਾਸ ਰਖਦਾ ਹੈ ਅਤੇ ਉਸ ਦੇ ਸਗੁਣ, ਨਿਰਗੁਣ ਦੋਨਾਂ ਰੂਪਾਂ ਨੂੰ ਸਵੀਕਾਰ ਕਰਦਾ ਹੈ। ਸਾਧਕ ਨੂੰ ਦ੍ਰਿੜ ਵਿਸ਼ਵਾਸ ਹੁੰਦਾ ਹੈ ਕਿ ਪ੍ਰਭੂ ਹਰ ਔਕੜ ਵਿਚ ਸਾਧਕ ਦੇ ਸਿਰ ਤੇ ਹੱਥ ਰਖਦਾ ਹੈ ਅਤੇ ਧੀਰਜ ਬੰਨਾਉਂਦਾ ਹੈ। ਇਸ ਤਰ੍ਹਾਂ ਸਾਧਕ ਨੂੰ ਪ੍ਰਭੂ ਦੀ ਰਖਿਆ ਸ਼ਕਤੀ ਵਿਚ ਪੂਰਨ ਯਕੀਨ ਹੁੰਦਾ ਹੈ:

1. ਐਸੀ ਲਾਜ ਤੁਝ ਬਿਨੁ ਕੌਨ ਕਰੈ ॥
ਗਰੀਬ ਨਿਵਾਜ ਗੁਸਾਂਈਆ ਮੇਰਾ ਮਾਥੈ ਛਤ੍ਰ ਧਰੈ ॥
ਨੀਚਹੁੰ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨਾ ਡਰੈ ॥[204]

2. ਜਾ ਪੈ ਦੀਨਾਨਾਥ ਢਰੈ ॥
ਦੀਨ ਬੰਧੂ ਕਰੂਨਾਂ ਮੈਂ ਸਵਾਮੀ, ਔਗਨ ਚਿਤ ਨ ਧਰੈ ॥
ਦਰਿਦ ਸੁਦਾਮਾ ਕਿਯਹੁ ਆਪੁ ਸਮ, ਨੈਨਨ ਨੀਰ ਢਰੈ ॥[205]

5. ਆਤਮ ਸਮਰਪਣ:- ਆਪਣੇ ਆਪ ਨੂੰ ਸੰਪੂਰਣ ਤੌਰ ਤੇ ਪ੍ਰਭੂ ਪ੍ਰਤੀ ਸਮਰਪਣ ਕਰ ਦੇਣਾ ਆਤਮ ਸਮਰਪਣ ਹੈ। ਗੁਰੂ ਰਵਿਦਾਸ ਜੀ ਪੂਰਨ ਭਾਂਤ ਆਪਣੇ ਆਪ ਨੂੰ ਪ੍ਰਭੂ ਦੇ ਚਰਨਾਂ ਵਿਚ ਸਮਰਪਿਤ ਕਰਦੇ ਲਿਖਦੇ ਹਨ:-

ਚਰਣ ਨਾ ਛਾਡਿਓ ਸਰੀਰ ਕਲ ਜਾਈ ॥[206]

ਆਤਮ ਨਿਵੇਦਨ ਕਰਕੇ ਸਾਧਕ ਆਪਣੇ ਆਪ ਨੂੰ ਨਿਰਮਾਣ ਪ੍ਰਭੂ ਨੂੰ ਸਰਬਗੁਣ ਸੰਪਨ ਸਵੀਕਾਰ ਕਰਦਾ ਹੈ:

ਗੁਨ ਸਭ ਤੋਰ ਮੋਰ ਸਭ ਔਗੁਨ, ਕ੍ਰਿਤ ਉਪਕਾਰ ਨਾ ਮਾਨਾ ।।[207]

6. ਕਾਰਪਣਯ:- ਇਸ ਅਵਸਥਾ ਵਿਚ ਸਾਧਕ ਬਹੁਤ ਦੀਨ ਅਤੇ ਨਿਮਰ ਭਾਵ ਨਾਲ ਆਪਣੇ ਆਪ ਨੂੰ ਛੋਟਾ ਸਮਝਦਾ ਹੋਇਆ ਪ੍ਰਭੂ ਅਗੇ ਬੇਬੱਸ ਹੋ ਕੇ ਉਸ ਦੀ ਕਿਰਪਾ ਲਈ ਆਰਤ ਕਰਦਾ ਹੈ:-

ਤੁਮਹ ਮਖਤੂਲ ਗੁਲਾਬ ਚਤ੍ਰਭੁਜ, ਮੈਂ ਬਪੁਰੋ ਜਸ ਕੀਰਾ ।।
ਪੀਵਤ ਡਾਲ ਫੂਲ ਰਸ ਅੰਮ੍ਰਿਤ ਸਹਜਿ ਭਈ ਮਤਿ ਹੀਰਾ ।।
ਤੁਮ ਚੰਦਨ ਹੌ ਇਰੰਡ ਬਾਪੁਰੌ, ਨਿਕਟਿ ਤੁਮਹਾਰੇ ਬਾਸਾ ।।
ਨੀਚ ਬ੍ਰਿਖ ਤੇਂ ਊਚ ਭਯੇ ਹਮ ਤੇਰੀ ਬਾਸਸੁਬਾਸਾ ।।[208]

ਇਸ ਤੋਂ ਇਲਾਵਾ ਵੀ ਆਤਮ ਨਿਵੇਦਨ ਦੇ ਸਤ ਹੋਰ ਅੰਗ ਮੰਨੇ ਜਾਂਦੇ ਹਨ ਜਿਨ੍ਹਾਂ ਨੂੰ ਪ੍ਰਪੱਤੀ ਦਾ ਆਧਾਰ - ਸਵੀਕਾਰ ਕੀਤਾ ਜਾਂਦਾ ਹੈ। ਇਹ ਅੰਗ ਇਸ ਪ੍ਰਕਾਰ ਹਨ:

1. ਦੀਨਤਾ:- ਇਸ ਵਿਚ ਸਾਧਕ ਪੀੜਤ ਭਾਵ ਨਾਲ ਪ੍ਰਭੂ ਕੋਲ ਪੁਕਾਰ ਕਰਦਾ ਹੈ ਉਹ ਆਪਣੀ ਦੀਨਤਾ ਦਾ ਪ੍ਰਗਟਾਵਾ ਕਰਦਾ ਹੈ :

ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ, ਅਬ ਪਤੀਆਰ ਕਿਆ ਕੀਜੈ ।।[209]

2. ਆਸ਼੍ਵਾਸਨ:- ਇਸ ਦੇ ਅੰਤਰਗਤ ਪ੍ਰਭੂ ਦੀ ਉਦਾਰਤਾ, ਸ਼ਰਣ ਵਿਚ ਆਏ ਦੀ ਲਾਜ ਰੱਖਣੀ ਅਤੇ ਰਖਿਆ ਦਾ ਵਿਸ਼ਵਾਸ ਆਦਿ ਸ਼ਾਮਲ ਹੈ:-

ਲਜਯਾ ਮੋਰਿ ਰਾਖੋ ਸ਼ਯਾਮ ਹਰਿ
ਹਰਿ ਹਰਿ ਕ੍ਰਿਪਾ ਦ੍ਰੋਪਤਿ ਉਚਰੈ, ਖਿਲੁਮਨਾ ਕਰੋ ਹਰਿ ।।
.... .... ...
ਬਸਨ ਪ੍ਰਵਾਹਿਤ ਕਿਉ ਕਰੁਨਾਨਿਧਿ, ਤਬਹਿੰ ਧੀਰ ਧੀਰ ।।
ਕਹਿ ਰਵਿਦਾਸ ਸਿੰਹ ਸਰਨਗਤਿ, ਸਯਾਲ ਕੀ ਕਹਾ ਡਰਿ ।।[210]

3. ਮਾਨਮਰਸ਼ਟ:- ਇਸ ਅਵਸਥਾ ਵਿਚ ਸਾਧਕ ਅੰਹਕਾਰ ਦਾ ਤਿਆਗ ਕਰਕੇ ਨਿਮਰ ਭਾਵ ਦਾ ਧਾਰਣੀ ਹੋ ਪ੍ਰਭੂ ਵਲ ਧਿਆਨ ਜੋੜਦਾ ਹੈ ਅਤੇ ਉਸ ਦੀ ਸ਼ਰਨ ਵਿਚ ਜਾਂਦਾ ਹੈ:

1. ਤੂ ਜਾਨਤ ਮੈਂ ਕਿਛੁ ਨਾਹੀਂ, ਭਵਖੰਡਨ ਰਾਮ ।।
ਸਗਲ ਜੀਅ ਸਰਨਾਗਤੀ ਪ੍ਰਭ ਪੂਰਨ ਕਾਮ ।।[211]

2. ਜਾਤਿ ਭੀ ਓਛੀ ਪਾਤਿ ਭੀ ਓਛੀ, ਓਛਾ ਜਨਮੁ ਹਮਾਰਾ ।।[212]
ਤੁਮਹਰੀ ਕ੍ਰਿਪਾ ਤੈਂ ਊਚ ਭਏ ਹੈ, ਕਹੈ ਰਵਿਦਾਸ ਚਮਾਰਾ ।।

4. ਭੈਦਰਸ਼ਨ:- ਇਸ ਵਿਚ ਮਨ ਦੇ ਸਨਮੁਖ ਪਾਪਾਂ ਦਾ ਭਿਅੰਕਰ ਸਿੱਟਾ ਦਰਸਾਇਆ ਜਾਂਦਾ ਹੈ ਤਾਂ ਕਿ ਮਨ ਪਾਪਾਂ ਵਾਲੇ ਪਾਸੇ ਨਾ ਜਾਵੇ:-

ਪਾਪ ਗੁਨਯੌਂ ਕੈ ਧਰਮ ਨਿਬੌਲੀ, ਤੂੰ ਦੇਖਿ ਦੇਖਿ ਫਲ ਚਾਖਿ ਰੇ ॥[213]

5. ਭਰਤਸਨਾ:- ਕੁਰਾਹੇ ਜਾਂਦੇ ਮਨ ਨੂੰ ਤਾੜਨਾ ਕਰਨੀ ਇਸ ਦੇ ਅੰਤਰਗਤ ਆਉਂਦੀ ਹੈ। ਗੁਰੂ ਰਵਿਦਾਸ ਜੀ ਨੇ ਸੱਚ ਦੇ ਰਾਹ ਤੇ ਨਾ ਚਲਣ ਵਾਲੇ ਮਨ ਨੂੰ ਮੂਰਖ ਕਹਿ ਕੇ ਡਾਂਟਿਆ ਹੈ:

ਮਨ ਮੇਰਾ ਮਾਯਾ ਮੰਹਲਪਟਾਨੋ ॥
ਵਿਸਾ ਸਕਤ ਰਹਿਯੌ ਨਿਸਵਾਸਰ, ਅਜ ਹੂੰ ਨਹਿੰ ਅਘਾਨੋ ॥
ਕਾਮੀ ਕੁਟਿਲ ਲਵਾਰ ਕੁਚਾਲੀ, ਸਮਝਈ ਨਹੀਂ ਸਮੁਝਾਨੋ ॥
ਸਤਿ ਸੰਗਤ ਪਲੁ ਨਹੀਂ ਕੀਨਹੀਂ, ਮਨ ਮੂਰਿਖ ਵਹੁ ਗਰਵਾਨੋ ॥[214]

6. ਵਿਚਾਰਨਾ:- ਸਾਧਕ ਜਦੋਂ ਅੰਤਰਮੁਖੀ ਹੋ ਕੇ ਆਪਣੀ ਸੂਝ, ਪਰਖ ਸ਼ਕਤੀ ਰਾਹੀਂ ਆਪੇ ਦਾ ਵਿਸ਼ਲੇਸ਼ਣ ਕਰਨ ਲਗਦਾ ਹੈ ਤਾਂ ਉਸ ਵਿਚ ਵਿਚਾਰਨ ਸ਼ਕਤੀ ਪੈਦਾ ਹੁੰਦੀ ਹੈ। ਇਸ ਅਵਸਥਾ ਵਿਚ ਆਪਣੇ ਕੀਤੇ ਪਾਪਾਂ ਪ੍ਰਤੀ ਪ੍ਰਾਸਚਿਤ ਕਰਨ ਵਾਲੀਆਂ ਭਾਵਨਾਵਾਂ ਪੈਦਾ ਹੁੰਦੀਆਂ ਹਨ :

1. ਦੇਖਿ ਮੂਰਿਖਤਾ ਯਹੁ ਮਨਕੀ
ਰਾਮ ਨਾਂਮ ਕੂੰ ਛਡਿ ਆਧਾਰੋ, ਗਹਿ ਔਟ ਛਦ ਤ੍ਰਿਨ ਕੀ ॥
.... ... ..
ਧਨੁਵਾਰਾ ਮੰਹ ਰਹਹੁ ਲਪਟਾਨੋ, ਆਪਹੁ ਨਹਿੰ ਸੁਧਿ ਵਾ ਛਨ ਕੀ ॥
ਜਨ ਰਵਿਦਾਸ ਤਿਆਗੀ ਜਗ ਆਸਾ, ਲਹਹੁ ਔਟ ਹਰਿ ਚਰਨਨ ਕੀ॥[215]

2. ਏਕ ਖਸੈ ਕੁ ਜਾਣ ਕਾਯਾ ਗੜ੍ਹ ਭੀਤਰਿ, ਪਹਲਾ ਜਨਮ ਗੰਵਾਯ ਥੈ ॥
ਅਬਕੀ ਬੇਰ ਨ ਸੁਕ੍ਰਿਤ ਕੀਯੋ, ਬਹੁਰਿ ਨ ਯਹੁ ਗੜ ਪਾਯ ਥੈ॥[216]

7. ਮਨੋਰਾਜਯ:- ਇਸ ਅਵਸਥਾ ਦੇ ਅੰਤਰਗਤ ਅਨੁਕੂਲ ਦਾ ਸੰਕਲਪ ਵੀ ਸਮਾਉਂਦਾ ਹੈ। ਇਸ ਤੋਂ ਇਲਾਵਾ ਇਸ ਅਵਸਥਾ ਵਿਚ ਸਾਧਕ ਇਹ ਅਨੁਭਵ ਕਰਦਾ ਹੈ ਕਿ ਹੁਣ ਉਸ ਦਾ ਚਿੱਤ ਪ੍ਰਭੂ ਵਿਚ ਜੁੜ ਗਿਆ ਹੈ ਅਤੇ ਪ੍ਰਭੂ ਉਸ ਦੀ ਰਖਿਆ ਕਰਦਾ ਹੈ ਹੁਣ ਉਸ ਦੇ ਜਨਮ ਜਨਮ ਦੇ ਲੇਖੇ ਮੁੱਕ ਗਏ ਹਨ। ਇਸ ਤਰ੍ਹਾਂ ਉਸ ਦੀ ਸ਼ਰਨ ਸਦਕਾ ਪਰਮ ਰੂਪਤਾ, ਪ੍ਰਾਪਤ ਹੋ ਗਈ ਹੈ।

1. ਜੋ ਤੇਰੀ ਸਰਨਾਗਤੀ, ਤਿਨ ਨਾਹੀ ਭਾਰੂ ॥
ਊਚ ਨੀਚ ਤੁਮ ਤੇ ਤਰੇ , ਆਲਜੁ ਸੰਸਾਰੂ ॥[217]

2. ਤੇਰੀ ਚਰਨੀ ਸਰਨੀ ਪਰਉਂ ਰਾਮੁ ਰਾਜਾ, ਥਰੌ ਉਪਾਰੀ ਕ੍ਰਿਪਾਲ ਕ੍ਰਿਪਾ ਨਿਧਿ ॥

ਸਗਲ ਸੰਸਾਰ ਕੇ ਕਰਹਿ ਕਾਜਾ ॥

..... ..... ...

ਪਤਿਤ ਉਧਾਰਹਿ ਨਿਜ ਜਨ ਤਾਰਨਾ, ਐਸੋ ਤੇਰੇ ਨਾਮ ਕੌ
ਬਾ . ਬਾਜਾ ॥

ਕਹਿ ਰਵਿਦਾਸ ਬਿਸਵਾਸ ਮਨਿ ਐਹੀ ਹੈ, ਸਰਨਿ ਆਵੈ ਤੋਹਿ
ਸੋਈ ਨਿਵਾਜਾ ॥ [218]

ਨਵਧਾ ਭਗਤੀ ਵਿਚੋਂ ਗੁਰੂ ਰਵਿਦਾਸ ਜੀ ਦੀ ਆਤਮ ਨਿਵੇਦਨ ਭਗਤੀ ਪ੍ਰਮੁੱਖ ਰੂਪ ਵਿਚ ਸਾਹਮਣੇ ਆਉਂਦੀ ਹੈ। ਉਨ੍ਹਾਂ ਨੇ ਪ੍ਰਭੂ ਦੇ ਚਰਨਾਂ ਵਿਚ ਆਤਮ ਸਮਰਪਣ ਤੇ ਬੱਲ ਦਿੱਤਾ ਹੈ। ਸ਼ਰਨਾਗਤੀ ਦੇ ਸੰਪੂਰਣ ਅੰਗ-ਪ੍ਰਤੀਅੰਗ ਉਨ੍ਹਾਂ ਦੀ ਭਗਤੀ ਵਿਚ ਵੇਖੇ ਜਾ ਸਕਦੇ ਹਨ। ਇਸ ਦੀ ਸੰਪੂਰਨਤਾ ਲਈ ਤਾਂ ਉਨ੍ਹਾਂ ਨੇ ਆਪਾ ਵਾਰ ਦਿੱਤਾ ਹੈ। ਉਨ੍ਹਾਂ ਨੇ ਪ੍ਰਭੂ ਤੋਂ ਅਲੱਗ ਆਪਣੀ ਹੋਂਦ ਹੀ ਨਹੀਂ ਰਹਿਣ ਦਿੱਤੀ। ਭਗਤੀ ਵੀ ਅਦਵੈਤ ਸਥਾਪਤ ਕਰਨ ਤੇ ਹੀ ਸਿਰੇ ਚੜ੍ਹਦੀ ਹੈ। ਉਹ ਲਿਖਦੇ ਹਨ:-

1. ਆਪਾ ਗਯੋ, ਤਬ ਭਗਤਿ ਪਾਈ ॥
   ਐਸੀ ਭਗਤਿ ਹੈ ਭਾਈ ॥ [219]
2. ਆਪਾ ਖੋਯਾ ਭਗਤਿ ਹੋਤ ਹੈ, ਤਬ ਰਹੇ ਅੰਤਰਿ ਉਰਝਾਈ ॥ [220]

ਗੁਰੂ ਰਵਿਦਾਸ ਜੀ ਪ੍ਰਭੂ ਦੀ ਸ਼ਰਨ ਜਾ ਕੇ ਉਸ ਦੀ ਕਿਰਪਾ ਲਈ ਬੇਨਤੀ ਕਰਦੇ ਹਨ। ਪ੍ਰਭੂ ਕਿਰਪਾ ਪਾਤਰ ਬਨਣ ਲਈ ਉਹ ਹਰ ਹੀਲਾ ਅਤੇ ਯਤਨ ਕਰਦੇ ਹਨ ਉਹ ਪ੍ਰਭੂ ਨੂੰ ਦੀਨਤਾ, ਸਰਲਤਾ, ਤਾਰਲਤਾ ਗਰੀਬੀ ਨਿਮਰਤਾ ਹਿਰਦੇ ਦੀ ਸੁਧੀ ਤੇ ਸਪੱਸ਼ਟਤਾ ਨਾਲ ਸੰਬੋਧਨ ਕਰਕੇ ਆਪਣੀ ਸ਼ਰਨਾਗਤੀ ਦਾ ਸਬੂਤ ਦਿੰਦੇ ਹਨ:

ਆਉ ਆਉ ਹੇ ਦੇਵਾਧਿਦੇਵ! ਤੁਮ ਸਰਨ ਆਇਓ
ਜਾਨਿ ਕ੍ਰਿਪਾ ਕੀਜੈ ਅਪਨੋ ਜਨ ॥ ਰਹਾਉ ॥ [221]

ਪ੍ਰਭੂ ਦੀ ਸ਼ਰਨ ਵਿਚ ਜਾ ਕੇ ਸਾਧਕ ਸਗਲ ਸੰਸਿਆਂ ਤੋਂ ਨਿਵਿਰਤੀ ਪ੍ਰਾਪਤ ਕਰ ਲੈਂਦਾ ਹੈ ਤੇ ਉਹ ਪਰਮਤਤ ਦੀ ਰਜ਼ਾ ਵਿਚ ਵਿਚਰਨ ਲਗਦਾ ਹੈ ਇਸ ਤਰ੍ਹਾਂ ਪ੍ਰਭੂ ਕਿਰਪਾ ਨਾਲ ਉਹ ਬਖੇੜਿਆਂ ਭਰੇ ਸੰਸਾਰ-ਸਮੁੰਦਰ ਵਿਚ ਸਹਿਜੇ ਹੀ ਪਾਰ ਹੋ ਜਾਂਦਾ ਹੈ:

1. ਤੁਝ ਦੇਖ ਕੰਵਲਾ ਪਤਿ ਜਨ ਸਰਨ ਆਇਆ
   ਮੇਰਾ ਜਨਮ ਸੰਦੇਹ ਭਰਮ ਛੇਦਿ ਭਾਇਆ ॥ [222]
2. ਜੋ ਤੇਰੀ ਸਰਨਾਗਤ, ਤਿਨ ਨਾਹੀ ਭਾਰੁ ॥
   ਉਚ ਨੀਚ ਤੁਮ ਤੇ ਤਰੇ ਆਲਜੁ ਸੰਸਾਰ ॥ [223]

ਗੀਤਾ ਵਿਚ ਭਗਵਾਨ ਕ੍ਰਿਸ਼ਨ ਜੀ ਨੇ ਆਤਮ ਨਿਵੇਦਨ ਭਗਤੀ ਦਾ ਮਹੱਤਵ ਪ੍ਰਗਟ ਕਰਦਿਆਂ ਕਿਹਾ ਹੈ ਕਿ ਹੇ ਅਰਜੁਨ! ਇਸਤਰੀ ਵੈਸ਼ ਅਤੇ ਸ਼ੂਦਰ ਆਦਿ ਪਾਪਯੋਨੀ ਵਾਲੇ ਜੋ ਕੋਈ ਵੀ ਹੋਵੇ ਉਹ ਵੀ ਮੇਰੀ ਸ਼ਰਣ ਹੋ ਕੇ ਪਰਮਗਤੀ ਨੂੰ ਹੀ ਪ੍ਰਾਪਤ ਹੁੰਦਾ ਹੈ।[224]

ਗੁਰੂ ਰਵਿਦਾਸ ਜੀ ਦੀ ਭਗਤੀ ਦਾ ਸ਼ਰਨਾਗਤੀ ਸਵਰ ਮੁਖ ਰੂਪ ਵਿਚ ਸਾਹਮਣੇ ਆਉਂਦਾ ਹੈ। ਉਨ੍ਹਾਂ ਦੀ ਕਰੁਣਾ, ਦੀਨਤਾ ਨਿਰਮਾਣਤਾ ਤੇ ਦਾਸਤਾ ਕਈ ਪਦਾਂ ਵਿਚ ਦ੍ਰਿਸ਼ਟੀਗਤ ਹੁੰਦੀ ਹੈ। ਗੁਰੂ ਰਵਿਦਾਸ ਜੀ ਦੀ ਕਰੁਣਾ ਭਾਵਨਾ ਇਕ ਪਾਸੀ ਨਹੀਂ ਉਸ ਦਾ ਤਾਂ ਪ੍ਰਭੂ-ਪ੍ਰੀਤਮ ਵੀ ਅੱਖਾਂ ਗਿਲੀਆਂ ਕਰੇ ਤੋਂ ਬਿਨਾਂ ਨਹੀਂ ਰਹਿ ਸਕਦਾ ਉਹ ਵੀ ਆਪਣੇ ਭਗਤਾਂ ਲਈ ਹੰਝੂ [illegible] ਵਹਾਉਂਦਾ ਹੈ। ਦੀਨਤਾ ਦਾ ਪ੍ਰਗਟਾਵਾ ਕਰਦਾ ਹੈ ਅਤੇ ਗਰੀਬਾਂ ਨੂੰ ਨਿਵਾਜਦਾ ਹੈ। ਇਹ ਦੁਵੱਲੀ ਆਤਮ ਨਿਵੇਦੀ ਭਾਵਨਾ ਹੈ ਜਿਹੜੀ ਗੁਰੂ ਰਵਿਦਾਸ ਜੀ ਨੂੰ ਵਿਸ਼ੇਸ਼ਤਾ ਅਤੇ ਵਿਲੱਖਣਤਾ ਪ੍ਰਦਾਨ ਕਰਦੀ ਹੈ। ਆਚਾਰੀਆ ਹਜ਼ਾਰੀ ਪ੍ਰਸਾਦ ਦਿਵੇਦੀ ਨੇ ਵੀ ਗੁਰੂ ਰਵਿਦਾਸ ਜੀ ਦੀ ਆਤਮ-ਸਮਰਪਣ ਭਗਤੀ ਸੰਬੰਧੀ ਲਿਖਿਆ ਹੈ ਕਿ ਆਡੰਬਰ ਹੀਣ, ਸਹਜ ਸ਼ੈਲੀ ਅਤੇ ਮਾਸੂਮੀ ਭਰੇ ਆਤਮ ਸਮਰਪਣ ਦੇ ਖੇਤਰ ਵਿਚ ਰਵਿਦਾਸ ਨਾਲ ਘੱਟ ਸੰਤਾਂ ਦੀ ਤੁਲਨਾ ਕੀਤੀ ਜਾ ਸਕਦੀ ਹੈ।[225]

ਡਾ. ਧਰਮਪਾਲ ਮੈਨੀ ਨੇ ਵੀ ਗੁਰੂ ਰਵਿਦਾਸ ਜੀ ਦੀ ਭਗਤੀ ਦਾ ਸਰਵੋਤਮ ਗੁਣ ਆਤਮ-ਨਿਵੇਦਨ ਨੂੰ ਮੰਨਿਆ ਹੈ। ਉਹ ਲਿਖਦੇ ਹਨ ਕਿ ਰਵਿਦਾਸ ਭਗਤੀ ਵਿਚ ਆਤਮ-ਅਨੁਭੂਤੀ ਹੈ, ਲੀਨਤਾ ਹੈ, ਸਮਰਪਨ ਹੈ ਅਤੇ ਆਤਮ ਨਿਵੇਦਨ ਹੈ ਜਿਨ੍ਹਾਂ ਸਭ ਸੁਰਾਂ ਵਿਚ ਪ੍ਰਧਾਨਤਾ ਭਗਤੀ ਨਾਲ ਛਲਛਲਾਂਦੇ ਹਿਰਦੇ ਦੀ ਬੇਚੈਨੀ, ਭਾਵੁਕਤਾ ਆਤਮ-ਨਿਵੇਦਨ ਅਤੇ ਆਤਮ ਸਮਰਪਨ ਦੀ ਹੈ।[226]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਨਵਧਾ ਭਗਤੀ ਦੇ ਅੰਤਰਗਤ ਗੁਰੂ ਰਵਿਦਾਸ ਜੀ ਨੇ ਕੀਰਤਨ, ਸਿਮਰਨ ਅਤੇ ਆਤਮ ਸਮਰਪਨ ਨੂੰ ਵਧੇਰੇ ਸ਼ਰਧਾ ਅਤੇ ਦ੍ਰਿੜਤਾ ਨਾਲ ਅਪਣਾਇਆ ਹੈ। ਆਤਮ ਸਮਰਪਣ ਭਗਤੀ ਵਿਚ ਗੁਰੂ ਰਵਿਦਾਸ ਜੀ ਪ੍ਰਭੂ ਦੇ ਸ਼ਰਨਾਗਤ ਹੋ ਕੇ ਦੀਨ, ਕਰੁਣਾ, ਨਿਮਰਤਾ ਅਤੇ ਹਿਰਦੇ ਦੀ ਸੁਧੀ ਨਾਲ ਬੇਨਤੀ ਕਰਦੇ ਹਨ ਅਤੇ ਪ੍ਰਭੂ ਨਾਲ ਨਿਕਟੀ ਅਤੇ ਸਦੀਵੀ ਸੰਬੰਧੀ ਸਥਾਪਤ ਕਰ ਲੈਂਦੇ ਹਨ ਕਿ ਪ੍ਰਭੂ ਵੀ ਆਪਣੇ ਭਗਤ ਲਈ ਕਿਰਪਾ ਕਰੁਣਾ, ਦੀਨਤਾ, ਅੰਮ੍ਰਿਤ ਨਾਮ ਦੀ ਛਹਿਬਰ ਲਾ ਦਿੰਦਾ ਹੈ ਇਸ ਤਰ੍ਹਾਂ ਇਹ ਆਤਮ-ਨਿਵੇਦਨ ਤੇ ਪਰਮਾਤਮ ਨਿਵੇਦਨ ਵਿਚ ਵਿਸ਼ੇਸ਼ ਸੰਤੁਲਨ ਸਥਾਪਤ ਹੋ ਜਾਂਦਾ ਹੈ ਜੋ ਭਗਤ ਅਤੇ ਪ੍ਰਭੂ ਵਿਚ ਹਮੇਸ਼ਾਂ ਹਮੇਸ਼ਾਂ ਲਈ ਬਣਿਆ ਰਹਿੰਦਾ ਹੈ। ਇਹੋ ਹੀ ਗੁਰੂ ਰਵਿਦਾਸ ਜੀ ਦੀ ਆਤਮ-ਨਿਵੇਦਨ ਭਗਤੀ ਦੀ ਵਿਲੱਖਣਤਾ ਹੈ। ਗੀਤਾ ਦੀ ਨਵਧਾ ਭਗਤੀ ਤੋਂ ਇਲਾਵਾ ਨਾਰਦ ਭਗਤੀ ਸੂਤਰਾਂ ਵਿਚ ਵੀ ਭਗਤੀਆਂ ਦੀ ਪ੍ਰਕਾਰ ਵੰਡ ਮਿਲਦੀ ਹੈ। ਰਿਸ਼ੀ ਨਾਰਦ ਨੇ ਭਗਤੀ ਦੀਆਂ ਗਿਆਰਾਂ ਆਸਕਤੀਆਂ ਦਾ ਜ਼ਿਕਰ ਕੀਤਾ ਹੈ। ਆਸਕਤੀ ਦਾ ਅਰਥ ਹੈ ਮਨ ਦਾ ਲਗਾਉ। ਇਹ ਹਨ:-

1. ਗੁਣ ਮਹਾਤਮ ਆਸਕਤੀ:- ਇਸ ਵਿਚ ਸਾਧਕ ਈਸ਼ਵਰ ਦੇ ਵਿਸ਼ੇਸ਼ ਗੁਣ ਤੇ ਬਾਣੀ ਦੀ ਮਹਿਮਾ ਗਾਉਂਦਾ ਹੈ। ਅਸਲ ਵਿਚ ਇਹ ਸ਼੍ਰਵਣ ਅਤੇ ਕੀਰਤਨ ਭਗਤੀ ਦੇ ਅੰਤਰਗਤ ਹੀ ਹੈ।

2. ਰੂਪ-ਆਸਕਤੀ:- ਸਾਧਕ ਦੀ ਪ੍ਰਭੂ ਦੇ ਜਾਂ ਉਸਦੇ ਅਵਤਾਰਾਂ ਦੇ ਰੂਪ ਪ੍ਰਤੀ ਆਸਕਤੀ ਨੂੰ ਰੂਪ-ਆਸਕਤੀ ਕਹਿੰਦੇ ਹਨ। ਗੁਰੂ ਰਵਿਦਾਸ ਬਾਣੀ ਵਿਚ ਇਸ ਦਾ ਵਿਸਥਾਰ ਪੂਰਵਕ ਵਰਨਣ ਆਉਂਦਾ ਹੈ। ਉਨ੍ਹਾਂ ਨੇ ਪ੍ਰਭੂ ਦੇ ਸਤਿ ਸਰੂਪ, ਸਗੁਣ ਨਿਰਗੁਣ ਸਰੂਪ, ਜੋਤਿ-ਸਰੂਪ, ਵਿਰਾਟ ਸਰੂਪ, ... ... ਅਵਿਅਕਤ ਸਗੁਣ ਸਰੂਪ ਅਤੇ ਸਹਿਜ-ਸਰੂਪ ਸੰਬੰਧੀ ਆਪਣੀ ਆਸਕਤੀ ਪ੍ਰਗਟ ਕੀਤੀ ਹੈ। ਰੂਪ- ਆਸਕਤੀ ਕਾਰਣ ਹੀ ਉਨ੍ਹਾਂ ਨੇ ਪ੍ਰਭੂ ਦੇ ਵਿਭਿੰਨ ਸਰੂਪਾਂ ਦਾ ਨਿਰੂਪਣ ਕੀਤਾ ਹੈ। ਇਸ ਦਾ ਵਿਸਥਾਰਪੂਰਵਕ ਵਰਨਣ ਅਗਲੇ ਅਧਿਆਇ ਵਿਚ ਕੀਤਾ ਜਾਵੇਗਾ। ਇਥੇ ਇਸ ਸੰਬੰਧੀ ਕੁਝ ਉਦਾਹਰਣਾਂ ਦਿਤੀਆਂ ਜਾਂਦੀਆਂ ਹਨ:

1. ਕਹੈ ਰਵਿਦਾਸ ਸਹਜ ਸੁੰਨਿ ਸਤਿ, ਜੀਵਨ ਮੁਕਤੀ ਨਿਧੀ ਕਾਸੀ ॥[227]

2. ਚਰਨ ਪਤਾਲ ਸੀਸ ਅਸਮਾਨਾ ।।
   ਸੋ ਠਾਕੁਰ ਕੈਸੇ ਸੰਪੁਟਿ ਸਮਾਨਾ „[228]

3. ਨੀਚਹੁ ਊਚ ਕਰੈ ਮੇਰਾ ਗੋਬਿੰਦ
   ਕਾਹੂ ਤੇ ਨਾ ਡਰੈ ॥ [229]

3. ਪੂਜਾ ਸ਼ਕਤੀ:- ਇਸ ਵਿਚ ਈਸ਼ਵਰ ਜਾਂ ਉਸ ਦੇ ਵਿਸ਼ੇਸ਼ ਅਵਤਾਰਾਂ ਦੀ ਅਰਚਾ ਪੂਜਾ ਅਤੇ ਵੰਦਨਾ ਆਦਿ ਸ਼ਾਮਲ ਹੈ। ਇਨ੍ਹਾਂ ਭਗਤੀਆਂ ਦਾ ਵਰਨਣ ਗੁਰੂ ਰਵਿਦਾਸ ਬਾਣੀ ਵਿਚ ਸੂਖਮ ਅਰਥਾਂ ਵਿਚ ਹੋਇਆ ਹੈ। ਗੁਰੂ ਰਵਿਦਾਸ ਜੀ ਪ੍ਰਭੂ ਦੇ ਨਿਰਗੁਣ ਅਤੇ ਸਗੁਣ ਅਵਿਅਕਤ ਰੂਪ ਦੀ ਅਰਚਨਾ ਅਤੇ ਵੰਦਨਾ ਤੇ ਬਲ ਦਿੰਦੇ ਹਨ।

4. ਸਿਮਰਣ-ਆਸਕਤੀ:- ਇਸ ਵਿਚ ਸਾਧਕ ਦੀ ਪ੍ਰਭੂ ਦੇ ਨਾਮ, ਕਰਮ ਗੁਣ ਆਦਿ ਦੇ ਸਿਮਰਣ ਪ੍ਰਤੀ ਆਸਕਤੀ ਹੁੰਦੀ ਹੈ। ਇਸ ਦਾ ਵਰਨਣ ਨਾਮ ਭਗਤੀ ਅਤੇ ਸਿਮਰਨ ਭਗਤੀ ਦੇ ਅੰਤਰਗਤ ਹੋ ਚੁੱਕਾ ਹੈ।

5. ਦਾਸ-ਆਸਕਤੀ:- ਦਾਸ ਭਾਵਨਾ ਨਾਲ ਪ੍ਰਭੂ ਸੁਆਮੀ ਦੀ ਭਗਤੀ ਪ੍ਰਤੀ ਲਗਨ ਹੀ ਦਾਸ ਆਸਕਤੀ ਹੈ। ਇਸ ਦਾ ਗੁਰੂ ਰਵਿਦਾਸ ਬਾਣੀ ਵਿਚ ਬਹੁਤ ਸਰਲ ਸਪਸ਼ਟ ਸ਼ੈਲੀ ਵਿਚ ਵਰਣਨ ਹੋਇਆ ਹੈ।

6. ਸਖਾ-ਸ਼ਕਤੀ:- ਈਸ਼ਵਰ ਦੇ ਪ੍ਰਤੀ ਸਖਾ ਭਾਵ ਨਾਲ ਕੀਤੀ ਗਈ ਭਗਤੀ ਨੂੰ ਸਖਾਸਕਤੀ ਕਹਿੰਦੇ ਹਨ। ਗੁਰੂ ਰਵਿਦਾਸ ਜੀ ਨੇ ਕ੍ਰਿਸ਼ਨ ਜੀ ਦੀ ਊਧੋ ਅਤੇ ਅਰਜਨ ਪ੍ਰਤੀ ਸਖਾ-ਭਾਵ ਵਿਚ ਸ਼ਰਧਾ ਪ੍ਰਗਟ ਕੀਤੀ ਹੈ।

7. ਕਾਂਤਾ ਸਕਤੀ:- ਇਸ ਪ੍ਰਕਾਰ ਦੀ ਭਗਤੀ ਸਾਧਕ ਪ੍ਰਭੂ ਪ੍ਰੀਤਮ ਦੀ ਜੀਵਾਤਮਾ ਇਸਤਰੀ ਦੇ ਰੂਪ ਵਿਚ ਕਰਦਾ ਹੈ। ਗੁਰੂ ਰਵਿਦਾਸ ਜੀ ਨੇ ਵੀ ਕਾਂਤਾ ਭਗਤੀ ਨੂੰ ਸ਼ਰਧਾ ਨਾਲ ਸਵੀਕਾਰ ਕੀਤਾ ਹੈ। ਉਨ੍ਹਾਂ ਅਨੁਸਾਰ ਪ੍ਰਭੂ ਪ੍ਰੇਮ ਦੇ ਮਜੀਠ ਰੰਗ ਵਿਚ ਰੰਗੀ ਹੋਈ ਜੀਵਾਤਮਾ ਇਸਤਰੀ

ਜਾਂ ਸਹਾਗਨ ਹੀ ਪ੍ਰਭੂ-ਪ੍ਰੀਤਮ ਸੰਬੰਧੀ ਬੁਝ ਜਾਣਦੀ ਹੈ। ਪ੍ਰਭੂ ਪਤੀ ਦੀ ਪਤਨੀ ਹੋਣ ਦੇ ਨਾਤੇ ਉਸ ਵਿਚੋਂ ਹਉਮੈ, ਅਭਿਮਾਨ ਆਦਿ ਦਾ ਆਪਣੇ ਆਪ ਨਿਵਾਰਣ ਹੋ ਜਾਂਦਾ ਹੈ ਇਸ ਤਰ੍ਹਾਂ ਉਹ ਪ੍ਰਭੂ ਪ੍ਰੀਤਮ ਤੋਂ ਪਰਮਾਨੰਦ ਪ੍ਰਾਪਤ ਕਰਨਯੋਗ ਹੋ ਜਾਂਦੀ ਹੈ:

ਸਹੁ ਕੀ ਸਾਰ ਸੁਹਾਗਨਿ ਜਾਨੈ ਤਜਿ ਅਭਿਮਾਨੁ ਸੁਖ ਰਲੀਆ ਮਾਨੈ
ਤਨੁ ਮਨ ਦੇਇ ਨ ਅੰਤਰੁ ਰਾਖੈ, ਅਵਰਾ ਦੇਖਿ ਨ ਸੁਨੈ ਅਭਾਖੈ ॥[230]

ਪ੍ਰੇਮ ਦੀ ਲੋਰ ਪ੍ਰਾਪਤ ਕਰਨ **ਲਈ** ਵਧੇਰੇ ਸੰਤਾਂ ਨੇ ਪਤੀ ਪਤਨੀ ਦਾ ਬਿੰਬ ਹੀ ਵਰਤਿਆ ਹੈ। ਦੁਨਿਆਵੀ ਪਤਨੀਆਂ ਦੀ ਤਰ੍ਹਾਂ ਰਹੱਸਵਾਦੀਆਂ ਅਨੁਸਾਰ ਵੀ ਦੋ ਤਰ੍ਹਾਂ ਦੀਆਂ ਪਤਨੀਆਂ ਹੁੰਦੀਆਂ ਹਨ ਇਕ ਹਨ- ਸੁਹਾਗਣਾਂ ਜਿਹੜੀਆਂ ਪ੍ਰਭੂ ਪ੍ਰੇਮ ਦੇ ਮਜੀਠ ਰੰਗ ਵਿਚ ਰੱਤੀਆਂ ਰਹਿੰਦੀਆਂ ਹਨ ਅਤੇ ਉਸ ਦੀ ਸੱਚੀ ਪ੍ਰੀਤ ਦੀਆਂ ਪਹਿਰੇਦਾਰ ਪਾਤਰ ਹੁੰਦੀਆਂ ਹਨ। ਦੂਜੀਆਂ ਹਨ - ਦੁਹਾਗਣਾਂ ਜਿਹੜੀਆਂ ਪ੍ਰਭੂ-ਪ੍ਰੀਤਮ ਨੂੰ ਛਡ ਕਸੁੰਭੜੇ ਰੂਪੀ ਸੰਸਾਰ ਨਾਲ ਪਿਆਰ ਕਰਦੀਆਂ ਹਨ। ਇਨ ਨੂੰ ਸੰਤ-ਜਨਾਂ ਨੇ ਕੱਚੀਆਂ ਵੀ ਕਿਹਾ ਹੈ। ਪ੍ਰਭੂ ਦੇ ਸੱਚੇ ਭਗਤ ਅਤੇ ਸੰਤ ਜਨ ਹੀ ਪਹਿਲੀ ਤਰ੍ਹਾਂ ਦੀਆਂ ਸੁਹਾਗਣਾਂ ਹਨ। ਇਹ ਪ੍ਰਭੂ ਪਿਆਰ ਤੋਂ ਆਪਾ ਵਾਰ ਦਿੰਦੀਆਂ ਹਨ ਕਿਸੇ ਹੋਰ ਦਾ ਆਸਰਾ ਨਹੀਂ ਤਕਦੀਆਂ ਅਤੇ ਪ੍ਰਭੂ ਨਾਲ ਸਦੀਵੀ ਇਕਮਿਕਤਾ ਪ੍ਰਾਪਤ ਕਰ ਲੈਂਦੀਆਂ ਹਨ। ਉਹ ਪ੍ਰਭੂ ਪ੍ਰੀਤਮ ਨੂੰ ਚੰਗੇ ਲਗਣ ਵਾਲੇ ਨਾਮ ਰੂਪੀ ਸ੍ਰਿਗਾਰ ਕਰਦੀਆਂ ਹਨ। ਗੁਰੂ ਜੀ ਅਨੁਸਾਰ ਦਿਖਾਵੇ ਕਰਨ ਵਾਲੀਆਂ ਤੋਂ ਪ੍ਰਭੂ ਪ੍ਰੀਤਮ ਪਤੀਜਿਆ ਨਹੀਂ ਜਾ ਸਕਦਾ ਤੇ ਕੇਵਲ ਰਾਮ ਨਾਲ ਸਨੇਹ ਕਰਨ ਵਾਲੀ ਹੀ ਸਤੀ ਸਵਿਤਰੀ ਕਹਿਲਾ ਸਕਦੀ ਹੈ:

ਬੋਰੀ ਕਹਿਲੈ ਰਾਮ ਸਨੇਹਾ
ਪਿਉ ਕੌ ਨਾਹੀ ਉਹਿ ਮਨ ਆਈ, ਜਿਹਿ ਅਭਿ ਅੰਤਰੁ ਅਵਰੁ ਨਹੀਂ ਕਾਈ ॥
ਜੌਲੌ ਪਿਉ ਰਾ ਮਨ ਨਾਹਿ ਆਈ, ਕਾ ਸੋਰਹ ਸੰਗਾਰ ਬਨਾਈ ॥
ਸੋਈ ਸਤੀ ਰਵਿਦਾਸ ਬਖਾਨੀ, ਤਨ ਮਨ ਸਉਂ ਪਿਉ ਰੰਗ ਸਮਾਨੀ ॥[231]

ਦੂਜੀ ਪ੍ਰਕਾਰ ਦੀਆਂ ਇਸਤਰੀਆਂ ਦੁਹਾਗਣਾਂ ਹੁੰਦੀਆਂ ਹਨ ਇਨ੍ਹਾਂ ਦਾ ਪ੍ਰਭੂ ਨਾਲ ਨੇਹ ਨਹੀਂ ਹੁੰਦਾ ਅਤੇ ਨਾ ਹੀ ਉਸ ਪ੍ਰਤੀ ਸੇਵਾ ਭਾਵਨਾ ਹੀ ਹੁੰਦੀ ਹੈ। ਇਹ ਪ੍ਰਭੂ ਦੀ ਇਕ ਰਸ ਬੰਦਗੀ ਵੀ ਨਹੀਂ ਕਰਦੀਆਂ ਇਸ ਤਰ੍ਹਾਂ ਇਹ ਲੋਕ ਪ੍ਰਲੋਕ ਦੋਵਾਂ ਥਾਵਾਂ ਤੇ ਦੁਖੀ ਹੁੰਦੀਆਂ ਹਨ:

1. ਦੁਖੀ ਦੁਹਾਗਨਿ ਦੁਇ ਪਖ ਹੀਨ, ਜਿਨਿ ਨਾਹ ਨਿਰੰਤਰ ਭਗਤ ਕੀਨੀ
ਪੁਰਸਲਾਤ ਦਾ ਪੰਥੁ ਦੁਹੇਲਾ ਸੰਗ ਨਾ ਸਾਥੀ ਗਵਨੁ ਇਕੇਲਾ ॥[232]

2. ਦੁਖੀ ਦੁਹਾਗਨਿ ਦੋਈ ਪਖ ਹੀਨੀ, ਜਿਹ ਨਿਰਤਿ ਕਰਿ ਸੇਵ ਨਾ ਕੀਨਹੀ ॥ [233]

ਸੁਹਾਗਣਾਂ ਜਿਥੇ ਪ੍ਰਭੂ-ਪ੍ਰੀਤਮ ਨੂੰ ਪ੍ਰਾਪਤ ਕਰ ਆਨੰਦ ਅਨੁਭਵ ਕਰਦੀਆਂ ਹਨ ਉਥੇ ਦੁਹਾਗਣਾਂ ਪ੍ਰਭੂ-ਪ੍ਰੀਤਮ ਦੀ ਯਾਦ ਵਿਚ ਵੀ ਤੜਫਦੀਆਂ ਹਨ ਉਨ੍ਹਾਂ ਨੂੰ ਪ੍ਰਭੂ-ਪ੍ਰੀਤਮ ਦਾ ਵਿਛੋੜਾ ਪ੍ਰੇਮ ਤੋਂ ਵੰਚਿਤ ਕਰਦਾ ਹੈ ਉਹ ਪਿਆਰ ਤੋਂ ਵਿਹੂਣੀ ਆਪਣੀ ਜਵਾਨੀ ਵਿਅਰਥ ਗੁਆ ਦਿੰਦੀ ਹੈ। ਗੁਰੂ ਜੀ ਅਨੁਸਾਰ ਦੁਹਾਗਣਾਂ ਦਾ ਹਾਲ ਬੇਹਾਲ ਹੋਣਾ ਹੀ ਹੈ ਪਰੰਤੂ ਸੁਹਾਗਣ ਕਿਉਂ ਆਪਣੇ ਪ੍ਰੀਤਮ ਦੇ ਦਰਸ਼ਨਾਂ ਤੋਂ ਵਾਂਝੀ ਰਹੇ:

ਸਖੀ ਸਹੇਲੀ ਗਰਬ ਗਹੇਲੀ, ਪੀਓਕੀ ਬਾਤ ਨ ਸੁਨਹੁ ਸਹੇਲੀ ॥<br>
ਮੈਂ ਰੇ ਦੁਹਾਗਨਿ ਅਧਿ ਕਰ ਜਾਨੀ, ਗਈ ਉਸ ਜੋਬਨ ਸਾਬ ਨਾ ਮਾਨੀ ॥<br>
ਕਹੇ ਰਵਿਦਾਸ ਅੰਦੇਸਾ ਯੇ ਹੀ ਬਿਨ ਦਰਸ਼ਨ ਕਿਉਂ ਜੀਵੇ ਹੈ ਸਨੇਹੀ॥ [234]

ਗੁਰੂ ਰਵਿਦਾਸ ਜੀ ਪ੍ਰਭੂ ਪ੍ਰੇਮ ਦੀ ਪ੍ਰਾਪਤੀ ਲਈ ਅਰਦਾਸ ਕਰਦੇ ਹਨ ਕਿਉਂਕਿ ਉਸ ਦੇ ਬਿਰਹਾ ਨੇ ਤਾਂ ਤਨ ਨੂੰ ਪੀੜਤ ਕਰ ਰਖਿਆ ਹੈ ਰਜਨੀ ਨੂੰ ਉਸ ਤੋਂ ਬਿਨਾਂ ਤੜਫਦਿਆਂ ਇਕ ਪਲ ਜੁਗ ਵਾਂਗ ਬੀਤਦਾ ਹੈ:

ਮੇਟਿ ਦੁਹਾਗ ਸੁਹਾਗਨਿ ਕੀਜੈ, ਅਪਨੈ ਅੰਗਿ ਲਗਾਈ ॥<br>
ਕਹੈ ਰਵਿਦਾਸ ਪ੍ਰਭੂ ਤੁਮਾਹਰੇ ਬਿਛੋਹੈ, ਏਕੁ ਪਲਕੁ ਜੁਗ ਜਾਈ ॥ [235]

ਅੰਤ ਵਿਚ ਗੁਰੂ ਰਵਿਦਾਸ ਜੀ ਨੇ ਕਾਂਤਾਂ ਭਗਤੀ ਦੀ ਪੂਰਣ ਪ੍ਰਾਪਤੀ ਹੋਣ ਤੋਂ ਬਾਅਦ ਦੀ ਅਵਸਥਾ ਦਾ ਚਿਤਰਣ ਕੀਤਾ ਹੈ। ਪ੍ਰਭੂ ਪ੍ਰੇਮ ਦੇ ਵਿਛੋੜੇ, ਪੀੜਾ, ਬਿਰਹਾ ਤਪਨ ਤੋਂ ਬਾਅਦ ਜੀਵਾਤਮਾ ਇਸਤਰੀ ਨਿਮਰਤਾ ਕਰੁਣਾ ਦੀ ਮੂਰਤੀ ਬਣੀ ਤਨ ਮਨ ਪ੍ਰਭੂ ਦੇ ਰੰਗ ਵਿਚ ਰੰਗ ਕੇ ਪ੍ਰਭੂ ਪ੍ਰੀਤਮ ਦੇ ਪ੍ਰੇਮ ਦੀ ਪਾਤਰ ਬਣ ਜਾਂਦੀ ਹੈ। ਉਹ ਪ੍ਰਭੂ ਦੇ ਸਵਾਗਤ ਵਿਚ ਮੰਗਲ ਗੀਤ ਗਾਉਂਦੀ ਹੈ ਅਤੇ ਉਸਦਾ ਮਨ-ਮੰਦਰ ਪ੍ਰਭੂ-ਪ੍ਰੀਤਮ ਦੀ ਦਿਵ-ਜੋਤਿ ਨਾਲ ਪ੍ਰਦੀਪਤ ਹੋ ਉਠਦਾ ਹੈ। ਉਸਦੀ ਅਨੇਕਾਂ ਜਨਮਾਂ ਦੀ ਸਾਧਨਾ ਸੰਪੂਰਨ ਹੁੰਦੀ ਹੈ।

ਹਮ ਘਰ ਆਜਹੁ ਰਾਮ ਭਤਾਰ, ਗਾਵਹੁ ਸਖਿ ਮਿਲ ਮੰਗਲਾਚਾਰ ॥<br>
ਤਨ ਮਨ ਰਤ ਕਰਹਿ ਆਪੁਨੈ ਤੈ ਕਹੂੰ ਪਾਇਹਿੰ ਪਿਵ ਪਿਆਰ ॥<br>
ਪ੍ਰੀਤਮ ਕੂੰ ਜੋ ਦਰਸਨ ਪਾਏ, ਮਨ ਮੰਦਰ ਮੇਂਹ ਭਯੋ ਉਜਿਯਾਰ ॥<br>
..... .... ...<br>
ਬਹੁਤ ਜਨਮ ਤੈਂ ਬਿਛੁਰੇ ਪਿਵ ਪਾਯੋ, ਜਨਮ ਜਨਮ ਬਿਲਈ ਰਾਰ ॥ [236]

8. ਵਾਤਸਲ-ਆਸਕਤੀ:- ਭਗਵਾਨ ਦੇ ਪ੍ਰਤੀ ਵਾਤਸਲ ਭਾਵ ਵਿਅਕਤ ਕਰਨ ਨੂੰ ਵਾਤਸਲ-ਆਸਕਤੀ

ਕਹਿੰਦੇ ਹਨ। ਸਾਧਕ ਜਦੋਂ ਉਸ ਪ੍ਰਭੂ ਨਾਲ ਪਿਤਾ ਪੁਤਰ ਦਾ ਸੰਬੰਧ ਸਥਾਪਤ ਕਰਕੇ ਭਗਤੀ ਕਰਦਾ ਹੈ ਤਾਂ ਇਹ ਵਾਤਸਲਯ ਰਸ-ਯੁਕਤ ਭਗਤੀ ਕਹਿਲਾਉਂਦੀ ਹੈ। ਗੁਰੂ ਰਵਿਦਾਸ ਬਾਣੀ ਵਿਚ ਇਸ ਦੇ ਇਕ ਦੋ ਥਾਂ ਤੇ ਹਵਾਲੇ ਆਉਂਦੇ ਹਨ। ਗੁਰੂ ਰਵਿਦਾਸ ਜੀ ਨੂੰ ਮੁਕੰਦ ਪਿਤਾ ਤੇ ਪੂਰਨ ਸ਼ਰਧਾ ਤੇ ਵਿਸ਼ਵਾਸ ਹੈ। ਉਨ੍ਹਾਂ ਅਨੁਸਾਰ ਉਹ ਮੁਕੰਦ ਹੀ ਮਾਤਾ ਪਿਤਾ ਹੈ। ਉਹ ਹੀ ਮੇਰਾ ਪ੍ਰਾਣ -ਆਧਾਰ ਹੈ ਅਤੇ ਉਹ ਹੀ ਮੁਕਤੀ ਦਾਤਾ ਹੈ ਜਦੋਂ ਉਹ ਮੇਰੇ ਵਲ ਹੈ ਤਾਂ ਇਹ ਸੰਸਾਰ ਮੇਰਾ ਕੀ ਕਰ ਸਕਦਾ ਹੈ? ਪ੍ਰਭੂ ਪਿਤਾ ਦੇ ਹੁੰਦਿਆਂ ਮੈਨੂੰ ਕੋਈ ਚਿੰਤਾ ਨਹੀਂ, ਪਰਮ ਪਿਤਾ ਨੂੰ ਆਪਣੇ ਪੁਤਰਾਂ ਦੀ ਹਮੇਸ਼ਾਂ ਸੋਚ ਰਹਿੰਦੀ ਹੈ। ਇਸ ਲਈ ਜੀਵ ਨੂੰ ਚਿੰਤਾ, ਅੰਦੇਸੇ ਅਤੇ ਬੇਫਾਇਦਾ ਸੋਚਾਂ ਵਿਚ ਨਹੀਂ ਫਸਣਾ ਚਾਹੀਦਾ:

1. ਮੁਕੰਦ ਮੁਕੰਦ ਜਪਹੁ ਸੰਸਾਰ, ਬਿਨੁ ਮੁਕੰਦ ਤਨੁ ਹੋਇ ਅਉਹਾਰ ॥
ਸੋਈ ਮੁਕੰਦ ਮੁਕਤਿ ਕਾ ਦਾਤਾ, ਸੋਈ ਮੁਕੰਦ ਹਮਰਾ ਪਿਤ ਮਾਤਾ ॥[237]

2. ਅਸ ਕਹਿਅਤ ਹੂੰ ਮੈਂ ਅਜਾਨ, ਅਹੋ ਤੁਮ ਸਰਬ ਦ੍ਰਗਯ ਸਯਾਨ ॥
ਸੁਤ ਸੇਵਕ ਸਦਾ ਅਸੋਚ, ਠਾਕੁਰ ਪਿਤਹਿ ਸਭ ਸੋਚ ॥[238]

ਗੀਤਾ ਵਿਚ ਹੀ ਭਗਵਾਨ ਕ੍ਰਿਸ਼ਨ ਨੇ ਵਾਤਸਲ ਭਾਵ ਬਿਆਨ ਕੀਤਾ ਹੈ ਉਨਾਂ ਨੇ ਲਿਖਿਆ ਹੈ ਕਿ ਇਸ ਜਗਤ ਦਾ ਪਿਤਾ, ਮਾਤਾ ਅਤੇ ਪਿਤਾਮਹ ਮੈਂ ਹੀ ਹਾਂ। ਵੇਦਾਂ ਦੇ ਦੁਆਰਾ ਜਾਨਣਯੋਗ ਪਵਿੱਤਰ ਉਂਕਾਰ ਅਤੇ ਇਸ ਤਰ੍ਹਾਂ ਰਿਗ ਸਾਮ ਅਤੇ ਯਜੁ ਵੀ ਮੈਂ ਹਾਂ।"[239] ਗੁਰੂ ਰਵਿਦਾਸ ਜੀ ਦੀ ਵਾਤਸਲ ਭਾਵਨਾ ਦੇ ਇਹ ਵਿਸ਼ੇਸ਼ਤਾ ਅਤੇ ਵਿਲੱਖਣਤਾ ਹੈ ਕਿ ਉਨ੍ਹਾਂ ਨੇ ਪ੍ਰਭੂ ਦੀ ਆਪਣੇ ਭਗਤਾਂ ਪ੍ਰਤੀ ਵਾਤਸਲਤਾ ਦਾ ਵਰਣਨ ਕੀਤਾ ਅਤੇ ਉਨ੍ਹਾਂ ਨੇ ਆਪਣਾ ਪ੍ਰਭੂ ਪ੍ਰਤੀ ਵਾਤਸਲਤਾ ਦਾ ਪ੍ਰਗਟਾਵਾ ਨਹੀਂ ਕੀਤਾ।

9. ਆਤਮ-ਨਿਵੇਦਨ-ਆਸਕਤੀ:- ਨਿਮਰਤਾ ਪੂਰਵਕ ਆਪਣੇ ਔਗੁਣਾਂ ਦਾ ਇਜ਼ਹਾਰ ਅਤੇ ਪ੍ਰਭੂ ਦੇ ਸ਼ਰਨਾਗਤ ਹੋ ਤਨ ਮਨ ਪ੍ਰਭੂ ਦੇ ਚਰਨਾਂ ਵਿਚ ਸਮਰਪਣ ਕਰਨਾ ਆਤਮ-ਨਿਵੇਦਨ-ਆਸਕਤੀ ਹੈ। ਇਸ ਦਾ ਵਿਸਥਾਰ ਪੂਰਵਕ ਵਰਣਨ ਨਵਧਾ ਭਗਤੀ ਦੇ ਅੰਤਰਗਤ ਆ ਚੁੱਕਾ ਹੈ।

1 . ਤਨਮਈਤਾ-ਸਕਤੀ: ਇਸ ਵਿਚ ਅਨੰਨਤਾ ਦਾ ਭਾਵ ਵਿਦਮਾਨ ਹੁੰਦਾ ਹੈ। ਭਗਤ ਪ੍ਰਭੂ ਵਿਚ ਆਪਣੇ ਆਪ ਨੂੰ ਇਸ ਤਰ੍ਹਾਂ ਵਿਲੀਨ ਕਰ ਲੈਂਦਾ ਹੈ ਕਿ ਉਸਨੂੰ ਉਸ ਤੋਂ ਬਿਨਾਂ ਹੋਰ ਕਿਤੇ ਜਾਣ ਦੀ ਰੁਚੀ ਨਹੀਂ ਰਹਿੰਦੀ। ਉਹ ਸੰਸਾਰਿਕ ਕਾਰ ਵਿਹਾਰ ਕਰਦਿਆਂ ਵੀ ਚਿੱਤ ਪ੍ਰਭੂ ਦੇ ਵਲ ਲਗਾਈ ਰਖਦਾ ਹੈ, ਉਸਦੇ ਹੀ ਧਿਆਨ ਵਿਚ ਮਗਨ ਰਹਿੰਦਾ ਹੈ। ਗੀਤਾ ਵਿਚ ਵੀ ਭਗਵਾਨ ਕ੍ਰਿਸ਼ਨ ਨੇ ਕਿਹਾ ਹੈ ਕਿ ਹੇ ਅਰਜੁਨ! ਉਹ ਪਰਮਪੁਰਸ਼, ਜਿਸ ਦੇ ਅੰਤਰਗਤ ਸਭ ਭੂਤ ਸਥਿਤ ਹਨ ਅਤੇ ਜਿਸ ਨਾਲ ਸਾਰਾ ਜਗਤ ਵਿਆਪਤ ਹੈ, ਸਚਮੁਚ ਅੰਨਿਨ ਭਗਤੀ ਨਾਲ ਪ੍ਰਾਪਤ ਕਰਨਯੋਗ ਹੈ।[240]

ਗੁਰੂ ਰਵਿਦਾਸ ਬਾਣੀ ਵਿਚ ਵੀ ਅੰਨਿਨ ਭਗਤੀ ਭਾਵ ਪ੍ਰਾਪਤ ਹੁੰਦਾ ਹੈ। ਉਨ੍ਹਾਂ

ਅਨੁਸਾਰ ਪ੍ਰਭੂ ਤੋਂ ਬਿਨਾਂ ਹੋਰ ਕਈ ਅੰਨਿਨ ਨਹੀਂ। ਇਸ ਭਾਵਨਾ ਹਿੱਤ ਹੀ ਸਾਧਕ ਵਿਚੋਂ ਹਉਮੈ ਦੀ ਭਾਵਨਾ ਖਤਮ ਹੁੰਦੀ ਹੈ ਅਤੇ ਕੇਵਲ ਪ੍ਰਭੁਤਾ ਹਿਰਦੇ ਵਿਚ ਵਸਦੀ ਹੈ। ਉਹ ਲਿਖਦੇ ਹਨ:-

ਐਸੀ ਭਗਤਿ ਹਮਾਰੀ ਸੰਤੋ, ਪ੍ਰਭੁਤਾ ਏਹ ਬੜਾਈ ॥
ਆਪਨ ਅੰਨਿਨ ਔਰ ਨਹੀਂ ਮਾਨਤ, ਤਾਥੈਂ ਮੂਲ ਗੰਵਾਈ ॥[241]

ਗੁਰੂ ਰਵਿਦਾਸ ਜੀ ਅਨੁਸਾਰ ਜਦੋਂ ਤਕ ਸਾਧਕ ਦੇ ਮਨ ਵਿਚੋਂ ਸਤ, ਰਜ,ਤਮ ਦੀ ਨਿਵਿਰਤੀ ਨਹੀਂ ਹੁੰਦੀ। ਵਿਸ਼ੇ ਵਿਕਾਰਾਂ ਦਾ ਨਿਵਾਰਣ ਨਹੀਂ ਹੁੰਦਾ, ਪ੍ਰਭੂ ਕਣ ਕਣ ਵਿਚ ਵਿਆਪਕ ਨਜ਼ਰ ਨਹੀਂ ਆਉਂਦਾ, ਹਰਿ ਦੀ ਚਰਚਨਾਂ ਵਿਚ ਕਥਨੀ ਅਤੇ ਕਰਨੀ ਵਿਚ ਸੁਮੇਲ ਨਹੀਂ ਹੁੰਦਾ, ਪ੍ਰਭੂ ਇਸ਼ਟ ਨਾਲ ਆਸਕਤੀ ਸਨੇਹ ਇਕ ਰਸ ਪੈਦਾ ਨਹੀਂ ਹੁੰਦਾ। ਪ੍ਰਭੂ ਤੋਂ ਬਿਨਾਂ ਹੋਰ ਕੋਈ ਆਪਣਾ ਅਨਿਨ ਦ੍ਰਿਸ਼ਟੀਗਤ ਨਹੀਂ ਹੁੰਦਾ ਅਤੇ ਉਸ ਨਾਲ ਸਦੀਵੀ ਅਨੁਰਾਗ ਨਹੀਂ ਹੁੰਦਾ ਤਦੋਂ ਤਕ ਇਹ ਅੰਨਿਨ ਭਗਤੀ ਸੰਪੂਰਣ ਨਹੀਂ ਹੁੰਦੀ :

ਸੰਤੋ ! ਅਨਿੰਨ ਭਗਤਿ ਯਹੁ ਨਾਹੀ
ਜਬ ਲਗਿ ਸਤ ਰਜ ਤਮ ਤੀਨੋ ਗੁਨ, ਵਯਾਪਤ ਹੈ ਯਾ ਮਾਹੀ
ਸੋਈ ਆਨ ਅੰਤਰ ਕਰੈ ਹਰਿ ਸੂੰ, ਅਪਮਾਰਗ ਕੌਂ ਆਨੈ ॥
ਸਾਕਿਤ ਸਨੇਹ ਇਸ਼ਟ ਅੰਗਿ ਲਾਵੈ, ਅਸਥਲਿ ਅਸਥਲਿ ਖੇਲੈ ॥
.... .... ...
ਹਰਿਜਨ ਹਰਿ ਬਿਨੁ ਔਰ ਨ ਜਾਨੈ, ਤਜੇ ਆਨ ਤਨੁ ਤਯਾਗੀ ॥[242]

11. ਪਰਮ-ਬਿਰਹਾ-ਸ਼ਕਤੀ: ਇਹ ਪ੍ਰਭੂ ਪ੍ਰੇਮ ਦੀ ਪਰਮ ਅਵਸਥਾ ਹੈ ਜਦੋਂ ਸਾਧਕ ਪ੍ਰਭੂ-ਪ੍ਰੇਮ ਵਿਚ ਅਤੀ ਵਿਆਕੁਲ ਬਿਰਹਾ ਦੀ ਪਰਮ ਅਨੁਭੂਤੀ ਕਰਦਾ ਹੈ ਇਸ ਦੇ ਅੰਤਰਗਤ ਪ੍ਰੇਮਾ ਭਗਤੀ ਆਉਂਦੀ ਹੈ। ਪ੍ਰੇਮ ਭਗਤੀ ਵਿਚ ਹੀ ਸਾਧਕ ਪਰਮ ਬਿਰਹਾ ਦੀ ਅਵਸਥਾ ਵਿਚੋਂ ਲੰਘਦਾ ਹੈ। ਗੁਰੂ ਰਵਿਦਾਸ ਬਾਣੀ ਦੀ ਆਧਾਰ ਸ਼ਿਲਾ ਪ੍ਰਭੂ-ਪ੍ਰੇਮ ਹੈ। ਉਨ੍ਹਾਂ ਨੇ ਪ੍ਰੇਮਾ-ਭਗਤੀ ਵਿਚਲੀ ਬਿਰਹਾ ਦੀ ਚਰਮ ਅਸਵਥਾ ਨੂੰ ਉਲੀਕਿਆ ਹੈ। ਉਹ ਲਿਖਦੇ ਹਨ ਕਿ:

ਬਿਰਹ ਤਪੈ ਤਨ ਅਧਿਕ ਜਰਾਵੈ, ਨੀਂਦੜੀ ਨ ਆਵੈ ਭੋਜਨ ਨਹੀਂ ਪਾ ਭਾਵੈ ॥[243]

ਪਰਮ-ਬਿਰਹਾ ਦੀ ਸਕਤੀ ਅਸਲ ਵਿਚ ਰਿਸ਼ੀ ਨਾਰਦ ਦੀ ਦੇਣ ਹੈ ਜਿਸਨੂੰ ਪੰਜਾਬੀ ਸਾਹਿਤ ਆਚਾਰੀਆ ਸੂਫੀ ਇਸ਼ਕ ਦੀ ਪ੍ਰਭੂ ਪ੍ਰਤੀ ਤੜਪ ਕਹਿੰਦੇ ਹਨ। ਗੁਰੂ ਰਵਿਦਾਸ ਬਾਣੀ ਵਿਚ ਇਸ ਪ੍ਰਭਾਵ ਦੀ ਝਲਕ ਤਾਂ ਮਿਲਦੀ ਹੈ ਪਰੰਤੂ ਸੂਫੀਵਾਦ ਨਾਲੋਂ ਨਾਰਦ ਭਗਤੀ ਸੂਤਰਾਂ ਦਾ ਵਧੇਰੇ ਪ੍ਰਭਾਵ ਪ੍ਰਗਟ ਹੋਇਆ ਹੈ।

ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਭਾਵੇਂ ਨਵਧਾ ਭਗਤੀ ਅਤੇ ਨਾਰਦ ਭਗਤੀ ਦੀਆਂ ਗਿਆਰਾਂ ਆਸਕਤੀਆਂ ਦਾ ਵਰਣਨ ਹੋਇਆ ਪਰੰਤੂ ਗੁਰੂ ਰਵਿਦਾਸ ਜੀ ਨੇ ਕੁਝ ਕੁ ਕਿਸੇ ਵਿਸ਼ੇਸ਼ ਪੱਧਤੀ ਨੂੰ ਨਹੀਂ ਅਪਣਾਇਆ। ਉਨ੍ਹਾਂ ਨੇ ਭੇਖੀ ਅਤੇ ਦਿਖਾਵੇ ਵਾਲੀ ਨਵਧਾ ਭਗਤੀ ਕਰਦਿਆਂ ਤੇ ਵਿਅੰਗ ਕਸਿਆ ਹੈ ਅਤੇ ਇਸ ਭਗਤੀ ਨੂੰ ਸਵਾਂਗ ਕਿਹਾ ਹੈ। ਗੁਰੂ ਜੀ ਨੇ ਸਪੱਸ਼ਟ ਕਿਹਾ ਹੈ ਕਿ ਇਸ ਨੂੰ ਸੱਚ ਨਾ ਸਮਝਣਾ, ਇਹ ਤਾਂ ਲੋਕਾਂ ਨੂੰ ਕੇਵਲ ਭਰਮਾਉਣ ਵਾਲੀ ਭਗਤੀ ਹੈ :

> ਹਮ ਮਾਨੈਂ ਪਰਮ ਪ੍ਰੇਮ ਰਸ ਜਾਨੈਂ, ਨੌ ਵਿਧਿ ਭਗਤਿ ਕਰਾਈ ॥
> ਸਵਾਂਗ ਦੇਖਿ ਸਭ ਹੀ ਜਗ ਡਹਕੌਯੋ, ਫਿਰ ਆਪਨ ਪੌਰੌ ਵਧਾਈ ॥
> ਸਾਂਗ ਪਰੁ ਸਾਚ ਨ ਜਾਨੈਂ, ਲੋਗਨਿ ਇਹੈ ਭਰਮਾਈ ॥
> ਸਯੰਘ ਰੂਪ ਮੇਖੀ ਜਬ ਪਹਰੀ, ਬੋਲੀ ਤਬ ਸੁਧ ਪਾਈ ॥[244]

ਗੁਰੂ ਰਵਿਦਾਸ ਜੀ ਨੇ ਆਪਣੀ ਭਗਤੀ ਨੂੰ ਦਸਧਾ ਭਗਤੀ ਦਾ ਨਾਮ ਦਿੱਤਾ ਹੈ। ਉਨ੍ਹਾਂ ਨੇ ਪੂਜਾ, ਭਜਨ ਕੀਰਤਨ ਆਦਿ ਨੂੰ ਦਸਧਾ ਭਗਤੀ ਵਿਚ ਗਿਣਿਆ ਹੈ। ਅਸਲ ਵਿਚ ਉਨ੍ਹਾਂ ਦੀ ਦਸਧਾ ਭਗਤੀ ਦੇ ਅੰਤਰਗਤ ਨਿਮਨਲਿਖਿਤ ਭਗਤੀਆਂ ਆਉਂਦੀਆਂ ਹਨ:

1. ਸ੍ਰਵਣ 2. ਕੀਰਤਨ 3. ਸਿਮਰਨ 4. ਬੰਦਨਾ ਭਗਤੀ 5.ਦਾਸ ਭਗਤੀ 6.ਚਰਨ ਭਗਤੀ 7. ਅਰਚਨਾ ਭਗਤੀ 8.ਆਤਮ ਨਿਵੇਦਨ 9.ਅਨਿੰਨ ਭਗਤੀ 10. ਪ੍ਰੇਮਾ ਭਗਤੀ (ਕਾਂਤਾ ਭਗਤੀ, ਸਖਾ ਭਗਤੀ, ਵਾਤਸਲ-ਭਗਤੀ)

ਨਵਧਾ ਭਗਤੀ ਦੇ ਅੰਤਰਗਤ ਸਭ ਭਗਤੀਆਂ ਦਾ ਵਰਣਨ ਆ ਚੁੱਕਾ ਹੈ ਹੁਣ ਅਸੀਂ ਪ੍ਰੇਮਾ ਭਗਤੀ ... ਸੰਬੰਧੀ ਵਰਨਣ ਕਰਾਂਗੇ ।

ਪ੍ਰੇਮਾਭਗਤੀ:- ਗੁਰੂ ਰਵਿਦਾਸ ਜੀ ਦੀ ਭਗਤੀ ਭਾਵਨਾ ਸੁਧ ਪ੍ਰੇਮ ਤੇ ਆਧਾਰਿਤ ਹੈ। ਉਨ੍ਹਾਂ ਅਨੁਸਾਰ ਪ੍ਰਭੂ-ਪ੍ਰੀਤਮ ਲਈ ਸਨੇਹ ਹੀ ਪ੍ਰੇਮ ਭਗਤੀ ਹੈ। ਇਸ ਨੂੰ ਭਾਉ ਜਾਂ ਭਾਵ ਭਗਤੀ ਵੀ ਕਹਿੰਦੇ ਹਨ। ਪ੍ਰੇਮ ਭਗਤੀ ਪ੍ਰਭੂ ਦੀ ਪ੍ਰਾਪਤੀ ਦਾ ਸਰਵੋਤਮ ਸਾਧਨ ਹੈ। ਪ੍ਰੇਮ ਹੀ ਭਗਤੀ ਦੀ ਆਧਾਰ ਸ਼ਿਲਾ ਹੈ। ਰਾਮਾਨੁਜ ਅਨੁਸਾਰ ਭਗਤੀ ਪ੍ਰੇਮ ਸਹਿਤ ਪ੍ਰਭੂ ਵਿਚ ਧਿਆਨ ਲਗਾਉਣਾ ਹੈ। ਗੁਰੂ ਰਵਿਦਾਸ ਜੀ ਦੀ ਭਗਤੀ ਦਾ ਮੂਲ ਪੂਰਾ ਪ੍ਰੇਮ ਅਤੇ ਨਾਮ ਹੈ। ਉਨ੍ਹਾਂ ਅਨੁਸਾਰ ਭਗਤੀ ਪ੍ਰੇਮ ਬੰਧਨਿ ਹੈ ਜੋ ਇਕ ਪਾਸੇ ਤਾਂ ਸਾਧਕ ਨੂੰ ਮੋਹ-ਮਾਇਆ ਦੇ ਜਾਲ ਤੋਂ ਮੁਕਤ ਕਰਦਾ ਹੈ ਅਤੇ ਦੂਜੇ ਪਾਸੇ ਪ੍ਰਭੂ ਨੂੰ ਆਪਣੀ ਪਕੜ ਵਿਚ ਇਸ ਤਰ੍ਹਾਂ ਜਕੜ ਲੈਂਦਾ ਹੈ ਕਿ ਉਸ ਪ੍ਰਭੂ ਦਾ ਇਸ ਤੋਂ ਮੁਕਤ ਹੋ ਸਕਣਾ ਕਠਨ ਹੋ ਜਾਂਦਾ ਹੈ। ਅਸਲ ਵਿਚ ਇਹ ਦੋਵਲੀ ਪਰਸਪਰਿਕ ਖਿੱਚ ਹੁੰਦੀ ਹੈ ਜੋ ਭਗਤ ਅਤੇ ਪ੍ਰਭੂ ਵਿਚਲੀ ਅਵਸਥਾ ਨੂੰ ਸੰਤੁਲਿਤ ਰਖਦੀ ਹੈ :

> ਜਉ ਹਮ ਬਾਂਧੇ ਮੋਹ ਫਾਸ, ਹਮ ਪ੍ਰੇਮ ਬੰਧਨਿ ਤੁਮ ਬਾਧੇ ॥
> ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਅਰਾਧੇ ॥[245]

ਪ੍ਰੇਮ ਦੇ ਬੰਧਨ ਵਿਚੋਂ ਸਾਧਕ ਆਪ ਵੀ ਨਿਕਲਣਾ ਨਹੀਂ ਹੁੰਦਾ ਕਿਉਂਕਿ ਇਹ ਬੰਧਨ ਪ੍ਰੇਮ ਦਾ ਬੰਧਨ ਹੁੰਦਾ ਹੈ। ਇਸ ਵਿਚੋਂ ਸਾਧਕ ਨੂੰ ਪ੍ਰਭੂ ਦੁਆਰੇ ਤੋਂ ਅਮੁਲ ਦਾਤਾਂ, ਬਖਸ਼ਸ਼ਾਂ ਅਤੇ ਨੌ ਨਿਧੀਆਂ ਪ੍ਰਾਪਤ ਹੋ ਜਾਂਦੀਆਂ ਹਨ। ਪ੍ਰਭੂ ਦੇ ਦਿਲ ਦਰਿਆ ਵਿਚ ਅਣਮੋਲ ਅੰਬਾਰ ਚੁਕਣ ਦਾ ਸੌਦਾ ਪ੍ਰਾਪਤ ਹੁੰਦਾ ਹੈ। ਉਸ ਦੇ ਅੰਮ੍ਰਿਤ ਨਾਮ ਦੀ ਛਹਿਬਰ ਮਿਲਦੀ ਹੈ। ਅਜਿਹੀ ਅਵਸਥਾ ਵਿਚ ਇਸ ਬੰਧਨਿ ਤੋਂ ਮੁਕਤ ਹੋਣ ਦਾ ਕੀ ਫਾਇਦਾ ?

ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ ॥
ਕਹਿ ਰਵਿਦਾਸ ਛੂਟਿਬੋ ਕਵਨਗੁਨ ॥ [246]

ਪ੍ਰਭੂ ਪ੍ਰੇਮ ਦੀ ਜੇਵਰੀ ਕੋਈ ਸਲੀਕਾ ਜਾਂ ਰਸੀਆ ਨਾ ਫੰਦਾ ਨਹੀਂ ਇਹ ਤਾਂ ਕਰੁਣਾ ਦਾਨਿਤਾ ਦਯਾ ਕ੍ਰਿਪਾ ਰੂਪੀ ਰੇਸ਼ਮੀ ਡੋਰੀ ਹੈ। ਸਾਧਕ ਅਤੇ ਪ੍ਰਭੂ ਵਿਚਲੀ ਪ੍ਰੀਮ ਚੰਦ ਤੇ ਚਕੋਰ ਦੀ ਪ੍ਰੀਤ ਹੈ। ਦੀਵੇ ਅਤੇ ਉਸ ਦੀ ਬੱਤੀ ਦੀ ਪ੍ਰੀਤਿ ਹੈ, ਤੀਰਥ ਅਤੇ ਉਸਦੇ ਯਾਤਰੀ ਦੀ ਪ੍ਰੀਤ ਹੈ ਬੱਦਲਾਂ ਦੇ ਸੁੰਦਰ ਪਹਾੜਾਂ ਅਤੇ ਉਸ ਨੂੰ ਵੇਖ ਕੇ ਪੈਲਾਂ ਪਾ ਰਹੇ ਮੋਰ ਦੀ ਪ੍ਰੀਤ ਹੈ। ਇਹ ਮਛਲੀ ਅਤੇ ਪਾਣੀ ਵਿਚਲੀ ਖਿੱਚ ਹੈ। ਅਜਿਹਾ ਸਨੇਹ ਜੋ ਮਰਨ ਤੋਂ ਬਾਅਦ ਵੀ ਨਹੀਂ ਵਿਸਰਦਾ :-

1. ਜਉ ਤੁਮ ਗਿਰਿਵਰ ਤਉ ਹਮ ਮੋਰਾ ॥
ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥
ਜਉ ਤੁਮ ਦੀਵਰਾ ਤਉ ਹਮ ਬਾਤੀ
ਜਉ ਤੁਮ ਤੀਰਥ ਤਉ ਹਮ ਜਾਤੀ ॥[247]

2. ਮੀਨੁ ਪਕਰਿ ਫਾਂਕਿਉ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ ॥
ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ ॥ [248]

ਅਜਿਹੀ ਪ੍ਰੇਮ ਭਗਤੀ ਦੀ ਪ੍ਰਾਪਤੀ ਲਈ ਸਾਧਕ ਹਰ ਸੰਭਵ ਯਤਨ ਕਰਦਾ ਹੈ ਦ੍ਰਿੜ ਆਸਨ ਲਗਾਉਂਦਾ ਹੈ, ਧਿਆਨ ਉਸ ਦੇ ਚਰਨ ਕੰਵਲ ਵਿਚ ਰਖਦਾ ਹੈ, ਨਿਮਰਤਾ, ਕਰੁਣਾ, ਹਿਰਦੇ ਦੀ ਸੁਧਤਾ ਵਰਗੇ ਗੁਣ ਅਪਣਾਉਂਦਾ ਹੈ, ਉਸ ਨਾਲ ਸੁਆਮੀ ਸੇਵਕ ਵਾਲੇ ਰਿਸ਼ਤੇ ਗੰਢਦਾ ਹੈ, ਉਸ ਦੇ ਚਰਨਾਂ ਵਿਚ ਆਤਮ-ਨਿਵੇਦਨ ਆਤਮ ਸਮਰਪਣ ਕਰਦਾ ਹੈ।

ਮੈਂ ਹਿਰਦੇ ਹਾਰ ਬੈਠਿਓ ਹਰਿ, ਮੋਪੈ ਸਰਿਓ ਨ ਏਕ ਕਾਜ ॥
ਭਾਵ ਭਗਤੀ ਰਵਿਦਾਸ ਦੇਹ ਪ੍ਰਿਤਪਾਲ ਕਰ ਮੋਹਿ ਆਜ ॥[249]

ਪ੍ਰਭੂ-ਪ੍ਰੀਤ ਮਹਿੰਗੀ ਹੈ ਇਸ ਨੂੰ ਵਿਹਾਜਣਾ ਪੈਂਦਾ ਹੈ। ਦਿਲ ਦੀ ਭੇਟਾ ਬਦਲੇ। ਉਸ ਪ੍ਰਭੂ -ਪ੍ਰੀਤਮ ਦੀ ਸਤੀ ਸਵਿਤਰੀ ਜੀਵਾਤਮਾ, ਇਸਤਰੀ ਬਣ ਕੇ, ਮਨ ਨੂੰ ਪ੍ਰਭੂ ਪ੍ਰੀਤਮ ਦੇ। ਮਜੀਠ ਰੰਗ ਵਿਚ ਰੰਗ ਕੇ, ਅਵਰ ਸੰਗ ਤੋੜ ਕੇ ਹੀ ਉਸ ਦੀ ਪ੍ਰੀਤੀ ਪ੍ਰਾਪਤ ਹੁੰਦੀ ਹੈ:

ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥
ਮੈ ਤਉ ਮੋਲਿ ਮਹਗੀ ਲਈ ਜੀਅ ਸਟੈ ॥[250]

ਗੁਰੂ ਰਵਿਦਾਸ ਜੀ ਪ੍ਰੇਮਾ ਭਗਤੀ ਨੂੰ ਸਰਵੋਤਮ ਭਗਤੀ ਸਵੀਕਾਰ ਕਰਦੇ ਹਨ। ਉਹ ਲਿਖਦੇ ਹਨ ਕਿ ਜਿਸ ਪ੍ਰਭੂ ਬਾਰੇ ਵੇਦ ਨੇਤਿ ਨੇਤਿ ਕਹਿ ਕੇ ਕੁਝ ਸਮਝਾ ਨਾ ਸਕੇ ਅਤੇ ਵੱਡੇ ਵੱਡੇ ਜੋਗੀ ਤਪ ਤੇ ਕਠਨ ਸਾਧਨਾ ਨਾਲ ਵੀ ਉਸਦੇ ਗੁਣਾਂ ਨੂੰ ਕਥਨ ਨਾ ਕਰ ਸਕੇ ਉਸ ਅਨਿਵਰਚਨੀਯ ਨੂੰ ਰਵਿਦਾਸ ਨੇ ਪ੍ਰੇਮਾ ਭਗਤੀ ਨਾਲ ਪ੍ਰਾਪਤ ਕਰ ਲਿਆ:

ਜੋਗੀਸਰ ਪਾਵਹਿ ਨਹੀਂ ਤੁਮ ਗੁਣ ਕਥਨ ਅਪਾਰ, ।।
ਪ੍ਰੇਮ ਭਗਤਿ ਕੈ ਕਾਰਣੈ, ਕਹੁ ਰਵਿਦਾਸ ਚਮਾਰ ॥[251]

ਗੁਰੂ ਰਵਿਦਾਸ ਜੀ ਅਨੁਸਾਰ ਪ੍ਰੇਮ ਬਿਨਾਂ ਭਗਤੀ ਹੀ ਨਹੀਂ ਹੋ ਸਕਦੀ ਅਤੇ ਇਹ ਪ੍ਰੇਮ ਸਤਿ-ਸੰਗ ਤੋਂ ਬਿਨਾਂ ਨਹੀਂ ਉਪਜਦਾ:

1. ਸਾਧ ਸੰਗਤ ਬਿਨਾ ਭਾਉ ਨਹੀਂ ਊਪਜੈ ॥
ਭਾਵ ਬਿਨ ਭਗਤਿ ਨਹੀਂ ਹੋਇ ਤੇਰੀ ॥[252]
2. ਭਗਤੀ ਤੈ ਪ੍ਰੇਮ ਪ੍ਰੇਮ ਤੈਂ ਲਛਨਾ, ਬਿਨਾ ਸਤਿ ਸੰਗਤ ਜਾਈ ਨਹੀਂ ਚੀਨੀ॥[252(ਕ)]

ਪ੍ਰੇਮ ਭਗਤੀ ਪੜਣੇ ਨਾਮ ਸੁਨਣ ਆਦਿ ਨਾਲ ਨਹੀਂ ਉਪਜਦੀ। ਇਹ ਤਾਂ ਕੇਵਲ ਪ੍ਰਭੂ ਨਾਲ ਪ੍ਰੇਮ ਕਰਕੇ ਹੀ ਹੋ ਸਕਦੀ ਹੈ। ਮੋਹ-ਮਾਇਆ ਵਿਚ ਰੁੱਝਾ ਉਸ ਪ੍ਰਭੂ ਨੂੰ ਕੀ ਪ੍ਰੇਮ ਕਰ ਸਕਦਾ ਹੈ ਉਸ ਵਿਚ ਤਾਂ ਕਮਾਦਿਕਾਂ ਕਾਰਣ ਸ਼ੰਕਿਆਂ ਵਹਿਮਾਂ, ਤੇ ਭਰਮਾਂ ਦੀ ਭਰਮਾਰ ਲਗੀ ਰਹਿੰਦੀ ਹੈ। ਜਦੋਂ ਤਕ ਇਹ ਮਨ ਲੋਹਾ ਪ੍ਰਭੂ ਪ੍ਰੇਮ ਦੀ ਪਾਰਸ ਛੋਹ ਨਹੀਂ ਪ੍ਰਾਪਤ ਕਰ ਲੈਂਦਾ ਤਦੋਂ ਤਕ ਇਹ ਸ਼ੁਧ ਕੰਚਨ ਨਹੀਂ ਬਣਦਾ।

ਪੜੀਐ ਗੁਨੀਐ ਨਾਮੁ ਸਭੁ ਸੁਨੀਐ, ਅਨਭਉ ਭਾਉ ਨ ਦਰਸੈ ॥
ਲੋਹਾ ਕੰਚਨੁ ਹਿਰਨ ਹੋਇ ਕੈਸੇ, ਜਉ ਪਾਰਸਹਿ ਨ ਪਰਸੈ ॥ [253]

ਗੁਰੂ ਰਵਿਦਾਸ ਜੀ ਦੀ ਭਗਤੀ ਦਾ ਸਰੂਪ ਸਹਿਜ-ਪ੍ਰੇਮਾ ਭਗਤੀ ਹੈ। ਉਨ੍ਹਾਂ ਅਨੁਸਾਰ ਪ੍ਰਭੂ ਨਾਲ ਆਸਕਤੀ ਸਨੇਹ ਅਤੇ ਅਨੁਰਾਗ ਹੀ ਸਾਧਕ ਨੂੰ ਨਿਰਮਲਤਾ ਪ੍ਰਦਾਨ ਕਰਦਾ ਹੈ। ਇਹ ਪ੍ਰੇਮ ਹੀ ਉਸ ਨੂੰ ਪ੍ਰਭੂ ਪ੍ਰੀਤਮ ਦਾ ਅੰਨਿਨ ਸੇਵਕ ਬਣਾਉਂਦਾ ਹੈ। ਅਜਿਹੀ ਅਵਸਥਾ ਵਿਚ ਉਸ ਨੂੰ ਹਰੀ ਤੋਂ ਬਿਨਾਂ ਹੋਰ ਕੁਝ ਨਜ਼ਰ ਨਹੀਂ ਆਉਂਦਾ :

ਸਕਤਿ ਸਨੇਹ ਇਸ਼ਟ ਅੰਗ ਲਾਵੈ, ਅਸਥਲਿ ਅਸਥਲਿ ਖੇਲੈ ॥
ਜੇ ਕਛੁ ਮਿਲੈ ਆਨ ਅਖਹ ਸੋ, ਸੁਤ ਦਾਰਾ ਸਿਰ ਮੇਲੈ ॥

ਹਰਿਜਨ ਹਰਿ ਬਿਨੁ ਔਰ ਨ ਜਾਨੈ,ਤਜੇ ਆਨ ਤਨੁ ਤਿਆਗੀ ॥
ਕਹੈ ਰਵਿਦਾਸ ਸੋਈ ਜਨ ਨਿਰਮਲ,ਨਿਸ ਦਿਨ ਜਿਹ ਅਨੁਰਾਗੀ ॥[254]

ਭਗਤੀ-ਸ਼ਾਧਨਾ ਵਿਚ ਸਰਵੋਚ ਅਵਸਥਾ ਖੁਮਾਰੀ ਦੀ ਜਾਂ ਪਰਮਾਨੰਦ ਦੀ ਹੁੰਦੀ ਹੈ ਪ੍ਰੇਮ-ਭਗਤ ਰਾਮ-ਨਾਮ ਦੀ ਸੁਰਾਂ ਪੀ ਕੇ ਪ੍ਰਭੂ-ਪ੍ਰੇਮ ਵਿਚ ਖੀਵਾ ਹੋ ਜਾਂਦਾ ਹੈ ਉਸਦੀ ਉਨਮਨ ਨਾੜੀ ਸਦੀਵੀ ਤੌਰ ਤੇ ਖੁਲ੍ਹ ਜਾਂਦੀ ਹੈ ਉਸਨੂੰ ਰਸ ਦਾ ਕਤਰਾ ਹੀ ਨਹੀਂ ਸਗੋਂ ਦਰਿਆ ਦਰਿਆ ਪੀਣ ਮਾਤਰ ਉਪਲਬਧ ਹੋ ਜਾਂਦੇ ਹਨ। ਅੰਮ੍ਰਿਤ ਨਾਮ ਦੀ ਸੁਰਾ ਦਾ ਪਿਆਲੇ ਤੇ ਪਿਆਲਾ ਚਲਦਾ ਹੈ ਅਤੇ ਸਾਧਕ ਨੂੰ 'ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ' ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ:

ਦਰਿ ਘਰਿ ਵਿਸਰਿ ਗਯੋ ਰਵਿਦਾਸਾ,ਉਨਮਨਿ ਸਦ ਮਤਵਾਰਓ ਰੇ ॥
ਪਲੁ ਪਲੁ ਪ੍ਰੇਮ ਪਿਯਾਲਾ ਚਾਲੈ, ਛੂਟੇ ਨਾਹੀਂ ਖੁਮਾਰੀ ਰੇ ॥[255]

ਅਜਿਹੀ ਪ੍ਰੀਤ ਦਾ ਆਧਾਰ ਸਮਤਾ ਜਾਂ ਬਰਾਬਰੀ ਹੈ। ਇਸ ਲਈ ਗੁਰੂ ਰਵਿਦਾਸ ਆਪਣੇ ਪ੍ਰੀਤਮ ਨੂੰ ਕੋਮਲ ਜਿਹਾ ਮਿਹਣਾ ਮਾਰਦੇ ਹਨ ਕਿ ਤੂੰ ਮੈਨੂੰ ਦੇਖ ਰਿਹਾ ਹੈ ਅਤੇ ਮੈਂ ਤੈਨੂੰ ਦੇਖ ਨਹੀਂ ਸਕਦਾ ਜਦੋਂ ਕਿ ਪ੍ਰੀਤ ਪਰਸਪਰ ਹੈ ਤਾਂ ਫਿਰ ਸਮਤਾ ਕਾਹਦੀ ਹੋਈ ?

ਤੂੰ ਮੋਹਿ ਦੇਖੈ ਹੌ ਤੋਹਿ ਦੇਖੂੰ, ਪ੍ਰੀਤਿ ਪਰਸਪਰ ਹੋਈ ॥
ਤੂੰ ਮੋਹਿ ਦੇਖੈ ਹੌ ਤੋਹਿ ਨ ਦੇਖੂੰ,ਇਹ ਮਤ ਸਬ ਬੁਧਿ ਖੋਈ ॥[256]

ਗੁਰੂ ਰਵਿਦਾਸ ਜੀ ਦੀ ਪ੍ਰੇਮ ਭਗਤੀ ਦੀ ਵਿਸ਼ੇਸ਼ਤਾ ਇਸ ਦੀ ਅਨਿੰਨਤਾ ਹੈ। ਇਹ ਉਸ ਪਰਮਤਤ ਦੀ ਤਰ੍ਹਾਂ ਇਕ ਹੈ ਅਤੇ ਅਸਲ ਵਿਚ ਉਸ ਇਕ ਨਾਲ ਹੀ ਸੱਚੀ ਪ੍ਰੀਤ ਹੈ ਹੋਰਨਾਂ ਨਾਲੋਂ ਤੋੜ ਕੇ ਹੀ ਤਾਂ ਉਸ ਸੰਗ ਜੋੜੀ ਜਾਂਦੀ ਹੈ। ਹੋਰ ਉਸ ਵਰਗਾ ਹੀ ਨਹੀਂ ਜਿਸ ਨਾਲ ਪ੍ਰੀਤੀ ਜੋੜੀ ਜਾਵੇ:

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥
ਤੁਮ ਸਿਉ ਜੋਰ ਅਵਰ ਸੰਗਿ ਤੋਰੀ ॥
ਆਪਵੇ ਤੁਮ ਨ ਤੋਰਹੁ ਤਉ ਹਮ ਨਹੀਂ ਤੋਰਹਿ ॥
ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥[257]

ਇਕ ਪ੍ਰਭੂ ਦੀ ਸੱਚੀ ਪ੍ਰੀਤ ਵੀ ਉਸ ਵਾਂਗ ਹੀ ਹੈ। ਭਗਤ ਉਤੇ ਚਾਹੇ ਕਿੰਨੀਆਂ ਮੁਸੀਬਤਾਂ ਆ ਜਾਣ, ਪੁਰਜਾ ਪੁਰਜਾ ਕਟ ਜਾਵੇ, ਪਰੰਤੂ ਉਸਦੀ ਪ੍ਰਭੂ-ਪ੍ਰੀਤ-ਭਾਵਨਾ ਖਤਮ ਨਹੀਂ ਹੁੰਦੀ :

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥
ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥ 258

ਪ੍ਰਭੂ ਪ੍ਰੀਤ ਦੀ ਛੂਹ ਪ੍ਰਾਪਤ ਕਰਨ ਲਈ ਸੰਤਾਂ ਨੇ ਪ੍ਰਭੂ ਨਾਲ ਕਈ ਪ੍ਰਕਾਰ ਦੇ ਸੰਬੰਧ ਸਥਾਪਤ ਕੀਤੇ ਹਨ ਪਤੀ ਪਤਨੀ ਦਾ, ਪਿਤ੍ਹ ਪੁੱਤਰ ਦਾ, ਸਵਾਮੀ -ਸੇਵਕ ਦਾ। ਪਰੰਤੂ ਸਭ ਤੋਂ ਵਧੇਰੇ ਪ੍ਰਿਯ ਬਿੰਬ ਪ੍ਰੀਤਮ ਇਸਤਰੀ ਦਾ ਹੈ। ਇਸ ਨੂੰ ਹੀ ਕਾਂਤਾ ਭਗਤੀ ਕਿਹਾ ਜਾਂਦਾ ਹੈ ਜਿਸਦਾ ਵਰਣਨ ਪਹਿਲਾਂ ਵਿਸਥਾਰਪੂਰਵਕ ਆ ਚੁੱਕਾ ਹੈ। ਵਾਤਸਲ ਭਗਤੀ ਅਧੀਨ ਪ੍ਰਭੂ -ਪਿਤਾ ਪ੍ਰਤੀ ਜੀਵ-ਪੁੱਤਰ ਦੀ ਪ੍ਰੇਮ ਭਾਵਨਾ ਦਾ ਵਰਣਨ ਕੀਤਾ ਗਿਆ ਹੈ।

<u>ਪ੍ਰੇਮ ਭਗਤੀ ਤੇ ਪਏ ਸੂਫੀ ਪ੍ਰਭਾਵ</u> :- ਸੂਫੀਆਂ ਦੀ ਪ੍ਰੇਮ -ਸਾਧਨਾ ਵਿਸ਼ੇਸ਼ ਮਹੱਤਵ ਰਖਦੀ ਹੈ ਗੁਰੂ ਰਵਿਦਾਸ ਜੀ ਦੀ ਪ੍ਰੇਮਾ -ਭਗਤੀ ਵਿਚ ਸੂਫੀ ਇਸ਼ਕ ਦੀ ਝਲਕ ਵੀ ਮਿਲਦੀ ਹੈ। ਸੂਫੀ ਰੰਗਣ ਅਤੇ ਅੰਦਾਜ਼ ਨਿਮਨਲਿਖਤ ਪੰਕਤੀਆਂ ਤੋਂ ਸਪੱਸ਼ਟ ਦ੍ਰਿਸ਼ਟੀਗਤ ਹੁੰਦਾ ਹੈ।

ਜਿਸ ਨੇ ਇਸਕ ਆਸਿਰਾ ਨਾਹੀ
ਕਥਾ ਨਮਾਜ ਕਥਾ ਪੂਜਾ ॥[259]

ਪ੍ਰੇਮ ਮਾਰਗ ਵਿਚ ਇਕ ਅਵਸਥਾ ਤੜਪ ਵਾਲੀ ਵੀ ਹੈ। ਪ੍ਰਭੂ -ਸਾਗਰ ਵਿਚ ਆਤਮਾ ਰੂਪੀ ਨਦੀ ਦੇ ਮਿਲਣ ਤੇ ਹੀ ਇਸਦੀ ਘੋਰ ਗਰਜਨ ਅਤੇ 'ਪੁਕਾਰ" (ਤੜਪ) ਅਰਥਾਤ ਆਤਮਾ ਦਾ ਬਿਰਹੋਂ ਮੁੱਕ ਸਕਦਾ ਹੈ। ਅਜਿਹੀ ਅਵਸਥਾ ਵਿਚ ਹੋਰ ਕੋਈ ਵਸਤੂ, ਧਨ -ਦੌਲਤ, ਸੁਖ, ਆਸ਼ਾ ਇੱਛਾ, ਤਖ਼, ਉਸਦੀ ਤ੍ਰਿਸ਼ਨਾ ਨੂੰ ਨਹੀਂ ਮੇਟ ਸਕਦੀ। ਇਹ ਤੜਪ ਸੂਫੀ ਤੜਪ ਹੈ। ਗੁਰੂ ਰਵਿਦਾਸ ਜੀ ਨੇ ਇਸ ਲਈ ' ਪੁਕਾਰ' ਅਤੇ ਤੜਪ ਸ਼ਬਦਾਂ ਦੀ ਵਰਤੋਂ ਕੀਤੀ ਹੈ:-

1. ਜਬ ਲਗ ਨਦੀ ਨਾ ਸਮੁੰਦ ਸਮਾਵੇ, ਤਬ ਲਗ ਬਢੈ ਹੰਕਾਰਾ ॥
ਜਬ ਮਨ ਮਿਲਿਓ ਰਾਮ ਸਾਗਰ ਵਿਚ ਤਬ ਇਹ ਮਿਟੀ ਪੁਕਾਰਾ ॥[260]

2. ਬਿਰਹ ਤਪੈ ਤਨ ਅਧਿਕ ਜਰਾਵੈ, ਨੀਂਦੜੀ ਨਾ ਆਵੈ ਭੋਜਨ ਨਹੀਂ ਭਾਵੈ ॥

ਸਾਧਕ ਨੂੰ ਨਾਮ ਸਿਮਰਨ ਲਈ ਪ੍ਰੇਰਨ ਵਾਲਾ ਪ੍ਰਭੂ -ਪ੍ਰੇਮ ਹੈ ਇਹ ਪ੍ਰੀਤ ਸਹਿਜ ਰੂਪ ਵਿਚ ਪ੍ਰਗਟ ਹੁੰਦੀ ਹੋਈ ਵੀ ਕਈ ਥਾਵਾਂ ਤੇ ਸੂਫੀਆਂ ਦੇ ਪ੍ਰੇਮ ਵਾਂਗੂੰ ਹੋ ਜਾਂਦੀ ਹੈ। ਪ੍ਰੇਮ ਦੀ ਤੀਬਰਤਾ ਸਪੱਸ਼ਟ ਦ੍ਰਿਸ਼ਟੀਗਤ ਹੈ। ਗੁਰੂ ਰਵਿਦਾਸ ਨੇ ਪ੍ਰਭੂ ਨੂੰ ਪ੍ਰੇਮ ਬੰਧਨ ਵਿਚ ਬੰਨ੍ਹ ਲਿਆ। ਇਸ ਲਈ ਤਾਂ ਉਹ ਦੋ ਪੱਖੀ ਇਸ਼ਕ ਦੀ ਗੱਲ ਕਰਦੇ ਹਨ:

ਜਉ ਹਮ ਬਾਂਧੇ ਮੋਹ ਫਾਸ, ਹਮ ਪ੍ਰੇਮ ਬਧਨਿ ਤੁਮ ਬਾਧੇ ॥
ਅਪਨੇ ਛੂਟਨ ਕੋ ਜਤਨੁ ਕਰਹੁ, ਹਮ ਛੂਟੇ ਤੁਮ ਆਰਾਧੇ ॥ 261

ਪ੍ਰਭੂ ਦੇ ਇਸ਼ਕ ਵਿਚ ਮਗਰੂਰ ਸੂਫੀ ਸਾਧਕ 'ਅਨਲਹੱਕ' ਦਾ ਨਾਅਰਾ ਲਾਉਂਦਾ ਹੈ। ਗੁਰੂ ਰਵਿਦਾਸ ਜੀ ਵੀ ਪ੍ਰਭੂ ਦੇ ਮਜੀਠ ਰੰਗ ਵਿਚ ਰੰਗੇ ਹੋਏ ਪਰਮ ਰੂਪ ਹਮ ਸੋਈ ਦਾ ਅਵਾਜ਼ਾ ਦਿੰਦੇ ਹਨ:-

ਜਾ ਸਮੋਂ ਗਾਇਹਿ ਗਾਈ ਕਹਤ ਹੈ, ਪਰਮ ਰੂਪ ਹਮ ਸੋਈ ॥ 262

ਗੁਰੂ ਰਵਿਦਾਸ ਜੀ ਦੀ ਪ੍ਰੇਮ ਭਗਤੀ ਦਾ ਸੁਰ ਸੂਫੀ ਪ੍ਰਤੀਤ ਹੁੰਦਾ ਹੈ ਜਦੋਂ ਉਹ ਪ੍ਰਭੂ-ਪ੍ਰੇਮ -ਰਸ ਦਾ ਪਿਆਲਾ ਪੀਂਦੇ ਖੀਵੇ ਹੁੰਦੇ ਹਨ। ਉਹ ਸੂਫੀਆਂ ਰਾਹੀਂ ਵਰਤੇ ਬਿੰਬ ਤੇ ਪ੍ਰਤੀਕਾਂ ਦਾ ਪ੍ਰਯੋਗ ਕਰਕੇ ਪ੍ਰੇਮ ਦੀ ਚਰਮ ਅਵਸਥਾ ਨੂੰ ਬਿਆਨ ਕਰਦੇ ਹਨ:

ਦੇਹ ਕਲਾਲੀ ਏਕ ਪਿਆਲਾ
ਐਸਾ ਅਵਧੂ ਹੋਈ ਮਤਿਵਾਲਾ ॥ ਟੇਕ ॥
ਕਹੈ ਕਲਾਲੀ ਪਿਆਲਾ ਦੇਊਂ
ਪੀਵਣੂ ਹਾਰੇ ਕਾ ਸਿਰ ਲੇਊਂ ॥ 263
ਇਹੀ ਕਲਾਲੀ ਤੈ ਕਯਾ ਕੀਆ
ਸਿਰ ਕੇ ਸਾਟੈ ਪਿਆਲਾ ਦੀਆ
ਸਿਰਕੈ ਸਾਟੈ ਮੰਹਗਾ ਭਾਰੀ
ਪੀਵੈਗਾ ਅਪਨਾ ਸਿਰ ਡਾਰੀ ॥

ਪ੍ਰਭੂ ਕਿਰਪਾ ਨਾਲ ਸਾਧਕ ਦੇ ਮਨ ਵਿਚ ਉਤਪੰਨ ਹੋਇਆ ਪ੍ਰਭੂ ਪ੍ਰੇਮ ਬਿਰਹੋਂ ਦਾ ਰੂਪ ਧਾਰ ਲੈਂਦਾ ਹੈ। ਆਤਮਾ ਨੂੰ ਪ੍ਰਕਾਸ਼ ਹੋ ਜਾਂਦਾ ਹੈ ਕਿ ਇਹ ਦੁਨੀਆਂ ਤੋਂ ਇਲਾਵਾ ਬੈਕੁੰਠ ਨਗਰ ਵਿਚ ਪ੍ਰਭੂ ਦਾ ਵਾਸਾ ਹੈ। ਪਾਰ-ਮੁਕਤ ਹੋਣ ਲਈ ਇਕ ਪੁਲ ਪਾਰ ਕਰਨਾ ਪੈਂਦਾ ਹੈ। ਜਿਹੜਾ ਸਿਰ ਤੇ ਬਾਲ ਤੋਂ ਵੀ ਬਰੀਕ ਹੈ ਇਸ ਪੁਲ ਦੇ ਥਲੇ ਨਰਕ ਦੀ ਅੱਗ ਮਚ ਰਹੀ ਹੈ। ਪ੍ਰਭੂ ਪ੍ਰੇਮ ਵਿਚ ਰੱਤਾ ਜੀਵਾਤਮਾ ਤਾਂ ਇਸ ਨੂੰ ਅਡੋਲ ਪਾਰ ਕਰ ਲੈਂਦਾ ਹੈ ਪਰੰਤੂ ਪਾਪੀਆਂ ਨੂੰ ਨਰਕ ਵਿਚ ਸੜਨਾ ਪੈਂਦਾ ਹੈ। ਇਸ ਪੁਲ ਨੂੰ ਪੁਲ-ਸਿਰਾਤ ਆਖਿਆ ਜਾਂਦਾ ਹੈ :

ਪ੍ਰਰਸਨਲਾਤ ਕਾ ਪੰਥ ਦੁਹੇਲਾ ॥
ਸੰਗਿ ਨ ਸਾਥੀ ਗਵਨੁ ਇਕੇਲਾ ॥[264]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਰਵਿਦਾਸ ਜੀ ਦੀ ਭਗਤੀ ਪ੍ਰੇਮ -ਭਗਤੀ ਹੈ ਜੋ ਸਹਿਜ ਸਰੂਪ ਵਾਲੀ ਹੈ ਜੋ ਸਹਿਜ ਸਰੂਪ ਵਾਲੀ ਹੈ ਪਰੰਤੂ ਪ੍ਰਭੂ -ਪ੍ਰੀਤਮ ਲਈ ਪ੍ਰੇਮ ਭਾਵਨਾ ਜਦੋਂ ਵੱਖ ਵੱਖ ਅਵਸਥਾਵਾਂ ਵਿਚੋਂ ਲੰਘਦੀ ਹੈ ਤਾਂ ਸਾਧਕ ਦੇ ਦਿਲ ਦਰਿਆ ਵਿਚ ਤੜਪ ਇਸ਼ਕ, ਦਰਸ਼ਨ ਅਤੇ ਆਸਾ ਦੀਆਂ ਕਾਂਗਾਂ ਦਾ ਹੜ੍ਹ ਵੀ ਆ ਜਾਂਦਾ ਹੈ। ਇਸ ਵਿਚੋਂ ਹੀ ਸੂਫੀ ਪ੍ਰੇਮ ਦੀ ਝਲਕ ਮਿਲਦੀ ਹੈ। ਗੁਰੂ ਰਵਿਦਾਸ ਜੀ ਅਨੁਸਾਰ ਭਾਉ ਤੋਂ ਬਿਨਾਂ ਤਾਂ ਭਗਤੀ ਹੀ ਨਹੀਂ ਉਪਜਦੀ। ਗੁਰੂ ਰਵਿਦਾਸ ਜੀ ਦੇ ਪ੍ਰਭੂ -ਪ੍ਰੇਮ ਦੀ ਵਿਸ਼ੇਸ਼ਤਾ ਇਸ ਦੀ ਏਕਾਂਤਿਕਤਾ ਅਤੇ ਅਨਿੰਨਤਾ ਹੈ। ਉਹ ਆਪਣੇ ਪ੍ਰਭੂ -ਪ੍ਰੀਤਮ ਨੂੰ ਅਤ੍ਰਿਪਤ ਨੈਣਾਂ ਹਮੇਸ਼ਾਂ ਹਮੇਸ਼ਾਂ ਲਈ ਦੇਖਣਾ ਚਾਹੁੰਦੇ ਸਨ ਅਤੇ ਪ੍ਰੇਮ ਬਿਹਬਲ ਪਰਮਾਨੰਦ ਵਿਚ ਡੁੱਬੇ ਰਹਿਣਾ ਚਾਹੁੰਦੇ ਸਨ। ਇਸ ਤਰ੍ਹਾਂ ਗੁਰੂ ਜੀ ਲਈ ਭਗਵਤ ਪ੍ਰੇਮ ਹੀ ਸੱਚਾ ਪ੍ਰੇਮ ਹੈ ਇਹ ਹੀ ਸਭ ਕੁਝ ਹੈ।

ਪ੍ਰੇਮਾ-ਭਗਤੀ ਦੇ ਸਾਧਨ:

ਭਗਤੀ ਦੇ ਆਚਾਰੀਆਂ ਅਤੇ ਸਾਧਕਾਂ ਨੇ ਭਗਤੀ ਦੇ ਕਈ ਸਾਧਨ ਦਸੇ ਹਨ। ਜਿਨ੍ਹਾਂ ਵਿਚੋਂ ਪ੍ਰਮੁੱਖ ਸ਼ਰਧਾ-ਵਿਸ਼ਵਾਸ, ਗੁਰੂ ਤੇ ਗੁਰੂ ਕਿਰਪਾ ਸਤਿਸੰਗ, ਪ੍ਰਭੂ-ਕਿਰਪਾ , ਪ੍ਰਭੂ ਦੀ ਮਹਿਮਾ ਅਤੇ ਵਿਸ਼ੇ ਵਿਕਾਰਾਂ ਦਾ ਤਿਆਗ ਮੰਨਿਆ ਜਾਂਦਾ ਹੈ।

1. ਸ਼ਰਧਾ ਅਤੇ ਵਿਸ਼ਵਾਸ: ਸਾਡੀ ਪ੍ਰਾਚੀਨ ਭਗਤੀ ਵਿਚ ਵੀ ਸ਼ਰਧਾ ਦੇ ਬੀਜ ਪ੍ਰਾਪਤ ਹੁੰਦੇ ਹਨ। ਵੇਦਾਂ ਵਿਚ ਸ਼ਰਧਾ ਸ਼ਬਦ ਦਾ ਪ੍ਰਯੋਗ ਸਤਿ ਵਿਚ ਵਿਸ਼ਵਾਸ ਦੇ ਅਰਥਾਂ ਵਿਚ ਹੋਇਆ ਹੈ। ਰਿਗਵੇਦ ਦੇ ਦਸਵੇਂ ਮੰਡਲ ਵਿਚ ਸ਼ਰਧਾ ਨੂੰ ਇਕ ਦੇਵੀ ਦਾ ਰੂਪ ਦਿਤਾ ਗਿਆ ਹੈ। ਇਸ ਵਿਚ ਵਰਨਣ ਹੈ ਕਿ ਹੇ ਸ਼ਰਧਾ ਦੇਵੀ! ਸਾਡੇ ਹਿਰਦਿਆਂ ਵਿਚ ਵਸ ਕੇ ਤੂੰ ਆਸਤਕ ਸ਼ਰਧਾਲੂ ਬਣਾ।[265] ਸ਼ਰਧਾ ਦੁਆਰਾ ਹੀ ਸਤਿ-ਸਰੂਪ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ।[266]

ਉਪਨਿਸ਼ਦਾਂ ਵਿਚ ਵੀ ਸ਼ਰਧਾ ਦੇ ਮਹੱਤਵ ਨੂੰ ਦਰਸਾਇਆ ਗਿਆ ਹੈ। ਕਠੋਪਨਿਸ਼ਦ ਵਿਚ ਅੰਕਿਤ ਹੈ ਕਿ ਜੋ ਭਾਗਵਾਨ ਸ਼ਰਧਾ ਸੰਪਨ ਮਨ ਨਾਲ ਪਰਮਾਤਮਾ ਦਾ ਚਿੰਤਨ ਕਰਦਾ ਹੈ, ਸ਼ੁਧ ਹਿਰਦੇ ਨਾਲ ਉਸਦੇ ਦਿਵਯ ਸਰੂਪ ਦਾ ਧਿਆਨ ਕਰਦਾ ਹੈ ਉਹ ਹੀ ਵਿਸ਼ੁਧ ਆਤਮਾ ਬੁੱਧੀ ਹਨ। ਨੇਤਰਾਂ ਨਾਲ ਪਰਮਾਤਮਾ ਦੇ ਦਿਵਯ ਸਰੂਪ ਨੂੰ ਦੇਖ ਸਕਦਾ ਹੈ।[267] ਹੋਰ ਉਪਨਿਸ਼ਦਾਂ ਦੀ ਤੁਲਨਾ ਤੇ ਸ਼ਵੇਤਾਸ਼ਵਤਰ ਉਪਨਿਸ਼ਦ ਦੇ ਭਗਵਤ ਪ੍ਰਾਪਤੀ ਦੇ ਸਾਧਨਾਂ ਵਿਚ ਸ਼ਰਧਾ ਭਗਤੀ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ। ਇਸ ਵਿਚ ਵਰਨਣ ਹੈ ਕਿ ਪਰਮਾਤਮਾ ਸਰੀਰ ਰਹਿਤ ਹੈ। ਸੰਸਾਰ ਦਾ ਉਤਪਾਦਕ ਅਤੇ ਸੰਘਾਰਕ ਹੈ ... ਐਸਾ ਹੁੰਦੇ ਹੋਏ ਵੀ ਉਹ ਪਰਮਾਨੰਦ ਪਰਮਾਤਮਾ

ਸ਼ਰਧਾ ਅਤੇ ਭਗਤੀ ਦੁਆਰਾ ਗ੍ਰਹਿਣ ਕੀਤਾ ਜਾ ਸਕਦਾ ਹੈ:।[268]

ਸ੍ਰੀਮਦ ਭਾਗਵਤ ਵਿਚ ਭਗਵਾਨ ਕ੍ਰਿਸ਼ਨ ਜੀ ਨੇ ਆਪ ਕਿਹਾ ਹੈ ਕਿ ਮੇਰੀ ਅੰਮ੍ਰਿਤ ਦੇ ਸਮਾਨ ਕਲਿਆਣਮਈ ਕਥਾ ਵਿਚ ਸ਼ਰਧਾ ਅਤੇ ਮੇਰੀ ਪੂਜਾ ਵਿਚ ਪੂਰਣ-ਵਿਸ਼ਵਾਸ ਨਾਲ ਹੀ ਮੇਰੀ ਪ੍ਰੇਮਾ-ਭਗਤੀ ਦੀ ਪ੍ਰਾਪਤੀ ਹੁੰਦੀ ਹੈ।[269]

ਗੀਤਾ ਵਿਚ ਵੀ ਭਗਵਾਨ ਨੇ ਕਿਹਾ ਹੈ ਕਿ ਸ਼ਰਧਾ ਰਹਿਤ ਪੁਰਖ ਮੈਨੂੰ ਨਾ ਪਾ ਕੇ ਮ੍ਰਿਤੂ ਰੂਪ ਸੰਸਾਰ ਵਿਚ ਚੱਕਰ ਵਿਚ ਘੁੰਮਦੇ ਰਹਿੰਦੇ ਹਨ।[270] ਜੋ ਪਰਮ ਸ਼ਰਧਾ ਨਾਲ ਮੇਰੇ ਵਿਚ ਮਨ ਲਗਾ ਕੇ ਨਿੱਤਯੁਕਤ ਹੋਏ ਮੇਰੀ ਉਪਾਸਨਾ ਕਰਦੇ ਹਨ ਉਹ ਮੈਨੂੰ ਸ਼ੀਘਰ ਹੀ ਪ੍ਰਾਪਤ ਕਰ ਲੈਂਦੇ ਹਨ।[271]

ਗੁਰੂ ਰਵਿਦਾਸ ਬਾਣੀ ਵਿਚ ਸ਼ਰਧਾ ਅਤੇ ਵਿਸ਼ਵਾਸ ਦਾ ਵਿਸਥਾਰਪੂਰਵਕ ਵਰਨਣ ਆਉਂਦਾ ਹੈ। ਗੁਰੂ ਜੀ ਦਾ ਬ੍ਰਹਮ ਸਗੁਣ, ਨਿਰਗੁਣ, ਪਰਮਾਨੰਦ, ਚਿੰਤਮਣੀ, ਸੁਖਮਣੀ, ਕਰੁਣਾ ਨਿਧੀ, ਕ੍ਰਿਪਾਨਿਧੀ ਹੈ। ਇਸ ਲਈ ਉਸ ਨੇ ਉਸ ਤੇ ਪੂਰਾ ਮਾਣ ਅਤੇ ਤਾਣ ਹੈ। ਉਸ ਨੇ ਵਿਸ਼ਵਾਸ ਹੈ ਕਿ ਉਸਦਾ ਪ੍ਰਭੂ-ਪ੍ਰੀਤਮ ਸਭ ਥਾਂ ਵਸਦਾ ਹੈ। ਗੁਰੂ ਜੀ ਨੇ ਉਸ ਨਾਲ ਸਦਾ ਸਦਾ ਨਾਤਾ ਗੰਢ ਲਿਆ ਹੈ ਇਸ ਲਈ ਉਹ ਪਰਮਤਤ ਹੀ ਜੀਵਨ ਦਾ ਆਧਾਰ ਹੈ ਅਤੇ ਪ੍ਰਾਣ ਹੈ। ਗੁਰੂ ਜੀ ਅਨੁਸਾਰ ਉਹ ਕਰਤਾ ਚਾਰੇ ਜੁਗਾਂ ਵਿਚ ਆਪਣੇ ਭਗਤਾਂ ਦੇ ਕਾਰਜ ਸੰਪੂਰਨ ਕਰਨ ਵਾਲਾ ਹੈ ਇਸ ਲਈ ਗੁਰੂ ਜੀ ਨੂੰ ਉਸ ਤੇ ਪੂਰਨ ਆਸ ਹੈ ਅਤੇ ਭਰੋਸਾ ਹੈ;

1. ਕੇਵਲ ਕਰਤਾ ਏਕ ਸਹੀ ਕਰਿ ॥
   ਸਤਿ ਰਾਮ ਤਿਹਿੰ ਠਾਂਈ ॥ [272]

2. ਮੇਰੇ ਅਧਾਰੁ ਨਾਮ ਨਾਰਾਇਨ,
   ਜੀਵਨ ਪ੍ਰਾਨ ਧਨ ਮੋਰੇ ॥[273]

3. ਇੰਦ੍ਰੀਆਦਿਕ ਦੁਖ ਦਾਰੁਨ, ਅਸੰਖਾਦਿਕ ਪਾਪ ॥
   ਤੋਹਿ ਭਜਤ ਰਘੁਨਾਥ ਅੰਤਰਿ,ਤਾਹਿ ਤ੍ਰਾਸ ਨ ਤਾਪ ॥
   ਪ੍ਰਤਿਗਯਾ ਪ੍ਰਤਿਪਾਲ ਚਹੁੰ ਜੁਗੀ, ਭਗਤਿ ਪੂਰਵਨ ਕਾਮ ॥
   ਆਸ ਤੋਹਿੰ ਭਰੋਸ ਤੇਰ ਰਵਿਦਾਸਾ ਜੈ ਜੈ ਰਾਮ ॥[274]

ਗੁਰੂ ਰਵਿਦਾਸ ਜੀ ਨੇ ਪ੍ਰਭੂ ਦੇ ਏਕਤਵ ਵਿਚ ਪੂਰਨ ਵਿਸ਼ਵਾਸ ਹੈ। ਉਸ ਨੂੰ ਉਸ ਦੇ ਸੱਚੇ ਨਾਮ ਵਿਚ ਸ਼ਰਧਾ ਹੈ। ਉਸ ਦਾ ਸਤਿਨਾਮ ਘਟ ਘਟ ਵਸਦਾ ਹੈ ਉਹ ਦੀਨ ਦਿਆਲ ਹੈ, ਔਗਣ ਬਖਸ਼ਣਹਾਰਾ ਹੈ, ਪਾਪੀਆਂ ਨੂੰ ਤਾਰਨ ਵਾਲਾ ਹੈ। ਜੋ ਉਸਦੀ ਸ਼ਰਨ ਵਿਚ ਜਾਂਦਾ ਹੈ ਉਸ ਨੂੰ ਨਿਵਾਜਦਾ ਹੈ, ਮਾਥੈ ਛਤ੍ਰ ਧਰਦਾ ਹੈ। ਗੱਲ ਕਿ ਉਸ ਦਾ ਨਿਰਗੁਣ ਬ੍ਰਹਮ ਅਵਿਅਕਤ ਸਗੁਣ ਸਰੂਪ ਧਾਰ ਕੇ ਭਗਤਾਂ ਨਾਲ ਮਿਲਣ ਤੇ ਖੁਸ਼ੀ ਦੇ ਹੰਝੂ ਵਹਾਉਂਦਾ ਹੈ। ਇਸ ਲਈ ਗੁਰੂ ਰਵਿਦਾਸ ਜੀ ਉਸ ਨੂੰ ਇਕ ਪਲ ਲਈ ਵੀ ਵਿਸਾਰਨਾ ਨਹੀਂ ਚਾਹੁੰਦੇ:

1. ਸਾਚਾ ਸੁਮਿਰਨ ਨਾਂਵ ਬਿਸਾਸਾ, ਮਨ ਬਚ ਕਰਮ ਕਹੈ ਰਵਿਦਾਸਾ ॥[375]
2. ਕਹਿ ਰਵਿਦਾਸ ਬਿਸਵਾਸ ਮਨਿ ਏਹੀ, ਸਰਨ ਆਵੈ ਤੇਰਿ ਸੋਈ ਨਿਵਾਜਾ ॥[276]
3. ਕਹਿ ਰਵਿਦਾਸ ਜਉ ਵਿਆਪਹਿ ਘਟ ਘਟੁ।।
   ਤਿਹਿ ਕਾਈ ਵਿਸਰਿਏ ॥[277]

ਗੁਰੂ ਰਵਿਦਾਸ ਜੀ ਨੂੰ ਪੂਰਨਵਿਸ਼ਵਾਸ ਹੈ ਕਿ ਉਸ ਇਕ ਦੀ ਪ੍ਰਾਪਤੀ ਨਾਲ ਹੀ ਪੰਜ ਵਿਕਾਰਾਂ ਤੋਂ ਨਿਵਾਰਨ ਹੁੰਦਾ ਹੈ। ਆਵਾਗਵਨ ਦੇ ਚੱਕਰ ਤੋਂ ਛੁਟਕਾਰਾ ਹੁੰਦਾ ਹੈ ਅਤੇ ਜਮਾਂ ਦੀ ਫਾਹੀ ਕਟੀ ਜਾਂਦੀ ਹੈ। ਉਸ ਦਾ ਦਰਸ਼ਨ ਦੀਦਾਰ ਪ੍ਰਾਪਤ ਹੁੰਦਾ ਹੈ। ਜੀਵਨ ਮੁਕਤੀ ਤੇ ਨਿਧੀ ਕਾਸੀ ਪ੍ਰਾਪਤ ਹੁੰਦੀ ਹੈ:

1. ਛੂਟੇ ਤਬ ਹੀ ਜਬ ਮਿਲੈ ਏਕ ਹੀ
   ਭਣੈ ਰਵਿਦਾਸ ਉਦਾਸੀ ॥[278]
2. ਕਹੈ ਰਵਿਦਾਸ ਰਾਮ ਜਪਿ ਭਾਈ ।।
   ਸੰਤ ਸਾਖਿ ਦੈਂ ਬਹੁਰਿ ਨਾ ਆਊਂ ॥[279]

ਗੁਰੂ ਰਵਿਦਾਸ ਜੀ ਨੂੰ ਪ੍ਰਭੂ ਦੀ ਉਦਾਰਤਾ, ਕਿਰਪਾਲਤਾ, ਅਤੇ ਲਜਿਆਂ ਰਖਣ ਅਤੇ ਰਖਿਆ ਮੁਕਤੀ ਤੇ ਦ੍ਰਿੜ ਵਿਸ਼ਵਾਸ ਹੈ ਕਿਉਂਕਿ ਉਸ ਦਾ ਪ੍ਰਭੂ-ਸਿੰਘ ਜ਼ੋਰਾਵਰ ਹੈ, ਸਰਵੋਚ ਹੈ:

ਕਹਿ ਰਵਿਦਾਸ ਸਿੰਹ ਸਰਨਾਗਤਿ ॥
ਸਯਾਲ ਕੀ ਕਹਾ ਡਾਂਗਰ ॥[280]

ਇਸ ਤਰ੍ਹਾਂ ਵੇਖਦੇ ਹਾਂ ਕਿ ਗੁਰੂ ਰਵਿਦਾਸ ਜੀ ਨੂੰ ਆਪਣੇ ਬ੍ਰਹਮ ਦੇ ਸਰੂਪ, ਗੁਣ, ਕਰਤਾ ਰੂਪ ਅਤੇ ਸ਼ਕਤੀਰੂਪ ਵਿਚ ਸੰਪੂਰਨ ਸ਼ਰਧਾ ਅਤੇ ਦ੍ਰਿੜ ਵਿਸ਼ਵਾਸ ਹੈ।

## ਗੁਰੂ ਅਤੇ ਗੁਰੂ ਕਿਰਪਾ:

ਸਮੁੱਚੇ ਭਗਤੀ ਸਾਹਿਤ ਵਿਚ ਸਾਧਕ ਤੇ ਆਤਮਿਕ ਵਿਕਾਸ ਲਈ ਗੁਰੂ ਦੇ ਮਹੱਤਵ ਨੂੰ ਸਵੀਕਾਰ ਕੀਤਾ ਗਿਆ ਹੈ। ਅਗੰਮੀ ਰਾਹਾਂ ਅਤੇ ਰਹੱਸਵਾਦੀ ਵਿਚਾਰਾਂ ਤਕ ਪਹੁੰਚ ਕੇਵਲ ਗੁਰੂ ਕਿਰਪਾ ਨਾਲ ਹੀ ਹੋ ਸਕਦੀ ਹੈ। ਉਪਨਿਸ਼ਦਾਂ ਵਿਚ ਗੁਰੂ ਸੰਬੰਧੀ ਵਰਨਣ ਆਉਂਦਾ ਹੈ। ਕਠੋਪਨਿਸ਼ਦ ਵਿਚ ਵਰਨਣ ਹੈ ਕਿ ਬਹੁਤ ਸਾਰੇ ਲੋਕਾਂ ਦੇ ਭਾਗਾਂ ਵਿਚ ਪਰਮਾਤਮਾ ਦੇ ਬਾਰੇ ਸੁਨਣਾ ਵੀ ਨਹੀਂ ਲਿਖਿਆ ਅਤੇ ਬਹੁਤ ਸਾਰੇ ਲੋਕ ਉਸ ਬਾਰੇ ਸੁਣ ਕੇ ਵੀ ਉਸ ਨੂੰ ਨਹੀਂ ਜਾਣ ਸਕਦੇ। ਉਸ ਨੂੰ ਜਾਨਣ ਵਾਲਾ ਮਹਾਤਮਾ ਹੀ ਉਸ ਬਾਰੇ ਕੁਝ ਦਸ ਸਕਦਾ ਹੈ ਅਸਲੀ ਜੀਵਨ ਉਸ ਦਾ ਹੀ ਹੈ ਜੋ ਉਸ ਤਕ ਰਸਾਈ ਕਰ ਲੈਂਦਾ ਹੈ ਪਰੰਤੂ ਵਿਰਲੇ ਲੋਕ ਹੀ ਗੁਰੂ ਦੀ ਮਦਦ ਨਾਲ ਪਰਮਾਤਮਾ ਨੂੰ

ਪ੍ਰਾਪਤ ਹੁੰਦੇ ਹਨ। ਬਿਨਾਂ ਦੀਖਸ਼ਤ ਹੋਣ ਦੇ ਪਰਮਾਤਮਾ ਨਹੀਂ ਜਾਣਿਆ ਜਾ ਸਕਦਾ ਭਾਵੇਂ ਮਨੁੱਖ ਕਿੰਨਾ ਵੀ ਗਿਆਨੀ ਕਿਉਂ ਨਾ ਹੋਵੇ ਜਦੋਂ ਤਕ ਕਿਸੇ ਗੁਰੂ ਦੇ ਪਾਸੋਂ ਸਾਧਕ ਉਪਦੇਸ਼ ਨਾ ਲਵੇ ਉਸ ਨੂੰ ਨਹੀਂ ਪਾ ਸਕਦਾ ਕਿਉਂਕਿ ਉਹ ਪਰਮਤੱਤ ਇਤਨਾ ਸੂਖਮ ਹੈ ਕਿ ਵਿਚਾਰ ਦੀ ਹੱਦ ਵਿਚ ਨਹੀਂ ਆਉਂਦਾ ਉਹ ਅਨਿਰਵਚਨੀਯ ਹੈ ਅਕਥਨੀਯ ਹੈ।[281]

ਗੁਰੂ ਰਵਿਦਾਸ ਬਾਣੀ ਵਿਚ ਵੀ ਉਪਨਿਸ਼ਦਾਂ ਦੇ ਸਮਾਨ ਵਿਚਾਰਧਾਰਾ ਉਪਲਬਧ ਹੈ ਉਨ੍ਹਾਂ ਅਨੁਸਾਰ ਵੀ ਪਰਮਤਤ ਦਾ ਸਾਖਿਆਤਕਾਰ ਕਰਨ ਲਈ ਭਾਵ ਆਪਾ ਚੀਨਣ ਲਈ ਪੂਰਨ ਗੁਰੂ ਜਾਂ ਸੰਤ ਦੀ ਜ਼ਰੂਰਤ ਹੁੰਦੀ ਹੈ । ਗੁਰੂ ਜੀ ਅਨੁਸਾਰ ਅਸਲੀ ਪਰਮਾਰਥਿਕ ਗਿਆਨ ਸਤਿਗੁਰੂ ਹੀ ਜਾਣਦਾ ਹੈ। ਸਤਿਗੁਰੂ ਜਾਂ ਸੰਤ ਤਾਂ ਦੇਵ ਦੇ ਦੇਵ ਹਨ। ਇਨ੍ਹਾਂ ਦੀ ਸੰਗਤ ਰਾਹੀਂ ਹੀ ਪਰਮਾਤਮਾ ਸੰਬੰਧੀ ਕਥਾ ਕੀਰਤਨ ਸੁਣ ਕੇ ਭਗਤੀ ਰਸ ਦੀ ਪ੍ਰਾਪਤੀ ਹੁੰਦੀ ਹੈ। ਸੰਤਾਂ ਦੁਆਰਾ ਹੀ ਪ੍ਰੇਮ ਭਗਤੀ ਪ੍ਰਾਪਤ ਹੁੰਦੀ ਹੈ। ਅਸਲ ਵਿਚ ਸੰਤਾਂ ਅਤੇ ਪਰਮਤਤ ਵਿਚ ਅੰਤਰ ਨਹੀਂ ਸੰਤਾਂ ਦੀ ਕਿਰਪਾ ਨਾਲ ਸਾਧਕ ਪ੍ਰਭੂ ਕਿਰਪਾ ਦਾ ਪਾਤਰ ਬਣ ਜਾਂਦਾ ਹੈ। ਗੁਰੂ ਰਵਿਦਾਸ ਜੀ ਲਿਖਦੇ ਹਨ:-

ਸੰਤ ਤੁਝੀ ਤਨੁ ਸੰਗਤਿ ਪ੍ਰਾਨ, ਸਤਿਗੁਰ ਗਿਆਨ ਜਾਨੈ ਸੰਤ ਦੇਵਾਦੇਵ।
ਸੰਤ ਸੰਗਤਿ ਸੰਤ ਕਥਾ ਰਸੁ ਸੰਤ ਪ੍ਰੇਮ ਮਾਝੈ ਦੀਜੈ ਦੇਵਾਦੇਵ ॥[282]

...... ...... ....

ਰਵਿਦਾਸ ਭਣੈ ਜੋ ਜਾਣੈ ਸੋ ਜਾਣੁ ਸੰਤ ਅਨੰਤਹਿ ਅੰਤਰੁ ਨਾਹਿ ॥

ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਬਾਣੀ ਵਿਚ ਸੰਤ ਅਤੇ ਬ੍ਰਹਮ ਗਿਆਨੀ ਦੇ ਮਹੱਤਵ ਨੂੰ ਦਰਸਾਇਆ ਹੈ:

ਨਾਨਕ ਬ੍ਰਹਮ ਗਿਆਨੀ ਆਪ ਪ੍ਰਮੇਸਰੁ ॥

ਛਾਂਦੋਗਯ ਉਪਨਿਸ਼ਦ ਵਿਚ ਵਰਨਣ ਹੈ ਕਿ ' ਭਦਰ ਪੁਰਸ਼ਾਂ ਤੋਂ ਜੋ ਗੁਰੂ ਸਮਾਨ ਹਨ, ਸੁਣਿਆ ਹੈ ਕਿ ਬਿਨਾਂ ਗੁਰੂ ਦੀ ਦੀਖਸ਼ਾ ਦੇ ਅਸੀਂ ਆਪਣੀ ਅਸਲੀਅਤ ਨੂੰ ਅਨੁਭਵ ਨਹੀਂ ਕਰ ਸਕਦੇ।[283]

ਮੁੰਡਕੋਪਨਿਸ਼ਦ ਵਿਚ ਵੀ ਬ੍ਰਹਮ -ਨਿਸ਼ਠ ਗੁਰੂ ਕੋਲ ਜਾਣ ਦੀ ਪ੍ਰੇਰਨਾ ਦਿੱਤੀ ਗਈ ਹੈ। ਇਸ ਵਿਚ ਵਰਨਣ ਹੈ ਕਿ ਬ੍ਰਾਹਮਣ ਨੂੰ ਚਾਹੀਦਾ ਹੈ ਕਿ ਉਨ੍ਹਾਂ(ਕਰਮਾਂ) ਦੀਆਂ ਖਾਹਸ਼ਾਂ ਤੋਂ ਵੈਰਾਗ ਨੂੰ ਪ੍ਰਾਪਤ ਹੋਵੇ ਕਿਉਂਕਿ ਉਹ ਅਕ੍ਰਿਤ (ਕਾਇਮ ਬਿਲਜਾਤ) ਹੈ, ਬ੍ਰਾਹਮਣ ਨੂੰ ਐਸੇ ਗੁਰੂ ਦੇ ਪਾਸ ਜਾਣਾ ਚਾਹੀਦਾ ਹੈ ਜੋ ਬ੍ਰਹਮ ਨੂੰ ਜਾਨਣ ਵਾਲਾ ਅਤੇ ਬ੍ਰਹਮ ਵਿਚ ਇਕਾਗਰ ਚਿੱਤ ਅਰਥਾਤ ਅਭੇਦ ਹੋਵੇ।[284]

ਗੁਰੂ ਰਵਿਦਾਸ ਜੀ ਅਨੁਸਾਰ ਸਤਿਗੁਰੂ ਹੀ ਆਤਮਿਕ ਵਿਕਾਸ ਦਾ ਮਾਰਗ ਦਿਖਾਉਂਦਾ

ਹੈ। ਗੁਰੂ ਦੀ ਕਿਰਪਾ ਨਾਲ ਹੀ ਸਾਧਕ ਨੂੰ ਅੰਗੰਮੀ ਗਿਆਨ ਪ੍ਰਾਪਤ ਹੁੰਦਾ ਹੈ। ਗੁਰੂ ਅਜਿਹਾ ਪਥ ਪ੍ਰਦਰਸ਼ਨ ਕਰਦਾ ਹੈ ਕਿ ਸਾਧਕ ਦੇ ਮਨ ਦੀ ਤ੍ਰਿਸ਼ਨਾ ਪਿਆਸ ਮਿਟ ਜਾਂਦੀ ਹੈ। ਮਨ ਦੇ ਦੁਖ, ਸੰਤਾਪ, ਭਰਮ ਆਦਿ ਖਤਮ ਹੋ ਜਾਂਦੇ ਹਨ। ਉਸ ਦੇ ਗਿਆਨ ਦਾ ਸਦਕਾ ਸਾਧਕ ਨੂੰ ਉਨਮਨ ਅਵਸਥਾ ਪ੍ਰਾਪਤ ਹੋ ਜਾਂਦੀ ਹੈ:

ਸਤ ਗੁਰ ਹਮਹੁ ਲਖਾਈ ਬਾਟ ॥
ਜਨਮ ਪਾਛਲੇ ਜਨਮ ਗੰਵਾਏ, ਉਨਮਨ ਧਿਆਨ ਰਹੇ ਘਟ ਆਪ ॥
ਸਬਦ ਅਨਾਹਦ ਬਾਜਤ ਘਟ ਮੰਹ, ਅਗਮ ਗਿਆਨ ਭੈ ਗੁਰ ਪਰਤਾਪ॥
.....  ....  ...
ਕਹਿ ਰਵਿਦਾਸ ਗੁਰੂ ਰਾਹ ਦਿਖਾਵਈ, ਤ੍ਰਿਸ਼ਾ ਬੁਝਿ ਮਿਟਿ ਮਨ ਸੰਤਾਪ ॥[185]

ਗੁਰੂ ਰਵਿਦਾਸ ਜੀ ਅਨੁਸਾਰ ਗੁਰੂ ਦੁਆਰਾ ਦਿੱਤਾ ਗਿਆਨ ਹੀ ਸਭ ਤਪਾਂ ਦਾ ਤਪ ਹੈ। ਜਿਸ ਨਾਲ ਹੀ ਵਹਿਮਾਂ ਭਰਮਾਂ ਤੋਂ ਨਿਵਿਰਤੀ ਹੁੰਦੀ ਹੈ। ਅਸਲ ਵਿਚ ਗੁਰੂ ਹੀ ਪ੍ਰਭੂ ਪ੍ਰਾਪਤੀ ਦਾ ਸਾਧਨ ਹੈ। ਗੁਰੂ ਦੀ ਕਿਰਪਾ ਨਾਲ ਹੀ ਪਰਮਤਤ ਦੀ ਪ੍ਰਾਪਤੀ ਹੁੰਦੀ ਹੈ:

1. ਰਵਿਦਾਸ ਦਾਸ ਉਦਾਸ ਤਜੁ ਭਰਮ ।।
   ਤਪਨ ਤਪੁਰ ਗੁਰੁ ਗਿਆਨ ॥ (ਰਾਗ ਆਸਾ)[286]
2. ਗੁਰ ਪ੍ਰਸਾਦਿ ਨਿਰੰਜਨ ਪਾਵਉ ॥[287]
3. ਹਮ ਘਰ ਆਏਹੁ ਰਾਮ ਭਤਾਰ, ਗਾਵਹੁ ਸਖਿ ਮਿਲ ਮੰਗਲਚਾਰ ॥
   ਤਨ ਮਨ ਰਤ ਕਰਹਿੰ ਆਪੁਨੇ
   ਤੌ ਕਹੁੰ ਪਾਈਹਿੰ ਪਿਵ ਪਿਆਰ ॥[288]

ਗੁਰੂ ਰਵਿਦਾਸ ਜੀ ਅਨੁਸਾਰ ਗੁਰੂ ਅੰਗੰਮੀ ਰਹੱਸ ਜਾਣਦਾ ਹੈ। ਪਰੰਤੂ ਗੁਰੂ ਦੀ ਸ਼ਰਨ ਨਾ ਲੈ ਕੇ ਕੋਈ ਉਸ ਨੂੰ ਖਟ ਦਰਸ਼ਨਾਂ ਵਿਚ ਲਭਦਾ ਹੈ। ਅਤੇ ਕੋਈ ਵੇਦਾਂ ਵਿਚ ਢੂੰਢਦਾ ਹੈ। ਕਈ ਸੁੰਨ ਸਮਾਧੀ ਲਗਾਈ ਬੈਠੇ ਹਨ ਅਤੇ ਕਈ ਭਸਮ ਮਲ ਵੈਰਾਗੀ ਬਣੇ ਭਟਕਦੇ ਹਨ। ਗੁਰੂ ਜੀ ਅਨੁਸਾਰ ਪੂਰਨ ਗੁਰੂ ਤੋਂ ਦੀਖਿਆ ਲੈਣ ਨਾਲ ਅੰਦਰੋਂ ਹੀ ਪਰਮਤਤ ਦੀ ਪ੍ਰਾਪਤੀ ਹੋ ਜਾਂਦੀ ਹੈ:

ਗੁਰੂ ਸਭ ਰਹਸਿ ਅਗਮਹਿ ਜਾਨੈ
ਢੂਢੈ ਕੋਉ ਖ਼ਟ ਸਾਸਤਰਨ ਮਹਿੰ, ਕਿਊਂ ਕੋਊ ਵੇਦ ਵਖ਼ਾਨੈ ॥
ਸਾਂਸ ਉਸਾਸ ਚੜਾਵੈ ਬਹੁ ਵਿਧ ਬੈ ਠਹਿੰ ਸੁੰਨਿ ਸਮਾਧੀ ॥
ਫਾਟਿਓ ਕਾਨੁ ਭਭੂਤ ਤਨੁ ਲਾਈ, ਅਜਿਨ ਭਰਮਤ ਵੈਰਾਗੀ ॥
ਤੀਰਥ ਬਰਤੁ ਕਰਈ ਬਹੁਤੇਰੇ, ਕਥਾ ਬਸਤ ਬਹੁ ਸਾਨੈ ॥

ਕਹਿ ਰਵਿਦਾਸ ਮਿਲਿਓ ਗੁਰ ਪੂਰੌ, ਜਿਹਿ ਅੰਤਰ ਹਰਿ ਮਿਲਾਨੈ ॥[289]

ਪੂਰੇ ਗੁਰੂ ਤੋਂ ਬਿਨਾਂ ਧਰਮ ਪੁਸਤਕਾਂ ਦੇ ਉਪਦੇਸ਼ ਵੀ ਸਮਝ ਨਹੀਂ ਆਉਂਦੇ। ਸ਼ਵੇਤਾਸ਼ਵੇਤਰੋਪਨਿਸ਼ਦ ਵਿਚ ਵਰਨਣ ਹੈ ਕਿ ਜਿਸ ਦੀ ਪਰਮਾਤਮਾ ਵਿਚ ਪਰਮਭਗਤੀ ਹੋਵੇ ਅਤੇ ਜਿਹੀ ਪਰਮ ਭਗਤੀ ਪਰਮਾਤਮਾ ਵਿਚ ਹੋਵੇ ਵੈਸੀ ਹੀ ਗੁਰੂ ਵਿਚ ਹੋਵੇ, ਐਸੇ ਮਹਾਤਮਾ ਨੂੰ ਹੀ ਉਪਨਿਸ਼ਦ ਦੇ ਉਪਦੇਸ਼ ਸਮਝ ਆਉਂਦੇ ਹਨ:

ਮਨੂ ਸਮ੍ਰਿਤੀ ਵਿਚ ਵੀ ਵਰਨਣ ਹੈ ਕਿ ਵੇਦਾਂ ਦਾ ਠੀਕ
ਠੀਕ ਅਰਥ ਗੁਰੂ ਤੋਂ ਬਿਨਾਂ ਨਹੀਂ ਆ ਸਕਦਾ।[297]

ਸਭ ਧਾਰਮਿਕ ਗ੍ਰੰਥਾਂ ਵਿਚ ਗੁਰੂ ਦੇ ਮਹੱਤਵ ਨੂੰ ਸਵੀਕਾਰ ਕੀਤਾ ਗਿਆ ਹੈ। ਗ੍ਰੰਥਾਂ ਦਾ ਗਿਆਨ ਖੁਸ਼ਕ ਹੁੰਦਾ ਹੈ। ਗੁਰੂ ਉਸ ਨੂੰ ਵਿਵਹਾਰਿਕ ਰੂਪ ਦਿੰਦਾ ਹੈ। ਗੁਰੂ ਦੀ ਸੰਗਤ ਅਤੇ ਸਤਿ ਸੰਗਤ ਵਿਚ ਹੀ ਗਿਆਨ ਦੇ ਅਸਲੀ ਮਰਮ ਦਾ ਪਤਾ ਚਲਦਾ ਹੈ। ਸਤਿਗੁਰੂ ਤੇ ਪ੍ਰਭੂ ਦੀ ਮਿਹਰ ਹੁੰਦੀ ਹੈ। ਉਹ ਹੋਰਨਾਂ ਨੂੰ ਵੀ ਅਣਮੋਲ ਦਾਤਾਂ ਵੰਡਦਾ ਹੈ। ਜੋ ਕਥਾ ਕੀਰਤਨ ਗੁਰੂ ਕਰਦਾ ਹੈ, ਅਰਥ ਵਿਚਾਰਦਾ ਹੈ ਅਤੇ ਹੋਰ ਅਧਿਆਤਮ ਦਾ ਅਤੇ ਰਹੱਸਵਾਦ ਸੰਬੰਧੀ ਵਰਨਣ ਕਰਦਾ ਹੈ ਉਹ ਸਭ ਕੁਝ ਧਾਰਮਿਕ ਗ੍ਰੰਥਾਂ ਵਿਚੋਂ ਉਪਲਬਧ ਨਹੀਂ ਹੁੰਦਾ। ਗੁਰੂ ਰਵਿਦਾਸ ਜੀ ਨੂੰ ਆਪਣੇ ਗੁਰੂ ਤੇ ਮਾਣ ਹੈ ਕਿ ਉਸ ਨੇ ਘਰ ਆ ਕੇ ਦਰਸ਼ਨ ਦਿੱਤੇ ਹਨ। ਉਹ ਲਿਖਦੇ ਹਨ।

ਆਜ ਦਿਵਸ ਲੇਉਂ ਬਲਿਹਾਰਾ ॥
ਮੇਰੇ ਗ੍ਰਿਹ ਆਇਆ ਰਾਜਾ ਰਾਮ ਜੀ ਕਾ ਪਿਆਰਾ ॥
ਆਂਗਨ ਬਗਰ ਭੁਵਨ ਭਇਓ ਪਾਵਨ, ਹਰਿਜਨ ਬੈਠੇ ਹਰਿ ਜਸ ਗਾਵਨ ॥
ਕਰੌ ਡੰਡੌਤ ਅਰੁ ਚਰਨ ਪਖਾਰੌ, ਤਨ ਮਨ ਧਨ ਸੰਤਨ ਪਰ ਵਾਰੌ॥
ਕਥਾ ਕਰੈਂ ਅਰੁ ਅਰਥ ਵਿਚਾਰੈ, ਆਪ ਤਰੈਂ ਔਰਨਿ ਕੌ ਤਾਰੈਂ ॥
ਕਹੈ ਰਵਿਦਾਸ ਮਿਲੈਂ ਨਿਜ ਦਾਸ, ਜਨਮ ਜਨਮ ਕੈ ਕਾਟੈਂ ਪਾਸ ॥[292]

ਭਾਗਵਤ ਗੀਤਾ ਵਿਚ ਵੀ ਉਪਰੋਕਤ ਵਿਚਾਰ ਆਉਂਦਾ ਹੈ। ਇਸ ਵਿਚ ਉਪਦੇਸ਼ ਹੈ ਕਿ ਤੂੰ ਪੂਰਨ ਗੁਰੂ ਦੇ ਚਰਨਾਂ ਤੇ ਡਿਗ ਕੇ ਇਹ ਅਭਿਆਸ ਤੇ ਸੇਵਾ ਕਰ ਜੋ ਗੁਰੂ ਤੱਤ ਦੇ ਭੇਦ ਨੂੰ ਜਾਣਦਾ ਹੈ, ਕੇਵਲ ਉਹੀ ਤੈਨੂੰ ਉਸਦੇ ਗਿਆਨ ਦਾ ਉਪਦੇਸ਼ ਦੇ ਸਕਦਾ ਹੈ।[293]

ਆਦਯਤਾਰਕੋਪਨਿਸ਼ਦ ਵਿਚ ਗੁਰੂ ਸ਼ਬਦ ਦੀ ਵਿਆਖਿਆ ਕੀਤੀ ਮਿਲਦੀ ਹੈ। ਗੁਰੂ ਸ਼ਬਦ ਦਾ ਅਰਥ ਹੈ ਹਨੇਰਾ ਦੂਰ ਕਰਨ ਵਾਲਾ।[294] ਗੁਰੂ ਰਵਿਦਾਸ ਜੀ ਨੇ ਗੁਰੂ ਤੋਂ ਉਪਰੋਕਤ ਅਰਥਾਂ ਵਿਚ ਲਿਆ ਹੈ। ਉਨ੍ਹਾਂ ਅਨੁਸਾਰ ਜਿਸ ਤਰ੍ਹਾਂ ਸੂਰਜ ਚੜ੍ਹਨ ਨਾਲ ਰਾਤ ਦਾ ਹਨੇਰਾ ਅਲੋਪ ਹੋ ਜਾਂਦਾ ਹੈ, ਪਾਰਸ ਦੀ ਛੁਹ ਨਾਲ ਤਾਂਬਾ ਵੀ ਸੋਨਾ ਹੋ ਨਿਖਰਦਾ ਹੈ, ਉਸੇ ਤਰ੍ਹਾਂ ਪੂਰਬਲੇ ਭਾਗ

ਜਾਗਣ ਨਾਲ ਸਤਿਗੁਰੂ ਮਿਲ ਜਾਂਦਾ ਹੈ ਜੋ ਸਮਸਤ ਪਾਰਸ ਦਾ ਵੀ ਪਰਮਪਾਰਸ ਹੈ ਇਸ ਨਾਲ ਪਰਮਾਤਮਾ ਨੂੰ ਮਿਲਣ ਦੀ ਤਾਂਘ ਉਤਪੰਨ ਹੁੰਦੀ ਹੈ ਮਨ ਦੇ ਪੱਥਰ ਵਰਗੇ ਕਰੜੇ ਕਿਵਾੜ ਖੁਲ੍ਹ ਜਾਂਦੇ ਹਨ ਅਤੇ ਅੰਤਰ-ਆਤਮਾ ਦਾ ਪ੍ਰਭੂ ਨਾਲ ਮਿਲਾਪ ਹੋ ਜਾਂਦਾ ਹੈ:

1. ਰਵਿ ਪ੍ਰਗਾਸ ਰਜਨੀ ਜਥਾ ਗਤਿ ਜਾਨਤ ਸਤ ਸੰਸਾਰ ॥<br>
ਪਾਰਸ ਮਾਨੋ ਤਾਂਬੋ ਛੁਏ ਕਨਕ ਹੋਤ ਨਹੀਂ ਬਾਰ ॥<br>
ਪਰਮ ਪਾਰਸ ਗੁਰੂ ਭੇਟੀਐ, ਪੂਰਬ ਲਿਖਤ ਲਿਲਾਟ ॥<br>
ਉਨਮਨ ਮਨ ਹੀ ਮਨ ਮਿਲੇ, ਛੁਟਕਤ ਬਜਰ ਕਪਾਟ ॥[295]

2. ਕਹੈ ਰਵਿਦਾਸ ਗੁਰਦੇਵ ਬਤਾਵੈ, ਐਸੀ ਆਰਤੀ ਪਾਰ ਲੰਘਾਵੈ ॥[296]

ਜੀਵਨ ਨੂੰ ਸਾਰਥਕ ਬਣਾਉਣ ਲਈ ਪ੍ਰੇਮ ਭਗਤੀ ਮਾਰਗ ਸਰਵੋਤਮ ਸਾਧਨ-ਮਾਰਗ ਹੈ। ਗੁਰੂ ਰਵਿਦਾਸ ਜੀ ਅਨੁਸਾਰ ਗੁਰੂ ਤੋਂ ਬਿਨਾਂ -ਭਗਤੀ ਦੀ ਲਗਨ ਨਹੀਂ ਲਗਦੀ। ਉਨ੍ਹਾਂ ਅਨੁਸਾਰ ਸਾਧ ਸੰਗਤ ਬਿਨਾਂ ਭਾਉ ਨਹੀਂ ਉਪਜਦਾ ਅਤੇ ਭਾਉ ਬਿਨਾ ਭਗਤੀ ਨਹੀਂ ਹੁੰਦੀ ਅਤੇ ਸਾਧ ਸੰਗਤ ਜਾਂ ਸਤਿ-ਸੰਗਤ ਗੁਰੂ ਤੋਂ ਬਿਨਾ ਪੂਰਨ ਨਹੀਂ:

1. ਸਤ ਸਾਗਤ ਨਹਿ ਗੁਰ ਪਦੇਸੁ, ਪ੍ਰਭ ਕੀਰਤਿ ਨਹਿ ਗਾਈ ॥<br>
ਕਹ ਰਵਿਦਾਸ ਚਲਨ ਦੀ ਬਿਰਿਆ, ਕੋਊ ਨ ਹੋਹੁ ਸਹਾਈ ॥[297]

2. ਭਾਵ ਭਗਤਿ ਹਿਰਦੇ ਨਾਹਿ ਅਸਾ, ਵਿਸ਼ਾ ਲਾਗੀ ਸੁਖ ਪਾਸੀ ॥<br>
ਕਹਿ ਰਵਿਦਾਸ ਪੂਰਾ ਗੁਰ ਪਾਵੈ, ਸਵਾਂਗ ਕੋ ਸਵਾਂਗ ਦੁਖਾਮੀ ॥[298]

ਗੁਰੂ ਮਨੁੱਖ ਜੀਵਨ ਸੇਧ ਤੇ ਤੋਰਦਾ ਹੈ। ਗੁਰੂ ਦੇ ਗਿਆਨ ਦੁਆਰਾ ਮਨੁੱਖ ਕੁਕਰਮਾਂ ਦਾ ਤਿਆਗ ਕਰ ਦਿੰਦਾ ਹੈ। ਗੁਰੂ ਦੁਆਰਾ ਲਗੀ ਪ੍ਰੇਮ ਭਗਤੀ ਸਦਕਾ ਸਾਧਕ ਦਾ ਮਨ ਸਥਿਰ ਹੋ ਜਾਂਦਾ ਹੈ। ਉਸ ਦੀ ਮਾਇਆ ਅਤੇ ਵਿਸ਼ਿਆਂ ਪ੍ਰਤੀ ਭਟਕਨ ਖਤਮ ਹੋ ਜਾਂਦੀ ਹੈ ਅਤੇ ਉਹ ਗੁਰੂ ਦੀ ਸ਼ਰਨ ਵਿਚ ਚਲਾ ਜਾਂਦਾ ਹੈ :

ਗੁਰੂ ਕੇ ਗਿਆਨ, ਪ੍ਰੇਮ ਕੀ ਸਟਿ ਕੁਬੁਧ ਕੁਕਰਮ ਛੁੜਾਈ ॥<br>
ਕਹਿ ਰਵਿਦਾਸ ਮਨ ਥਿਰੁ ਹੋਵਸੀ ਚਲ ਸਬ ਛਾਂਡਿ ਗੁਰੂ ਸਰਣਾਈ॥[299]

ਗੁਰੂ ਰਵਿਦਾਸ ਜੀ ਅਨੁਸਾਰ ਸਾਰੀ ਦੁਨੀਆਂ ਸੁਖਾਂ ਦੀ ਪ੍ਰਾਪਤੀ ਲਈ ਨੱਠੀ ਫਿਰਦੀ ਹੈ। ਇਹ ਲੋਕ ਮੋਹ-ਮਾਇਆ ਤੇ ਵਿਸ਼ਿਆਂ ਤੋਂ ਸੁਖ ਪ੍ਰਾਪਤ ਕਰਦੇ ਹਨ। ਅਸਲ ਵਿਚ ਇਨ੍ਹਾਂ ਨੂੰ ਗੁਰੂ ਤੋਂ ਪ੍ਰਾਪਤ ਸੁਖ ਦੇ ਮਰਮ ਦਾ ਨਹੀਂ ਪਤਾ। ਗੁਰੂਆਂ ਤੋਂ ਪ੍ਰਾਪਤ ਸੁਖਮਣੀ ਨਾਲ ਸਗਲ ਦੁਖਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ। ਜਦੋਂ ਕਿ ਸੰਸਾਰਿਕ ਮੋਹ ਮਾਇਆ ਦਾ ਜਾਲ ਕੁਝ ਦੇਰ ਲਈ ਮਿੱਠਾ ਲਗਦਾ ਹੈ ਪਰੰਤੂ ਅੰਤ ਵਿਚ ਮਨੁੱਖ ਨੂੰ ਅਜਿਹੀ ਖਾਈ ਵਿਚ ਲੈ ਜਾਂਦਾ ਹੈ ਜਿਸ ਥਾਂ ਤੋਂ ਉਰਲਾ

ਪਾਰਲਾ ਬੰਨਾ ਹੀ ਨਜ਼ਰ ਨਹੀਂ ਆਉਂਦਾ:

ਸੋ ਸੁਖ ਹੋਤ ਸਾਧ ਕੂੰ ਭੇਟੇ, ਗਾਵਤ ਸਯਾਮ ਸਕਲ ਦੁਖ ਮੇਟੇ ॥
ਤੇ ਕਿਮ ਜਾਂਨਹਿ ਸੰਤਨ ਮਰਮਾ, ਜੋ ਮਾਇਆ ਜੰਜਾਲ ਲਪੇਟੇ ॥[300]

ਗੁਰੂ ਰਵਿਦਾਸ ਜੀ ਨੂੰ ਆਪਣੇ ਗੁਰੂ ਦੀ ਅਦੁੱਤੀ ਸ਼ਖਸੀਅਤ ਤੇ ਪੂਰਨ ਵਿਸ਼ਵਾਸ ਸੀ ਉਨ੍ਹਾਂ ਅਨੁਸਾਰ ਗੁਰੂ ਹੀ ਸੰਸਾਰਿਕ ਜੀਵਨ ਰੂਪੀ ਬੇੜੀ ਨੂੰ ਸੰਸਾਰ ਭੈ-ਸਾਗਰ ਵਿਚ ਚਲਾਉਣ ਵਾਲਾ ਅਤੇ ਪਾਰ ਲਗਾਉਣ ਵਾਲਾ ਮਲਾਹ ਹੈ। ਗੁਰੂ ਦੁਆਰਾ ਦਿੱਤਾ ਨਾਮ ਅਤੇ ਗੁਰੂ ਹੀ ਮਨੁੱਖ ਨੂੰ ਜੀਵਨ ਮੁਕਤੀ ਵਿਚ ਸਹਾਈ ਹੁੰਦੇ ਹਨ। ਗੁਰੂ ਦੇ ਨਾਮ ਨਾਲ ਹੀ ਆਵਾਗਵਨ ਦੇ ਚੱਕਰ ਤੋਂ ਛੁਟਕਾਰਾ ਮਿਲਦਾ ਹੈ:

1. ਅਨਿਕ ਖਾਰੂ ਜੀਸੇ ਅਰੂ ਮਾਰਿਏ, ਫੁਨਿ ਹੌਂ ਭਮਰਿ ਨ ਪਾਰਹੋਂ ॥
ਪਤਰਿ ਨਾਵ ਖੇਵਟਿਆ ਗੁਰੂ ਰਾਮਾ, ਨਾਮ ਲੇਤ ਹੀ ਤਰਿ ਹੈ ॥[301]
2. ਅਹੋ ਦੇਵ ਸਬੈ ਅਸੰਗਤਿ ਮੇਰ ਮਧਿ ਫੂਟਾ ਭੇਰ, ਨਾਉਂ ਨੌਕਾ ਖੜੇ ਭਾਗ ਪਾਈ॥
ਬਿਨੁ ਗੁਰ ਕਰਣਧਾਰ ਡੋਲੇ ਨ ਲਾਗੂ ਤੀਰ, ਕਿਸੈ ਪ੍ਰਵਾਹ ਅੰਗਾਹ ਜਾਈ॥[302]

ਗੁਰੂ ਰਵਿਦਾਸ ਜੀ ਅਨੁਸਾਰ ਨਿਰਵਾਨ ਪਦ ਪ੍ਰਾਪਤੀ ਦੇ ਰਹੱਸ ਅਤੇ ਦਿਲ ਦਰਿਆ ਵਿਚ ਪਈਆਂ ਅਣਮੋਲ ਨਿਧੀਆਂ ਕੇਵਲ ਗੁਰੂ ਦੀ ਸਿਖਿਆ ਤੇ ਚਲਣ ਵਾਲੇ ਗੁਰਮੁਖ ਨੂੰ ਹੀ ਪਤਾ ਲਗਦਾ ਹੈ:

ਦਿਲ ਦਰਿਆਵ ਹੀਰਾ ਲਾਲ ਹੈ, ਗੁਰਮੁਖ ਸਮਝ ਪਰੈ ॥
ਮਰਜੀ ਵਾਕੀ ਸੈਨ ਵਿਚਾਰੈ, ਤਉ ਹੀਰਾ ਹਾਥ ਪਰੈ ॥[303]

ਗੁਰੂ ਦੇ ਗਿਆਨ ਨਾਲ ਹੀ ਸਾਧਕ ਨਿਰਮਾਣਤਾ ਅਤੇ ਸਹਿਨਸ਼ੀਲਤਾ ਵਰਗੇ ਕੋਮਲ ਗੁਣਾਂ ਦਾ ਧਾਰਨੀ ਹੁੰਦਾ ਹੈ। ਇਸ ਤਰ੍ਹਾਂ ਉਹ ਸਹਿਜ-ਅਵਸਥਾ ਜਾਂ ਸ਼ਾਂਤ-ਚਿਤ ਅਵਸਥਾ ਪ੍ਰਾਪਤ ਕਰ ਲੈਂਦਾ ਹੈ।

ਕਹਿ ਰਵਿਦਾਸ ਭਈ ਸੀਤਲ ਕਾਯਾ, ਜਬੈ ਹੌ ਲਾਗੌ ਗੁਰੂ ਚਰਨਾ॥[304]

ਗੁਰੂ ਤੋਂ ਬਿਨਾਂ ਸਾਧਕ ਨੂੰ ਭਗਤੀ-ਸਾਧਨਾ ਦਾ ਵਾਸਤਵਿਕ ਮਾਰਗ ਨਹੀਂ ਸੁਝਦਾ। ਇਸ ਦੀ ਪ੍ਰਾਪਤੀ ਲਈ ਸਾਹਿਬ ਸੇਤੀ ਹੁਕਮ ਨਹੀਂ ਚਲਦਾ ਸਗੋਂ ਉਸ ਦੇ ਅਗੇ ਦਾ ਅਰਦਾਸ ਕਰਨੀ ਬਣਦੀ ਹੈ। ਨਿਮਰਤਾ ਸਹਿਤ ਬੇਨਤੀ ਕਰਕੇ ਗੁਰੂ ਤੋਂ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ। ਗੁਰੂ ਰਵਿਦਾਸ ਜੀ ਦੀ ਦਿਲ ਦੀ ਤਹਿ ਵਿਚੋਂ ਨਿਕਲੀ ਇਕ ਤ੍ਰਾਹਟ ਭਰੀ ਹੂਕ ਨੇ ਉਸਦਾ ਵਰਨ ਪਲਟ ਦਿੱਤਾ:

1. ਸੰਸਾਰ ਪ੍ਰਪੰਚ ਹੋ ਬਿਆਕੁਲ ਰਾਮਾਨੰਦਾ ॥
ਤ੍ਰਾਹਿ ਤ੍ਰਾਹਿ ਅਨਾਥ ਨਾਥ ਗੋਬਿੰਦਾ ॥[305]

2. ਅਭਯ ਵਰ ਪ੍ਰਤਿੰਗਿਆ, ਦੁਸਟ ਤਾਰਣ ਚਰਣ ਸਰਣਾਗੀ ਤਰੈ ॥
ਦਾਸ ਰਵਿਦਾਸਾ, ਬਹੁ ਬਿਆਕੁਲ ਭਇਓ
ਤ੍ਰਾਹਿ ਤ੍ਰਾਹਿ ਗੁਰੂ ਰਾਮਾ ਆਲੰਬਨ ਮੋਰੇ ॥[306]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਜੀ ਅਨੁਸਾਰ ਮਨੁੱਖ ਦੇ ਜੀਵਨ ਵਿਚ ਗੁਰੂ ਦਾ ਵਿਸ਼ੇਸ਼ ਮਹੱਤਵ ਹੈ। ਗੁਰੂ ਮਨੁੱਖ ਨੂੰ ਜੀਵਨ ਦਾ ਰਾਹ ਵਖਾਉਂਦਾ ਹੈ ਉਸ ਨੂੰ ਪ੍ਰੇਮ ਭਗਤੀ ਦੀ ਲਾਗ ਲਗਾਉਂਦਾ ਹੈ ਆਪਣੇ ਦੇ ਸ਼ਿਸ਼ ਦੇ ਮਨ ਵਿਚ ਸੰਸੇ, ਵਹਿਮ-ਭਰਮ ਦੇ ਪਰਦੇ ਲਾਹ ਕੇ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਨ ਲਈ ਗਿਆਨ ਦਾ ਚਾਨਣ ਕਰਦਾ ਹੈ। ਜੋ ਅਮਲੀ ਗਿਆਨ ਗ੍ਰੰਥਾਂ ਵਿਚੋਂ ਨਹੀਂ ਮਿਲਦਾ ਉਸਦੇ ਨੂਰ ਨਾਲ ਸਾਧਕ ਦਾ ਜੀਵਨ ਰੌਸ਼ਨ ਰਹਿੰਦਾ ਹੈ। ਇਸ ਤਰ੍ਹਾਂ ਉਸ ਨੂੰ ਨਿਰਵਾਣ ਪ੍ਰਾਪਤੀ ਲਈ ਸੇਧ ਦਰਸਾਉਂਦਾ ਹੈ। ਇਸ ਲਈ ਗੁਰੂ ਰਵਿਦਾਸ ਜੀ ਇਕ ਪੂਰੇ ਗੁਰੂ ਦੀ ਸ਼ਰਨ ਵਿਚ ਰਹਿਣ ਦਾ ਸੰਦੇਸ਼ ਦਿੰਦੇ ਹਨ ਤਾਂ ਕਿ ਉਸ ਨੂੰ ਥਾਂ ਥਾਂ ਗੁਰੂ ਦੀ ਭਾਲ ਵਿਚ ਨਾ ਭਟਕਣਾ ਪਵੇ:-

1. ਜਗ ਮਹਿ ਰਹੁ ਕੰਵਲ ਜਲ ਜਾਈਸੇ
ਗੁਰ ਚਰਨਾ ਚਿਤ ਰਹੀਏ ॥[307]

2. ਸੋਈ ਜਪ ਜਪੌ ਸੁ ਬਹੁਰਿ ਨਾ ਜਪਨਾ, ਸੋਈ ਤਪ ਤਪੌ ਜੁ ਬਹੁਰਿ ਨਾ ਤਪਨਾ॥
ਸੋਈ ਗੁਰ ਕਰੌ ਜੁ ਬਹੁਰਿ ਨ ਕਰਨਾ, ਐਸੋ ਮਰੌ ਜੁ ਬਹੁਰਿ ਨਾ ਮਰਨਾ ॥[308]

ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਰਵਿਦਾਸ ਜੀ ਅਨੁਸਾਰ ਗੁਰੂ ਹੀ ਸਤਿਗੁਰੂ ਹੈ। ਗੁਰੂ ਅਤੇ ਪਰਮਤਤ ਵਿਚ ਭੇਦ ਨਹੀਂ 'ਸੰਤ ਅਨੰਤਹਿ ਅੰਤਰ ਨਾਹੀ'। ਗੁਰੂ ਪਰਮਪਾਰਸ ਹੈ, ਉਹ ਅਗੰਮੀ ਰਹੱਸ ਨੂੰ ਜਾਨਣਹਾਰ ਹੈ। ਗੁਰੂ ਰਵਿਦਾਸ ਜੀ ਅਨੁਸਾਰ ਮਾਧੋ ਹੀ ਸਤਿਗੁਰੂ ਹੈ ਅਤੇ ਸਾਰਾ ਜਗਤ ਉਸ ਦਾ ਚੇਲਾ ਹੈ:

ਮਾਧੋ ਸਤਗੁਰੂ ਸਭ ਜਗ ਚੇਲਾ ॥[309]

ਸਤਿ ਗੁਰ ਦਾ ਗਿਆਨ ਸਭ ਤਪਾਂ ਦਾ ਤਪ ਹੈ ਅਤੇ ਗੁਰੂ ਦੀ ਕਿਰਪਾ ਨਾਲ ਹੀ ਜੀਵਨ ਮੁਕਤੀ ਪ੍ਰਾਪਤ ਹੁੰਦੀ ਹੈ।

ਅੰਤ ਵਿਚ ਗੁਰੂ ਜੀ ਇਕੋ ਮਨੁੱਖ ਨੂੰ ਗੁਰੂ ਦੇ ਸਤਿ-ਵਚਨਾਂ ਨੂੰ ਦਿਲ ਵਿਚ ਵਸਾਈ ਰੱਖਣ ਦਾ ਸੰਦੇਸ਼ ਦਿੰਦੇ ਹਨ ਅਤੇ ਇਕ ਵਡਮੁਲਾ ਵਿਚਾਰ ਪੇਸ਼ ਕਰਦੇ ਹਨ ਕਿ ਗੁਰੂ ਦੀ ਸਿਖਿਆ

ਇਹੀ ਹੈ ਕਿ ਮਨੁੱਖ ਨੂੰ ' ਥੋਥੀ ਮਾਇਆ ਦਾ ਪਲਾ ਛਡ ਕੇ ਗੁਰੂ ਤੇ ਪ੍ਰਭੂ ਭਗਤੀ ਦਾ ਲੜ ਫੜਨਾ ਚਾਹੀਦਾ ਹੈ:

ਯਹੁ ਮਾਯਾ ਸਭ ਥੋਥਰੀ ਰੇ, ਭਗਤਿ ਕੋ ਪ੍ਰਤਿਪਾਰਿ ॥
ਕਹੈ ਰਵਿਦਾਸ ਸਤਿ ਵਚਨ ਗੁਰ ਕੈ, ਸੋ ਨ ਜੀਅ ਤੈਂ ਟਾਰਿ ॥[310]

ਪ੍ਰਭੂ- ਕਿਰਪਾ:

ਪ੍ਰਭੂ ਕਿਰਪਾ ਦਾ ਮਨੁੱਖੀ ਜੀਵਨ ਵਿਚ ਵਿਸ਼ੇਸ਼ ਸਥਾਨ ਹੈ। ਪ੍ਰਭੂ ਦੇ ਪ੍ਰਤਾਪ ਨਾਲ ਜੀਵਨ ਦੀਆਂ ਸਭ ਪ੍ਰਾਪਤੀਆਂ ਸੁਤੇ ਸਿਧ ਹੋ ਜਾਂਦੀਆਂ ਹਨ। ਪ੍ਰਭੂ ਕਿਰਪਾ ਲਈ ਸਾਧਕ ਨਿਮਰਤਾ ਸਹਿਤ ਅਰਦਾਸ ਕਰਦਾ ਹੈ। ਵੈਦਿਕ ਲੋਕ ਦੇਵਤਿਆਂ ਦੀ ਮਿਹਰ ਦਾ ਪਾਤਰ ਬਨਣ ਲਈ ਅਰਦਾਸ ਕਰਦੇ ਸਨ। ਅਥਰਵੇਦ ਵਿਚ ਵਰਨਣ ਹੈ - ਲੋਕ ਅਤੇ ਪਰਲੋਕ ਦੀ ਸਿੱਧੀ ਕਰਾਉਣ ਵਾਲੇ ਐ ਮੇਰੇ ਦੇਵ! ਤੂੰ ਅਧਿਆਤਮਕ ਅਣਗਿਣਤ ਪੈਤ੍ਰਕ ਵਸਤਾਂ ਦਾ ਮਾਲਕ ਹੈ ਇਹ ਵਸਤਾਂ ਸਾਨੂੰ ਵੀ ਬਖਸ਼ ਦੇ। ਤੇਰੀ ਭਗਤੀ ਨਾਲ ਅਸੀਂ ਵੀ ਭਰੇ ਰਹੀਏ।[311] ਨਾਰਦ ਅਨੁਸਾਰ ਪ੍ਰਭੂ ਕਿਰਪਾ ਪ੍ਰਭੂ ਪ੍ਰਾਪਤੀ ਦਾ ਅਜਿਹਾ ਸਾਧਨ ਹੈ ਜਿਸ ਦੇ ਪਰਤਾਪ ਨਾਲ ਹੋਰ ਭਗਤੀ ਦੇ ਸਾਧਨ ਸੁਤੇਸਿਧ ਪ੍ਰਾਪਤ ਹੋ ਜਾਂਦੇ ਹਨ।[312] ਉਸ ਅਨੁਸਾਰ ਪ੍ਰਭੂ ਕਿਰਪਾ ਨਾਲ ਹੀ ਸਤਿਸੰਗਤ ਪ੍ਰਾਪਤ ਹੁੰਦੀ ਹੈ।[313]

ਪ੍ਰਭੂ ਦੀ ਕਿਰਪਾ ਰੂਪੀ ਸੂਰਜ ਤੋਂ ਸਭ ਨੂੰ ਬਰਾਬਰ ਕਿਰਨਾਂ ਅਤੇ ਚਾਨਣ ਪ੍ਰਾਪਤ ਹੁੰਦਾ ਹੈ। ਪਰੰਤੂ ਅਸੀਂ ਅਗਿਆਨਤਾ ਦੇ ਹਨੇਰੇ ਵਿਚ ਬੈਠੇ ਉਸ ਤੋਂ ਵਾਂਝੇ ਰਹਿ ਜਾਂਦੇ ਹਾਂ। ਜਦੋਂ ਗਿਆਨ ਦਾ ਚਾਨਣ ਹੋ ਜਾਂਦਾ ਹੈ ਤਾਂ ਪ੍ਰਭੂ ਕਿਰਪਾ ਨਾਲ ਆਤਮਕ ਜੀਵਨੀ ਦੀ ਸੂਝ ਹੋ ਜਾਂਦੀ ਹੈ। ਪ੍ਰਭੂ ਦੀ ਮਿਹਰ ਨਾਲ ਹੀ ਆਪਣੇ ਦਾਸਾ ਨੂੰ ਉਹ ਆਪਣੇ ਬਣਾ ਲੈਂਦਾ ਹੈ ਅਤੇ ਉਚਤਾ ਪ੍ਰਦਾਨ ਕਰਦਾ ਹੈ।

1. ਉਪਜਿਓ ਗਿਆਨੁ ਹੂਆ ਪਰਗਾਸ ॥
   ਕਰਿ ਕਿਰਪਾ ਲੀਨੇ ਕੀਟ ਦਾਸ, ॥[314]
2. ਤੁਮਹਰੀ ਕਿਰਪਾ ਤੇਂ ਊਚ ਭਏ ਹੈ
   ਕਹਿ ਰਵਿਦਾਸ ਚਮਾਰਾ ॥[315]

ਪ੍ਰਭੂ ਕਿਰਪਾ ਨਾਲ ਸਾਧਕ ਤ੍ਰਿਵਿਧ ਤਾਪ ਜਨਕ ਮਾਇਆ ਤੋਂ ਨਿਵਿਰਤੀ ਪ੍ਰਾਪਤ ਕਰ ਲੈਂਦਾ ਹੈ। ਉਸ ਪ੍ਰਭੂ ਨਾਲ ਸਦੀਵੀ ਸੰਬੰਧ ਬਣ ਜਾਂਦਾ ਹੈ, ਜਮ-ਦੂਤਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ, ਅਟਲ ਪਦ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਸੰਸਾਰਿਕ ਔਕੜਾਂ ਵਿਚ ਵੀ ਉਹ ਆਪ ਨਿਵਾਜਦਾ ਹੈ ਸੰਸਾਰਿਕ ਫੋਕੇ ਮਾਣ ਦੀ ਥਾਂ ਉਹ ਪਰਮਤਤ ਮਾਣ ਪ੍ਰਦਾਨ ਕਰਦਾ ਹੈ। ਭਗਵਾਨ ਆਪ ਦਾਸ ਵਿਦੁਰ ਦੀ ਕੁਟੀਆ ਜਾ ਕੇ ਉਸ ਤੇ ਮਿਹਰ ਕਰਦਾ ਹੈ।

ਜਾ ਕੌ ਹਰਿ ਜੁ ਆਪੁ ਨਿਵਾਜਤ, ਤਹਿ ਤ੍ਰਿਵਿਧ ਤਾਪ ਨਹੀਂ ਵਾਧੇ ॥

ਜਮ ਕੇ ਦੂਤ ਛਾਂਡਿ ਕਰਿ ਭਾਜੇ, ਸਾਂਚਾ ਹਰਿ ਕਿਉ ਨ ਅਰਾਧੈ ॥

........

ਖਟ ਰਸ ਭੋਜ-ਸੁਯੋਧਨੁ ਤਯਾਗੀ, ਦਾਸ ਬਿਦੁਰ ਕੀ ਮਾਨੁ ਬੜਾਵੈ ॥

ਗਜ ਕੂੰ ਫੰਦ ਛੁੜਾਯੋ, ਖਿਨ ਮੀਹ, ਰਾਮ ਨਾਮੁ ਇਕ ਬਾਰ ਉਚਾਰੈ ॥[316]

ਪ੍ਰਭੂ ਦੀ ਕਿਰਪਾ ਨਾਲ ਧ੍ਰੂਵ ਅਤੇ ਪ੍ਰਹਲਾਦ ਉਧਾਰੇ ਗਏ। ਪ੍ਰਭੂ ਥੰਮ ਪਾੜ ਕੇ ਪ੍ਰਹਿਲਾਦ ਦੀ ਰਖਿਆ ਹਿੱਤ ਹਾਜ਼ਰ ਹੋਇਆ। ਰਾਮ ਕਿਰਪਾ ਨਾਲ ਹੀ ਅਨੇਕਾਂ ਪਾਪੀ ਤਰ ਗਏ। ਪ੍ਰਭੂ ਦੀ ਕਿਰਪਾ ਨਾਲ ਹੀ ਗਨਿਕਾ ਵੇਸਵਾ ਨੂੰ ਪ੍ਰਭੂ ਦੇ ਚਰਨਾਂ ਵਿਚ ਸਥਾਨ ਪ੍ਰਾਪਤ ਹੋਇਆ:

ਸੋਈ ਉਬਰੇ ਜਿਹੀ ਆਪੁ ਨਿਵਾਜਤ ॥ ਟੇਕ ॥

ਬਾਰਕ ਧ੍ਰੂਵ ਕੂੰ ਅੰਕ ਰਾਖਿ ਹਰਿ ਥੰਭ ਫਾਰਿ ਪ੍ਰਹਲਾਦ ਉਧਾਰਤ॥

.... ..... ...

ਸਬਰੀ ਗੀਧ ਅਜਾਮਿਲ ਸਦਨਾ, ਰਾਮ ਕ੍ਰਿਪਾ ਗਨਕਾ ਭਰਿ ਜਾਵਤ॥[317]

ਪ੍ਰਭੂ ਕਿਰਪਾ ਨਾਲ ਆਤਮ ਪ੍ਰਗਾਸ ਹੁੰਦਾ ਹੈ ਤੇ ਸਗਲ ਸੰਸਿਆਂ ਤੋਂ ਨਿਵਿਰਤੀ ਮਿਲ ਜਾਂਦੀ ਹੈ। ਇਸ ਨਾਲ ਹੀ ਮਨੁੱਖ ਸਮਝ ਆ ਜਾਂਦੀ ਹੈ ਕਿ ਪ੍ਰਭੂ ਤੋਂ ਬਿਨਾਂ ਉਸਦੀ ਅਲੱਗ ਹੋਂਦ ਨਹੀਂ। ਇਸ ਤਰ੍ਹਾਂ ਪਰਮਤਤ ਦੀ ਕਿਰਪਾ ਨਾਲ ਦਵੈਤ ਭਾਵਨਾ ਮਿਟ ਜਾਂਦੀ ਹੈ ਅਤੇ ਉਸ ਨਾਲ ਜੋ ਅਦਵੈਤ ਸੰਬੰਧ ਹੈ ਉਸਦੀ ਜਾਣਕਾਰੀ ਹੋ ਜਾਂਦੀ ਹੈ। ਇਸ ਤਰ੍ਹਾਂ ਉਸ ਨਾਲ ਸਦੀਵੀ ਮਿਤ੍ਰਤਾ ਸਥਾਪਿਤ ਹੋ ਜਾਂਦਾ ਹੈ :

ਜਾਸੋ ਆਤਮ ਪ੍ਰਗਾਸ ਹੈ, ਭਜੈ ਤਾਹਿ ਰਵਿਦਾਸ ॥

.... .... ..

ਜਹ ਕ੍ਰਿਪਾ ਆਪਾ ਮਿਟਯੌ, ਭਜੈ ਤਾਹਿ ਰਵਿਦਾਸ ॥[318]

ਸਾਧਕ ਨੂੰ ਜਦੋਂ ਉਪਰੋਕਤ ਅਵਸਥਾ ਦੀ ਪ੍ਰਾਪਤੀ ਹੋ ਜਾਂਦੀ ਹੈ ਤਾਂ ਉਹ ਪਰਮ ਦਿਆਲੂ ਦਾ ਸਾਥ ਛਡਣਾ ਨਹੀਂ ਚਹੁੰਦਾ ਇਸ ਲਈ ਉਹ ਮੁਕਤੀ ਦੀ ਕਾਮਨਾ ਨਹੀਂ ਕਰਦਾ ਸਗੋਂ ਉਸ ਦੀ ਮਿਹਰ ਦੀ ਦ੍ਰਿਸ਼ਟੀ ਥਲੇ ਉਸ ਦੇ ਚਰਨਾਂ ਵਿਚ ਨਿਮਾਣਾ ਬਣ ਕੇ ਰਹਿਣਾ ਲੋਚਦਾ ਹੈ:

ਕਹੈ ਰਵਿਦਾਸ ਪ੍ਰਭੂ ਤੁਮਹੂ ਦਯਾਲ ਹੋ

ਅਬੰਧ ਮੁਕਤਿ ਕਾ ਕਰਿਹੌਂ ॥[319]

ਪ੍ਰਭੂ ਦੀ ਮਿਹਰ ਦਾ ਪਾਤਰ ਬਨਣ ਲਈ ਸਾਧਕ ਨੂੰ ਕਰੁਣਾਨਿਧੀ ਕੋਲ ਨਿਮਰਤਾ ਨਾਲ ਦੁਆ ਕਰਨੀ ਪੈਂਦੀ ਹੈ ਹਉਮੈ ਦੇ ਤਿਆਗ ਨਾਲ ਹੀ ਮਨੁੱਖ ਦੀ ਅੰਧੀ ਭਟਕਣ ਖਤਮ ਹੋ ਜਾਂਦੀ ਹੈ। ਗੁਰੂ ਰਵਿਦਾਸ ਜੀ ਦੀ ਪ੍ਰਭੂ ਦੀ ਮਿਹਰ ਲਈ ਨਿਮਰਤਾ ਨਿਮਨ ਪਦ ਤੋਂ ਸਪੱਸ਼ਟ ਦ੍ਰਿਸ਼ਟੀਗਤ ਹੁੰਦੀ ਹੈ:

ਮਲਿਨ ਭਈ ਮਤਿ ਮਾਧਵਾ, ਤੇਰੀ ਗਤਿ ਲਖੀ ਨਾ ਜਾਇ ॥

ਕਰਹੁ ਕ੍ਰਿਪਾ ਭ੍ਰਮੁ ਚੁਕਈ, ਮੈਂ ਸੁਮਤਿ ਦੇਹੁ ਸਮਝਾਇ ॥[320]

ਗੁਰੂ ਰਵਿਦਾਸ ਜੀ ਪ੍ਰਭੂ ਕਿਰਪਾ ਲਈ ਕੀਤੀ ਆਰਤ ਨੂੰ ਮਿਥਿਹਾਸਕ ਹਵਾਲਾ ਦੇ ਕੇ ਹੋਰ ਵੀ ਦ੍ਰਿੜ ਅਤੇ ਸਪੱਸ਼ਟ ਕਰਦੇ ਹਨ। ਉਹ ਲਿਖਦੇ ਹਨ ਕਿ ਪ੍ਰਭੂ ਕ੍ਰਿਪਾ ਲਈ ਕੀਤੀ ਪੁਕਾਰ ਵਿਅਰਥ ਨਹੀਂ ਜਾਂਦੀ। ਦਰੋਪਤੀ ਨੇ ਭਰੀ ਸਭਾ ਵਿਚ ਪ੍ਰਭੂ ਕਿਰਪਾ ਲਈ ਦੁਆ ਕੀਤੀ ਤਾਂ ਕਰੁਣਾਨਿਧੀ ਨੇ ਉਸ ਨੂੰ ਬਸਤਰ-ਪ੍ਰਵਾਹ ਕੀਤਾ। ਅਸਲ ਵਿਚ ਪ੍ਰਭੂ -ਕਿਰਪਾ ਦੀ ਸ਼ਕਤੀ ਸਿੱਧ-ਸ਼ਕਤੀ ਹੈ। ਇਸ ਦੀ ਪ੍ਰਾਪਤੀ ਕੇਵਲ ਉਸ ਤੇ ਸ਼ਰਧਾ ਵਿਸ਼ਵਾਸ ਰਖਣ ਵਾਲਿਆਂ ਨੂੰ ਪ੍ਰਾਪਤ ਹੁੰਦੀ ਹੈ। ਜੋ ਉਸ ਦੇ ਰੰਗ ਵਿਚ ਆਪਾ ਰੰਗ ਲੈਂਦੇ ਹਨ ਉਨ੍ਹਾਂ ਦੀ ਹੀ ਉਸ ਦੇ ਦਰ ਤਕ ਆਵਾਜ਼ ਪਹੁੰਚਦੀ ਹੈ ਅਤੇ ਉਨ੍ਹਾਂ ਨੂੰ ਹੀ ਕਰੁਣਾਨਿਧੀ ਕੋਲੋਂ ਪ੍ਰਤੀਕਰਮ ਵਜੋਂ ਕਰੁਣਾ ਅਤੇ ਮਿਹਰ ਪ੍ਰਾਪਤ ਹੁੰਦੀ ਹੈ:

ਹਰਿ ਹਰਿ ਕ੍ਰਿਪਾ ਦ੍ਰੋਪਤੀ ਉਚਰੈ, ਬਿਲਮੁ ਨਾ ਕਰੌ ਹਰਿ ॥ ਟੇਕ ॥
ਕੀਨੀ ਕਰਨੁ ਦੁਸਾਸਨ ਮੋਸੋਂ ਗਹਿ ਕੇਸਨ ਪਕਰਿ ।।

..... .... ...

ਅਰਜਨ ਭੀਮ ਮਹਾਬਲਿ ਜੋਧੇ, ਤਿਨਸੋਂ ਕਿਛੁ ਨ ਸਰਿ ॥
ਬਸਨ ਪ੍ਰਵਾਹਿਤ ਕਿਉ ਕਰੁਨਾਨਿਧੀ ਤਬਹਿੰ ਧੀਰ ਧਰਿ ॥[321]

ਅੰਤ ਵਿਚ ਗੁਰੂ ਰਵਿਦਾਸ ਜੀ ਮਨੁੱਖ ਨੂੰ ਪ੍ਰੇਰਨਾ ਕਰਦੇ ਹਨ ਕਿ ਉਹ ਕ੍ਰਿਪਾਨਿਧੀ ਦਾ ਸਿਮਰਨ ਕਰੇ ਅਤੇ ਕ੍ਰਿਪਾ ਨਿਧੀ ਨੂੰ ਪਾਪਤ ਕਰੇ ਕਿਉਂਕਿ ਕ੍ਰਿਪਾ ਨਿਧੀ ਸੰਪੂਰਣ ਨਿਧੀਆਂ ਦਾ ਮੂਲ ਹੈ । ਇਹ ਜੀਵਨ ਮੁਕਤੀ ਨਿਧੀ ਕਾਸੀ ਹੈ। ਨਹੀਂ ਤਾਂ ਉਸ ਨੂੰ ਪਛਤਾਉਣਾ ਪਵੇਗਾ:

ਕਹ ਰਵਿਦਾਸ ਭਜੋ ਹੇ ਕ੍ਰਿਪਾਨਿਧੀ
ਪ੍ਰਾਨ ਗਏ ਪਛਿਤੈਹੋ ॥[322]

<u>ਸੰਤ-ਸੰਗਤ:</u>

ਮਨੁੱਖੀ ਮਨੋਬਿਰਤੀ ਐਸੀ ਹੈ ਕਿ ਇਹ ਸੰਗਤ ਦਾ ਅਸਰ ਬਹੁਤ ਜਲਦੀ ਗ੍ਰਹਿਣ ਕਰਦਾ ਹੈ। ਇਹ ਜਿਸ ਕਿਸੇ ਦੀ ਸੁਹਬਤ ਵਿਚ ਰਹਿੰਦਾ ਹੈ ਉਸ ਦੇ ਹੀ ਗੁਣ ਔਗੁਣ ਸਿਖ ਜਾਂਦਾ ਹੈ। ਅਨੇਕਾਂ ਜਨਮਾਂ ਤੋਂ ਸਾਡਾ ਜੀਵਾਤਮਾ ਦੁਨੀਆਂ ਦੀ ਸੰਗਤ ਵਿਚ ਰਹਿੰਦਾ ਆ ਰਿਹਾ ਹੈ। ਇਸ ਲਈ ਕੁਝ ਕਦਰਾਂ ਕੀਮਤਾਂ ਤਾਂ ਇਸ ਵਿਚ ਪੱਕੇ ਤੌਰ ਤੇ ਵਸ ਗਈਆਂ ਹਨ। ਜੇ ਮਨ ਆਤਮ -ਦਰਸ਼ੀ, ਆਤਮ-ਗਿਆਨੀ ਜਾਂ ਮਹਾਂਪੁਰਖ ਦੀ ਸੰਗਤ ਵਿਚ ਰਹੇ ਤਾਂ ਇਹ ਉਨ੍ਹਾਂ ਦਾ ਗਿਆਨ ਅਤੇ ਸਰੂਪ ਧਾਰਨ ਕਰ ਲੈਂਦਾ ਹੈ। ਗੁਰੂ ਰਵਿਦਾਸ ਜੀ ਆਪਣੀ ਉਦਾਹਰਣ ਦੇ ਕੇ ਸੰਗਤ ਦੇ ਪ੍ਰਭਾਵ ਨੂੰ ਉਜਾਗਰ ਕਰਦੇ ਲਿਖਦੇ ਹਨ ਕਿ " ਹੇ ਪ੍ਰਭੂ, ਤੂੰ ਚੰਦਨ ਹੈ ਅਤੇ ਮੈਂ ਨਿਮਾਣਾ ਇਰਿੰਡ ਸੀ ਪਰੰਤੂ ਤੇਰੀ ਸਤਿਸੰਗਤ ਸਦਕਾ ਮੇਰੀ ਅੰਦਰ ਵੀ ਤੇਰੀ ਭਿੰਨੀ ਭਿੰਨੀ ਮਿੱਠੀ ਵਾਸ਼ਨਾ ਵਸ ਗਈ ਹੈ ਹੁਣ ਮੈਂ ਨੀਵੇਂ ਰੁੱਖ ਤੋਂ ਉਚਾ ਹੋ ਗਿਆ।" ਸਤਿਸੰਗਤ ਨਾਲ ਹੀ ਮਨੁੱਖ ਸਤਿ ਦੀ

ਪ੍ਰਾਪਤੀ ਕਰਦਾ ਹੈ। ਇਸ ਨਾਲ ਹੀ ਮਨੁੱਖ ਵਿਚ ਸੰਤਾਂ ਦੇ ਗੁਣਾਂ ਦਾ ਵਾਸਾ ਹੁੰਦਾ ਹੈ ਅਤੇ ਉਹ ਸਦਗੁਣਾਂ ਦੀ ਸੁਗੰਧੀ ਹੀ ਬਾਕੀ ਸਮਾਜ ਨੂੰ ਸੁਗੰਧਿਤ ਕਰਦੀ ਹੈ:

ਤੁਮ ਚੰਦਨ ਹਮ ਇਰੰਡ ਬਾਪੁਰੇ, ਸੰਗ ਤੁਮਾਰੇ ਬਾਸਾ ॥
ਨੀਚ ਰੂਖ ਤੇ ਊਚ ਭਏ ਹੈ, ਗੰਧ ਸੁਗੰਧ ਨਿਵਾਸਾ ॥[323]

ਜਗਤ ਵਿਚ ਦੋ ਤਰ੍ਹਾਂ ਦੀ ਸੰਗਤ ਪ੍ਰਾਪਤ ਹੁੰਦੀ ਹੈ। ਇਕ ਹੈ ਸੰਸਾਰ ਦੀ ਸੰਗਤ ਜਾਂ ਇਸ ਦੇ ਮੋਹ-ਮਾਇਆ ਅਤੇ ਵਿਸ਼ੇ-ਵਿਕਾਰਾਂ ਆਦਿ ਦੀ ਸੰਗਤ ਇਸਨੂੰ ਗੁਰੂ ਰਵਿਦਾਸ ਜੀ ਨੇ ਕੱਚੀ ਸੰਗਤ ਕਿਹਾ ਹੈ ਇਹ ਸੰਸਾਰਿਕ ਸੰਗਤ ਕਸੁੰਭੇ ਦੇ ਫੁੱਲ ਦੀ ਨਿਆਈ ਹੈ। ਦੂਜੀ ਹੈ ਅਧਿਆਤਮਕ ਸੰਗਤ ਜੋ ਸੰਗਤ ਨੂੰ ਪ੍ਰਭੂ ਦੇ ਮਜੀਠ ਰੰਗ ਵਿਚ ਰੰਗਦੀ ਹੈ। ਗੁਰੂ ਰਵਿਦਾਸ ਜੀ ਪੱਕੀ ਸੰਗਤ ਕਰਨ ਤੇ ਬਲ ਦਿੰਦੇ ਹਨ:

ਜੈਸਾ ਰੰਗ ਕਸੁੰਭ ਕਾ ਤੈਸਾ ਇਹੁ ਸੰਸਾਰੁ ॥
ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ ॥[324]

ਸਤਿਸੰਗਤ ਇਕ ਰੂਹਾਨੀ ਚਸ਼ਮਾ ਹੈ ਜਿਸ ਵਿਚੋਂ ਆਤਮਿਕ ਪ੍ਰੇਮ ਦਾ ਪਾਣੀ ਝਰਦਾ ਹੈ। ਜਿਥੇ ਪ੍ਰੇਮ ਹੁੰਦਾ ਹੈ ਉਥੇ ਹੀ ਇਕ ਇਹ ਵਿਸ਼ੇਸ਼ ਪ੍ਰਕਾਰ ਦਾ ਸਰੂਰ ਅਤੇ ਇਕਾਗਰਤਾ ਪੈਦਾ ਹੁੰਦੀ ਹੈ। ਪ੍ਰਭੂ [illegible] ਪ੍ਰੇਮਾ ਭਗਤੀ ਦੀ ਚਿਣਗ ਸਾਧ ਸੰਗਤਿ ਤੋਂ ਹੀ ਲਗਦੀ ਹੈ। ਸਾਧਸੰਗਤ ਤੋਂ ਬਿਨਾਂ ਭਾਉ ਨਹੀਂ ਉਪਜਦਾ ਅਤੇ ਇਸ ਤੋਂ ਬਿਨਾਂ ਭਗਤੀ ਭਾਵ ਪੈਦਾ ਨਹੀਂ ਹੁੰਦਾ। ਇਸ ਤਰ੍ਹਾਂ ਸਤਿਸੰਗਤ ਹੀ ਭਗਤੀ ਦੀ ਆਧਾਰ ਸ਼ਿਲਾ ਹੈ:

1. ਸਾਧ ਸੰਗਤਿ ਬਿਨਾ ਭਾਉ ਨਹੀ ਊਪਜੈ ॥
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥[325]

2. ਭਗਤੀ ਤੋਂ ਪ੍ਰੇਮ ਪ੍ਰੇਮ ਤੋਂ ਲਛਨਾ
ਬਿਨਾ ਸਤਸੰਗ ਨਹੀਂ ਜਾਣੀ ਚੀਨੀ ॥[326]

ਸ੍ਰੀਮਦ ਭਾਗਵਤ ਵਿਚ ਕ੍ਰਿਸ਼ਨ ਜੀ ਨੇ ਵੀ ਸਤਿਸੰਗਤ ਤੋਂ ਭਗਤੀ ਦੀ ਉਪਜ ਮੰਨੀ ਹੈ। ਉਹ ਕਹਿੰਦੇ ਹਨ ਕਿ ਸਾਧੂ ਪੁਰਖਾਂ ਦੇ ਸਮਾਗਮ ਵਿਚ ਜੋ ਮੇਰਾ ਕੀਰਤਨ ਕਰਦਾ ਅਤੇ ਸੁਣਦਾ ਹੈ ਉਸਦੇ ਮਨ ਵਿਚ ਪਹਿਲਾਂ ਤਾਂ ਮੇਰੇ ਪ੍ਰਤੀ ਸ਼ਰਧਾ ਫਿਰ ਰਤਿ (ਪ੍ਰੇਮ) ਅਤੇ ਅੰਤ ਵਿਚ ਭਗਤੀ ਉਤਪੰਨ ਹੁੰਦੀ ਹੈ।[327] ਭਗਤੀ ਅਤੇ ਸਾਧ ਸੰਗਤ ਦਾ ਅਨਿਖੜਵਾਂ ਸੰਬੰਧ ਹੈ। ਗੁਰੂ ਜੀ ਲਿਖਦੇ ਹਨ ਕਿ ਸਾਧ ਸੰਗਤ ਵਿਚ ਅਪੜ ਕੇ ਮੈਂ ਸਭ ਤੋਂ ਉਚੀ ਆਤਮਿਕ ਅਵਸਥਾ ਪ੍ਰਾਪਤ ਕਰ ਲਈ ਹੈ ਨਹੀਂ ਤਾਂ ਪਿਆਰਾ ਪ੍ਰਭੂ-ਪ੍ਰੀਤਮ ਕਿਸੇ ਤਰ੍ਹਾਂ ਦੀ ਭਗਤੀ ਨਾਲ ਵੀ ਨਹੀਂ ਮਿਲ ਸਕਦਾ ਸੀ।

ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ ॥

ਸਾਧ ਸੰਗਤਿ ਪਾਈ ਪਰਮਗਤੇ ॥[328]

ਸ੍ਰੀ ਮਦ ਭਾਗਵਤ ਵਿਚ ਵੀ ਭਗਵਾਨ ਕ੍ਰਿਸ਼ਨ ਆਪਣੇ ਪ੍ਰੇਮੀ ਊਧਵ ਨੂੰ ਕਹਿੰਦੇ ਹਨ ਕਿ ਸਤਿਸੰਗ ਦੁਆਰਾ ਮੈਂ ਜਿਸ ਤਰ੍ਹਾਂ ਵਸ ਵਿਚ ਕੀਤਾ ਜਾ ਸਕਦਾ ਹਾਂ, ਉਸ ਤਰ੍ਹਾਂ ਯੋਗ, ਗਿਆਨ ਧਰਮ, ਵੇਦ ਅਧਿਅਨ, ਤਪ, ਤਿਆਗ, ਵਰਤ, ਯੱਗ, ਤੀਰਥ ਯਗ ਅਤੇ ਨਿਯਮ ਕਿਸੇ ਨਾਲ ਨਹੀਂ ਹੁੰਦਾ।[329] ਗੁਰੂ ਰਵਿਦਾਸ ਜੀ ਸੰਗਤ ਦੇ ਪ੍ਰਭਾਵ ਨੂੰ ਬਹੁਤ ਦ੍ਰਿਸ਼ਟਾਂਤਾਂ ਅਤੇ ਸੁੰਦਰ ਉਪਮਾਵਾਂ ਦੇ ਕੇ ਸਮਝਾਉਂਦੇ ਹਨ। ਉਹ ਲਿਖਦੇ ਹਨ ਕਿ ਗਲੀਆਂ ਦਾ ਪਾਣੀ ਵਹਿੰਦਾ ਵਹਿੰਦਾ ਜਦੋਂ ਗੰਗਾ ਵਿਚ ਰਲ ਜਾਂਦਾ ਹੈ ਤਾਂ ਉਸ ਦਾ ਨਾਮ ਗੰਗਾਜਲ ਪੈ ਜਾਂਦਾ ਹੈ। ਸਵਾਂਤ ਨਛੱਤਰ ਤੋਂ ਵਰਖਾ ਦੀ ਬੂੰਦ ਜਦੋਂ ਸੱਪ ਦੇ ਫਨ ਉਪਰ ਗਿਰਦੀ ਹੈ ਤਾਂ ਉਹ ਸੱਪ ਦੀ ਵਿਸ਼ ਨਾਲ ਜ਼ਹਿਰ ਬਣ ਜਾਂਦੀ ਹੈ ਅਤੇ ਉਹ ਸਵਾਂਤ ਦੀ ਬੂੰਦ ਜਦੋਂ ਸਿੱਪੀ ਤੇ ਡਿਗਦੀ ਹੈ ਤਾਂ ਉਹ ਮੋਤੀ ਬਣ ਜਾਂਦੀ ਹੈ। ਇਸੇ ਤਰ੍ਹਾਂ ਹੀ ਮਨੁੱਖ ਤੇ ਸੰਗਤ ਦਾ ਪ੍ਰਭਾਵ ਪੈਂਦਾ ਹੈ। ਇਸ ਲਈ ਗੁਰੂ ਜੀ ਲਿਖਦੇ ਹਨ ਪ੍ਰਭੂ ਜੀ ਸੱਚੀ ਸੰਗਤ ਤੁਹਾਡੀ ਹੀ ਹੈ:

ਪ੍ਰਭੁ ਜੀ ਸੰਗਤਿ ਸਰਨਿ ਤਿਹਾਰੀ ॥
ਜਗ ਜੀਵਨ ਰਾਮ ਮੁਰਾਰੀ ॥
ਗਲੀ ਗਲੀ ਕੋ ਨੀਰ ਬਹਿ ਆਇਓ ਸੁਰਸਰੀ ਜਾਇ ਸਮਾਯੁ ॥
ਸੰਗਤਿ ਕੇ ਪਰਤਾਪ ਮਹਾਤਮ, ਨਵ ਗੰਗੋਦਿਕ ਪਾਯੁ ॥
ਸਵਾਂਤਿ ਬੂੰਦ ਬਰਸੈ ਫਨਿ ਊਪਰ,ਸੀਸ ਵਿਸ਼ੈ ਵਿਸ਼ ਹੋਈ ॥
ਵਹੀ ਬੂੰਦ ਕੇ ਮੋਤੀ ਨਿਪਜੈ ਸੰਗਤਿ ਕੀ ਅਧਿਕਾਈ ॥[330]

ਗੁਰੂ ਰਵਿਦਾਸ ਜੀ ਇਕ ਹੋਰ ਉਦਾਹਰਣ ਦੇ ਕੇ ਸਤਿ ਸੰਗਤ ਦੇ ਪ੍ਰਭਾਵ ਨੂੰ ਦਰਸਾਉਂਦੇ ਹਨ। ਉਨ੍ਹਾਂ ਅਨੁਸਾਰ ਜਿਵੇਂ ਚੁਪੱਤੀ ਪਾਣੀ ਦੇ ਨੇੜੇ ਰਹਿ ਕੇ ਹਰੀ ਰਹਿੰਦੀ ਹੈ ਇਸ ਤਰ੍ਹਾਂ ਹੀ ਸਾਧਕ ਪ੍ਰਭੂ ਦੇ ਚਰਨਾਂ ਦੀ ਸਤਿਸੰਗਤ ਸਦਕਾ ਅਮਰਪਦ ਪ੍ਰਾਪਤ ਕਰ ਲੈਂਦੇ ਹਨ ਅਤੇ ਫਿਰ ਉਨ੍ਹਾਂ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ:-

ਪੰਡਿਤ ਸੂਰ ਛਤ੍ਰਪਤਿ ਰਾਜਾ,ਭਗਤ ਬਰਾਬਰਿ ਅਉਰੁ ਨ ਕੋਇ ॥
ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇਂ
ਜਗਿ ਓਇ ॥[331]

ਸਤਿਸੰਗਤ ਦਾ ਜੀਵਨ ਵਿਚ ਬਹੁਤ ਮਹੱਤਵ ਹੈ। ਸੰਤਾਂ ਦੀ ਕਾਇਆ ਸੀਤਲ ਹੁੰਦੀ ਹੈ ਉਹ ਸਹਿਜ-ਭਾਵੀ ਸਹਿਜ-ਮਾਰਗ ਦੇ ਪਥਿਕ ਹੁੰਦੇ ਹਨ। ਉਨ੍ਹਾਂ ਦੀ ਸੰਗਤ ਨਾਲ ਸਾਧਕ ਦਾ ਚੰਚਲ ਮਨ ਸਥਿਰ ਹੋ ਜਾਂਦਾ ਹੈ। ਸੰਤਾਂ ਦੇ ਸ਼ੁਧ ਪਾਵਨ ਵਿਚਾਰਾਂ ਦੀ ਵਰਖਾ ਨਾਲ ਜੀਵ ਦਾ ਮਨ ਧੋਤਾ ਜਾਂਦਾ ਹੈ। ਉਨ੍ਹਾਂ ਦੀ ਸੰਗਤਿ ਨਾਲ ਪਤਿਤ ਪੁਨੀਤ ਹੋ ਜਾਂਦੇ ਹਨ। ਸਤਿਸੰਗਤ ਵਿਚ ਮਨੁੱਖ

ਸੰਤਾਂ ਦੇ ਆਚਰਣ ਨੂੰ ਗ੍ਰਹਿਣ ਕਰਦਾ ਹੈ ਅਤੇ ਸੰਤ-ਮਾਰਗ ਦਾ ਅਨੁਯਾਈ ਬਣਦਾ ਹੈ।

ਸੰਤ ਤੁਝੀ ਤਨੁ ਸੰਗਤਿ ਪ੍ਰਾਨ, ਸਤਿਗੁਰੂ ਗਿਆਨ ਜਾਨੈ ਸੰਤ ਦੇਵਾਦੇਵ ॥
ਸੰਤ ਚੀ ਸੰਗਤਿ ਸੰਤ ਕਥਾ ਰਸ, ਸੰਤ ਮਾਂਝੈ ਦੀਜੈ ਦੇਵਾਦੇਵ ॥
ਸੰਤ ਆਚਰਣ ਸੰਤ ਚੋ ਮਾਰਗੁ ਸੰਤ ਚ ਓਲ੍ਹਗ ਓਲ੍ਹਗਣੀ ॥[332]

ਗੁਰੂ ਰਵਿਦਾਸ ਜੀ ਲਈ ਤਾਂ ਸਤਿਸੰਗਤ ਹੀ ਜੀਵਨ ਦਾ ਆਧਾਰ ਹੈ। ਇਸ ਵਿਚੋਂ ਹੀ ਉਨ੍ਹਾਂ ਨੂੰ ਕਥਾ ਰਸ ਦੀ ਪ੍ਰਾਪਤੀ ਹੁੰਦੀ ਹੈ ਅਤੇ ਸੰਤਾਂ ਦੀ ਸੰਗਤ ਹੀ ਸਾਧਕ ਨੂੰ ਸੰਸਾਰ-ਸਾਗਰ ਤੋਂ ਪਾਰ ਲੰਘਾਉਂਦੀ ਹੈ। ਇਸ ਲਈ ਗੁਰੂ ਰਵਿਦਾਸ ਜੀ ਸੰਤਾਂ ਤੋਂ ਆਪਾ ਵਾਰ ਦਿੰਦੇ ਹਨ:

ਅਗਨ ਖਗਣ ਭੁਵਨ ਭਯੋ ਪਾਵਨ, ਹਰਿਜਨ ਬੈਠੇ ਹਰਿ ਜਸ
ਗਾਵਨ ॥
ਕਰੋ ਡੰਡੋਤ ਅਰੁ ਚਰਨ ਪਖਾਰੋ, ਤਨ ਮਨ ਧਨ ਸੰਤਨ ਪਰ ਵਾਰੋ॥[333]

ਸਤਿਸੰਗਤ ਦਾ ਪ੍ਰਭਾਵ ਪਰਮ ਪਾਰਸ ਵਾਂਗ ਹੈ। ਸਤਿ ਸੰਗਤ ਵਿਚੋਂ ਨਾਮ ਰੂਪੀ ਅਣਮੋਲ ਵਸਤੂ ਪ੍ਰਾਪਤ ਹੁੰਦੀ ਹੈ ਜਿਸ ਨਾਲ ਜਨਮਾਂ ਜਨਮਾਂਤਰਾਂ ਦੇ ਪਾਪਾਂ ਤੋਂ ਨਿਵਿਰਤੀ ਹੋ ਜਾਂਦੀ ਹੈ।

ਸਾਧੂ ਕੀ ਜਉ ਲੇਹਿ ਓਟ, ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ ॥[334]

ਸੰਗਤ ਦੇ ਪ੍ਰਭਾਵ ਸੰਬੰਧੀ ਇਕ ਹੋਰ ਡੂੰਘਾ ਵਿਚਾਰ ਗੁਰੂ ਜੀ ਬਾਣੀ ਵਿਚ ਲਿਖਦੇ ਹਨ। ਉਨ੍ਹਾਂ ਅਨੁਸਾਰ ਜੇਕਰ ਗੰਗਾਜਲ ਨੂੰ ਸ਼ਰਾਬ ਵਿਚ ਰਲਾ ਦਈਏ ਤਾਂ ਗੰਜਾਗਲ ਦੀ ਹੋਂਦ ਹੀ ਖਤਮ ਹੋ ਜਾਂਦੀ ਹੈ। ਇਸੇ ਤਰ੍ਹਾਂ ਚੰਗੇ ਮਨੁੱਖ ਬੁਰਿਆਂ ਦੀ ਸੰਗਤ ਵਿਚ ਆਪਣੇ ਚੰਗੇ ਗੁਣਾਂ ਨੂੰ ਗੁਆ ਲੈਂਦੇ ਹਨ। ਇਸੇ ਤਰ੍ਹਾਂ ਭੈੜਾ ਮਨੁੱਖ ਪਵਿਤਰ ਸੰਗਤ ਵਿਚ ਪਰਮ ਪਵਿੱਤਰ ਹੋ ਜਾਂਦਾ ਹੈ। ਜਿਵੇਂ ਤਾੜੀ ਦੇ ਰੁਖ ਅਪਵਿੱਤਰ ਮੰਨੇ ਜਾਂਦੇ ਹਨ ਪਰੰਤੂ ਜਦੋਂ ਉਨ੍ਹਾਂ ਰੁਖਾਂ ਤੋਂ ਕਾਗਜ਼ ਤਿਆਰ ਕਰਕੇ ਉਸ ਤੇ ਪ੍ਰਭੂ ਦੀ ਸਿਫਤ ਸਲਾਹ ਲਿਖੀ ਜਾਂਦੀ ਹੈ ਤਾਂ ਉਹ ਪੂਜਣਯੋਗ ਹੋ ਜਾਂਦੇ ਹਨ। ਇਸੇ ਤਰ੍ਹਾਂ ਭੈੜੇ ਮਨੁੱਖ ਜਦੋਂ ਸਤਿਸੰਗਤ ਦੇ ਚੰਗੇ ਵਿਚਾਰਾਂ ਨੂੰ ਆਪਣੇ ਦਿਲ ਦੀ ਪੱਟੀ ਤੇ ਉਕੱਰ ਲੈਂਦੇ ਹਨ ਤਾਂ ਉਹ ਪੁਨੀਤ ਹੋ ਜਾਂਦੇ ਹਨ:

ਸੁਰਾ ਅਪਵਿਤ੍ਰ ਨਤ ਅਵਰ ਜਲ ਰੇ, ਸੁਰ ਸਰਿ ਮਿਲਤ ਹੋਈ
ਨਹਿ ਆਨੰ ॥
ਤਰ ਤਾਰ ਅਪਵਿਤਰ ਕਰਿ ਮਾਨੀਐ, ਜੈਸੇ ਕਾਗਰਾ ਕਰਤ ਬੀਚਾਰ॥
ਭਗਤਿ ਭਾਗਉਤ ਲਿਖੀਐ ਤਿਹ ਊਪਰੇ, ਪੂਜੀਐਕਰਿ ਨਮਸਕਾਰ॥[335]

ਗੁਰੂ ਰਵਿਦਾਸ ਜੀ ਅਨੁਸਾਰ ਮਨੁੱਖਾ ਜਨਮ ਚੌਰਾਸੀ ਲੱਖਾਂ ਜੂਨਾਂ ਹੰਢਾਉਣ ਉਪਰੰਤ ਪ੍ਰਾਪਤ ਹੁੰਦਾ ਹੈ। ਸਤਿ ਸਰੂਪ ਤੋਂ ਉਪਜੇ ਅਣਮੋਲ ਜੀਵਨ ਨੂੰ ਸਤਿ ਸੰਗਤ ਕਰਨੀ ਹੀ ਬਣਦੀ

ਮਨੁਖਾ ਅਵਤਾਰ ਦੁਲਭ ਤਿਹੀ ਸੰਗਤ ਪੋਚ ॥[336]

ਗੁਰੂ ਰਵਿਦਾਸ ਜੀ ਨੇ ਸਤਿਸੰਗਤ ਦੇ ਸਰੂਪ ਨੂੰ ਵੀ ਵਰਨਣ ਕੀਤਾ ਹੈ। ਇਹ ਇਕ ਦੋ ਪਲ ਦੀ ਨੇੜਤਾ ਨਹੀਂ ਸਗੋਂ ਇਹ ਤਾਂ ਰੇਸ਼ਮ ਦੀ ਕੀੜੇ ਅਤੇ ਉਸ ਤੇ ਲਪੇਟੇ ਰੇਸ਼ਮ ਵਾਂਗ ਸਦੀਵੀ ਇਕਮਿਕਤਾ ਹੈ। ਇਹ ਤਾਂ ਸ਼ਹਿਦ ਦੀਆਂ ਮਖੀਆਂ ਅਤੇ ਮਧੂ ਵਰਗੀ ਸਤਿਸੰਗਤ ਹੈ। ਇਸ ਤਰ੍ਹਾਂ ਗੁਰੂ ਰਵਿਦਾਸ ਜੀ ਅਨੁਸਾਰ ਸੱਚੀ ਸੰਗਤ ਉਹੀ ਹੈ ਜੋ ਸਾਧਕ ਅਤੇ ਪਰਮਤਤ ਵਿਚ ਸਦੀਵੀ ਅੰਗ-ਸੰਗਤਾ ਹੈ:

ਮਾਧਉ ਸਤਸੰਗਤਿ ਸਰਨਿ ਤੁਮਾਰੀ, ਹਮ ਅਉਗਨ ਤੁਮ ਉਪਕਾਰੀ॥
ਤੁਮ ਮਖਤੂਲ ਸੁਪੇਦ ਸਪੀਅਲ, ਹਮ ਬਪੁਰੇ ਜਸ ਕੀਰਾ ॥
ਸੰਤ ਸੰਗਤਿ ਮਿਲਿ ਰਹੀਏ ਮਾਧਉ, ਜੈਸੇ ਮਧੁਪ ਮਖੀਰਾ ॥[337]

ਸਤਿਸੰਗਤ ਵਿਚ ਕੀਤੀ ਅਰਦਾਸ ਦਾ ਆਪਣਾ ਮਹਤਵ ਹੈ। ਸਤਿਸੰਗਤ ਵਿਚ ਸਮੁੱਚੀ ਸਾਧ ਸੰਗਤ ਦੀਆਂ ਕਰੁਣਾਮਈ ਬੇਨਤੀਆਂ ਪ੍ਰਭੂ ਕਰੁਣਾਨਿਧੀ ਦੇ ਦਰ ਤੇ ਦਸਤਕ ਕਰਨ ਵਿਚ ਸਮਰੱਥ ਹੋ ਜਾਂਦੀਆਂ ਹਨ। ਗੁਰੂ ਰਵਿਦਾਸ ਜੀ ਉਪਰੋਕਤ ਵਿਚਾਰਧਾਰਾ ਨੂੰ ਇਤਿਹਾਸਕ ਹਵਾਲਾ ਦੇ ਕੇ ਦ੍ਰਿੜ ਕਰਦੇ ਹਨ ਕਿ ਮਹਾਂਭਾਰਤ ਦੇ ਯੁੱਧ ਵਿਚ ਟਟੀਰੀ ਦੇ ਆਂਡਿਆਂ ਦਾ ਯੋਧਿਆਂ ਦੇ ਘੋੜਿਆਂ ਥਲੇ ਆ ਕੇ ਕੁਚਲੇ ਜਾਣ ਦਾ ਡਰ ਸੀ। ਟਟੀਰੀ ਨੇ ਸਾਧਸੰਗਤ ਵਿਚ ਮਿਲ ਕੇ ਪ੍ਰਭੂ ਅਗੇ ਆਰਤ ਕੀਤੀ ਤਾਂ ਉਹ ਪ੍ਰਭੂ ਦੇ ਮਿਹਰ ਦੀ ਪਾਤਰ ਬਣ ਗਈ। ਉਸ ਸਮੇਂ ਘੋੜੇ ਦੇ ਗਲ ਦੀ ਇਕ ਘੰਟੀ ਇਸ ਤਰ੍ਹਾਂ ਗਿਰੀ ਕਿ ਉਸ ਦੇ ਖੋਲ ਵਿਚ ਆਂਡੇ ਸਮਾ ਗਏ। ਇਸ ਤਰ੍ਹਾਂ ਗੁਰੂ ਜੀ ਅਨੁਸਾਰ ਸਾਧ ਸੰਗਤ ਵਿਚ ਕੀਤੀ ਅਰਦਾਸ ਵਿਅਰਥ ਨਹੀਂ ਜਾਂਦੀ:-

ਜਾਈਸੇ ਅੰਡੇ ਪਰਈ ਭਾਰਥ ਮੰਹ, ਨੇ ਗਜ ਘੰਟ ਉਤਾਰਧਰੀ ॥
ਜੋ ਮੂੰਹਿ ਭਜੈ ਭਜਊ ਮੈਂ ਤਾਕੂੰ, ਹਰਿ ਸਿਮਰਨ ਤੈਂ ਪਾਰੀ ਪਰੀ ॥
ਕਹੈ ਰਵਿਦਾਸ ਸਾਧ ਸੰਗਤਿ ਮਿਲਿ, ਰਾਮ ਭਜੈ ਤੋਂ ਬਿਪਤਿ ਟਰੀ ॥[338]

ਜਿਹੜੀ ਸਤਿਸੰਗਤ ਪ੍ਰਭੂ ਨਾਲ ਇਲਾਮਿਲਾ ਦੇਵੇ, ਕੋਟਿ ਪਾਪਾਂ ਤੋਂ ਪੁਨੀਤ ਕਰ ਦੇਵੇ, ਪ੍ਰਭੂ ਪ੍ਰੇਮੀ ਭਗਤੀ ਦਾ ਪੱਕਾ ਰਿਸ਼ਤਾ ਜੋੜ ਦੇਵੇ, ਕਰੁਣਾਨਿਧੀ ਪ੍ਰਭੂ ਦੇ ਦਰ ਤੇ ਬੇਨਤੀ ਪ੍ਰਵਾਨ ਕਰਦਾ ਦੇਵੇ ਤੇ ਫਿਰ ਇਸ ਤੋਂ ਸਾਧਕ ਕਿਵੇਂ ਪਿਛੇ ਹਟ ਸਕਦਾ ਹੈ, ਜਦ ਕਿ ਸਤਿ ਸੰਗਤ ਉਸ ਦਾ ਪ੍ਰਾਣ ਆਧਾਰ ਬਣ ਚੁੱਕਾ ਹੋਵੇ। ਇਸ ਲਈ ਤਾਂ ਗੁਰੂ ਰਵਿਦਾਸ ਜੀ ਹੋਕਾ ਦੇ ਰਹੇ ਹਨ ਕਿ ਮੈਂ ਸਾਧ ਸੰਗਤ ਦੀ ਅਣਮੋਲ ਰਾਸ ਪੂੰਜੀ ਲੈ ਕੇ ਅਤੇ 'ਸਹਿਜ' ਦੇ ਬਲਦਾਂ ਤੇ ਲੱਦ ਕੇ ਪ੍ਰਭੂ-ਪ੍ਰੀਤਮ ਨੂੰ ਖਰੀਦਣ ਚਲਿਆ ਹਾਂ:

ਇਹ ਗੁਰੂ ਰਵਿਦਾਸ ਜੀ ਦੀ ਸਤਿ ਸੰਗਤ ਦਾ ਹੀ ਫਲ ਹੈ ਕਿ ਉਹ ਨਿਰਗੁਣ ਬੈਲ ਰਾਹੀਂ ਰਾਮ ਨਾਮ ਦਾ ਸਹਿਜ ਵਪਾਰ ਕਰਦੇ ਹਨ:

1. ਸਾਧ ਸੰਗਤਿ ਪੂੰਜੀ ਭਈ, ਹੌ ਵਸਤੁ ਲਈ ਨਿਰਮੋਲ ।।
ਸਹਜੇ ਬਲਦਿਯਾ ਲਾਦਿ ਕਰ, ਚਲਯੋ ਲਹਨ ਪਿਵ ਮੋਲ ।।[339]

ਇਸ ਤੋਂ ਇਲਾਵਾ ਅਖੰਡ ਸਿਮਰਨ ਪ੍ਰਭੂ ਮਹਿਮਾ, ਕੀਰਤਨ, ਸ੍ਰਵਣ, ਸਦਾਚਾਰ ਆਦਿ ਵੀ ਭਗਤੀ ਪ੍ਰਾਪਤੀ ਦੇ ਸਾਧਨ ਮੰਨੇ ਜਾਂਦੇ ਹਨ। ਇਨ੍ਹਾਂ ਸੰਬੰਧੀ ਵਰਨਣ ਨਵਧਾ ਭਗਤੀ ਅਧੀਨ ਹੋ ਚੁੱਕਾ ਹੈ। ਨਾਰਦ ਭਗਤੀ ਸੂਤਰ ਵਿਚ ਅਹਿੰਸਾ, ਸਚ, ਦਇਆ, ਭਾਵ ਸਦਾਚਾਰ ਦਾ ਭਲੀ ਭਾਂਤ ਪਾਲਣ ਕਰਨਾ ਵੀ ਭਗਤੀ ਦਾ ਇਕ ਪ੍ਰਧਾਨ ਸਾਧਨ ਮੰਨਿਆ ਗਿਆ ਹੈ।[340] ਸ੍ਰੀ ਮਦ ਭਾਗਵਤ ਵਿਚ ਸੁਕਦੇਵ ਜੀ ਦੇ ਬਚਨ ਹਨ ਕਿ ਸਨੇਹ ਅਤੇ ਮਿਤ੍ਰਤਾ ਨੂੰ ਜੋ ਜਨ ਪ੍ਰਭੂ ਦੇ ਪ੍ਰਤੀ ਕਰਦੇ ਹਨ ਉਹ ਅਵੱਸ਼ ਹੀ ਭਗਵਾਨ ਵਿਚ ਲੀਨਤਾ ਪ੍ਰਾਪਤ ਕਰ ਲੈਂਦੇ ਹਨ।[341]

ਗੁਰੂ ਰਵਿਦਾਸ ਜੀ ਨੇ ਵੀ ਸਦਾਚਾਰ ਅਤੇ ਸਦਾਚਾਰਕ ਕੀਮਤਾਂ ਸੰਬੰਧੀ ਵਰਨਣ ਕੀਤਾ ਹੈ। ਸੱਚ, ਪ੍ਰੇਮ, ਦਯਾ, ਨਿਮਰਤਾ, ਆਦਿ ਸੰਬੰਧੀ ਵਿਸਥਾਰ ਪੂਰਵਕ ਵਰਨਣ ਚੌਥੇ ਪਾਠ ਵਿਚ ਕੀਤਾ ਗਿਆ ਹੈ। ਇਥੇ ਇਤਨਾ ਕਹਿਣਾ ਹੀ ਯੁਕਤੀ-ਸੰਗਤ ਹੈ ਕਿ ਗੁਰੂ ਰਵਿਦਾਸ ਜੀ ਨੇ ਮਨ ਰੂਪੀ ਮਛਲੀ ਨੂੰ ਸੰਸਾਰ ਸਮੁੰਦਰ ਤੋਂ ਪਾਰ ਲੰਘਣ ਲਈ ਚਿਤਰ ਬਚਿਤ੍ਰ ਵਿਚਾਰਨ ਲਈ ਕਿਹਾ ਹੈ:

ਰੇ ਮਨ ਮਾਛਲਾ ਸੰਸਾਰ ਸਮੁੰਦੇ ਤੂੰ ਚਿਤ੍ਰ ਬਚਿਤ੍ਰ ਵਿਚਾਰ।।[342]

## ਭਗਤੀ ਦੇ ਰਾਹ ਵਿਚ ਰੁਕਾਵਟਾਂ:

ਭਗਤਾਂ ਨੇ ਭਗਤੀ-ਮਾਰਗ ਦੇ ਰਾਹ ਵਿਚ ਆਉਣ ਵਾਲੀਆਂ ਰੁਕਾਵਟਾਂ ਸੰਬੰਧੀ ਵਰਨਣ ਕੀਤਾ ਹੈ। ਭਗਤਾਂ ਨੇ ਇਨ੍ਹਾਂ ਤੋਂ ਛੁਟਕਾਰਾ ਪਾਉਣ ਦੇ ਸਾਧਨ ਸੰਬੰਧੀ ਵੀ ਆਪਣੇ ਵਿਚਾਰ ਪੇਸ਼ ਕੀਤੇ ਹਨ। ਉਨ੍ਹਾਂ ਨੇ ਵਿਸ਼ੈ-ਵਿਕਾਰਾਂ ਦੇ ਤਿਆਗ ਤੇ ਬਲ ਦਿੱਤਾ। ਮਨੁੱਖੀ ਜੀਵਨ ਅਨੇਕਾਂ ਸੰਸੇ ਭਰਮਾਂ ਅਤੇ ਵਹਿਮਾਂ ਦਾ ਸ਼ਿਕਾਰ ਹੋ ਜਾਂਦਾ ਹੈ। ਗੁਰੂ ਜੀ ਨੇ ਬਾਣੀ ਵਿਚ ਅਨੇਕਾਂ ਭਰਮਾਂ ਵੱਲ ਸੰਕੇਤ ਕੀਤਾ ਹੈ। ਇਨ੍ਹਾਂ ਵਿਚੋਂ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਨੂੰ ਵਿਸ਼ੇਸ਼ ਤੌਰ ਤੇ ਭਗਤੀ-ਮਾਰਗ ਦੀਆਂ ਰੁਕਾਵਟਾਂ ਮੰਨਿਆ ਹੈ।

ਕਾਮ:- ਮਹਾਂਭਾਰਤ ਵਿਚ ਕਾਮ ਦੀ ਤੁਲਨਾ ਇਕ ਬਿਰਖ ਦੇ ਰੂਪ ਵਿਚ ਕੀਤੀ ਗਈ ਹੈ। ਇਸ ਵਿਚ ਵਰਨਣ ਹੈ ਕਿ ਮਨੁੱਖ ਦੇ ਹਿਰਦੇ ਵਿਚ ਮੋਹ ਰੂਪੀ ਬੀਜ ਤੋਂ ਕਾਮ ਰੂਪੀ ਰੁੱਖ ਪੈਦਾ ਹੁੰਦਾ ਹੈ। ਕਾਮਨਾਵਾਂ ਉਸ ਨੂੰ ਪਾਣੀ ਦਿੰਦੀਆਂ ਹਨ, ਸ਼ੋਕ ਉਸ ਦੀਆਂ ਸਾਖਾਵਾਂ ਹਨ ਮੋਹ ਅਤੇ ਚਿੰਤਾ ਉਸ ਦੀਆਂ ਡਾਲੀਆਂ ਹਨ। ਭੈ ਉਸ ਦਾ ਅੰਕੁਰ ਹੈ, ਤ੍ਰਿਸ਼ਨਾ ਰੂਪੀ ਵੇਲਾਂ ਉਸ ਨਾਲ ਹਮੇਸ਼ਾਂ ਲਿਪਟੀਆਂ ਰਹਿੰਦੀਆਂ ਹਨ ਇਸ ਬ੍ਰਿਛ ਦੀ ਜੜ੍ਹ ਅਗਿਆਨਤਾ ਹੈ।[343]

ਨਾਰਦ ਅਨੁਸਾਰ ਕਾਮ ਹੀ ਕਰੋਧ, ਮੋਹ ਦਾ ਕਾਰਣ ਹੈ ਅੰਤ ਇਹ ਹੀ ਮਨੁੱਖ ਦੀ ਯਾਦ-ਸ਼ਕਤੀ ਅਤੇ

ਬੁੱਧੀ ਨੂੰ ਨਸ਼ਟ ਕਰਦਾ ਹੈ।[344] ਸ੍ਰੀ ਕ੍ਰਿਸ਼ਨ ਜੀ ਨੇ ਗੀਤਾ ਵਿਚ ਵਰਨਣ ਕੀਤਾ ਹੈ ਕਿ 'ਪੰਚ ਵਿਕਾਰਾਂ ਵਿਚੋਂ ਕਾਮ ਹੀ ਮਨੁੱਖ ਤੇ ਵਧੇਰੇ ਪ੍ਰਭਾਵੀ ਹੁੰਦਾ ਹੈ। ਉਨ੍ਹਾਂ ਨੇ ਦਸਿਆ ਹੈ ਕਿ ਰਜੋ ਗੁਣ ਤੋਂ ਉਤਪੰਨ ਇਹ ਕਾਮ ਹੀ ਕ੍ਰੋਧ ਹੈ। ਇਹ ਮਹਾਂਪਾਪੀ ਹੈ ਇਸ ਲਈ ਇਸ ਨੂੰ ਆਪਣਾ ਦੁਸ਼ਮਣ ਸਮਝਣਾ ਚਾਹੀਦਾ ਹੈ। ਗੀਤਾ ਵਿਚ ਵੀ ਵਰਨਣ ਹੈ ਕਿ ਕਾਮ ਤੋਂ ਕ੍ਰੋਧ, ਕ੍ਰੋਧ ਤੋਂ ਮੋਹ, ਮੋਹ ਨਾਲ ਯਾਦ ਸ਼ਕਤੀ ਦਾ ਨਾਸ਼ ਹੁੰਦਾ ਹੈ, ਜਿਸ ਨਾਲ ਬੁੱਧੀ ਦਾ ਨਾਸ਼ ਹੁੰਦਾ ਹੈ ਅਤੇ ਫਿਰ ਮਨੁੱਖ ਦਾ ਸਰਵਨਾਸ਼ ਹੁੰਦਾ ਹੈ।[346]

ਮਧਕਾਲੀਨ ਸੰਤਾਂ ਨੇ ਕਾਮ ਤੇ ਕਾਬੂ ਪਾਉਣ ਲਈ ਪਰਮਾਤਮਾ ਦੇ ਸ਼ੁਧ ਪ੍ਰੇਮ ਦੇ ਮਾਰਗ ਦੇ ਅਨੁਯਾਈ ਬਣਨ ਦੀ ਪ੍ਰੇਰਨਾ ਦਿਤੀ ਹੈ। ਜਦੋਂ ਮਨੁੱਖ ਦੇ ਮਨ ਵਿਚ ਪਵਿੱਤਰ ਪ੍ਰੇਮ ਪੈਦਾ ਹੋ ਜਾਂਦਾ ਹੈ ਤਾਂ ਛਿਨ ਭੰਗਰ ਪ੍ਰੇਮ ਵਲੋਂ ਉਹ ਆਪਣੇ ਆਪ ਬੇਮੁਖ ਹੋ ਜਾਂਦਾ ਹੈ:

1. ਧਨੁ ਦਾਰਾ ਸੀਹ ਰਹਹੁ ਲਪਟਾਨੇ, ਆਪਹੁ ਨਹਿੰ ਸੁਧ ਵਾਛਨ ਕੀ॥
ਜਨ ਰਵਿਦਾਸ ਤਿਯਾਗੀ ਜਗ ਆਸਾ, ਲਹਹੁ ਓਟ ਚਰਨਨ ਕੀ॥[347]

ਕ੍ਰੋਧ:- ਕ੍ਰੋਧ ਵੀ ਭਗਤੀ ਦੇ ਰਾਹ ਵਿਚ ਵੱਡੀ ਰੁਕਾਵਟ ਹੈ। ਕ੍ਰੋਧ ਵਿਚ ਮਨੁੱਖ ਕੁਕਰਮਾਂ ਵਿਚ ਫਸ ਜਾਂਦਾ ਹੈ। ਕ੍ਰੋਧ ਨਾਲ ਹੀ ਉਸਦੇ ਵਿਵੇਕ ਦਾ ਦੀਪ ਧੁੰਦਲਾ ਹੋ ਜਾਂਦਾ ਹੈ। ਇਸ ਤਰ੍ਹਾਂ ਅਗਿਆਨਤਾ ਵਿਚ ਉਹ ਸਦਗੁਣਾਂ ਦੀ ਥਾਂ ਜੀਵਨ ਦੀਆਂ ਗਲਤ ਕਦਰਾਂ ਕੀਮਤਾਂ ਵਿਚ ਪੈ ਕੇ ਦੁਲਭ ਜਨਮ ਨੂੰ 'ਨਿਰਾਰਥਕ ਬਣਾ ਲੈਂਦਾ ਹੈ। ਗੁਰੂ ਜੀ ਨੇ ਲਿਖਿਆ ਹੈ:

ਕਾਮ ਕ੍ਰੋਧ ਮੈਂ ਜਨਮ ਗੰਵਾਯੋ, ਸਾਧ ਸੰਗਤਿ ਮਿਲਿ ਰਾਮ ਨ ਗਾਯੋ ॥[348]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਕ੍ਰੋਧ ਵਿਚ ਮਨੁੱਖ ਆਪਣਾ ਜਨਮ ਵਿਅਰਥ ਗੁਆ ਦਿੰਦਾ ਹੈ। ਇਸ ਤਰ੍ਹਾਂ ਉਹ ਪ੍ਰਭੂ ਪਿਤਾ ਤੋਂ ਵੀ ਦੂਰ ਹੋ ਜਾਂਦਾ ਹੈ। ਅਤੇ ਸੰਸਾਰਿਕ ਜੀਵਨ ਵਿਚ ਵੀ ਆਪਣੇ ਗਲਤ ਕੰਮਾਂ ਸਦਕਾ ਆਪ ਵੀ ਤੰਗ ਹੁੰਦਾ ਹੈ ਅਤੇ ਦੂਸਰਿਆਂ ਦੀ ਭਾਵਨਾਵਾਂ ਨੂੰ ਵੀ ਠੇਸ ਪਹੁੰਚਾਂਦਾ ਹੈ। ਕ੍ਰੋਧ ਨਾਲ ਮਾਨਸਿਕ ਸੰਤੁਲਨ ਵੀ ਗੁਆਚ ਜਾਂਦਾ ਹੈ। ਇਸ ਤਰ੍ਹਾਂ ਸਾਧਕ ਧਿਆਨ ਭਗਤੀ ਵਿਚ ਵੀ ਅਧੂਰਾ ਰਹਿ ਜਾਂਦਾ ਹੈ।

ਲੋਭ:- ਸੰਸਾਰਿਕ ਵਸਤਾਂ ਦਾ ਮੋਹ ਪ੍ਰਭੂ ਭਗਤੀ ਦੇ ਰਾਹ ਵਿਚ ਵੱਡੀ ਰੁਕਾਵਟ ਬਣਦਾ ਹੈ। ਲੋਭ ਵਿਚ ਮਨੁੱਖ ਪ੍ਰਭੂ ਪ੍ਰੇਮ ਤੋਂ ਵਾਂਝਾ ਰਹਿ ਜਾਂਦਾ ਹੈ। ਲੋਭ ਕਿਸੇ ਵਸਤੂ ਦਾ ਵੀ ਹੋ ਸਕਦਾ ਹੈ। ਮਹਾਂਭਾਰਤ ਵਿਚ ਵਰਨਣ ਹੈ ਕਿ ਲੋਭ ਨਾਲ ਬੁੱਧੀ ਦਾ ਨਾਸ਼ ਹੋ ਜਾਂਦਾ ਹੈ ਅਤੇ ਇਸ ਨਾਲ ਸਮਸਤ ਸਦਗੁਣ ਨਸ਼ਟ ਹੋ ਜਾਂਦੇ ਹਨ।[349] ਲੋਭ ਵਿਚ ਹੀ ਮਨੁੱਖ ਦੇ ਮਨ ਵਿਚ ਅਨੇਕਾਂ ਤ੍ਰਿਸ਼ਨਾਵਾਂ ਪੈਦਾ ਹੁੰਦੀਆਂ ਹਨ ਤੇ ਭਟਕਨ ਵਧਦੀ ਹੈ। ਇਸ ਤਰ੍ਹਾਂ ਲੋਭ ਵਿਚ ਮਨੁੱਖ ਦੁਸ਼ਕਰਮ ਕਰਦਾ ਹੈ। ਲੋਭ ਦੀਆਂ ਤਰੰਗਾਂ ਮਨ ਮਛਲੀ ਨੂੰ ਸੰਸਾਰ ਭੌ-ਸਾਗਰ ਵਿਚ ਡੁੱਬਾ ਦਿੰਦੀਆਂ ਹਨ।

ਲੋਭ ਤਰੰਗ ਮੋਹ ਭਯੋ ਗਾਲੋ, ਮਨ ਮੋਨ ਭਯੋ ਜਲ ਲੀਨਾ ॥[350]

ਮੋਹ:- ਸੰਸਾਰਿਕ ਮੋਹ ਵੀ ਭਗਤੀ-ਮਾਰਗ ਵਿਚ ਧਿਆਨ ਨੂੰ ਵਿਚਲਿਤ ਕਰਦਾ ਹੈ। ਮੋਹ ਤਾਂ ਇਕ ਹੀ ਹੈ ਇਸ ਦਾ ਸਰੂਪ ਵੀ ਪਵਿੱਤਰ ਹੈ ਪਰੰਤੂ ਅਸੀਂ ਮੋਹ ਨੂੰ ਸੰਸਾਰਿਕ ਰਿਸ਼ਤੇ ਨਾਤਿਆਂ ਦਾ ਪਲੇਥਣ ਲਾ ਕੇ ਇਸ ਦੇ ਅਸਲੀ ਸਰੂਪ ਨੂੰ ਧੁੰਦਲਾ ਕਰ ਦਿੰਦੇ ਹਾਂ। ਪ੍ਰਭੂ ਪ੍ਰੇਮ ਦੀ ਕਿਰਨ ਨੂੰ ਅਸੀਂ ਸਭ ਵਿਚ ਨਹੀਂ ਵੇਖਦੇ ਸਗੋਂ ਇਸ ਨੂੰ ਦੁਨਿਆਵੀ ਰੰਗਣ ਦੇਣ ਦੀ ਚੇਸ਼ਟਾ ਕਰਦੇ ਹਾਂ ਇਸ ਤਰ੍ਹਾਂ ਦਾ ਮੋਹ ਮਨੁੱਖ ਨੂੰ ਵਾਸਤਵਿਕਤਾ ਤੋਂ ਦੂਰ ਲੈ ਜਾਂਦਾ ਹੈ। ਗੁਰੂ ਜੀ ਅਨੁਸਾਰ ਸਾਰਾ ਸੰਸਾਰ ਮੋਹ ਦੇ ਕਾਰਨ ਵਿਆਕੁਲ ਹੈ ਪਰ ਉਸਨੇ ਬਿਖਮ ਸਾਗਰ ਨੂੰ ਵੀ ਪਾਰ ਕਰਨਾ ਹੈ :

ਬਿਖਮ ਸੰਸਾਰ ਭੌ ਲਹਿਰ ਵਯਾਕੁਲ ਹੋਵ,
ਮੋਹ ਗੁਨ ਵਿਸ਼ੈ ਸਨਬੰਧ ਭੂਤਾ ॥ [351]

ਹੰਕਾਰ:- ਹਉਮੈ ਦੀ ਭਾਵਨਾ ਵੀ ਭਗਤੀ -ਸਾਧਨਾ -ਮਾਰਗ ਵਿਚ ਵਡੀ ਰੁਕਾਵਟ ਹੈ। ਹਉਮੈ ਬਲੇ ਚੜਿਆ ਮਨੁੱਖ ਗਿਆਨ ਪ੍ਰਾਪਤ ਕਰਨ ਤੋਂ ਇਨਕਾਰੀ ਹੋ ਜਾਂਦਾ ਹੈ। ਹੰਕਾਰ ਵਿਚ ਮੱਤਾ ਮਨੁੱਖ ਕਈ ਗਲਤ ਕਰਮ ਕਰਦਾ ਹੈ। ਉਹ ਕੌੜੇ ਬਚਨਾ ਮਨ ਅਤੇ ਕਰਮਾਂ ਰਾਹੀਂ ਕਰਮ ਬੰਧਨ ਵਿਚ ਫਸ ਜਾਂਦਾ ਹੈ। ਹੰਕਾਰ ਕਾਰਨ ਪ੍ਰਭੂ ਦੀ ਕਿਰਪਾ ਨੂੰ ਵੀ ਪ੍ਰਾਪਤ ਨਹੀਂ ਕਰ ਸਕਦਾ। ਇਸ ਤਰ੍ਹਾਂ ਉਹ ਗਿਆਨ, ਕਰਮ ਅਤੇ ਭਗਤੀ ਸਾਧਨਾ-ਮਾਰਗ ਤੋਂ ਲਾਂਭੇ ਰਹਿ ਜਾਂਦਾ ਹੈ ਉਸ ਲਈ ਦੁਨਿਆਵੀ ਰਾਹ ਵਿਚ ਬਿਖੜਾ ਬਣ ਜਾਂਦਾ ਹੈ। ਇਸ ਤਰ੍ਹਾਂ ਉਹ ਹਉਮੈ ਵਿਚ ਆਪਾ ਤਬਾਹ ਕਰ ਲੈਂਦਾ ਹੈ :

ਕਹਿ ਰਵਿਦਾਸ ਹੌਮੈ ਜਗ ਪਾਜਾ ॥
ਜਯੋਂ ਨਲਿਨੀ ਭੂ ਸੁਵਾ ॥[352]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਵਿਸ਼ੈ ਵਿਕਾਰ ਹੀ ਮਨੁੱਖ ਨੂੰ ਅਸਲੀ ਰਾਹੋਂ ਕੁਰਾਹੇ ਪਾਉਂਦੇ ਹਨ। ਇਨ੍ਹਾਂ ਤੋਂ ਛੁਟਕਾਰਾ ਕੇਵਲ ਹਰੀ ਚਰਨਾਂ ਜਾਂ ਗੁਰੂ ਦੇ ਚਰਨਾਂ ਵਿਚ ਜਾਣ ਨਾਲ ਹੀ ਹੁੰਦਾ ਹੈ:

ਕਾਮ ਕ੍ਰੋਧ ਹੰਕਾਰ ਨਿਵਾਰਹੁ ਤ੍ਰਿਸਨਾ ਤਯਾਗਹੁ ਸੰਤ ਜਨਾ ।।
ਕਹਿ ਰਵਿਦਾਸ ਭਈ ਸੀਤਲ ਕਾਯਾ, ਜਯੋ ਹੀ ਲਾਗੀ ਗੁਰ ਚਰਨਾ॥[353]

ਸਮੁੱਚੇ ਭਗਤੀ ਅਧਿਐਨ ਉਪਰੰਤ ਅਸੀਂ ਗੁਰੂ ਰਵਿਦਾਸ ਜੀ ਦੇ ਸਾਧਨਾ ਮਾਰਗ ਸੰਬੰਧੀ ਵਿਚਾਰ ਕਰਾਂਗੇ। ਉਪਰ ਅਸੀਂ ਵੇਖ ਚੁੱਕੇ ਹਾਂ ਕਿ ਗੁਰੂ ਰਵਿਦਾਸ ਬਾਣੀ ਵਿਚ ਗਿਆਨ ਕਰਮ ਯੋਗ ਅਤੇ ਭਗਤੀ ਮਾਰਗ ਦੇ ਦਰਸ਼ਨ ਹੁੰਦੇ ਹਨ ਹੁਣ ਅਸੀਂ ਵੇਖਾਂਗੇ ਕਿ ਉਨ੍ਹਾਂ ਦੇ ਸਾਧਨਾ-ਮਾਰਗ ਨੂੰ ਕਿਹੜਾ ਨਾਮ ਦਿੱਤਾ ਜਾਵੇ।

## ਗੁਰੂ ਰਵਿਦਾਸ ਜੀ ਦਾ ਸਾਧਨਾ -ਮਾਰਗ:

### ਸਹਿਜ -ਮਾਰਗ

ਗੁਰੂ ਰਵਿਦਾਸ ਜੀ ਦੀ ਬਾਣੀ ਤੋਂ ਉਨ੍ਹਾਂ ਦਾ ਭਗਤੀ ਸਾਧਨਾ-ਮਾਰਗ ਸੰਬੰਧੀ ਝੁਕਾ ਸਪੱਸ਼ਟ ਦ੍ਰਿਸ਼ਟੀਗਤ ਹੁੰਦਾ ਹੈ। ਉਨ੍ਹਾਂ ਨੇ ਕਰਮਾਂ ਨੂੰ ਗਿਆਨ ਪ੍ਰਾਪਤੀ ਦੇ ਸਾਧਨ ਵਜੋਂ ਸਵੀਕਾਰ ਕੀਤਾ ਹੈ। ਭਾਵ ਕਰਮਾਂ ਦੇ ਮਹੱਤਵ ਨੂੰ ਵੀ ਪ੍ਰਵਾਨ ਕੀਤਾ ਹੈ ਅਤੇ ਨਾਲ ਹੀ ਇਹ ਵੀ ਦਸਿਆ ਹੈ ਕਿ ਗਿਆਨ ਨੂੰ ਸਹਿਜ ਭਾਵ ਨਾਲ ਪ੍ਰਾਪਤ ਕਰਨ ਲਈ ਕਰਮ-ਮਾਰਗ ਵੀ ਜ਼ਰੂਰੀ ਹੈ। ਇਸ ਤਰ੍ਹਾਂ ਪਹਿਲਾਂ ਕਰਮ-ਮਾਰਗ ਤੇ ਫਿਰ ਇਸ ਤੋਂ ਗਿਆਨ ਦੀ ਮੰਜ਼ਿਲ ਪ੍ਰਾਪਤ ਹੁੰਦੀ ਹੈ। ਸਦਾਚਾਰ ਜਿਸ ਦਾ ਵਰਨਣ ਚੌਥੇ ਅਧਿਆਇ ਵਿਚ ਕੀਤਾ ਗਿਆ ਹੈ ਉਸ ਨੂੰ ਵੀ ਉਹਨਾਂ ਨੇ ਭਗਤੀ ਦਾ ਜ਼ਰੂਰੀ ਅੰਗ ਸਵੀਕਾਰ ਕੀਤਾ ਹੈ ਪਰੰਤੂ ਇਨ੍ਹਾਂ ਸਭ ਤੋਂ ਵੱਖ ਅਤੇ ਅਨੂਪਮ ਪ੍ਰਕ੍ਰਿਤੀ ਭਗਤੀ ਦੀ ਹੈ। ਉਹ ਲਿਖਦੇ ਹਨ:

ਕਰਣੀ ਕਥਨੀ ਗਿਆਨ ਆਚਾਰਾ ਭਗਤੀ ਇਨਹੂੰ ਸੇ ਨਿਆਰੀ ॥[354]

ਇਸ ਤੋਂ ਸਪੱਸ਼ਟ ਹੈ ਕਿ ਕਰਮਦਵਾਰ ਭਗਤੀ-ਸਾਧਨਾ -ਮਾਰਗ ਦੇ ਪੈਂਡੇ ਤਹਿ ਕਰਦਾ ਸਾਧਕ ਅੰਤ ਨੂੰ ਭਗਤੀ ਮਾਰਗ ਨੂੰ ਘੁੱਟ ਕੇ ਫੜ ਲੈਂਦਾ ਹੈ ਕਿਉਂਕਿ ਇਸ ਵਿਚ ਦੂਜੇ ਮਾਰਗਾਂ ਨੂੰ ਸਮਾਉਣ ਦੀ ਸ਼ਕਤੀ ਹੈ। ਭਗਤ ਕੇਵਲ ਭਗਤੀ-ਮਾਰਗ ਨੂੰ ਅੰਤਿਮ ਮਾਰਗ ਸਵੀਕਾਰ ਕਰਦੇ ਹਨ ਦੂਜੇ ਮਾਰਗਾਂ ਤਾਂ ਕੇਵਲ ਇਸ ਤੇ ਪਹੁੰਚਣ ਲਈ ਸਹਾਇਕ ਪਗਡੰਡੀਆਂ ਹਨ। ਕਿਉਂਕਿ ਸਾਧਕ ਦੂਜੇ ਮਾਰਗਾਂ ਦੇ ਪੈਂਡੇ ਤਹਿ ਕਰਦਾ ਹੋਇਆ ਭਗਤੀ-ਸਾਧਨਾ -ਮਾਰਗ ਤੇ ਪਹੁੰਚਦਾ ਹੈ। ਇਸ ਲਈ ਉਸਦਾ ਪਹੁੰਚ ਤਰੀਕਾ ਵੀ ਸਹਿਜ ਭਾਵ ਵਾਲਾ ਹੁੰਦਾ ਹੈ। ਇਸ ਲਈ ਭਗਤੀ ਮਾਰਗ ਹੀ ਅਸਲ ਵਿਚ ਸਹਿਜ ਮਾਰਗ ਹੈ।

ਡਾ. ਗੋਬਿੰਦ ਤ੍ਰਿਗੁਣਾਯਤ ਦੇ ਅਨੁਸਾਰ ਤਿੰਨ ਸਾਧਨਾਵਾਂ ਗਿਆਨਯੋਗ ਭਗਤੀ ਦੇ ਸਮਨਵੈ ਅਤੇ ਸਹਿਜੀਕਰਣ ਕਰਕੇ ਇਕ ਨਵਾਂ ਸਾਧਨਾ ਮਾਰਗ ਸ਼ੁਰੂ ਹੋਇਆ ਜਿਸ ਨੂੰ ਸਹਿਜ-ਸਾਧਨਾ ਕਹਿੰਦੇ ਹਨ।[355] ਗੁਰੂ ਰਵਿਦਾਸ ਜੀ ਬਾਣੀ ਵਿਚ ਗਿਆਨ ਯੋਗ ਅਤੇ ਭਗਤੀ ਕਰਮ ਦੇ ਨਾਲ ਸਹਿਜ ਦਾ ਵੀ ਸੁਮੇਲ ਹੈ ਇਸ ਲਈ ਆਪਦਾ ਸਾਧਨਾ ਮਾਰਗ ਅਸਲੀ ਅਰਥਾਂ ਵਿਚ ਸਹਿਜ ਮਾਰਗ ਹੈ। ਜੋ ਗਿਆਨ ਰੂਪੀ ਫਲ ਕਰਮ ਮਾਰਗ ਦੇ ਖਿੜੇ ਫੁਲਾਂ ਤੋਂ ਪ੍ਰਾਪਤ ਹੋਇਆ ਉਸ ਸੰਬੰਧੀ ਵੀ ਉਹ ਅਗੇ ਜਾ ਕੇ ਲਿਖਦੇ ਹਨ:

1. ਪਹਿਲੇ ਗਿਆਨ ਦਾ ਕੀਆ ਚਾਂਦਿਨਾ, ਪੀਛੈ ਦੀਆ ਬੁਝਾਈ ॥<br>ਸੁੰਨਿ ਸਹਿਜ ਮੈਂ ਦੋਊ ਤਿਆਗੇ, ਰਾਮ ਕਹ ਨਾ ਖੁਦਾਈ ॥[356]

2. ਕਹੈ ਰਵਿਦਾਸ ਵਿਮਲ ਬਮੇਕ, ਸੁਖ ਸਹਜ ਸਰੂਪ ਸੰਭਾਰਾ ॥[357]

ਇਹ ਤਾਂ ਸੀ ਸਹਿਜ ਵਿਚ ਗਿਆਨ ਤੇ ਕਰਮ ਦਾ ਸੰਯੋਗ ਅਤੇ ਵਿਯੋਗ ਜਾਂ ਸਥਾਪਨ ਅਤੇ ਵਿਸਥਾਪਨ। ਸਹਿਜ ਮਾਰਗ ਵਿਚ ਯੋਗ-ਮਾਰਗ ਦੀ ਹੋਂਦ ਵੀ ਅਣਹੋਂਦ ਵਰਗੀ ਹੈ। ਯੋਗ ਦੀ ਹਠ-ਸਾਧਨਾ ਪ੍ਰਭੂ ਕਿਰਪਾ ਨਾਲ ਸਹਿਜ ਸਮਾਧੀ ਦਾ ਰੂਪ ਧਾਰਨ ਕਰ ਲੈਂਦੀ ਹੈ। ਇਸ ਲਈ ਸਹਿਜ ਵਿਚ ਕੇਵਲ ਸਹਿਜਯੋਗ ਜਿਸ ਦਾ ਪਹਿਲਾਂ ਵਰਨਣ ਹੋ ਚੁੱਕਾ ਹੈ, ਦਾ ਹੀ ਅਦ੍ਰਿਸ਼ਟ ਯੋਗ ਹੁੰਦਾ ਹੈ। ਸਹਿਜ ਮਾਰਗ ਵਿਚ ਗਿਆਨ ਕਰਮ ਅਤੇ ਯੋਗ ਦੀ ਵਿਚਿੱਤਰ ਜਿਹੀ ਹੋਂਦ-ਅਣਹੋਂਦ ਨਾਲ ਨਾਮ ਜਾਂ ਸ਼ਬਦ ਸੁਰਤਿ ਯੋਗ ਦੀ ਹੋਂਦ ਪ੍ਰਮੁੱਖ ਰੂਪ ਵਿਚ ਹੁੰਦੀ ਹੈ। ਉਪਰੋਕਤ ਤੱਥ ਦੀ ਪੁਸ਼ਟੀ ਗੁਰੂ ਜੀ ਦੀਆਂ ਨਿਮਨ ਪੰਕਤੀਆਂ ਤੋਂ ਹੁੰਦੀ ਹੈ:

1. ਸਹਜ ਸਮਾਧਿ ਉਪਾਧਿ ਰਹਤ ਫੁਨਿ ॥
ਬਡੈ ਭਾਗਿ ਲਿਵ ਲਾਗੀ ॥[358]

2. ਭਣਤ ਰਵਿਦਾਸ ਰੰਕਾਰ ਗੁਣ ਗਾਵਤ
ਸੰਤ ਸਾਧੂ ਭਏ ਸਹਿਜ ਪਾਰ ॥[359]

3. ਹਉ ਬਨਜਾਰੋ ਰਾਮ ਕੋ, ਸਹਜ ਕਰਉ ਬਾਪਾਰ ॥
ਮੈਂ ਰਾਮ ਨਾਮ ਧਨੁ ਲਾਦਿਆ, ਬਿਖਲਾਦੀ ਸੰਸਾਰਿ ॥[360]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਰਵਿਦਾਸ ਜੀ ਦੇ ਸਹਿਜ ਮਾਰਗ ਵਿਚ ਕਰਮ ਗਿਆਨ ਅਤੇ ਯੋਗ ਦਾ ਇਕ ਅਨੂਪਮ ਜਿਹਾ ਸੁਮੇਲ ਹੈ। ਇਸ ਤੋਂ ਇਕ ਸਹਿਜ-ਮਾਰਗ ਰੂਪੀ ਸੰਗਮ ਪ੍ਰਾਪਤ ਹੁੰਦਾ ਹੈ। ਹੁਣ ਅਸਾਂ ਗੁਰੂ ਰਵਿਦਾਸ ਜੀ ਦੇ ਸਹਿਜ ਮਾਰਗ ਦੇ ਵਿਸ਼ੇਸ਼ ਤੱਥਾਂ ਨੂੰ ਘੋਖਣ ਦਾ ਉਪਰਾਲਾ ਕਰਾਂਗੇ। ਜਿਸ ਤੋਂ ਉਨ੍ਹਾਂ ਦੀ ਮੌਲਿਕਤਾ ਬਾਰੇ ਕੁਝ ਪਤਾ ਚਲੇ। ਗੁਰੂ ਰਵਿਦਾਸ ਜੀ ਦੇ ਸਹਿਜ ਮਾਰਗ ਦੀ ਗਹਿਰਾਈਆਂ ਉਨ੍ਹਾਂ ਦੀ ਬਾਣੀ ਵਿਚੋਂ ਸਪੱਸ਼ਟ ਦਿਸਦੀਆਂ ਹਨ ਜਿਸ ਤੋਂ ਪਤਾ ਲਗਦਾ ਹੈ ਕਿ ਉਨ੍ਹਾਂ ਦਾ ਸਾਧਨਾ-ਮਾਰਗ ਸਹਿਜ ਭਗਤੀ ਮਾਰਗ ਸੀ।

ਗੁਰੂ ਰਵਿਦਾਸ ਜੀ ਅਨੁਸਾਰ ਸਹਿਜ ਸਾਧਨਾ ਤੋਂ ਬਿਨਾਂ ਮਨੁੱਖ ਨੂੰ ਸਿੱਧੀ ਪ੍ਰਾਪਤ ਨਹੀਂ ਹੋ ਸਕਦੀ। ਇਸ ਲਈ ਮਨੁੱਖ ਨੂੰ ਸਹਿਜ ਭਾਵ ਨਾਲ ਭਗਤੀ ਕਰਨੀ ਪੈਂਦੀ ਹੈ। ਇਕ ਇਕ ਦੋ ਪਲ ਲਈ ਕਠਨ ਸਾਧਨਾ ਕਰਨਾ ਪ੍ਰਭੂ ਪ੍ਰਾਪਤੀ ਦਾ ਸਾਧਨ ਨਹੀਂ। ਸਿੱਧੀ ਤਾਂ ਪਰਮਾਤਮ ਵਿਚ ਸਦੀਵੀ ਲੀਨਤਾ ਹੈ। ਇਸ ਦੀ ਪ੍ਰਾਪਤੀ ਕੇਵਲ ਕੀਟ ਭ੍ਰਿੰਗੀ ੦ ਵਾਂਗ ਰਿਸ਼ਤਾ ਸਥਾਪਿਤ ਕਰਨ ਨਾਲ ਹੁੰਦੀ ਹੈ। ਨਾਰਦ ਭਗਤੀ ਸੂਤਰ ਵਿਚ ਵੀ ਕੀਟ ਭ੍ਰਿੰਗੀ ਦਾ ਵਰਨਣ ਆਉਂਦਾ ਹੈ। ਭ੍ਰਿੰਗੀ ਕੀਟ ਦੇ ਵਿਸ਼ੇ ਵਿਚ ਇਹ ਪ੍ਰਸਿੱਧ ਹੈ ਕਿ ਉਹ ਜਿਸ ਕੀੜੇ ਨੂੰ ਅਪਨਾਉਂਦਾ ਹੈ ਉਸਦੇ ਚਾਰੋਂ ਤਰਫ ਚੱਕਰ ਕਟਦਾ ਹੈ ਤਾਂ ਉਹ ਕੀੜਾ ਵੀ ਭ੍ਰਿੰਗੀ ਰੂਪ ਹੋ ਜਾਂਦਾ ਹੈ। ਜੀਵ ਤੇ ਬ੍ਰਹਮ ਦਾ ਇਕ ਹੋਣਾ ਵੇਦਾਂਤੀਆਂ ਨੇ ਭ੍ਰਿੰਗੀ ਕੀਟ ਨਿਆਂ ਕਿਹਾ ਹੈ। ਸਹਿਜ ਮਾਰਗ

ਤੇ ਚਲਦਿਆਂ ਹੀ ਭ੍ਰਿੰਗੀ ਕੀਟ ਵਾਲਾ ਮਿਲਾਪ ਹੁੰਦਾ ਹੈ:

ਭਾਈ ਰੇ ਸਹਿਜ ਬੰਦੋ ਸੋਈ, ਬਿਨ ਸਹਿਜ ਸਿੱਧ ਨ ਹੋਈ ॥
ਲਧੋ ਲੀਨ ਮਨ ਤਬ ਜਾਨਿਏ, ਜਬ ਕੀਟ ਭ੍ਰਿੰਗੀ ਹੋਈ ॥
ਰਵਿਦਾਸ ਦਾਸ ਅਜਾਨ ਹੈਵ ਕਹਿ, ਰਹਿਓ ਸਜਹ ਸਮਾਈ ॥[361]

ਗੁਰੂ ਰਵਿਦਾਸ ਜੀ ਅਨੁਸਾਰ ਸਹਜ ਭਾਵ ਨਾਲ ਕੀਤੀ ਭਗਤੀ ਹੀ ਸੱਚੀ ਭਗਤੀ ਹੈ। ਡਾ. ਗੋਬਿੰਦ ਤ੍ਰਿਗੁਣਾਯਤ ਨੇ ਵੀ ਸੰਤ ਪਰੰਪਰਾ ਲਈ ਕਿਹਾ ਹੈ ਕਿ ਸੰਤਾਂ ਨੇ ਕਰਮ ਮਾਰਗ ਦਾ ਸਹਜੀਕਰਣ ਸਹਿਜ ਰੂਪ ਵਿਚ ਕੀਤਾ ਹੈ। ਪਾਖੰਡਾਂ ਭਰਪੂਰ ਬਾਹਰੀ ਆਚਾਰਾਂ ਪ੍ਰਤੀ ਉਨ੍ਹਾਂ ਨੂੰ ਨਫਰਤ ਸੀ।[362]

1. ਜੋਈ ਜੋਈ ਪੂਜਿਏ ਸੋਈ ਸੋਈ ਕਾਚੀ
ਸਹਜ ਭਾਵ ਸਤਿ ਹੋਇ ॥[363]

2. ਤੋਰੋ ਨਾ ਪਾਤੀ ਪੂਜੋ ਨਾ ਦੇਵ, ਸਹਜ ਸਮਾਧਿ ਕਰੂੰ ਹਰਿ ਸੇਵਾ॥[364]

ਭਗਤੀ-ਸਹਿਜ ਦਾ ਮਾਰਗ ਹੈ ਇਸ ਤੇ ਚਲਦੇ ਸਾਧਕ ਨੂੰ ਕਠਨ ਤਪੱਸਿਆ ਨਹੀਂ ਕਰਨੀ ਪੈਂਦੀ। ਮਨੋਵਿਗਿਆਨ ਦਾ ਵੀ ਸਿਧਾਂਤ ਹੈ ਕਿ ਸਹਿਜ ਭਾਵ ਨਾਲ ਸਥਾਈ ਜਾਣਕਾਰੀ ਹੁੰਦੀ ਹੈ। ਸਹਿਜ ਭਾਵ ਦੀ ਭਗਤੀ ਨਾਲ ਹੀ ਭਗਤੀ ਦੇ ਖੇਤਰ ਵਿਚ ਪਰਿਪੱਕਤਾ ਆਉਂਦਾ ਹੈ:

ਸੋਈ ਸਹਿਜ ਮਿਲਉ ਸੋਈ ਸਨਮੁਖ
ਕਹੈ ਰਵਿਦਾਸ ਬਡਾਈ ॥[365]

ਗੁਰੂ ਰਵਿਦਾਸ ਜੀ ਸਹਿਜ ਦੇ ਵਣਜਾਰੇ ਸਨ। ਉਨ੍ਹਾਂ ਦਾ ਬ੍ਰਹਮ ਵੀ ਸਹਿਜ ਸੁਨਿ ਹੈ ਅਤੇ ਉਹ ਸਹਿਜ ਮੰਡਲ ਦਾ ਵਾਸੀ ਹੈ। ਉਨ੍ਹਾਂ ਦਾ ਬ੍ਰਹਮ ਨਾ ਕੇਵਲ ਕ੍ਰਿਸ਼ਨ ਸੀ ਅਤੇ ਨਾ ਹੀ ਰਾਮ ਜਾਂ ਕਰੀਮ। ਉਨ੍ਹਾਂ ਦਾ ਬ੍ਰਹਮ ਸਹਿਜ ਸਰੂਪ ਵਾਲਾ ਹੈ ਜੋ ਧਰਤੀ ਦੇ ਕਣ ਕਣ ਵਿਚ ਜੋਤਿ ਸਰੂਪ ਦੇ ਰੂਪ ਵਿਚ ਵਿਦਮਾਨ ਹੈ। ਉਹ ਵੇਦ ਕਤੇਬ ਅਤੇ ਕੁਰਾਨ ਵਿਚ ਵੀ ਇਕ ਸਹਿਜ ਸਰੂਪ ਵਿਚ ਹਾਜ਼ਰ ਹਜ਼ੂਰ ਹੁੰਦਾ ਹੈ ਪਰੰਤੂ ਗੁਰੂ ਜੀ ਅਨੁਸਾਰ ਉਸ ਸਹਿਜ [illegible] ਨੂੰ ਕਿਸੇ ਨੇ ਇਸ ਰੂਪ ਵਿਚ ਨਹੀਂ ਵੇਖਿਆ ਚਾਹੇ ਸਹਿਜ ਦਾ ਹੋਕਾ ਕਈਆਂ ਨੇ ਲਾਇਆ ਹੈ।

1. ਹਉ ਬਨਜਾਰੋ ਰਾਮ ਕੋ ਸਹਜ ਕਰਉ ਬਾਪਾਰ ॥[366]

2. ਕ੍ਰਿਸ਼ਨ ਕਰੀਮ ਰਾਮ ਹਰਿ ਰਾਘਵ, ਜਬ ਲਗ ਏਕੋ ਏਕੋ ਨਹੀਂ ਪੇਖਿਆ ॥
ਵੇਦ ਕਤੇਬ ਕੁਰਾਨ ਪੁਰਾਨਨ ਸਹਿਜ ਏਕ ਨਹੀਂ ਦੇਖਿਆ ॥[367]

ਗੁਰੂ ਰਵਿਦਾਸ ਜੀ ਦਾ ਸਹਿਜ ਮਾਰਗ ਰਹੱਸ ਪੂਰਣ ਅਤੇ ਸੰਪੂਰਨ ਸਾਧਨਾ ਮਾਰਗ

ਹੈ। ਇਹ ਮਾਰਗ ਪ੍ਰਭੂ ਦੇ ਸਹਿਜ ਸਰੂਪ ਵਾਂਗੂੰ ਅਤੇ ਜੀਵ ਅਤੇ ਪ੍ਰਭੂ ਦੀ ਇਕਮਿਕਤਾ ਵਾਂਗੂੰ ਸਦੀਵੀ ਅਤੇ ਅਮਰ ਹੈ। ਇਸ ਦਾ 'ਸਹਿਜ' ਤਾਂ ਮਨੁੱਖ ਨੂੰ ਇਕ ਪਲ ਜਾਂ ਛਿਨ ਲਈ ਪ੍ਰਭੂ ਤੋਂ ਬੇਮੁਖ ਨਹੀਂ ਕਰਦਾ। ਇਸ ਮਾਰਗ ਤੇ ਤੁਰਿਆ ਸਾਧਕ ਪਰਮਾਨੰਦ ਅਤੇ ਅਮਰਪਦ ਨੂੰ ਪ੍ਰਾਪਤ ਹੁੰਦਾ ਹੈ:

1. ਕਾ ਗਾਉ ਕਛੂ ਗਾਈ ਨ ਹੋਈ, ਗਾਉ ਸਹਿਜੇ ਸੋਈ ॥
ਕਹਿ ਮਤ ਬੇਦ ਕਤੇਬ ਪੁਰਾਨਿਨ, ਸੁਨਿ ਸਹਜ ਰੇ ਭਾਈ ॥[368]

2. ਬੀਦ ਸੁਰ ਦੇਉ ਸਨਮੁਖ ਹੋਈ, ਪੀਵੈ ਪਿਆਲਾ ਮਰੈ ਨਾ ਕੋਈ ॥
ਸਹਜ ਸੁੰਨਿ ਮੈਂ ਭਾਟੀ ਸਰਵੈ, ਰਵਿਦਾਸ ਗੁਰਮੁਖ ਦੂਵੈ ॥[369]

ਗੁਰੂ ਰਵਿਦਾਸ ਲਈ ਇਹ ਅੰਤਿਮ ਸਾਧਨਾ ਮਾਰਗ ਹੈ। ਉਹ ਸਪੱਸ਼ਟ ਲਿਖਦੇ ਹਨ:

ਕਹਿ ਰਵਿਦਾਸ ਸਹਜ ਸੁੰਨਿ ਸਤਿ,
ਜੀਵਨ ਮੁਕਤੀ ਨਿਧੀ ਪਾਈ ॥[370]

ਗੁਰੂ ਰਵਿਦਾਸ ਜੀ ਦੀ ਸਮੁੱਚੀ ਬਾਣੀ ਸਹਿਜ ਭਾਵ ਨਾਲ ਓਤਪ੍ਰੋਤ ਹੈ। ਕਥਨੀ ਅਤੇ ਕਰਨੀ ਵਿਚ ਸੁਮੇਲ ਹੀ ਉਨ੍ਹਾਂ ਦੇ ਸਹਿਜ ਮਾਰਗ ਦਾ ਮਹੱਤਵ ਪੂਰਣ ਪੱਖ ਹੈ। ਉਨ੍ਹਾਂ ਨੇ ਗੰਭੀਰ ਸਥਿਤੀਆਂ ਵਿਚ ਵੀ ਸਹਿਜ ਦਾ ਪਲਾ ਨਹੀਂ ਛੱਡਿਆ ਹੈ। ਉਨ੍ਹਾਂ ਦਾ ਵਿਅਕਤਿਤਵ ਅਤੇ ਕਰਤਿਤਵ ਦੋਵੇਂ ਹੀ ਇਸ ਦੀ ਸਾਖੀ ਭਰਦੇ ਹਨ। ਅਸਲ ਵਿਚ ਵਿਚ ਉਨ੍ਹਾਂ ਦੀ ਬਾਣੀ ਉਨ੍ਹਾਂ ਦੇ ਅਨੁਭਵ ਅਤੇ ਅਨੁਭੂਤੀ ਦੀ ਉਪਜ ਹੈ। ਉਨ੍ਹਾਂ ਨੇ ਸਮੁੱਚੇ ਸਾਧਨਾ-ਮਾਰਗਾਂ ਨੂੰ ਅਨੁਭਵ ਦੀ ਕਸੌਟੀ ਤੇ ਪਰਖਿਆ ਅਤੇ ਬਾਅਦ ਵਿਚ ਆਪਣਾ ਭਗਤੀ ਮਾਰਗ ਨਿਰਧਾਰਿਤ ਕੀਤਾ ਹੈ। ਇਸ ਲਈ ਹੀ ਆਪ ਦੀ ਭਗਤੀ ਸਰਲ ਅਤੇ ਸਹਿਜ ਹੈ ਜਿਸ ਵਿਚ ਨਾ ਤਾਂ ਜੋਗ ਮਾਰਗ ਦੀ ਜਟਿਲਤਾ ਹੀ ਦਿਸਦੀ ਹੈ ਅਤੇ ਨਾ ਹੀ ਭਗਤੀ ਦੀ ਸ਼ਾਸਤਰੀ ਪੱਧਤੀ ਦਾ ਅਨੁਕਰਣ ਅਤੇ ਨਾਹੀ ਇਸ ਦਾ ਵਿਧੀ ਵਿਧਾਨ। ਇਹ ਅਸਲ ਵਿਚ ਰਹੱਸ ਭਰੀ ਸਹਿਜ ਸਾਧਨਾ ਹੈ। ਇਤਨਾ ਹੀ ਨਹੀਂ ਇਸ ਵਿਚ ਇਕ ਹੋਰ ਵਿਲੱਖਣ ਤੱਤ ਵੀ ਮੌਜੂਦ ਹੈ। ਉਹ ਹੈ ਸਤਿ ਦਾ।

ਸਤਿ -ਮਾਰਗ:

ਮਧਕਾਲੀਨ ਸੰਤਾਂ ਨੂੰ ਦਾਰਸ਼ਨਿਕ ਗੁੰਝਲਾਂ ਨਾਲ ਕੋਈ ਸਰੋਕਾਰ ਨਹੀਂ ਸੀ, ਤੱਤ-ਮੀਮਾਂਸਾ ਲਈ ਉਹ ਭਟਕਦੇ ਨਹੀਂ ਸਨ। ਉਹ ਦਰਸ਼ਨ ਦੀਆਂ ਗੁੰਝਲਾਂ ਵਿਚ ਪੈਦਾ ਹੋਏ ਵਾਲ ਦੀ ਖੱਲ ਉਤਾਰਨ ਵਿਚ ਵਿਸ਼ਵਾਸ ਨਹੀਂ ਸਨ ਰਖਦੇ। ਅਨੁਭਵ ਆਸਰੇ ਸਿੱਧੀ ਸਾਦੀ ਗਲ, ਸਰਲ ਢੰਗ ਨਾਲ ਅਤੇ ਮੌਜ ਵਿਚ ਆ ਕੇ ਕਈ ਵਾਰ ਉਲਟ-ਪੁਲਟ ਵੀ ਕਹਿ ਦਿੰਦੇ ਸਨ। ਇਕੋ ਪਰਮ-ਤੱਤ ਨੂੰ ਕਦੇ ਰਾਮ-ਰਹੀਮ, ਸਾਧੋ ਬ੍ਰਹਮ ਖੁਦਾ ਅਤੇ ਕਦੇ ਪਰਮ ਪਦ ਜਾਂ ਨਿਰਵਾਣ ਵਰਗੇ ਨਾਮਾਂ

ਨਾਲ। ਕੇਵਲ 'ਨਾਮ' ਵੀ ਇਕ ਨਾਮ ਹੈ ਤੇ ਇਹੋ 'ਸਤਿ',ਵੀ ਹੈ। ਦੋਵਾਂ ਨੂੰ ਮਿਲਾ ਕੇ 'ਸਤਿ ਨਾਮ' ਇਸੇ ਪਰਮਤਤ ਦਾ ਸੂਚਕ ਹੈ। ਇਸੇ ਲਈ ਨਾਮ ਨੂੰ ਸੰਤਮਤ ਵਿਚ ਵਧੇਰੇ ਮਹੱਤਵ ਮਿਲਿਆ। ਇਹੋ ਇਨ੍ਹਾਂ ਦਾ ਸਾਧਨਾ ਕੇਂਦਰ ਹੈ ਇਥੇ ਨਾ ਤਾਂ ਵੈਰਾਗ ਦੀ ਲੋੜ ਹੈ, ਤੇ ਨਾ ਆਦਰਸ਼ ਗ੍ਰੰਥਾਂ ਦੇ ਅਧਿਅਨ ਦੀ ਲੋੜ ਹੈ। ਸੰਤਾਂ ਦਾ ਨਕਸ਼ ਇਸ ਸੱਤ ਦੀ ਅਨੁਭੂਤੀ ਹੈ। ਫਲ ਰੂਪ ਸੰਸਾਰੀ ਕੰਮ ਕਾਰ ਤੇ ਸਾਧਨਾ ਦੇ ਨਾਲ ਨਾਲ ਚਲਦੇ ਹਨ। ਇਸ ਨਾਮ ਸਿਮਰਨ ਨੂੰ ਨਾ ਜੰਗਲ ਦੀ ਲੋੜ ਹੈ ਅਤੇ ਨਾ ਜੰਗਲਾਂ ਤੇ ਗਿਰਨ ਦੀ। ਸਗੋਂ ਸੰਸਾਰਕ ਕੰਮ-ਕਾਰ ਵਿਚ ਤੇ ਮਨ ਸਤਿ ਦੀ ਖੋਜ ਵਿਚ। ਅਸ਼ਟਾਂਗ ਯੋਗ ਦੇ ਨਿਯਮਾਂ ਯਮ-ਨਿਯਮ ਆਸਨ, ਪ੍ਰਾਣਾਯਾਮ ਧਿਆਨ ਸਮਾਧਿ ਦਾ ਜ਼ਿਕਰ ਕਰਦੇ ਹੋਏ ਵੀ ਸੰਤ ਇਨ੍ਹਾਂ ਦੇ ਵਿਸਤਾਰ ਵਿਚ ਨਹੀਂ ਜਾਂਦੇ। ਇਨ੍ਹਾਂ ਦੀ ਸਭ ਤੋਂ ਮਹੱਤਵਪੂਰਨ ਵਸਤ ਹੈ ਸਾਰੇ ਸਾਧਨਾਂ ਨੂੰ ਸਤਿ ਉਨਮੁਖ ਕਰਨਾ। ਗੁਰੂ ਜੀ ਅਨੁਸਾਰ ਭਗਤੀ ਵੀ ਭਰਮ ਬਣ ਜਾਂਦੀ ਹੈ। ਜਦੋਂ ਇਸ ਵਿਚ ਦਿਖਾਵਾ, ਕਰਮਕਾਂਡ ਅਤੇ ਅਸਤਿ ਦਾ ਮਿਸ਼ਰਣ ਆ ਜਾਂਦਾ ਹੈ ਤਾਂ ਇਹ ਭਗਤੀ ਨਹੀਂ ਰਹਿੰਦੀ ਹੈ। ਗੁਰੂ ਜੀ ਨੇ ਅਜਿਹੇ ਵਿਨਾਸ਼ਾਤਮਕ ਤੱਤਾਂ ਤੋਂ ਸਾਧਕਾਂ ਨੂੰ ਸੁਚੇਤ ਕਰਕੇ ਸਤਿ ਦਾ ਸਮਾਵੇਸ਼ ਕੀਤਾ। ਗੁਰੂ ਜੀ ਅਨੁਸਾਰ ਸਭ ਭਗਤੀ ਕਰਦੇ ਹਨ ਪਰ ਕਲਯੁਗ ਵਿਚ ਸਤਿ ਭਗਤੀ ਕੋਈ ਵਿਰਲਾ ਕਰੇਗਾ। ਦੁਨੀਆਂ ਦੀ ਕਥਨੀ ਤੇ ਕਰਨੀ ਵਿਚ ਵੀ ਅੰਤਰ ਹੈ ਅਸੀਂ ਨਾਮ ਸਿਮਰਨ ਦਾ ਅਰਥ ਕੇਵਲ ਬਾਣੀ ਉਚਾਰਨ ਬਣਾ ਲਿਆ ਹੈ। ਕੀ ਅਸੀਂ ਬਾਣੀ ਦੇ ਅਰਥਾਂ ਅਨੁਸਾਰ ਇਸ ਨੂੰ ਸਮਾਜਿਕ ਢਾਂਚੇ ਵਿਚ ਅਮਲੀ ਰੂਪ ਦਿੰਦੇ ਹਾਂ? ਕੀ ਇਹ ਪ੍ਰਸ਼ਨ ਸਾਡੇ ਦਿਲ ਵਿਚ ਆਇਆ ਹੈ ਜਾਂ ਇਹ ਇਸ ਤਰ੍ਹਾਂ ਹੀ ਨਿਮਾਣਾ ਬਣਿਆ ਧੌਣ ਨੀਵੀ ਪਾਈ ਪਾਸੇ ਤੇ ਖੜਾ ਰਹਿੰਦਾ ਹੈ ਕੀ ਅਸੀਂ ਇਸ ਦਾ ਹਾਲ ਪੁਛਿਆ ਹੈ? ਅਜਿਹੇ ਪ੍ਰਸ਼ਨਾਂ ਦੇ ਉਤਰ ਲਈ ਹੀ ਤਾਂ ਗੁਰੂ ਰਵਿਦਾਸ ਜੀ ਨੇ ਨਾਮ, ਸਿਮਰਨ, ਗੁਰੂ, ਸੰਗਤ, ਪ੍ਰੀਤ, ਸਰੂਪ ਆਦਿ ਨਾਲ ਸਤਿ ਸ਼ਬਦ ਨੂੰ ਜੋੜਿਆ ਹੈ। ਇਹ ਸਤਿ ਹੀ ਸਾਰੀਆਂ ਕਰੁਣਾ, ਦਯਾ ਅਤੇ ਸੁਧੀ ਦਾ ਸੰਕੇਤਕ ਹੈ। ਸਿਮਰਨ ਅਤੇ ਸੱਚਾ ਸਿਮਰਨ ਗੁਰੂ ਅਤੇ ਸਤਿਗੁਰ ਨਾਮ ਅਤੇ ਸਤਿਨਾਮ, ਪ੍ਰੀਤ ਤੇ ਸੱਚੀ ਪ੍ਰੀਤ, ਸਰੂਪ ਅਤੇ ਸਤਿ ਸਰੂਪ ਵਿਚ ਆਕਾਸ਼ ਪਤਾਲ ਦਾ ਅੰਤਰ ਹੈ। ਸਤਿ ਦੇ ਨਾਲ ਹਰ ਭਾਵਨਾ ਸ਼ੁੱਧ ਸਤਿ ਬਣ ਜਾਂਦੀ ਹੈ। ਇਸ ਲਈ ਗੁਰੂ ਜੀ ਨੇ ਆਪਣੇ ਭਾਵਾਂ ਅਤੇ ਵਿਚਾਰਾਂ ਦੀ ਪ੍ਰਕ੍ਰਿਤਾ ਨੂੰ ਦਰਸਾਉਣ ਲਈ ਸਤਿ ਸ਼ਬਦ ਨੂੰ ਪ੍ਰਯੋਗ ਕੀਤਾ ਹੈ। ਗੁਰੂ ਰਵਿਦਾਸ ਜੀ ਨੇ ਸਤਿ ਸਰੂਪ ਨੂੰ ਵਿਚਾਰਨ, ਸੱਚਾ ਸਿਮਰਨ ਕਰਨ ਸਤਿਗੁਰੂ ਦੇ ਸਤਿ ਬਚਨਾਂ ਨੂੰ ਮਨ ਬਚਨ ਕਰਮ ਰਾਹੀਂ ਮੰਨਣ / ਪ੍ਰਭੂ ਨਾਲ ਸੱਚੀ ਪ੍ਰੀਤ ਪਾਉਣ, ਸਹਿਜ ਭਾਵ ਵਾਲੀ ਸੱਚੀ ਭਗਤੀ ਕਰਨ ਤੇ ਬੱਲ ਦਿਤਾ: ਇਹ ਹੀ ਉਨ੍ਹਾਂ ਦਾ ਸਤਿ ਮਾਰਗ ਹੈ ਜਾਂ ਸਹਿਜ-ਸਤਿ-ਮਾਰਗ ਹੈ।

ਗੁਰੂ ਰਵਿਦਾਸ ਜੀ ਅਨੁਸਾਰ ਸਤਿਸਰੂਪ ਨੂੰ ਜਾਨਣ ਜਾਂ ਵਿਚਾਰਨ ਨਾਲ ਹੀ ਮਨੁੱਖ ਦੀ ਭਟਕਣ ਖਤਮ ਹੁੰਦੀ ਹੈ। ਜੋ ਉਸ ਦੇ ਰਹੱਸ ਨੂੰ ਜਾਣ ਜਾਂਦੇ ਹਨ ਉਹ ਹੀ ਉਸ ਦੇ ਸਤਿਨਾਮ

ਦਾ ਸਿਮਰਨ ਕਰਦੇ ਹਨ:

1. ਮਨ ਮੇਰੇ, ਸਤਿਸਰੂਪ ਵਿਚਾਰ ।।
ਆਦਿ ਅੰਤਿ ਅਨੰਤ ਪਰਮਪਦ, ਸੰਸਾ ਸਕਲ ਨਿਵਾਰ ।।[371]

2. ਕਹੈ ਰਵਿਦਾਸ ਮਰਮੁ ਜੁ ਪਾਇਓ
ਦੇਵ ਨਿਰੰਜਨ ਸਤਿ ਕਰ ਧਿਆਓ ।।[372]

ਮਨ-ਬਚਨ ਅਤੇ ਕਰਮ ਨਾਲ, ਸਤਿਨਾਮ ਦਾ ਸੱਚਾ ਸਿਮਰਨ ਕਰਨ ਨਾਲ ਹੀ ਸਾਧਨਾ ਸਫਲ ਹੁੰਦੀ ਹੈ।

ਸਾਚਾ ਸੁਮਿਰਨ ਨਾਂਵ ਬਿਸਾਸਾ, ਮਨ ਬਚ ਕਰਮ ਕਹੈ ਰਵਿਦਾਸਾ ।।[373]

ਗੁਰੂ ਜੀ ਅਨੁਸਾਰ ਸਤਿਗੁਰੂ ਹੀ ਸਾਧਨਾ-ਮਾਰਗ ਦੇ ਅੰਗਮੀ ਰਾਸ ਨੂੰ ਜਾਣਦਾ ਹੈ ਅਤੇ ਉਹ ਹੀ ਸਾਧਕ ਨੂੰ ਗਿਆਨ ਦੇ ਚਾਨਣ ਨਾਲ ਜਾਗ੍ਰਤ ਕਰਦਾ ਹੈ। ਇਸ ਲਈ ਸਾਧਕ ਨੂੰ ਸਤਿਗੁਰੂ ਦੇ ਸਤਿ ਬਚਨਾਂ ਨੂੰ ਦਿਲ ਵਿਚ ਵਸਾ ਲੈਣਾ ਚਾਹੀਦਾ ਹੈ:

1. ਕਹੈ ਰਵਿਦਾਸ ਸਤਿ ਬਚਨ ਗੁਰੂ ਕੇ
ਸੋ ਨਾ ਜੀਏ ਤੇ ਟਾਰਿ ।।[374]

ਸੱਚੀ ਭਗਤੀ ਦੀ ਜੁਗਤੀ ਕੇਵਲ ਤਨ ਦੀ ਸੁਧੀ, ਮਨ ਦੀ ਪਵਿਤਰਤਾ ਅਤੇ ਸਤਿ ਮਤ [illegible] ਰਖਣ ਨਾਲ ਹੀ ਪਤਾ ਲਗਦੀ ਹੈ। ਸੁਮਤ ਨਾਲ ਹੀ ਭਰਮਾਂ ਤੋਂ ਛੁਟਕਾਰਾ ਹੁੰਦਾ ਹੈ:

ਕੀ

1. ਭਗਤਿ ਜੁਗਤਿ ਮਤਿ ਸਤਿ ਕਰ
ਭਰਮ ਬੰਧਨ ਕਾਟਿ ।।[375]

2. ਭਗਤੀ ਨ ਹੋਇ ਰੇ ਨਾ ਹੋਇ
ਜਬ ਲਗ ਤਨ ਸੁਧ ਨਾ ਹੋਇ ।। [376]

ਉਸ ਦੀ ਪ੍ਰਾਪਤੀ ਲਈ ਪ੍ਰਭੂ-ਪ੍ਰੀਤਮ ਨਾਲ ਪ੍ਰੀਤ ਵੀ ਸੱਚੀ ਹੋਣੀ ਚਾਹੀਦੀ ਹੈ ਇਹ ਤਾਂ ਹੀ ਹੋ ਸਕਦੀ ਹੈ ਕਿ ਸੰਸਾਰਿਕ ਮੋਹ ਨੂੰ ਤਿਆਗ ਕੇ ਉਸ ਦੀ ਥਾਂ ਪ੍ਰਭੂ ਪ੍ਰੀਤ ਜੋੜੀ ਜਾਵੇ:

ਸਾਚੀ ਪ੍ਰੀਤ ਹਮ ਤੁਮ ਸਿਉ ਜੋਰੀ
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ।।[377]

ਸਤਿ ਦੀ ਪ੍ਰਾਪਤੀ ਸਤਿ ਸਰੂਪ ਦੇ ਚਰਨਾਂ ਵਿਚ ਆਤਮ ਨਿਵੇਦਨ ਕਰਨ ਨਾਲ ਹੀ ਹੁੰਦੀ ਹੈ। ਉਸ ਦੀ ਸ਼ਰਨ ਵਿਚ ਜਾ ਕੇ ਝੂਠ ਤਾਂ ਫੰਗ ਲਾ ਕੇ ਉਡ ਜਾਂਦਾ ਹੈ। ਸਤਿਰਾਮ ਦੇ ਅਗੇ ਕੇਵਲ ਸੱਚ ਹੀ ਖੜਾ ਹੋ ਸਕਦਾ ਹੈ:

1. ਝੂਠ ਤੇ ਸਾਂਚਿ ਤਬ ਹੋਇ, ਹਰਿ ਕੀ ਸਰਨਿ ਜਬ ਏਹੋ ।।[378]

2. ਕਹੈ ਰਵਿਦਾਸ ਤਵੈ ਸਚੁ ਪਾਵੈ, ਆਪਾ ਉਲਟਿ ਸਮਾਈ ।।[379]

ਗੁਰੂ ਜੀ ਅਨੁਸਾਰ ਹੋਰ ਪੂਜਾ ਉਪਾਸਨਾ ਦੀਆਂ ਵਿਧੀਆਂ ਆਦਿ ਸਭ ਝੂਠ ਹੈ ਕੇਵਲ ਸਹਿਜ-ਮਾਰਗ ਤੇ ਚਲਦਿਆਂ ਸਹਜ ਭਾਵ ਨਾਲ ਕੀਤੀ ਭਗਤੀ ਹੀ ਸੱਚੀ ਭਗਤੀ ਹੈ :

ਜੋਈ ਜੋਈ ਪੂਜਿਐ ਸੋਈ ਸੋਈ ਕਾਂਚੀ,
ਸਚਿ ਭਾਵ ਸਤਿ ਹੋਈ ॥[380]

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਨੇ ਸਹਿਜ ਦਾ ਸਤਿ ਨਾਲ ਸੁਮੇਲ ਕਰਕੇ ਸੰਤ ਮਾਰਗ ਤੇ ਚਲੱਣ ਦੀ ਪ੍ਰੇਰਨਾ ਦਿਤੀ। ਉਹ ਸਤਿਗੁਰੂ ਤੋਂ ਗਿਆਨ ਪ੍ਰਾਪਤ ਕਰਨਾ, ਉਨ੍ਹਾਂ ਦੀ ਸੇਵਾ ਕਰਨ, ਉਨ੍ਹਾਂ ਵਰਗਾ ਆਚਰਣ ਧਾਰਨ ਕਰਨਾ ਅਤੇ ਸਤਿ ਸੰਗਤ ਤੇ ਬਲ ਦਿੰਦੇ ਹਨ। ਗੁਰੂ ਜੀ ਅਨੁਸਾਰ ਸੰਤ ਅਤੇ ਅਨੰਤ ਪ੍ਰਭੂ ਵਿਚ ਅੰਤਰ ਨਹੀਂ। ਸੰਤ-ਮਾਰਗ ਤੇ ਚਲ ਕੇ ਸਤਿ ਪ੍ਰਭੂ ਨਾਲ ਇਕਮਿਕਤਾ ਪ੍ਰਾਪਤ ਹੁੰਦੀ ਹੈ :

ਸੰਤ ਤੁਝੀ ਤਨੁ ਸੰਗਤਿ ਪ੍ਰਾਨ ॥ ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ ॥
ਸੰਤ ਚੀ ਸੰਗਤ ਸੰਤ ਕਥਾ ਰਸ ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ ॥
ਸੰਤ ਆਚਰਣ ਸੰਤ ਚੋ ਮਾਰਗੁ ਸੰਤ 'ਚ ਉਲਗ ਉਲਗਣੀ ॥[381]

ਸਤਿ ਮਾਰਗ ਦੀ ਇਕ ਝਲਕ ਨਿਮਨ ਪੰਕਤੀ ਤੋਂ ਵੀ ਪ੍ਰਾਪਤ ਹੁੰਦੀ ਹੈ:

ਦੇਵ ਸਤਿ ਮਤਿ ਸਤਿ ਪ੍ਰੀਤਿ ਸਤਿ ਮਨ ਅਮਲ ॥
ਮਨ ਬਚ ਕ੍ਰਮਨ ਅਰੂ ਅਵਲੰਬਨ ਨਹੀਂ ਮੇਰੋ ॥[382]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਗੁਰੂ ਰਵਿਦਾਸ ਜੀ ਦੇ ਅਨੁਸਾਰ ਭਗਤੀ ਸਹਿਜ ਅਤੇ ਸਤਿ ਤੋਂ ਬਿਨਾਂ ਅਧੂਰੀ ਹੈ ਅਤੇ ਭਗਤੀ ਪ੍ਰੇਮ ਤੋਂ ਬਿਨਾਂ ਸਖਣੀ ਹੈ। ਇਸ ਤਰ੍ਹਾਂ ਅਸਲ ਵਿਚ ਉਨ੍ਹਾਂ ਦੀ ਰਹੱਸ ਸਾਧਨਾ ਨੂੰ ਸਹਿਜ-ਸਤਿਨਾਮ ਪ੍ਰੇਮ-ਭਗਤੀ-ਮਾਰਗ ਦਾ ਨਾਮ ਦਿੱਤਾ ਜਾ ਸਕਦਾ ਹੈ।

ਸਿੱਟੇ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਰਵਿਦਾਸ ਬਾਣੀ ਵਿਚ ਪਰੰਪਰਾਗਤ ਭਾਰਤੀ ਭਗਤੀ-ਕਾਵਿ-ਪਰੰਪਰਾ ਦੇ ਸਾਰੇ ਤੱਤਾਂ ਦਾ ਵਰਨਣ ਕੀਤਾ ਗਿਆ ਹੈ। ਲਗਭਗ ਉਹ ਸਾਰੇ ਸ਼ਬਦ ਜਿਨ੍ਹਾਂ ਦੀ ਵਰਤੋਂ ਭਗਤੀ ਦੀ ਪਰਿਆਇਵਾਚੀ ਸ਼ਬਦ ਦੇ ਰੂਪ ਵਿਚ ਪ੍ਰਾਪਤ ਅਧਿਆਤਮਕ ਸਾਹਿਤ ਵਿਚ ਹੁੰਦੀ ਰਹੀ ਹੈ, ਗੁਰੂ ਰਵਿਦਾਸ ਬਾਣੀ ਵਿਚ ਵੀ ਪ੍ਰਾਪਤ ਹਨ। ਇਨ੍ਹਾਂ ਵਿਚੋਂ ਕੁਝ ਸ਼ਬਦ ਮੌਲਿਕ ਰੂਪ ਵਿਚ ਵੀ ਵਰਤੇ ਗਏ ਹਨ। ਇਹ ਮੌਲਿਕਤਾ ਕੇਵਲ ਸ਼ਾਬਦਿਕ ਹੀ ਨਹੀਂ ਸਗੋਂ ਭਗਤੀ ਸਾਧਨਾਂ ਦੇ ਖੇਤਰ ਵਿਚ ਵੀ ਮੌਲਿਕਤਾ ਦੀ ਸੂਚਕ ਹੈ। ਓਮ, ਸੋਹੰ, ਨਾਮ ਸਤਿਨਾਮ, ਰਾਮ, ਓਂਕਾਰ, ਸੁਰਤਿ ਆਦਿ ਸ਼ਬਦਾਂ ਦੀ ਵਰਤੋਂ ਗੁਰੂ ਜੀ ਨੇ ਕੀਤੀ ਹੈ। ਉਪਰੋਕਤ ਸਾਰੀ ਵਿਚਾਰ ਵਿਚੋਂ ਜੋ ਗਲ ਉਭਰ ਕੇ ਸਪੱਸ਼ਟ ਰੂਪ ਵਿਚ ਸਾਡਾ ਦ੍ਰਿਸ਼ਟੀ ਗੋਚਰ ਹੁੰਦੀ ਹੈ ਉਹ ਇਹ ਹੈ ਕਿ ਗੁਰੂ ਜੀ

ਭਗਤੀ ਭਾਵਨਾ ਦਾ ਉਲੇਖ ਕੇਵਲ ਸ਼ਾਸਤਰ ਗੱਤ ਗਿਆਨ ਦੇ ਆਧਾਰ ਤੇ ਨਹੀਂ ਕਰਦੇ ਸਗੋਂ ਉਸ ਭਗਤੀ ਨੂੰ ਅਮਲੀ ਜੀਵਨ ਦਾ ਆਧਾਰ ਤੱਤ ਬਣਾ ਕੇ, ਇਕ ਭਗਤ ਦਾ ਜੀਵਨ ਜੀਉ ਕੇ ਪ੍ਰੇਮ ਅਧੀਨ ਇਸ ਦਾ ਉਲੇਖ ਕਰਦੇ ਹਨ। ਇਹ ਉਲੇਖ ਅਨੁਭਵ ਦੀ ਪੱਧਰ ਦਾ ਹੈ ਜਿਹੜਾ ਧੰਨੇ ਜੱਟ ਵਰਗੇ ਸ਼ਾਸਤਰਗਿਆਨ ਤੋਂ ਕੋਰੇ ਮਨੁੱਖ ਨੂੰ ਵੀ ਪ੍ਰਭੂ ਨਾਲ ਅਭੇਦ ਕਰ ਦਿੰਦਾ ਹੈ।

ਭਾਵੇਂ ਗੁਰੂ ਜੀ ਨੇ ਆਪਣੀ ਬਾਣੀ ਵਿਚ ਪਰੰਪਰਾਗਤ ਸਾਰੀਆਂ ਭਗਤੀਆਂ ਦਾ ਵਰਨਣ ਕੀਤਾ ਹੈ, ਨਵਧਾ ਭਗਤੀ ਦੀ ਵਿਆਖਿਆ ਵੀ ਕੀਤੀ ਹੈ ਪਰ ਉਨ੍ਹਾਂ ਦਾ ਭਗਤੀ ਮਾਰਗ, ਪ੍ਰੇਮਾ ਭਗਤੀ ਦੇ ਅੰਤਰਗਤ ਸਦੀਵੀ ਰੂਪ ਵਿਚ ਸਹਿਜ ਸਤਿ ਦੇ ਮਾਰਗ ਦਾ ਧਾਰਨੀ ਰਹਿੰਦਾ ਹੈ। ਇਸ ਲਈ ਉਹ ਹੋਰ ਕਈ ਭਗਤ ਜਨਾਂ ਵਾਂਗ ਕਦੀ ਵੀ ਸਹਿਜ ਤੋਂ ਲਾਂਭੇ ਜਾ ਕ੍ਰੋਧ ਅਤੇ ਅੰਹਕਾਰ ਦੀ ਸਥਿਤੀ ਵਿਚ ਨਹੀਂ ਜਾਂਦੇ। ਸਗੋਂ ਸਦੀਵੀ ਤੌਰ ਤੇ ਸਹਿਜ-ਸਤਿ-ਮਾਰਗ ਦੇ ਅਨੁਯਾਈ ਹੋ ਬ੍ਰਹਮ ਗਿਆਨ ਦੀ ਅਵਸਥਾ ਵਿਚ ਪ੍ਰਭੂ-ਪ੍ਰੇਮ ਵਿਚ ਮੁਗਧ ਰਹਿੰਦੇ ਹਨ। ਗੁਰੂ ਜੀ ਦੇ ਸਮੇਂ ਤੱਕ ਭਗਤੀ ਸਾਧਨਾ ਦੇ ਖੇਤਰ ਵਿਚ ਭਗਤੀ ਨੂੰ ਨਿਰਗੁਣ-ਭਗਤੀ ਅਤੇ ਸਰਗੁਣ ਭਗਤੀ ਦੀਆਂ ਪ੍ਰਕਾਰਾਂ ਵਿਚ ਵੰਡਿਆ ਜਾ ਚੁੱਕਾ ਸੀ। ਇਸ ਤਰ੍ਹਾਂ ਦੀ ਵੰਡ ਨਾਲ ਹਰ ਸਮੇਂ ਇਕ ਦੂਸਰੀ ਦੀ ਵਿਰੋਧਤਾ ਅਥਵਾ ਖੰਡਨ ਮੰਡਨ ਹੋ ਜਾਣ ਦਾ ਅੰਦੇਸ਼ਾ ਬਣਿਆ ਰਹੀਂ ਰਹਿੰਦਾ ਸੀ। ਗੁਰੂ ਜੀ ਨੇ ਇਸ ਸਦੀਵੀ ਝਗੜੇ ਨੂੰ ਖਤਮ ਕਰ ਦਿਤਾ ਅਤੇ ਨਿਰਗੁਣ ਅਤੇ ਸਰਗੁਣ ਭਗਤੀ ਦਾ ਸੁੰਦਰ ਸੁਮੇਲ ਕਰਕੇ ਨਿਰਗੁਣ-ਸਰਗੁਣ ਭਗਤੀ ਦਾ ਪ੍ਰਚਾਰ ਕੀਤਾ। ਇਹ ਸੁਮੇਲ ਉਨ੍ਹਾਂ ਦੇ ਸਹਿਜ ਸਤਿ ਮਾਰਗ ਦੀ ਦੇਣ ਹੈ। ਇਸ ਤਰ੍ਹਾਂ ਕਿਸੇ ਭਗਤੀ ਸਾਧਨ ਨੂੰ ਚੰਗਾ ਜਾਂ ਮਾੜਾ ਕਹਿਣ ਦਾ ਭੈ ਖਤਮ ਹੋ ਜਾਂਦਾ ਹੈ। ਭਗਤੀ ਤਾਂ ਕੇਵਲ ਪ੍ਰੇਮ ਹੈ ਅਤੇ ਪ੍ਰੇਮ ਵਿਚ ਵਿਰੋਧਤਾ ਦਾ ਕੋਈ ਥਾਂ ਨਹੀਂ ਨਾ ਹੀ ਪ੍ਰੇਮ ਵਿਚ ਸ਼ਾਸਤਰ ਗਿਆਨ ਦੀਆਂ ਉਕਤੀਆਂ ਯੁਕਤੀਆਂ ਦੀ ਕੋਈ ਥਾਂ ਹੁੰਦੀ ਹੈ। ਗੁਰੂ ਜੀ ਨੇ ਭਗਤੀ ਲਈ ਸਾਧਨ ਉਹ ਦਸੇ ਹਨ ਜਿਹੇ ਸਾਧਨ ਰਾਮਾਨੰਦ ਸੰਪ੍ਰਦਾਇ ਦੇ ਅੰਤਰਗਤ ਆਉਂਦੇ ਹਨ। ਇਹ ਸਾਧਨ ਸਰਬਕਾਲੀ ਅਤੇ ਸਰਬ ਸਥਾਨੀ ਹਨ। ਮੱਧਕਾਲੀਨ ਭਗਤੀ ਕਾਵਿ ਪਰੰਪਰਾ ਨੇ ਇਨ੍ਹਾਂ ਸਾਧਨਾਂ ਨੂੰ ਸਵੀਕਾਰਿਆ ਹੈ। ਇਨ੍ਹਾਂ ਵਿਚੋਂ ਸਾਰੇ ਹੀ ਜਿਵੇਂ ਗੁਰੂ, ਗੁਰੂ ਕਿਰਪਾ, ਸਾਧਸੰਗਤ, ਕੀਰਤਨ, ਸਰਵਣ ਸ਼ਰਧਾ, ਵਿਸ਼ਵਾਸ ਆਤਮ ਸਮਰਪਣ, ਸੁਕ੍ਰਿਤ ਕਰਨੀ ਅਤੇ ਬ੍ਰਹਮ ਵਿਚ ਨਿਰੰਤਰ ਸੁਰਤਿ ਜੋੜਨਾ, ਗੁਰੂ ਬਾਣੀ ਵਿਚ ਪ੍ਰਾਪਤ ਹਨ ਗੁਰੂ ਜੀ ਨੇ ਇਨ੍ਹਾਂ ਸਾਰੇ ਭਗਤੀ ਸਾਧਨਾਂ ਨੂੰ ਅਨੁਭਵ ਦੀ ਪੱਧਰ ਤੇ ਆਪਣੇ ਅੰਤਰ ਆਤਮੇ ਵਸਾਇਆ ਪ੍ਰਭੂ ਨਾਲ ਅਭੇਦਤਾ ਪ੍ਰਾਪਤ ਕੀਤੀ ਅਤੇ ਇਸ ਆਤਮਿਕ ਅਵਸਥਾ ਵਿਚੋਂ ਜਗਤ ਜੀਵ ਜੀਵ ਕਲਿਆਣ ਅਤੇ ਮੋਕਸ਼ ਦੇ ਸੰਬੰਧ ਵਿਚ ਮਾਨਸਿਕ ਵਿਚਾਰਾਂ ਦਾ ਨਿਰੂਪਣ ਕੀਤਾ ਜਿਨ੍ਹਾਂ ਦਾ ਦਾਰਸ਼ਨਿਕ ਅਧਿਐਨ ਅਗਲੇ ਅਧਿਆਇਆਂ ਵਿਚ ਕੀਤਾ ਜਾਵੇਗਾ ।

***

## ਪੈਰ ਟਿੱਪਣੀਆਂ ਤੇ ਹਵਾਲੇ

( ਭਗਤੀ)

1. ਡਾ ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ 9(27)
2. ਰਿਗਵੇਦ 1/1654/9
3. ਰਿਗਵੇਦ 6/52/4
4. ਬ੍ਰਿਹਦਾਰਣਯਕ ਉਪਨਿਸ਼ਦ 14/10
5. ਕਠੋਪਨਿਸ਼ਦ, 1/2/23
6. ਡਾ ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ , ਪਦ (27)
7. ਉਹੀ ਪਦ (26)
8. ਨਾਰਦ ਭਗਤੀ ਸੂਤਰ 25-26
9. ਉਹੀ, ਸੂਤ੍ਰ 2
10. ਉਹੀ ਸੂਤ੍ਰ 2.3
11. ਉਹੀ, ਸੂਤ੍ਰ 39
12. ਨਾਰਦ ਭਗਤੀ , ਸੂਤ੍ਰ 56
13. ਉਹੇ " 82
14. ਉਹੀ " 51,52
15. ਗੁਰੂ ਰਵਿਦਾਸ ਬਾਣੀ, ਪਦ (75)
16. ਸਾਂਤਿਲਯ ਭਗਤੀ ਸੂਤਰ ਪਦ (22)
17. ਉਹੀ ਪੰਦ( 76)
18. ਉਹੀ ਪਦ(76)
19. ਗੀਤਾ , ਭਗਤੀ ਸੂਤ੍ਰ 11/53
20. ਗੀਤਾ 12/6
21. ਦੇਵੀ ਭਾਗਵਤ 7/37/3
22. ਉਹੀ, 7/37/12
23. ਸ਼ਿਵ ਪੁਰਾਣ, 78/31
24. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ ( 102)
25. ਵਿਸ਼ਨੂੰ ਪੁਰਾਣ, 1/20/26
26. ਬ੍ਰਹਮਸੂਤਰ ਭਾਸ਼? 1/1/10/24

27. ਵਿਵੇਕਚੂੜਾਮਣਿ 32
28. ਡਾ. ਰਾਮ ਨਾਰਾਯਣ ਪਾਂਡੇ, ਭਕਤਿ ਕਾਵਯ ਮੇਂ ਰਹੱਸਯਵਾਦ, ਪੰਨਾ 261
29. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, ਪਦ(104)
30. ਉਹੀ ਆਦਿ ਗੁਰੂ ਬਾਣੀ ਗ੍ਰੰਥ ਪੰਨਾ 63. (ਗਾਇਤ੍ਰੀ)
31. ਨਾਰਦ ਭਗਤੀ ਸੂਤਰ 82
32. ਉਹੀ, ਸੂਤਰ 56
33. ਸ੍ਰੀਮਦ ਭਾਗਵਤ ਗੀਤਾ 7/5/23-24
33(ੳ) ਸ੍ਰੀ ਮਦ ਭਾਗਵਤ ਗੀਤਾ 3/29/8-10
34. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, ਪਦ (1)
35. ਉਹੀ, ਪਦ (76)
36. ਹਰਿਭਕਤਿ ਰਸਾਮ੍ਰਿਤ ਸਿੰਧੂ ਪੂਰਵ ਪ੍ਰਥਮ 11
37. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਵਿਅਕਤਿਤਵ ਕ੍ਰਿਤਿਤਵ ਔਰ ਚਿੰਤਨ, ਪੰਨਾ 541 ( ਅਧਿਆਤਮ ਰਮਾਇਣ 3/10)
38. ਸ੍ਰੀ ਮਦਭਾਗਵਤ 3/29/11-12
39. ਸਾਂਡਿਲਯ ਭਗਤੀਸੂਤਰ 72
40. ਉਹੀ ਸੂਤਰ 56
41. ਨਾਰਦ ਭਗਤੀ ਸੂਤਰ 54
42. ਡਾ. ਰਾਮ ਨਾਰਾਯਣ ਪਾਂਡੇ , ਭਕਤਿ ਕਾਵਯ ਮੇਂ ਰਹੱਸਯਵਾਦ, ਪੰਨਾ 262(ਪ੍ਰਬੋਧ ਸੁਧਾਕਰ)
43. ਡਾ. ਭੁਵਨੇਸ਼ਵਰ ਨਾਥ ਮਿਸ਼ਰ, 'ਮਾਧਵ' ਰਾਮ ਭਕਤਿ-ਸਾਹਿਤਯ ਮੇਂ ਮਧੁਰ ਉਪਾਸਨਾ, ਪੰਨਾ 8
44. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, ਪਦ (102)
45. ਆਦਿ ਗੁਰੂ ਬਾਣੀ ਗ੍ਰੰਥ, ਪੰਨਾ 55ਆਲ ਇੰਡੀਆ ਆਦਿ ਧਰਮ ਮਿਸ਼ਨ(ਰਜਿ)ਕਾਸ਼ੀ(ਯੂ ਪੀ)
46. ਡਾ ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪਦ(73)
47. ਆਦਿ ਗੁਰੂ ਬਾਣੀ, ਗ੍ਰੰਥ, ਪੰਨਾ 59
48. ਆਦਿ ਗੁਰੂ ਬਾਣੀ ਗ੍ਰੰਥ, ਪੰਨਾ 55
49. ਆਨੰਦ ਸਾਹਿਬ, ਆਦਿ ਗ੍ਰੰਥ, ਪੰਨਾ 922
50. ਕਠੋਪਨਿਸ਼ਦ, 1/2/9
51. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪਦ(127)

52. ਜਪੁਜੀ ਸਾਹਿਬ
53. ਗੀਤਾ 4/34
54. ਆਦਿ ਗ੍ਰੰਥ , ਪੰਨਾ 53
55. ਕਠੋਪਨਿਸ਼ਦ, 1/3
56. ਗੀਤਾ 9/30-31
57. ਰਿਗਵੇਦ 7/32/17,8/44/19, 6/1/4
58. ਰਿਗਵੇਦ 9/86/4
59. ਗੀਤਾ 9/14
60. ਡਾ. ਧਰਮਪਾਲ ਸਿੰਗ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪਦ(37)
61. ਆਨੰਦ ਸਾਹਿਬ, ਆਦਿ ਗ੍ਰੰਥ, ਪੰਨਾ 921
62. ਆਨੰਦ ਪੁਰਾਣ 6/2/17
63. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (12)
64. ਉਹੀ ਪਦ( 88 )
65. ਡਾ. ਦੀਨ ਦਯਾਲੁ ਗੁਪਤ, ਹਿੰਦੀ ਸਾਹਿਤਯ ਕਾ ਬ੍ਰਿਹਤ ਇਤਿਹਾਸ, ਪੰਨਾ 57
66. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ(16)
67. ਸ੍ਰੀਮਦ ਭਾਗਵਤ ਪੁਰਾਣ, 4/30/19
68. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪਦ(75)
69. ਸ੍ਰੀਮਦ ਭਾਗਵਤ ਪੁਰਾਣ 12/3/51-52
70. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪਦ(27)
71. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ(4)
72. ਉਹੀ ਪਦ(155)
73. ਉਹੀ ਪਦ (16)
74. ਉਹੀ ਪਦ (156)
75. ਉਹੀ ਪਦ (107)
76. ਉਹੀ ਪਦ(10 )
77. ਉਹੀ ਪਦ (113)
78. ਉਹੀ ਪਦ (149)
79. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪਦ(87)

80. ਯਜੁਰਵੇਦ 30/17

81. ਯਜੁਰਵੇਦ 40/15

82. ਰਿਗਵੇਦ 3/ 37/3, ਅਥਰਵਵੇਦ 20/19/3

83. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪਦ(163)

84. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ(76)

85. ਭਾਗਵਤ ਪੁਰਾਣ 11/14/127

86. ਡਾ. ਬੀ ਪੀ ਸੁਰਮਾ, ਬਾਣੀ ਰਵਿਦਾਸ ਬਾਣੀ ,ਪਦ(88)

87. ਭਾਗਵਤ ਪੁਰਾਣ 10/2/37

88. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ ਪਦ(94)

89. ਉਹੀ ਪਦ(133)

90. ਵਿਸ਼ਣੂ ਪੁਰਾਣ 2/6/43

91. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ(120)

92. ਉਹੀ ਪਦ(2)

93. ਵਿਸ਼ਣੂ ਪੁਰਾਣ 2/6/39-40

94. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ(174)

95. ਉਹੀ ਪਦ(152)

96. ਉਹੀ ਪਦ(149)

97. ਸ੍ਰੀਮਦ ਭਾਗਵਤ ਪੁਰਾਣ 12/12/54

98. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ(117)

99. ਸ੍ਰੀਮਦ ਭਾਗਵਤ ਪੁਰਾਣ 12/12/54

100. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ(125)

101. ਮਨੂ ਸਿਮ੍ਰਿਤੀ, 2/85-87

102. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ(102)

103. ਉਹੀ ਪਦ(32 )

104. ਡਾ. ਬੀ ਪੀ ਸੁਰਮਾ, ਪਦ(72)

105. ਗੀਤਾ 8/7

106. ਡਾ. ਬੀ ਪੀ ਸੁਰਮਾ, ਪਦ(29)

107. ਯਜੁਰਵੇਦ 40/15

108. ਤੈਤਰੀਓਪਨਿਸ਼ਦ ਅਨੁਵਾਕ।, ਸ਼ਾਂਕਰ ਭਾਸ਼ਯ

109. ਸ਼੍ਵੇਤਾਸ਼੍ਵਤਰੋਪਨਿਸ਼ਦ 2/8
110. ਸ੍ਰੀਮਦ ਭਾਗਵਤ ਗੀਤਾ 8/12/13
111. ਡਾ. ਦਲੀਪ ਸਿੰਘ ਦੀਪ, ਸਾਧਨ ਮੇਂ ਰਵਿਦਾਸ ਸੰਤ, ਪੰਨਾ 62
112. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ(140)
113. ਉਹੀ, ਪਦ(141)
114. ਡਾ. ਬੀ ਪੀ ਸ਼ਰਮਾ, ਪਦ(129)
115. ਡਾ. ਤਿਲਕ ਰਾਜ ਸ਼੍ਰਿੰਗਾਰੀ, ਸੰਤ ਮਤ ਵੀਚਾਰ, ਪੰਨਾ 227
116. ਡਾ. ਕ੍ਰਿਪਾਲ ਸਿੰਘ ਖਾਕ
116. ਭਾਗਵਤ ਪੁਰਾਣ 12/3/51-52
118. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ(30)
118. ਉਹੀ ਪਦ (14)
119. ਉਹੀ ਪਦ (27)
120. ਰਾਗ ਸੋਰਠਿ ਪਦ (131)
121. ਉਹੀ ਪਦ (123).
122. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ (160)
123. ਉਹੀ, ਪਦ (55)
124. xxxxxxx ਗੀਤਾ 9/16,84
125. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ ਪਦ(114)
126. ਉਹੀ ਪਦ(142)
127. ਉਹੀ ਪਦ(162)
128. ਉਹੀ ਪਦ(117)
129. ਉਹੀ ਪਦ(173)
130. ਉਹੀ ਪਦ(166)
131. ਸ੍ਰੀਮਦ ਭਾਗਵਤ 3/9/6
132. ਰਾਗ ਗਉੜੀ, ਪਦ (25)
133. ਡਾ. ਬੀ ਪੀ ਸ਼ਰਮਾ, ਸੰਤ ਰਵਿਦਾ ਜੀ, ਪਦ(55)
134. ਰਾਗ ਧਨਾਸਰੀ, ਉਹੀ, ਪਦ (102).
135. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ( 73)

136. ਉਹੀ, ਪਦ(73)

137. ਗੀਤਾ 9/82

138. ਸ੍ਰੀਮਦ ਭਾਗਵਤ 10/16/37

139. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ(83)

140. ਉਹੀ , ਪਦ (90).

141. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ ਪਦ(93)

142. ਰਾਗ ਸੋਰਠਿ , ਉਹੀ , ਪਦ (63).

143. ਗੀਤਾ 9/26

144. ਗੀਤਾ 9/16

145. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ(37)

146. ਉਹੀ, ਪਦ(38)

147. ਸ੍ਰੀ ਮਦ ਭਾਗਵਤ ਪੁਰਾਣ 11/27/15,18

148. ਉਹੀ 10/81/10

149. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ(114)

150. ਉਹੀ ਪਦ(112)

151. ਉਹੀ ਪਦ(177)

152. ਉਹੀ ਪਦ(113)

153. ਉਹੀ ਪਦ(176)

154. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ(34)

155. ਉਹੀ, ਪਦ(110)

156. ਉਹੀ ਪਦ(89)

157. ਸ੍ਰੀਮਦ ਭਾਗਵਤ 10/38/34

158. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ(162)

159. ਭੀਸ਼ਮਸਤਵ ਰਾਜ 100-101

160. ਡਾ. ਬੀ ਪੀ ਸੁਰਮਾ , ਸੰਤ ਰਵਿਦਾਸ ਬਾਣੀ, ਪਦ(162)

161. ਉਹੀ ਪਦ( 92)

162. ਉਹੀ ਪਦ (102)

163. ਉਹੀ ਪਦ(28)

164. ਉਹੀ ਪਦ( 20)

165. ਉਹੀ, ਪਦ(80)
166. ਉਹੀ ਪਦ (17)
167. ਭੀਸ਼ਮ ਸਤਵਰਾਜ 91
168. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ ਪਦ (8)
169. ਉਹੀ ਪਦ(81)
170. ਉਹੀ ਪਦ( 5)
171. ਉਹੀ ਪਦ(135)
172. ਉਹੀ ਪਦ (24)
173. ਉਹੀ ਪਦ (110)
174. ਉਹੀ ਪਦ (22)
175. ਉਹੀ ਪਦ (9)
176. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ(32)
177. ਉਹੀ ਪਦ(146)
178. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪਦ(155)
179. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ(63)
180. ਰਾਗੁ ਵਡਹੰਸੁ, ਮਹਲਾ 1, ਆਦਿ ਗ੍ਰੰਥ, ਪੰਨਾ 558.
181. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ(16)
182. ਉਹੀ ਪਦ (86)
183. ਉਹੀ ਪਦ(117)
184. ਉਹੀ ਪਦ(162)
185. ਉਹੀ ਗੀਤਾ 10/14/32
186. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪਦ(74)
187. ਉਹੀ ਪਦ (59)
188. ਸ੍ਰੀਮਦ ਭਾਗਵਤ ਗੀਤਾ 11/14/15
189. ਸ੍ਰੀਮਦ ਭਾਗਵਤ ਗੀਤਾ 10/46/1-3
190. ਗੀਤਾ 4/3, 17/64
191. ਸ੍ਰੀਮਦ ਭਾਗਵਤ ਗੀਤਾ, 10/80/19-20
192. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ(152)
193. ਉਹੀ, ਪਦ(138)

194. ਉਹੀ, ਪਦ(162)
195. ਆਦਿ ਬਾਣੀ ਗ੍ਰੰਥ, ਪੰਨਾ 58
196. ਡਾ. ਰਾਧਾ ਕ੍ਰਿਸ਼ਨਨ, ਭਾਰਤੀਯ ਦਰਸ਼ਨ, ਪੰਨਾ 707
197. ਅਹਿਰਬੁਧਨਾਥ ਸੰਹਿਤਾ, 37/28/29
198. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, ਪਦ(110)
199. ਉਹੀ, ਪਦ(96)
200. ਉਹੀ ਪਦ (95)
201. ਉਹੀ ਪਦ(96)
202. ਉਹੀ ਪਦ(59)
203. ਉਹੀ ਪਦ(19)
204. ਉਹੀ ਪਦ(118)
205. ਉਹੀ ਪਦ(152)
206. ਰਾਗ ਗਉੜੀ ਪਦ (25)
207. ਉਹੀ ਪਦ( 13)
208. ਉਹੀ ਪਦ(46)
209. ਉਹੀ ਪਦ(110)
210. ਉਹੀ ਪਦ(154)
211. ਉਹੀ ਪਦ(119)
212. ਉਹੀ ਪਦ(116)
213. ਉਹੀ ਪਦ(59)
214. ਉਹੀ ਪਦ( 145)
215. ਉਹੀ ਪਦ(143)
216. ਉਹੀ ਪਦ(31)
217. ਉਹੀ ਪਦ(119)
218. ਉਹੀ ਪਦ(139)
219. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, ਪਦ(27)
220. ਉਹੀ, ਪਦ(6)
221. ਉਹੀ ਪਦ( 9)
222. ਉਹੀ ਪਦ(101)

223. ਉਹੀ, ਪਦ (119)

224. ਗੀਤਾ 9/32

225. ਹਿੰਦੀ ਸਾਹਿਤਯ ਪੰਨਾ 139( ਪ੍ਰਿਥਵੀ ਸਿੰਘ ਆਜ਼ਾਦ ਰਚਿਤ ਰਵਿਦਾਸ ਦਰਸ਼ਨ ਤੋਂ ਹਵਾਲਾ ਲਿਆ ਗਿਆ ਹੈ )

226. ਰੈ ਦਾਸ, ਭਾਰਤੀਯ ਸਾਹਿਤਯ, ਅਕਾਦਮੀ, ਪੰਨਾ 44

227. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, ਪਦ(70)

228. ਉਹੀ, ਪਦ(76)

229. ਉਹੀ ਉਹੀ ਪਦ(118)

230. ਉਹੀ ਪਦ(86)

231. ਉਹੀ ਪਦ(57)

232. ਉਹੀ ਉਹੀ,ਪਦ (86)

233. ਉਹੀ ਪਦ(87)

234. ਉਹੀ ਪਦ (82)

235. ਉਹੀ ਪਦ(98)

236. ਉਹੀ ਪਦ(168)

237. ਉਹੀ ਪਦ(125)

238. ਉਹੀ ਪਦ(20)

239. ਗੀਤਾ 9/17

240. ਗੀਤਾ 8/22

241. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, ਪਦ(6)

242. ਉਹੀ, ਪਦ(17)

243. ਉਹੀ ਪਦ (82)

244. ਉਹੀ ਪਦ(6)

245. ਉਹੀ ਪਦ(58)

246. ਉਹੀ ਪਦ (41)

247. ਉਹੀ ਪਦ (63)

248. ਉਹੀ ਪਦ (58)

249. ਉਹੀ ਪਦ(65)

250. ਉਹੀ ਪਦ(102)

251. ਉਹੀ, ਪਦ(124)
252. ਉਹੀ ਪਦ (102)
252(ੳ) ਉਹੀ ਪਦ (134)
253. ਉਹੀ ਛਿ( 14)
254. ਉਹੀ ਪਦ( 17)
255. ਉਹੀ ਪਦ(144)
256. ਉਹੀ ਪਦ(13)
257. ਉਹੀ ਪਦ (63)
258. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ( 42.)
259. ਉਹੀ ਪਦ (81)
260. ਉਹੀ ਪਦ (4)
261(ੳ ਉਹੀ ਪਦ (82)
261. ਉਹੀ ਪਦ (58).
262. ਉਹੀ ਪਦ(156)
263. ਉਹੀ ਪਦ(50)
264. ਉਹੀ ਪਦ (86)
265. ਰਿਗਵੇਦ 10/151/5
266. ਯਜੁਰਵੇਦ 19/30
267. ਕਠੋਪਨਿਸ਼ਦ 2/3
268. ਸ਼ਵੇਤਾਸ਼ਵਤਰੋਪਨਿਸ਼ਦ 5
269. ਸ੍ਰੀਮਦ ਭਾਗਵਤ 11/19-20
270. ਸ੍ਰੀਮਦ ਭਾਞਤ ਗੀਤਾ 9/3
271. ਗੀਤਾ 12/2
272. ਡਾ਼ ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ(10)
273. ਉਹੀ ਪਦ(14 )
274. ਉਹੀ ਪਇ (37)
275. ਉਹੀ ਪਦ(72)
276. ਉਹੀ ਪ ਦ(139)
277. ਉਹੀ ਪਦ (165)

278. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ (12)
279. ਉਹੀ ਪਦ (94)
280. ਉਹੀ ਪਦ(154)
281. ਕਠੋਪਨਿਸ਼ਦ 1/2
282. ਡਾ ਬੀ ਪੀ ਸੁਰਮਾ, ਸੰਤ ਰਵਿਦਾਸ ਪਦ(132)
283. ਛਾਂਦੋਗਯ ਉਪਨਿਸ਼ਦ, 4/9/3
284. ਮੁੰਡਕੋਪਨਿਸ਼ਦ 2/7/12
285. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ(54)
286. ਉਹੀ ਪਦ (47)
287. ਉਹੀ ਪਦ (38)
288. ਉਹੀ ਪਦ (168)
289. ਉਹੀ ਪਦ (78)
290. ਸ਼ਵੇਤਾਸ਼ਵਤਰੋਪਨਿਸ਼ਦ 6/23
291. ਮਨੂ ਸਮ੍ਰਿਤੀ, ਅਧਿਆਏ 2, ਸ਼ਲੋਕ 116
292. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ (89)
293. ਗੀਤਾ 4/34
294. ਅਦਯਤਰਕੋਪਨਿਸ਼ਦ 16
295. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ(30)
296. ਉਹੀ ਪਦ(176)
297. ਉਹੀ ਪਦ (149)
298. ਉਹੀ ਪਦ (159)
299. ਉਹੀ ਪਦ (164)
300. ਉਹੀ ਪਦ (71)
301. ਉਹੀ ਪਦ (153)
302. ਉਹੀ ਪਦ (137)
303. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ(158)
304. ਉਹੀ ਪਦ (172)
305. ਉਹੀ ਪਦ (62)
306. ਉਹੀ ਪਦ (162)

307. ਉਹੀ ਪਦ (165)
308 ਉਹੀ ਪਦ(75)
309 ਉਹੀ ਪਦ(109)
310. ਉਹੀ ਪਦ (103)
311. ਅਥਰਵਵੇਦ 6/79/3
312. ਨਾਰਦ ਭਗਤੀ ਸੂਤਰ 38
313. ਉਹੀ 40
314. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, ਪਦ(125)
315. ਉਹੀ ਪਦ (116)
316. ਉਹੀ ਪਦ(142)
317. ਉਹੀ ਪਦ (163)
318. ਉਹੀ ਪਦ (166)
319. ਉਹੀ ਪਦ (88)
320. ਉਹੀ ਪਦ (124)
321. ਉਹੀ ਪਦ (154)
322. ਉਹੀ ਪਦ (115)
323. ਉਹੀ ਪਦ (116)
324. ਉਹੀ ਪਦ(86)
325. ਉਹੀ ਪਦ (102)
326. ਉਹੀ ਪਦ(134)
327. ਸ੍ਰੀਮਦ ਭਾਗਵਤ 3/25/25
328. ਸ੍ਰੀ ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, ਪਦ
329. ਸ੍ਰੀ ਮਦ ਭਾਗਵਤ ਗੀਤਾ 11/12/1-2
330. ਡਾ. ਬੀ ਪੀ ਸ਼ੁ ਰਮਾ, ਸੰਤ ਰਵਿਦਾਸ ਬਾਣੀ, ਪਦ(116)
331. ਉਹੀ ਪਦ (128)
332. ਉਹੀ ਪਦ (132)
333. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, ਪਦ(89)
334. ਉਹੀ ਪਦ (120)
335. ਉਹੀ ਪਦ (51)

336. ਉਹੀ, ਪਦ (47)
337. ਉਹੀ ਪਦ (45)
338. ਉਹੀ ਪਦ(147)
339. ਉਹੀ ਪਦ (97)
340. ਨਾਰਦ ਭਗਤੀ ਸੂਤਰ 78
341. ਸ੍ਰੀ ਮਦ ਭਾਗਵ 10/29/15
342. ਡਾ ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, ਪਦ(59)
343. ਮਹਾਂਭਾਰਤ 254/1-3
344. ਨਾਰਦ ਭਗਤੀ ਸੂਤਰ 44
345. ਗੀਤਾ 3/37
346. ਗੀਤਾ 2/62-63
347. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, ਪਦ(143)
348. ਉਹੀ ਪਦ (77)
349. ਉਦਯੋਗ ਪੁਰਾਣ, 18
350. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, ਪਦ(22)
351. ਉਹੀ ਪਦ (23).
352. ਉਹੀ ਪਦ(174)
353. ਉਹੀ ਪਦ(172)
354. ਉਹੀ ਪਦ (161).
355. ਡਾ. ਗੋਬਿੰਦ ਤ੍ਰਿਗੁਣਾਯਤ, ਹਿੰਦੀ ਕੀ ਨਿਰਗੁਣ ਕਾਵਯ-ਧਾਰਾ ਔਰ ਉਸਕੀ ਦਾਰਸ਼ਨਿਕ ਪ੍ਰਿਸ਼ਟਭੂਮੀ
356. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, ਪਦ (3)
357. ਉਹੀ ਪਦ (11)
358. ਉਹੀ ਪਦ (26)
359. ਉਹੀ ਪਦ (52)
360. ਉਹੀ ਪਦ (96)
361. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, ਪਦ(49)
362. ਡਾ. ਗੋਬਿੰਦ ਤ੍ਰਿਗੁਣਾਯਤ, ਹਿੰਦੀ ਨਿਰਗੁਣ ਕਾਵਯ,ਧਾਰਾ ਔਰ ਉਸ ਕੀ ਦਾਰਸ਼ਨਿਕ ਪ੍ਰਿਸ਼ਟਭੂਮੀ, ਪੰਨਾ 467.
363. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, ਪਦ(5)
364. ਉਹੀ ਪਦ (76)

| | | |
|---|---|---|
| 365. | ਉਹੀ, | ਪਦ (3) |
| 366. | ਉਹੀ, | ਪਦ( 96) |
| 367. | ਉਹੀ | ਪਦ( 5) |
| 368. | ਉਹੀ | ਪਦ(155) |
| 369. | ਉਹੀ | ਪਦ( 50) |
| 370. | ਉਹੀ | ਪਦ( 70) |
| 371. | ਉਹੀ | ਪਦ( 71) |
| 372. | ਉਹੀ | ਪਦ( 77) |
| 373. | ਉਹੀ | ਪਦ( 72) |
| 374. | ਉਹੀ | ਪਦ( 95) |
| 375. | ਉਹੀ | ਪਦ( 30) |
| 376. | ਉਹੀ | ਪਦ( 135) |
| 377. | ਉਹੀ | ਪਦ( 63) |
| 378. | ਉਹੀ | ਪਦ( 115) |
| 379. | ਉਹੀ | ਪਦ( 135) |
| 380. | ਉਹੀ | ਪਦ( 5) |
| 381. | ਉਹੀ | ਪਦ( 132) |
| 382. | ਉਹੀ | ਪਦ( 137) |
| 383. | ਉਹੀ | ਪਦ( 137) |

****

ਅਧਿਆਇ ਚੌਥਾ :

## ਦਰਸ਼ਨ

1. ਬ੍ਰਹਮ ਦਾ ਸਰੂਪ

ਅਵਿਕਤ ਨਿਰਗੁਣ ਬ੍ਰਹਮ — ਅਵਿਅਕਤ ਸਗੁਣ ਬ੍ਰਹਮ
ਵਿਅਕਤ ਸਗੁਣ ਬ੍ਰਹਮ – ਕ੍ਰਿਪਾਨਿਧੀ ਬ੍ਰਹਮ – ਮਣੀ ਰੂਪ ਬ੍ਰਹਮ
ਪ੍ਰਤੀਕਰੂਪ ਬ੍ਰਹਮ

2. ਜੀਵਾਤਮਾ ਦਾ ਸਰੂਪ

ਜੀਵ ਦਾ ਨਿਰੂਪਣ – ਦਵੈਤਾਦਵੈਤਵਾਦ ਅਨੁਸਾਰ ਜੀਵ
ਮਨੁੱਖ ਦੀ ਸਥਿਤੀ ਅਤੇ ਅਵਸਥਾਵਾਦ

3. ਸ੍ਰਿਸ਼ਟੀ ਚਿਤਰਣ:

ਸ੍ਰਿਸ਼ਟੀ ਦੀ ਉਤਪਤੀ — ਸ੍ਰਿਸ਼ਟੀ ਨਿਰੂਪਣ ਦੀ ਦਾਰਸ਼ਨਿਕ ਪ੍ਰਣਾਲੀ
ਜਗਤ ਦਾ ਸਰੂਪ — ਯੁਗਾਂ ਦਾ ਚਿਤਰਣ

4. ਮਾਇਆ :

ਮਾਇਆ ਸਰੂਪ ਅਤੇ ਸੁਭਾਅ

5. ਮੁਕਤੀ /ਮੋਖਸ਼:-

ਮੁਕਤੀ ਪ੍ਰਾਪਤੀ ਦੇ ਸਾਧਨ - ਵਿਭਿੰਨ ਮੁਕਤੀ
ਜੀਵਨ -ਮੁਕਤੀ

ਪੈਰ ਟਿੱਪਣੀਆਂ ਤੇ ਹਵਾਲੇ

****
***
**
*

<u>ਬ੍ਰਹਮ ਦਾ ਸਰੂਪ:-</u> ਸ੍ਰਿਸ਼ਟੀ ਦੇ ਆਦਿ ਕਾਲ ਤੋਂ ਹੀ ਬ੍ਰਹਮ ਜੀਵ ਤੇ ਜਗਤ ਦਾ ਪਰਸਪਰ ਸੰਬੰਧ ਹੋਂਦ ਤੇ ਨਿਰਹੋਂਦ ਇਕ ਪ੍ਰਸ਼ਨ ਬਣਿਆ ਰਿਹਾ ਹੈ। ਵੱਖ ਵੱਖ ਸਦੀਆਂ ਵਿਚ ਚਿੰਤਕਾਂ, ਰਿਸ਼ੀਆਂ ਤੇ ਵਿਦਵਾਨਾਂ ਨੇ ਇਸ ਬਾਰੇ ਡੂੰਘਾ ਵਿਚਾਰ ਕੀਤਾ ਹੈ। ਸ੍ਰੀ ਜੀ ਦੇ ਬ੍ਰਹਮ ਦੇ **ਸੰਕਲਪ** ਤੇ ਵਿਚਾਰ ਤੋਂ ਪਹਿਲਾਂ ਇਸ ਚਿੰਤਕ ਦੀ ਪ੍ਰਿਸ਼ਟਭੂਮੀ ਨੂੰ ਸਮਝਿਆ ਜਾਵੇ। ਵੇਦਾਂ ਵਿਚ ਵੈਦਿਕ ਰਿਸ਼ੀਆਂ ਨੇ ਉਪਾਸਨਾ ਲਈ ਭਿੰਨ ਭਿੰਨ ਸ਼ਕਤੀਆਂ ਦੇ ਲਈ ਭਿੰਨ ਭਿੰਨ ਦੇਵਤਿਆਂ ਦੀ ਕਲਪਨਾ ਕੀਤੀ ਅਤੇ ਇਸ ਦੇ ਨਾਲ ਹੀ ਆਰੀਆ ਨੇ ਇਕ ਈਸ਼ਵਰਵਾਦ ਵਿਚ ਵੀ ਪ੍ਰਣ ਨਿਸ਼ਚਾ ਰਖਿਆ। ਇਸੇ ਲਈ ਵੈਦਿਕਾਂ ਦੀ ਨਿਸ਼ਠਾ ਇਕ ਤੋਂ ਦੂਸਰੇ ਦੇਵ ਵਿਚ ਬਦਲਦੀ ਗਈ। ਜਿਸ ਨਾਲ ਬਹੁਦੇਵ( ਵਰੁਣ; ਇੰਦਰ, ਸੂਰਜ, ਵਿਸ਼ਨੂ ਆਦਿ) ਦੀ ਪੂਜਾ ਪ੍ਰਚਲਿਤ ਹੋ ਗਈ। ਅੱਗੇ ਚਲ ਕੇ ਇਕ ਸ੍ਰਿਸ਼ਟੀ -ਸ਼ਕਤੀ ਅਨੇਕ ਰੂਪਾਂ ਦੁਆਰਾ ਵਿਅਕਤ ਹੋਣ ਵਾਲੀਆਂ ਭਿੰਨ ਭਿੰਨ ਸ਼ਕਤੀਆਂ ਦੀ ਪ੍ਰਤੀਨਿਧਤਾ ਕਰਨ ਲਗ ਪਈ, ਜਿਸ ਨਾਲ ਪਰਮ ਸ਼ਕਤੀ ਨੂੰ ਬ੍ਰਹਮ ਦਾ ਨਾਮ ਪ੍ਰਾਪਤ ਹੋ ਗਿਆ ਅਤੇ ਉਸ ਸ਼ਕਤੀ ਦੀ ਅਨੇਕ ਰੂਪਾਂ ਵਿਚ ਅਭਿਵਿਅਕਤੀ ਹੋ ਗਈ। ਇਸ ਵਿਆਪਕ ਪਰਮ ਸ਼ਕਤੀ ਦਾ ਭਿੰਨ ਭਿੰਨ ਨਾਵਾਂ ਨਾਲ ਵੇਦਾਂ ਵਿਚ ਵਰਨਣ ਕੀਤਾ ਗਿਆ ਇਸ ਦਾ ਹੀ ਅਭੈ ਜੋਤਿ[1] ਪਰਮ ਵਿਯੋਮਨ[2] ਪਰਮਪਦ[3], ਅਵਿਅਕਤ ਆਦਿ ਨਾਵਾਂ ਨਾਲ ਨਿਰੂਪਣ ਕੀਤਾ ਗਿਆ।[4] ਯਜੁਰਵੇਦ ਵਿਚ ਅਨੇਕਾਂ ਮੰਤਰ ਹਨ ਜਿਸ ਵਿਚ ਪਰਮੇਸਰ ਸੰਬੰਧੀ ਵਿਚਾਰ ਪ੍ਰਾਪਤ ਹੁੰਦੇ ਹਨ। ਯਜੁਰਵੇਦ ਵਿਚ ਵਰਣਨ ਹੈ ਕਿ ਜੋ ਜਗਤ ਵਿਚ ਅਨੇਕ ਰੂਪਾਂ ਵਿਚ ਅਭਿਵਿਅਕਤ ਹੁੰਦਾ ਹੈ ਅਤੇ ਜਿਸ ਦੇ ਗਿਆਨ ਨਾਲ ਜਗਿਆਸੂ ਨੂੰ ਚਰਮ ਲਕਸ਼ ਦੀ ਪ੍ਰਾਪਤ ਹੁੰਦੀ ਹੈ ਅਤੇ ਉਹ ਸਰਵੱਗ ਹੋ ਜਾਂਦਾ ਹੈ।[5] ਇਸ ਤੋਂ ਇਲਾਵਾ ਰਿਗਵੇਦ ਤੇ ਨਾਮਦੀਯ ਸੂਕਤ ਦੇ ਅੰਤਰਗਤ ਅਵਿਅਕਤ ਅਤੇ ਨਿਰਗੁਣ, ਪਰਮਸਤਿ ਅਤੇ ਮੂਲ ਤੱਤ ਦਾ ਵਰਣਨ ਹੋਇਆ ਹੈ। ਇਸ ਵਰਨਣ ਵਿਚ ਨਾਕਾਰਾਤਮ ਸ਼ੈਲੀ ਦੁਆਰਾ ਪਰਮ-ਸੱਤਾ ਨੂੰ ਅਨਿਰਵਚਨੀਯ ਮੰਨਿਆ ਗਿਆ ਹੈ।[6] ਸਿੱਟਾ ਇਹ ਹੈ ਕਿ ਰਿਗਵੇਦ ਇਸ ਵਿਸ਼ਵ ਦੇ ਨਿਯਾਮਕ ਅਨੂਪਮ ਸ਼ਕਤੀ-ਸੰਪੰਨ ਨਿਯੰਤਾ ਦੇ ਏਕਤਵ ਤੋਂ ਪ੍ਰੀਚਿਤ (ਜਾਣੂੰ) ਹੈ। ਵੈਦਿਕ ਭਗਤੀ ਅਦਵੈਤ ਤੱਤ ਤੇ ਆਧਾਰਿਤ ਹੈ ਅਨੇਕਤਾ ਵਿਚ ਏਕਤਾ, ਭਿੰਨਤਾ ਵਿਚ ਅਭਿੰਨਤਾ ਦੀ ਕਲਪਨਾ ਵੈਦਿਕ ਰਿਸ਼ੀਆਂ ਦੀ ਮਹੱਤਵਪੂਰਣ ਦੇਣ ਹੈ।[7] ਉਪਨਿਸ਼ਦਾਂ ਵਿਚ ਬ੍ਰਹਮ ਦੀ ਪੂਰਣ ਰੂਪ ਵਿਚ ਪ੍ਰਤਿਸ਼ਠਾ ਹੋਈ ਹੈ। ਉਪਨਿਸ਼ਦਾਂ ਵਿਚ ਪਰਮਤੱਤ ਦੇ ਸਗੁਣ ਰੂਪ, ਨਿਰਵਿਸ਼ੇਸ਼ ਨਿਰਗੁਣ ਰੂਪ[8] ਰਹੱਸਮਈ ਸਰੂਪ,[9] ਅੱਖਰ ਸਰੂਪ[10] ਆਦਿ ਦਾ ਵਰਣਨ ਹੈ। ਇਨ੍ਹਾਂ ਵਿਚ ਬ੍ਰਹਮ ਨੂੰ ਅਵਿਅਕਤ,[11] ਅਜਨਮਾ, ਸਰਵਵਿਆਪੀ, ਜਗਤ ਦਾ ਕਰਤਾ, ਅਗੋਯ ਅਛੂਰ, ਅਗੋਚਰ, ਅਦ੍ਰਿਸ਼ਟ ਆਦਿ ਕਿਹਾ ਗਿਆ ਹੈ। " ਉਹ ਬ੍ਰਹਮ ਜਗਤ ਦਾ ਉਤਪਾਦਕ, ਪਾਲਕ ਅਤੇ ਸੰਘਾਰਕ ਹੈ।[12] ਬ੍ਰਹਮ ਤੋਂ ਹੀ ਇਹ ਜਗਤ ਉਤਪੰਨ ਹੁੰਦਾ ਹੈ, ਉਸੇ ਵਿਚ ਲੀਨ ਹੋ ਜਾਂਦਾ ਹੈ ਅਤੇ ਉਸਦੇ ਕਾਰਨ ਹੀ ਸਥਿਤੀ-ਕਾਲ ਵਿਚ ਪ੍ਰਾਣ ਧਾਰਨ ਕਰਦਾ ਹੈ।[13] ਉਪਨਿਸ਼ਦਾਂ

ਵਿਚ ਨੇਤਿ-ਨੇਤਿ[14] ( ਇਹ ਨਹੀਂ, ਇਹ ਨਹੀਂ) ਹੀ ਪਾਰਬ੍ਰਹਮ ਦਾ ਯਥਾਰਥ ਪਰਿਚੈ ਹੈ ਉਹ ਦੇਸ ਕਾਲ ਅਤੇ ਨਿਮਿੱਤ ਰੂਪੀ ਉਪਾਧੀਆਂ ਤੋਂ ਵਿਰਵਾਂ ਹੋਣ ਕਾਰਨ ਨਿਰ-ਉਪਾਧੀ ਹੈ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਉਪਨਿਸ਼ਦਾਂ ਅਨੁਸਾਰ ਬ੍ਰਹਮ ਸਤਿ, ਗਿਆਨ ਅਨੰਤ-ਰੂਪ ਹੈ।[15] ਵਿਗਿਆਨ ਅਤੇ ਅਨੰਦ ਰੂਪ[16] ਹੈ। ਅਸਲ ਵਿਚ ਸੰਪੂਰਨ ਵਿਸ਼ਵ ਬ੍ਰਹਮ ਹੀ ਹੈ।[17] ਸ੍ਰੀ ਮਦ ਭਗਵਤ ਗੀਤਾ ਵਿਚ ਪੁਰਸ਼ੋਤਮ ਬ੍ਰਹਮ ਦੇ ਵਿਅਕਤ, ਅਵਿਅਕਤ, ਵਿਅਕਤਾਵਿਅਕਤ ਆਦਿ ਰੂਪਾਂ ਦਾ ਵਰਣਨ ਹੈ। ਗੀਤਾ ਅਨੁਸਾਰ, ਅਵਿਅਕਤ ਤੋਂ ਵਿਅਕਤ ਉਪਜਦਾ ਹੈ।[18] ਅੱਗੇ ਅਵਿਅਕਤ ਦੇ ਵੀ ਤਿੰਨ ਭੇਦ ਹਨ - ਸਗੁਣ, ਨਿਰਗੁਣ ਅਤੇ ਸਗੁਣ-ਨਿਰਗੁਣ। ਇਸ ਵਿਚ ਬ੍ਰਹਮ ਦੇ ਵਿਰਾਟ ਰੂਪ ਦਾ ਦਿਰਸ਼ਣ ਵੀ ਕੀਤਾ ਗਿਆ ਹੈ। ਇਸ ਦੇ ਅਨੁਸਾਰ ਉਸ ਵਿਰਾਟ-ਸਰੂਪ ਦੀਆਂ ਅਨੇਕ ਬਾਹਾਂ, ਅਨੇਕ ਮੂੰਹ ਅਤੇ ਨੇਤਰ ਹਨ। ਉਹ ਚਾਰੇ ਪਾਸੇ ਦ੍ਰਿਸ਼ਟਮਾਨ ਹੈ ਉਸ ਦਾ ਆਦਿ ਮੱਧ ਤੇ ਅੰਤ ਦਿਖਾਈ ਨਹੀਂ ਦਿੰਦਾ।[19] ਉਹ ਉਪਾਸ਼ਕਾਂ ਦੀ ਉਪਾਸਨਾ ਦੀ ਦ੍ਰਿਸ਼ਟੀ ਵਿਚ ਭਿੰਨ ਪ੍ਰਤੀਤ ਹੁੰਦਾ ਹੈ ਪਰੰਤੂ ਉਹ ਅਭਿੰਨ ਸ਼ੁੱਧ ਗਿਆਨ ਰੂਪ ਹੈ।[20] ਭਗਵਾਨ ਦੀ ਭਗਵਤਾ ਸ਼ਕਤੀਆਂ ਦੀ ਸੰਪਤੀ ਹੈ। ਉਸ ਦੀ ਸ਼ਕਤੀ ਅਚਿੰਤਨੀਯ ਹੈ ਜਿਸਦੇ ਕਾਰਨ ਉਹ ਇਕ ਹੁੰਦੇ ਹੋਏ ਵੀ ਅਨੇਕ ਪ੍ਰਤੀਤ ਹੁੰਦਾ ਹੈ। ਇਸ ਤਰ੍ਹਾਂ ਭਾਸਣ ਨਾਲ ਵੀ ਉਹ ਅਸਲ ਵਿਚ ਇਕ ਹੈ। ਇਸ ਲਈ ਉਸਦੀ ਅਨੇਕਤਾ ਵਿਚ ਵੀ ਏਕਤਾ ਹੈ।[21] ਗੀਤਾ ਦੇ ਭਗਵਾਨ ਸ੍ਰਿਸ਼ਟਾ ਅਤੇ ਸਾਧੂਆਂ ਦੇ ਰਖਿਅਕ ਅਤੇ ਧਰਮ ਦੇ ਪਾਲਕ ਹਨ। ਉਹ ਸੰਸਾਰ ਦੇ ਕਲਿਆਣ ਲਈ ਮਾਰਗ-ਪ੍ਰਦਰਸ਼ਕ ਹਨ। ਪੁਰਸ਼ੋਤਮ-ਸਰੂਪ ਭਗਵਾਨ ਸਮਾਜਿਕ ਸਰਵ-ਸ੍ਰੇਸ਼ਠ ਨਿਯੰਤਾ ਹਨ।[22] ਭਗਵਾਨ ਭਗਤ ਨੂੰ ਗਿਆਨ ਅਤੇ ਕਰਤਵ ਦਾ ਉਪਦੇਸ਼ ਦੇਣ ਲਈ ਤਤਪਰ ਰਹਿੰਦੇ ਹਨ। ਉਹ ਸਾਧਕ ਦੇ ਪਿਤਾ, ਮਿੱਤਰ ਅਤੇ ਸਭ ਕੁਝ ਹਨ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੀਤਾ ਦਾ ਪਰਮ ਤੱਤ , ਸਕ੍ਰਿਆ ਤੱਤ ਹੈ ਅਤੇ ਸ਼ੰਕਰ ਦੇ ਵੇਦਾਂਤ ਤੋਂ ਭਿੰਨ ਹੈ। ਜੈਨ ਮਤ ਵਾਲੇ ਈਸ਼ਵਰ ਨੂੰ ਨਹੀਂ ਮੰਨਦੇ। ਇਸ ਦੀ ਥਾਂ ਤੇ ਉਹ ਤੀਰਥੰਕਰਾਂ ਨੂੰ ਮੰਨਦੇ ਹਨ। ਇਨ੍ਹਾਂ ਸਾਧੂਆਂ ਵਿਚ ਤੀਰਥੰਕਰ ਦਾ ਪਦ ਸਭ ਤੋਂ ਵੱਡਾ ਹੈ। ਇਨ੍ਹਾਂ ਦੇ ਅਨੁਸਾਰ ਤੀਰਥੰਕਰ ਵੀ ਈਸ਼ਵਰ ਦੀ ਤਰ੍ਹਾਂ ਸਰਵੱਗ ਅਤੇ ਸਰਵ-ਸ਼ਕਤੀਮਾਨ ਹੁੰਦੇ ਹਨ।[23] ਬੁੱਧ-ਧਰਮ ਦੀ ਮਹਾਂਯਾਨ ਸ਼ਾਖਾ ਦੇ ਪ੍ਰਵਰਤਕ ਨਾਗਾਰਜੁਨ ਨੇ ਪਰਮਸੱਤਾ ਨੂੰ ਸ਼ੂਨਯ ਸੱਤਾ ਮੰਨਿਆ ਹੈ। ਉਨ੍ਹਾਂ ਦਾ ਸ਼ੂਨਯ ਨਾ ਸਤਿ ਹੈ , ਨਾ ਅਸਤਿ ਨਾ ਸਤਿ-ਅਸਤਿ ਅਤੇ ਨਾ ਹੀ ਦੋਨਾਂ ਤੋਂ ਭਿੰਨ।[24] ਆਚਾਰੀਆ ਨਾਗਾਰਜੁਨ ਨੇ ਸਤਿ ਨੂੰ ਦੋ ਪ੍ਰਕਾਰ ਦਾ ਮੰਨਿਆ ਹੈ - ਪਾਰਮਾਰਥਿਕ ਅਤੇ ਸਾਂਵਰਤਿਕ (ਮਾਇਆ ਅਤੇ ਅਵਿਦਿਆ ਦਾ ਕਾਰਣਭੂਤ ਹੋਣ ਕਾਰਨ ਜਗਤ ਦੀ ਸੱਤਾ ਵਿਵਹਾਰਿਕ ਹੈ)[25] ਇਸ ਪ੍ਰਕਾਰ ਸ਼ੂਨਯ ਤੱਤ ਪਰਮ ਭਾਵ ਰੂਪ ਹੈ ਮਹਾਂਯਾਨ ਸੰਪ੍ਰਦਾਇ ਨੇ ਨਿਰਈਸ਼ਵਰਵਾਦੀ ਨਵਿਰਤੀ ਪ੍ਰਧਾਨ ਹੀਨਯਾਨ ਦੀ ਕਾਇਆ ਪਲਟ ਕੇ ਉਸਨੂੰ ਪ੍ਰਵਿਰਤੀ

ਪ੍ਰਧਾਨ ਅਤੇ ਭਕਤੀ-ਭਾਵ ਵਾਲਾ ਬਣਾ ਦਿੱਤਾ। ਬੁੱਧ-ਮੱਤ ਦਾ ਪ੍ਰਮੁੱਖ ਸਿਧਾਂਤ ਮੱਧ-ਮਾਰਗ ਹੈ। ਸਹਜਯਾਨੀਅਲੇ ਸਹਜਤੱਤ ਦਾ ਨਿਰੂਪਣ ਕੀਤਾ। ਉਹ ਪਰਮਤੱਤ ਨੂੰ 'ਸਹਜ' ਰੂਪ ਮੰਨਦੇ ਹਨ।

5. ਨਿਆਇ ਦਰਸ਼ਨ ਪਰਮਾਤਮਾ ਦੀ ਹੋਂਦ ਕਈ ਯੁਕਤੀਆਂ ਦੁਆਰਾ ਸਿੱਧ ਕਰਦਾ ਹੈ। ਵਿਸ਼ਵ ਦੀਆਂ ਸਭ ਵਸਤਾਂ ਮਨੁੱਖ, ਪਸ਼ੂ, ਪੰਛੀ, ਨਦੀ, ਸਮੁੰਦਰ ਆਦਿ ਪਦਾਰਥ ਤੋਂ ਬਣੇ ਹੋਏ ਹਨ। ਪਦਾਰਥ ਦਾ ਸੂਖਮ ਅੰਸ਼ ਪਰਮਾਣੂੰ ਹੈ। ਇਨ੍ਹਾਂ ਪਰਮਾਣੂਆਂ ਤੋਂ ਹੀ ਸਮਸਤ ਪਦਾਰਥਾਂ ਦਾ ਨਿਰਮਾਣ ਹੋਇਆ ਹੈ। ਜਿਵੇਂ ਕਿ ਮਨੁੱਖ ਦੀ ਬੁੱਧੀ ਅਤੇ ਸ਼ਕਤੀ ਸੀਮਿਤ ਹੈ। ਇਸ ਲਈ ਵਿਸ਼ਵ ਦਾ ਨਿਰਮਾਤਾ ਕੋਈ ਚੇਤਨ ਆਤਮਾ ਹੈ ਜੋ ਸਰਵੱਗ, ਸਰਵਸ਼ਕਤੀਮਾਨ ਹੈ ਅਤੇ ਸੰਸਾਰ ਦੀ ਨੈਤਿਕ ਅਵਸਥਾ ਦਾ ਸਰੰਖਿਅਕ ਹ ਉਹ ਹੀ ਈਸ਼ਵਰ ਹੈ।[26]

6. ਸਾਂਖਯ ਦਰਸ਼ਨ ਅਨੁਸਾਰ ਦੋ ਮੌਲਿਕ ਤੱਤ ਹਨ -ਪੁਰਸ਼ ਅਤੇ ਪ੍ਰਕ੍ਰਿਤੀ। ਇਹ ਦੋਨੋਂ ਤੱਤ ਆਪਣੀ ਆਪਣੀ ਹੋਂਦ ਲਈ ਨਿਰਪੇਖ ਹਨ। ਪੁਰਸ਼ ਚੇਤਨ ਤੱਤ ਹੈ ਅਤੇ ਪ੍ਰਕ੍ਰਿਤੀ ਜੜ੍ਹ ਤੱਤ ਹੈ। ਪੁਰਸ਼ ਸਰੀਰ, ਇੰਦਰੀਆਂ ਅਤੇ ਮਨ ਨਾਲ ਭਿੰਨ ਹੈ। ਪ੍ਰਕ੍ਰਿਤੀ ਦੇ ਪਰਿਣਾਮਾਂ ਦੇ ਪ੍ਰਯੋਗ ਲਈ ਲੋੜ ਬਣੀ ਰਹਿੰਦੀ ਹੈ। ਪੁਰਸ਼ ਉਪਭੋਗਤਾ ਹੈ। ਇਸ ਲਈ ਪੁਰਸ਼ ਇਕ ਨਹੀਂ ਅਨੇਕ ਹਨ। ਪ੍ਰਕ੍ਰਿਤੀ ਤਿੰਨ ਗੁਣਾਂ ਸੱਤ, ਰਜ ਅਤੇ ਤਮ ਨਾਲ ਯੁਕਤ ਹੈ। ਇਸ ਲਈ ਇਹ ਸੰਸਾਰ ਦਾ ਮੂਲ ਕਾਰਨ ਹੈ। ਪ੍ਰਕ੍ਰਿਤੀ ਇਕ ਹੈ ਅਤੇ ਵਿਸ਼ਿਆਂ ਦਾ ਜੜ ਆਧਾਰ ਹੈ।[27] ਵਾਸਤਵ ਵਿਚ ਸਾਂਖਯ ਦਰਸ਼ਨ ਨਿਰ-ਈਸ਼ਵਰਵਾਦੀ ਹੈ ਕਿਉਂਕਿ ਇਸ ਮੱਤ ਵਿਚ ਕਾਰਨ ਅਤੇ ਪਰਿਣਾਮ ਅਭਿੰਨ ਹੁੰਦੇ ਹਨ। ਕਾਰਨ ਹੀ ਪਰਿਣਾਮ ਵਿਚ ਪਰਣਿਤ ਹੋ ਜਾਂਦਾ ਹੈ ਜੇਕਰ ਈਸ਼ਵਰ ਨੂੰ ਕਾਰਨ ਮੰਨਿਆ ਜਾਵੇਗਾ ਤਾਂ ਉਹ ਵੀ ਪਰਿਣਾਮੀ ਅਤੇ ਪਰਿਵਰਤਨਸ਼ੀਲ ਹੋਣ ਲਗੇਗਾ, ਜੋ ਉਸ ਦੇ ਸੁਭਾ ਦੇ ਖਿਲਕੁਲ ਵਿਰੁਧ ਹੈ। ਇਸ ਲਈ ਇਸ ਵਿਚ ਈਸ਼ਵਰ ਦੀ ਹੋਂਦ ਸਿੱਧ ਨਹੀਂ ਹੁੰਦੀ।[28]

7. ਯੋਗ ਦਰਸ਼ਨ ਵਿਚ -ਪਰਮਸਤਾ ਦਾ ਸਥਾਨ ਬਹੁਤ ਮਹੱਤਵਪੂਰਨ ਹੈ। ਯੋਗ ਦੇ ਅਨੁਸਾਰ ਜੋ ਪੁਰਸ਼ ਵਿਸ਼ੇਸ਼ ਕਲੇਸ਼, ਕਰਮ, ਵਿਪਾਕ(ਕਰਮਫਲ) ਅਤੇ ਆਸ਼ਯ(ਵਿਚਾਰ ਅਨੁਰੂਪ ਸੰਸਕਾਰ ਦੇ ਸੰਪਰਕ) ਤੋਂ ਸ਼ੂਨਯ ਰਹਿੰਦਾ ਹੈ ਉਹ ਈਸ਼ਵਰ ਹੈ।[29] ਈਸ਼ਵਰ ਨਿਤਯ, ਸਰਵੱਗ ਸਰਵ-ਵਿਆਪੀ ਹੈ ਅਤੇ ਸਾਰੇ ਜੀਵਾਂ ਤੋਂ ਭਿੰਨ ਤੇ ਸ਼੍ਰੇਸ਼ਠ ਹੈ। ਉਹ ਗੁਰੂਆਂ ਦਾ ਵੀ ਗੁਰੂ ਹੈ। ਉਹ ਭੂਤ, ਭਵਿੱਖ ਅਤੇ ਵਰਤਮਾਨ ਤਿੰਨਾਂ ਕਾਲਾਂ ਤੋਂ ਰਹਿਤ ਹੈ । ਉਸਦਾ ਕਾਲ ਦੁਆਰਾ ਖੰਡਨ ਨਹੀਂ ਹੁੰਦਾ।[30] ਯੋਗ ਵਿਚ ਪ੍ਰਣਵ ਪਰੋਖਸੱਤਾ ਦਾ ਵਾਚਕ ਸ਼ਬਦ ਹੈ।[31] ਈਸ਼ਵਰ ਵਿਚ ਗਿਆਨ ਸ਼ਕਤੀ ਇੱਛਾ ਸ਼ਕਤੀ ਅਤੇ ਕ੍ਰਿਆ ਸ਼ਕਤੀ ਆਦਿ ਗੁਣ ਹਨ। ਇਸ ਲਈ ਹੀ ਇਹ ਈਸ਼ਵਰ ਹੈ।

8. ਮੀਮਾਂਸਾ ਦਰਸ਼ਨ ਯੱਗ ਨੂੰ ਮੰਨਦਾ ਹੈ। ਈਸ਼ਵਰ ਨੂੰ ਨਹੀਂ। ਯੱਗ ਉਪਾਸਨਾ ਦੇ ਕਾਰਣ ਇਹ ਅਨੇਕ ਦੇਵਤਿਆਂ ਦੀ ਹੋਂਦ ਨੂੰ ਸਵੀਕਾਰ ਕਰਦੇ ਹਨ। ਉਹ ਈਸ਼ਵਰ ਨੂੰ ਕਰਮ ਦਾ

ਫਲ-ਪ੍ਰਦਾਤਾ ਮੰਨਣ ਲਈ ਤਿਆਰ ਨਹੀਂ। ਉਨ੍ਹਾਂ ਅਨੁਸਾਰ ਯੱਗਾਂ ਦੁਆਰਾ ਹੀ ਵਿਭਿੰਨ ਫਲਾਂ ਦੀ ਪ੍ਰਾਪਤੀ ਹੋ ਜਾਂਦੀ ਹੈ। ਕੁਮਾਰਿਲ ਪਰਲੋ ਅਤੇ ਸ੍ਰਿਸ਼ਟੀ ਨੂੰ ਨਹੀਂ ਮੰਨਦੇ ਅਤੇ ਨਾ ਹੀ ਇਸ ਦੇ ਕਰਤੇ ਨੂੰ। ਉਨ੍ਹਾਂ ਅਨੁਸਾਰ ਈਸ਼ਵਰ ਸਰਵੱਗ ਨਹੀਂ ਹੋ ਸਕਦਾ ਜਦਕਿ ਇਸ ਦੀ ਹੋਂਦ ਹੀ ਨਹੀਂ ਹੈ। ਭੱਟ-ਮਤ ਵਿਚ ਵੀ ਈਸ਼ਵਰ ਲਈ ਕੋਈ ਸਥਾਨ ਨਹੀਂ ਕੁਮਾਰਿਲ ਨੇ ਸਪਸ਼ਟ ਕਿਹਾ ਹੈ ਕਿ ਪਰਮਾਤਮਾ ਦੇ ਸੰਬੰਧ ਵਿਚ ਜਾਨਣ ਲਈ ਵੇਦਾਂਤ-ਸ਼ਾਸਤਰ ਦਾ ਅਧਿਅਨ ਕਰਨਾ ਚਾਹੀਦਾ ਹੈ।[32]

9. ਵੇਦਾਂਤ ਵਿਚ ਸਪਸ਼ਟ ਬ੍ਰਹਮ ਦੀ ਹੋਂਦ ਨੂੰ ਸਵੀਕਾਰ ਕੀਤਾ ਗਿਆ ਹੈ। ਸ਼ੰਕਰ ਵੇਦਾਂਤ ਦਰਸ਼ਨ ਅਨੁਸਾਰ ਸੱਤਾ ਤਿੰਨ ਪ੍ਰਕਾਰ ਦੀ ਹੈ – ਪਾਰਮਾਰਥਿਕ, ਪ੍ਰਾਤਿਭਾਸਕੀ ਅਤੇ ਵਿਵਹਾਰਿਕ ਜਿਸ ਦਾ ਸਰੂਪ ਹਮੇਸ਼ਾਂ ਅਖੰਡ ਰੂਪ ਵਿਚ ਇਕਸਾਰ ਬਣਿਆ ਰਹੇ, ਉਹ ਪਰਮਾਰਥਿਕ ਸੱਤਾ ਹੈ।[33] ਐਸੀ ਸਤਾ ਇਕ ਮਾਤਰ ਬ੍ਰਹਮ ਦੀ ਹੈ। ਬ੍ਰਹਮ ਹੀ ਕੇਵਲ ਸੁਧ [illegible] ਇਕਾਈ ਹੈ। ਉਹ ਅਨੰਤ, ਨਿਰਗੁਣ ਨਿਰਪੇਖ, ਨਿਰਵਿਸ਼ੇਸ਼ ਹੈ। ਉਹ ਤਿੰਨਾਂ ਕਾਲਾਂ ਤੋਂ ਮੁਕਤ ਹੈ। ਉਸ ਦੀ ਸੱਤਾ ਭ੍ਰਾਂਤੀ ਕਾਰਨ ਪ੍ਰਾਤਿਭਾਸਿਕੀ ਵੀ ਜਾਪਦੀ ਹੈ। ਵਿਵਹਾਰਿਕ ਦ੍ਰਿਸ਼ਟੀ ਤੋਂ ਬ੍ਰਹਮ ਦਾ ਸਰੂਪ ਸਗੁਣ ਹੈ ਅਤੇ ਪਾਰਮਾਰਥਿਕ ਦ੍ਰਿਸ਼ਟੀ ਤੋਂ ਨਿਰਗੁਣ। ਨਿਰਗੁਣ ਬ੍ਰਹਮ ਸਵੈ-ਪ੍ਰਕਾਸ਼ਿਤ ਸਵੈ-ਸਿੱਧ ਸਰਵ-ਵਿਆਪੀ ਅਤੇ ਚੇਤਨ ਹੈ।[34] ਉਹ ਨਿਰਵਿਕਲਪ ਨਿਰੁਉਪਾਧੀ ਨਿਰਵਿਕਾਰ ਸੱਤਾ ਹੈ। ਉਹ ਸਤਿ ਗਿਆਨ ਰੂਪ ਅਤੇ ਆਨੰਦ ਰੂਪ ਹੈ। ਇਹੀ ਬ੍ਰਹਮ ਮਾਇਆ ਦੇ ਆਵਾਰਨ ਥਲੇ ਸਗੁਣ ਬ੍ਰਹਮ, ਅਪਰ ਜਾਂ ਈਸ਼ਵਰ ਹੁੰਦਾ ਹੈ ਅਤੇ ਜਗਤ ਦੀ ਉਤਪਤੀ, ਸਥਿਤੀ ਅਤੇ ਵਿਲੀਨਤਾ ਦਾ ਕਾਰਨ ਹੁੰਦਾ ਹੈ।[35]

10. ਰਾਮਾਨੁਜ ਦੇ ਵਿਸ਼ਿਸ਼ਟ ਅਦਵੈਤ ਮੱਤ ਅਨੁਸਾਰ ਜੀਵ ਅਤੇ ਜਗਤ ਨਿਤਯ ਅਤੇ ਸੁਤੰਤਰ ਪਦਾਰਥ ਹਨ ਪਰੰਤੂ ਈਸ਼ਵਰ ਦੇ ਅਧੀਨ ਹਨ। ਈਸ਼ਵਰ ਆਪਣੇ ਅੰਤਰਜਾਮੀ ਰੂਪ ਨਾਲ ਸਾਰੇ ਵਿਸ਼ਵ ਵਿਚ ਬਿਰਾਜਮਾਨ ਰਹਿੰਦਾ ਹੈ। ਰਾਮਾਨੁਜ ਮੱਤ ਅਨੁਸਾਰ ਜਗਤ ਵਿਚ ਨਿਰਗੁਣ ਵਸਤੂ ਦੀ ਕਲਪਨਾ ਕਰਨਾ ਇਕ ਦਮ ਅਸੰਭਵ ਹੈ ਇਸ ਲਈ ਈਸ਼ਵਰ ਸਗੁਣ ਹੀ ਹੋ ਸਕਦਾ ਹੈ ਨਿਰਗੁਣ ਨਹੀਂ। ਈਸ਼ਵਰ ਅਨੰਤ ਗਿਆਨਵਾਨ, ਕਲਿਆਣ ਗੁਣ-ਗੁਣਾਕਾਰ ਆਨੰਦ-ਸਰੂਪ, ਜਗਤ ਦੀ ਸ੍ਰਿਸ਼ਟੀ ਸਥਿਤੀ ਅਤੇ ਸੰਹਾਰ ਕਰਨ ਵਾਲਾ, ਧਰਮ, ਅਰਥ ਕਾਮ ਅਤੇ ਮੋਖਸ਼ ਦੇਣ ਵਾਲਾ, ਵਿਚਿੱਤਰ ਸਰੀਰ ਧਾਰਣ ਕਰਨ ਵਾਲਾ ਅਤੇ ਲੀਲਾ ਦਾ ਨਾਇਕ ਹੈ।[36] ਈਸ਼ਵਰ ਦ ਸਰੂਪ ਪੰਜ ਪ੍ਰਕਾਰ ਦਾ ਹੈ:

1. ਪਰ- ਇਹ ਸਰੂਪ ਕਾਲ ਦੀ ਗਤੀ ਤੋਂ ਪਰ੍ਹੇ ਹੈ।
1. ਵਯੂਹ - ਸੰਸਾਰੀਆਂ ਦੀ ਰਖਿਆ ਕਰਨ ਅਤੇ ਭਗਤਾਂ ਦੇ ਪ੍ਰਤੀ ਅਨੁਗ੍ਰਹਿ ਦਿਖਾਉਣ ਲਈ ਇਹ ਸਰੂਪ ਹੈ।

3. ਵਿਭਵ- ਤੋਂ ਅਰਥ ਚੌਵੀ ਅਵਤਾਰਾਂ ਤੋਂ ਹੈ।[37]
4. ਅੰਤਰਯਾਮੀ - ਇਸ ਸਰੂਪ ਨਾਲ ਭਗਵਾਨ ਜੀਵਾਂ ਦੇ ਅੰਤਹਕਰਣ ਵਿਚ ਪ੍ਰਵੇਸ਼ ਕਰਕੇ ਜੀਵਾਂ ਦੀਆਂ ਪ੍ਰਵਿਰਤੀਆਂ ਤੇ ਨਿਅੰਤਰਣ ਕਰਦਾ ਹੈ।
5. ਅਰਚ ਅਵਤਾਰ - ਇਹ ਭਗਤ ਦੀ ਰੁਚੀ ਦੇ ਅਨੁਸਾਰ ਮੂਰਤੀ ਵਿਚ ਰਹਿਣ ਵਾਲੀ ਭਗਵਾਨ ਦੀ ਉਪਾਸ਼ਯ ਮੂਰਤੀ ਹੈ।

11. ਦਵੈਤਾਦਵੈਤ -ਮੱਤ ਦੇ ਅਨੁਸਾਰ ਵੀ ਤਿੰਨ ਤੱਤ ਹੁੰਦੇ ਹਨ – ਚਿੱਤ, ਅਚਿੱਤ ਅਤੇ ਈਸ਼ਵਰ। ਜੀਵ ਅਤੇ ਜਗਤ ਈਸ਼ਵਰ ਤੇ ਸਦਾ ਨਿਰਭਰ ਕਰਦੇ ਹਨ ਇਸ ਲਈ ਈਸ਼ਵਰ ਤੋਂ ਅਭਿੰਨ ਹਨ(ਅਦਵੈਤ) । ਪਰੰਤੂ ਸਰੂਪ ਦੀ ਦ੍ਰਿਸ਼ਟੀ ਤੋਂ ਜੀਵ ਅਤੇ ਜਗਤ ਈਸ਼ਵਰ ਤੋਂ ਇਕ ਦਮ ਭਿੰਨ ਹਨ (ਦਵੈਤ)। ਨਿੰਬਾਰਕ ਨੇ ਦੋਨਾਂ ਮੱਤਾਂ ਦਾ ਸਮਨਿਵੈ ਕਰਕੇ ਦਵੈਤਾਦਵੈਤ ਮਤ ਸਥਾਪਿਤ ਕੀਤਾ। ਨਿੰਬਾਰਕ ਦਾ ਬ੍ਰਹਮ ਸਗੁਣ ਹੈ ਅਤੇ ਸਭ ਦੋਸ਼ਾਂ ਤੋਂ ਰਹਿਤ ਹੈ ਅਤੇ ਉਹ ਗਿਆਨ, ਬਲ ਆਦਿ ਕਲਿਆਣ ਗੁਣਾਂ ਦੀ ਨਿਧੀ ਹੈ।[38] ਉਹ ਸਭ ਗੋਚਰ ਵਸਤੂਆਂ ਦੇ ਅੰਦਰ ਅਤੇ ਬਾਹਰ ਵਿਆਪਕ ਹੈ। ਨਿੰਬਾਰਕ ਈਸ਼ਵਰ ਨੂੰ ਸ੍ਰੀ ਕ੍ਰਿਸ਼ਨ ਚੰਦਰ ਦੇ ਰੂਪ ਵਿਚ ਮੰਨਦੇ ਹਨ। ਇਹ ਈਸ਼ਵਰ ਸਗੁਣ ਰੂਪ ਹੈ, ਨਿਰਗੁਣ ਨਹੀਂ। ਵਿਸ਼ਵ ਦਾ ਆਧਾਰਭੂਤ ਪਰਮਾਤਮਾ ਸਰਵ-ਵਿਆਪੀ, ਸਰਵ ਨਿਅੰਤਾ ਹੈ। ਉਹ ਅਨੰਤ ਸ਼ਕਤੀਆਂ ਨਾਲ ਸੰਪਨ, ਆਪਣੀ ਇੱਛਾ ਅਨੁਸਾਰ ਸਰੂਪ ਧਾਰਣ ਕਰਦਾ ਹੈ।

12. ਦਵੈਤ-ਮੱਤ ਅਨੁਸਾਰ ਬ੍ਰਹਮ ਅਨੰਦ ਗੁਣਾਂ ਨਾਲ ਪੂਰਣ ਹੈ। ਉਹ ਸ੍ਰਿਸ਼ਟੀ, ਸਥਿਤੀ, ਸੰਹਾਰ, ਗਿਆਨ, ਬੋਧ, ਮੋਖਸ਼, ਨਿਯਮਨ ਅਤੇ ਆਵਰਣ ਕਰਤਾ ਹੈ । ਇਸ ਲਈ ਉਹ ਸਰਵੱਗ ਹੈ। ਉਹ ਜੀਵ, ਜੜ੍ਹ, ਪ੍ਰਕਿਰਤੀ ਤੋਂ ਵਿਲੱਖਣ ਹੈ। ਗਿਆਨ, ਆਨੰਦ ਆਦਿ ਹੀ ਕਲਿਆਣ ਗੁਣ ਭਗਵਾਨ ਦਾ ਸਰੀਰ ਹਨ। ਮੱਧਵ ਅਨੁਸਾਰ ਵਿਸ਼ਣੂ ਹੀ ਸਾਖਿਆਤ ਪਰਮਾਤਮਾ ਹੈ ਉਸਦੇ ਸਭ ਅਵਤਾਰ ਪੂਰਣ ਤੋਂ ਉਤਪੰਨ ਹੋ ਕੇ ਵੀ ਸਵੈਪੂਰਣ ਹਨ। ਇਸ ਲਈ ਹੀ ਭਗਵਾਨ ਅਤੇ ਉਸਦੇ ਅਵਤਾਰਾਂ ਵਿਚ ਕਿਸੇ ਪ੍ਰਕਾਰ ਦਾ ਭੇਦ ਨਹੀਂ ਰਹਿੰਦਾ।[39]

13. ਵੱਲਭ ਆਚਾਰੀਆ ਦੇ ਸ਼ੁਧ ਅਦਵੈਤਵਾਦ ਦੇ ਅਨੁਸਾਰ ਬ੍ਰਹਮ ਹੀ ਇਕ ਮਾਤਰ ਜਾਨਣਯੋਗ ਤੱਤ ਹੈ। ਹੋਰ ਸਭ ਵਸਤੂਆਂ ਬ੍ਰਹਮ ਤੋਂ ਅਭਿੰਨ ਹਨ। ਬ੍ਰਹਮ ਦੇ ਤਿੰਨ ਰੂਪ ਹਨ- ਪਾਰਬ੍ਰਹਮ, ਅਖਰ ਬ੍ਰਹਮ ਅਤੇ ਜਗਤ। ਇਨ੍ਹਾਂ ਨੂੰ ਕ੍ਰਮਵਾਰ ਅਧਿਦੈਵਿਕ, ਅਧਿਆਤਮਕ, ਅਧਿਭੌਤਿਕ ਰੂਪ ਵੀ ਕਿਹਾ ਜਾਂਦਾ ਹੈ। ਜਗਤ ਬ੍ਰਹਮ ਰੂਪ ਹੈ ਅਤੇ ਉਸਦੀ ਲੀਲਾ ਮਤ ਮਾਤਰ ਹੈ। ਸ੍ਰੀ ਕ੍ਰਿਸ਼ਨ ਹੀ ਪਾਰਬ੍ਰਹਮ ਹਨ। ਦੁਸ਼ਟਾਂ ਦਾ ਨਾਸ਼ ਕਰਨ ਲਈ ਅਤੇ ਭਗਤਾਂ ਦੀ ਰਖਿਆ ਲਈ ਪਾਰਬ੍ਰਹਮ ਅਵਤਾਰ ਧਾਰਦਾ ਹੈ।

14. ਇਸਲਾਮ ਮੱਤ ਦਾ ਬ੍ਰਹਮ ਅਲਾਹ ਹੈ। ਉਹ ਇਕ ਹੈ। ਉਹ ਸਰਵ ਉਤਪੱਤੀ ਦਾ

ਕਾਰਨ ਹੈ ਅਤੇ ਸਰਵੱਗ ਹੈ। ਉਹ ਸ਼ਕਤੀਮਾਨ, ਜੋਤਿ ਸਰੂਪ, ਸਰਵ-ਵਿਆਪਕ, ਰਖਿਅਕ ਪਾਲਕ ਹੈ। ਉਹ ਕਾਲ-ਰਹਿਤ ਹੈ। ਉਸ ਪੁਰਖ ਪਰਮਤਤ ਦੀ ਜਾਤ, ਸਿਫਾਤ, ਪਰਿਵਰਤਨਸ਼ੀਲ ਨਹੀਂ। ਉਹ ਸਰਵ-ਗੁਣ ਨਿਧਾਨ ਹੈ। ਉਹ ਅਵਤਾਰ ਨਹੀਂ ਧਾਰਦਾ। ਉਸਦੇ ਹੁਕਮ ਅਤੇ ਭੈਅ ਵਿਚ ਸ੍ਰਿਸ਼ਟੀ ਚਲ ਰਹੀ ਹੈ। ਸਰਵ ਵਿਆਪਕ ਹੋਣ ਦੇ ਨਾਲ ਨਾਲ ਉਸਦਾ ਮੁਖ ਨਿਵਾਸ ਇਸ ਦੁਨੀਆਂ ਤੋਂ ਬਹੁਤ ਦੂਰ ਛੇ ਆਕਾਸ਼ਾਂ ਨੂੰ ਪਾਰ ਕਰਕੇ ਸੱਤਵੇਂ ਆਕਾਸ਼ ਤੇ ਹੈ।[40]

15. ਸੂਫੀ-ਮੱਤ ਇਕ-ਈਸ਼ਵਰਵਾਦ ਵਿਚ ਵਿਸ਼ਵਾਸ ਰਖਦਾ ਹੈ ਇਨ੍ਹਾਂ ਦੇ ਅਨੁਸਾਰ ਇਸ ਦ੍ਰਿਸ਼ਟਮਾਨ ਜਗਤ ਵਿਚ ਕੇਵਲ ਪਰਮਾਤਮਾ ਹੀ ਸਤਿ ਹੈ। ਉਸਦੀ ਇਕ ਮਾਤਰ ਸੱਤਾ ਹੈ। ਉਹ ਪਰਮ ਕਲਿਆਣਕਾਰੀ ਅਤੇ ਪਰਮ ਸੁੰਦਰ ਹੈ। ਸੰਪੂਰਨ ਸ੍ਰਿਸ਼ਟੀ ਉਸ ਦੇ ਪ੍ਰਕਾਸ਼ ਨਾਲ ਪ੍ਰਕਾਸ਼ਿਤ ਹੈ।[41] ਸੂਫੀਮੱਤ ਵਿਚ ਪਰਮ ਸੱਤਾ ਲਈ 'ਹੱਕ' ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ। 'ਹੱਕ' ਸੰਬੰਧੀ ਸਭ ਸੂਫੀਆਂ ਦੀ ਇਕ ਧਾਰਣਾ ਨਹੀਂ ਹੈ। ਕੁਝ ਉਸਨੂੰ ਅਖੰਡ ਗਿਆਨ ਦਾ ਪ੍ਰਤੀਕ ਮੰਨਦੇ ਹਨ, ਕੁਝ ਉਸ ਦੀ ਕਲਪਨਾ ਇੱਛਾ-ਸ਼ਕਤੀ ਦੇ ਰੂਪ ਵਿਚ ਕਰਦੇ ਹਨ। ਕੁਝ ਉਸਨੂੰ ਪ੍ਰੇਮ- ਸਰੂਪੀ ਮੰਨਦੇ ਹਨ। ਇਨ੍ਹਾਂ ਦੀ ਧਾਰਨਾ ਅਦਵੈਤਵਾਦੀ ਹੈ। ਆਪਣੀ ਧਾਰਨਾ ਨੂੰ ਸਪਸ਼ਟ ਕਰਨ ਲਈ ਉਹ ਪ੍ਰਤੀਬਿੰਬਵਾਦ ਦਾ ਸਹਾਰਾ ਲੈਂਦੇ ਹਨ। ਉਹ ਸੰਸਾਰ ਨੂੰ ਉਸ ਪਰਮਾਤਮਾ ਦੀ ਛਾਇਆ ਜਾਂ ਪ੍ਰਤਿਬਿੰਬ ਸਮਝਦੇ ਹਨ। ਉਹ ਅਦ੍ਰਿਸ਼ ਹੈ ਅਤੇ ਜਗਤ ਉਸ ਦਾ ਦ੍ਰਿਸ਼-ਰੂਪ ਹੈ। ਦਵੈਤਵਾਦੀ ਸੂਫੀ ਜਗਤ ਨੂੰ ਪਰਮਾਤਮਾ ਦਾ ਪ੍ਰਤਿਬਿੰਬ ਨਹੀਂ ਮੰਨਦੇ। ਉਹ ਉਸਦੀ ਹੋਂਦ ਨੂੰ ਸਤਿ-ਰੂਪ ਮੰਨਦੇ ਹਨ। ਸਭ ਸੂਫੀ ਜਮਾਤ(ਸੁੰਦਰਯ), ਜਲਾਲ(ਐਸ਼ਵਰਯ) ਅਤੇ ਕਮਾਲ(ਪੂਰਣਤਾ) ਉਸਦੀ ਵਿਸ਼ੇਸ਼ਤਾ ਮੰਨਦੇ ਹਨ।[42]

<u>ਗੁਰੂ ਰਵਿਦਾਸ ਦਾ ਬ੍ਰਹਮ ਨਿਰੂਪਣ:-</u> ਬ੍ਰਹਮ ਦੇ ਪਰੰਪਰਿਕ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਆਪਣੇ ਆਪਣੇ ਭਗਤੀ-ਅਨੁਭਵ, ਗਿਆਨ ਅਤੇ ਕਰਮਾਂ ਦੇ ਆਧਾਰ ਤੇ ਸਭ ਦਾਰਸ਼ਨਿਕਾਂ ਨੇ ਪਰਮਸਤਿ ਦੇ ਨਾਮ, ਰੂਪ, ਗੁਣਾਂ, ਸਥਾਨ ਆਦਿ ਦਾ ਵਿਵੇਚਨ ਕੀਤਾ ਹੈ। ਇਸ ਵਿਵੇਚਨ ਉਪਰੰਤ ਮੁਖ ਰੂਪ ਵਿਚ ਬ੍ਰਹਮ ਦੇ ਦੋ ਸਰੂਪ ਸਾਹਮਣੇ ਆਉਂਦੇ ਹਨ। ਇਹ ਹਨ- ਅਵਿਅਕਤ, ਵਿਅਕਤ। ਗੁਰੂ ਰਵਿਦਾਸ ਜੀ ਸਗੁਣ ਦੀ ਮਹਿਮਾਂ ਗਾਉਂਦਿਆਂ ਨਿਰਗੁਣ ਰੂਪ ਦੀ ਰਹੱਸ ਅਨੁਭੂਤੀ ਨੂੰ ਪ੍ਰਾਪਤ ਹੋਏ। ਇਸ ਲਈ ਉਨ੍ਹਾਂ ਦੀ ਬਾਣੀ ਵਿਚ ਅਵਿਅਕਤ ਅਤੇ ਵਿਅਕਤ ਬ੍ਰਹਮ ਦਾ ਨਿਰੂਪਣ ਭਗਤੀ-ਭਾਵਨਾ ਨਾਲ ਬਹੁਤ ਸੁੰਦਰ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਹੋਇਆ ਹੈ। ਗੁਰੂ ਰਵਿਦਾਸ ਜੀ ਮੂਲ ਰੂਪ ਵਿਚ ਭਗਤ ਸਨ। ਉਨ੍ਹਾਂ ਦੇ ਭਗਤ-ਹਿਰਦੇ ਨੇ ਦ੍ਰਵਿਤ ਹੋ ਕੇ ਅਵਿਅਕਤ ਬ੍ਰਹਮ ਨੂੰ ਸ਼ਬਦਾਂ ਵਿਚ ਜਕੜਨ ਦੀ ਚੇਸ਼ਟਾ ਕੀਤੀ ਅਤੇ ਉਸਦੇ ਸਗੁਣ, ਕ੍ਰਿਪਾਲੂ, ਦਿਆਲੂ ਅਤੇ ਕਰੁਣਾਮਈ ਰੂਪ ਨੂੰ ਵਿਅਕਤ ਕੀਤਾ।

ਅਵਿਕਤ ਬ੍ਰਹਮ:- ਗੁਰੂ ਰਵਿਦਾਸ ਜੀ ਨੇ ਬਾਣੀ ਵਿਚ ਬ੍ਰਹਮ ਦੇ ਅਵਿਅਕਤ-ਸਰੂਪ ਦਾ ਚਿਤਰਣ ਦੋ ਤਰ੍ਹਾਂ ਨਾਲ ਕੀਤਾ ਹੈ:

1. ਅਵਿਅਕਤ ਨਿਰਗੁਣ

2. ਅਵਿਅਕਤ ਸਗੁਣ ।

1.ਅਵਿਕਤ ਨਿਰਗੁਣ:- ਅਵਿਅਕਤ ਨਿਰਗੁਣ ਦਾ ਅਰਥ ਗੁਣ ਅਤੀਤ ਹੈ, ਜੋ ਗੁਣਾਂ ਦੀ ਸੀਮਾਂ ਵਿਚ ਨਾ ਬੰਨ੍ਹਿਆ ਜਾ ਸਕੇ। ਇਹ ਇਕ ਅਜਿਹੀ ਅਨਿਰਵਚਨੀਯ ਸੱਤਾ ਹੈ ਜੋ ਸਤ, ਰਜ, ਤਮ ਤਿੰਨ ਗੁਣਾਂ ਤੋਂ ਉਪਰ ਸਮਝੀ ਜਾਂਦੀ ਹੈ। ਸ਼ਵੇਤਾਸ਼ਵਤਰ ਉਪਨਿਸ਼ਦ ਵਿਚ ਵੀ ਅਵਿਅਕਤ ਨਿਰਗੁਣ ਬ੍ਰਹਮ ਦਾ ਵਰਨਣ ਆਉਂਦਾ ਹੈ। ਇਸ ਦੇ ਅਨੁਸਾਰ "ਉਹ ਸਭ ਪ੍ਰਾਣੀਆਂ ਵਿਚ ਸਥਿਤ ਇਕ ਦੇਵ ਹੈ ਉਹ ਸਰਵਵਿਆਪਕ ਹੈ ਅਤੇ ਸਾਰੇ ਭੂਤਾਂ ਦਾ ਵੀ ਅੰਤਰਆਤਮਾ ਹੈ।[43]

ਨਿਰਗੁਣ ਬ੍ਰਹਮ ਨੂੰ ਵਿਅਕਤ ਕਰਨਾ ਅਸੰਭਵ ਹੈ ਕਿਉਂਕਿ ਉਸ ਨੂੰ ਵਰਨਣ ਕਰਨ ਵਾਲੇ ਸਾਧਨ ਸੀਮਤ ਹਨ, ਉਹ ਆਪ ਅਸੀਮ ਤੇ ਬੇਅੰਤਾਂ ਗੁਣਾਂ ਦਾ ਸਾਗਰ ਹੈ।

ਗੁਰੂ ਰਵਿਦਾਸ ਬਾਣੀ ਵਿਚ ਅਵਿਅਕਤ ਨਿਰਗੁਣ ਬ੍ਰਹਮ ਨੂੰ ਕਈ ਰੂਪਾਂ ਵਿਚ ਵੇਖਿਆ ਜਾ ਸਕਦਾ ਹੈ:

(ੳ) ਅਨਿਰਵਚਨੀਯ ਤੱਤ ਰੂਪ ਵਿਚ

(ਅ) ਉਂਕਾਰ ਰੂਪ ਵਿਚ

(ੲ) ਸੁਖਦ ਰੂਪ ਵਿਚ

(ਸ) ਸੁੰਨਯ ਰੂਪ ਵਿਚ

(ਹ) ਨਿਰੰਜਨ ਰੂਪ ਵਿਚ

ਅਨਿਰਵਚਨੀਯ ਤੱਤ ਰੂਪ ਵਿਚ:- ਭਾਵੇਂ ਮਨੁੱਖ ਪਰਮਾਤਮਾਂ ਦੇ ਸਰੂਪ ਦਾ ਵਰਨਣ ਕਰਨ ਲਈ ਹਰ ਸਮੇਂ ਪ੍ਰਯਤਨਸ਼ੀਲ ਰਿਹਾ ਹੈ। ਪਰੰਤੂ ਫਿਰ ਵੀ ਹਾਰ ਕੇ ਉਸ ਨੂੰ ਕਹਿਣਾ ਪਿਆ ਕਿ ਅਨੰਤ ਬ੍ਰਹਮ ਬਾਣੀ ਦਾ ਵਿਸ਼ਾ ਨਹੀਂ। ਉਹ ਵਰਣਨ ਤੋਂ ਪਰ੍ਹੇ ਹੈ। ਕੇਨੋਪਨਿਸ਼ਦ ਵਿਚ ਵੀ ਬ੍ਰਹਮ ਦੇ ਅਗੇਯ ਅਤੇ ਅਨਿਰਵਚਨਿਯ ਹੋਣ ਦਾ ਵਰਣਨ ਹੈ । ਉਸ ਵਿਚ ਲਿਖਿਆ ਹੈ ਕਿ ਰਿਸ਼ੀ ਖੁਦ ਨਹੀਂ ਜਾਣਦਾ ਕਿ ਉਸ ਰਹੱਸਮਈ ਤੱਤ ਦਾ ਵਰਣਨ ਆਪਣੇ ਸ਼ਿਸ਼ਾਂ ਕੋਲ ਕਿਸ ਤਰ੍ਹਾਂ ਕਰੇ ਕਿਉਂਕਿ ਉਹ ਬਾਣੀ ਦੁਆਰਾ ਵਿਅਕਤ ਨਹੀਂ ਕੀਤਾ ਜਾ ਸਕਦਾ। ਬਾਣੀ ਉਸਦੇ ਦੁਆਰਾ ਵਿਅਕਤ ਹੁੰਦੀ ਹੈ।[44] ਡਾ. ਪੀਤਾਂਬਰਦੱਤ ਬੜਥਵਾਲ ਨੇ ਇਸ ਤੱਥ ਨੂੰ ਹੋਰ ਵੀ ਸਪੱਸ਼ਟ ਕੀਤਾ ਹੈ। ਉਨ੍ਹਾਂ ਨੇ ਲਿਖਿਆ ਹੈ ਕਿ ਪੂਰਣ ਰੂਪ ਵਿਚ ਉਸ ਪਰਮਸਤਾ ਦਾ ਕੋਈ ਵਿਚਾਰ ਹੀ ਨਹੀਂ ਕਰ ਸਕਦਾ ਕਿਉਂਕਿ ਉਹ ਮਨੁੱਖੀ ਮਨ ਤੋਂ ਪਰ੍ਹੇ ਹੈ। ਬੁੱਧੀ ਮੂਰਤ ਰੂਪ ਦਾ ਆਧਾਰ ਚਾਹੁੰਦੀ ਹੈ ਅਤੇ

ਬਾਣੀ ਰੂਪਕ ਦਾ। ਇਸ ਲਈ ਉਸ ਅਮੂਰਤ ਅਤੇ ਅਨੂਪਮ ਨੂੰ ਗ੍ਰਹਿਣ ਕਰਨ ਵਿਚ ਬੁੱਧੀ ਅਤੇ ਵਿਅਕਤ ਕਰਨ ਵਿਚ ਬਾਣੀ ਅਸਮਰਥ ਹੈ। ਬੁੱਧੀ ਨਾਲ ਸਾਨੂੰ ਉਨ੍ਹਾਂ ਪਦਾਰਥਾਂ ਦਾ ਗਿਆਨ ਹੁੰਦਾ ਹੈ ਜੋ ਇੰਦਰੀਆਂ ਦੇ ਗੋਚਰ ਹਨ, ਇੰਦਰੀਆਂ ਤੋਂ ਪਰ੍ਹੇ ਨਹੀਂ।[45]

ਗੁਰੂ ਰਵਿਦਾਸ ਜੀ ਮੂਲ ਰੂਪ ਵਿਚ ਦਾਰਸ਼ਨਿਕ ਨਹੀਂ ਭਗਤ ਸਨ ਉਨ੍ਹਾਂ ਨੂੰ ਪਰਮਾਤਮਾ ਦੇ ਦਰਸ਼ਨ-ਦੀਦਾਰ ਦਾ ਅਨੁਭਵ ਪ੍ਰਾਪਤ ਸੀ। ਉਹ ਪਰਮਸਤਾ ਅਨੁਭਵ ਦਾ ਵਿਸ਼ਾ ਹੈ ਉਸਨੂੰ ਅਭਿਵਿਅਕਤ ਕਰਨਾ ਅਸੰਭਵ ਹੈ ਕਿਉਂਕਿ ਉਹ ਪ੍ਰਭੂ ਵਿਲੱਖਣ, ਨਿਵੇਕਲੀ ਅਤੇ ਅਨੂਪਮ ਸਤਾ ਦਾ ਮਾਲਕ ਹੈ । ਉਸ ਵਰਗਾ ਸਮੁੱਚੀ ਦੁਨੀਆਂ ਵਿਚ ਕੋਈ ਨਜ਼ਰ ਨਹੀਂ ਆਉਂਦਾ।

ਸਮੁੱਚੇ ਭਗਤੀ ਸਾਹਿਤ ਵਿਚ ਬ੍ਰਹਮ ਦੇ ਸਰੂਪ ਸੰਬੰਧੀ ਸੰਕੇਤ ਪ੍ਰਾਪਤ ਹੁੰਦੇ ਹਨ। ਉਸ ਅਸੀਮ ਦੀ ਸੀਮਾ ਅਤੇ ਪਰਮਸਤਾ ਦੀ ਸਤਾ ਵਿਰਲੇ ਨੂੰ ਹੀ ਪ੍ਰਾਪਤ ਹੁੰਦੀ ਹੈ। ਇਸ ਲਈ ਤਾਂ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿਚ ਫੁਰਮਾਇਆ ਹੈ ਕਿ ਉਸ ਪਰਮਤਤ ਨੂੰ ਉਹ ਹੀ ਪ੍ਰਾਪਤ ਕਰ ਸਕਦਾ ਹੈ ਜੋ ਉਸ ਜਿੰਨਾ ਮਹਾਨ ਅਤੇ ਸ੍ਰੇਸ਼ਠ ਹੁੰਦਾ ਹੈ।

ਏਵਡੁ ਊਚਾ ਹੋਵੈ ਕੋਇ, ਤਿਸੁ ਊਚੇ ਕਉ ਜਾਣੈ ਸੋਇ ॥[46]

ਇਸ ਅਵਸਥਾ ਤੇ ਪਹੁੰਚ ਕੇ ਸਾਧਕ ਉਸ ਵਿਚ ਵਿਲੀਨ ਹੋ ਜਾਂਦਾ ਹੈ। ਜੀਵ ਅਤੇ ਬ੍ਰਹਮ ਵਿਚਲੀ ਦਵੈਤ ਖਤਮ ਹੋ ਜਾਂਦੀ ਹੈ ਜਦੋਂ ਦਵੈਤ ਹੀ ਨਹੀਂ ਦੂਜਾ ਹੀ ਨਹੀਂ ਤਾਂ ਉਸ ਬਾਰੇ ਕੀ ਕਿਹਾ ਜਾ ਸਕਦਾ ਹੈ? ਗੁਰੂ ਰਵਿਦਾਸ ਜੀ ਬ੍ਰਹਮ ਦੇ ਅਦਵੈਤ ਸਰੂਪ ਵਿਚ ਪਰਮ-ਰੂਪ ਸੋਈ ਹੋਏ ਫੁਰਮਾਉਂਦੇ ਹਨ:

ਅਬ ਕਾ ਕਹਿ ਕੌਨ ਬਤਾਊਂ ॥
ਅਬ ਕਾ ਕਹਿ ਦੇਵਲਿ ਦੇਵ ਸਮਾਊਂ ॥ ਟੇਕ ॥
ਕਾ ਸਯੌ ਰਾਮ ਕਹੌਂ ਸੁਨਿ ਭਾਈ, ਕਾ ਸਯੌਂ ਕ੍ਰਿਸ਼ਨ ਰਹੀਮਾਂ
ਕਾ ਸਯੌ ਬੇਦ ਕਤੇਬ ਕਹੂੰ, ਕਾ ਸਯੌਂ ਕਹੂੰ ਲਜੇ ਲੀਨਾ ॥

..... ...... ....... .....

ਕਾ ਸਯੌਂ ਜੁਟੀ ਨਾ ਰੂਟ ਕਹੁ ਮਾਧੋ, ਕਾ ਸਯੌਂ ਕਹੂੰ ਬਤਾਈ ॥
ਜਲ ਕੇ ਤਰੰਗ ਜਲ ਮਾਹਿ ਸਮਾਈ, ਕਹਿ ਕਾ ਕੌ ਨਾਵ ਧਰਿਯੈ ॥
ਐਸੇ ਤੈਂ ਮੈਂ ਯੇਕ ਰੂਪ ਹੈ ਮਾਧੋ, ਆਪਣ ਹੀ ਧਰਿਯੈ ਨਿਰਵਰਿਯੈ ॥4॥
ਭਣੈ ਰਵਿਦਾਸ ਅਬ ਕਾ ਕਹਿ ਗਾਉਂ, ਜਉ ਕੋਈ ਔਰਹਿ ਹੋਈ ॥
ਜਾ ਸਯੌਂ ਗਾਇਹਿ ਗਾਇ ਕਰਤ ਹੈਂ, ਪਰਮ ਰੂਪ ਹਮ ਸੋਈ ॥5॥[47]

ਪ੍ਰਭੂ ਇਕ ਸੂਖਮ ਪ੍ਰਭਾਵੀ ਅਤੇ ਅਦ੍ਰਿਸ਼ਟ ਸ਼ਕਤੀ ਹੈ। ਬ੍ਰਹਮ ਦਾ ਸਰੂਪ ਮਨੁੱਖ ਦੇ

ਬੌਧਿਕ ਗਿਆਨ ਦਾ ਵਿਸ਼ਾ ਨਹੀਂ। ਇਹ ਬੇਦ ਕਤੇਬ ਵਾਚਣ ਤੇ ਵੀ ਪ੍ਰਾਪਤ ਨਹੀਂ ਹੁੰਦਾ। ਇਹ ਰਹੱਸਵਾਦੀ ਅਨੁਭਵ ਹੈ ਜੋ ਸਾਧਕ ਨੂੰ ਕਿਸੇ ਵੀ ਪਲ ਪ੍ਰਾਪਤ ਹੋ ਜਾਂਦਾ ਹੈ। ਇਸ ਅਵਸਥਾ ਦੇ ਧਾਰਨੀ ਨੂੰ ਰਾਮ-ਰਹੀਮ ਅਤੇ ਕ੍ਰਿਸ਼ਨ ਕਰੀਮ ਆਦਿ ਨਾਵਾਂ ਦੀ ਸੁੱਧ-ਬੁੱਧ ਨਹੀਂ ਰਹਿੰਦੀ ਅਤੇ ਨਾ ਹੀ ਉਸਦੇ ਗੁਣਾਂ ਅਤੇ ਨਿਰਗੁਣ ਹੋਣ ਸੰਬੰਧੀ ਖਿਆਲ ਆਉਂਦਾ ਹੈ ਗਲ ਕੀ ਸ਼ੰਕਿਆਂ ਅਤੇ ਵਿਤਰਕਿਆਂ ਦਾ ਘੁੰਡ ਚੁਕਿਆ ਜਾਂਦਾ ਹੈ ਅਤੇ ਪ੍ਰਭੂ-ਪ੍ਰੀਤਮ ਨਾਲ ਇਕਮਿਕਤਾ ਇਕਸੁਰਤਾ ਅਤੇ ਸਮਰੂਪਤਾ ਪ੍ਰਾਪਤ ਹੋ ਜਾਂਦੀ ਹੈ। ਅਜਿਹੀ ਸਥਿਤੀ ਨੂੰ ਪ੍ਰਾਪਤ ਹੋਏ ਗੁਰੂ ਰਵਿਦਾਸ ਜੀ ਕਹਿੰਦੇ ਹਨ ਕਿ ਜਿਵੇਂ ਗੂੰਗਾ ਵਿਅਕਤੀ ਸ਼ੱਕਰ ਚਖਣ ਤੋਂ ਬਾਅਦ ਉਸ ਦਾ ਸੁਆਦ ਦਸ ਨਹੀਂ ਸਕਦਾ।[48] ਉਸੇ ਤਰ੍ਹਾਂ ਉਸ ਨਾਲ ਇਕ ਰਸ ਹੋਇਆ ਸਾਧਕ ਉਸ ਨੂੰ ਅਕਥਨੀਯ ਅਤੇ ਅਨਿਰਵਚਨੀਯ ਕਹਿੰਦਾ ਹੈ। ਉਸ ਨੂੰ ਭਰੀ-ਦੁਨੀਆਂ ਵਿਚ ਪਰਮਤਤ ਵਰਗਾ ਕੋਈ ਨਹੀਂ ਦਿਸਦਾ ਤੇ ਫਿਰ ਕਿਸ ਨਾਲ ਉਸਦੀ ਉਪਮਾ ਦੇਵੇ:

1. ਕਹ ਰਵਿਦਾਸ ਅਕਥ ਕਥਾ, ਉਪਨਿਸ਼ਦ ਸੁਨੀਜੈ ॥
   ਜਸ ਤੂੰ ਤਸ ਤੂੰ ਹੀ, ਕਸ ਔਪਮ ਦੀਜੈ ॥6 ॥[49]
2. ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ ॥
   ਜੈਸਾ ਤੂੰ ਤੈਸਾ ਤੁਹੀ ਕਿਆ ਉਪਮਾ ਦੀਜੈ ॥3॥[50]

ਗੁਰੂ ਰਵਿਦਾਸ ਜੀ ਅਨੁਸਾਰ ਅਸਲ ਵਿਚ ਉਸ ਪਰਮਤਤ ਦੀ ਭਗਤੀ ਬੋਲਣ ਦਾ ਵਿਸ਼ਾ ਹੀ ਨਹੀਂ। ਵਿਚਾਰ-ਵਟਾਂਦਰੇ ਕਰਕੇ ਵੀ ਅਸੀਂ ਪ੍ਰਭੂ ਪ੍ਰੀਤਮ ਸੰਬੰਧੀ ਜਾਣਕਾਰੀ ਪ੍ਰਾਪਤ ਨਹੀਂ ਕਰ ਸਕਦੇ ਸਗੋਂ ਇਸ ਨਾਲ ਤਾਂ ਬਿਆਧੀ ਵਧ ਸਕਦੀ ਹੈ। ਦਰਅਸਲ ਜਿਹੋ ਜਿਹਾ 'ਹਰਿ' ਦਾ ਸਰੂਪ ਦਸਿਆ ਜਾਂਦਾ ਹੈ ਅਸਲੀ ਵਿਚ ਉਹ ਅਜਿਹਾ ਨਹੀਂ, ਬਸ ਹਰੀ ਤਾਂ ਕੁਝ ਇਸ ਤਰ੍ਹਾਂ ਦਾ ਹੀ ਹੈ ਜਿਸਨੂੰ ਵਰਣਨ ਹੀ ਨਹੀਂ ਕੀਤਾ ਜਾ ਸਕਦਾ:-

1. ਤੇਰਾ ਜਨ ਕਾਹੇ ਕੋ ਬੋਲੈ ॥[51]
2. ਜਸ ਹਰਿ ਕਹਿਏ ਤਸ ਹਰਿ ਨਾਹੀਂ
   ਹੈ ਅਸ ਜਸ ਕਛੁ ਤੈਸਾ ॥[52]
3. ਗੁਨ ਬਿਗੁਨ ਕਹੀਅਤੁ ਨਹੀਂ ਜਾਕੈ, ਕਹੌ ਤੁਮ ਬਾਤ ਸਿਯਾਨੀ ॥[53]

ਗੁਰੂ ਰਵਿਦਾਸ ਜੀ ਅਨੁਸਾਰ ਅਨਿਰਵਚਨੀਯ ਰੂਪ ਬ੍ਰਹਮ ਦੇ ਗੁਣਾਂ, ਅਵਗੁਣਾਂ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਜਿਸ ਤੱਤ ਨੂੰ ਬਾਣੀ ਵਿਚ ਬੰਨ੍ਹਣ ਦੇ ਯਤਨ ਕੀਤੇ ਜਾਂਦੇ ਹਨ ਉਹ ਅਸਲ ਵਿਚ ਅਜਿਹਾ ਨਹੀਂ। ਜਿਸ ਨੂੰ ਪਰਮਤਤ ਸਮਝ ਲੋਕ ਉਪਾਸਨਾ ਕਰਦੇ ਹਨ ਉਹ

ਅਨਿਰਵਚਨੀਯ ਰੂਪ ਬ੍ਰਹਮ ਨਹੀਂ। ਉਹ ਬਾਣੀ, ਸ਼ਬਦ ਆਦਿ ਨਾਲ ਵਿਅਕਤ ਨਹੀਂ ਕੀਤਾ ਜਾ ਸਕਦਾ।

ਰਾਮ ਕਹਤ ਸਬ ਜਗਤ ਭੁਲਾਨਾ, ਸੋ ਯਹੁ ਰਾਮ ਨ ਹੋਈ ॥
ਕਰਮ ਅਕਰਮ ਕਰੁਨਾ ਮੈ ਕੇਸੌ, ਕਰਤਾ ਨਾਵ ਸੁ ਕੋਈ ॥[54]

ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਅਨਿਰਵਚਨੀਯ ਤਤ ਦਾ ਨਿਰੂਪਣ ਚਾਰ ਢੰਗਾਂ ਨਾਲ ਹੋਇਆ ਹੈ।

1. ਨਿਰਗੁਣਵਾਚੀ ਵਿਸ਼ੇਸ਼ਣਾਂ ਦੇ ਦੁਆਰਾ
2. ਵਿਰੋਧਾਤਮਕ ਵਰਣਨ ਦੁਆਰਾ
3. ਰੂਪਾਤਮਕ ਸ਼ੈਲੀ ਦੇ ਪ੍ਰਯੋਗ ਦੁਆਰਾ
4. ਨਕਾਰਾਤਮਕ ਸ਼ੈਲੀ ਦੇ ਪ੍ਰਯੋਗ ਦੁਆਰਾ
5. ਵਿਭਾਵਾਤਮਕ ਸ਼ੈਲੀ ਦੁਆਰਾ ।

1. ਨਿਰਗੁਣ ਵਾਚਕ ਵਿਸ਼ੇਸ਼ਣਾਂ ਦੁਆਰਾ ਨਿਰੂਪਣ:- ਗੁਰੂ ਰਵਿਦਾਸ ਜੀ ਨੇ ਅਨਿਰਵਚਨੀਯ ਬ੍ਰਹਮ ਦਾ ਸਰੂਪ ਨਿਰਗੁਣਵਾਚਕ ਵਿਸ਼ੇਸ਼ਣਾਂ ਦੁਆਰਾ ਵਰਣਨ ਕੀਤਾ ਹੈ ਅਤੇ ਉਸ ਦੇ ਸਰੂਪ ਨੂੰ ਹੋਰ ਵੀ ਨਿਖਾਰਿਆ ਹੈ। ਉਨ੍ਹਾਂ ਨੇ ਉਸ ਬ੍ਰਹਮ ਨੂੰ ਅਗਮ, ਅਗੋਚਰ, ਅਗੇਯ, ਅਤਰਕ, ਨਿਰਵਿਕਾਰ, ਅਵਿਨਾਸ਼ੀ, ਨਿਰਗੁਣ ਆਦਿ ਵਿਸ਼ੇਸ਼ਣਾਂ ਦੁਆਰਾ ਵਿਅਕਤ ਕਰਕੇ ਉਸ ਦੇ ਸਰੂਪ ਨੂੰ ਹੋਰ ਵੀ ਸਪਸ਼ਟ ਕੀਤਾ ਹੈ। ਕੁਝ ਉਦਾਹਰਣ ਹਨ:-

1. ਅਗਮ, ਅਗੋਚਰ ਅਛਰ ਅਤਰਕ ਨਿਰਗੁਣ ਅਤਿ ਅਨੰਦਾ॥
ਅਤੀਤ ਗਿਯਾਨ ਵਿਵਰਜਿਤ, ਨਿਰਵਿਕਾਰ ਅਵਿਨਾਸੀ ॥[55] ।

2. ਅਵਰਣ ਵਰਣ ਰੂਪ ਨਹੀਂ ਜਾਕੇ, ਕਹੋ ਲੌਂ ਜਾਈ ਸਮਾਈ ॥[56]

3. ਅਲਖ ਨਾਂਵ ਜਾਕੋ ਠੌਰ ਨ ਕਿਤਹੂੰ, ਕਿਉਂ ਨ ਕਹੌ ਸਮੁਝਾਈ ॥[57]

2. ਵਿਰੋਧਾਤਮਕ ਵਰਣਨਾਂ ਦੇ ਦੁਆਰਾ :- ਵਿਰੋਧਾਤਮਕ ਵਰਣਨ ਵਿਚ ਵਿਰੋਧ ਦੀ ਯੋਜਨਾ ਮਿਲਦੀ ਹੈ। ਇਸ ਤਰ੍ਹਾਂ ਦੇ ਕਥਨ ਉਪਨਿਸ਼ਦ ਸਾਹਿਤ ਵਿਚ ਆਮ ਮਿਲਦੇ ਹਨ। ਈਸ਼ਾਵਾਸਯੋਪਨਿਸ਼ਦ ਵਿਚ ਵਰਣਨ ਹੈ ਕਿ ਉਹ ਆਮ ਤੱਤ ਨੇੜੇ ਵੀ ਹੈ ਅਤੇ ਸਭ ਤੋਂ ਦੂਰ ਵੀ ਹੈ।[58] ਗੁਰੂ ਰਵਿਦਾਸ ਜੀ ਨੇ ਵੀ ਬ੍ਰਹਮ ਦਾ ਅਜਿਹਾ ਹੀ ਵਰਣਨ ਕੀਤਾ ਹੈ। ਉਹ ਪਰਮਤਤ ਹੱਥ ਤੋਂ ਨੇੜੇ ਵੀ ਹੈ ਅਤੇ ਦੂਰ ਵੀ ਹੈ ਜਾਂ ਉਹ ਸਹਿਜ ਸੁੰਨ ਦਾ ਵਾਸੀ ਹੈ ਜਿਸ ਕਰਕੇ ਜੀਵ ਉਸ ਨੂੰ ਪ੍ਰਾਪਤ ਕਰਨ ਵਿਚ ਕਠਿਨਾਈ ਮਹਿਸੂਸ ਕਰਦਾ ਹੈ:

1. ਕਹਿ ਰਵਿਦਾਸ ਹਾਥ ਪੈ ਨੇੜੈ
ਸਹਜ ਹੋਈ ਸੁ ਹੋਈ ।।[59]

2. ਸੁੰਨਿ ਮੰਡਲ ਮੇ ਤੇਰਾ ਬਾਸਾ ।।
ਤਾਥੈਂ ਜੀਵ ਮੈਂ ਰਹੋ ਉਦਾਸਾ ॥[60]

3. ਕਹਿ ਰਵਿਦਾਸ ਤੇਰੀ ਭਗਤਿ ਦੂਰ ਹੈ ॥[61]

ਇਸ ਤਰ੍ਹਾਂ ਦੇ ਹੋਰ ਵੀ ਕਥਨ ਮਿਲਦੇ ਹਨ ਜਿਵੇਂ ਪਾਰਮਾਤਮ ਦੀ ਸਥਾਪਨਾ ਕਰਦਾ ਹੈ ਅਤੇ ਆਪ ਹੀ ਉਸ ਨੂੰ ਨਸ਼ਟ ਵੀ ਕਰਦਾ ਹੈ। ਉਹ ਆਪ ਹੀ ਸੰਯੋਗ ਤੇ ਵਿਯੋਗ ਦਾ ਕਾਰਣ ਸਰੂਪ ਹੈ:-

ਜਹਾਂ ਕਾ ਉਪਜਯਾ ਤਹਾਂ ਵਿਲਾਈ ॥
ਸਹਜ ਸੁੰਨਿ ਮੇਂ ਰਹਯੌ ਲੁਕਾਈ ॥[62]

3. ਰੂਪਾਤਮਕ ਸ਼ੈਲੀ ਦੇ ਪ੍ਰਯੋਗ ਦੁਆਰਾ ਬ੍ਰਹਮ ਨਿਰੂਪਣ:- ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਰੂਪਾਤਮਕ ਸ਼ੈਲੀ ਵਿਚ ਬ੍ਰਹਮ ਦਾ ਸਰੂਪ ਵਰਣਨ ਕੀਤਾ ਹੈ। ਉਸ ਦੇ ਲਈ ਬਾਜ਼ੀਗਰ ਉਪਮਾਨ ਪ੍ਰਯੋਗ ਕੀਤਾ ਹੈ। ਉਹ ਲਿਖਦੇ ਹਨ ਬਾਜ਼ੀਗਰ ਰੂਪੀ ਅਵਿਅਕਤ ਬ੍ਰਹਮ ਨਾਲ ਰਚ-ਮਿਚ ਕੇ ਰਹਿਣਾ ਚਾਹੀਦਾ ਹੈ ਕਿਉਂਕਿ ਕੇਵਲ ਉਹ ਹੀ ਸਤਿ ਹੈ :

1. ਬਾਜੀਗਰ ਸੂੰ ਰਾਂਚਿ ਰਹੀਏ, ਬਾਜੀ ਕੂੰ ਮਰਮ ਇਨਿ ਜਾਨਾ ॥
ਬਾਜੀ ਝੂਠ ਸਾਂਚ ਬਾਜੀਗਰ, ਜਾਨਾ ਮਨ ਪਤਿਆਨਾ ।।2 ॥[63]

4. ਨਕਾਰਾਤਮਕ ਸ਼ੈਲੀ ਦੇ ਦੁਆਰਾ ਬ੍ਰਹਮ ਨਿਰੂਪਣ:- ਇਸ ਸ਼ੈਲੀ ਦੁਆਰਾ ਪਰਮਾਤਮਾ ਵਿਚ ਕਿਸੇ ਗੁਣ ਦੀ ਕਲਪਨਾ ਨਾ ਕਰਕੇ ਉਸ ਨੂੰ ਗੁਣਾਂ ਅਤੇ ਵਿਸ਼ੇਸ਼ਟਾਂ ਤੋਂ ਪਰ੍ਹੇ ਦੱਸਿਆ ਜਾਂਦਾ ਹੈ। ਉਪਨਿਸ਼ਦਾਂ ਵਿਚ ਵੀ ਇਸ ਸ਼ੈਲੀ ਦਾ ਪ੍ਰਯੋਗ ਮਿਲਦਾ ਹੈ। ਬ੍ਰਿਹਦਾਰਣਯਕੋਪਨਿਸ਼ਦ ਦੇ ਅਨੁਸਾਰ ਉਹ ਬ੍ਰਹਮ ਨਾ ਸਥੂਲ ਹੈ , ਨਾ ਅਣੂ, ਨਾ ਤੁੱਛ ਹੈ ਨਾ ਵਿਸ਼ਾਲ ਨਾ ਅਰੁਣ ਹੈ ਨਾ ਦਵਯ ਹੈ, ਨਾ ਛਾਇਆ ਹੈ ਨਾ ਤਮ ਹੈ, ਨਾ ਵਾਯੂ ਹੈ ਨਾ ਆਕਾਸ਼, ਨਾ ਰੰਗ ਹੈ ਨਾ ਰਸ ਹੈ ਅਤੇ ਨਾ ਗੰਧ ਹੈ। ਨਾ ਨੇਤਰ ਹੈ, ਨਾ ਮਨ ਹੈ, ਨਾ ਤੇਜ਼ ਹੈ , ਨਾ ਪ੍ਰਾਣ ਹੈ, ਨਾ ਸੁਖ ਹੈ, ਨਾ ਉਸ ਵਿਚ ਮਾਇਆ ਹੈ, ਨਾ ਉਹ ਅੰਦਰ ਹੈ ਨਾਂ ਬਾਹਰ ਹੈ।[64] ਗੁਰੂ ਰਵਿਦਾਸ ਜੀ ਨੇ ਵੀ ਬ੍ਰਹਮ ਦਾ ਨਿਰੂਪਣ ਉਕਤ ਸ਼ੈਲੀ ਵਿਚ ਕੀਤਾ ਹੈ। ਉਹ ਲਿਖਦੇ ਹਨ ਕਿ ਉਹ ਨਿਰਗੁਣ ਬ੍ਰਹਮ ਨਾ ਚੰਦ ਹੈ ਨਾ ਸੂਰਜ ਹੈ ਨਾ ਰਾਤ ਹੈ, ਨਾ ਦਿਨ ਹੈ, ਨਾ ਆਕਾਸ਼ ਹੈ ਨਾ ਧਰਤੀ ਹੈ, ਨਾ ਕਰਮ ਹੈ, ਨਾ ਅਕਰਮ ਹੈ, ਨਾ ਸੁਭ ਹੈ ਨਾ ਅਸੁਭ, ਨਾ ਜੋਗ ਹੈ ਨਾ ਭੋਗ ਹੈ ਨਾ ਉਹ ਧੂੜ, ਧੁੱਪ

ਪਵਨ ਅਤੇ ਪਾਣੀ ਹੀ ਹੈ। ਉਹ ਤਾਂ ਕੇਵਲ ਇਕ ਹੈ। ਮੈਂ ਉਸ ਨੂੰ ਕੀ ਕਹਿ ਕੇ ਸਮਝਾਵਾਂ ।

ਪੰਡਿਤ! ਅਖਿਲ ਖਿਲੈ ਨਹੀਂ, ਕਾ ਕਹਿ ਗਾਉਂ, ਕੋਇ ਨ ਕਹੈ ਸਮੁਝਾਈ ॥
ਅਬਰਨ ਬਰਨ ਨਹੀਂ, ਜਾਕੈ, ਸੁ ਕਹਾਂ ਨੌ ਜਾਇ ਸਮਾਈ ॥ ਟੇਕ ॥
ਚੰਦ ਸੂਰ ਨਹੀਂ, ਰਾਤਿ ਦਿਵਸ ਨਹੀਂ, ਧਰਨਿ ਅਕਾਸ ਨ ਭਾਈ ॥
ਕਰਮ ਅਕਰਮ ਨਹੀਂ ਸੁਭ ਅਸੁਭ ਨਹੀ, ਕਾ ਕਹਿ ਦੇਹੁੰ ਬਡਾਈ ॥੧ ॥
ਸੀਤ ਨਾ ਊਸਨ ਬਾਉ ਨਹੀਂ ਸਰਵਤ, ਕਾਮ ਕੁਟਿਲ ਨਹੀਂ ਹੋਈ ॥
ਜੋਗ ਨ ਭੋਗ ਰੋਗ ਨਹੀਂ ਜਾਕੈ, ਕਹੋ ਨਾਂਵ ਸਤ ਸੋਈ ॥੨ ॥

..... ...... ...... .....

ਗਗਨੁ ਧੂਰ ਧੂਪ ਨਹੀ ਜਾਕੈ, ਪਵਨ ਪੂਰ ਨਹੀਂ ਪਾਨੀ ॥
ਗੁਨ ਬਿਗੁਨ ਕਹਿਯਤ ਨਹੀ ਜਾਕੈ, ਕਹੌ ਤੁਮ ਬਾਤ ਸਯਾਨੀ ॥4 ॥[65]

5. ਵਿਭਾਵਾਤਮਕ ਸ਼ੈਲੀ ਦੇ ਪ੍ਰਯੋਗ ਦੁਆਰਾ ਬ੍ਰਹਮ ਨਿਰੂਪਣ:- ਸਭ ਤੋਂ ਪਹਿਲਾਂ ਵਿਭਾਵਾਤਮਕ ਸ਼ੈਲੀ ਦੁਆਰਾ ਬ੍ਰਹਮ ਦੇ ਸਰੂਪ ਦਾ ਵਰਣਨ ਉਪਨਿਸ਼ਦਾਂ ਵਿਚ ਮਿਲਦਾ ਹੈ। ਸ਼ਵੇਤਾਸ਼ਵਤਰ ਉਪਨਿਸ਼ਦ ਵਿਚ ਬ੍ਰਹਮ ਸੰਬੰਧੀ ਲਿਖਿਆ ਹੈ ਕਿ ਉਹ ਹਥ ਪੈਰਾਂ ਤੋਂ ਰਹਿਤ ਹੁੰਦਾ ਹੋਇਆ ਵੀ ਸਭ ਵਸਤਾਂ ਨੂੰ ਗ੍ਰਹਿਣ ਕਰਨਯੋਗ ਹੈ ਅਤੇ ਸਵੇਗ ਨਾਲ ਗਮਨ ਕਰਨ ਵਾਲਾ ਹੈ। ਉਹ ਮਹਾਨ ਪੁਰਸ਼, ਬਿਨਾਂ ਅੱਖਾਂ ਦੇ ਦੇਖਦਾ ਹੈ ਅਤੇ ਬਿਨਾਂ ਕੰਨਾਂ ਦੇ ਸੁਣਦਾ ਹੈ। ਉਹ ਸਭ ਸੰਬੰਧੀ ਜਾਣਦਾ ਹੈ ਪਰੰਤੂ ਉਸ ਨੂੰ ਕੋਈ ਨਹੀਂ ਜਾਣਦਾ।[66]

ਗੁਰੂ ਰਵਿਦਾਸ ਜੀ ਨੇ ਵੀ ਵਿਭਾਵਾਤਮਕ ਸ਼ੈਲੀ ਦੁਆਰਾ ਬ੍ਰਹਮ ਦਾ ਸਰੂਪ ਵਰਣਨ ਕੀਤਾ ਹੈ। ਉਹ ਲਿਖਦੇ ਹਨ ਕਿ ਉਹ ਬ੍ਰਹਮ ਸਰਵ ਵਿਆਪਕ ਹ ਉਹ ਘਟਿ ਘਟਿ ਨੂੰ ਜਾਣਦਾ ਹੈ ਉਹ ਸੂਖਮ ਦਰਸ਼ੀ ਆਪਣੇ ਜਨ-ਸਾਧਾਰਣ ਸੰਬੰਧੀ ਸਭ ਕੁਝ ਜਾਣਦਾ ਹੈ ਉਹ ਉਤਮ ਪੁਰਖ ਸਭ ਤੋਂ ਸਿਆਣਾ ਜਾਨਣਹਾਰਾ ਅਤੇ ਆਪਣੇ ਆਪ ਵਿਚ ਸੰਪੂਰਨ ਹੈ ਉਸ ਤੋਂ ਬਿਨਾਂ ਹੋਰ ਕੋਈ ਦੂਜਾ ਨਹੀਂ ਜੋ ਸਰਬ-ਗੁਣ-ਸੰਪਨ ਹੋਵੇ :-

1. ਸਬ ਮੈਂ ਹਰਿ ਹੈ ਹਰਿ ਮੈਂ ਸਬ ਹੈਂ, ਹਰਿ ਆਪਨੌ ਜਨਿ ਜਾਨਾ ॥
ਆਪਨਿ ਆਪਿ ਸਾਖੀ ਨਹਿੰ ਦੂਸਰ, ਜਾਨਨਹਾਰ ਸਯਾਨਾ ॥੧ ॥[67]

2. ਸਰਵੇ ਏਕੁ ਅਨੇਕੇ ਸੁਆਮੀ, ਸਭ ਘਟ ਭੋਗਵੇ ਸੋਈ ॥[68]

3. ਏਕ ਅਨੇਕ, ਅਨੇਕ ਏਕ ਹਰਿ, ਕਹੌ ਕਵਨ ਵਿਧਿ ਦੂਜਾ ॥[69]

2. ਓਂਕਾਰ ਰੂਪ ਬ੍ਰਹਮ ਨਿਰੂਪਣ:- ਵੈਦਿਕ ਸਾਹਿਤ ਤੋਂ ਸੰਤ-ਸਾਹਿਤ ਤਕ ਇਸ ਸ਼ਬਦ ਦਾ ਪ੍ਰਯੋਗ ਬ੍ਰਹਮ ਲਈ ਕੀਤਾ ਜਾਂਦਾ ਰਿਹਾ ਹੈ। ਉਪਨਿਸ਼ਦਾਂ ਵਿਚ ਵੀ ਓਂਕਾਰ ਰੂਪ ਬ੍ਰਹਮ ਦਾ ਵਰਣਨ ਆਉਂਦਾ ਹੈ ਛਾਂਦੋਗਯੋਪਨਿਸ਼ਦ ਵਿਚ ਓਂਕਾਰ ਤੋਂ ਹੀ ਸਾਰੀ ਸ੍ਰਿਸ਼ਟੀ ਦਾ ਵਿਸਥਾਰ ਹੋਇਆ ਮੰਨਿਆ ਗਿਆ ਹੈ ਅਤੇ ਉਹ ਓਂਕਾਰ ਰੂਪ ਬ੍ਰਹਮ ਹੀ ਸਰਵ ਵਿਆਪਕ ਦਸਿਆ ਗਿਆ ਹੈ।[70]

ਗੁਰੂ ਰਵਿਦਾਸ ਜੀ ਦੇ ਅਨੁਸਾਰ ਵੀ ਸਭ ਕੁਝ ਓਂਕਾਰ ਹੀ ਹੈ ਇਸ ਦਾ ਆਕਾਰ 'ਬਟ' ਦੇ ਬੀਜ ਵਾਂਗ ਹੈ। ਅਤੇ ਇਸ ਦਾ ਪਸਾਰਾ ਤਿੰਨਾਂ ਲੋਕਾਂ ਵਿਚ ਹੈ। ਉਹ ਵਿਸ਼ਣੂ ਪੁਰੀ, ਇੰਦਰਪੁਰੀ ਅਤੇ ਮਾਇਆਪੁਰੀ ਦਾ ਸੁਆਮੀ ਹੈ। ਉਸਦਾ ਮਾਤ-ਲੋਕ , ਆਕਾਸ਼ ਤੇ ਪਤਾਲ ਦੇ ਕਣ ਕਣ ਵਿਚ ਪ ਪਸਾਰਾ ਹੈ:

1. ਬਟ ਕੇ ਬੀਜ ਜੈਸਾਓਂਕਾਰ, ਪਸਰਿਯੋ ਤੀਨ ਲੋਕ ਪਸਾਰ ॥[71]

2. ਬਾਂਧੂ ਨ ਬੰਧਨ, ਛਾਉਂ ਨ ਛਾਯਾ, ਤੁਮ ਹੀ ਸੇ ਓਂਕਾਰ ਨਿਰੰਜਨ ਰਾਯਾ ॥[72]

3. ਅਖਰ ਅਨਾਦਿ ਏਕ ਓਂਕਾਰਾ, ਤੀਨ ਲੋਕ ਜਿਨ ਕਿਆ ਪਸਾਰਾ ॥[73]

ਸੰਤ ਜਸਬੀਰ ਸਿੰਘ ਲਿਖਦੇ ਹਨ ਕਿ ਬ੍ਰਹਮ ਦਾ ਪਰਿਆਇ ਬੀਜ ਹੈ ਅਤੇ ਬੀਜ ਦਾ ਪਰਿਆਇ ਬ੍ਰਹਮ ਹੈ। ਇਸ ਤਰ੍ਹਾਂ ਬ੍ਰਹਮ ਦਾ ਨਾਮ ਬੀਜ ਹੋ ਜਾਂਦਾ ਹੈ ਅਤੇ ਬੀਜ ਦਾ ਨਾਮ ਬ੍ਰਹਮ ਕਿਹਾ ਜਾਂਦਾ ਹੈ। ਇਸ ਤੋਂ ਜੀਵ ਜਗਤ ਦੀ ਉਤਪਤੀ ਹੁੰਦੀ ਹੈ। ਓਂਕਾਰ(ਬੀਜ) ਰੂਪੀ ਬ੍ਰਹਮ ਆਦਿ ਪੁਰਖ ਹੈ।[74] ਵੇਦਾਂ ਵਿਚ ਪਰਮ ਤੱਤ ਲਈ ਸ਼ਬਦ ਬ੍ਰਹਮ, ਓਂਕਾਰ, ਰੰਰਕਾਰ, ਅੱਖਰ, ਪ੍ਰਣਵ ਆਦਿ ਸ਼ਬਦਾਂ ਦਾ ਪ੍ਰਯੋਗ ਹੋਇਆ ਹੈ। ਓਂਕਾਰ ਨੂੰ ਬੀਜਾਖਰ ਵੀ ਕਿਹਾ ਜਾਂਦਾ ਹੈ ਸਾਰੇ ਪਿੰਡ, ਖੰਡ, ਬ੍ਰਹਿਮੰਡ ਇਸ ਤੋਂ ਪੈਦਾ ਹੁੰਦੇ ਹਨ ਅਤੇ ਇਸ ਵਿਚ ਵਿਲੀਨ ਹੋ ਜਾਂਦੇ ਹਨ। ਗੁਰੂ ਰਵਿਦਾਸ ਜੀ ਨੇ ਓਂਕਾਰ ਦੇ ਸਮਭਾਵੀ ਸ਼ਬਦ ਰੰਰਕਾਰ ਵੀ ਉਸ ਬ੍ਰਹਮ ਲਈ ਪ੍ਰਯੋਗ ਕੀਤਾ ਹੈ:

1. ਭਣੰਤ ਰਵਿਦਾਸ ਰੰਰਕਾਰ ਗੁਣ ਗਾਵੰਤ ॥
   ਸੰਤ ਸਾਧੂ ਭਏ ਸਹਜਿ ਪਾਰ ॥[75]

2. ਰੇ ਪਾਯੋ ਕੂੰ ਰਾਮ ਅਭੀਰਸ,
   ਰਸ ਜਿਨਿ ਮਗਨ ਹੈਵ ਰਹਾਯਾ, ਰੰਰਕਾਰ ਰਾਖੋ ਨਿਤ ਰਸਨਾ ॥[76]

3. ਸ਼ਬਦ ਰੂਪ ਵਿਚ ਬ੍ਰਹਮ ਨਿਰੂਪਣ:- ਓਂਕਾਰ ਦੇ ਸਮਾਨ ਗੁਰੂ ਰਵਿਦਾਸ ਜੀ ਨੇ ਬ੍ਰਹਮ ਨੂੰ ਸ਼ਬਦ ਰੂਪ ਵਿਚ ਵੀ ਚਿਤਰਿਆ ਹੈ। ਵੈਦਿਕ ਸਾਹਿਤ ਬ੍ਰਹਮਾਂ ਨੂੰ ਸ਼ਬਦ ਰੂਪ ਵਿਚ ਵਿਅਕਤ ਕੀਤਾ ਗਿਆ ਹੈ। ਕਠੋਪਨਿਸ਼ਦ ਅਨੁਸਾਰ "ਬ੍ਰਹਮ ਅੱਖਰ ਸਰੂਪ ਹੈ। ਅੱਖਰ ਨੂੰ ਜਾਣ ਕੇ ਜੋ ਜਿਸਦੀ ਇੱਛਾ ਕਰਦਾ ਹੈ, ਉਹ ਉਸਦਾ ਹੀ ਹੋ ਜਾਂਦਾ ਹੈ।"[77] ਬ੍ਰਹਮਸੂਤਰ ਸ਼ੰਕਰ ਭਾਸ਼ਯ ਵਿਚ ਵੀ

ਸ਼ਬਦ,ਤੋਂ ਸੰਸਾਰ ਦੀ ਉਤਪਤੀ ਹੋਈ ਮੰਨੀ ਗਈ ਹੈ।[78] ਸੰਸਾਰ ਵਿਚ ਸਭ ਕੁਝ ਸ਼ਬਦ ਹੀ ਹੈ। ਓਮ ਸ਼ਬਦ ਵਿਚ ਚਿੱਤ ਲਾਉਣ ਨਾਲ ਮਨੁੱਖ ਭਵ-ਸਾਗਰ ਨੂੰ ਪਾਰ ਕਰ ਲੈਂਦਾ ਹੈ।[79]

ਗੁਰੂ ਰਵਿਦਾਸ ਜੀ ਅਨੁਸਾਰ ਅੱਖਰ-ਬ੍ਰਹਮ ਅਗਮ ਅਗੋਚਰ, ਅਰੇਯ, ਅਤਰਕ, ਨਿਰਗੁਣ ਨਿਰਵਿਕਾਰੀ, ਅਵਿਨਾਸ਼ੀ ਹੈ। ਉਹ ਆਨੰਦ ਸਰੂਪ ਹੈ। ਗੱਲ ਕੀ ਉਸ ਵਿਚ ਪਰਮਤਤ ਦੇ ਸਭ ਗੁਣ ਮੌਜੂਦ ਹਨ। ਉਹ ਖੰਡਾਂ ਬ੍ਰਹਿਮੰਡਾਂ ਵਿਚ ਵਿਆਪਕ ਹੈ । ਅੱਖਰ ਬ੍ਰਹਮ ਹੀ ਗਿਆਨ ਦਾ ਕਾਰਣ ਹੈ:

1. ਅਗਮ,ਅਗੋਚਰ,ਅਛਰ ਅਤਰਕ ਨਿਰਗੁਣ ਅਤਿ ਆਨੰਦਾ ॥
   ਸਦਾ ਅਤੀਤ ਗਿਆਨ ਵਿਵਰਜਿਤ ਨਿਰਵਿਕਾਰ ਅਵਿਨਾਸੀ॥
   ਕਹਤ ਰੈਦਾਸ ਸਹਜ ਸਤ ਜੀਵਨ ਮੁਕਤੀ ਨਿਧੀ ਕਾਸੀ॥70 ॥[80]

2. ਸਰਤਿ ਸਨੇਹ ਇਸ਼ਟ ਅੰਗਿ ਲਾਵੈ, ਅਸਥਲਿ ਅਸਥਿਲ ਖੇਲੇ ॥
   ਜੋ ਕੁਛ ਮਿਲੈ ਆਨ ਅਖਰ ਸੌਂ, ਸੁਤ ਦਾਰਾ ਸਿਰ ਮੇਲੈ ॥2 ॥[81]( )

ਸ਼ਬਦ-ਬ੍ਰਹਮ ਦੇ ਜਪ ਨਾਲ ਸਾਧਕ ਸਤਿ-ਸਰੂਪ ਦਾ ਅਨੁਭਵ ਕਰਦਾ ਹੋਇਆ ਅਨਹਦ ਨਾਦ ਸ੍ਰਵਣ ਕਰਨ ਦੇ ਸਮਰੱਥ ਹੋ ਜਾਂਦਾ ਹੈ। ਇਸ ਤਰ੍ਹਾਂ ਅੱਖਰ ਬ੍ਰਹਮ ਜਾਂ ਸ਼ਬਦ ਬ੍ਰਹਮ ਆਪ ਹੀ ਸਿੱਧ ਸ਼ਕਤੀ ਹੈ। ਬ੍ਰਹਮ ਦਾ ਅੱਖਰ ਜਾਂ ਸ਼ਬਦ ਵਿਚ ਹੀ ਸਮਾਵੇਸ਼ ਹੋਇਆ ਹੁੰਦਾ ਹੈ। ਇਸ ਲਈ ਇਸ ਦੇ (ਰੰਰਕਾਰ) ਦੇ ਸਿਮਰਨ ਨਾਲ ਪਰਮਨਿਧੀ ਜੀਵਨ ਮੁਕਤੀ ਪ੍ਰਾਪਤੀ ਹੁੰਦੀ ਹੈ:

ਪਯੰਡ ਪਰੈ ਜੀਵ ਜਿਸ ਘਰ ਜਾਤਾ ॥
ਸ਼ਬਦ ਅਤੀਤ ਅਨਾਹਤ ਰਾਤਾ ॥[82] (75)

4. <u>ਸੂਨਯ ਰੂਪ ਬ੍ਰਹਮ:-</u> ਵਿਭਿੰਨ ਦਰਸ਼ਨ ਪ੍ਰਣਾਲੀਆਂ ਵਿਚ ਸ਼ੂਨਯ ਸ਼ਬਦ ਦਾ ਪ੍ਰਯੋਗ ਭਿੰਨ ਅਰਥਾਂ ਵਿਚ ਹੁੰਦਾ ਰਿਹਾ ਹੈ। ਬੋਧ ਦਰਸ਼ਨ ਵਿਚ ਇਸ ਦਾ ਕਾਫ਼ੀ ਮਹੱਤਵ ਹੈ। ਬੌਧ ਦਾਰਸ਼ਨਿਕ ਨੇ ਸੂਨਯਵਾਦ ਦੀ ਸਥਾਪਨਾ ਕੀਤੀ। ਉਨ੍ਹਾਂ ਦੇ ਅਨੁਸਾਰ ਸੂਨਯ ਨਾ ਸਤ ਹੈ, ਨਾ ਅਸਤਿ ਅਤੇ ਨਾ ਹੀ ਸਤਿ-ਅਸਤਿ ਅਤੇ ਨਾ ਦੋਨਾਂ ਤੋਂ ਭਿੰਨ ਹੀ ਹੈ। ਇਨ੍ਹਾਂ ਚਾਰ ਕੋਟੀਆਂ ਤੋਂ ਵਿਲੱਖਣ ਇਕ ਤੱਤ ਹੈ। ਸੰਤ-ਮੱਤ ਵਿਚ ਸੂਨਯ ਦਾ ਪ੍ਰਯੋਗ ਨਿਵੇਕਲੀ ਤਰ੍ਹਾਂ ਕੀਤਾ ਗਿਆ ਹੈ ਕਿਉਂਕਿ ਬੁੱਧ-ਧਰਮ ਅਤੇ ਸੰਤ ਸਾਹਿਤ ਵਿਚ ਵਿਸ਼ਿਸ਼ਟ ਅੰਤਰ ਹੈ। ਜਿਥੇ ਭਾਗਵਤ ਧਰਮ ਦੀ ਨੀਂਹ ਪਰਮਤੱਤ ਤੇ ਵਿਸ਼ਵਾਸ ਤੇ ਖੜੀ ਹੈ ਉਥੇ ਬੁੱਧ ਧਰਮ ਦਾ ਢਾਂਚਾ ਨਾਸਤਕਤਾ ਦੇ ਖੋਖਲੇਪਨ ਤੇ ਖੜਾ ਹੈ । ਇਸ ਲਈ ਗੁਰੂ ਰਵਿਦਾਸ ਜੀ ਨੇ ਜੀ ਨੇ ਸੂਨਯ ਸ਼ਬਦ ਦਾ ਬ੍ਰਹਮ ਲਈ ਜੋ ਪ੍ਰਯੋਗ ਕੀਤਾ ਹੈ ਉਹ ਭਿੰਨ ਅਰਥਾਂ ਵਿਚ ਕੀਤਾ ਹੈ। ਇਸ ਸ਼ਬਦ ਦਾ ਪ੍ਰਯੋਗ ਨਾਥ ਪੰਥੀਆਂ ਅਤੇ ਸਿੱਧਾਂ ਨੇ ਵਿਆਪਕ ਅਰਥਾਂ ਵਿਚ ਕੀਤਾ ਹੈ।

ਹਠਯੋਗ ਪ੍ਰਦੀਪਿਕਾ ਵਿਚ ਇਹ ਬ੍ਰਹਮ-ਰੰਧ੍ਰ, ਬ੍ਰਹਮ, ਸੁਖਮਣਾ ਨਾੜੀ, ਅਨਾਹਤ ਚੱਕਰ ਦੇ ਲਈ ਪ੍ਰਯੋਗ ਕੀਤਾ ਗਿਆ ਹੈ।[83]

ਗੁਰੂ ਰਵਿਦਾਸ ਜੀ ਨੇ ਸੁਨਯ, ਸੁੰਨਿ ਸ਼ਬਦ ਦਾ ਪ੍ਰਯੋਗ ਜੀਵਨ ਮੁਕਤੀ ਪ੍ਰਦਾਨ ਕਰਨ ਵਾਲੇ ਸਤਿ ਸਰੂਪ ਲਈ ਕੀਤਾ ਹੈ। ਇਸ ਸੁਨਯ ਬ੍ਰਹਮ ਤੋਂ ਮਨੁੱਖ ਦੀ ਉਤਪਤੀ ਹੁੰਦੀ ਹੈ ਅਤੇ ਅੰਤ ਨੂੰ ਉਸ ਵਿਚ ਹੀ ਵਲੀਨ ਹੋ ਜਾਂਦਾ ਹੈ।

1. ਕਹੈ ਰਵਿਦਾਸ ਸਹਜ ਸੁੰਨਿ ਸਤਿ, ਜੀਵਨ ਮੁਕਤੀ ਨਿਧੀ ਕਾਸੀ ॥[84] (70)

2. ਕਹਾਂ ਕਾ ਉਪਜਿਆ ਤਹਾਂ ਸਮਾਈ
ਸਹਜ ਸੁੰਨਿ ਮੇਂ ਰਹਯੋ ਲੁਕਾਈ ॥[85] (2)

ਇਹ ਸੁਨਯ-ਬ੍ਰਹਮ, ਸੁੰਨਿ-ਮੰਡਲ ਦਾ ਵਾਸੀ ਹੈ। ਇਸ ਦਾ ਅਨੁਭਵ ਮਨੁੱਖ ਦੇ ਕਪਾਲ ਵਿਚ ਸਥਿਤ ਸੁਨਯ ਚੱਕਰ ਤੋਂ ਹੁੰਦਾ ਹੈ। ਸਾਧਕ ਨੂੰ ਇਸ ਥਾਂ ਤੇ ਪ੍ਰਕਾਸ਼ ਜੋਤੀ ਦੇ ਦਰਸ਼ਨ ਹੁੰਦੇ ਹਨ। ਇਸੇ ਸਥਾਨ ਤੋਂ ਨਿਰੰਤਰ ਅੰਮ੍ਰਿਤ ਝਰਦਾ ਹੈ ਜਿਸ ਨੂੰ ਪੀ ਕੇ ਸਾਧਕ ਅਮਰ-ਪਦ ਪ੍ਰਾਪਤ ਕਰਦਾ ਹੈ:

1. ਸੁੰਨਿ ਮੰਡਲ ਮੇਂ ਤੇਰਾ ਬਾਸਾ, ਤਾਥੈ ਜੀਵ ਮੇਂ ਰਹਯੋ ਉਦਾਸਾ ॥[86] (75)

2. ਚੰਦ ਸੂਰ ਦੋਊ ਸਨਮੁਖ ਹੋਈ, ਪੀਵੈ ਪਿਆਲਾ ਮਰੈ ਨਾ ਕੋਈ ॥
ਸਹਜ ਸੁੰਨਿ ਮੇਂ ਭਾਠੀ ਸਰਵੈ, ਪਾਵੈ ਰੈਦਾਸ ਗੁਰਮੁਖ ਦਰਵੈ ॥87 ॥
(50)

ਗੁਰੂ ਰਵਿਦਾਸ ਜੀ ਨੇ ਸੁਨਯ ਸ਼ਬਦ ਦਾ ਪ੍ਰਯੋਗ ਪਰਮਾਨੰਦ ਅਵਸਥਾ ਲਈ ਵੀ ਕੀਤਾ ਹੈ। ਇਸ ਅਵਸਥਾ ਦਾ ਧਾਰਨੀ ਨੂੰ ਰਾਮ ਤੇ ਖੁਦਾ ਦੀ ਥਾਂ ਸੁਨਯ ਬ੍ਰਹਮ ਹੀ ਦਿਸਦਾ ਹੈ :

ਸੁੰਨਿ ਸਹਜ ਮੇਂ ਦੋਊ ਤਿਆਗੋ, ਰਾਮ ਕਹੌ ਨ ਖੁਦਾਈ ॥[88] (3)

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਰਵਿਦਾਸ ਜੀ ਨੇ ਸੁਨਯ ਸ਼ਬਦ ਦਾ ਪ੍ਰਯੋਗ ਸੁੰਨਿ ਮੰਡਲ ਦੇ ਵਾਸੀ ਸੁਨਯ ਸੂਖਮ ਲਈ ਅਤੇ ਸਤਿ-ਸਰੂਪ ਦੇ ਦਰਸ਼ਨਾਂ ਤੋਂ ਪ੍ਰਾਪਤ ਹੋ। ਆਨੰਦ ਮਈ ਸਹਜ ਅਵਸਥਾ ਲਈ ਕੀਤਾ ਹੈ:

5. <u>ਨਿਰੰਜਨ ਰੂਪ ਵਿਚ ਬ੍ਰਹਮ ਨਿਰੂਪਣ</u>:- ਗੁਰੂ ਰਵਿਦਾਸ ਜੀ ਨੇ ਪਰਮਾਤਮਾ ਦਾ ਨਿਰੰਜਨ ਰੂਪ ਵਿਚ ਵਰਣਨ ਵੀ ਕੀਤਾ ਹੈ। ਬ੍ਰਹਮ ਲਈ ਇਸ ਸ਼ਬਦ ਦੇ ਪ੍ਰਯੋਗ ਦਾ ਪ੍ਰਾਚੀਨ ਇਤਿਹਾਸ ਹੈ। ਮੁੰਡਕੋਪਨਿਸ਼ਦ ਵਿਚ ਇਸ ਦਾ ਪ੍ਰਯੋਗ ਬ੍ਰਹਮ ਲਈ ਕੀਤਾ ਗਿਆ ਹੈ।[89] ਸ਼੍ਵੇਤਾਸ਼ਵਤਰੋਪਨਿਸ਼ਦ

ਵਿਚ ਇਸ ਦਾ ਪ੍ਰਯੋਗ ਵਿਸ਼ੇਸ਼ ਕਰਕੇ ਨਿਰਗੁਣ ਬ੍ਰਹਮ ਲਈ ਕੀਤਾ ਗਿਆ ਹੈ। ਜੋ ਨਿਸ਼ਕਿਰਿਆ ਰੂਪ, ਸ਼ਾਂਤ ਅਤੇ ਨਿਰਬੰਧ ਹੈ।[90] ਇਸ ਤਰ੍ਹਾਂ ਇਥੇ ਇਸ ਦਾ ਪ੍ਰਯੋਗ ਮਾਇਆ-ਰਹਿਤ ਨਿਰਵਿਕਾਰ ਨਿਰਲੇਪ ਦੇ ਅਰਥਾਂ ਵਿਚ ਹੋਇਆ ਹੈ।

ਨਾਥ ਸੰਪ੍ਰਦਾਇ ਵਿਚ "ਅਲਖ ਨਿਰੰਜਨ" ਸ਼ਬਦ ਪਾਰਬ੍ਰਹਮ ਲਈ ਵਧੇਰੇ ਵਰਤਿਆ ਗਿਆ ਹੈ। ਗੁਰੂ ਰਵਿਦਾਸ ਜੀ ਨੇ ਇਸ ਦਾ ਪ੍ਰਯੋਗ ਨਿਰਗੁਣ ਬ੍ਰਹਮ ਲਈ ਹੀ ਕੀਤਾ ਹੈ। ਉਨ੍ਹਾਂ ਦਾ ਨਿਰੰਜਨ ਅਨਿਵਰਚਨੀਯ ਹੈ। ਇਹ ਨਿਰੰਜਨ ਦੀ ਉਪਾਸਨਾ ਹੀ ਤਾਂ ਹੈ ਜਿਸਨੂੰ ਕਿਸੇ ਬੰਧਨ ਵਿਚ ਬੰਨਿਆ ਨਹੀਂ ਜਾ ਸਕਦਾ ਇਸ ਨੂੰ ਤਾਂ ਕੇਵਲ ਨਿਰਗੁਣ ਭਾਵਨਾ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ। ਉਸ ਮਾਇਆ ਤੋਂ ਨਿਰਲੇਪ ਰਹਿਣ ਵਾਲੇ ਪਰਮਪੁਰਖ ਲਈ ਮਾਇਆ ਦੀ ਸੇਵਾ ਵਿਅਰਥ ਹੈ। ਉਸ ਦਾ ਨਾਮ ਹੀ ਅਰਾਧਨਾ-ਸਮੱਗਰੀ ਹੈ:

1. ਕਹੈ 'ਰਵਿਦਾਸ' ਨਿਰੰਜਨ ਧਿਆਉਂ ॥
   ਜਿਸ ਘਰਿ ਜਾਉਂ ਬਹੁਰਿ ਨ ਆਉਂ ॥[91] (75)

2. ਅਵਿਗਤ ਨਾਥ ਨਿਰੰਜਨ ਦੇਵਾ ॥
   ਮੈਂ ਕਯਾ ਜਾਨੂ ਤੁਮਧਾਰੀ ਸੇਵਾ ॥[92] (76)

3. ਕਹ ਰਵਿਦਾਸ ਭਰਮ ਜੁ ਪਾਉਂ, ਦੇਵ ਨਿਰੰਜਨ ਸਤ ਕਰ ਧਯਾਉਂ ॥[93] (77)

4. ਤੂੰ ਸਰਗੁਣ ਨਿਰਗੁਣ ਨਿਰਾਮਈ ਨਿਰਵਿਕਾਰ ॥
   ਹਰਿ ਅੰਜਨ ਨਿਰੰਜਨ ਬਿਮਲ ਅਪ੍ਰਮੇਵ ॥[94] (162)

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਰਵਿਦਾਸ ਜੀ ਨੇ ਨਿਰੰਜਨ ਸ਼ਬਦ ਦਾ ਪ੍ਰਯੋਗ ਸਤਿ-ਸਰੂਪ ਨਿਰਗੁਣ ਬ੍ਰਹਮ ਲਈ ਕੀਤਾ ਹੈ ਜੋ ਨਿਰਵਿਕਾਰ, ਨਿਰਾਮਈ, ਅੰਜਨ- ਰਹਿਤ ਬਿਮਲਾ ਅਤੇ ਅਪ੍ਰਮੇਵ ਗੁਣਾਂ ਦਾ ਧਾਰਨੀ ਹੈ।

<u>ਅਵਿਅਕਤ ਸਗੁਣ ਬ੍ਰਹਮ</u>:- ਜਦੋਂ ਅਵਿਅਕਤ ਨਿਰਗੁਣ ਬ੍ਰਹਮ ਵਿਸ਼ੇਸ਼ ਗੁਣਾਂ ਸਦਕਾ ਸਗੁਣ ਪ੍ਰਤੀਤ ਹੋਣ ਲਗੇ ਤਾਂ ਉਸਨੂੰ ਅਵਿਅਕਤ ਸਗੁਣ ਬ੍ਰਹਮ ਕਿਹਾ ਜਾ ਸਕਦਾ ਹੈ। ਇਹ ਬ੍ਰਹਮ ਸਗੁਣ ਅਤੇ ਨਿਰਗੁਣ ਦੇ ਵਿਚਾਲੇ ਮਾਧਮਿਕ ਗੁਣਾਂ ਦਾ ਧਾਰਨੀ ਹੁੰਦਾ ਹੈ। ਗੁਰੂ ਰਵਿਦਾਸ ਜੀ ਨੇ ਅਵਿਅਕਤ ਸਗੁਣ ਬ੍ਰਹਮ ਦਾ ਨਿਰੂਪਣ ਚਾਰ ਤਰ੍ਹਾਂ ਨਾਲ ਕੀਤਾ ਹੈ:

1. ਇਕ ਈਸ਼ਵਰ
2. ਸਤਿ-ਸਰੂਪ ਬ੍ਰਹਮ
3. ਜੋਤਿ-ਸਰੂਪ ਪਰਮਤਤ
4. ਸੱਭੈ ਰੂਪ ਬ੍ਰਹਮ

1. ਇਕ -ਈਸ਼ਵਰ ਦਾ ਨਿਰੂਪਣ:- ਪਰਮਾਤਮਾ ਇਕ ਹੈ , ਇਸ ਮਾਨਤਾ ਦੀ ਸਥਾਪਨਾ ਵੈਦਿਕ ਸਾਹਿਤ ਵਿਚ ਹੋ ਚੁੱਕੀ ਸੀ। ਰਿਗਵੇਦ ਦੇ ਨਾਸਦੀਯ ਸੂਕਤ ਇਕ ਪੁਰਖ ਦੀ ਕਲਪਨਾ ਕੀਤੀ ਗਈ ਹੈ। ਬ੍ਰਹਮੋਪਨਿਸ਼ਦ ਦੇ ਅਨੁਸਾਰ ਬ੍ਰਹਮ ਇਕ ਹੈ ਉਹ ਹੀ ਸਰਵ ਭੂਤਾਂ ਵਿਚ ਵਿਦਮਾਨ ਹੈ। ਉਹ ਸਰਵਵਿਆਪਕ ਸਭ ਜੀਵਾਂ ਦੀ ਆਤਮਾ ਹੈ।[95]

ਗੁਰੂ ਰਵਿਦਾਸ ਜੀ ਅਨੁਸਾਰ ਵੀ ਉਹ ਇਕ ਬ੍ਰਹਮ ਹੀ ਅਨੇਕ ਰੂਪ ਧਾਰ ਕੇ ਘਟਿ ਘਟਿ ਵਿਚ ਵਸਦਾ ਹੈ :

1. ਏਕ ਹੀ ਏਕ ਅਨੇਕ ਹੋਇ ਬਿਸਥਰਿਓ ॥
ਆਨ ਰੇ ਆਨ ਭਰਪੂਰਿ ਸੋਊ ॥[96]

ਗੁਰੂ ਰਵਿਦਾਸ ਜੀ ਇਕ ਈਸ਼ਵਰ ਵਿਚ ਦ੍ਰਿੜ ਵਿਸ਼ਵਾਸ ਰਖਦੇ ਸਨ ਉਨ੍ਹਾਂ ਅਨੁਸਾਰ ਸ੍ਰਿਸ਼ਟੀ ਦਾ ਸਿਰਜਨਹਾਰ ਇਕ ਹੈ। ਉਹ ਹੀ ਜਗਤ ਦਾ ਕਰਤਾ, ਧਰਤਾ, ਪਾਲਕ ਅਤੇ ਸੰਚਾਲਕ ਹੈ:

ਕੇਵਲ ਕਰਤਾ ਏਕ ਸਹੀ ਕਰ ॥
ਸਤਿ ਰਾਮ ਤਿਹਿ ਨਾਈਂ ॥[97]

ਸਭ ਜੀਵ ਕਾਲ ਦੇ ਦੌਰੇ ਤੇ ਆਏ ਹੋਏ ਹਨ। ਇਕ ਪ੍ਰਭੂ ਅਕਾਲ-ਪੁਰਖ ਹੈ। ਉਹ ਸ੍ਰਿਸ਼ਟੀ ਦੇ ਆਦਿ ਵਿਚ ਵੀ ਇਕ ਸੀ, ਵਰਤਮਾਨਕਾਲ ਵਿਚ ਇਕ ਹੈ ਅਤੇ ਸ੍ਰਿਸ਼ਟੀ ਦੇ ਅੰਤ ਵਿਚ ਵੀ ਉਹ ਇਕ ਹੀ ਰਹਿ ਜਾਵੇਗਾ। ਉਹ ਪਰਮ ਤਤ ਹੈ ਤਾਂ ਇਕ ਹੀ ਪਰੰਤੂ ਭਰਮ ਦੇ ਪਰਦੇ ਥਲੇ ਦੂਜਾ ਨਜ਼ਰ ਆਉਂਦਾ ਹੈ। ਉਸ ਇਕ ਵਿਚ ਅਨੇਕਤਾ ਵਿਦਮਾਨ ਹੈ ਅਤੇ ਉਸ ਅਨੇਕਤਾ ਵਿਚ ਇਕ ਹਾਜ਼ਰ-ਹਜ਼ੂਰ ਹੈ ਇਸ ਤੋਂ ਬਿਨਾਂ ਦੂਜੀ ਗਲ ਹੀ ਨਹੀਂ:-

1. ਆਦਿਹੁ ਏਕ ਅੰਤ ਫੁਨਿ ਸੋਈ ਮਧਯ ਉਪਾਧਿ ਜੁ ਕੈਸੇ ॥
ਹੈ ਪਰ ਏਕ, ਪੈ ਭ੍ਰਮ ਰੂ ਦੂਜੋ, ਕਨਕ ਅਲੰਕ੍ਰਤ ਜੈਸੇ ॥[98]

2. ਏਕ ਅਨੇਕ ਅਨੇਕ ਏਕ ਹਰਿ, ਕਹੌ ਕਵਨ ਵਿਧਿ ਦੂਜਾ ॥[99]

3. ਦ੍ਰਿਸ਼ਟ ਅਦ੍ਰਿਸ਼ਟ ਗੇਯ ਅਰੁ ਗਯਾਤਾ ॥
ਏਕ ਮੇਕ ਹੈ ਰਵਿਦਾਸਾ ॥[100]

ਗੁਰੂ ਰਵਿਦਾਸ ਜੀ ਏਕਤੱਵ ਦੀ ਭਾਵਨਾ ਦਾ ਮਹੱਤਵ ਦਸਦੇ ਹੋਏ ਕਹਿੰਦੇ ਹਨ ਕਿ ਜਿਸ ਮਨੁੱਖ ਨੂੰ ਸਚੇ ਪਰਮਤਤ ਦੇ ਦਰਸ਼ਨਾਂ ਦੀ ਇੱਛਾ ਹੈ ਉਸ ਨੂੰ ਅਦਵੈਤਭਾਵ ਵਿਚ ਵਿਲੀਨ ਹੋ ਜਾਣਾ ਚਾਹੀਦਾ ਹੈ। ਉਸ ਨੂੰ ਕ੍ਰਿਸ਼ਨ, ਕਰੀਮ, ਹਰੀ, ਰਾਘਵ ਵਿਚ "ਇਕ" ਪਾਰਬ੍ਰਹਮ ਦਿਸਣਾ ਚਾਹੀਦਾ ਹੈ ਅਤੇ ਵੇਦ, ਕਤੇਬ, ਕੁਰਾਨ, ਪੁਰਾਣ ਵਿਚ ਇਕ ਅਸੂਲ ਦ੍ਰਿਸ਼ਟੀਗਤ ਹੋਣਾ ਜ਼ਰੂਰੀ ਹੈ।

ਕ੍ਰਿਸ਼ਨ ਕਰੀਮ ਹਰਿ ਰਾਘਵ, ਜਬ ਲਗ ਏਕੇ ਏਕੇ ਨਹੀਂ ਵੇਖਯਾ ॥<br>
ਵੇਦ ਕਤੇਬ ਕੁਰਾਨ ਪੁਰਾਨਿਨ ਸਹਜ ਏਕ ਨਹੀਂ ਦੇਖਯਾ ॥[101]

ਜਿਥੇ ਗੁਰੂ ਰਵਿਦਾਸ ਜੀ ਨੇ ਇਕ ਬ੍ਰਹਮ ਵਿਚ ਸ਼ਰਧਾ ਰਖਣ ਅਤੇ ਧਾਰਮਿਕ ਗ੍ਰੰਥਾਂ ਦੇ ਇਕੋ ਇਕ ਨਾਮ ਦੇ ਸਿਧਾਂਤ ਨੂੰ ਗ੍ਰਹਿਣ ਕਰਨ ਤੇ ਬਲ ਦਿੱਤਾ, ਉਥੇ ਉਨ੍ਹਾਂ ਨੇ ਜਨ-ਸਾਧਾਰਨ ਨੂੰ ਇਕੋ ਜਪ ਜਪਣ, ਇਕੋ ਤਪ ਤਪਣ, ਇਕ ਸਰਵ-ਗੁਣ-ਸੰਪੰਨ ਗੁਰੂ ਧਾਰਣ ਅਤੇ ਇਕ ਜੋਤਿਣ-ਸਰੂਪ ਨੂੰ ਨਿਹਾਰਣ ਦਾ ਸੰਦੇਸ਼ ਦਿਤਾ ਤਾਂ ਕਿ ਮਨੁੱਖ ਨੂੰ ਇਕੋ ਜੀਵਨ ਵਿਚ ਆਵਾਗਵਨ ਦੇ ਚੱਕਰ ਨੂੰ ਸਮਾਪਤ ਕਰਕੇ ਇਕੋ ਬਾਰ ਮਰਨਾ ਪਵੇ:-

ਸੋਈ ਜਪ ਜਪੋ ਜੁ ਬਹੁਰਿ ਨਾ ਜਪਨਾ ,।।<br>
ਸੋਈ ਤਪ ਤਪੋ ਜੁ ਬਹੁਰਿ ਨਾ ਤਪਨਾ ।।<br>
ਸੋਈ ਗੁਰੁ ਕਰੋ ਜੋ ਬਹੁਰਿ ਨਾ ਕਰਨਾ ।।<br>
ਐਸੋ ਮਰੋਂ ਜੁ ਬਹੁਰਿ ਨਾ ਮਰਨਾ<br>
ਲੋਚਨ ਭਰਿ ਭਰਿ ਬਯੰਬ ਨਿਹਾਰੋਂ<br>
ਜੋਤਿ ਵਿਚਾਰਿ ਨ ਅਵਰ ਬਿਚਾਰੋ ॥[102]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਰਵਿਦਾਸ ਜੀ ਦੀ ਇਕ-ਈਸ਼ਵਰਵਾਦੀ ਧਾਰਨਾ ਸੰਕਰਾਚਾਰੀਆ ਦੇ ਅਦਵੈਤਵਾਦ ਨਾਲੋਂ ਵੱਖਰੀ ਹੈ। ਇਸ ਵਿਚ ਗੁਰੂ ਜੀ ਦੀ ਆਪਣੀ ਮੌਲਿਕਤਾ ਹੈ, ਗੁਰੂ ਜੀ ਦਾ ਬ੍ਰਹਮ, ਭਗਤੀ ਦੇ ਅਨੁਭਵ ਤੇ ਆਧਾਰਿਤ ਖੇਤਰ ਨਾਲ ਸੰਬੰਧਿਤ ਹੈ ਜਦੋਂ ਕਿ ਸ਼ੰਕਰ ਦਾ ਈਸ਼ਵਰ ਵਿਅਕਤੀ ਨਿਰਲੇਪ ਹੈ । ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਰਵਿਦਾਸ ਜੀ ਦੀ ਇਕ-ਈਸ਼ਵਰਵਾਦੀ ਧਾਰਣਾ ਭਗਤੀ ਮਹਲ ਦੀਆਂ ਨੀਂਹਾਂ ਨੂੰ ਜਾਂ ਛੋਹਦਾ ਹੈ।

2. <u>ਸਤਿ ਸਰੂਪ ਬ੍ਰਹਮ</u>:- ਤੈਤਰੀਯੋਪਨਿਸ਼ਦ ਵਿਚ ਬ੍ਰਹਮ ਦੇ ਸਤਿ ਸਰੂਪ ਦਾ ਵਰਣਨ ਹੈ। ਇਸ ਦੇ ਅਨੁਸਾਰ ਬ੍ਰਹਮ ਅਨੰਤ ਹੈ ਉਹ ਸਤਿ ਅਤੇ ਗਿਆਨ ਸਰੂਪ ਹੈ।[103] ਗੁਰੂ ਰਵਿਦਾਸ ਜੀ ਨੇ ਵੀ ਬ੍ਰਹਮ ਦੇ ਸਤਿ ਸਰੂਪ ਦਾ ਵਰਣਨ ਕੀਤਾ ਹੈ। ਗੁਰੂ ਜੀ ਦਾ ਬ੍ਰਹਮ ਅਨੰਤ ਹੈ ਅਤੇ ਪਰਮਪਦੂ

ਦਾ ਮਾਲਕ ਹੈ। ਉਹ ਲਿਖਦੇ ਹਨ:-

1. ਮੇਰੇ ਮਨ ਸਤਿ ਸਰੂਪ ਵਿਚਾਰ ॥
ਆਦਿ ਅਨੰਤ ਅਨੰਤ ਪਰਮਪਦ
ਸੰਸਾ ਸਕਲ ਨਿਵਾਰ ॥[104]

ਵੇਦਾਂਤ ਦੇ ਪ੍ਰਸਿੱਧ ਭਾਸ਼ਯਕਾਰ ਸ਼ੰਕਰਾਚਾਰਯ ਨੇ ਪਰਮਾਰਥ ਅਤੇ ਸਤਿ ਉਸ ਪਦਾਰਥ ਨੂੰ ਮੰਨਿਆ ਹੈ ਜੋ ਸਭ ਅਵਸਥਾਵਾਂ ਵਿਚ ਆਪਣੇ ਇਕ ਸਰੂਪ ਵਿਚ ਸਥਿਰ ਰਹਿੰਦਾ ਹੈ।[105] ਇਸ ਤਰ੍ਹਾਂ ਜੋ ਉਤਪਤੀ ਅਤੇ ਨਾਸ਼ ਦੇ ਕ੍ਰਮ ਵਿਚ ਪਰਿਵਰਤਿਤ ਹੁੰਦਾ ਹੈ ਉਹ ਅਸਤਯ ਹੈ ਅਤੇ ਜੋ ਸਦਾ ਸਥਿਰ ਰਹਿੰਦਾ ਹ ਉਹ ਸੱਤ ਹੈ। ਇਸ ਲਈ ਸੰਸਾਰ ਨਾਸ਼ਵਾਨ ਹੈ ਅਤੇ ਪਰਮ-ਸਤਾ ਸਦਾ ਥਿਰ ਰਹਿਣ ਵਾਲਾ ਸਤਿ-ਸਰੂਪ ਹੈ।

ਗੁਰੂ ਰਵਿਦਾਸ ਜੀ ਨੇ ਉਪਰੋਕਤ ਅਰਥਾਂ ਵਿਚ ਆਪਣੀ ਬਾਣੀ ਵਿਚ ਸਤਯ ਦਾ ਵਿਸ਼ਲੇਸ਼ਣ ਕੀਤਾ ਹੈ। ਉਹ ਲਿਖਦੇ ਹਨ:-

1. ਆਦਿਹੁ ਏਕ ਅੰਤ ਫੁਨਿ ਸੋਈ ਮਧਯ ਉਪਾਧਿ ਜੁ ਕੈਸੇ॥
ਹੈ ਏਹ ਏਕ, ਪੈ ਭ੍ਰਮ ਹੁ ਦੂਜੇ, ਕਨਕ ਅਲੰਕ੍ਰਿਤ ਜੈਸੇ ॥[106]

2. ਬਾਜੀ ਝੂਠ ਸਾਂਚ ਬਾਜੀਗਰ, ਜਾਨਾ ਮਨ ਪਤਿਆਨਾ ॥[107]

3. ਜੋਤਿ-ਸਰੂਪ ਬ੍ਰਹਮ:- ਪਰਮਾਤਮਾ ਜੋਤਿ-ਸਰੂਪ ਹੈ - ਇਹ ਸਿੱਧਾਂਤ ਬਹੁਤ ਪ੍ਰਾਚੀਨ ਹੈ। ਭਾਰਤੀ ਦਾਰਸ਼ਨਿਕਾਂ ਨੇ ਪਰਮਤਤ ਨੂੰ ਜੋਤਿ-ਸਰੂਪ ਅਤੇ ਅਨੰਤ ਪ੍ਰਕਾਸ਼ ਵਾਲਾ ਮੰਨਿਆ ਹੈ। ਕਠੋ-ਪਨਿਸ਼ਦ ਵਿਚ ਇਸ ਦਾ ਵਰਣਨ ਇਸ ਤਰ੍ਹਾਂ ਕੀਤਾ ਗਿਆ ਹੈ। "ਉਥੇ ਨਾ ਤਾਂ ਸੂਰਜ ਪ੍ਰਕਾਸ਼ਿਤ ਹੁੰਦਾ ਹੈ, ਨਾ ਚੰਦਰਮਾ ਅਤੇ ਨਾ ਹੀ ਤਾਰੇ ਚਮਕਦੇ ਹਨ ਉਥੇ ਬਿਜਲੀ ਦੀ ਚਮਕ ਵੀ ਨਹੀਂ ਪੈਂਦੀ। ਇਹ ਲੌਕਿਕ ਅਗਨੀ ਉਸ ਦੇ ਪ੍ਰਕਾਸ਼ ਨਾਲ ਪ੍ਰਕਾਸ਼ਿਤ ਹੁੰਦੀ ਹੈ। ਉਸ ਤੋਂ ਸਭ ਵਸਤੂਆਂ ਪ੍ਰਕਾਸ਼ਿਤ ਹੁੰਦੀਆਂ ਹਨ ਅਤੇ ਉਸਦੇ ਪ੍ਰਕਾਸ਼ ਨਾਲ ਪੂਰਣ ਜਗਤ ਪ੍ਰਕਾਸ਼ਿਤ ਹੁੰਦਾ ਹੈ।[108]

ਗੁਰੂ ਰਵਿਦਾਸ ਜੀ ਨੇ ਵੀ ਉਪਨਿਸ਼ਦਾਂ ਦੇ ਅਨੁਸਾਰ ਬ੍ਰਹਮ ਦਾ ਨਿਰੂਪਣ ਕੀਤਾ ਹੈ। ਜਿਵੇਂ ਪਾਣੀ ਤੋਂ ਉਗਮੀਆਂ ਲਹਿਰਾਂ ਵਿਚ ਵੀ ਮੂਲ ਪਾਣੀ ਰਹਿਆ ਹੁੰਦਾ ਹ ਉਸੇ ਤਰ੍ਹਾਂ ੀ ਹੀ ਪਰਮ ਜੋਤਿ ਦਾ ਨੂਰ ਹਰ ਜੀਵਾਤਮਾ ਵਿਚ ਪ੍ਰਕਾਸ਼ਿਤ ਹੁੰਦਾ ਹੈ:-

1. ਚਹੁਦਿਸਿ ਦਿਵਲਾ ਵਰਿ ਰਹੇ, ਜਗਮਗ ਹੋਵੈ ਰਹਯੋ ਰੇ ॥
ਜੋਤਿ ਜੋਤਿ ਸਮਜੋਤਿ, ਜੋਤਿ ਮੈਂ ਹਿਲਮਿਲ ਰਹਯੋ ਰੇ ॥[109]

2. ਤੇਜ ਸਰੂਪੀ ਸਗਲ ਸਿਰੇ ਮਨਿ, ਅਲਖ ਨਿਰੰਜਨ ਰਾਵ ॥[110]

3. ਪਰਮ ਪ੍ਰਕਾਸੁ ਅਵਿਨਾਸੁ ਅਘਮੋਚਨੁ ਨਿਰਖਿ ਨਿਜਰੂਪ ਬਿਸਰਾਮ ਪਾਯਾ॥[111]

4. ਪ੍ਰਭੁ ਜੀ ਤੁਮ ਦੀਪਕ ਹਮ ਬਾਤੀ, ਜਾਕੀ ਜੋਤਿ ਜਰੈ ਦਿਨੁ ਰਾਤੀ ॥

" ਮੈਂ ਉਸ ਅਗਿਆਨ-ਅਤੀਤ ਪ੍ਰਕਾਸ਼ ਸਰੂਪ ਮਹਾਨ ਪੁਰਸ਼ ਨੂੰ ਜਾਣਦਾ ਹਾਂ ਉਸ ਨੂੰ ਹੀ ਜਾਣ ਕੇ ਪੁਰਖ ਮ੍ਰਿਤੂ ਨੂੰ ਪਾਰ ਕਰ ਲੈਂਦਾ ਹੈ ਇਸ ਤੋਂ ਇਲਾਵਾ ਪਰਮਪਦ ਲਈ ਕੋਈ ਆਸਰਾ ਨਹੀਂ।"[112]

ਉਪਰੋਕਤ ਭਾਵ ਵਿਚ ਹੀ ਗੁਰੂ ਰਵਿਦਾਸ ਜੀ ਨੇ ਜੋਤਿ-ਸਰੂਪ ਬ੍ਰਹਮ ਦਾ ਆਪਣੀ ਬਾਣੀ ਵਿਚ ਵਰਣਨ ਕੀਤਾ ਹੈ। ਜੋਤਿ ਸਰੂਪ ਬ੍ਰਹਮ ਦਾ ਨੂਰ ਹੀ ਸਾਧਕ ਨੂੰ ਭਗਤੀ ਦੀ ਅੰਤਿਮ ਅਵਸਥਾ ਤੇ ਪਹੁੰਚ ਕੇ ਤੀਸਰੀ ਅੱਖ ਰਾਹੀਂ ਨਜ਼ਰ ਆਉਂਦਾ ਹੈ। ਇਹ ਹੀ ਪਰਮਪਦ ਦੀ ਅਵਸਥਾ ਹੈ:-

ਕਹ ਰੈਦਾਸ ਪ੍ਰਕਾਸ ਪਰਮਪਦ ਕਾ ਜਪ ਤਪ ਬਿਧਿ ਪੂਜਾ ॥[113]

4. <u>ਸੈਭੰ</u> :- ਗੁਰੂ ਰਵਿਦਾਸ ਜੀ ਨੇ ਸੈਭੰ ਸ਼ਬਦ ਦਾ ਪ੍ਰਯੋਗ ਬ੍ਰਹਮ ਲਈ ਕੀਤਾ, "ਸੈਭੰ ਜਾਂ ਸਵਯੰਭ ਦਾ ਅਰਥ ਹੈ ਆਪਣੇ ਆਪ ਹੋਣ ਵਾਲਾ, ਆਪਣਾ ਰੂਪ ਆਪ ਧਾਰਨ ਕਰਨ ਵਾਲਾ ਜਿਸਨੂੰ ਕਿਸੇ ਨਿਰਮਾਤਾ ਦੀ ਲੋੜ ਨਾ ਪਵੇ। ਉਪਨਿਸ਼ਦਾਂ ਵਿਚ ਵੀ ਪਰਮਤਤ ਨੂੰ "ਸਵਯੰਭੂ" ਕਿਹਾ ਗਿਆ ਹੈ। ਇਸ ਦੇ ਅਨੁਸਾਰ ਜੋ ਆਪ ਹੀ ਹੁੰਦਾ ਹੈ ਉਹ ਸਵਯੰਭੂ ਹੈ ਅਤੇ ਜਿਸਦੇ ਉਪਰ ਹੈ ਅਤੇ ਜੋ ਉਪਰ ਹੈ ਉਹ ਸਭ ਆਪ ਹੀ ਹੈ।[114]

ਗੁਰੂ ਰਵਿਦਾਸ ਜੀ ਦਾ ਬ੍ਰਹਮ ਅਕਥਨੀਯ, ਅਨਿਰਵਚਨੀਯ ਉਪਮਾ ਤੋਂ ਰਹਿਤ, ਆਪਣੇ ਵਰਗਾ ਖੁਦ ਆਪ ਹੈ, ਸੈਭੰ( ਸਵਯੰਭੂ) ਹੈ ਸਵੈ-ਪ੍ਰਕਾਸ਼ਿਤ ਹੈ:

ਸਵਯੰਭੂ ਕੌ ਚਿਤ ਚੋਰਿ ਲਿਯੋ ਹੈ
ਵਾਕੇ ਪਾਛੇ ਲਾਗਾ ਧਾਵੈ ॥[115]

<u>ਵਿਅਕਤ ਸਗੁਣ ਰੂਪ</u>:- ਗੁਰੂ ਰਵਿਦਾਸ ਜੀ ਬ੍ਰਹਮ ਦੇ ਸਗੁਣ ਅਤੇ ਨਿਰਗੁਣ ਰੂਪ ਵਿਚ ਬਰਾਬਰ ਸ਼ਰਧਾ ਸੀ। ਇਸ ਲਈ ਉਨ੍ਹਾਂ ਨੇ ਦੋਵਾਂ ਰੂਪਾਂ ਵਿਚ ਸਮਭਾਵ ਪ੍ਰਗਟ ਕੀਤੇ ਹਨ। ਪ੍ਰਾਚੀਨ ਕਾਲ ਤੋਂ ਬ੍ਰਹਮ ਦੀ ਧਾਰਣਾਂ ਸਗੁਣ ਅਤੇ ਨਿਰਗੁਣ ਰੂਪ ਵਿਚ ਸਮਾਨੰਤਰ ਚਲਦੀ ਆ ਰਹੀ ਸੀ। ਗੁਰੂ ਰਵਿਦਾਸ ਜੀ ਨੇ ਦੋਵਾਂ ਧਾਰਣਾਂ ਦਾ ਸੰਗਮ ਕਰਵਾਇਆ। ਉਨ੍ਹਾਂ ਦੇ ਮਨ ਨੂੰ ਕਿਤੇ ਪ੍ਰਭੂ ਦਾ ਵਿਵਹਾਰਿਕ ਸਗੁਣ ਰੂਪ ਬਹੁਤ ਟੁੰਬਦਾ ਹੈ ਅਤੇ ਕਿਤੇ ਬਾਹਰੀ ਆਡੰਬਰਾਂ ਵਿਚ ਭਟਕਦਿਆਂ ਨੂੰ ਵੇਖ ਕੇ ਨਿਰਗੁਣ ਰੂਪ ਆਕਰਸ਼ਿਤ ਕਰਦਾ ਹੈ। ਉਨ੍ਹਾਂ ਦਾ ਨਿਰਗੁਣ ਬ੍ਰਹਮ ਵਿਅਕਤ ਕਰਨ ਲਈ ਸਗੁਣ ਬਣ ਜਾਂਦਾ ਹੈ ਅਤੇ ਸਗੁਣ ਬਾਹਰੀ ਆਡੰਬਰਾਂ ਦਾ ਚੋਲਾ ਲਾਹ ਕੇ ਭਗਤਾਂ ਦੀ ਰਖਿਆ ਹਿੱਤ ਹਾਜ਼ਰ ਹੋ ਨਿਰਗੁਣ ਬਣ ਜਾਂਦਾ ਹੈ । ਅਸਲ ਵਿਚ ਬ੍ਰਹਮ ਦਾ ਸਰੂਪ ਭਾਵਨਾਮਈ ਹੈ।

ਚਾਹੇ ਉਸ ਨੂੰ ਨਿਰਗੁਣ ਕਰਕੇ ਯਾਦ ਕਰੋ ਚਾਹੇ ਸਗੁਣ ਕਰਕੇ ਚਿਤਵੋ ਕੇਵਲ ਭਾਵਨਾ, ਖਿੱਚ ਸ਼ਕਤੀ ਪ੍ਰੀਤ, ਧਿਆਨ ਦੀ ਹੀ ਉਸ ਤਕ ਪਹੁੰਚ ਹੈ। ਗੀਤਾ ਵਿਚ ਵਰਣਨ ਆਉਂਦਾ ਹੈ ਕਿ ਅਵਿਅਕਤ ਦੀ ਉਪਾਸਨਾ ਕਠਨ ਹੈ।[116] ਅਵਿਅਕਤ ਤੋਂ ਵਿਅਕਤ ਉਪਜਦਾ ਹੈ।[117] ਇਸ ਲਈ ਭਾਗਵਤ ਭਗਤੀ ਵਿਚ ਬ੍ਰਹਮ ਦਾ ਸਰੂਪ ਸਗੁਣ ਪ੍ਰਕਿਰਤੀ ਕਾਰਨ ਆਮ ਲੋਕਾਂ ਲਈ ਖਿੱਚ ਦਾ ਕਾਰਣ ਬਣਿਆ ।

ਗੁਰੂ ਰਵਿਦਾਸ ਜੀ ਨੇ ਭਗਵਤ ਗੀਤਾ ਵਿਚ ਦਿਤੇ ਬ੍ਰਹਮ ਦੇ ਸਰੂਪਾਂ ਵਿਚੋਂ ਬਾਹਰੀ ਕਰਮ ਕਾਂਡਾਂ ਅਤੇ ਮੂਰਤੀ-ਪੂਜਾ ਦਾ ਖੰਡਨ ਕਰਕੇ ਉਸ ਵਿਚੋਂ ਹੀ ਨਿਰਗੁਣ ਨੂੰ ਪ੍ਰਾਪਤ ਕੀਤਾ। ਗੁਰੂ ਰਵਿਦਾਸ ਜੀ ਨੇ ਸਗੁਣ-ਨਿਰਗੁਣ, ਸਗੁਣ ਅਤੇ ਨਿਰਗੁਣ ਦਾ ਪਰਤਾਂ ਫਰੋਲਣ ਬਾਅਦ ਨਿਮਨ ਲਿਖਤ ਤੱਥ ਨੂੰ ਸਾਡੇ ਦ੍ਰਿਸ਼ਟੀਗਤ ਕੀਤਾ:

1. ਸੋਈ ਰਸਿ ਬਸਿ ਮਨ ਮਿਲੇ , ਗੁਨ ਨਿਰਗੁਨ ਏਕ ਵਿਚਾਰ ॥
ਬਾਹਰਾਡੰਬਰ ਹੌ ਕਬਹੂੰ ਨ ਜਾਨਿਓ, ਤੁਮ ਚਰਨਨ ਚਿਤ ਮੋਰਾ ॥[118]

2. ਨਿਰਗੁਨ ਕੌ ਗੁਨ ਦੇਖੋ ਆਹੀ, ਦੇਹੀ ਸਹਿਤ ਕਬੀਰ ਸਧਾਈ ॥[119]

3. ਤੂੰ ਸਰਗੁਣ ਨਿਗੁਣ ਨਿਰਾਮਈ ਨਿਰਬਿਕਾਰ ॥
ਹਰਿ ਅੰਜਨ ਨਿਰੰਜਨ ਬਿਮਲ ਅਪ੍ਰਮੇਵ ॥[120]

4. ਅਗੁਣ, ਸਰਗੁਣ ਸਮ ਕਰ ਜਾਨਯੋ,
ਚਹੁੰ ਦਿਸ ਦਰਸਨ ਤੇਰਾ ॥[121]

ਗੁਰੂ ਰਵਿਦਾਸ ਜੀ ਦੁਆਰਾ ਬ੍ਰਹਮ ਨਿਰੂਪਣ ਦੇ ਵਿਅਕਤ ਬ ਸਗੁਣ ਰੂਪ ਦਾ ਅਧਿਐਨ ਕਰਨ ਲਈ ਛੇ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ :

1. ਭਾਵਨਾਮਈ ਦਿਵਯ ਰੂਪ
2. ਵਿਰਾਟ ਰੂਪ
3. ਕਰਤਾ ਪੁਰਖ ਰੂਪ
4. ਪ੍ਰੀਤਮ ਰੂਪ
5. ਸੁਲਤਾਨ ਰੂਪ
6. ਲੇਖਾ ਮੰਗਣਹਾਰ ਰੂਪ

1. ਭਾਵਨਾਮਈ ਵਿਵਸ ਰੂਪ :- ਭਗਤੀ-ਭਾਵਨਾ ਦੇ ਆਵੇਸ਼ ਵਿਚ ਸ੍ਰੀ ਗੁਰੂ ਰਵਿਦਾਸ ਜੀ ਨੇ ਪਰਮਤਤ ਨਾਲ ਕਈ ਸੰਬੰਧ ਸਥਾਪਤ ਕੀਤੇ ਹਨ। ਭਾਵੁਕ ਹੋਏ ਸੰਤ-ਜਨ ਪ੍ਰਭੂ ਨਾਲੋਂ ਆਪਣੇ ਆਪ ਨੇ ਤੁੱਛ ਅਸਮਰਥ ਅਤੇ ਨਿਰਬਲ ਅਨੁਭਵ ਕਰਦੇ ਹੋਏ ਪ੍ਰਭੂ ਦੇ ਆਸਰੇ ਹਿੱਤ ਉਸ ਨਾਲ ਕਈ ਰਿਸ਼ਤੇ ਨਾਤੇ ਜੋੜਦੇ ਹਨ। ਗੁਰੂ ਰਵਿਦਾਸ ਜੀ ਨੇ ਵੀ ਪ੍ਰਭੂ ਕੋਲ ਆਰਤ ਕਰਦਿਆਂ ਉਸ ਨਾਲ ਕਈ ਤਰ੍ਹਾਂ ਦੇ ਸੰਬੰਧਾਂ ਦੀ ਸਥਾਪਨਾ ਕੀਤੀ ਹੈ। ਇਸ ਪ੍ਰਕਾਰ ਬਾਣੀ ਵਿਚ ਪ੍ਰੀਤਮ ਨੂੰ ਮਿਲਣ ਦੀ ਪ੍ਰਬਲ ਇੱਛਾ ਪ੍ਰਗਟ ਕੀਤੀ ਹੈ । ਇਨ੍ਹਾਂ ਭਾਵਨਾਵਾਂ, ਸਧਰਾਂ, ਉਮੰਗਾਂ, ਖਾਹਸ਼ਾਂ ਇੱਛਾਵਾਂ ਦੇ ਆਧਾਰ ਪ੍ਰਭੂ ਦੇ ਨਿਮਨਲਿਖਤ ਸਰੂਪ ਸਾਹਮਣੇ ਆਉਂਦੇ ਹਨ:

1. ਸੁਆਮੀ ਰੂਪ ਪ੍ਰਭੂ:- ਗੁਰੂ ਰਵਿਦਾਸ ਜੀ ਨੇ ਪ੍ਰਭੂ ਦਾ ਸਆਮੀ ਰੂਪ ਵਿਚ ਚਿਤਰਣ ਬਹੁਤ ਸੁੰਦਰ ਢੰਗ ਨਾਲ ਕੀਤਾ ਹੈ। ਉਸ ਨੇ ਪਭੂ ਨਾਲ ਅਨਿਖੜਵਾਂ ਸੁਆਮੀ ਤੇ ਸੇਵਕ ਦਾ ਸੰਬੰਧ ਸਥਾਪਤ ਕਰ ਲਿਆ ਹੈ। ਦਾਸ ਭਾਵ ਨਾਲ ਤਿਞਾਉਣ ਨਾਲ ਹੀ ਸੰਤ ਰਵਿਦਾਸ ਨੂੰ ਪਰਮਾਨੰਦ ਪ੍ਰਾਪਤ ਹੁੰਦਾ ਹੈ।

1. ਮਾਧੋ ! ਤੂੰ ਮਮ ਠਾਕੁਰ ਹੋ ਤੁਝ ਸੇਵਗੁ ॥
   ਜਨਮ ਜਨਮ ਤੇ ਹੌਂ ਤੁਝ ਸੇਵਾਨੁਗ ॥[122]

2. ਰਵਿਦਾਸ ਦਾਸ ਕੀ ਸੇਵਾ ਮਾਨਹੁ ਦੇਵਾ ॥
   ਪਤਿਤ ਪਾਵਨ ਨਾਮ ਪਰਗਟ ਕਰੀਜੈ ॥[123]

2. ਮਾਤਾ-ਪਿਤਾ ਦੇ ਰੂਪ ਵਿਚ ਬ੍ਰਹਮ ਨਿਰੂਪਣ:- ਗੁਰੂ ਰਵਿਦਾਸ ਜੀ ਨੇ ਵਾਤਸਲਯ ਪ੍ਰੇਮ-ਹਿੱਤ ਪ੍ਰਭੂ ਕੋਲ ਪ੍ਰਾਰਥਨਾ ਕੀਤੀ ਹੈ । ਮਮਤਾ -ਭਾਵਨਾ ਦੇ ਦੁਆਰਾ ਈਸ਼ਵਰ ਦੀ ਮਾਤਾ ਅਤੇ ਪਿਤਾ ਦੇ ਰੂਪ ਵਿਚ ਕਲਪਨਾ ਕੀਤੀ ਹੈ।

1. ਤੁਮਹਿ ਮਾਤ ਪਿਤ ਪ੍ਰਭੂ ਮੇਰੈ, ਹੌਂ ਮਸਕੀਨ ਅਤਿ ਭੋਰਾ ॥[124]

2. ਉਸ ਕਹਿਯਤ ਹੂੰ ਮੈਂ ਅਜਾਨ, ਅਹੋ ਪ੍ਰਭੂ ਤੁਮ ਸਰਵਗਯ ਸੁਜਾਨ ॥
   ਸੁਤ ਸੇਵਕ ਸਦਾ ਅਸੋਚ , ਠਾਕੁਰਪਿਤਹਿੰ ਸਭ ਸੋਚ ॥[125]

ਗੁਰੂ ਰਵਿਦਾਸ ਜੀ ਨੂੰ ਠਾਕੁਰ ਪਿਤਾ ਵਿਚ ਏਨੀ ਸ਼ਰਧਾ ਹੈ ਕਿ ਉਸ ਨੂੰ ਕਿਸੇ ਵੀ ਤਰ੍ਹਾਂ ਦੀ ਚਿੰਤਾ ਹੀ ਨਹੀਂ, ਸੋਚ ਹੀ ਨਹੀਂ। ਉਸਨੇ ਤਾਂ ਬ੍ਰਹਮ ਪਿਤਾ ਨੂੰ ਬੰਧਨ ਵਿਚ ਬੰਨ੍ਹ ਸਭ ਸੋਚਾਂ ਲਈ ਮਜ਼ਬੂਰ ਕਰ ਦਿੱਤਾ ਹੈ ।

ਪ੍ਰਭੂ-ਪ੍ਰੀਤਮ :- ਸੰਤ-ਜਨ ਭਗਤੀ ਭਾਵਨਾ ਦੁਆਰਾ ਪ੍ਰਭੂ ਨਾਲ ਕਈ ਸੰਬੰਧ ਪਾਪਤ ਕਰਕੇ ਹਨ ਪਰੰਤੂ ਉਨ੍ਹਾਂ ਨੂੰ ਪ੍ਰਭੂ-ਪ੍ਰੀਤਮ ਦਾ ਰਿਸ਼ਤਾ ਵਧੇਰੇ ਪਿਆਰਾ ਹੈ। ਗੁਰੂ ਰਵਿਦਾਸ ਜੀ ਨੇ ਵੀ ਆਪਣੇ

ਪ੍ਰਭੂ-ਪ੍ਰੀਤਮ ਨੂੰ ਪ੍ਰੇਮ ਦੇ ਬੰਧਨ ਵਿਚ ਬੰਨ੍ਹਿਆ। ਇਸ ਪ੍ਰੀਤ ਦੇ ਸਦਕਾ ਹੀ ਤਾਂ ਗੁਰੂ ਰਵਿਦਾਸ ਨੇ ਅਕਥਨੀਯ ਬ੍ਰਹਮ ਦੀ ਖੋਜ ਕੀਤੀ। ਉਨ੍ਹਾਂ ਨੇ ਆਪਣੇ ਮਨ ਨੂੰ ਪ੍ਰੇਮ ਵਿਚ ਰੰਗ ਕੇ ਪ੍ਰਭੂ-ਪ੍ਰੀਤਮ ਦੇ ਸਰੂਪ ਦਾ ਵਰਣਨ ਕੀਤਾ।

1. ਸਹ ਕੀ ਸਾਰ ਸੁਹਾਗਨਿ ਜਾਨੈ ॥ਤਜਿ ਅਭਿਮਾਨੁ ਸੁਖ ਰਲੀਆ ਮਾਨੈ ॥
ਤਨੁ ਮਨੁ ਦੇਇ ਨ ਅੰਤਰੁ ਰਾਖੈ , ਅਵਰਾ ਦੇਖਿ ਨ ਸੁਨੈ ਅਭਾਖੈ ॥[126]

2. ਬੇਰੀ ਕਰਿਲੈ ਰਾਮ ਸਨੇਹਾ ॥
ਪਿਉ ਕੇ ਨਾਰੀ ਉਹਿ ਮਨ ਆਣੀ, ਜਿਹਿ ਅਭਿਅੰਤਰ ਅਵਰੁ ਨਹੀਂ ਕਾਣੀ ॥
ਜੋ ਲੌ ਪਿਓ ਰਾਮਨ ਨਾਹੀਂ ਆਈ, ਕਾ ਸੋਰਹ ਸੰਗਾਰ ਖਨਾਈ ॥
ਸੋਈ ਸਤੀ ਰਵਿਦਾਸ ਬਖਾਨੀ, ਤਨਮਨ ਸਉਂਪਿਓ ਰੰਗ ਬਮਾਨੀ ॥[127]

<u>ਅੰਸ਼ੀ-ਰੂਪ ਬ੍ਰਹਮ:-</u> ਗੁਰੁ ਰਵਿਦਾਸ ਜੀ ਨੇ ਪ੍ਰਭੂ ਨਾਲ ਆਪਣਾ ਅੰਸ਼-ਅੰਸ਼ੀ ਦਾ ਸੰਬੰਧ ਵੀ ਸਥਾਪਤ ਕੀਤਾ ਹੈ ਅਤੇ ਬਹੁਤ ਹੀ ਸੁੰਦਰ ਤਰੀਕੇ ਨਾਲ ਅੰਸ਼ੀ ਬ੍ਰਹਮ ਦਾ ਚਿਤਰਣ ਕੀਤਾ ਹੈ ਉਹ ਹਰ ਸਮੇਂ ਪ੍ਰਭੂ ਦੇ ਚਰਨਾਂ ਵਿਚ ਰਹਿਣ ਲਈ ਇਹ ਨਾਤਾ ਸਥਾਪਿਤ ਕਰਦੇ ਹਨ:-

ਪ੍ਰਭੂ ਜੀ ਤੁਮ ਚੰਦਨ ਹਮ ਪਾਨੀ, ਜਾਕੀ ਵਾਸ ਅੰਗ ਸੰਗ ਸਮਾਨੀ ॥
ਪ੍ਰਭੂ ਜੀ ਤੁਮ ਮੋਤੀ ਹਮ ਧਾਗਾ, ਜੈਸੇ ਸੋਨਹਿੰ ਮਿਲਤ ਸੁਹਾਗਾ ॥
ਪ੍ਰਭੂ ਜੀ ਤੁਮ ਧਨ ਵਨ ਹਮ ਮੋਰਾ, ਜੈਸੇ ਚਿਤਵਤ ਚੰਦ ਚਕੋਰਾ ॥[128]

<u>ਭਕਤ-ਰਿਖਅਕ ਪ੍ਰਭੂ:-</u> ਗੁਰੁ ਰਵਿਦਾਸ ਜੀ ਦਾ ਬ੍ਰਹਮ ਭਗਤਾਂ ਦਾ ਰਖਿਅਕ ਵੀ ਹੈ । ਉਹ ਔਕੜਾਂ ਵਿਚ ਭਗਤ ਦੀ ਇਕ ਪੁਕਾਰ ਤੇ ਹੀ ਆਪਣੀ ਸ਼ਕਤੀ ਦਾ ਪ੍ਰਗਟਾਵਾ ਕਰਦਾ ਹੈ। ਉਹ ਭਗਤਾਂ ਦਾ ਉਧਾਰ ਕਰਦਾ ਹੈ। ਉਨ੍ਹਾਂ ਦੇ ਸ਼ੰਕਿਆਂ ਦੁੱਖਾਂ ਕਸ਼ਟਾਂ ਦਾ ਨਿਵਾਰਣ ਕਰਦਾ ਹੈ। ਉਹ ਭਗਤਾਂ ਨੂੰ ਨੀਚਹੁ ਊਚ ਕਰਨ ਵਾਲਾ ਗੋਬਿੰਦ ਹੈ । ਪ੍ਰਭੂ ਉਸ ਬ੍ਰਹਮ ਦੇ ਰੰਗ ਵਿਚ ਰਤੀ ਦਰੋਪਦੀ ਦੀ ਦਰਯੋਜਧਨ ਦੀ ਸਭਾ ਵਿਚ ਲਾਜ ਰਖਣ ਵਾਲਾ ਕਰੁਣਾ-ਨਿਧੀ ਹੈ। ਥੰਮ ਪਾੜ ਕੇ ਪ੍ਰਹਿਲਾਦ ਭਗਤ ਦੀ ਰਖਿਆ ਕਰਨ ਵਾਲਾ ਸੁਦਾਮਾ ਦੀ ਦਸ਼ਾ ਵੇਖ ਕੇ।ਹੰਝੂ ਵਹਾਉਣ ਵਾਲਾ, ਭੀਲਨੀ ਦੇ ਜੂਠੇ ਬੇਰ ਚਖਣ ਵਾਲਾ, ਮਹਾਂਭਾਰਤ ਦੇ ਯੁੱਧ ਵਿਚਟਟਿਹਿਰੀ ਦੇ ਅੰਡਿਆਂ ਉਤੇ ਹਾਥੀ ਦੇ ਗੱਲ ਵਿਚ ਪੇਈ ਘੰਟੀ ਉਤਾਰ ਕੇ ਰਖਿਆ ਕਰਨ ਵਾਲਾ ਹੈ। ਧਰੁਵ ਨੂੰ ਅਟਲ ਪਦ ਦੇਣ ਵਾਲਾ, ਸੁਯੋਧਨ ਦਾ ਖਟ-ਰਸ ਭੋਜਨ ਤਿਆਗ ਕੇ ਦਾਸ ਬਿਦੁਰ ਦਾ ਮਾਣ ਵਧਾਉਣ ਵਾਲਾ ਹੈ , ਇਕ ਵਾਰ ਨਾਮ ਸਿਮਰਨ ਕਰਨ ਵਾਲੇ ਗਜ(ਹਾਥੀ) ਨੂੰ ਛਿਣ ਮਹਿ ਬੰਧਨ-ਮੁਕਤ ਕਰਨ ਵਾਲਾ ਹੈ, ਅਸੁਰ(ਰਾਖਸ਼) ਦੇ ਕ੍ਰੋਧ ਨੂੰ ਸ਼ਾਂਤ ਕਰਨ ਵਾਲਾ ਆਪਣੇ ਭਗਤਾਂ ਦੇ ਪ੍ਰਤਿਪਾਦਨ ਹੇਤੁ ਪ੍ਰਗਟ ਹੋਣ ਵਾਲਾ ਹੈ, ਸ਼ਬਰੀ, ਗੀਧ, ਅਜਾਮੁਲ ਤੇ ਕਿਰਪਾ ਕਰਨ ਵਾਲੇ ਹਨ। ਇਥੇ ਹੀ ਬਸ ਨਹੀਂ

ਗੁਰੂ ਰਵਿਦਾਸ ਜੀ ਦੇ ਪ੍ਰਭੂ ਕਿਰਪਾ ਨਿਧੀ ਅਤੇ ਕਰੁਣਾ ਨਿਧੀ ਹਨ। ਉਸ ਦੇ ਮਾਥੇ ਛਤਰ ਧਰਨ ਵਾਲੇ, ਉਸ ਗਰੀਬ ਨੂੰ ਨਿਵਾਜਣ ਵਾਲੇ, ਉਸਦਾ ਬਿਰਦ ਸੰਭਾਰਣ ਵਾਲੇ, ਨਾਥ ਨੀਚ ਤੋਂ ਉਚ ਕਰਨ ਵਾਲੇ ਗੋਬਿੰਦ, "ਤ੍ਰਿਭੁਵਨ ਪਤੀ ਪਾਵਨ" ਉਮਾਪਤੀ ਸਵਾਮੀ ਹਨ।

ਪ੍ਰਭੂ ਸ੍ਰਿਸ਼ਟੀ ਦਾ ਕਰਤਾ ਤਾਂ ਹੈ ਹੀ ਪਰ ਉਸ ਦੇ ਕੁਝ ਕਾਰਜ ਹੋਰ ਵੀ ਪ੍ਰਤੱਖ ਤੇ ਸਪਸ਼ਟ ਰੂਪ ਵਿਚ ਸਾਹਮਣੇ ਆਉਂਦੇ ਹਨ। ਗੁਰੂ ਰਵਿਦਾਸ ਜੀ ਦੇ ਬ੍ਰਹਮ ਸੰਬੰਧੀ ਉਪਰੋਕਤ ਭਾਵਾਂ ਤੋਂ ਪ੍ਰਭਾਵਿਤ ਹੋ ਕੇ ਡਾ. ਬੀ ਪੀ ਸ਼ਰਮਾ ਗੁਰੂ ਰਵਿਦਾਸ ਜੀ ਨੂੰ ਸਗੁਣ ਭਗਤ ਸਿੱਧ ਕਰਦੇ ਹਨ। ਉਹ ਲਿਖਦੇ ਹਨ ਕਿ " ਕਬੀਰ ਦਾ ਸਮਕਾਲੀਨ ਹੋਣ ਅਤੇ ਨਿਰਗੁਣੀ ਸੰਤ ਕਵੀਆਂ ਵਿਚ ਗਿਣੇ ਜਾਣ ਕਾਰਨ, ਗੁਰੂ ਰਵਿਦਾਸ ਜੀ ਵੀ ਕਬੀਰ ਦੀ ਤਰ੍ਹਾਂ ਨਿਰਗੁਣੀ ਸੰਤ ਨਹੀਂ ਸਨ, ਸਗੋਂ ਬ੍ਰਹਮ ਦੇ ਸਗੁਣ ਨਿਰਗੁਣ ਰੂਪ ਵਿਚ ਉਹ ਸਮਾਨ ਭਾਵਨਾ ਰਖਦੇ ਸਨ। ਮਹਾਂਭਾਰਤ ਅਤੇ ਸ੍ਰੀਮਦ ਭਗਵਤ ਵਿਚ "ਵਰਣਿਤ ਬ੍ਰਹਮ ਦੇ ਦੋਨਾਂ ਰੂਪਾਂ ਦਾ ਸਮਾਨ ਰੂਪ ਵਿਚ ਇਨ੍ਹਾਂ ਨੇ ਆਪਣੀ ਬਾਣੀ ਵਿਚ ਵਰਨਣ ਕੀਤਾ ਹੈ ।"[129]

ਪਰ ਵਾਸਤਵ ਵਿਚ ਅਜਿਹਾ ਨਹੀਂ ਹੈ ਇਹ ਤਾਂ ਗੁਰੂ ਰਵਿਦਾਸ ਜੀ ਨੇ ਅਵਿਅਕਤ ਨਿਰਗੁਣ ਬ੍ਰਹਮ ਦੇ ਗੁਣਾਂ ਦਾ ਵਰਨਣ ਕੀਤਾ ਹੈ । ਗੁਰੂ ਜੀ ਨੇ ਸਗੁਣ ਬ੍ਰਹਮ ਨੂੰ ਵੀ ਉਹੀ ਸਥਾਨ ਦਿੱਤਾ ਹੈ। ਜੋ ਨਿਰਗੁਣ ਨੂੰ। ਉਨ੍ਹਾਂ ਅਨੁਸਾਰ ਸਗੁਣ ਬ੍ਰਹਮ ਵੀ ਉਨਾਂ ਹੀ ਸੰਪੂਰਨ ਹੈ ਜਿੰਨਾ ਨਿਰਗੁਣ :-

1. ਲਜਯਾ ਮੋਰਿ ਰਾਖੋ ਸਿਯਮ ਹਰਿ ॥  
ਹਰਿ ਹਰਿ ਤ੍ਰਿਪਾ ਦ੍ਰੋਪਤਿ ਉਚਰੈ, ਬਿਲਮੁ ਨ ਕਰੌ ਹਰਿ ॥ਟੇਕ॥  
ਪਾਪੀ ਸਭਾ ਦੁਸਟ ਦੁਰਜੋਧਨ, ਚਾਹਤ ਨਗਨ ਕਰਿ ॥੧॥  
ਨਾ ਸੁਤ ਭ੍ਰਾਤਿ ਨ ਮੀਤ ਕੁਟੰਬਹਿ, ਏਕੋ ਓਟ ਤੁਮਰਿ ॥[130]

2. ਬਸਨ ਪ੍ਰਵਾਹਿਤ ਕਿਓ ਕਰੁਣਾ ਨਿਧਿ ਤਬਹਿੱ ਧੀਰ ਧਰਿ ॥  
ਨੀਚਹੁ ਊਚ ਕਰੈ ਮੇਰਾ ਗੋਬਿੰਦ, ਕਹੂ ਤੇ ਨਾ ਡਰੈ ॥੧॥  
ਨਾਮਦੇਵ ਕਬੀਰੁ ਤ੍ਰਿਲੋਚਨੁ ਸਧਨਾ ਸੈਨੁ ਤਰੈ ॥  
ਕਹਿ ਰਵਿਦਾਸ ਸੁਨਹੁ ਰੇ ਸੰਤਹੁ ਹਰਿ ਜੀਉ ਤੇਂ ਸਭ ਸਰੈ ॥[131]॥2॥

2. ਵਿਰਾਟ-ਰੂਪ ਬ੍ਰਹਮ:- ਗੁਰੂ ਰਵਿਦਾਸ ਜੀ ਨੇ ਬ੍ਰਹਮ ਦੇ ਵਿਰਾਟ ਸਰੂਪ ਦਾ ਨਿਰੂਪਣ ਕੀਤਾ ਹੈ । ਉਨ੍ਹਾਂ ਅਨੁਸਾਰ ਇਕ ਪ੍ਰਭੂ ਅਨੇਕ ਰੂਪਾਂ ਵਿਚ ਘਟਿ ਘਟਿ ਵਿਚ ਵਿਆਪਕ ਹੈ।[132] ਚਾਰੋਂ ਦਿਸ਼ਾਵਾਂ ਵਿਚ ਇਸ ਦਾ ਦਰਸ਼ਨ ਰੂਪ ਨਜ਼ਰ ਆਉਂਦਾ ਹੈ।[133] ਉਸਦਾ ਸ੍ਰਿਸ਼ਟੀ ਅਕਾਸ਼ ਅਤੇ ਪਤਾਲ ਵਿਚ ਪਸਾਰਾ ਹੈ। ਸ੍ਰਿਸ਼ਟੀ ਉਸਦੀ ਸੂਖਮਤਾ ਅਤੇ ਨਿਰਗੁਣਤਾ ਦਾ ਵਿਆਪਕ ਰੂਪ

ਹੈ।[134] ਉਸਦਾ ਸੀਸ ਆਕਾਸ਼ ਵਿਚ ਅਤੇ ਚਰਨਾਰਬਿੰਦ ਪਾਤਾਲ ਤਕ ਹਨ। ਉਸ ਮਹੇਸ਼ ਦਾ ਵਿਕਟ ਭੇਸ ਹੈ ਉਸਦੇ ਤਿੰਨ ਨੈਣ ਅੰਮ੍ਰਿਤਧਾਰੀ ਹਨ ਅਤੇ ਸੀਸ ਗੰਗਾਧਾਰੀ ਹੈ:

1. ਚਰਨ ਪਤਾਲ ਸੀਸ ਅਸਮਾਨਾ ॥
ਸੋ ਠਾਕੁਰ ਕੈਸੇ ਸੰਪੁਟਿ ਸਮਾਨਾ ॥[135]

2. ਜਟਾ ਸੀਸ ਖਰੌ ਈਸ, ਸੰਗਿ ਗਬਰ ਬਾਲਾ ॥
..... ..... .....
ਤੀਨ ਨੈਨ ਅੰਮ੍ਰਿਤ ਬੈਨ, ਸੀਸ ਗੰਗ ਧਾਰੀ ॥
..... ..... .....
ਐਸੇ ਮਹੇਸ ਵਿਕਟਿ ਭੇਸ, ਅਜਹੂੰ ਚਰਨ ਆਸਾ ॥
ਹੌਂ ਤੋਹਿ ਕਿਮ ਛਾਂਡੂ, ਪਭੂ ਗਾਵੈ ਰਵਿਦਾਸ ॥2 ॥[136]

ਗੁਰੂ ਰਵਿਦਾਸ ਜੀ ਨੇ ਉਪਰੋਕਤ ਵਰਣਨ ਵਿਚ ਵੇਦਾਂਤਿਕ ਪਰੰਪਰਾ ਦਾ ਅਨੁਕਰਣ ਕੀਤਾ ਹੈ। ਰਿਗਵੇਦ ਦੇ ਪੁਰਸ਼-ਸੂਕਤ ਵਿਚ ਉਪਨਿਸ਼ਦਾਂ[137] ਅਤੇ ਗੀਤਾ[138] ਵਿਚ ਵੀ ਅਜਿਹਾ ਚਿਤਰਣ ਮਿਲਦਾ ਹੈ। ਗੀਤਾ ਅਨੁਸਾਰ " ਤੇਜ ਦੇ ਪੁੰਜ, ਸਭ ਤਰਫ਼ ਤੋਂ ਦੀਪਮਾਨ ਸੂਰਜ ਵਰਗੀ ਪ੍ਰਭਾਵ ਵਾਲੇ ਅਤੇ ਅਪ੍ਰਮੇਯ ਸਰੂਪ ਆਪ ਨੂੰ ਮੈਂ ਮੁਕਟ, ਗਦਾ ਅਤੇ ਚੱਕਰ ਧਾਰੇ ਹੋਏ ਦੇਖਦਾ ਸੀ। ਗੁਰੂ ਰਵਿਦਾਸ ਜੀ ਦਾ ਬ੍ਰਹਮ ਨਿਰੂਪਣ, ਗੀਤਾ ਵਿਚ ਵਰਣਿਤ ਬ੍ਰਹਮ ਨਾਲ ਕਾਫ਼ੀ ਸਮਾਨਤਾ ਰਖਦਾ ਹੈ:-

ਹਰਿਅੰਜਨ ਨਿਰੰਜਨ ਬਿਮਲ ਅਪ੍ਰਮੇਵ ॥[139]

<u>ਅੰਤਰਜਾਮੀ ਬ੍ਰਹਮ:-</u> ਗੁਰੂ ਰਵਿਦਾਸ ਜੀ ਨੇ ਬ੍ਰਹਮ ਦੀ ਵਿਰਾਟਤਾ ਨੂੰ ਪ੍ਰਗਟ ਕਰਨ ਲਈ ਸਗੁਣਤਾ-ਸੂਚਕ ਵਿਸ਼ੇਸ਼ਣਾਂ ਦਾ ਪ੍ਰਯੋਗ ਕੀਤਾ ਹੈ। ਜਿਵੇਂ ਸਰਵਵਿਆਪਕ ਜੋਤਿ -ਸਰੂਪ ਸਰਵ-ਸ਼ਕਤੀਮਾਨ, ਅੰਤਰਜਾਮੀ ਆਦਿ:-

ਤੁਮਹੁ ਜੁ ਨਾਇਕ ਅੰਤਰਜਾਮੀ, ਠਾਕੁਰ ਥੈਂ ਜਨ ਜਾਣੀਜੈ ਜਨ ਥੈ ਸਵਾਮੀ ॥[140]

<u>ਸਰਵਵਿਆਪੀ ਬ੍ਰਹਮ:-</u> ਸ਼ਵੇਤਾਸ਼ਵਤਰ ਉਪਨਿਸ਼ਦ ਵਿਚ ਵਰਣਨ ਆਉਂਦਾ ਹੈ ਕਿ ਉਹ ਬ੍ਰਹਮ ਸਰਵਵਿਆਪੀ ਹੈ। ਜਗਤ ਦਾ ਕਰਤਾ ਧਰਤਾ ਸਭ ਜੀਵਾਂ ਦੇ ਹਿਰਦੇ ਵਿਚ ਸਥਿਤ ਹੈ।[141] ਗੁਰੂ ਰਵਿਦਾਸ ਬਾਣੀ ਵਿਚ ਸਰਵਵਿਆਪੀ ਬ੍ਰਹਮ ਸੰਬੰਧੀ ਬਹੁਤ ਥਾਵਾਂ ਤੇ ਵਰਣਨ ਆਉਂਦਾ ਹੈ:-

1. ਤੁਮਹੁ ਬਹਿਨ ਮੰਹ ਤੁਮਹ ਸਬ ਮਾਂਹਿ ॥[142]

2. ਸਬ ਮੇ ਹਰਿ ਹੈ ਹਰਿ ਮੈਂ ਸਬ ਹੈ ॥[143]

3. ਪੂਰਨ ਬ੍ਰਹਮ ਬਸੈ ਸਬ ਠਾਈਂ ॥[144]

3. ਕਰਤਾ-ਪੁਰਖ ਰੂਪ:- ਗੁਰੂ ਰਵਿਦਾਸ ਜੀ ਨੇ ਇਸ ਸ਼ਬਦ ਦਾ ਪ੍ਰਯੋਗ ਪਰਮਸੱਤਾ ਦੇ ਵਾਚਕ ਰੂਪ ਲਈ ਕੀਤਾ ਹੈ। ਗੁਰੂ ਜੀ ਨੇ ਬ੍ਰਹਮ ਨੂੰ ਸਤਿਰਾਮ ਵੀ ਕਿਹਾ ਹੈ।

ਪਰਮ ਤਤ ਦੀ ਪੁਰਸ਼-ਰੂਪ ਵਿਚ ਸਭ ਤੋਂ ਪਹਿਲਾਂ ਕਲਪਨਾ ਰਿਗਵੇਦ ਦੇ ਪੁਰਸ਼ ਸੂਕਤ ਵਿਚ ਹੋਈ ਹੈ, ਜਿਥੇ ਸੰਪੂਰਣ ਜਗਤ ਨੂੰ ਇਕ ਪੁਰਖ ਦੇ ਰੂਪ ਵਿਚ ਰੂਪਮਾਨ ਕੀਤਾ ਗਿਆ ਹੈ। ਰਿਗਵੇਦ ਅਨੁਸਾਰ ਉਹ ਪਰਮਤਤ ਅਮਰ-ਸੁਆਮੀ ਪਾਲਕ, ਸਰਵ ਵਿਆਪਕ ਹੈ।[145] ਮੁੰਡਕ ਉਪਨਿਸ਼ਦ ਵਿਚ ਬ੍ਰਹਮ ਨੂੰ ਕਰਤਾਪੁਰਖ ਕਿਹਾ ਗਿਆ ਹੈ।[146]

ਗੁਰੂ ਰਵਿਦਾਸ ਜੀ ਅਨੁਸਾਰ ਇਸ ਸ੍ਰਿਸ਼ਟੀ ਦਾ ਰਚਨਹਾਰ ਇਕ ਹੈ। ਉਸਦਾ ਹੀ ਇਸ ਜਗਤ ਦੇ ਅਨੇਕਾਂ ਜੀਵਾਂ ਵਿਚ ਵਿਸਥਾਰ ਹੈ। ਉਹ ਹੀ ਸ੍ਰਿਸ਼ਟੀ ਦਾ ਕਰਤਾ, ਪਾਲਕ ਅਤੇ ਸੰਚਾਲਕ ਹੈ :-

ਕੇਵਲ ਕਰਤਾ ਏਕ ਸਹੀ ਕਰ, ਸਤਿਰਾਮ ਤਹਿ ਠਾਈ॥[147]

ਉਹ ਜਿਥੇ ਸ੍ਰਿਸ਼ਟੀ ਦੀ ਸਿਰਜਨਾ ਕਰਦਾ ਹੈ, ਉਹ ਉਸਨੂੰ ਨਸ਼ਟ ਕਰ ਆਪਣੇ ਵਿਚ ਸਮਾ ਲੈਂਦਾ ਹੈ। ਉਸ ਤੋਂ ਬਿਨਾਂ ਸੰਸਾਰ ਵਿਚ ਕੋਈ ਦੂਜੀ ਸ਼ਕਤੀ ਨਹੀਂ। ਉਹ ਕਰਤਾ ਹੀ ਸ੍ਰਿਸ਼ਟੀ ਦੇ ਆਦਿ ਮਧ, ਤੇ ਅੰਤ ਵਿਚ ਵਿਦਮਾਨ ਰਹਿੰਦਾ ਹੈ:

ਆਦਿਹੂ ਏਕ ਅੰਤ ਫੁਨਿ ਸੋਈ, ਮਧਯ ਉਪਾਧਿ ਜੁ ਕੈਸੇ ॥
ਹੈ ਯਹ ਏਕ, ਪੈ ਭ੍ਰਮ ਤੈ ਦੂਜੋ, ਕਨਕ ਅਲੰਕ੍ਰਤ ਜੈਸੇ ॥[148]

4. ਸੁਲਤਾਨਾਂ-ਸੁਲਤਾਨ ਰੂਪ ਬ੍ਰਹਮ:- ਗੁਰੂ ਰਵਿਦਾਸ ਜੀ ਨੇ ਕਈ ਥਾਵਾਂ ਤੇ ਪਰਮਤਤ ਸੰਬੰਧੀ ਸੁਲਤਾਨਾਂ ਦਾ ਸੁਲਤਾਨ, ਖੜ ਰਾਜਾ, ਰਾਮ ਰਾਜਾ, ਬਾਦਸ਼ਾਹ ਆਦਿ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ। ਪਰਮਸਤਾ ਸੰਬੰਧੀ ਸੁਲਤਾਨ ਦੀ ਕਲਪਨਾ ਇਸਲਾਮ ਧਰਮ ਦੀ ਦੇਣ ਹੈ। ਡਾ. ਬੜਥਵਾਲ ਦੇ ਅਨੁਸਾਰ ਇਸਲਾਮ ਦੀ ਅਲਾਹ ਭਾਵਨਾ ਵਿਚ ਅਲਾਹ ਇਕ ਅਧਿਪਤੀ ਸ਼ਾਹਾਂ ਦਾ ਸ਼ਾਹ ਹੈ ਜਿਸ ਦੇ ਉਪਰ ਕੋਈ ਸ਼ਾਸ਼ਨ ਕਰਤਾ ਨਹੀਂ, ਜਿਸਦੀ ਸ਼ਕਤੀ ਅਨੰਤ ਅਤੇ ਅਪਰਿਮਿਤ ਹੈ।[149] ਗੁਰੂ ਰਵਿਦਾਸ ਜੀ ਦਾ ਬ੍ਰਹਮ ਸਮਸਤ ਸਲਤਨਤ ਦਾ ਸ਼ਾਸਨ ਕਰਨ ਵਾਲਾ ਸੁਲਤਾਨਾਂ ਦਾ ਵੀ ਸੁਲਤਾਨ ਹੈ, ਉਹ ਸ਼ਰਨ ਆਇਆਂ ਦੀ ਆਬਰੂ ਰਖਣ ਵਾਲਾ, ਗਰੀਬਾਂ ਨੂੰ ਨਿਵਾਜਣ ਵਾਲਾ, ਮਸਕੀਨ ਦੇ ਮਾਥੈ ਛਤ੍ਰ ਧਰਨ ਵਾਲਾ ਹੈ :

1. ਯਾ ਰਾਮਾਂ ਏਕ ਤੂੰ ਦਾਨਾ, ਤੇਰਾ ਆਦਿ ਭੇਖ ਨਾਂ ॥

ਤੂੰ ਸੁਲਿਤਾਨ ਸੁਲਿਤਾਨਾਂ, ਬੰਦਾ ਸਕਿਸਤਾ ਅਜਾਨਾ ॥ਟੇਕ ॥[150]

2. ਕਹੈ ਰੈਦਾਸ ਸੁਮਿਤੌ ਬਡ ਰਾਜਾ ॥
ਕਾਟਿ ਦੀਏ ਜਨ ਸਾਹਿਬ ਲਾਜਾ ॥[151]

3. ਗਰੀਬ ਨਿਵਾਜੁ ਗੁਸਾਈਆਂ ਮੇਰਾ
ਮਾਥੈ ਛਤ੍ਰ ਧਰੈ ॥[152]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਰਵਿਦਾਸ ਜੀ ਦੇ ਸੁਲਤਾਨਾਂ ਦਾ ਸੁਲਤਾਨ ਰੂਪ ਬ੍ਰਹਮ ਨਿਰੂਪਣ ਤੇ ਇਸਲਾਮ ਦੀ ਵਿਚਾਰਧਾਰਾ ਅਤੇ ਸ਼ੈਲੀ ਦਾ ਪ੍ਰਭਾਵ ਪ੍ਰਤੱਖ ਦ੍ਰਿਸ਼ਟੀ ਗੋਚਰ ਹੈ। ਪਰੰਤੂ 'ਬਡ ਰਾਜਾ' ਵਾਲੇ ਪਦ ਤੋਂ ਉਨ੍ਹਾਂ ਦੀ ਮੌਲਿਕਤਾ ਦੇ ਦਰਸ਼ਨ ਵੀ ਹੁੰਦੇ ਹਨ।

5. ਲੇਖਾ ਮੰਗਣ ਵਾਲਾ ਬ੍ਰਹਮ:- ਗੁਰੂ ਰਵਿਦਾਸ ਜੀ ਦਾ ਸਾਹਿਬ ਮਨੁੱਖ ਤੋਂ ਉਸਦੇ ਕਰਮਾਂ ਅਨੁਸਾਰ ਲੇਖਾ ਮੰਗਣ ਵਾਲਾ ਹੈ। ਉਨ੍ਹਾਂ ਅਨੁਸਾਰ ਮਨੁੱਖ ਨੂੰ ਲੇਖਾ ਜ਼ਰੂਰ ਦੇਣਾ ਪੈਂਦਾ ਹੈ ਕਿਉਂਕਿ ਬੇਹਸਾਬੀ ਹਾਲ ਉਸ ਸੱਚੇ ਦਰਬਾਰ ਵਿਚ ਨਹੀਂ ਚਲਦੀ। ਮਨੁੱਖ ਨੂੰ ਆਪਣੇ ਬੀਜੇ ਅਨੁਸਾਰ ਵਢਣਾ ਪੈਂਦਾ ਹੈ :

ਸਾਹਿਬ ਤੋਂ ਪੇ ਲੇਖਾ ਲੇਸੀ ॥
ਤੋਹ ਪਹਰਾ ਭਰਿ ਭਰਿ ਦੇਸੀ ॥[153]

ਵੈਦਿਕ ਦਰਸ਼ਨ ਤੋਂ ਕਰਮ ਦੇ ਸਿਧਾਂਤ ਦੀ ਮਹੱਤਾ ਚਲੀ ਆਉਂਦੀ ਹੈ। ਪਰਮਾਤਮਾ ਦੇ ਦੁਆਰਾ ਕਰਮਾਂ ਦਾ ਵਿਵਰਣ ਲਿਖਣ ਲਈ ਹਿੰਦੂਮਤ ਦੇ ਅਨੁਸਾਰ ਚਿਤਰ-ਗੁਪਤ ਦੀ ਨਿਯੁਕਤੀ ਹੋਈ ਦਸੀ ਜਾਂਦੀ ਹੈ। ਗੀਤਾ ਵਿਚ ਵੀ ਭਗਵਾਨ ਕ੍ਰਿਸ਼ਨ ਨੇ ਨਿਸ਼ਕਾਮ ਕਰਮ ਕਰਨ ਦਾ ਸੰਦੇਸ਼ ਦਿੱਤਾ ਹੈ ਅਤੇ ਦਸਿਆ ਹੈ ਕਿ ਮਨੁੱਖ ਨੂੰ ਆਪਣੇ ਕੀਤੇ ਕਰਮਾਂ ਸਦਕਾ ਹੀ ਫਲ ਦੀ ਪ੍ਰਾਪਤੀ ਹੁੰਦੀ ਹੈ। ਇਸ ਲਈ ਗੁਰੂ ਰਵਿਦਾਸ ਜੀ ਕਰਮ ਅਕਰਮ ਵਿਚਾਰਨ ਦਾ ਸੰਦੇਸ਼ ਦਿੰਦੇ ਹਨ। ਉਨ੍ਹਾਂ ਅਨੁਸਾਰ ਪ੍ਰਭੂ ਨੇ ਮਨੁੱਖ ਦੇ ਅੰਦਰ ਪਾਪ-ਪੁੰਨ ਵਿਚਾਰਣ ਲਈ ਵਿਵੇਕ ਦੀ ਜੋਤਿ ਜਗਾਈ ਹੋਈ ਹੈ।

ਕਿਰਪਾ-ਨਿਧੀ ਬ੍ਰਹਮ:- ਗੁਰੂ ਰਵਿਦਾਸ ਜੀ ਦਾ ਬ੍ਰਹਮ ਕਿਰਪਾ ਦਾ ਭੰਡਾਰ ਹੈ। ਖਜ਼ਾਨਾ ਅਤੇ ਨਿਧੀ ਹੈ। ਜੋ ਉਸਦੀ ਸ਼ਰਨ ਵਿਚ ਜਾਂਦਾ ਹੈ, ਉਹ ਕਿਰਪਾਲੂ ਉਸ ਦੀ ਲਾਜ ਰਖਦਾ ਹੈ। ਮਿਹਰ ਦੀ ਵਰਖਾ ਕਰਦਾ ਹੈ। ਕਰੁਣਾਨਿਧੀ ਭਗਤਾਂ ਲਈ ਹੰਝੂ ਵਗਾਉਂਦਾ ਹੋਇਆ ਉਨ੍ਹਾਂ ਦਾ ਨੀਰ ਬੀਮਦਾ ਹੈ ਉਹ ਸ਼ਰਨਾਗਤੀਆਂ ਦੇ ਅਧਿਆਤਮਕ ਅਤੇ ਵਿਵਹਾਰਿਕ ਜੀਵਨ ਤੇ ਹਰ ਪਲ, ਹਰ ਛਿਨ ਬਖਸ਼ਿਸ਼ ਕਰਦਾ ਹੈ। ਜੋ ਉਸਦੇ ਚਰਨਾਂ ਵਿਚ ਆਤਮ ਨਿਵੇਦਨ ਕਰਦਾ ਹੈ ਉਹ ਉਸਦੀ ਕ੍ਰਿਪਾ ਨਿਧੀ ਦੀ ਕਿਰਪਾ ਦਾ ਪਾਤਰ ਬਣ ਸਕਦਾ ਹੈ :-

1. ਤੇਰੀ ਚਰਨੀ ਸਰਨੀ ਪਰਭੁ ਰਾਮ ਰਾਜਾ ॥
ਬਡੋ ਉਪਾਰ ਕ੍ਰਿਪਾਲ ਕ੍ਰਿਪਾ ਨਿਧੀ ॥
ਸਗਲ ਸੰਸਾਰ ਕੇ ਕਰੇ ਕਾਜਾ ॥
.... ...... .....
ਕਹਿ ਰਵਿਦਾਸ ਬਿਸਵਾਸ ਮਨਿ ਏਹੀ ਹੈ
ਸਰਨਿ ਆਵੈ ਤੋਹਿ ਸੋਈ ਨਿਵਾਜਾ ॥[154]

2. ਕਹਿ ਰਵਿਦਾਸ ਭਜੌਰੇ ਕ੍ਰਿਪਾ ਨਿਧੀ ॥
ਪ੍ਰਾਨ ਗਏ ਪਛਿਤੇ ਹੌ ॥[155]

3. ਜਾਪੈ ਦੀਨਾਨਾਥ ਢਰੇ ॥
ਦੀਨ ਬੰਧੂ ਕਰੂਨਾਮੈ ਸਵਾਮੀ
ਔਗਨ ਚਿਤ ਨਾ ਧਰੇ ॥[156]

<u>ਮਣੀ ਰੂਪ ਬ੍ਰਹਮ:-</u> ਗੁਰੂ ਰਵਿਦਾਸ ਜੀ ਦੀ ਬਾਣੀ ਦੇ ਆਧਾਰ ਤੇ ਉਸ ਬ੍ਰਹਮ ਦੇ ਤਿੰਨ ਰੂਪ ਪਾਰਸ ਮਣਿ, ਸੁਧਾਮਣਿ ਅਤੇ ਚਿੰਤਾਮਣਿ ਸਾਹਮਣੇ ਆਉਂਦੇ ਹਨ। ਲੌਕਿਕ ਦ੍ਰਿਸ਼ਟੀ ਤੋਂ ਰਾਮ ਪਾਰਸਮਣਿ ਹੈ ਇਸ ਲਈ ਧਨ ਧਾਨ ਸੰਬੰਧੀ ਖੁਸ਼ਹਾਲੀ ਅਤੇ ਰਿਧੀਆਂ ਸਿਧੀਆਂ ਦੇ ਦਾਤਾ ਹਨ। ਆਲੌਕਿਕ ਦ੍ਰਿਸ਼ਟੀ ਤੋਂ ਪਾਰਸ-ਗੁਰੂ ਅਤੇ ਉਸ ਰਾਹੀਂ ਬ੍ਰਹਮ ਦੀ ਪ੍ਰਾਪਤ ਹੋ ਜਾਣ ਤੇ ਮਾਇਆ ਅਤੇ ਧਨ-ਪਦਾਰਥਾਂ ਦੀ ਭੁੱਖ ਨਹੀਂ ਰਹਿੰਦੀ:-

1. ਪਾਰਸਮਣਿ ਤਾਂਬਾ ਛੁਵੇ, ਕਨਕ ਹੋਤ ਨਹੀਂ ਵਾਰ ॥[157]
2. ਲੋਹ ਪਾਰਸਮਣਿ ਹਿਰਨ ਕਿਰਨ ਦਮਕਾਇ ॥
ਰਵਿਦਾਸ ਰਾਮ ਪਾਰਸਮਣਿ, ਉਹ ਦਰਸ ਮੰਹ ਬੌਰਾਇ ॥[158]

ਰਵਿਦਾਸ ਜੀ ਦਾ ਸੁਧਾਮਣਿ ਰੂਪ ਬ੍ਰਹਮ ਪਰਮਾਨੰਦ ਅਵਸਥਾ ਦਾ ਸੂਚਕ ਹੈ। ਉਹ ਆਪਣੇ ਭਗਤ ਨੂੰ ਅੰਮ੍ਰਿਤ, ਰਾਮ-ਰਸ, ਰਾਮ ਰਸਾਇਣ ਦੇ ਪਿਆਲੇ ਪਲ ਪਲ ਛਕਾ, ਆਨੰਦ ਵਿਭੋਰ ਕਰ ਨਾਮ-ਖੁਮਾਰੀ ਪ੍ਰਦਾਨ ਕਰਦਾ ਹੈ:-

1. ਪੀਆ ਰਾਮ ਰਸੁ ਪੀਯਾ ਰੇ
ਭਰਿ ਭਰਿ ਦੇਵੈ ਸੁਰਤਿ ਕਲਾਸੀ, ਦਰਯਾ ਦਰਯਾ ਪੀਨਾ ਰੇ ॥
ਖੀਵਤੁ ਪੀਵਤੁ ਆਪ ਜਗ ਭੂਲਾ, ਹਰਿ ਰਸ ਮਾਹਿੰ ਬੌਰਾਨਾ ਰੇ ॥
ਦਰ ਘਰਿ ਵਿਸਰਿ ਗਯੌ ਰਵਿਦਾਸਾ, ਉਨਮਨਿ ਸਦ ਮਤਵਾਰੀ ਰੇ
ਪਲ ਪਲ ਪ੍ਰੇਮ ਪਯਾਲਾ ਚਾਲੈ, ਛੂਟੈ ਨਾਹਿੰ ਖੁਮਾਰੀ ਰੇ ॥[159]

ਗੁਰੂ ਰਵਿਦਾਸ ਜੀ ਦਾ ਬ੍ਰਹਮ ਚਿੰਤਾਮਣਿ ਰੂਪ ਵੀ ਹੈ। ਡਾ. ਬੀ ਪੀ ਸ਼ਰਮਾ ਪ੍ਰਭੂ ਨੂੰ ਚਿੰਤਾਮਣਿ ਸਰੂਪ ਸੰਬੰਧੀ ਲਿਖਦੇ ਹਨ ਕਿ ਇਸ ਰੂਪ ਵਿਚ ਉਹ ਦਿਵ ਰੂਪ ਹੈ , ਪ੍ਰਕਾਸ਼ਮਾਨ ਹੈ। ਸਮਾਧੀ ਸਥਿਤੀ ਵਿਚ ਹੀ ਭਗਤ ਜਨ ਦੇ ਆਗਿਆ ਚੱਕਰ-ਬ੍ਰਹਮ ਰੰਧ੍ਰ ਵਿਚ ਉਸਦਾ ਦਿੱਵ ਰੂਪ ਚੱਕਰ ਆਕਾਰ ਵਿਚ ਘੁੰਮਦਾ ਰਹਿੰਦਾ ਹੈ ਅਤੇ ਯੋਗੀ ਰੰ ਰਾਮਾਇ ਕਮ ਦੇ ਅਜਪਾਜਾਪ ਵਿਚ ਮਹਾਨ ਰਹਿੰਦਾ ਹੈ ਇਸ ਯੋਗ ਸਥਿਤੀ ਦੇ ਤਿੰਨ ਚਰਣ ਹਨ - ਸੁਰਤੀ,ਨਿਰਤਿ, ਅਤੇ ਉਨਮਨਿ। ਪਹਿਲੀ ਸਥਿਤੀ ਵਿਚ ਸਾਧਕ ਨੂੰ ਆਪ ਣੇ ਆਪ ਦੀ ਸੁਧ ਬੁਧ ਰਹਿੰਦੀ ਹੈ। ਅਤੇ ਦੂਜੇ ਵਿਚ ਸਾਧਕ ਆਪਣੇ ਆਪ ਨੂੰ ਭੁਲ ਜਾਂਦਾ ਹੈ ਅਤੇ ਕੇਵਲ ਬ੍ਰਹਮ ਤੇ ਜੋਤਿ-ਸਰੂਪ ਦਾ ਅਭਾਸ ਹੁੰਦਾ ਹੈ। ਉਨਮਨਿ ਅਵਸਥਾ ਵਿਚ ਸਾਧਕ ਪਰਮਤਤ ਵਿਚ ਲੀਨ ਹੋ ਜਾਂਦਾ ਹੈ ਅਤੇ ਬ੍ਰਹਮ ਨਾਲ ਕੀਟ ਭ੍ਰਿੰਗੀ ਵਾਲੀ ਅਵਸਥਾ ਪ੍ਰਾਪਤ ਕਰ ਲੈਂਦਾ ਹੈ।[160]

ਗੁਰੂ ਰਵਿਦਾਸ ਦਾ ਬ੍ਰਹਮ ਇਸ ਰੂਪ ਵਿਚ ਚਿੰਤਾ ਦਾ ਕਾਰਣ ਹੀ ਨਹੀਂ। ਇਹ ਤਾਂ ਅਮੋਲਕ ਲਾਲ ਹੈ। ਇਹ ਜਿਸਨੂੰ ਪ੍ਰਾਪਤ ਹੁੰਦਾ ਹੈ ਉਸ ਦਾ ਪ੍ਰਭੂ ਦੇ ਦਿੱਵ ਰੂਪ ਦੇ ਦੀਦਾਰ ਸਦਕਾ ਆਂਤਰਿਕ ਹਨੇਰਾ ਉਜਾਲੇ ਵਿਚ ਪਰਿਵਰਤਿਤ ਹੋ ਜਾਂਦਾ ਹੈ। ਵਿਵਹਾਰਿਕ ਰੂਪ ਵਿਚ ਪ੍ਰਭੂ ਦਾ ਚਿੰਤਾਮਣਿ ਰੂਪ ਪਰਮ ਸੁੱਖਾਂ ਦਾ ਸਾਗਰ ਵੀ ਹੈ। ਜਿਸ ਨਾਲ ਭਗਤ ਦੀ ਤਲੀ ਤੇ ਚਾਰ ਪਦਾਰਥ, ਕਾਮਧੇਨ, ਕਲਪ ਬ੍ਰਿਛ, ਨੌਂ ਨਿਧੀਆਂ ਅਤੇ ਅਠਾਰਾਂ ਸਿੱਧੀਆਂ ਹੁੰਦੀਆਂ ਹਨ। ਇਸ ਤਰ੍ਹਾਂ ਇਸ ਰੂਪ ਵਿਚ ਗੁਰੂ ਰਵਿਦਾਸ ਜੀ ਦਾ ਬ੍ਰਹਮ ਸਭ ਇਛਾਵਾਂ ਸੰਪੂਰਣ ਅਤੇ ਪਰਿਪੂਰਣ ਕਰਨ ਵਾਲੀ ਮਣੀ ਹੈ :-

1. ਤੁਮ ਚਿਅੰਤਤ ਮੇਰੀ ਚਪੰਤਾ ਹੀ ਨਾ ਜਾਤੀ ॥
ਤੁਮ ਚਿਅੰਤਾਮਨਿ ਹੋਹਿ ਕਾ ਨਾਂਹੀ ॥[161]

2. ਚਿੰਤਾਮਣਿ ਲਾਲ ਹਾਥੈ ਜੈ ਚੜਿਓ ॥
ਹੁਵੈ ਉਜਾਸ ਤਿਮਿਰ ਨਹੀਂ ਰਹਨਾ ॥[162]

3. ਸੁਖ ਸਾਗਰੁ ਸੁਰਤਰ, ਚਿੰਤਾਮਣਿ ਕਾਮਧੇਨ ਬਸਿ ਜਾਕੈ ॥
ਚਾਰ ਪਦਾਰਥ ਅਸਟਾਦਸਾ ਸਿਧਿ,ਨਵਨਿਧੀ ਕਰਤਲ ਤਾਕੈ ॥[163]

<u>ਪ੍ਰਤੀਕ ਰੂਪ ਬ੍ਰਹਮ:-</u> ਗੁਰੂ ਰਵਿਦਾਸ ਜੀ ਨੂੰ ਸਗਲ ਸੰਸਾਰ ਵਿਚ ਪ੍ਰਭੂ ਵਰਗਾ ਕੋਈ ਨਜ਼ਰ ਨਹੀਂ ਆਉਂਦਾ ਜਿਸ ਨਾਲ ਉਪਮਾ ਦੇ ਕੇ ਉਹ ਪ੍ਰਭੂ ਦੀ ਸਿਫਤ ਸਲਾਹ ਕਰਨ ਪਰੰਤੂ ਫਿਰ ਵੀ ਭਗਤੀ ਭਾਵ ਨਾਲ ਓਤਪ੍ਰੋਤ ਉਹ ਸਵਾਂਤਬੂੰਦ, ਪੁਸ਼ਪ ਦੀ ਸੁਗੰਧੀ, ਪਾਰਸ, ਲੋਹਖੜੀ, ਬਾਜੀਗਰ, ਜਲ, ਚੰਦਨ, ਬੱਦਲ, ਬੋਤੀ, ਦੀਪਕ ਆਦਿ ਉਪਮਾਵਾਂ ਦਾ ਪ੍ਰਯੋਗ ਕਰਕੇ ਉਸ ਨਾਲ ਆਪਣਾ ਘਨਿਸ਼ਠ ਰਿਸ਼ਤਾ ਵਿਅਕਤ ਕਰਦੇ ਹਨ

ਬ੍ਰਹਮ ਸਵਾਂਤ-ਬੂੰਦ ਹੈ ਜਿਸਦੀ ਪ੍ਰਾਪਤੀ ਲਈ ਸਾਧਕ ਚਾਤ੍ਰਿਕ ਦੀ ਨਿਆਈਂ ਤੜਫਦਾ ਹੈ। ਜਿਵੇਂ ਚਾਤ੍ਰਿਕ ਮੂੰਹ ਅੱਡ ਕੇ ਚੌਦਵੇਂ ਨਛੱਤਰ ਵਿਚੋਂ ਡਿਗਣ ਵਾਲੀ ਅੰਮ੍ਰਿਤ-ਮਈ ਬੂੰਦ ਦੀ ਉਡੀਕ ਕਰਦਾ ਹੈ ਤਿਵੇਂ ਹੀ ਸਾਧਕ ਪ੍ਰਭੂ ਪ੍ਰੇਮ ਰੱਤਾ ਅੰਮ੍ਰਿਤ ਰਸ ਦੇ ਪ੍ਰਾਪਤੀ ਲਈ ਬਿਹਬਲ ਹੁੰਦਾ ਹੈ:

ਸਾਇਰ ਸਲਿਲ ਸਹੋਦਿਕਾ, ਜਲ ਥਲ ਅਧਿਕਾਈ ॥
ਸਵਾਂਤਿ ਬੂਦ ਕੀ ਆਸ ਹੈ ਪਿਓ ਪਿਆਸ ਨ ਜਾਈ ॥[164]

<u>ਬ੍ਰਹਮ ਬਾਜੀਗਰ ਪ੍ਰਤੀਕ ਰੂਪ ਵਿਚ:-</u>

ਬਾਜੀਗਰ ਕੀ ਬਾਜੀ ਕਾਰਨਿ, ਸਭ ਕੋ ਕੌਤਿਗ ਆਵੈ ॥[165]

<u>ਲੋਨਖਰੀ ਪ੍ਰਤੀਕ ਰੂਪ ਬ੍ਰਹਮ:-</u> ਤਾੜਨ ਛੇਦਨ ਤ੍ਰਾਪਨ ਖੇ ਦਨ, ਬਹੁ ਬਿਧਿ ਕਰ ਲੈਹਿ ਉਪਾਇ ॥
ਲੋਨਖਰੀ ਸੰਜੋਗ ਬਿਨ ਜੈਸੇ, ਕਨਕ ਕਲੰਕ ਨ ਜਾਈ ਹੇ ਹੋਰਿ ॥ [166]

ਪ੍ਰਭੂ ਜੀ ਤੁਮ ਚੰਦਨ ਹਮ ਪਾਨੀ
ਜਾਕੀ ਬਾਸ ਅੰਗ ਸੰਗ ਸਮਾਨੀ ॥
ਪ੍ਰਭੂ ਜੀ ਤੁਮ ਘਨ ਬਨ ਹਮ ਮੋਰਾ
ਜੈਸੇ ਚਿਤਵਤ ਚੰਦ ਚਕੋਰਾ
ਪ੍ਰਭੂ ਜੀ ਤੁਮ ਦੀਪਕ ਹਮ ਬਾਤੀ
ਜਾਕੀ ਜੋਤਿ ਜਰੈ ਦਿਨ ਰਾਤੀ ॥
ਪ੍ਰਭੂ ਜੀ ਤੁਮ ਮੋਤੀ ਹਮ ਧਾਗਾ, ਜੈਸੇ ਸੋਨਹਿੰ ਮਿਲਤ ਸੋਹਾਗਾ ॥
ਪ੍ਰਭੂ ਜੀ ਤੁਮ ਸਵਾਮੀ ਹਮ ਦਾਸਾ, ਐਸੀ ਭਗਤਿ ਕਰੈ ਰਵਿਦਾਸ ॥[167]

ਅਸੀਂ ਵੇ ਖਦੇ ਹਾਂ ਕਿ ਗੁਰੂ ਰਵਿਦਾਸ ਜੀ ਤੇ ਪੂਰਵਕਾਲੀਨ ਸਾਹਿਤ ਦਾ ਪ੍ਰਭਾਵ ਪਿਆ ਪਰੰਤੂ ਉਨ੍ਹਾਂ ਦੇ ਬ੍ਰਹਮ ਸੰਬੰਧੀ ਗਹਿਰ ਗੰਭੀਰ ਵਿਚਾਰਾਂ ਦੀ ਆਪਣੀ ਮੌਲਿਕਤਾ ਅਤੇ ਸਪਸ਼ਟਤਾ ਸਪਸ਼ਟ ਦ੍ਰਿਸ਼ਟੀਗਤ ਹੁੰਦੀ ਹੈ। ਉਨ੍ਹਾਂ ਨੇ ਬੇਅੰਤ ਗੁਣਾਂ ਨੂੰ ਇਕ ਪਾਲ ਵਿਚ ਖੜਾ ਕਰ ਦਿਤਾ ਅਤੇ ਅਕਥਨੀਯ ਦਾ ਕਥਨ ਕੀਤਾ। ਇਹ ਹੀ ਉਨ੍ਹਾਂ ਦੀ ਵਿਸ਼ੇਸ਼ਤਾ ਹੈ। ਉਨ੍ਹਾਂ ਨੇ ਬ੍ਰਹਮ ਦੀ ਵਡਿਆਈ ਨੂੰ ਬਾਣੀ ਵਿਚ ਸੁਬਦ ਬੰਦ ਕੀਤਾ। ਉਨ੍ਹਾਂ ਦਾ ਪਰਮ ਰੂਪ ਪਰਮ ਤੱਤ ਸਰੂਪ ਨੂੰ ਨਿਖਾਰਨ ਵਿਚ ਸਮਰਥ ਹੋਇਆ। ਇਹ ਹੀ ਇਨ੍ਹਾਂ ਦੀ ਵਿੱਲਖਣਤਾ ਹੈ। ਇਸ ਲਈ ਹੀ ਤਾਂ ਸ੍ਰੀ ਕਬੀਰ ਜੀ ਵਰਗੇ ਮਹਾਨ ਸੰਤ ਨੇ ਗੁਰੂ ਰਵਿਦਾਸ ਨੂੰ ਸਾਧਨਾ ਮੇਂ ਰਵਿਦਾਸ ਸੰਤ ਕਿਹਾ। ਇਹ ਪਦਵੀ ਉਨ੍ਹਾਂ ਨੂੰ ਪਰਮਜੋਤਿ ਦੀ ਖੋਜ-ਸਦਕਾ ਪ੍ਰਾਪਤ ਹੋਈ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਰਵਿਦਾਸ ਜੀ ਦਾ ਬ੍ਰਹਮ ਨਿਰਗੁਣ, ਸਗੁਣ, ਸਗੁਣ-ਨਿਰਗੁਣ, ਏਕ ਹੈ ਅਨੇਕ, ਸਤਿਰਾਮ, ਅਛਤ, ਅਤਰਕ, ਨਿਰੰਜਨ, ਅੰਜਨ,

ਅਪ੍ਰਮੇਵ, ਨਿਰਵਿਕਾਰ, ਓਂਕਾਰ, ਓਅੰਕਾਰ, ਅਨਾਦਿ, ਅਜਰ, ਅਮਰ, ਅਤਿ ਆਨੰਦਾ, ਜੋਤਿ-ਸਰੂਪ ਸਰਬ ਵਿਆਪੀ, ਅਨਹਦ ਦਾਤਾ, ਅਨੰਤ, ਅਗਮ, ਅਗੋਚਰ, ਦ੍ਰਿਸ਼ਟ, ਅਦ੍ਰਿਸ਼ਟ, ਸਰਬੇਸ਼ਵਰ, ਸਰਵੱਗ ਸਰਬਾਂਗੀ, ਸਰਬਗਤਿ, ਸਿਰਜਨਹਾਰ, ਕਰਤਾਪੁਰਖ, ਪਾਲਕ, ਸੰਚਾਲਕ ਹਰਤਾ ਰੋਧ, ਗਿਆਤਾ, ਅੰਤਰਜਾਮੀ, ਅਲਖ, ਬਿਮਲ ਬਿਬੇਕ, ਏਕਮੇਕ, ਅਪਾਰ, ਨਿਹਚਲ, ਅਨੂਪਮ, ਨਿਰਭੈ, ਸਦਾ ਅਤੀਤ, ਅਬਿਨਾਸ਼ੀ ਸਹਿਜ ਸੁੰਨ, ਸ਼ੁੱਧ ਰੂਪ, ਵਿਰਾਟ ਸਰੂਪ, ਅਨਿਰਵਚਨੀਯ ਆਦਿ ਹੈ। ਗੱਲ ਕੀ ਉਹ ਕਿਰਪਾਨਿਧੀ, ਕਰੁਣਾ ਨਿਧੀ, ਪਾਰਸਮਣਿ, ਸੁਧਾ ਮਣਿ, ਚਿੰਤਾਮਣਿ, ਸੁਖ ਸਾਗਰ, ਸਵਾਂਤ-ਬੂੰਦ ਰੂਪ, ਰਾਮ-ਰਸਾਇਣ, ਕਲਪਬ੍ਰਿਛ, ਕਾਮਧੇਨ ਨੌ ਨਿਧੀਆਂ, ਅਠਾਰਾਂ ਸਿਧੀਆਂ ਹੀ ਨਹੀਂ ਸਗੋਂ ਜੀਵਨ ਮੁਕਤੀ ਨਿਧੀ ਦਾਸੀ ਹੈ ਪਰਮ ਨਿਧੀ ਹੈ।[169] ਸੰਤ ਜਨਾਂ ਦੇ ਬ੍ਰਹਮ ਦੇ ਸਰੂਪ ਦੀ ਨੀਂਹ ਵਿਸ਼ਵਾਸ ਤੇ ਖੜੀ ਹੈ। ਇਸ ਦਾ ਉਪਰੋਕਤ ਸਰੂਪ ਕੇਵਲ ਸ਼ਰਧਾ ਦੇ ਦ੍ਰਿਸ਼ਟੀਕੋਣ ਤੋਂ ਵੇਖਿਆ ਹੀ ਅਨੁਭਵ ਕੀਤਾ ਜਾ ਸਕਦਾ ਹੈ। ਉਸ ਤੇ ਸ਼ਰਧਾ ਵਿਸ਼ਵਾਸ ਰਖਣ ਵਾਲਿਆਂ ਨੂੰ ਉਹ ਨਿਵਾਜਦਾ ਹੈ। ਉਨ੍ਹਾਂ ਲਈ ਉਹ ਹਰ ਕਾਰਜ ਦਾ ਕਾਰਨਹਾਰ ਹੈ। ਉਨ੍ਹਾਂ ਲਈ ਉਹ ਹੱਥ ਤੋਂ ਵੀ ਨੇੜੇ ਹੈ। ਉਨ੍ਹਾਂ ਦੇ ਮਨਮੰਦਰ ਵਿਚ ਵਸਦਾ ਹੈ।

***

## ਜੀਵ -ਆਤਮਾ ਦਾ ਸਰੂਪ

ਜੀਵ ਦੀ ਹੋਂਦ ਆਤਮਾ ਸ਼ਕਤੀ ਕਾਰਨ ਹੈ। ਵੈਦਿਕ ਕਾਲ ਤੋਂ ਆਤਮਾ ਸੰਬੰਧੀ ਪ੍ਰਸ਼ਨਾਂ ਨੂੰ ਸਮਝਣ ਲਈ ਪ੍ਰਯਤਨ ਹੁੰਦੇ ਰਹੇ ਹਨ। ਇਸ ਤਰ੍ਹਾਂ ਜੀਵ, ਆਤਮ-ਗਿਆਨ ਦੀ ਇਸ ਇੱਛਾ ਦੇ ਫਲਸਰੂਪ ਕਈ ਮਾਨਤਾਵਾਂ ਸਥਾਪਤ ਹੁੰਦੀਆਂ ਰਹੀਆਂ ਹਨ, ਇਨ੍ਹਾਂ ਦੀ ਦੀਰਘ ਪਰੰਪਰਾ ਹੈ।

ਆਤਮਾ ਅਤੇ ਜੀਵ ਦਾ ਨਿਰੂਪਣ ਵੇਦਾਂ ਵਿਚ ਵੀ ਹੋਇਆ ਹੈ। ਰਿਗਵੇਦ ਵਿਚ ਪਰਮਾਤਮਾ ਅਤੇ ਆਤਮਾ ਦੀ ਇਕ ਰੁੱਖ ਤੇ ਬੈਠੇ ਪਰਸਪਰ ਮਿਤਰ ਭਾਵ ਰਖਣ ਵਾਲੇ ਦੋ ਪੰਛੀਆਂ ਨਾਲ ਕੀਤੀ ਗਈ ਹੈ।[1] ਜਿਸ ਵਿਚ ਵਰਨਣ ਹੈ ਕਿ ਜੀਵ ਸੰਸਾਰਿਕ ਜੀਵਨ ਭੋਗਦਾ ਹੈ ਅਤੇ ਪਰਮਾਤਮਾ ਕੇਵਲ ਸ੍ਰਿਸ਼ਟੀ ਦੇ ਕਾਰਜ-ਕਰਮਾਂ ਨੂੰ ਵੇਖਦਾ ਹੈ।
'ਸ਼ੈਤਪਥ ਬ੍ਰਹਮਣ' ਵਿਚ ਮਨੁੱਖ ਦੇ ਸਰੀਰ ਦੇ ਮੱਧ ਭਾਗ ਲਈ ਆਤਮਾ ਸ਼ਬਦ ਦਾ ਪ੍ਰਯੋਗ ਕੀਤਾ ਹੈ। ਇਸੇ ਗ੍ਰੰਥ ਵਿਚ ਮਨ, ਬੁੱਧੀ, ਅਹੰਕਾਰ ਅਤੇ ਚਿੱਤ ਲਈ ਵੀ 'ਆਤਮਾ' ਸ਼ਬਦ ਦਾ ਪ੍ਰਯੋਗ ਹੋਇਆ ਹੈ।[2] ਆਰਣਯਕ ਗ੍ਰੰਥਾਂ ਵਿਚ ਆਤਮਾ ਨੂੰ ਵਿਗਿਆਨਮਈ ਅਤੇ ਆਨੰਦਮਈ ਵੀ ਕਿਹਾ ਗਿਆ ਹੈ।[3] ਇਹ ਆਤਮਾ ਹੀ ਸਭ ਦੇਵਤਾ ਹਨ। ਸਥਾਵਰ ਅਤੇ ਜੰਗਮ ਜੋ ਕੁਝ ਵੀ ਇਸ ਜਗਤ ਵਿਚ ਹੈ ਇਹ ਸਭ ਆਤਮਾ ਹੈ, ਇਸੇ ਆਤਮਾ ਤੋਂ ਸ੍ਰਿਸ਼ਟੀ ਹੁੰਦੀ ਹੈ , ਇਸ ਵਿਚ ਹੀ ਸਭ ਪਦਾਰਥ ਸਥਿਤ ਹਨ ਅਤੇ ਇਸ ਵਿਚ ਅੰਤ ਵਿਚ ਲੀਨ ਹੋ ਜਾਂਦੇ ਹਨ।[4] ਮਨੁੱਖ ਦੀ ਉਤਪਤੀ ਸੰਬੰਧੀ ਵੀ ਐਤਰੇਯ ਆਰਣਯਕ ਵਿਚ ਕਿਹਾ ਗਿਆ ਹੈ ਕਿ ਜੀਵ ਪਿਤਾ ਦੇ 'ਸ਼ੁਕ੍ਰ' ਅਤੇ ਮਾਤਾ ਦੇ ਰਕਤ ਦੀ ਕਿਰਿਆ ਤੋਂ ਪੈਦਾ ਹੁੰਦਾ ਹੈ।[5] ਗੁਰੂ ਰਵਿਦਾਸ ਜੀ ਤੇ ਵੇਦਾਂ ਦਾ ਪ੍ਰਭਾਵ ਸਪਸ਼ਟ ਦ੍ਰਿਸ਼ਟੀਗਤ ਹੁੰਦਾ ਹੈ। ਉਪਰੋਕਤ ਸਾਰੇ ਵਿਚਾਰ ਗੁਰੂ ਜੀ ਦੀ ਬਾਣੀ ਵਿਚ ਇਕ ਸ਼ਬਦ ਵਿਚ ਹੀ ਪ੍ਰਾਪਤ ਹੋ ਜਾਂਦੇ ਹਨ।

ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੂੰਦ ਕਾ ਗਾਰਾ ॥
ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥੧॥
ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥
ਜੈਸੇ ਤਰਵਰ ਪੰਖਿ ਬਸੇਰਾ ॥ ੧ ॥ਰਹਾਉ[6]

ਬ੍ਰਿਹਦਾਰਣਯਕ ਵਿਚ ਬ੍ਰਹਮ ਅਤੇ ਜੀਵਾਤਮਾ ਨੂੰ ਇਕ ਹੀ ਕਿਹਾ ਗਿਆ ਹੈ। 'ਪਰਮਾਤਮਾ' ਹੀ ਅਵਿਦਿਆ ਕਾਰਣ ਬੰਧਨ ਵਿਚ ਪੈ ਕੇ ਜੀਵਾਤਮਾ ਕਹਿਲਾਉਂਦਾ ਹੈ। ਭਾਵ

ਉਸ ਦੀ ਜੋਤਿ ਸਭ ਵਿਚ 'ਆਤਮਾ' ਦੇ ਰੂਪ ਵਿਚ ਜਾਗਦੀ ਹੈ। ਜੀਵਾਤਮਾ ਪੂਰਵ ਜਨਮਾਂ ਦੇ ਕਰਮ ਦੇ ਅਨੁਸਾਰ ਸੁਖ-ਦੁਖ ਦੇ ਭੋਗ ਲਈ ਇਸ ਸੰਸਾਰ ਵਿਚ ਆਉਂਦਾ ਹੈ।[7]

ਗੀਤਾ ਵਿਚ ਵਰਣਨ ਹੈ ਕਿ ਆਤਮਾ ਨਾ ਕਦੀ ਜੰਮਦੀ ਹੈ ਅਤੇ ਨਾ ਹੀ ਮਰਦੀ ਹੈ। ਇਹ ਜ ਅਜਨਮਾ ,ਨਿਤਯ, ਸਨਾਤਨ ਅਤੇ ਪੁਰਾਣ ਹੈ।[8] ਇਸ ਤੋਂ ਅਗੇ ਵਰਣਨ ਹੈ ਕਿ ਜਿਸ ਤਰ੍ਹਾਂ ਮਨੁੱਖ ਪੁਰਾਣੇ ਬਸਤਰਾਂ ਨੂੰ ਤਿਆਗ ਕੇ ਦੂਸਰੇ ਨਵੇਂ ਬਸਤਰਾਂ ਨੂੰ ਗ੍ਰਹਿਣ ਕਰ ਲੈਂਦਾ ਹੈ, ਉਸੇ ਤਰ੍ਹਾਂ ਹੀ ਇਹ ਜੀਵਾਤਮਾ ਵੀ ਪੁਰਾਣੇ ਸਰੀਰ ਨੂੰ ਤਿਆਗ ਕੇ ਹੋਰ ਨਵੇਂ ਸਰੀਰ ਨੂੰ ਪ੍ਰਾਪਤ ਕਰਦੀ ਹੈ।[9] ਇਹ ਆਤਮਾ ਵੀ ਪਰਮ ਆਤਮਾ ਦੀ ਤਰ੍ਹਾਂ ਅਵਿਅਕਤ, ਅਚਿੰਤ ਅਤੇ ਨਿਰਵਿਕਾਰ ਹੈ।[10]

ਨਿਆਇ ਦਰਸ਼ਨ ਅਤੇ ਵੈਸ਼ੇਸ਼ਿਕ ਦਰਸ਼ਨ ਵਿਚ ਆਤਮਾ ਨੂੰ ਸਰਵੱਗ, ਦ੍ਰਿਸ਼ਟਾ, ਨਿਤਯ ਅਤੇ ਸਰਵਵਿਆਪਕ ਮੰਨਿਆ ਗਿਆ ਹੈ। ਨਿਆਇ-ਦਰਸ਼ਨ ਅਨੁਸਾਰ ਨੌ ਨਿਤਯ ਦ੍ਰਵ ਹਨ ਜਿਨਾਂ ਦਾ ਕਦੀ ਨਾਸ਼ ਨਹੀਂ ਹੁੰਦਾ। ਮੁਕਤ ਅਵਸਥਾ ਵਿਚ ਵੀ ਇਕ ਆਤਮਾ ਨੂੰ ਦੂਸਰੀ ਤੋਂ ਅਲੱਗ ਕਰਨ ਵਾਲਾ ਮਨ ਵੀ ਇਕ ਨਿੱਤਯ ਦ੍ਰਵ ਹੀ ਹੈ। ਇਸ ਮਨ ਤੋਂ ਜੀਵ ਨੂੰ ਕਦੀ ਛੁਟਕਾਰਾ ਨਹੀਂ ਮਿਲਦਾ। ਅਨਾਦਿ ਕਾਲ ਇਕ ਜੀਵ ਦਾ ਅਵਿਦਿਆ ਕਾਰਣ ਇਹ ਕਿਸੇ ਮਨ ਨਾਲ ਸੰਯੋਗ ਹੋ ਗਿਆ ਅਤੇ ਉਹ ਜੀਵ ਉਸ ਮਨ ਦੇ ਨਾਲ ਨਾਲ ਅਨੰਤ ਸਰੀਰਾਂ ਵਿਚ ਘੁੰਮਦਾ ਹੈ। ਮੁਕਤੀ ਵਿਚ ਵੀ ਇਹ ਮਨ ਉਸ ਆਤਮਾ ਦੇ ਨਾਲ ਰਹਿੰਦਾ ਹੈ। ਜੀਵਾਤਮਾ ਆਪਣੇ ਖੇਤਰ ਵਿਚ ਨਿਰਪੇਖ ਹੈ। ਇਹ ਆਪਣੇ ਕਰਮਾਂ ਦੇ ਸੰਸਕਾਰ ਕਾਰਨ ਇਕ ਸਰੀਰ ਤੋਂ ਦੂਸਰੇ ਸਰੀਰ ਵਿਚ ਪ੍ਰਵੇਸ਼ ਕਰਦੀ ਹੈ।

ਮੀਮਾਂਸਾ ਦਰਸ਼ਨ ਦੇ ਭਾਟੱ ਮਤ ਅਨੁਸਾਰ 'ਆਤਮਾ' ਜੜ੍ਹ ਹੈ ਪਰੰਤੂ ਗਿਆਨ-ਸ਼ਕਤੀ ਇਸ ਵਿਚ ਹਮੇਸ਼ਾਂ ਰਹਿੰਦੀ ਹੈ। ਪ੍ਰਭਾਕਰ ਮਤ ਵਿਚ ਵੀ ਆਤਮਾ ਜੜ੍ਹ ਹੈ ਪਰੰਤੂ ਗਿਆਨ ਸਵ-ਪ੍ਰਕਾਸ਼ ਹੈ। ਮੀਮਾਂਸਾ ਦਰਸ਼ਨ ਅਨੁਸਾਰ ਜੀਵਾਤਮਾ ਦੀ ਸੱਤਾ ਸਰੀਰ ਇੰਦਰੀਆਂ ਆਦਿ ਤੋਂ ਭਿੰਨ ਹੁੰਦੀ ਹੈ। ਸਰੀਰ ਦੇ ਨਸ਼ਟ ਹੋਣ ਤੋਂ ਬਾਅਦ ਜੋ ਲੋਕ ਪਰਲੋਕ ਨੂੰ ਜਾਂਦਾ ਹੈ ਉਹ ਜੀਵਾਤਮਾ ਹੈ। ਇਸ ਤਰ੍ਹਾਂ ਜੀਵਾਤਮਾ ਨਿੱਤਯ, ਕਰਤਾ, ਭੋਗਤਾ, ਵਿਭੂ(ਅਹੰਕਾਰ ਦੇ ਰੂਪ ਵਿਚ ਹਮੇਸ਼ਾਂ ਵਿਦਮਾਨ ਹੈ),ਸ਼ੁਧ ਗਿਆਨ ਸਰੂਪ ਅਤੇ ਗਿਆਤਾ ਹੈ।

ਚਾਰਵਾਕ ਦਰਸ਼ਨ ਵਿਚ ਵਰਣਨ ਹੈ ਕਿ ਧਨ ਹੀ ਆਤਮਾ ਹੈ, ਪੁਤਰ ਹੀ ਆਤਮਾ ਹੈ,[12] ਸਰੀਰ ਹੀ ਆਤਮਾ ਹੈ[13] ਪ੍ਰਾਣ ਹੀ ਆਤਮਾ ਹੈ[14] ਮਨ ਹੀ ਆਤਮਾ ਹੈ।[15] ਇਸ ਤਰ੍ਹਾਂ ਸਥੂਲ ਤੋਂ ਸੂਖਮ ਦੀ ਤਰਫ਼ ਇਹ ਦ੍ਰਿਸ਼ਟੀ ਵਧਦੀ ਗਈ।

ਜੈਨਮਤ ਵਿਚ ਹਰ ਇਕ ਅਵਸਥਾ ਦੇ ਦੋ ਸਰੂਪ ਹੁੰਦੇ ਹਨ — ਭਾਗ ਅਤੇ ਦ੍ਰਵਯ।

ਚੇਤੰਨਯ ਦ੍ਰਵਯ ਨੂੰ ਜੀਵ ਕਹਿੰਦੇ ਹਨ ਇਨ੍ਹਾਂ ਅਨੁਸਾਰ ਹਰ ਇਕ ਵਸਤੂ ਇਕ ਸਰੂਪ ਨੂੰ ਛੱਡ ਕੇ ਦੂਸਰੇ ਸਰੂਪ ਨੂੰ ਧਾਰਣ ਕਰਦੀ ਰਹਿੰਦੀ ਹੈ। ਇਹ ਲੋਕ ਵਸਤੂ ਵਿਚ ਅਨੰਤ ਧਰਮ ਮੰਨਦੇ ਹਨ ਇਸ ਕਰਕੇ ਧਰਮਾਂ ਦੇ ਭੇਦ ਕਾਰਨ ਇਕ ਵਸਤੂ ਦੂਸਰੀ ਵਸਤੂ ਤੋਂ ਭਿੰਨ ਹੁੰਦੀ ਹੈ। ਜੀਵ ਦੀਆਂ ਸਭ ਕਿਰਿਆਵਾਂ ਉਸਦੇ ਆਪਣੇ ਕਰਮਾਂ ਦੇ ਫਲਸਰੂਪ ਹੁੰਦੀਆਂ ਹਨ। ਸੁਧ ਦ੍ਰਿਸ਼ਟੀ ਅਨੁਸਾਰ ਜੀਵ ਵਿਚ ਗਿਆਨ ਅਤੇ ਦਰਸ਼ਨ ਹੈ। ਇਹ ਅਮੂਰਤ, ਕਰਤਾ, ਕਰਮ ਫਲਾਂ ਦਾ ਭੋਗਤਾ ਸਿੱਧ ਹੈ। ਅਨਾਦਿ ਅਵਿਦਿਆ ਕਾਰਣ 'ਕਰਮ' ਜੀਵ ਵਿਚ ਪ੍ਰਵੇਸ਼ ਕਰਦਾ ਹੈ ਅਤੇ ਇਸ ਦੇ ਕਾਰਣ ਹੀ ਉਹ ਬੰਧਨ ਵਿਚ ਰਹਿੰਦਾ ਹੈ। ਇਹ ਅਦ੍ਰਿਸ਼ਟ ਹੈ ਇਸਦਾ ਰੂਪ ਨਹੀਂ ਹੁੰਦਾ।

ਬੁੱਧ ਦਰਸ਼ਨ ਵਿਚ ਆਤਮਾ ਨਾਮ ਦੀ ਕੋਈ ਵਸਤੂ ਨਹੀਂ। ਇਸ ਮਤ ਅਨੁਸਾਰ ਸਭ ਵਸਤੂਆਂ ਨਾਸ਼ਵਾਨ ਅਤੇ ਪਰਿਵਰਤਨਸ਼ੀਲ ਹਨ। ਯੋਗਾਚਾਰ ਜਾਂ ਵਿਗਿਆਨਵਾਦ ਅਨੁਸਾਰ ਚਿੱਤ ਹੀ ਇਕ ਮਾਤਰ ਸੱਤਾ ਹੈ। ਚਿੱਤ ਵਿਚ ਅਨੰਤ ਵਿਗਿਆਨਾਂ ਦਾ ਉਦੇ ਹੁੰਦਾ ਰਹਿੰਦਾ ਹੈ। ਇਹ ਵਿਗਿਆਨ ਸਵੈ-ਪ੍ਰਕਾਸ਼ ਹਨ। ਇਨ੍ਹਾਂ ਦੀ ਚੇਤੰਨ-ਧਾਰਾ ਕਦੀ ਸ਼ਾਂਤ ਨਹੀਂ ਹੁੰਦੀ। ਇਹ ਸਭ ਵਿਅਕਤੀਆਂ ਵਿਚ ਵਿਦਮਾਨ ਰਹਿੰਦਾ ਹੈ।[16] ਦੂਸਰੇ ਵਿਚ ਪ੍ਰਵੇਸ਼ ਕਰਦਾ ਹੈ।

ਸਾਂਖ ਦਰਸ਼ਨ ਅਨੁਸਾਰ ਜੀਵਾਤਮਾ ਉਹ ਆਤਮਾ ਹੈ ਜੋ ਇੰਦਰੀਆਂ ਦੇ ਸੰਯੋਗ ਅਤੇ ਸਰੀਰ ਦੁਆਰਾ ਸੀਮਤ ਹੋਣ ਤੇ ਅਲੱਗ ਰੂਪ ਵਿਚ ਦਿਖਾਈ ਦਿੰਦਾ ਹੈ। ਇਸ ਨੂੰ ਕਰਮਫਲ ਅਧੀਨ ਦੁਖ ਸੁਖ ਭੋਗਣੇ ਪੈਂਦੇ ਹਨ ਇਸ ਲਈ ਇਹ ਜਨਮ ਜਨਮਾਂਤਰਾਂ ਦੇ ਚੱਕਰ ਵਿਚ ਭ੍ਰਮਣ ਕਰਦਾ ਰਹਿੰਦਾ ਹੈ।

ਯੋਗ ਦਰਸ਼ਨ ਅਨੁਸਾਰ ਜੀਵ ਸੁਧ ਚੇਤੰਨ ਸਰੂਪ ਹੈ। ਇਹ ਸਰੀਰਕ ਬੰਧਨ ਅਤੇ ਮਾਨਸਿਕ ਵਿਕਾਰਾਂ ਤੋਂ ਮੁਕਤ ਰਹਿੰਦਾ ਹੈ। ਪਰੰਤੂ ਅਗਿਆਨਤਾ ਕਾਰਣ ਇਹ ਚਿੱਤ ਦੇ ਨਾਲ ਆਪਣਾ ਸੰਬੰਧ ਕਲਪਿਤ ਕਰ ਲੈਂਦਾ ਹੈ । ਇਹ ਆਪਣੇ ਆਪ ਨੂੰ ਚਿੱਤ ਸਮਝਣ ਲਗਦਾ ਹੈ। ਚਿੱਤ ਜੜ੍ਹ ਹੈ ਪਰੰਤੂ ਆਤਮਾ ਦੇ ਪ੍ਰਕਾਸ਼ ਨਾਲ ਪ੍ਰਕਾਸ਼ਿਤ ਹੋ ਜਾਂਦਾ ਹੈ। ਯੋਗ ਦਰਸ਼ਨ ਅਨੁਸਾਰ ਆਤਮਾ ਸੁਧ-ਮੁਕਤ ਤੱਤ ਹੈ ਪਰੰਤੂ ਭਰਮ ਅਤੇ ਅਗਿਆਨਤਾ ਕਾਰਣ ਬੰਧਨ ਵਿਚ ਪੈ ਜਾਂਦਾ ਹੈ।

ਅਦਵੈਤ -ਵੇਦਾਂਤ ਅਨੁਸਾਰ ਆਤਮਾ ਗਿਆਨ-ਰੂਪ, ਸਤਿ, ਗਿਆਤਾ, ਨਿਤਯ, ਨਿਰਾਕਾਰ, ਅਮਰ, ਅਤੇ ਚੇਤੰਨ-ਸਰੂਪ ਹੈ। ਇਹ ਅਕਰਤਾ, ਅਭੋਗਤਾ ਅਦੇ ਦੁਖ ਸੁਖ ਤੋਂ ਪਰ੍ਹੇ ਹੈ ਇਸ ਦਾ ਵਿਵਹਾਰਿਕ ਰੂਪ ਜੀਵ ਹੈ, ਜੀਵ ਹੀ ਕਰਮ-ਫਲ ਭੋਗਦਾ ਹੈ। ਸਭ ਜੀਵਾਂ ਵਿਚ ਇਕ ਹੀ ਆਤਮਾ ਹੈ। ਅਦਵੈਤ-ਮਤ ਵਿਚ ਜੀਵ ਬ੍ਰਹਮ ਦੇ ਸਮਾਨ ਹੀ ਵਿਭੂ ਹੈ ਇਸ ਲਈ ਭਿੰਨ ਭਿੰਨ ਨਾ ਹੋ ਕੇ ਇਹ ਇਕ ਹੈ। ਅਤਿਅੰਤ ਸੂਖਮ ਹੋਣ ਕਾਰਨ ਇਹ ਅਣੂ ਕਹਿਲਾਉਂਦਾ ਹੈ। ਜੀਵ ਅਤੇ ਬ੍ਰਹਮ ਦਾ ਸੰਬੰਧ ਅਦੈਤ ਰੂਪ ਹੈ।

ਵਿਸ਼ਿਟਾਦਵੈਤ ਅਨੁਸਾਰ ਜੀਵ ਅਤੇ ਬ੍ਰਹਮ ਵਿਚ ਵਿਸ਼ੇਸ਼ ਅਦਵੈਤ ਹੈ, ਦੋਵੇਂ ਇਕ

ਨਹੀਂ ਹਨ। ਜੀਵ ਈਸ਼ਵਰ ਦਾ ਅੰਸ਼ ਮੰਨਿਆ ਜਾਂਦਾ ਹੈ। ਦੋਵਾਂ ਵਿਚ ਗੁਣ ਗੁਣੀ ਦਾ ਸੰਬੰਧ ਹੈ। ਜਿਸ ਤਰ੍ਹਾਂ ਪ੍ਰਕਾਸ਼ ਸੂਰਜ ਦਾ ਅੰਸ਼ ਹੈ ਇਸ ਤਰ੍ਹਾਂ ਹੀ ਜੀਵ ਈਸ਼ਵਰ ਦਾ ਅੰਸ਼ ਹੈ। ਜੀਵ ਈਸ਼ਵਰ ਤੇ ਨਿਰਭਰ ਰਹਿੰਦਾ ਹੈ। ਰਾਮਾਨੁਜ ਅਨੁਸਾਰ ਜੀਵ ਅਨੰਤ ਹਨ। ਉਹ ਇਕ ਦੂਜੇ ਤੋਂ ਭਿੰਨ ਹੀ ਹਨ। ਜੀਵ ਤਿੰਨ ਤਰ੍ਹਾਂ ਦੇ ਹਨ - ਨਿੱਤ ਜੀਵ, ਮੁਕਤ-ਜੀਵ, ਬੱਧ ਜੀਵ। ਨਿੱਤ ਜੀਵ ਕਰਮ ਅਤੇ ਪ੍ਰਕ੍ਰਿਤੀ ਤੋਂ ਮੁਕਤ ਹੋ ਕੇ ਆਨੰਦ ਭੋਗਦੇ ਹਨ ਅਤੇ ਬੈਕੁੰਠ ਵਿਚ ਨਿਵਾਸ ਕਰਦੇ ਹਨ। ਮੁਕਤ ਜੀਵ ਭਗਤੀ ਸਦਕਾ ਮੁਕਤੀ ਪ੍ਰਾਪਤ ਕਰ ਲੈਂਦੇ ਹਨ। ਬੱਧ-ਜੀਵ ਅਗਿਆਨਤਾ ਕਾਰਣ ਸੰਸਾਰ ਵਿਚ ਵਿਚਰਦੇ ਹਨ।

ਦਵੈਤਵਾਦ ਵਿਚ ਦੋ ਮੂਲ ਤੱਤ ਮੰਨੇ ਗਏ ਹਨ - ਬ੍ਰਹਮ ਅਤੇ ਜੀਵ-ਜਗਤ। ਈਸ਼ਵਰ ਸੁਤੰਤਰ ਹੈ ਪਰੰਤੂ ਜੀਵ ਅਤੇ ਜਗਤ ਪਰਤੰਤਰ ਹਨ। ਜੀਵ ਈਸ਼ਵਰ ਤੋਂ ਅਤੇ ਈਸ਼ਵਰ ਜੀਵ ਤੋਂ ਹਮੇਸ਼ਾਂ ਭਿੰਨ ਹੈ ਕਿਉਂਕਿ ਈਸ਼ਵਰ ਸਰਬ ਸ਼ਕਤੀਮਾਨ, ਸ੍ਰਿਸ਼ਟੀ ਦਾ ਕਰਤਾ ਧਰਤਾ ਅਤੇ ਸੰਹਾਰਕ ਹੈ। ਜੀਵ ਤੁੱਛ ਸ਼ਕਤੀ ਵਾਲਾ ਹੈ। ਮਧਵਾਚਾਰੀਆ ਅਨੁਸਾਰ ਜੀਵ ਜੀਵ ਵਿਚ ਵੀ ਭੇਦ ਹੈ। ਉਸ ਨੇ ਜੀਵਾਂ ਨੂੰ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਹੈ - ਖਿਨ ਮੁਕਤੀ ਜੋਗ, ਨਿੱਤ-ਸੰਸਾਰੀ ਯੋਗ ਅਤੇ ਤਮੋਯੋਗ। ਮੁਕਤੀ ਯੋਗ ਜੀਵਾਂ ਵਿਚ ਮੁਕਤੀ ਹੋਣ ਤੇ ਵੀ ਉਨ੍ਹਾਂ ਵਿਚ ਭੇਦ ਬਣਿਆ ਰਹਿੰਦਾ ਹੈ। ਅੰਤਿਮ ਦੋ ਦੀ ਮੁਕਤੀ ਕਦੀ ਹੁੰਦੀ ਹੀ ਨਹੀਂ। ਮੁਕਤ ਜੀਵਾਂ ਨੂੰ ਆਨੰਦ ਦੀ ਅਨੁਭੂਤੀ ਤਾਂ ਹੁੰਦੀ ਹੀ ਹੈ ਪਰੰਤੂ ਉਨ੍ਹਾਂ ਦੇ ਆਨੰਦ ਵਿਚ ਵੀ ਭੇਦ ਹੁੰਦਾ ਹੈ।

ਨਿੰਬਾਰਕ ਨੇ ਦਵੈਤ ਅਤੇ ਅਦਵੈਤ ਦੋਵਾਂ ਨੂੰ ਬਰਾਬਰ ਮਹੱਤਵ ਦਿੱਤਾ ।ਦਵੈਤਾਦਵੈਤ ਮਤ ਅਨੁਸਾਰ ਚਿੱਤ ਤੱਤ ਜੀਵ ਹੈ। ਜੀਵ ਗਿਆਨ ਸਰੂਪ ਹੈ। ਉਹ ਸੰਸਾਰਿਕ ਅਤੇ ਮੁਕਤ ਅਵਸਥਾ ਵਿਚ ਵੀ ਕਰਤਾ ਹੈ। ਜੀਵ ਭੋਗਤਾ ਵੀ ਹੈ। ਜੀਵ ਅਤੇ ਬ੍ਰਹਮ ਦਾ ਸੰਬੰਧ ਅੰਸ਼ ਅਤੇ ਅੰਸ਼ੀ ਦਾ ਹੈ। ਈਸ਼ਵਰ ਸਰਵ ਸ਼ਕਤੀਮਾਨ ਹੋਣ ਕਰਕੇ ਅੰਸ਼ੀ ਹੈ ਅਤੇ ਜੀਵ ਉਸ ਦਾ ਸ਼ਕਤੀ ਰੂਪ ਹੋਣ ਕਰਕੇ ਹੈ। ਸਰੀਰਕ ਭਿੰਨਤਾ ਕਾਰਨ ਹਰ ਇਕ ਜੀਵ ਵਿਚ ਪਰਸਪਰ ਭੇਦ ਹੈ ਪਰੰਤੂ ਆਤਮਾ ਦੀ ਏਕਤਾ ਕਾਰਨ ਜੀਵਾਂ ਵਿਚ ਏਕਤਾ ਹੈ। ਜੀਵ ਮੁਖ ਤੌਰ ਤੇ ਦੋ ਤਰ੍ਹਾਂ ਦੇ ਹੁੰਦੇ ਹਨ - ਮੁਕਤ ਅਤੇ ਬੱਧ। ਮੁਕਤ ਜੀਵ ਈਸ਼ਵਰ ਦੀ ਕਿਰਪਾ ਨਾਲ ਬੰਧਨ ਤੋਂ ਮੁਕਤੀ ਪ੍ਰਾਪਤ ਕਰ ਲੈਂਦੇ ਹਨ। ਬੱਧ ਜੀਵ ਸੰਸਾਰਿਕ ਦੁਖਾਂ ਤੇ ਬੰਧਨ ਵਿਚ ਪਏ ਰਹਿੰਦੇ ਹਨ।

ਸੂਫੀਆਂ ਅਨੁਸਾਰ ਆਤਮਾ ਦੇ ਦੋ ਭੇਦ ਹਨ - ਨਫਸ ਅਤੇ ਰੂਹ। ਨਫਸ ਕੁਵਿਰਤੀਆਂ ਦਾ ਸਥਾਨ ਹੈ ਅਤੇ ਰੂਹ ਸਦ-ਵਿਰਤੀਆਂ ਦਾ। ਉਚਤਮ ਆਤਮਾ ਸਰੀਰ ਵਿਚ ਪਹਿਲਾਂ ਤੋਂ ਹੀ ਵਿਦਮਾਨ ਹੁੰਦਾ ਹੈ। ਪਰਮਾਤਮਾ ਹੀ ਆਤਮਾ ਨੂੰ ਮਨੁੱਖੀ ਸਰੀਰ ਵਿਚ ਭੇਜਦਾ ਹੈ।[17]

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਸਭ ਸੰਪਰਦਾਵਾਂ ਵਿਚ ਆਤਮਾ ਦੀ ਹੋਂਦ ਨੂੰ ਕਿਸੇ ਨਾ ਕਿਸੇ ਰੂਪ ਵਿਚ ਸਵੀਕਾਰ ਕੀਤਾ ਗਿਆ ਹੈ। ਆਤਮਾ ਨੂੰ ਪਰਮਾਤਮਾ

ਮੰਨਿਆ ਗਿਆ ਹੈ। ਇਸ ਦੇ ਨਾਲ ਹੀ ਦੋਵਾਂ ਵਿਚ ਵਿਸ਼ੇਸ਼ ਸੰਬੰਧ ਵੀ ਸਥਾਪਿਤ ਕੀਤਾ ਗਿਆ। ਮਨੁੱਖ ਅਵਿਦਿਆ ਕਾਰਨ ਆਪਣੀ ਸੁਤੰਤਰ ਹੋਂਦ ਮੰਨਣ ਲਗ ਪੈਂਦਾ ਹੈ ਜਦੋਂ ਉਸ ਨੂੰ ਆਤਮ ਗਿਆਨ ਹੋ ਜਾਂਦਾ ਹੈ ਤਾਂ ਉਸਦੀ ਸੰਸਾਰਿਕ ਬੰਧਨਾਂ ਤੋਂ ਨਿਵਿਰਤੀ ਹੋ ਜਾਂਦੀ ਹੈ

1. ਗੁਰੂ ਰਵਿਦਾਸ ਬਾਣੀ ਵਿਚ ਜੀਵਾਤਮਾ ਦਾ ਸਰੂਪ:- ਗੁਰੂ ਰਵਿਦਾਸ ਜੀ ਨੇ ਜੀਵ ਅਥਵਾ ਜੀਵਾਤਮਾ ਦੇ ਅਰਥ ਬੋਧਕ ਕਈ ਸ਼ਬਦਾਂ ਦੀ ਵਰਤੋਂ ਕੀਤੀ ਹੈ ਜਿਵੇਂ ਹੰਸ , ਘਟਿ, ਚਿਤਿ, ਮਨ, ਪ੍ਰਾਣੀ, ਨਰ, ਜਨ ਮਾਨਸ, ਉਰਿ, ਜੀਉ ਜੋਤਿ ਆਦਿ ਇਸ ਤਰ੍ਹਾਂ ਉਨ੍ਹਾਂ ਨੇ ਜੀਵ ਦੇ ਸੰਕਲਪ ਨੂੰ ਵਿਸਤ੍ਰਿਤ ਅਰਥ ਪ੍ਰਦਾਨ ਕੀਤੇ ਹਨ। ਮਨੁੱਖੀ ਸਰੀਰ ਰੂਪੀ ਇਕਾਈ ਵਿਚ ਆਤਮਾ ਮਨ, ਪਰਮਾਤਮਾ ਵਾਸ ਕਰਦਾ ਹੈ। ਗੁਰ ਰਵਿਦਾਸ ਜੀ ਦੀ ਬਾਣੀ ਵਿਚ ਜੀਵਾਤਮਾ,ਜੀਵ, ਮਨ, ਪਰਮ ਆਤਮਾ, ਸੰਬੰਧੀ ਵਿਚਾਰ ਪ੍ਰਾਪਤ ਹੁੰਦੇ ਹਨ।

ਆਤਮਾ:- ਗੁਰੂ ਰਵਿਦਾਸ ਜੀ ਨੇ ਆਤਮਾ ਲਈ ਪੰਛੀ, ਸ਼ਬਦ ਦਾ ਪ੍ਰਯੋਗ ਕੀਤਾ ਹੈ। ਰਿਗਵੇਦ ਵਿਚ ਪਰਮਾਤਮਾ ਅਤੇ ਆਤਮਾਂ ਦੀ ਇਕ ਹੀ ਬ੍ਰਿਛ ਤੇ ਬੈਠੇ ਆਪਸ ਵਿਚ ਮਿਤਰ ਭਾਵ ਰਖਣ ਵਾਲੇ ਦੋ ਪੰਛੀਆਂ ਨਾਲ ਤੁਲਨਾ ਕੀਤੀ ਗਈ ਹੈ, ਜਿਨ੍ਹਾਂ ਵਿਚੋਂ ਇਕ ਪੰਛੀ ਬ੍ਰਿਛ ਦੇ ਫਲ ਖਾਏ ਬਿਨਾਂ ਕੇਵਲ ਦੇਖਦਾ ਰਹਿੰਦਾ ਹੈ ਅਤੇ ਦੂਜਾ ਬ੍ਰਿਛ ਦੇ ਫਲਾਂ ਨੂੰ ਚਖਦਾ ਰਹਿੰਦਾ ਹੈ।[18]

ਸ਼ਵੇਤਾਸ਼ਵਤਰੋ ਪਨਿਸ਼ਦ ਵਿਚ ਵੀ ਆਤਮਾ ਲਈ ਪੰਛੀ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ।[19] ਗੁਰੂ ਰਵਿਦਾਸ ਬਾਣੀ ਵਿਚ ਕਈਥਾਵਾਂ ਤੇ ਇਸ ਸ਼ਬਦ ਦੀ ਵਰਤੋਂ ਜੀਵਾਤਮਾ ਲਈ ਕੀਤੀ ਗਈ ਹੈ। ਉਨ੍ਹਾਂ ਨੇ ਵੀ ਵੇਦਾਂ ਦੀ ਆਤਮਾ ਦੀ ਤੁਲਨਾ ਦਰਖਤ ਤੇ ਬੈਠੇ ਪੰਛੀ ਨਾਲ ਕੀਤੀ ਹੈ:

ਹਾਡ ਮਾਸ ਨਾੜੀ ਕੋ ਪਿੰਜਰ ਪੰਖੀ ਬਸੈ ਬਿਚਾਰਾ ॥
ਪ੍ਰਾਣੀ ਕਿਆ ਤੇਰਾ ਕਿਆ ਮੇਰਾ
ਜੈਸੇ ਤਰਵਰ ਪੰਖਿ ਬਸੇਰਾ ॥[20]

ਹੰਸ -ਰੂਪ ਆਤਮਾ:- ਸ਼ਵੇਤਾਸ਼ਵਤਰ ਉਪਨਿਸ਼ਦ ਵਿਚ ਆਤਮਾ ਨੂੰ ਹੰਸ ਵੀ ਕਿਹਾ ਗਿਆ ਹੈ ਜਿਸਦਾ ਅਨੁਕਰਣ ਗੁਰੂ ਰਵਿਦਾਸ ਜੀ ਨੇ ਵੀ ਕੀਤਾ ਹੈ:

1. ਹੰਸ ਪੰਖੂ ਚੰਚਲ ਭਾਈ
   ਸਮੁਝਿ ਪੇਖਿ ਮਨ ਮਾਂਹੀ ॥[21]

2. ਜਾ ਦਿਨ ਇਹ ਹੰਸਾ ਉਰਿ ਜਈ ਹੈ
   ਛੋਰਿ ਠਠਰਿਯਾ ਤਨ ਕੀ।[22]

3. ਕੋਟਿ ਜਤਨ ਕਰਿ ਜੋਗਿ ਤਪਿ ਹਰੈ ।।
ਨਿਹਚਯ ਹੰਸਾ ਉੜਿ ਜਾਤ ।।[23]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਰਵਿਦਾਸ ਜੀ ਨੇ ਪੰਛੀ, ਹੰਸ ਸ਼ਬਦਾਂ ਦਾ ਪ੍ਰਯੋਗ ਜੋ ਆਤਮਾ ਲਈ ਕੀਤਾ ਹੈ ਉਹ ਵੇਦਾਂ ਅਤੇ ਉਪਨਿਸ਼ਦਾਂ ਦੇ ਅਨੁਸਾਰ ਹੈ:

ਰਥੀ ਰੂਪ ਆਤਮਾ: ਆਤਮਾ, ਪਰਮਾਤਮਾ, ਮਨ, ਇੰਦਰੀਆਂ ਮਨੁੱਖੀ ਸਰੀਰ ਆਦਿ ਦਾ ਆਪਸੀ ਸੰਬੰਧ ਬਹੁਤ ਡੂੰਘਾ ਹੈ। ਕਠੋਪਨਿਸ਼ਦ ਵਿਚ ਇਸ ਨੂੰ ਰੱਥ ਦੇ ਇਕ ਰੂਪਕ ਦੁਆਰਾ ਇਸ ਤਰ੍ਹਾਂ ਸਪਸ਼ਟ ਕੀਤਾ ਗਿਆ ਹੈ ਕਿ ਆਤਮਾ ਰੱਥੀ ਹੈ ਸਰੀਰ ਰੱਥ ਹੈ , ਬੁੱਧੀ ਰਥਵਾਨ ਹੈ ਅਤੇ ਮਨ ਲਗਾਮ।[24] ਜੀਵਾਤਮਾ ਦੇ ਸੰਕਲਪ ਵਿਚ ਗੁਰੂ ਰਵਿਦਾਸ ਜੀ ਵੇਦਾਂਤ ਦੇ ਅਨੁਯਾਈ ਸਨ। ਉਨ੍ਹਾਂ ਨੇ ਵੀ ਇਸ ਦਾ ਪ੍ਰਯੋਗ ਆਪਣੀ ਬਾਣੀ ਵਿਚ ਕੀਤਾ ਹੈ:

ਰਥ ਕੌ ਚਤੁਰ ਚਲਾਵਣਹਾਰੋ ॥
ਖਿੰਣ ਤਾਕੇ ਖਿੰਣ ਉਭੇ ਰਾਂਖੇ, ਨਹੀਂ ਆਨ ਕੌ ਸਾਰੋ ।। ਟੇਕ ॥
ਜਬ ਰਥੁ ਰਹੈ ਸਾਰਥੀ ਥਾਕੈ, ਤਬ ਕੋ ਰਥਹਿੱ ਚਲਾਵੈ ।।[25]

ਆਤਮਾ ਪਰਮ -ਰੂਪ ਹੈ: - ਉਪਨਿਸ਼ਦਾਂ ਵਿਚ ਪਰਮਾਤਮਾ ਅਤੇ ਆਤਮਾ ਨੂੰ ਇਕ ਰੂਪ ਕਿਹਾ ਗਿਆ ਹੈ। ਬ੍ਰਿਹਦਾਰਣਯਕ ਉਪਨਿਸ਼ਦ ਵਿਚ ਕਿਹਾ ਗਿਆ ਹੈ ਕਿ ਆਤਮਾ ਹੀ ਬ੍ਰਹਮ ਹੈ।[26] ਗੁਰੂ ਰਵਿਦਾਸ ਜੀ ਨੇ ਵੀ ਕਿਹਾ ਹੈ ਕਿ ਗੁਰ ਸ਼ਬਦ ਦੁਆਰਾ ਜੀਵ ਬ੍ਰਹਮ ਰੂਪ ਹੋ ਜਾਂਦਾ ਹੈ। ਸ਼ਵੇਤਾਸ਼ਵਤਰ ਉਪਨਿਸ਼ਦ ਅਨੁਸਾਰ ਜਦੋਂ ਜੋਗੀ ਦੀਪਕ ਦੇ ਸਮਾਨ ਪ੍ਰਕਾਸ਼ ਸਰੂਪ ਆਤਮ ਭਾਵ ਨਾਲ ਬ੍ਰਹਮ ਤੱਤ ਦਾ ਸਾਖਿਆਤਕਾਰ ਕਰਦਾ ਹੈ ਉਸ ਸਮੇਂ ਉਹ ਅਜਨਮਾ, ਨਿਸਚਲ ਸਭ ਤੱਤਾਂ ਨਾਲ ਵਿਸ਼ੁਧ ਦੇਵ ਨੂੰ ਜਾਣ ਕੇ ਸੰਪੂਰਣ ਬੰਧਨਾਂ ਤੋਂ ਮੁਕਤਾ ਹੋ ਉਸਦਾ ਰੂਪ ਹੋ ਨਿਬੜਦਾ ਹੈ।[27]

ਗੁਰੂ ਰਵਿਦਾਸ ਜੀ ਨੇ ਵੀ ਅਜਿਹੇ ਵਿਚਾਰ ਦਿੱਤੇ ਹਨ। ਉਦਾਹਰਣ ਦ੍ਰਿਸ਼ਟੀਗੋਚਰ ਹਨ:

ਦੀਪਕ ਕਰਿ ਪਰਗਾਸ ਥੰ ਜਿਮਿ ਗ੍ਰਹਿ ਤਿਮਿਰ ਨਸਾਯ ॥
ਰਵਿਦਾਸ ਜਪੰਤਾ ਗੁਰੂ ਮੰਤਰ ਬ੍ਰਹਮ ਰੂਪ ਹੋ ਜਾਂਬ ॥[28]

ਆਤਮਾ ਵਿਚ ਪਰਮਾਤਮਾ ਵਸਦਾ ਹੈ। ਸ਼ਵੇਤਾਸ਼ਵਤਰ ਉਪਨਿਸ਼ਦ ਵਿਚ ਵਰਨਣ ਆਉਂਦਾ ਹੈ ਕਿ ਉਹ ਸਰਵਵਿਆਪੀ ਸਭ ਜੀਵਾਂ ਦੇ ਹਿਰਦੇ ਵਿਚ ਸਥਿਤ ਹੈ। ਇਸ ਗਲ ਨੂੰ ਜੋ ਜਾਣ ਲੈਂਦਾ ਹੈ ਉਹ ਪ੍ਰਭੂ ਦੀ ਤਰ੍ਹਾਂ ਅਮਰ ਹੋ ਜਾਂਦਾ ਹੈ। ਗੁਰੂ ਰਵਿਦਾਸ ਜੀ ਵੇਦਾਂਤ ਦੇ ਉਪਰੋਕਤ ਵਿਚਾਰਾਂ ਤੋਂ ਪ੍ਰਭਾਵਿਤ ਹੋਏ ਉਨ੍ਹਾਂ ਨੇ ਵੀ ਕਿਹਾ ਹੈ ਕਿ ਹਰ ਇਕ ਆਤਮਾ ਵਿਚ ਪਰਮਾਤਮਾ ਹੈ ਮਨੁੱਖ

ਹੀ ਨਹੀਂ ਹਰ ਵਰਗ ਦੇ ਜੀਵਾਂ ਥਾਵਰ, ਜੰਗਮ, ਕੀਟ, ਪਤੰਗਾਂ ਆਦਿ) ਵਿਚ ਹੀਰੀ ਵਸਦਾ ਹੈ।

1. ਹੈ ਸਭ ਆਤਮ ਸਵੈਂ ਪ੍ਰਕਾਸ ਸਾਂਚੌ ॥

.... .... ....

ਥਾਵਰ ਜੰਗਮ ਕੀਟ ਪਤੰਗਾ, ਪੂਰਿ ਰਹਯੌ ਹਰਿ ਰਾਈ ॥[30]

2. ਸਬ ਮੇਂ ਹਰਿ ਹੈਂ ਹਰਿ ਮੇਂ ਸਬ ਹੈ,
ਹਰਿ ਆਪਨੌ ਜਨਿ ਜਾਨਾ ॥[31]

3. ਸਰਬੇ ਏਕੁ ਅਨੇਕੈ ਸੁਆਮੀ, ਸਭ ਘਟਿ ਭੋਗੁਵੇ ਸੋਈ ॥[32]

<u>ਜੋਤਿ-ਸਰੂਪ ਆਤਮਾ:</u>- ਉਪਨਿਸ਼ਦਾਂ ਵਿਚ ਆਤਮਾ ਨੂੰ ਜੋਤਿ-ਸਰੂਪ ਕਿਹਾ ਗਿਆ ਹੈ। ਮੁੰਡਕ - ਉਪਨਿਸ਼ਦ ਵਿਚ ਵਰਣਨ ਆਉਂਦਾ ਹੈ ਕਿ ਆਤਮਾ ਨੂੰ ਦੋਸ਼ਹੀਣ ਯੋਗੀਜਨ ਦੇਖ ਸਕਦੇ ਹਨ ਜੋਤੀ ਮਈ ਆਤਮਾ ਸਰੀਰ ਦੇ ਅੰਦਰ ਨਿਵਾਸ ਕਰਦੀ ਹੈ।[33] ਛਾਂਦੋਗਯ ਉਪਨਿਸ਼ਦ ਅਨੁਸਾਰ ਬ੍ਰਹਮ ਸਰਵੋਤਮ ਪਰਮ ਜੋਤੀ ਹੈ। ਇਹ ਜੋਤਿ ਹੀ ਹਰ ਜੀਵ ਵਿਚ ਪ੍ਰਕਾਸ਼ਿਤ ਹੋ ਰਹੀ ਹੈ।[34] ਗੁਰੂ ਰਵਿਦਾਸ ਜੀ ਨੇ ਉਪਨਿਸ਼ਦਾਂ ਦੇ ਅਨੁਸਾਰ ਹੀ ਆਤਮਾ ਦੇ ਜੋਤਿ-ਸਰੂਪ ਦਾ ਵਰਣਨ ਕੀਤਾ ਹੈ। ਉਹ ਲਿਖਦੇ ਹਨ ਕਿ ਆਤਮਾ ਜੋਤਿ ਵੀ ਬ੍ਰਹਮ-ਰੂਪ-ਜੋਤਿ ਦੇ ਸਮਾਨ ਹੈ। ਚਾਰੇ ਪਾਸੇ ਬ੍ਰਹਮ ਜੋਤਿ ਦਾ ਪ੍ਰਕਾਸ਼ ਹੀ ਨਜ਼ਰ ਆ ਰਿਹਾ ਹੈ। ਆਤਮ ਜੋਤਿ ਭੀ ਪਰਮ ਜੋਤਿ ਨਾਲ ਮਿਲ ਗਈ ਹੈ:

ਚਹੌ ਦਿਸਿ ਦਿਵਲਾ ਬਾਲਿ, ਜਗਿ ਮਗਿ ਹੋਵ ਰਹਯੌ ਏ ॥
ਜੋਤਿ ਜੋਤਿ ਸਮ ਜੋਤਿ, ਜੋਤਿਹਿ ਮਿਲਿ ਰਹਯੌ ਏ ॥[35]

ਆਤਮਾ ਸ਼ੁਧ ਚੇਤੰਨ ਸਰੂਪ ਹੈ। ਚਾਹੇ ਇਹ ਜੋਤਿ ਸਰੂਪ ਹੈ ਪਰਮ-ਰੂਪ ਹੈ ਪਰੰਤੂ ਫਿਰ ਵੀ ਇਸਦਾ ਨਿਵਾਸ ਸਥਾਨ ਮਨੁੱਖ ਹੋਣ ਕਰਕੇ ਇਹ ਅਗਿਆਨਤਾ ਦੇ ਕਾਰਣ ਸੰਸਾਰਿਕ ਮਾਇਆ ਜਾਲ ਵਿਚ ਫਸ ਜਾਂਦੀ ਹੈ:

ਮਾਧੋ ਅਵਿਦਿਆ ਹਿਤ ਕੀਨ੍ਹ
ਤਾਂ ਥੈ ਮੈਂ ਤੋਰ ਨਾਮ ਨ ਲੀਨ੍ਹ ॥ ਟੇਕ ॥[36] ਪਦ (48)

<u>ਆਤਮਾ ਸ਼ੁਧ ਅਤੇ ਮੁਕਤ ਸਰੂਪ ਹੈ:-</u> ਇਹ ਆਤਮਾ ਨਾ ਕਦੀ ਜਨਮਦੀ ਹੈ ਅਤੇ ਨਾ ਹੀ ਮਰਦੀ ਹੈ। ਇਹ ਨਿਤਯ ਸਨਾਤਨ ਅਤੇ ਪੁਰਾਤਨ ਹੈ।[37] ਗੁਰੂ ਰਵਿਦਾਸ ਜੀ ਨੇ ਵੀ ਬਾਣੀ ਵਿਚ ਅਜਿਹੇ ਵਿਚਾਰ ਦਿੱਤੇ ਹਨ।

ਗੀਤਾ ਵਿਚ ਵਰਣਨ ਆਉਂਦਾ ਹੈ ਕਿ ਜਿਸ ਤਰ੍ਹਾਂ ਮਨੁੱਖ ਪੁਰਾਣੇ ਵਸਤਰਾਂ ਨੂੰ ਤਿਆਗ ਕੇ ਦੂਸਰੇ ਨਵੇਂ ਬਸਤਰ ਨੂੰ ਪਹਿਨ ਲੈਂਦਾ ਹੈ, ਉਸ ਤਰ੍ਹਾਂ ਹੀ ਇਹ ਜੀਵਾਤਮਾ ਪੁਰਾਣੇ ਸਰੀਰ ਦਾ

ਤਿਆਗ ਕਰਕੇ ਹੋਰ ਨਵੇਂ ਸਰੀਰ ਨੂੰ ਪ੍ਰਾਪਤ ਹੁੰਦਾ ਹੈ।[38]

ਗੁਰੂ ਰਵਿਦਾਸ ਬਾਣੀ ਵਿਚ ਵੀ ਆਤਮਾ ਨੂੰ ਅਮਰ ਨਿਹਚਲ , ਅਬਿਨਾਸ਼ੀ ਦਸਿਆ ਗਿਆ ਹੈ। ਉਨ੍ਹਾਂ ਅਨੁਸਾਰ ਆਤਮਾ ਪੁਰਾਣੀ ਦੇਹ ਛਡ ਕੇ ਨਵੀਂ ਦੇਹ ਪ੍ਰਵੇਸ਼ ਕਰਦੀ ਹੈ ਅਤੇ ਨਾਲ ਹੀ ਉਸਨੂੰ ਆਪਣੇ ਕੀਤੇ ਕਰਮਾਂ-ਕੁਕਰਮਾਂ ਦਾ ਲੇਖਾ ਜੋਖਾ ਦੇਣਾ ਪੈਂਦਾ ਹੈ।

ਸਾਹਿਬ ਲੇਖਾ ਮਗਿਯਾ ਵਣਿਜਾਰਿਆ
ਤੂੰ ਛਾਂਡਿ ਪੁਰਾਣੀ ਦੇਹ ਵੇ ॥[39]

ਆਤਮਾ ਚੰਚਲ ਹੈ। ਮਨੁੱਖੀ ਜੀਵਨ ਦੀ ਮਿਆਦ ਦਿਨ-ਰਾਤ ਘਟਦੀ ਜਾਂਦੀ ਹੈ ਲੇਕਿਨ ਇਹ ਵੀ ਮਨੁੱਖ ਇਸ ਬਾਰੇ ਸੁਚੇਤ ਨਹੀਂ ਹੁੰਦਾ।

ਹੰਸ ਪੰਖੇਰੂ ਚੰਚਲੁ ਭਾਈ, ਸਮੁਝਿ ਪੇਖਿ ਮਨ ਮਾਂਹਿ ॥
ਪ੍ਰਤਿ ਪਲੁ ਮੀਚੁ ਗਰਾਸੈ ਦੇਹੀ, ਫੁਨਿ ਰੈਦਾਸ ਚੇਤਹੁ ਨਾਂਹਿ ॥[40]

ਇਸ ਲਈ ਗੁਰੂ ਰਵਿਦਾਸ ਜੀ ਆਤਮਾ ਦੀ ਚੰਚਲਤਾ ਨੂੰ ਕਾਬੂ ਕਰਕੇ ਥਿਰ ਰਖਣ ਦਾ ਸੰਦੇਸ਼ ਦਿੰਦੇ ਹਨ:

ਆਤਮਾ ਥਿਰ ਭਈ ਤਬ, ਸਬ ਹੀ ਨਿਧਿ ਪਾਈ ॥[41]

2. ਜੀਵ-ਨਿਰੂਪਣ:- ਤਾਤਵਿਕ ਦ੍ਰਿਸ਼ਟੀ ਤੋਂ ਆਤਮਾ ਅਤੇ ਜੀਵ ਵਿਚ ਕੋਈ ਅੰਤਰ ਨਹੀਂ। ਜੋ ਭੇਦ ਪ੍ਰਤੀਤ ਹੁੰਦਾ ਹ ਉਹ ਕੇਵਲ ਮਾਇਆ ਦੇ ਪ੍ਰਭਾਵ ਕਾਰਨ ਹੈ। ਸਤਿ ਨਿਤਯ, ਸੁਧ-ਬੁਧ ਅਤੇ ਮੁਕਤ ਸਰੂਪ ਆਤਮਾ ਹੀ ਮਾਇਆ ਦੇ ਪ੍ਰਭਾਵ ਸਦਕਾ ਆਪਣੀ ਮੂਲ ਪ੍ਰਕ੍ਰਿਤੀ ਨੂੰ ਭੁਲ ਜਾਣ ਤੇ ਜੀਵ ਕਹਿ ਕਹਿਲਾਉਂਦਾ ਹੈ। ਜਦੋਂ ਜੀਵ ਮਾਇਆ ਦਾ ਪਰਦਾ ਲਾਹ ਪਰਮਾਤਮਾ ਨਾਲ ਇਕਮਿਕ ਹੋ ਜਾਂਦਾ ਹੈ ਤਾਂ ਮੁੜ ਆਪਣਾ ਮੂਲ ਰੂਪ ਗ੍ਰਹਿਣ ਕਰ ਲੈਂਦਾ ਹੈ।

ਜਦੋਂ ਜੀਵ ਕਰਮ ਸਿਧਾਂਤ ਅਨੁਸਾਰ ਕੀਤੇ ਕਰਮਾਂ ਦਾ ਸੁਖ ਦੁਖ ਭੋਗਦਾ ਹੈ ਤਾਂ ਉਹ ਸੰਸਾਰੀ ਜੀਵ ਕਹਿਲਾਉਂਦਾ ਹੈ। ਕਰਮਾਂ ਕਾਰਨ ਹੀ ਉਹ ਅਨੇਕ ਜੂਨੀਆਂ ਵਿਚ ਜਨਮ ਲੈਂਦਾ ਹੈ ਅਤੇ ਕਰਮਾਂ ਅਨੁਸਾਰ ਹੀ ਉਹ ਸਹੀ ਮਾਰਗ ਤੇ ਚਲਦਾ ਹੈ। ਚੰਗੇ ਕਰਮਾਂ ਸਦਕਾ ਹੀ ਮਨੁੱਖ ਨੂੰ ਮਾਣਸਜਨਮ ਦੁਰਲਭ ਪ੍ਰਾਪਤ ਹੁੰਦਾ ਹੈ:

1. ਜੀਅਜੰਤ ਜਹਾਂ ਜਹਾਂ ਲਾਗੁ ॥
ਕਰਮ ਕੇ ਬਸਿ ਜਾਇ ॥[42]

2. ਦੁਲਭ ਜਨਮੁ ਪੁੰਨ ਫਲ ਪਾਇਓ[43]। ਰਾਗ ਸੋਰਠਿ

ਜੀਵ ਦੀ ਉਤਪਤੀ:- ਗੁਰੂ ਰਵਿਦਾਸ ਜੀ ਅਨੁਸਾਰ ਜੀਵ ਦੀਉਤਪਤੀ ਪਰਮ ਤੱਤ ਤੋਂ ਹੁੰਦੀ ਹੈ।

ਜੀਵ ਉਸ ਤੋਂ ਪੈਦਾ ਹੁੰਦਾ ਹੈ ਤੇ ਅੰਤ ਉਸ ਵਿਚ ਹੀ ਲੀਨ ਹੋ ਜਾਂਦਾ ਪਰੰਤੂ ਸਭ ਜੀਵ ਜੋਤਿ ਨਾਲ ਸਮ ਜੋਤਿ ਨਹੀਂ ਹੁੰਦਾ। ਕੁਝ ਆਪਣੇ ਕਰਮਾਂ ਸਦਕਾ ਤ ਵਿਵਿਧ ਜੋਨੀਆਂ ਵਿਚ ਪੈਂਦੇ ਹਨ ਭਗਤੀ ਕਰਮਾਂ ਤੇ ਚਲਣ ਵਾਲੇ ਪਰਮ ਰੂਪ ਉਸ ਵਿਚ ਵਿਲੀਨ ਹੋ ਜਾਂਦੇ ਹਨ।

ਜਹਾਂ ਕਾ ਉਪਜਯਾ ਤਹਾਂ ਵਿਲਾਇਓ ॥[44]

ਉਤਪਤੀ ਦੀ ਵਿਧੀ ਦੀ ਦ੍ਰਿਸ਼ਟੀ ਤੋਂ ਜੀਵ ਚਾਰ ਪ੍ਰਕਾਰ ਦੇ ਹਨ: ਅੰਡਜ, ਜੇਰਜ, ਸੇਤਜ, ਉਤਭੁਜ। ਗੁਰੂ ਰਵਿਦਾਸ ਜੀ ਨੇ ਜੀਵਾਂ ਦੀਆਂ ਤਿੰਨ ਜੋਨੀਆਂ ਦਾ ਵਰਨਣ ਕੀਤਾ, ਜਿਨ੍ਹਾਂ ਵਿਚ ਉਪਰੋਕਤ ਚਾਰ ਪ੍ਰਕਾਰ ਦੇ ਜੀਵ ਆ ਜਾਂਦੇ ਹਨ। ਗੁਰੂ ਜੀ ਅਨੁਸਾਰ ਉਪਰੋਕਤ ਜੋਨੀਆਂ ਵਿਚੋਂ ਮਨੁੱਖ ਦਾ ਜਨਮ ਦੁਰਲਭ ਹੈ:

ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ ॥<br>
ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ ॥[45]

ਜੀਵ ਦੇ ਤਿੰਨ ਤਾਪ ਵੀ ਮੰਨੇ ਜਾਂਦੇ ਹਨ - ਦੈਹਿਕ, ਦੈਵਿਕ ਅਤੇ ਭੌਤਿਕ । ਇਨ੍ਹਾਂ ਤੋਂ ਛੁਟਕਾਰਾ ਕੇਵਲ ਰਾਮ ਸਿਮਰਨ ਨਾਲ ਹੀ ਪ੍ਰਾਪਤ ਹੁੰਦਾ ਹੈ:

ਝੂਠੀ ਮਾਯਾ ਜਗ ਤ੍ਰਹਕਾਯਾ, ਤੌ ਤੀਨਿ ਤਾਪ ਦਹੈਰੇ ,<br>
ਕਹੈ ਰਵਿਦਾਸ ਰਾਮ ਜਪ ਰਸਨਾ, ਮਾਯਾ ਕਾਹੂ ਕੇ ਸੰਗ ਨ ਰਹੈ ਰੇ ।[46]

ਜੀਵ ਤੇ ਸਤ ਰਜ ਤਮ ਗੁਣਾਂ ਵਿਚ ਕੋਈ ਨਾ ਕੋਈ ਗੁਣ ਹਰ ਪਲ ਹਾਵੀ ਰਹਿੰਦਾ ਹੈ, ਸੰਸਾਰ ਦੇ ਕਰਤਾ ਦੇ ਭਜਨ ਨਾਲ ਹੀ ਜੀਵ ਦੀ ਇਨ੍ਹਾਂ ਤੋਂ ਨਿਵਿਰਤੀ ਹੁੰਦੀ ਹੈ।

ਸਤ ਰਜ ਤਮ ਮਾਯਾ ਧਨੀ, ਚੇਤਨ ਕੇ ਪ੍ਰਤੀਭਾਸ ॥<br>
ਕਰਤਾ ਹਰਤਾ ਜਗਤ ਕੌ, ਭਜੋ ਤਾਹਿ ਰਵਿਦਾਸ ॥[47]

<u>ਮਨੁੱਖੀ ਸਰੀਰ ਨਿਰੂਪਣ:- ਸੰਰਚਨਾ</u> - ਸੰਸਾਰੀ ਜੀਵ ਨੂੰ ਆਪਣੇ ਕੀਤੇ ਕਰਮਾਂ ਦਾ ਫਲ ਭੋਗਣ ਲਈ ਸਰੀਰ ਰੂਪੀ ਜਾਮਾ ਪ੍ਰਾਪਤ ਹੁੰਦਾ ਹੈ। ਮਨੁੱਖੀ ਸਰੀਰ ਦੀ ਉਤਪਤੀ ਆਕਾਸ਼, ਵਾਯੂ, ਅਗਨੀ, ਪਾਣੀ, ਮਿੱਟੀ ਦੇ ਪੰਜ ਤੱਤਾਂ ਦੇ ਸੰਯੋਗ ਨਾਲ ਹੁੰਦੀ ਹੈ। ਇਸਦੇ ਨੌ ਦੁਆਰੇ ਹੁੰਦੇ ਹਨ:

1. ਪੰਚ ਤਤ ਕੋ ਯਹ ਰਥ ਸਾਜਿਓ ॥<br>
ਅਰਧੇ ਉਰਧ ਨਿਵਾਸਾ ॥ [48]

2. ਜਲ ਥਲ ਬਾਓ-ਅਗਨ ਕੌ ਪੁਤਰਾ<br>
ਛਿਨ ਮਾਂਹਿ ਹੋਹਿ ਭਸਮਾਤ ॥ 49

ਗੁਰੂ ਰਵਿਦਾਸ ਜੀ ਨੇ ਵਿਗਿਆਨਕ ਦ੍ਰਿਸ਼ਟੀ ਨਾਲ ਮਨੁੱਖ ਦੀ ਅੰਦਰੂਨੀ ਬਣਤਰ ਦਾ

ਬਹੁਤ ਸੁੰਦਰ ਚਿਤਰ ਉਲੀਕਿਆ ਹੈ। ਉਨ੍ਹਾਂ ਅਨੁਸਾਰ ਮਨੁੱਖੀ ਸਰੀਰ ਦੀਆਂ ਦੀਵਾਰਾਂ ਦਾ ਪਾਣੀ ਭੌਂ ਤੋਂ ਨਿਰਮਾਣ ਹੋਇਆ ਹੈ। ਅਤੇ ਸਰੀਰ ਹਾਵਾ ਦੇ ਆਧਾਰ ਤੇ ਜੀਉਂਦਾ ਹੈ। ਇਸ ਦਾ ਨਿਰਮਾਣ ਪਿਤਾ ਦੇ ਵੀਰਜ(ਬੂੰਦ) ਅਤੇ ਮਾਤਾ ਦੇ ਰਕਤ ਦੁਆਰਾ ਹੁੰਦਾ ਹੈ। ਇਸ ਤੋਂ ਇਲਾਵਾ ਮਨੁੱਖੀ ਹੱਡੀਆਂ ਅਤੇ ਮਾਸ ਤੋਂ ਬਣਿਆ ਪਿੰਜਰ ਹੈ ਜਿਸ ਵਿਚ ਪੰਛੀ ਰੂਪੀ ਆਤਮਾ ਨਿਵਾਸ ਕਰਦੀ ਹੈ। ਮਨੁੱਖ ਹਰ ਰੋਜ਼ 21600 ਸਵਾਸ ਲੈਂਦਾ ਹੈ:-

1. ਜਲ ਕੀ ਭੀਤਿ ਪਵਨ ਕਾ ਥੰਭਾ
ਰਕਤ ਬੂੰਦ ਕਾ ਗਾਰਾ ॥
ਹਾਡ ਮਾਸ ਨਾੜੀ ਕੋ ਪਿੰਜਰ
ਪੰਖੀ ਬਸੈ ਬਿਚਾਰਾ ॥[52]

2. ਦਮ ਛੇ ਸੈ ਸਹਸ ਇਕੀਸ ਹਰ ਦਿਨ
ਖਜ਼ਨੇ ਥੈ ਜਾਹਿ ਵੇ ॥[57]

ਸਵੇਤਾਸ਼ਵਤਰ ਉਪਨਿਸ਼ਦ ਵਿਚ ਮਨੁੱਖੀ ਸਰੀਰ ਲਈ 'ਨਗਰ' ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ। ਗੁਰੂ ਰਵਿਦਾਸ ਬਾਣੀ ਵਿਚ ਵੀ ਇਸ ਦੀ ਵਰਤੋਂ ਇਨ੍ਹਾਂ ਅਰਥਾਂ ਵਿਚ ਹੀ ਹੋਈ ਹੈ।[52]

ਸਬ ਘਟ ਮੇਰਾ ਸਾਂਈਆਂ, ਜਲਵਾ ਰਹਯੌ ਦਿਖਾਈ ॥
ਰਵਿਦਾਸ ਨਗਰ ਮਾਹਿ ਰਮਿ ਰਹਯੌ, ਨ ਕੁਛ ਇਤ ਉਤ ਜਾਈ ॥[53]

ਗੀਤਾ ਵਿਚ ਲਿਖਿਆ ਹੈ ਕਿ ਮਨੁੱਖੀ ਸਰੀਰ ਦਾ ਸੁਭਾ ਹੀ ਨਸ਼ਟ ਹੋਣ ਵਾਲਾ ਹੈ। ਇਸ ਦੇ ਅਨੁਸਾਰ ਸਰੀਰ ਧਾਰੀ ਨਿਤਯ ਆਤਮਾ ਦੇ ਇਹ ਕਰਮ ਅਨੁਸਾਰ ਪ੍ਰਾਪਤ ਹੋਣ ਵਾਲੇ ਸਰੀਰ ਅੰਤ ਵਾਲੇ ਹਨ ਅਤੇ ਆਤਮਾ ਅਵਿਨਾਸ਼ੀ ਹੈ ਅਪ੍ਰਮੇਯ ਹੈ।[54]

ਗੁਰੂ ਰਵਿਦਾਸ ਬਾਣੀ ਵਿਚ ਮਨੁੱਖੀ ਸਰੀਰ ਦੀ ਨਾਸ਼ਮਾਨਤਾ ਦਾ ਵਰਣਨ ਕਈ ਥਾਵਾਂ ਤੇ ਆਉਂਦਾ ਹੈ। ਉਹ ਲਿਖਦੇ ਹਨ ਕਿ ਇਹ ਸਰੀਰ ਅੰਤ ਸਮੇਂ ਜਲ ਕੇ ਮਿੱਟੀ ਦੀ ਢੇਰੀ ਰਹਿ ਜਾਵੇਗੀ ਅਤੇ ਖਾਕ ਵਿਚ ਹੀ ਮਿਲ ਜਾਵੇਗੀ:

1. ਬੰਕ ਬਾਲ ਪਾਗ ਸਿਰ ਡੇਰੀ
ਇਹ ਤਨ ਹੋਇਗੋ ਭਸਮ ਕੀ ਢੇਰੀ ॥[55]

2. ਇਹ ਤਨੁ ਐਸਾ ਜੈਸੇ ਘਾਸ ਕੀ ਟਾਟੀ ॥
ਜਲਿ ਗਇਓ ਘਾਸੁ ਰਲਿ ਗਇਓ ਮਾਟੀ ॥[56]

3. ਅਦਵੈਤਵਾਦ ਅਨੁਸਾਰ ਆਤਮਾ ਗਿਆਨ ਰੂਪ ਹੈ, ਗਿਆਤਾ ਹੈ, ਇਹ ਨਿਤਯ, ਨਿਰਾਕਾਰ

ਅਮਰ, ਅਨੰਤ ਚੇਤੰਨ ਸਰੂਪ ਹੈ। ਇਹ ਦੁਖ ਸੁਖ ਤੋਂ ਪਰ੍ਹੇ ਹੈ। ਇਸ ਦਾ ਵਿਵਹਾਰਿਕ ਰੂਪ ਜੀਵ ਹੈ। ਸਭ ਜੀਵਾਂ ਵਿਚ ਇਕ ਹੀ ਆਤਮਾ ਹੈ।[57]

ਜੀਵ ਅਤੇ ਬ੍ਰਹਮ ਵਿਚ ਅਦਵੈਤਵਾਦ ਅਨੁਸਾਰ ਉਹੋ ਅੰਤਰ ਹੈ ਜਿਹੋ ਜਿਹਾ ਪਾਣੀ ਅਤੇ ਪਾਣੀ ਦੀਆਂ ਤਰੰਗਾਂ ਵਿਚ ਹੈ, ਸੋਨੇ ਅਤੇ ਸੋਨੇ ਤੋਂ ਬਣੇ ਗਹਿਣਿਆਂ ਵਿਚ ਹੈ। ਭਰਮਮੂਲਕ ਗਹਿਣੇ ਅਲੱਗ ਅਲੱਗ ਜਾਪਦੇ ਹਨ ਪਰੰਤੂ ਸਭ ਦਾ ਮੂਲ ਤੱਤ ਸੋਨਾ ਹੀ ਹੈ। ਪਾਣੀਆਂ ਦੀਆਂ ਤਰੰਗਾਂ ਅਤੇ ਪਾਣੀ ਦੀ ਮੂਲ ਪ੍ਰਕ੍ਰਿਤੀ ਇਕੋ ਜਿਹੀ ਹੈ ਪਰੰਤੂ ਭੌਤਿਕ ਕਾਰਨਾਂ ਕਾਰਨ ਵੱਖ ਵੱਖ ਪ੍ਰਤੀਤ ਹੁੰਦੀਆਂ ਹਨ। ਇਸੇ ਤਰ੍ਹਾਂ ਜੀਵ ਅਤੇ ਬ੍ਰਹਮ ਦੇ ਮੂਲ ਤੱਤ ਆਤਮਾ ਅਤੇ ਪਰਮਾਤਮਾ ਵਿਚ ਦਵੈਤ ਨਹੀਂ। ਗੁਰੂ ਰਵਿਦਾਸ ਜੀ ਨੇ ਵੇਦਾਂਤ ਦਾ ਸਪਸ਼ਟ ਅਨੁਕਰਣ ਕੀਤਾ ਹੈ:-

ਤੋਹੀ ਮੋਹੀ ਮੋਹੀ ਤੋਹੀ ਅੰਤਰ ਐਸਾ ॥
ਕਨਕ ਕਟਕ ਜਲ ਤਰੰਗ ਜੈਸਾ ॥ ਰਾਗ ਸੂਹੀ ॥[58]

ਇਕ ਹੋਰ ਥਾਂ ਗੁਰੂ ਰਵਿਦਾਸ ਜੀ ਨੇ ਬ੍ਰਹਮ ਅਤੇ ਆਤਮਾ ਦੀ ਸਮਾਨਤਾ ਦਰਸਾਉਣ ਲਈ ਪੱਥਰ ਅਤੇ ਪੱਥਰ ਤੋਂ ਬਣੀ ਮੂਰਤੀ ਦੀ, ਸੂਤ ਅਤੇ ਸੂਤ ਤੋਂ ਬਣੇ ਕਪੜੇ ਦੀ ਉਦਾਹਰਣ ਦਿੱਤੀ ਹੈ। ਅਗਿਆਨਤਾ ਦੇ ਹਨ੍ਹੇਰੇ ਵਿਚ ਜੀਵ ਬ੍ਰਹਮ ਤੋਂ ਆਪਣੀ ਹਸਤੀ ਅਲੱਗ ਮਹਿਸੂਸ ਕਰਦਾ ਹੈ। ਜਿਵੇਂ ਹਨ੍ਹੇਰੇ ਵਿਚ ਰੱਸੀ ਸੱਪ ਜਾਪਦੀ ਹੈ ਪਰੰਤੂ ਚਾਨਣ ਵਿਚ ਉਸ ਦਾ ਅਸਲ ਸਰੂਪ ਨਜ਼ਰ ਆਉਂਦਾ ਹੈ।

ਮਾਥੋ ਭ੍ਰਮ ਕੈਸੇ ਨ ਬਿਲਾਈ, ਤਾਥੈਂ ਦੁਤੀ ਦਰਸੈ ਆਈਂ ।।
ਕਨਕ ਕਟਕ ਸੂਤ ਪਟ ਜੁਦਾ, ਰਜ ਭੁਅੰਗ ਭ੍ਰਮ ਜੈਸਾ ॥
ਜਲ ਤਰੰਗ ਪਾਹਨ ਪਤਿਮਾ ਜਥੈ, ਬ੍ਰਹਮ ਜੀਵ ਦੁਤਿ ਐਸਾ ॥[59]

ਬ੍ਰਹਮ ਅਤੇ ਜੀਵ ਵਿਚ ਅਦਵੈਤ ਤਾਂ ਹੈ ਹੀ ਪਰੰਤੂ ਜੀਵ ਬ੍ਰਹਮ ਤੋਂ ਅਲੱਗ ਹੋ ਕੇ ਬਹੁਤ ਦੁਖੀ ਹੁੰਦਾ ਹੈ। ਜਿਵੇਂ ਮਾਇਆ ਦੇ ਭਰਮ ਕਾਰਣ ਰਾਜਾ ਸੁਪਨੇ ਵਿਚ ਭਿਖਾਰੀ ਬਨਣ ਤੇ ਬਹੁਤ ਦੁਖੀ ਹੁੰਦਾ ਹੈ ਇਸੇ ਤਰ੍ਹਾਂ ਮਨੁੱਖ ਮਾਇਆ ਦੇ ਫੰਦੇ ਵਿਚ ਫਸਿਆ ਬ੍ਰਹਮ ਤੋਂ ਆਪਣੇ ਆਪ ਨੂੰ ਅਲੱਗ ਮਹਿਸੂਸ ਕਰਦਾ ਹੈ ਅਤੇ ਪਰਮ ਤੱਤ ਤੋਂ ਵਿਛੜਨ ਕਾਰਨ ਕਸ਼ਟ ਸਹਾਰਦਾ ਹੈ:-

ਮਾਧੋ ਕਾ ਕਹੀਏ ਭ੍ਰਮ ਐਸਾ ॥
ਜੈਸਾ ਮਾਨਿਏ ਹੋਈ ਨ ਤੈਸਾ ॥
ਨਰਪਤਿ ਏਕ ਸਿੰਘਾਸਨਿ ਸੋਇਆ, ਸੁਪਨੇ ਭਇਆ ਭਿਖਾਰੀ ॥
ਅਛਤ ਰਾਜ ਬਿਛੁਰਤ ਦੁਖੁ ਪਾਇਆ, ਸੋ ਗਤਿ ਭਈ ਹਮਾਰੀ ॥ [60]

ਮਨੁੱਖ ਦਾ ਜੀਵਨ ਸੰਦੇਹ ਚਿੰਤਾ ਭਰਮ ਆਦਿ ਅਨੰਤ ਭਰਮਾਂ ਨਾਲ ਗ੍ਰਸਿਆ ਹੋਇਆ ਹੈ ਕਾਮ ਕ੍ਰੋਧ ਲੋਭ, ਮੋਹ, ਹੰਕਾਰ ਨੇ ਪ੍ਰਾਣੀ ਨੂੰ ਪੀੜਤ ਕਰਕੇ ਪ੍ਰਭੂ ਤੋਂ ਬੇਮੁਖ ਕਰ ਰਖਿਆ ਹੈ।

ਮੈਂਡਾ ਜਨਮ ਸੰਦੇ ਭਰਮ ਛੇਦਿ ਭਾਇਆ ॥
ਪੰਚ ਸੰਗੀ ਮਿਲਿ ਪੀੜਿਓ ਪ੍ਰਾਣੀਆ, ਜਾਇ ਨ ਸਕੈ ਬੈਰਾਗ ਭਾਗਾ ॥
ਭਗਤੀ ਚਾਹੰਤੇ ਤੇ ਮੋਹਿ ਦੁਖ ਬਿਆਪੇ, ਮੋਹ ਚਾਹੰਤੇ ਤੈਂ ਤਬ
ਭਗਤੀ ਜਾਇ ॥ 61

ਮਨੁੱਖ ਨੂੰ ਇਹ ਸੰਸੇ , ਭਰਮ, ਮਾਇਆ-ਜਾਲ ਵਿਰਾਸਤ ਵਿਚੋਂ ਪ੍ਰਾਪਤ ਨਹੀਂ ਹੋਏ। ਜਨਮ ਸਮੇਂ ਜੀਵ ਪ੍ਰਭੂ ਦਾ ਸਰੂਪ ਹੁੰਦਾ ਹੈ ਪਰੰਤੂ ਜਿਉਂ ਜਿਉਂ ਉਹ ਇਸ ਦੁਨੀਆਂ ਵਿਚ ਵਿਚਰਦਾ ਹੈ ਤਿਉਂ ਹੀ ਉਹ ਮਾਇਆ ਦੇ ਗੋਰਖ ਧੰਦੇ ਵਿਚ ਭਟਕ ਜਾਂਦਾ ਹੈ ਅਤੇ ਹਰ ਦਿਨ ਹਰ ਪਲ ਹਰੀ ਤੋਂ ਨਿਰੰਤਰ ਦੂਰ ਹੁੰਦਾ ਜਾਂਦਾ ਹੈ। ਗੁਰੂ ਰਵਿਦਾਸ ਜੀ ਲਿਖਦੇ ਹਨ:

ਚੰਚਲ ਮਨਵਾ ਚਹੁੰ ਦਿਸ ਧਾਵੈ,ਪਾਂਚੋ ਇੰਦ੍ਰੀ ਥਿਰ ਨ ਰਹਾਵੈ ॥
ਇਨ ਮਿਲਿ ਮੇਰੋ ਮਨ ਜੁ ਬਿਗਾਰਿਓ ਦਿਨ ਦਿਨ ਹਰਿ ਥੀ
ਸੋ ਅੰਤਰ ਪਾਰਿਓ ॥ 62

ਵਿਸ਼ਿਸ਼ਟਾਦਵੈਤਵਾਦ ਅਨੁਸਾਰ ਈਸ਼ਵਰ ਅਤੇ ਜੀਵ-ਜਗਤ ਵਿਚਾਲੇ ਉਹੋ ਸੰਬੰਧ ਜੋ ਆਤਮਾ ਅਤੇ ਸਰੀਰ ਵਿਚਾਲੇ ਹੈ। ਈਸ਼ਵਰ ਨਿਯਾਮਕ ਹੈ ਇਸ ਲਈ ਉਹ ਵਿਸ਼ੇਸ਼ਯ ਹੈ। ਚਿਤ, ਅਚਿੰਤ ਨਿਯਾਮਯ ਹਨ ਅਤੇ ਵਿਸੇਸ਼ਵ ਹਨ। ਇਸ ਤਰ੍ਹਾਂ ਚਿੱਤ, ਅਚਿਤ ਅਤੇ ਈਸ਼ਵਰ ਤ੍ਰਿਵਿਧ ਪਦਾਰਥਾਂ ਨੂੰ ਸਵੀਕਾਰਦਿਆਂ ਹੋਇਆਂ ਰਾਮਾਨੁਜ ਅਦਵੈਤ ਨੂੰ ਵੀ ਮੰਨਦੇ ਹਨ। ਇਸ ਤਰ੍ਹਾਂ ਬ੍ਰਹਮ ਅਤੇ ਜੀਵ ਵਿਚ ਵਿਸ਼ਿਸ਼ਟ ਅਦਵੈਤ ਹੈ।

ਗੁਰੂ ਰਵਿਦਾਸ ਜੀ ਵੀ ਬ੍ਰਹਮ ਤੇ ਜੀਵ ਵਿਚਲੀ ਵਿਸ਼ਿਸ਼ਟ ਅਦਵੈਤ ਨੂੰ ਮੰਨਦੇ ਹਨ। ਉਨ੍ਹਾਂ ਅਨੁਸਾਰ ਸੋਨਾ ਅਤੇ ਸੋਨੇ ਤੋਂ ਬਣੇ ਗਹਿਣਿਆਂ ਵਿਚ, ਪੱਥਰ ਅਤੇ ਉਸ ਤੋਂ ਬਣੀ ਮੂਰਤੀ ਵਿਚ ਭੇਦ ਨਾ ਹੁੰਦਿਆਂ ਹੋਇਆਂ ਵੀ ਵਿਸ਼ਿਸ਼ਟ ਸੰਬੰਧ ਹੈ ਉਹ ਹੈ ਵਿਸ਼ੇਸ਼ਯ-ਵਿਸ਼ੇਸ਼ਣ ਦਾ, ਅੰਸ਼ੀ-ਅੰਸ਼ ਦਾ:-

ਕਨਕ ਕਟਕ ਸੂਤ ਪਟ ਜੁਦਾ, ਰਜ ਭੁਅੰਗ ਭ੍ਰਮ ਜੈਸਾ ॥
ਜਲ ਤਰੰਗ ਪਾਹਨ ਪ੍ਰਤਿਮਾ ਜਯੂੰ ਬ੍ਰਹਮ ਜੀਵ ਦੁਤਿ ਐਸਾ ॥63.

ਵੇਦਾਂਤ ਅਨੁਸਾਰ ਮਨੁੱਖ ਨੂੰ ਆਪਣੇ ਕੀਤੇ ਕਰਮਾਂ ਅਨੁਸਾਰ ਮਨੁੱਖਾ ਜਨਮ ਪ੍ਰਾਪਤ ਹੁੰਦਾ ਹੈ।

ਗੁਰੂ ਰਵਿਦਾਸ਼ ਦਾ ਮੱਤ ਹੈ ਕਿ ਸਭ ਜਨਮਾਂ ਨਾਲੋਂ ਮਨੁੱਖਾ ਜਨਮ ਸਰਵੋਤਮ ਹੈ ਅਤੇ ਦੁਰਲਭ ਹੈ। ਪਰੰਤੂ ਇਹ ਮਨੁੱਖ ਦੀ ਅਗਿਆਨਤਾ ਕਾਰਣ ਬੇ ਅਰਥ ਚਲਾ ਜਾਂਦਾ ਹੈ:

1. ਦੁਰਲਭ ਜਨਮੁ ਪੁਨ ਫਲ ਪਾਇਓ, ਬਿਰਥਾ ਜਾਤ ਅਬਿਬੇਕੇ ॥[64]

2. ਮਾਨੁਖਾ ਅਵਤਾਰ ਦੁਲਭ ਤਿਹੀ ਸੰਗ ਪੋਚ ॥[65] (ਰਾਗ ਆਸਾ)

3. ਜਨਮ ਅਮੋਲ ਅਕਾਰਥ ਜਾਤਹੇ
ਚੇਤੇ ਨਹਿ ਅਲਪੁ ਮਤਿ ਮੂਰਖ
ਛਾਡਿ ਅੰਮ੍ਰਿਤ ਵਿਸ ਪਾਤਰੇ ॥[66]

ਚਾਹੇ ਬ੍ਰਹਮ ਅਤੇ ਜੀਵ ਵਿਚ ਅਦਵੈਤ ਹੈ ਜਾਂ ਵਿਸ਼ਿਸ਼ਟਾਅਦਵੈਤ, ਪਰੰਤੂ ਦਵੈਤਾਦਵੈਤ ਮੱਤ ਅਨੁਸਾਰ ਕਾਰਣ ਰੂਪ ਸਦਕਾ ਦੋਹਾਂ ਵਿਚ ਭੇਦ ਨਹੀਂ ਹੈ ਪਰੰਤੂ ਕਾਰਜ ਰੂਪ ਸਦਕਾ ਉਹ ਭਿੰਨ ਭਿੰਨ ਪ੍ਰਤੀਤ ਹੁੰਦੇ ਹਨ। ਜਿਵੇਂ ਕਾਰਣ ਰੂਪ ਵਿਚ ਸੋਨਾ ਇਕ ਹੀ ਪਦਾਰਥ ਹੈ ਪਰੰਤੂ ਕਾਰਜ ਰੂਪ ਵਿਚ ਕੁੰਡਲ, ਕਟਕ ਤੋਂ ਉਹ ਭਿੰਨ ਪ੍ਰਤੀਤ ਹੁੰਦਾ ਹੈ।[67]

4 ਦਵੈਤਾਦਵੈਤ ਮੱਤ ਅਨੁਸਾਰ ਜੀਵ ਮੁਖ ਤੌਰ ਤੇ ਦੋ ਪ੍ਰਕਾਰ ਦੇ ਹਨ:

1. ਮੁਕਤ ਜੀਵ
2. ਬੱਧ ਜੀਵ

ਗੁਰੂ ਰਵਿਦਾਸ ਬਾਣੀ ਵਿਚ ਉਪਰੋਕਤ ਦੋਨੋਂ ਪ੍ਰਕਾਰ ਦੇ ਜੀਵਾਂ ਦਾ ਵਰਨਣ ਆਉਂਦਾ ਹੈ। ਉਨ੍ਹਾਂ ਅਨੁਸਾਰ ਜੀਵ ਪ੍ਰਭੂ ਦੇ ਮੁਕਾਬਲੇ ਤੇ ਗੁਣਹੀਣ, ਸਕਿਸਤਾ, ਬੇਦਿਆਨਤ ਬਦਨਜ਼ਰ ਦਰਦਮੰਦ;, ਬੇਅਦਬ, ਬਦਬਖਤ, ਬਦਕਾਰ, ਗੁਨਹਾਗਾਰ , ਗੁਮਰਾਹ, ਕਮਦਿਲਾ, ਅਗਿਆਨੀ, ਪਤਿਤ, ਗਰੀਬ, ਬਉਰਾ, ਚੰਚਲ, ਅਚੇਤ, ਗਾਫ਼ਿਲ, ਭਰਮੀ ਆਦਿ ਬਹੁਤ ਅਵਗੁਣਾਂ ਨਾਲ ਭਰਪੂਰ ਹੈ। ਅਜਿਹੇ ਗੁਣਾਂ ਵਾਲੇ ਜੀਵ ਬੱਧ ਜੀਵ ਹਨ। ਇਹ ਮਾਇਆ ਦੇ ਬੰਧਨ ਵਿਚ ਬੱਝੇ ਵਿਸ਼ੇ-ਵਿਕਾਰਾਂ ਦਾ ਸ਼ਿਕਾਰ ਹੋਏ, ਭਰਮਾਂ ਅਤੇ ਸ਼ੰਕਿਆਂ ਦੀਆਂ ਦੀਵਾਰਾਂ ਨਾਲ ਘਿਰੇ ਹੋਏ ਖੂਹ ਦੇ ਡੱਡੂ ਦੇ ਨਿਆਈ ਅਗਿਆਨੀਆਂ ਵਾਂਗ ਦੁਖੀ ਜੀਵਨ ਬਤੀਤ ਕਰਦੇ ਹਨ। ਗੁਰੂ ਜੀ ਲਿਖਦੇ ਹਨ:

ਤੂੰ ਸੁਲਿਤਾਨ ਸੁਲਿਤਾਨਾਂ, ਬੰਦਾ ਸਕਿਸਤਾ ਅਜਾਨਾ ॥
ਮੈਂ ਬੇਦਿਆਨਤ ਬਦਨਜ਼ਰ, ਦਰਦਮੰਦ ਬਰਖੁਰਦਾਰ ॥
ਬੇਅਦਬ ਬਦਬਖਤ ਵੀਰਾਂ, ਬੇ ਅਕਿਲ ਬਦਕਾਰ ॥
ਮੈਂ ਗੁਨਹਾਗਾਰ ਗੁਮਰਾਹ ਗਾਫ਼ਿਲ ਕਮਦਿਲਾ ਕਰਤਾਰ ॥[68]

ਇਨ੍ਹਾਂ ਤੋਂ ਇਲਾਵਾ ਗੁਰੂ ਰਵਿਦਾਸ ਬਾਣੀ ਦੂਜੀ ਪ੍ਰਕਾਰ ਦੇ ਮੁਕਤ -ਜੀਵਾਂ ਦਾ ਜੀਵਨ

ਵਰਨਣ ਆਉਂਦਾ ਹੈ। ਮੁਕਤ ਜੀਵ ਅਧਿਆਤਮਕ ਜੀਵਨ ਬਿਤਾਉਂਦਾ ਹਾਂ, ਉਹ ਪ੍ਰਭੂ ਦਾ ਸਿਮਰਨ ਕਰਕੇ ਸਤਿਸੰਗਤ ਰਾਹੀਂ ਪ੍ਰਭੂ ਦੀ ਕਿਰਪਾ ਤੇ ਪਾਤਰ ਬਣਦੇ ਹਨ। ਸਾਧੂ-ਸੰਤ, ਗੁਰੂ, ਭਗਤ ਅਜਿਹੇ ਹੀ ਮੁਕਤ ਜੀਵ ਹਨ ਜਿਹੜੇ ਪ੍ਰਭੂ ਦੇ ਗੁਣਾਂ ਅਤੇ ਰੂਪ ਦੇ ਅਧਿਕਾਰੀ ਹੋ ਜਾਂਦੇ ਹਨ। ਉਹ ਸੁਚੇਤ ਸਦਗੁਣਾਂ ਦੇ ਧਾਰਨੀ ਗਿਆਨੀ ਪੁਰਖ, ਰਾਮ ਨਾਮ ਦੇ ਵਣਜਾਰੇ ਸਹਿਜ ਦਾ ਵਪਾਰ ਕਰਦੇ ਹਨ ਅਤੇ ਪਰਮ-ਰੂਪ ਨੂੰ ਪ੍ਰਾਪਤ ਕਰ ਲੈਂਦੇ ਹਨ:-

1. ਹਉ ਬਣਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇ ਰੇ ॥
ਹਉ ਬਣਜਾਰੋ ਰਾਮ ਕੋ ਸਹਜ ਕਰਿਓ ਬਾਪਾਰ ॥[69]

2. ਸੰਤ ਅਨੰਤਹਿ ਅੰਤਰ ਨਾਹੀ ॥[70]

3. ਪੰਡਿਤ ਸੂਰ ਛਤਰਪਤਿ ਰਾਜਾ ॥
ਭਗਤ ਬਰਾਬਰ ਅਉਰ ਨ ਕੋਇ ॥[71] ਰਾਗ ਬਿਲਾਵਲ ॥

ਮੁਕਤ -ਜੀਵ ਪ੍ਰਭੂ ਨਾਲ ਅਜਿਹਾ ਸੰਬੰਧ ਸਥਾਪਿਤ ਕਰ ਲੈਂਦੇ ਹਨ ਕਿ ਉਹ ਹਮੇਸ਼ਾਂ ਆਪਣੇ ਆਪ ਨੂੰ ਉਸਦੇ ਅੰਗ-ਸੰਗ ਮਹਿਸੂਸ ਕਰਦੇ ਹਨ। ਉਨ੍ਹਾਂ ਦਾ ਧਿਆਨ ਚਕੋਰ ਦੀ ਤਰ੍ਹਾਂ ਪ੍ਰੀਤਮ ਦੇ ਸਰੂਪ ਨੂੰ ਨਿਹਾਰਦਾ ਰਹਿੰਦਾ ਹੈ:

ਜਉ ਤੁਮ ਗਿਰਵਰ ਤਉ ਹਮ ਮੋਰਾ ॥
ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥
ਜਉ ਤੁਮ ਦੀਵਰਾ ਤਉ ਹਮ ਬਾਤੀ ॥
ਜਉ ਤੁਮ ਤੀਰਥ ਤਉ ਹਮ ਜਾਤੀ ॥[72] ਰਾਗ ਸੋਰਠਿ ॥

ਗੁਰੂ ਰਵਿਦਾਸ ਜੀ ਨੇ ਬੱਧ-ਜੀਵ ਦਾ ਚਿੱਤਰ ਬਹੁਤ ਸੁੰਦਰ ਉਲੀਕਿਆ ਹੈ। ਮਨੁੱਖ ਮਾਇਆ ਦੇ ਜਾਲ ਵਿਚ ਫਸਿਆ ਸੰਸਾਰਿਕ ਪ੍ਰਾਪਤੀਆਂ ਲਈ ਹਾਸੋਹੀਣਾ ਨਾਟਕ ਕਰਦਾ ਹੈ। ਜਿਥੇ ਸੰਤ ਜਨ ਸਹਿਜ ਦੇ ਵਪਾਰੀ ਹਨ ਉਥੇ ਬੱਧ ਜੀਵ ( ਮਾਟੀ ਕਾ ਪੁਤਲਾ ) ਦੁਨੀਆਂ ਦੀ ਦੌੜ ਵਿਚ ਹਿਰਸਿਆ ਨਜ਼ਰ ਆਉਂਦਾ ਹੈ। ਮਨ ਦੇ ਉਤਰਾਅ-ਚੜਾਅ ਨੇ ਉਸ ਨੂੰ ਬਉਰਾ ਬਣਾ ਦਿੱਤਾ ਹੈ:

ਮਾਟੀ ਕੋ ਪੁਤਰਾ ਕੈਸੇ ਨਚਤ ਹੈ ॥
ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ ॥ ਟੇਕ ॥
ਜਬ ਕਛੁ ਪਾਵੈ ਤਬ ਗਰਬ ਕਰਤ ਹੈ ॥
ਮਾਇਆ ਗਈ ਤਬ ਰੋਵਨੁ ਲਗਤੁ ਹੈ ॥[73]

ਇਕ ਹੋਰ ਥਾਂ ਗੁਰੂ ਜੀ ਨੇ ਪ੍ਰਭੂ ਤੋਂ ਵਿਛੜੇ ਹੋਏ ਜੀਵ ਨੂੰ ਪ੍ਰਭੂ ਨਾਲ ਉਸ ਦੀ ਨਿਕਟਤਾ ਅਤੇ ਗਹਿਰ ਗੰਭੀਰ ਨਾਤੇ ਦੇ ਮਹੱਤਵ ਨੂੰ ਦਰਸਾਉਣ ਲਈ ਦ੍ਰਿਸ਼ਟਾਂਤਾਂ ਦੀ ਭਰਮਾਰ ਲਾ ਦਿੱਤੀ ਹੈ :

ਧ੍ਰਿਗ ਧ੍ਰਿਗ ਜੀਵਣੁ ਰਾਜੇ ਰਾਮ ਬਿਨਾਂ ॥ ਟੇਕ ॥
ਦੇਹਿ ਨੈਨ ਬਿਨ, ਚੰਦ ਰੈਨ ਬਿਨ, ਜਯੂੰ ਮੀਨ ਗਹਰੁ ਜਲੈ ਬਿਨਾਂ ॥
ਹਸਤੀ ਸੁੰਡ ਬਿਨੁ ਪੰਖੀ ਪੰਖ ਬਿਨ, ਜਾਇ ਸੋਇ ਮੰਦਿਰ ਦੀਪ ਬਿਨਾ ॥
ਜਾਇਸੇ ਬ੍ਰਾਹਮਨ ਵੇਦ ਵਿਹੂਣਾ, ਤੈਸੋਈ ਪ੍ਰਾਣੀ ਤੁਝ ਨਾਮ ਬਿਨਾ ॥
ਵੇਸਵਾ ਕੂੰ ਸਤ ਕਾਕੋ ਕਹਿਏ, ਤੈਸੋਈ ਭਗਤ ਜਨ ਰਾਮ ਬਿਨਾ ॥
ਮੰਤ੍ਰ ਸੁਰਤਿ ਬਿਨੁ, ਨਾਰੀ ਕੰਤ ਬਿਨੁ, ਜਾਇਸੋਈ ਧਰਤੀ ਇੰਦ੍ਰ ਬਿਨਾਂ ॥
ਜਯੂੰ ਵ੍ਰਿਛਾ ਫਲਹਿ ਵਿਹੂਣਾ, ਤਯੋਂ ਪ੍ਰਾਣੀ ਤੁਝ ਪ੍ਰੇਮ ਬਿਨਾ ॥[74]

5 <u>ਮਨੁੱਖ ਦੀ ਸਥਿਤੀ:-</u> ਗੁਰੂ ਰਵਿਦਾਸ ਜੀ ਨੇ ਸੰਸਾਰ ਵਿਚ ਵਿਚਰਣ ਕਰ ਰਹੇ ਮਨੁੱਖ ਦੀ ਸਥਿਤੀ ਭੰਵਰੇ ਦੇ ਸਮਾਨ ਦੱਸੀ ਹੈ ਜੋ ਵਿਸ਼ਿਆਂ ਵਿਚ ਰੱਤਾ ਥਾਂ ਥਾਂ ਫੁੱਲਾਂ ਤੇ ਆਕਰਸ਼ਿਤ ਹੋਇਆ ਭਟਕਦਾ ਫਿਰਦਾ ਹੈ। ਮਨੁੱਖ ਹਿਰਨ ਦੀ ਤਰ੍ਹਾਂ ਆਪਣੇ ਅੰਦਰ ਦੀ ਅਣਮੋਲ ਕਸਤੂਰੀ ਦੀ ਪਹਿਚਾਣ ਕਰਨ ਤੋਂ ਅਸਮਰਥ ਹੋਇਆ ਜੰਗਲਾਂ ਬੇਲਿਆਂ ਵਿਚ ਪ੍ਰਭੂ ਪ੍ਰੀਤਮ ਨੂੰ ਲਭਦਾ ਫਿਰਦਾ ਹੈ। ਜਦੋਂ ਤਕ ਮਨੁੱਖ ਦਵੈਤ ਭਾਵ ਨੂੰ ਛਡ ਕੇ ਸਤਿ ਸਰੂਪ ਪਰਮਾਤਮਾ ਨੂੰ ਨਹੀਂ ਵਿਚਾਰਦਾ ਤਦ ਤਕ ਉਸ ਦਾ ਜੀਵਨ ਅਕਾਰਥ ਜਾਂਦਾ ਹੈ। ਉਹ ਅੰਮ੍ਰਿਤ ਰੂਪੀ ਪ੍ਰਭੂ ਨੂੰ ਛਡ ਕੇ ਸੰਸਾਰਿਕ ਵਿਸ਼ਿਆਂ ਦੀ ਵਿਸ਼ੁ ਨੂੰ ਚਖਦਾ ਹੈ, ਬੈਕੁੰਠ ਦੀ ਇੱਛਾ ਕਰਦਾ ਹੈ। ਪਰੰਤੂ ਉਸ ਨੂੰ ਇਸ ਥਾਂ ਉਸ ਨੂੰ ਨਰਕ ਕੁੰਡ ਦੇ ਤਿੱਖੇ ਤੇਜਧਾਰ ਮਾਰਗ ਤੋਂ ਲੰਘਣਾ ਪੈਂਦਾ ਹੈ। ਆਵਾਗਵਨ ਦੇ ਚੱਕਰ ਵਿਚ ਫਸਣਾ ਪੈਂਦਾ ਹੈ :

ਤਾਕੋ ਜਨਮ ਅਕਾਰਥ ਕਹਿਏ ॥ ਟੇਕ ॥
ਵਿਸਸਨ ਰਤੁ ਸੰਸਾ ਭ੍ਰਮੁ ਅਨਕਯੋ ॥
ਭੰਵਰ ਫੰਦ ਮੰਹੁ ਰਹਿਏ ॥ [75]

ਖੋਜਤ ਕਿਸੂੰ ਫਿਰੈ, ਤੇਰੇ ਘਟ ਮੰਹ ਸਿਰਜਨਹਾਰ ॥
ਕਸਤੂਰੀ ਮ੍ਰਿਗ ਪਾਸ ਹੈ ਰੇ ਢੂੰਢਤ ਘਾਸ ਫਿਰੈ ॥[76]

ਐਸੋਈ ਹਰਿ ਕਯੂੰ ਪਾਈਐ, ਮਨ ਚੰਚਲੁ ਰੇ ਭਾਈ ॥

..... ...... .....

ਮੂਰਿਖ ਆਪਨ ਆਪੁ ਸਮੁਝਿ ਨਹਿ, ਔਰਨਿ ਕਾ ਸਮਝਾਵੈ ॥
ਆਸ ਕਰੈ ਬੈਕੁੰਠ ਗਵਨ ਕਉ, ਚਲ ਮਨ ਕਬਹੁ ਨ ਥਿਰਾਯੋ ॥[77]

ਆਗੈ ਪੰਥ ਖਰਾ ਹੈ ਝੀਲਾਂ ਖਾਂਡੇ ਧਾਰ ਜਿਸਾ ਹੈ ਪੈਨਾ ॥
ਤਿਸ ਉਪਰਿ ਮਾਰਗ ਹੈ ਤੇਰਾ, ਪੰਥੀ ਪੰਥ ਸੰਵਾਰਿ ਸਵੇਰਾ ॥[78]

ਮਨੁੱਖੀ ਜੀਵਨ ਦੀਆਂ ਅਵਸਥਾਵਾਂ:- ਰਾਗ ਜੰਗਲੀ ਗੌੜੀ ਪਦ ਦੇ ਅੰਤਰਗਤ ਗੁਰੂ ਰਵਿਦਾਸ ਜੀ ਨੇ ਜੀਵ ਲਈ ਪ੍ਰਭੂ -ਭਗਤੀ ਦੇ ਮਹੱਤਵ ਦਾ ਪ੍ਰਤਿਪਾਦਨ ਕੀਤਾ ਹੈ ਅਤੇ ਮਨੁੱਖਾ ਜੀਵਨ ਨੂੰ ਭਿੰਨ ਭਿੰਨ ਅਵਸਥਾਵਾਂ ਵਿਚੋਂ ਵੰਡਿਆ ਹੈ। ਗੁਰੂ ਜੀ ਨੇ ਇਕ ਸਾਰਾ ਚਿਤਰਣ ਪ੍ਰਤੀਕਾਤਮਕ ਸ਼ੈਲੀ ਵਿਚ ਕੀਤਾ ਹੈ। ਮਨੁੱਖ ਦੇ ਲਈ ਵਣਜਾਰਾ ਅਤੇ ਜੀਵਨ ਲਈ ਰਾਤ(ਰੈਣ) ਦਾ ਪ੍ਰਤੀਕ ਪ੍ਰਯੋਗ ਕੀਤਾ ਹੈ। ਜਿਵੇਂ ਪ੍ਰਦੇਸ ਗਏ ਵਣਜਾਰੇ ਨੂੰ ਆਪਣੇ ਸਾਮਾਨ ਦੀ ਰਖਿਆ ਲਈ ਸਾਰੀ ਰਾਤ ਜਾਗਣਾ ਜ਼ਰੂਰੀ ਹੈ ਉਸੇ ਤਰ੍ਹਾਂ ਮਨੁੱਖ ਨੂੰ ਆਪਣਾ ਅਣਮੋਲ ਜਨਮ ਸਫਲ ਬਨਾਉਣ ਲਈ ਵਿਸ਼ਿਆ-ਵਿਕਾਰਾਂ ਪ੍ਰਤੀ ਸੁਚੇਤ ਰਹਿਣਾ ਅਤੇ ਪ੍ਰਭੂ ਦੇ ਚਰਨਾਂ ਵਿਚ ਚਿੱਤ ਲਾਉਣਾ ਪਰਮ ਆਵੱਸ਼ਕ ਹੈ।

ਗੁਰੂ ਰਵਿਦਾਸ ਜੀ ਨੇ ਜੀਵਨ ਕਾਲ ਨੂ ਚਾਰ ਪਹਿਰਾਂ ਵਿਚ ਵੰਡ ਕੇ ਮਨੁੱਖ ਨੂੰ ਇਸ ਦੇ ਮਹੱਤਵ ਸੰਬੰਧੀ ਸੁਚੇਤ ਕੀਤਾ ਹੈ। ਗੁਰੂ ਜੀ ਨੇ ਰਾਤ ਦੇ ਚਾਰ ਪਹਿਰਾਂ ਦੀ ਤੁਲਨਾ ਮਨੁੱਖ ਦੀ ਉਮਰ ਦੇ ਚਾਰ ਭਾਗਾਂ ਨਾਲ ਕੀਤੀ ਹੈ।

1. ਬਾਲ ਅਵਸਥਾ:- ਗੁਰੂ ਜੀ ਅਨੁਸਾਰ ਜੀਵਨ ਦੇ ਪਹਿਲੇ ਪੜਾਅ ਵਿਚ ਮਨੁੱਖ ਇਸ ਸੰਸਾਰ ਵਿਚ ਜੀਵਨ ਧਾਰਦਾ ਹੈ ਪਰੰਤੂ ਆਪਣੀ ਬਾਲਕ ਬੁੱਧੀ ਸਦਕਾ ਸੰਸਾਰਿਕ ਮੋਹ-ਮਾਇਆ ਵਿਚ ਫਸ ਜਾਂਦਾ ਹੈ ਅਤੇ ਸਿਰਜਨਹਾਰ ਨੂੰ ਚਿਤ ਚੇਤੇ ਹੀ ਨਹੀਂ ਰਖਦਾ। ਉਮਰ ਦੇ ਵੀਹ ਸਾਲ ਗੁਜਾਰ ਦਿੰਦਾ ਹੈ ਪਰ ਫਿਰ ਵੀ ਨਿਆਣਾ ਬਣਿਆ ਰਹਿੰਦਾ ਹੈ ਅਤੇ ਆਪਣੇ ਫਰਜ਼ ਨੂੰ ਸਮਝਣ ਤੋਂ ਅਸਮਰਥ ਰਹਿੰਦਾ ਹੈ:

ਪਹਲੇ ਪਹਰੈ ਰੈਣਿ ਦੈ ਬਣਿਜਾਰਿਅਯਾ, ਤੈ ਜਨਮ ਲੀਯਾ ਸੰਸਾਰ ਵੇ ॥
ਸੇਵਾ ਚੂਕੇ ਰਾਮ ਕੀ ਬਣਿਜਾਰਿਯਾ, ਤੇਰੀ ਬਾਲਕ ਬੁਧਿ ਗੰਵਾਰ ਵੇ ॥ਟੇਕ ॥
ਬਾਲਕ ਬੁਧਿ ਗੰਵਾਰ ਨ ਚੇਤੇਯ, ਭੁਲਾ ਮਾਯਾ ਜਾਲ ਵੇ ॥
ਕਹਾਂ ਹੋਈ ਪੀਛੇ ਪਛਿਤਾਯੇ, ਜਲ ਪਹਲੀ ਨ ਬਾਂਧੀ ਪਾਲ ਬੇ ॥
ਬੀਸ ਬਰਸ ਕਾ ਭਯਾ ਅਯਾਨਾ, ਥੰਭਿ ਨ ਸਕਯਾ ਭਾਰ ਬੇ ॥
ਜਨ ਰਵਿਦਾਸ ਕਹੇ ਬਣਿਜਾਰਿਆ, ਤੈਂ ਜਨਮ ਲੀਯਾ ਸੰਸਾਰ ਬੇ॥੧ ॥[79]

2. ਜਵਾਨੀ ਅਵਸਥਾ:- ਗੁਰੂ ਜੀ ਅਨੁਸਾਰ ਦੂਜਾ ਪਹਿਰ ਜਵਾਨੀ ਦੇ ਤਾਣ ਵਾਲਾ ਹੁੰਦਾ ਹੈ। ਇਸੇ ਤਾਣ ਅਤੇ ਮਾਣ ਵਿਚ ਮਨੁੱਖ ਚੰਗੇ ਤੋਂ ਮੰਦੇ ਕੰਮਾਂ ਵਿਚ ਵਿਤਕਰਾ ਵੀ ਨਹੀਂ ਕਰ ਸਕਦਾ। ਉਹ ਪ੍ਰਭੂ-ਸਿਮਰਨ ਦੀ ਥਾਂ ਅਵਗੁਣਾਂ ਵਿਚ ਫਸ ਜਾਂਦਾ ਹੈ ਅਤੇ ਇਸ ਤਰ੍ਹਾਂ ਜਵਾਨੀ ਦਾ ਸਮਾਂ ਵੀ ਵਿਅਰਥ ਗੁਆ ਦਿੰਦਾ ਹੈ:

ਦੂਜੇ ਪਹਰੈ ਰੈਣਿ ਦੇ ਬਣਿਜਾਰਿਯਾ ਤੇ ਲੇਇ ਨ ਸਕਯਾ ਨਾਂਵਬੇ ॥

ਨਾਂਵ ਨ ਲੀਆ ਔਗੁਣ ਕੀਆ, ਇਸ ਜੋਬਨ ਕੈ ਤਾਣ ਵੇ।
ਅਪਨੀ ਪਰਾਈ ਗਿਨਿ ਨ ਕਾਸੀ, ਮੰਦੇ ਕਰਮ ਕਮਾਣ ਬੇ ।।
ਸਾਹਿਬ ਲੇਖਾ ਲੇਸੀ, ਤੂੰ ਭਰਿ ਦੇਸੀ ਭੀੜ ਪਰੇ ਤੁਝ ਤਾਂਹ ਬੇ ॥
ਜਨ ਰਵਿਦਾਸ ਕਹੇ ਬਣਿਜਾਰਿਆ ਤੂੰ ਨਿਰਪਤ ਚਾਲਯਾ ਛਾਂਹ ਬੇ ॥[80]

3. ਪ੍ਰੌੜ ਅਵਸਥਾ:- ਜੀਵਨ ਦੇ ਤੀਸਰੇ ਪਹਿਰ ਵਿਚ ਮਨੁੱਖ ਦੀ ਉਮਰ ਦਾ ਜਵਾਨੀ ਅਤੇ ਤਾਕਤ ਦਾ ਸੂਰਜ ਢਲਣ ਲਗਦਾ ਹੈ। ਹੱਡ ਮਾਸ ਪ੍ਰਾਣ ਢਿਲੇ ਪੈ ਜਾਂਦੇ ਹਨ। ਇਸ ਅਵਸਥਾ ਵਿਚ ਵੀ ਮਨੁੱਖ ਘਟਿ ਘਟਿ, ਵਿਆਪੀ ਨੂੰ ਪਹਿਚਾਨਣ ਤੋਂ ਅਸਮਰਥ ਰਹਿੰਦਾ ਹੈ। ਉਸਦੇ ਜੀਵਨ ਦੇ ਇਸ ਪਹਿਰ ਵਿਚ ਵੀ ਸੁਕ੍ਰਿਤ, ਚੰਗੇ ਕਰਮ ਅਤੇ ਨੇਕੀ ਆਦਿ ਤੋਂ ਮੂੰਹ ਮੋੜੀ ਰਖਿਆ। ਇਸ ਤਰ੍ਹਾਂ ਉਹ ਪ੍ਰਭੂ-ਸਿਮਰਨ ਅਤੇ ਸੁਕਰਮਾਂ ਤੋਂ ਬਿਨਾਂ ਜੀਵਨ ਦਾ ਇਹ ਪਹਿਰ ਵੀ ਵਿਅਰਥ ਗੁਆ ਦਿੰਦਾ ਹੈ।

ਤੀਜੇ ਪਹਰੈ ਰੈਂਣਿ ਦੇ ਬਣਿਜਾਰਿਯਾ, ਤੇਰੇ ਢਿਲਹੇ ਪਰੇ ਪਿਰਾਨ ਬੇ ॥
ਕਾਯਾ ਰੁ ਵਾਨੀ ਨ ਕਰੈ ਬਣਿਜਾਰਿਯਾ, ਘਟ ਭੀਤਰਿ ਬਸੈ ਕੁੰ ਜਾਣ ਬੇ ॥
ਏਕ ਬਸੈ ਕੂੰ ਜਾਣ ਕਾਯਾ, ਗੜ੍ਹ ਭੀਤਰਿ, ਪਹਲਾ ਜਨਮ ਗੰਵਾਯ ਬੇ ॥
ਅਬਕੀ ਬੇਰ ਨ ਸੁਕ੍ਰਿਤ ਕੀਯੋ, ਬਹੁਰਿ ਨ ਖਹੁ ਗਾਝ ਪਾਯ ਬੇ ॥
ਕੰਪੀ ਦੇਹ ਕਾਯ ਗੜ੍ਹ ਛੀਨਾ, ਫਿਰਿ ਲਾਗਾ ਪਛਿਤਾਣ ਬੇ ॥
ਜਨ ਰਵਿਦਾਸ ਕਹੈ ਵਣਿਜਾਰਿਆ ਤੇਰੇ ਢਿਲਹੇ ਪਰੈ ਪਿਰਾਣ ਬੇ ॥

4. ਬਿਰਧ ਅਵਸਥਾ:- ਜੀਵਨ ਦੇ ਚੌਥੇ ਅਤੇ ਅੰਤਲੇ ਪਹਿਰ ਵਿਚ ਮਨੁੱਖ ਦਾ ਸਰੀਰ ਥਰ ਥਰ ਕੰਬਣ ਲਗਦਾ ਹੈ। ਇਸ ਤੋਂ ਪਹਿਲੀ ਉਮਰ ਵਿਚ ਉਸਨੇ ਤਾਕਤ ਹੁੰਦਿਆ ਹੋਇਆਂ ਵੀ ਪ੍ਰਭੂ-ਸਿਮਰਨ ਨਹੀਂ ਕੀਤਾ। ਹੁਣ ਉਹ ਚਾਹੁੰਦਾ ਹੋਇਆ ਵੀ ਸਰੀਰ ਤੇ ਹੜਾਂ ਦੀ ਨਤਾਕਤੀ ਕਾਰਣ ਨਾਮ-ਜਪਣ ਲਈ ਸਮਾਧੀ ਲਗਾਉਣ ਤੋਂ ਅਸਮਰਥ ਹੋ ਜਾਂਦਾ ਹੈ। ਹੁਣ ਪ੍ਰਭੂ-ਸ਼ਾਸਕ ਚੰਗੇ-ਮੰਦੇ ਕਰਮਾਂ ਦਾ ਲੇਖਾ ਜੋਖਾ ਲੈਣ ਲਈ ਆਪਣਾ ਪੁਰਾਣਾ ਘਰ ਛਡ ਕੇ ਆਪਣੇ ਕੋਲ ਖਲਾ ਲੈਂਦਾ ਹੈ। ਇਸ ਪਹਿਰ ਦੇ ਖਤਮ ਹੁੰਦਿਆਂ ਹੀ ਉਸ ਦੀ ਜੀਵਾਤਮਾ ਰੂਪੀ ਨਿਰਗੁਣ ਬਲਦ ਨੂੰ ਬਿਖਮ ਮਾਰਗ ਤੇ ਗਵਨ ਕਰਨਾ ਪੈਂਦਾ ਹੈ। ਉਸ ਸਮੇਂ ਨਿਮਾਣੀ-ਨਿਤਾਣੀ ਜੀਵਾਤਮਾ ਪਛਤਾਉਂਦੀ ਹੈ ਕਿ ਉਸਨੇ ਐਵੇਂ ਹੀ ਦੁਨੀਆਂ ਨਾਲ ਸਨੇਹ ਪਾਇਆ :-

ਚੌਥੇ ਪਹਰੈ ਰੈਣਿ ਦੈ ਬਣਿਜਾਰਿਯਾ ਤੇਰੀ ਕੰਪਨ ਲਾਗੀ ਦੇਹ ਬੇ ॥
ਸਾਹਿਬ ਲੇਖਾ ਮੰਗਿਯਾ ਬਣਿਜਾਰਿਆ, ਤੂੰ ਛਾਡਿ ਪੁਰਾਨੀ ਦੇਹ ਬੇ ॥
ਜਮ ਕੇ ਆਯੇ ਬਾਂਧਿ ਚਲਾਯੇ, ਬਾਰੀ ਪੁਗੀ ਤੇਰਿਯਾ ਬੇ ॥
ਪੰਥਿ ਚਲੈ ਅਕੇਲਾ ਹੋਯ ਦਹੇਲਾ ਕਾ ਸਯੋ ਕਹੇ ਸਨੇਹ ਬੇ ।।

ਜਨ ਰਵਿਦਾਸ ਕਹੇ ਖਣਿਜਾਗਰਿਯਾ, ਤੇਰੀ ਕੰਪਨ ਲਾਗੀ ਦੇਹ ਬੇ ॥4॥[82]

ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਰਵਿਦਾਸ ਜੀ ਨੇ ਆਤਮਾ ਅਤੇ ਪਰਮਾਤਮਾ ਨੂੰ ਇਕ ਰੂਪ ਕਿਹਾ ਹੈ। ਮਨੁੱਖੀ ਆਤਮਾ ਜੋਤਿ-ਸਰੂਪ ਹੈ। ਇਹ ਸ਼ੁਧ ਅਤੇ ਮੁਕਤ ਸਰੂਪ ਹੈ। ਤਾਤਵਿਕ ਦ੍ਰਿਸ਼ਟੀ ਤੋਂ ਆਤਮਾ ਅਤੇ ਜੀਵ ਵਿਚ ਕੋਈ ਭੇਦ ਨਹੀਂ। ਜੋ ਭੇਦ ਦਿਸਦਾ ਹੈ, ਉਹ ਕੇਵਲ ਮਾਇਆ ਦੇ ਪ੍ਰਭਾਵ ਕਾਰਨ ਹੈ। ਮਨੁੱਖ ਦੀ ਉਤਪਤੀ ਪਰਮਤਤ ਤੋਂ ਹੁੰਦੀ ਹੈ ਅਤੇ ਅੰਤ ਨੂੰ ਆਤਮਾ ਉਸ ਵਿਚ ਹੀ ਲੀਨ ਹੋ ਜਾਂਦੀ ਹੈ। ਮਨੁੱਖੀ ਸਰੀਰ ਦੀ ਉਤਪਤੀ ਪੰਜ ਭੌਤਿਕ ਤੱਤਾਂ ਤੋਂ ਹੁੰਦੀ ਹੈ। ਗੁਰੂ ਰਵਿਦਾਸ ਜੀ ਨੇ ਵਿਗਿਆਨਕ ਦ੍ਰਿਸ਼ਟੀ ਤੋਂ ਵੀ ਮਨੁੱਖ ਦੀ ਸੰਰਚਨਾ ਅਤੇ ਉਤਪਤੀ ਦਾ ਵਰਨਣ ਕੀਤਾ ਹੈ। ਉਨ੍ਹਾਂ ਅਨੁਸਾਰ ਮਨੁੱਖੀ ਸਰੀਰ ਨਾਸ਼ਮਾਨ ਹੈ। ਗੁਰੂ ਜੀ ਅਨੁਸਾਰ ਬ੍ਰਹਮ ਅਤੇ ਜੀਵ ਵਿਚ ਵਿਸ਼ਿਸ਼ਟ ਅਦਵੈਤ ਹੈ। ਸੋਨਾ ਅਤੇ ਉਸ ਤੋਂ ਬਣੇ ਗਹਿਣੇ ਜਾਂ ਪਾਣੀ ਤੇ ਪਾਣੀ ਤੋਂ ਉਪਜੀਆਂ ਲਹਿਰਾਂ ਵਿਚ ਭੇਦ ਨਾ ਹੁੰਦਿਆਂ ਹੋਇਆਂ ਵੀ ਵਿਸ਼ਿਸ਼ਟ ਸੰਬੰਧ ਹੈ। ਉਨ੍ਹਾਂ ਨੇ ਦੋ ਪ੍ਰਕਾਰ ਦੇ ਜੀਵਾਂ ਦਾ ਵਰਨਣ ਕੀਤਾ ਹੈ। ਬੱਧ ਜੀਵ-ਕਰਮਾਂ ਦੇ ਬੰਧਨ ਵਿਚ ਫਸੇ ਆਵਾਗਵਨ ਦੇ ਚੱਕਰ ਵਿਚ ਭਟਕਦੇ ਹਨ। ਮੁਕਤ ਜੀਵ ਪਰਮਰੂਪਤਾ ਪ੍ਰਾਪਤ ਕਰ ਲੈਂਦੇ ਹਨ ਗੁਰੂ ਜੀ ਅਨੁਸਾਰ ਸੰਸਾਰਿਕ ਜੀਵਾਂ ਦੀ ਸਥਿਤੀ ਦੁਖਮਈ ਹੈ। ਮਨੁੱਖ ਭੌਰੇ ਵਾਂਗੂੰ ਵਿਸ਼ਿਆਂ-ਵਿਕਾਰਾਂ ਕਾਰਨ ਥਾਂ ਥਾਂ ਭਟਕਦਾ ਹੈ ਇਸ ਤਰ੍ਹਾਂ ਉਹ ਹਿਰਨ ਵਾਂਗੂੰ ਆਪਣੇ ਅੰਦਰ ਦੀ ਅਨਮੋਲ ਕਸਤੂਰੀ ਦੀ ਪਹਿਚਾਣ ਕਰਨ ਤੇ ਅਸਮਰੱਥ ਰਹਿੰਦਾ ਹੈ। ਗੁਰੂ ਜੀ ਅਨੁਸਾਰ ਕੇਵਲ ਪ੍ਰਭੂ ਦੀ ਮਿਹਰ ਅਤੇ ਭਗਤੀ ਨਾਲ ਹੀ ਇਹ ਭਟਕਣ ਖਤਮ ਹੁੰਦੀ ਹੈ।

***

## ਸ੍ਰਿਸ਼ਟੀ ਚਿਤਰਣ

ਗੁਰੂ ਰਵਿਦਾਸ ਬਾਣੀ ਵਿਚ ਕਈ ਥਾਵਾਂ ਤੇ ਸ੍ਰਿਸ਼ਟੀ ਸੰਬੰਧੀ ਵਿਚਾਰ ਵਿਅਕਤ ਹਨ। ਮੁਢ ਕਦੀਮ ਤੋਂ ਸੰਤਾਂ-ਮਹਾਤਮਾਂ ਰਿਸ਼ੀਆਂ ਮੁਨੀਆਂ ਯੋਗੀਆਂ, ਤਪੀਆਂ, ਦਰਸ਼ਨਿਕਾਰਾਂ, ਸਾਹਿਤਕਾਰਾਂ ਸ੍ਰਿਸ਼ਟੀ ਸੰਬੰਧੀ ਜਾਨਣ ਦੀ ਕੋਸ਼ਿਸ਼ ਕੀਤੀ। ਹਰ ਯੁਗ ਵਿਚ ਕੁਝ ਪ੍ਰਸ਼ਨ ਮਨੁੱਖ ਦੇ ਮਨ ਵਿਚ ਪੈਦਾ ਹੁੰਦੇ ਰਹੇ ਹਨ। ਜਿਵੇਂ ਸੰਸਾਰ ਦੀਉਤਪਤੀ ਕਿਵੇਂ ਹੋਈ, ਕਿਸ ਤਰ੍ਹਾਂ ਹੋਈ। ਇਸ ਦਾ ਸਰੂਪ ਕੀ ਹੈ? ਇਸ ਦੇ ਪਿਛੇ ਕਾਰਜ ਸ਼ਕਤੀ ਹੈ ਜਾਂ ਨਹੀਂ ਆਦਿ ਸ੍ਰਿਸ਼ਟੀ ਦੇ ਆਦਿ ਸੰਬੰਧੀ ਸਭ ਦਾਰਸ਼ਨਿਕ ਇਕ ਮੱਤ ਨਹੀਂ ਹਨ।

ਸ੍ਰਿਸ਼ਟੀ ਦੀ ਉਤਪਤੀ ਸੰਬੰਧੀ ਵਿਚਾਰ ਵੇਦਾਂ ਵਿਚ ਵੀ ਪ੍ਰਾਪਤ ਹਨ। ਇਸ ਵਿਚ ਇਕ ਪਰਜਾਪਤੀ ਦੀ ਉਦਭਾਵਨਾ ਕੀਤੀ ਗਈ ਹੈ। ਜਿਸਦਾ ਸਰੀਰ ਨਸ਼ਟ ਹੋਣ ਤੇ ਅੰਨ ਦੇ ਪੈਦਾ ਹੋਣ ਦੀ ਕਲਪਨਾ ਕੀਤੀ ਗਈ ਹੈ।[1] ਕਿਸੇ ਨੇ ਜਲ, ਅਗਨੀ, ਸੋਮ, ਇੰਦਰ, ਵਰੁਣ ਦੁਆਰਾ ਸ੍ਰਿਸ਼ਟੀ ਦੀ ਉਤਪਤੀ ਕੰਨੀ ਹੈ। ਰਿਗਵੇਦ ਦੇ ਨਾਸਦੀਯ ਸੂਕਤ ਤੋਂ ਸਪਸ਼ਟ ਪਤਾ ਲਗਦਾ ਹੈ ਕਿ ਸ੍ਰਿਸ਼ਟੀ ਦੇ ਆਰੰਭ ਵਿਚ ਇਕ ਕੋਈ ਅਵਿਅਕਤ ਚੇਤਨ ਸੀ ਜਿਸ ਤੋਂ ਕਾਲ-ਅੰਤਰ ਵਿਚ ਸ੍ਰਿਸ਼ਟੀ ਦੀ ਅਭਿਵਿਅਕਤੀ ਹੋਈ। ਉਸ ਅਵਿਅਕਤ ਚੇਤਨ ਨੂੰ 'ਤਪਸ' ਕਿਹਾ ਗਿਆ ਹੈ। ਅਸਲ ਵਿਚ ਇਹ ਸ਼ਕਤੀ ਸਰਵਿਆਪੀ ਹੈ। ਇਸ ਤੋਂ ਹੀ ਗਿਆਨ ਸ਼ਕਤੀ, ਇੱਛਾ ਸ਼ਕਤੀ ਅਤੇ ਕ੍ਰਿਆ ਸ਼ਕਤੀ ਦੀ ਅਭਿਵਿਅਕਤੀ ਹੁੰਦੀ ਹੈ।[2]

ਉਪਨਿਸ਼ਦਾਂ ਵਿਚ ਵੀ ਸ੍ਰਿਸ਼ਟੀ ਦੀ ਪ੍ਰਕਿਰਿਆ ਦਾ ਵਰਣਨ ਹੈ। ਉਪਨਿਸ਼ਦਾਂ ਅਨੁਸਾਰ ਸ੍ਰਿਸ਼ਟੀ ਦੇ ਆਦਿ ਵਿਚ ਕੁਝ ਵੀ ਨਹੀਂ ਸੀ। ਕੇਵਲ ਮੌਤ ਸੀ। ਬਾਅਦ ਵਿਚ ਮਨ, ਜਲ, ਪ੍ਰਕਾਸ਼ (ਤੇਜਸ) ਅਤੇ ਅੰਤ ਵਿਚ ਪਰਜਾਪਤੀ ਦੀ ਸ੍ਰਿਸ਼ਟੀ ਹੋਈ। ਬ੍ਰਿਹਦਾਰਣਯਕ ਅਨੁਸਾਰ ਸਭ ਤੋਂ ਪਹਿਲਾਂ ਪੁਰਸ਼ ਤੇ ਬਾਅਦ ਵਿਚ ਇਸਤਰੀ ਦਾ ਸਰੂਪ ਉਤਪੰਨ ਹੋਇਆ ਅਤੇ ਦੋਨਾਂ ਤੋਂ ਵਿਸ਼ਵ ਦੀ ਸ੍ਰਿਸ਼ਟੀ ਹੋਈ।[3] ਛਾਂਦੋਗਯ ਉਪਨਿਸ਼ਦ ਅਨੁਸਾਰ ਆਕਾਸ਼ ਤੋਂ ਸ੍ਰਿਸ਼ਟੀ ਹੁੰਦੀ ਹੈ ਅਤੇ ਉਸ ਵਿਚ ਹੀ ਜਗਤ ਦਾ ਲੈਅ ਹੋ ਜਾਂਦਾ ਹੈ।[4] ਇਨ੍ਹਾਂ ਸਭ ਤੋਂ ਪਤਾ ਚਲਦਾ ਹੈ ਕਿ ਸ੍ਰਿਸ਼ਟੀ ਦੇ ਆਦਿ ਵਿਚ ਅਵਿਅਕਤ ਰੂਪ ਸੀ, ਉਸ ਤੋਂ ਹੀ ਵਿਅਕਤ ਰੂਪ ਵਿਚ ਜਗਤ ਦੀ ਸ੍ਰਿਸ਼ਟੀ ਹੋਈ।[5]

ਗੀਤਾ ਅਨੁਸਾਰ ਸ੍ਰਿਸ਼ਟੀ ਦੀ ਉਤਪਤੀ ਭਗਵਾਨ ਤੋਂ ਹੋਈ ਹੈ। ਗੀਤਾ ਵਿਚ ਵਰਣਨ ਹੈ ਕਿ ਮੈਂ ਸੰਪੂਰਣ ਜਗਤ ਦੀ ਉਤਪਤੀ ਅਤੇ ਪ੍ਰਲੈ ਦਾ ਸਥਾਨ ਹਾਂ।[6] ਭਗਵਾਨ ਦਾ ਕਹਿਣਾ ਹੈ ਕਿ ਜਗਤ ਦੀ ਸਭ ਜੜ੍ਹ ਅਤੇ ਚੇਤਨ ਵਸਤੂਆਂ ਪੁਰਸ਼ੋਤਮ ਦੇ ਸਰੂਪ ਹਨ।[7] ਅਗੇ ਵਰਣਨ ਹੈ ਕਿ ਕਲਪ ਦੇ ਅੰਤ ਵਿਚ ਸਾਰੇ ਭੂਤ ਮੇਰੀ ਪ੍ਰਕ੍ਰਿਤੀ ਨੂੰ ਪ੍ਰਾਪਤ ਹੁੰਦੇ ਹਨ ਅਤੇ ਕਲਪ ਦੇ ਆਦਿ ਵਿਚ ਮੈਂ ਪੁਨਹ ਉਨ੍ਹਾਂ ਨੂੰ ਉਤਪੰਨ ਕਰਦਾ ਹਾਂ।[8]

ਜੈਨਮੱਤ ਅਨੁਸਾਰ ਵਿਭਿੰਨ ਤਰ੍ਹਾਂ ਦੇ ਦ੍ਰਵਾਂ ਦੇ ਸੰਯੋਗ ਤੋਂ ਸੰਸਾਰ ਦੀ ਸ੍ਰਿਸ਼ਟੀ ਹੁੰਦੀ ਹੈ। ਇਨ੍ਹਾਂ ਅਨੁਸਾਰ ਸੰਸਾਰ ਨਿਤਯ ਵੀ ਹੈ ਅਤੇ ਪਰਿਵਰਤਨਸ਼ੀਲ ਵੀ ਹੈ। ਸੰਸਾਰ ਵਿਚ ਆਮ ਤੌਰ ਤੇ ਪਰਿਵਰਤਨ ਹੁੰਦਾ ਰਹਿੰਦਾ ਹੈ ਇਸ ਲਈ ਹੈ ਪਰਿਵਰਤਨਸ਼ੀਲ। ਕਿਉਂਕਿ ਦ੍ਰਿਵਯ ਦੇ ਗੁਣ ਨਹੀਂ ਬਦਲਦੇ ਇਸ ਲਈ ਇਸ ਤੋਂ ਨਿਰਮਾਣ ਹੋਣ ਕਾਰਣ ਇਹ ਨਿਤਯ ਹੈ।

ਬੁੱਧ ਮੱਤ ਵਾਦੀ ਜਗਤ ਨੂੰ ਸੁਤੰਤਰ ਸੱਤਾ ਮੰਨਦੇ ਹਨ ਅਤੇ ਨਾਲ ਹੀ ਇਸ ਨੂੰ ਪਰਿਵਰਤਨਸ਼ੀਲ ਵੀ ਮੰਨਦੇ ਹਨ। ਉਨ੍ਹਾਂ ਅਨੁਸਾਰ ਹਰ ਇਕ ਵਸਤੂ ਕਿਸੇ ਕਾਰਣ ਤੋਂ ਉਤਪੰਨ ਹੁੰਦੀ ਹੈ। ਇਸ ਲਈ ਸੰਸਾਰ ਵਿਚ ਕੋਈ ਵਸਤੂ ਨਿਤਯ ਨਹੀਂ ਹੈ ਸਭ ਵਸਤੂਆਂ ਪਰਿਵਰਤਨਸ਼ੀਲ ਹਨ।[9]

ਚਾਰਵਾਕ-ਦਰਸ਼ਨ ਦੇ ਸਿਧਾਂਤ ਅਨੁਸਾਰ ਪ੍ਰਿਥਵੀ ਜਲ, ਵਾਯੂ ਅਤੇ ਪ੍ਰਕਾਸ਼(ਤੇਜ) ਇਹ ਚਾਰ ਪਦਾਰਥ ਸੰਸਾਰ ਵਿਚ ਪ੍ਰਮੁੱਖ ਮੰਨੇ ਜਾਂਦੇ ਹਨ। ਇਨ੍ਹਾਂ ਤੋਂ ਹੀ ਜਗਤ ਦੀ ਹਰ ਇਕ ਵਸਤੂ ਬਣਦੀ ਹੈ। ਇਹ ਲੋਕ ਪ੍ਰਲੈ ਵਿਚ ਵਿਸ਼ਵਾਸ ਨਹੀਂ ਰਖਦੇ। ਇਨ੍ਹਾਂ ਅਨੁਸਾਰ ਸ੍ਰਿਸ਼ਟੀ ਦੇ ਨਿਰਮਾਣ ਲਈ ਈਸ਼ਵਰ ਇੱਛਾ ਜਾਂ ਅਦ੍ਰਿਸ਼ਟ ਆਦਿ ਨੂੰ ਮੰਨਣ ਦੀ ਜ਼ਰੂਰਤ ਨਹੀਂ ਕਿਉਂਕਿ ਸ੍ਰਿਸ਼ਟੀ ਆਪਣੇ ਆਪ ਜਾਂ ਮਾਤਾ ਪਿਤਾ ਦੀ ਪਰੰਪਰਾ ਨਾਲ ਹੋ ਜਾਂਦੀ ਹੈ।[10]

ਨਿਆਇ ਦਰਸ਼ਨ ਅਨੁਸਾਰ ਹਰ ਕੰਮ ਦੇ ਕਰਨ ਵਾਲਾ ਕਰਤਾ ਹੁੰਦਾ ਹੈ। ਉਸੇ ਤਰ੍ਹਾਂ ਇਹ ਜਗਤ ਵੀ ਇਕ ਕਾਰਜ ਹੈ ਇਸ ਨੂੰ ਉਤਪੰਨ ਕਰਨ ਵਾਲਾ ਸਾਧਾਰਣ ਪੁਰਸ਼ ਨਹੀਂ ਹੋ ਸਕਦਾ। ਇਸ ਲਈ ਇਨ੍ਹਾਂ ਅਨੁਸਾਰ ਜਗਤ ਦਾ ਕਰਤਾ ਸਰਵੱਗ ਈਸ਼ਵਰ ਹੈ।[11] ਈਸ਼ਵਰ ਵਿਸ਼ਵ ਦਾ ਨਿਰਮਾਣ, ਪਰਮਾਣੂਆਂ ਇਕ ਕਾਲ, ਆਕਾਸ਼ ਮਨ, ਆਤਮਾ ਆਦਿ ਤੋਂ ਕਰਦਾ ਹੈ। ਉਪਾਦਾਨਾਂ ਤੋਂ ਕੀਤਾ ਹੈ। ਜੀਵ ਆਪਣੇ ਆਪਣੇ ਕਰਮਾਂ ਦੇ ਅਨੁਸਾਰ ਸੁਖ ਜਾਂ ਦੁਖ ਭੋਗ ਸਕੇ, ਇਸ ਲਈ ਸੰਸਾਰ ਦੀ ਸ੍ਰਿਸ਼ਟੀ ਹੁੰਦੀ ਹੈ।[12] ਵੈਸ਼ੇਸ਼ਿਕ ਦਰਸ਼ਨ ਦਾ ਜਗਤ ਸੰਬੰਧੀ ਦ੍ਰਿਸ਼ਟੀਕੋਣ ਨਿਆਇ ਸ਼ਾਸਤਰ ਨਾਲ ਸਮਾਨਤਾ ਰਖਦਾ ਹੈ। ਇਨ੍ਹਾਂ ਅਨੁਸਾਰ ਵੀ ਪ੍ਰਲੈ ਈਸ਼ਵਰ ਦੀ ਇੱਛਾ ਨਾਲ ਹੁੰਦੀ ਹੈ।

ਸਾਂਖਯ ਦਰਸ਼ਨ ਦੇ ਅਨੁਸਾਰ ਪ੍ਰਕ੍ਰਿਤੀ ਸੰਸਾਰ ਦਾ ਆਦਿ ਕਾਰਣ ਹੈ। ਸੱਤ, ਰਜ ਅਤੇ ਤਮ ਪ੍ਰਕ੍ਰਿਤੀ ਦੇ ਤਿੰਨ ਗੁਣ ਹਨ। ਪੁਰਸ਼ ਅਤੇ ਪ੍ਰਕ੍ਰਿਤੀ ਦੇ ਸੰਯੋਗ ਨਾਲ ਸ੍ਰਿਸ਼ਟੀ ਦਾ ਆਰੰਭ ਹੁੰਦਾ ਹੈ। ਸ੍ਰਿਸ਼ਟੀ ਤੋਂ ਪੂਰਵ ਤਿੰਨ ਗੁਣ ਸਮਾਨ ਅਵਸਥਾ ਵਿਚ ਰਹਿੰਦੇ ਹਨ। ਸ੍ਰਿਸ਼ਟੀ ਦੇ ਹੋਂਦ ਵਿਚ ਆਉਣ ਨਾਲ ਇਨ੍ਹਾਂ ਦੀ ਸਮਾਨ ਅਵਸਥਾ ਨਸ਼ਟ ਹੋ ਜਾਂਦੀ ਹੈ। ਯੋਗ-ਸ਼ਾਸਤਰ ਵਿਚ ਵੀ ਸਾਂਖਯ-ਮਤ ਦੇ ਅਨੁਰੂਪ ਵਿਚਾਰ ਪ੍ਰਾਪਤ ਹੁੰਦੇ ਹਨ। ਇਨ੍ਹਾਂ ਦੇ ਅਨੁਸਾਰ ਵੀ ਪ੍ਰਕ੍ਰਿਤੀ ਅਤੇ ਪੁਰਸ਼ ਦੇ ਸੰਯੋਗ ਨਾਲ ਸੰਸਾਰ ਦੀ ਸ੍ਰਿਸ਼ਟੀ ਦਾ ਆਰੰਭ ਹੁੰਦਾ ਹੈ।[13]

ਮੀਮਾਂਸਾ-ਦਰਸ਼ਨ ਭੌਤਿਕ ਜਗਤ ਦੀ ਹੋਂਦ ਨੂੰ ਮੰਨਦਾ ਹੈ ਪਰੰਤੂ ਇਹ ਜਗਤ ਦੇ ਸ੍ਰਿਸ਼ਟਾ ਈਸ਼ਵਰ ਨੂੰ ਨਹੀਂ ਮੰਨਦੇ ਮੀਮਾਂਸਾ ਕਰਮ ਸਿਧਾਂਤ ਵਿਚ ਵਿਸ਼ਵਾਸ ਰਖਦੇ ਹਨ। ਇਨ੍ਹਾਂ ਅਨੁਸਾਰ ਸੰਸਾਰਿਕ

ਵਸਤੂਆਂ ਦਾ ਨਿਰਮਾਣ ਆਤਮਾ ਦੇ ਪੂਰਵ ਜਨਮਾਂ ਦੇ ਕਰਮਾਂ ਦੇ ਅਨੁਸਾਰ ਭੌਤਿਕ ਤੱਤਾਂ ਤੋਂ ਹੁੰਦਾ ਹੈ। ਈਸ਼੍ਵਰ ਦੀ ਅਵਸ਼ਕਤਾ ਨਾਂ ਜਗਤ ਦੀ ਸ੍ਰਿਸ਼ਟੀ ਲਈ ਹੈ ਅਤੇ ਨਾ ਹੀ ਕਰਮ ਦਾ ਫਲ ਦੇਣ ਲਈ। ਕਰਮ ਫਲ ਦਾ ਸੰਪਾਦਨ ਅਪੂਰਵ ਦੁਆਰਾ ਹੁੰਦਾ ਹੈ।[14] ਕਰਮ ਇਕ ਸਵਤੰਤਰ ਸ਼ਕਤੀ ਹੈ ਜਿਸਦੇ ਨਾਲ ਸੰਸਾਰ ਚੱਲ ਰਿਹਾ ਹੈ।

ਅਦਵੈਤ ਵੇਦਾਂਤ ਅਨੁਸਾਰ ਬ੍ਰਹਮ ਚੇਤੰਨ, ਸੱਤ, ਨਿਰਾਕਾਰ, ਸਚਿਦਾਨੰਦ ਹੈ। ਈਸ਼੍ਵਰ ਕੇਵਲ ਲੀਲਾ ਦੇ ਲਈ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ। ਇਸ ਲਈ ਉਹ ਸ੍ਰਿਸ਼ਟੀ ਦਾ ਉਪਾਦਾਨ ਕਾਰਨ ਹੈ। ਗੁਣਾਂ ਦੀ ਅਸਮਾਨ ਅਵਸਥਾ ਦੇ ਕਾਰਣ ਮਾਇਆ ਵਿਚ ਕੁਝ ਕ੍ਰਿਇਆ ਹੁੰਦੀ ਹੈ। ਇਸ ਕ੍ਰਿਇਆ ਦੇ ਫਲਸਰੂਪ ਆਕਾਸ਼, ਆਕਾਸ਼ ਤੋਂ ਹਵਾ, ਹਵਾ ਤੋਂ ਅਗਨੀ ਅਤੇ ਅਗਨੀ ਤੋਂ ਜਲ ਅਤੇ ਜੱਲ ਤੋਂ ਪ੍ਰਿਥਵੀ ਦਾ ਵਿਕਾਸ ਹੁੰਦਾ ਹੈ। ਮਨੁੱਖ ਵੀ ਇਨ੍ਹਾਂ ਪੰਜ ਭੂਤਾਂ ਤੋਂ ਨਿਰਮਾਣ ਹੁੰਦਾ ਹੈ। ਇਸ ਮਤ ਅਨੁਸਾਰ ਬ੍ਰਹਮ ਸੱਤ ਹੈ ਅਤੇ ਜਗਤ ਮਿਥਿਆ ਹੈ, ਜੀਵ ਬ੍ਰਹਮ ਹੀ ਹੈ, ਜੀਵ ਬ੍ਰਹਮ ਤੋਂ ਕਿਸੇ ਤਰ੍ਹਾਂ ਵੀ ਭਿੰਨ ਨਹੀਂ

ਭੇਦਾਭੇਦ ਦਰਸ਼ਨ ਅਨੁਸਾਰ ਇਕ ਮਾਤਰ ਤੱਤ ਬ੍ਰਹਮ ਹੈ। ਇਹ ਜਗਤ ਦਾ ਉਪਾਦਾਨ ਕਾਰਣ ਹੈ। ਬ੍ਰਹਮ ਸਤਿ ਹੈ ਅਤੇ ਸਤਿ-ਕਰਮਵਾਦੀ ਹੈ। ਇਸ ਲਈ ਜਗਤ ਮਿਥਿਆ ਨਹੀਂ। ਇਹ ਗਿਆਨੀ ਲਈ ਇਕ ਸਤਿ ਹੈ ਕਿਉਂਕਿ ਉਹ ਉਸਨੂੰ ਬ੍ਰਹਮ ਦੀ ਸ਼ਕਤੀ ਦੇ ਰੂਪ ਵਿਚ ਦੇਖਦਾ ਹੈ ਅਤੇ ਅਗਿਆਨੀ ਦੇ ਲਈ ਤਾਂ ਸਤਿ ਹੈ ਹੀ।[15] ਪ੍ਰਲੈਕਾਲ ਵਿਚ ਜਗਤ ਦੇ ਸਭ ਪਦਾਰਥ ਨਿਰਵਿਕਾਰ ਹੋ ਕੇ ਬ੍ਰਹਮ ਵਿਚ ਲੀਨ ਹੋ ਜਾਂਦੇ ਹਨ।

ਵਿਸ਼ਿਸ਼ਟ-ਅਦਵੈਤਵਾਦ ਅਨੁਸਾਰ ਈਸ਼੍ਵਰ ਆਪਣੀ ਇੱਛਾ ਨਾਲ ਸਾਰੇ ਜਗਤ ਦਾ ਕਾਰਨ ਸਰੂਪ ਹੈ। ਸੰਸਾਰ ਨੂੰ ਪੈਦਾ ਕਰਨ ਦਾ ਇਕ -ਮਾਤਰ ਪ੍ਰਯੋਜਨ ਭਗਵਤ-ਲੀਲਾ ਹੈ। ਸੰਸਾਰ ਦਾ ਸੰਚਾਰ ਕਰਨਾ ਵੀ ਭਗਵਾਨ ਦੀ ਲੀਲਾ ਹੈ। ਇਹ ਈਸ਼੍ਵਰ ਆਪ ਹੀ ਜਗਤ-ਰੂਪ ਵਿਚ ਪਰਿਣਤ ਹੁੰਦਾ ਹੈ।[16] ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਇਸ ਮੱਤ ਅਨੁਸਾਰ ਜਗਤ ਮਿਥਿਆ ਨਹੀਂ, ਸੱਤ ਹੈ ਕਿਉਂਕਿ ਇਸ ਦੀ ਉਤਪਤੀ ਦਾ ਕਾਰਣ ਪ੍ਰਭੂ ਆਪ ਹੈ। ਇਹ ਬ੍ਰਹਿਮੰਡ, ਉਸ ਸਰਬ ਸ਼ਕਤੀਮਾਨ ਦੀ ਉਪਜ ਹੈ। ਨਿਯਤ ਸਮੇਂ ਤੇ ਇਹ ਉਸ ਵਿਚ ਹੀ ਸਮਾ ਜਾਵੇਗਾ।

ਦਵੈਤਾਦਵੈਤ ਵਾਦ ਅਨੁਸਾਰ ਜਗਤ ਪਰਮਾਤਮਾ ਦਾ ਪਰਿਣਾਮ ਹੈ। ਸਰਵ ਸ਼ਕਤੀਮਾਨ , ਬ੍ਰਹਮ ਆਪਣੀ ਅਸਾਧਾਰਨ ਸ਼ਕਤੀ ਦੁਆਰਾ ਆਪਣੇ ਆਪ ਨੂੰ ਜਗਤ ਦੇ ਆਕਾਰ ਵਿਚ ਪਰਿਣਤ ਕਰਦਾ ਹੈ ਜਿਵੇਂ ਦੁੱਧ ਕਾਰਜ-ਰੂਪ ਵਿਚ ਪਰਵਿਤ ਹੁੰਦਾ ਹੈ। ਪ੍ਰਲੈ-ਅਵਸਥਾ ਵਿਚ ਜਗਤ ਅਤੇ ਜੀਵਾਤਮਾ ਦੋਨੋਂ ਹੀ ਸੂਖਮ ਰੂਪ ਵਿਚ ਈਸ਼੍ਵਰ ਵਿਚ ਹੀ ਲੀਨ ਹੋ ਜਾਂਦੇ ਹਨ। ਬ੍ਰਹਮ ਸਮੂਹ ਭੂਤਾਂ ਦੀ ਅੰਤਰ ਆਤਮਾ ਹੈ ਇਸ ਲਈ ਸਮੁੱਚਾ ਜਗਤ ਬ੍ਰਹਮ ਸਰੂਪ ਹੈ।[17]

ਦਵੈਤ ਦਰਸ਼ਨ ਅਨੁਸਾਰ ਜਗਤ ਦੀ ਸ੍ਰਿਸ਼ਟੀ ਸਥਿਤੀ ਅਤੇ ਸੰਹਾਰ ਆਦਿ ਸਭ ਕਾਰਜ

ਪਰਮਾਤਮਾ ਨਿਰੰਤਰ ਕਰਦਾ ਹੈ। ਈਸ਼ਵਰ ਨੇ ਸ੍ਰਿਸ਼ਟੀ ਕਾਲ ਵਿਚ ਮੂਲ ਪ੍ਰਕ੍ਰਿਤੀ ਤੋਂ ਸੱਤ,ਰਜ ਅਤੇ ਤੱਮ ਰਾਸ਼ੀਆਂ ਪੈਦਾ ਕੀਤੀਆਂ ਅਤੇ ਇਸ ਤੋਂ ਸਾਰੀ ਸ੍ਰਿਸ਼ਟੀ ਹੋਈ। ਰਜੋ ਗੁਣ ਤੋਂ ਜਗਤ ਦੀ ਸ੍ਰਿਸ਼ਟੀ ਰਜੋਗੁਣ ਵਿਚ ਵਿਦਮਾਨ ਸੱਤ ਗੁਣ ਤੋਂ ਸਥਿਤੀ ਅਤੇ ਤਮ ਗੁਣ ਤੋਂ ਸੰਹਾਰ ਹੁੰਦਾ ਹੈ।[18] ਇਨ੍ਹਾਂ ਅਨੁਸਾਰ ਜਗਤ ਨਿਤਾਂਤ ਸਤ ਹੈ ਕਿਉਂਕਿ ਸਤਿ-ਸਰੂਪ ਈਸ਼ਵਰ ਦੀ ਕੋਈ ਵੀ ਕਲਪਨਾ ਜਾਂ ਇੱਛਾ ਹੋ ਹੀ ਨਹੀਂ ਸਕਦੀ।

ਸ਼ੁੱਧਾਦਵੈਤ ਮੱਤ ਅਨੁਸਾਰ ਸੱਚਿਦਾਨੰਦ ਬ੍ਰਹਮ ਹੀ ਅਵਿਕਤ ਭਾਵ ਨਾਲ ਜਗਤ ਵਿਚ ਪਰਿਣਿਤ ਹੁੰਦਾ ਹੈ। ਜਿਵੇਂ ਸੋਨਾ ਤੇ ਬਣੇ ਕੁੰਡਲਾਂ ਦੇ ਸੋਨੇ ਵਿਚ ਕੋਈ ਵਿਕਾਰ ਨਹੀਂ ਹੁੰਦਾ। ਉਸੇ ਤਰ੍ਹਾਂ ਜਗਤ ਸਤਿ ਸਰੂਪ ਹੈ। ਜਗਤ ਸੰਸਾਰ ਤੋਂ ਨਿਤਾਂਤ ਭਿੰਨ ਹੈ। ਈਸ਼ਵਰ ਦੇ ਸੱਤ-ਅੰਸ਼ ਤੋਂ ਉਤਪੰਨ ਪਦਾਰਥ ਜਗਤ ਹੈ ਪਰੰਤੂ ਅਵਿਦਿਆ ਕਾਰਣ ਜੀਵ ਦੇ ਦੁਆਰਾ ਕਲਪਿਤ ਪਦਾਰਥ ਸੰਸਾਰ ਹੈ। ਬ੍ਰਹਮ ਅਤੇ ਜੀਵ ਦੀ ਤਰ੍ਹਾਂ ਜਗਤ ਨਿਤਯ ਹੈ ਪਰੰਤੂ ਸੰਸਾਰ ਅਨਿਤਯ ਹੈ।

ਸ੍ਰਿਸ਼ਟੀ ਦੀ ਉਤਪਤੀ:- ਹਰ ਕਾਰਜ ਦਾ ਕੋਈ ਨਾ ਕੋਈ ਕਰਤਾ ਜਾਂ ਕਾਰਣ ਜ਼ਰੂਰ ਹੁੰਦਾ ਹੈ। ਭਾਰਤੀ ਪੌਰਾਣਿਕ ਪਰੰਪਰਾ ਵਿਚ ਇਸ ਸ੍ਰਿਸ਼ਟੀ ਦੀ ਉਤਪਤੀ ਦੇ ਕਈ ਕਾਰਣਾਂ ਦਾ ਵਰਣਨ ਹੈ। ਇਨ੍ਹਾਂ ਅਨੁਸਾਰ ਸ੍ਰਿਸ਼ਟੀ ਦੀ ਉਤਪਤੀ ਦੇ ਕਾਰਣ ਨਿਮਨਲਿਖਤ ਹਨ:
1. ਬ੍ਰਹਮ ਜਾਂ ਆਤਮਾ 2. ਜਲ 3. ਅਗਨੀ 4.ਸੋਮ 5.ਵਰੁਣ 6.ਪ੍ਰਕਾਸ਼ 7. ਆਕਾਸ਼ 8. ਦ੍ਰਵਾਂ ਦੇ ਸੰਯੋਗ , 9. ਵਾਯੂ 10. ਸਤੋ, ਰਜੋ ਤਮੋ ਗੁਣ 11. ਪ੍ਰਕ੍ਰਿਤੀ ਅਤੇ ਪੁਰਸ਼ ਦੇ ਸੰਯੋਗ 12. ਪ੍ਰਿਥਵੀ ਆਦਿ।

ਗੁਰੂ ਰਵਿਦਾਸ ਜੀ ਨੇ ਇਸ ਕਾਰਜ ਰੂਪ ਦਾ ਮੂਲ ਕਾਰਣ ਕੇਵਲ ਬ੍ਰਹਮ ਨੂੰ ਮੰਨਿਆ ਹੈ। ਹੋਰ ਕਾਰਣਾਂ ਸੰਬੰਧੀ ਵੀ ਉਨ੍ਹਾਂ ਦੇ ਵਿਚਾਰ ਪ੍ਰਾਪਤ ਹੁੰਦੇ ਹਨ। ਬ੍ਰਹਮ ਆਪਣੀ ਗਿਆਨ-ਸ਼ਕਤੀ ਇੱਛਾ ਸ਼ਕਤੀ ਅਤੇ ਕ੍ਰਿਆ-ਸ਼ਕਤੀ ਨਾਲ ਸ੍ਰਿਸ਼ਟੀ ਦਾ ਨਿਰਮਾਣ ਕਰਦਾ ਹੈ।

1 ਬ੍ਰਹਮ ਦੁਆਰਾ ਸ੍ਰਿਸ਼ਟੀ ਰਚਨਾ: ਗੁਰੂ ਰਵਿਦਾਸ ਜੀ ਅਨੁਸਾਰ ਬ੍ਰਹਮ ਦੇ ਉਕਾਰ ਰੂਪ ਦਾ ਤਿੰਨਾਂ ਲੋਕਾਂ ਵਿਚ ਪਸਾਰਾ ਹੈ। ਛਾਂਦੋਗਯ ਉਪਨਿਸ਼ਦ ਵਿਚ ਵੀ ਉਕਾਰ ਤੋਂ ਹੀ ਸ੍ਰਿਸ਼ਟੀ ਦੀ ਉਤਪਤੀ ਮੰਨੀ ਗਈ ਹੈ।[19]

ਰਵਿਦਾਸ ਏਕੇ ਬ੍ਰਹਮ ਕਾ ਹੋਇ ਰਹਯੋ ਸਗਲ ਪਸਾਰਾ
ਏਕੈ ਮਾਟੀ ਸਭ ਘਟ ਸਜੈ, ਏਕੈ ਸਭ ਕੂੰ ਸਿਰਜਨਹਾਰ
ਅਖਰੁ ਅਨਾਦਿ ਏਕ ਉਕਾਰਾ,ਤੀਨ ਲੋਕ ਜਿਨ ਕਿਆ ਪਸਾਰਾ।।[20]

ਤੈਤਰੀਯ ਉਪਨਿਸ਼ਦ ਵਿਚ ਸ੍ਰਿਸ਼ਟੀ ਸੰਬੰਧੀ ਇਸ ਤਰ੍ਹਾਂ ਵਰਣਨ ਆਉਂਦਾ ਹੈ ਉਸ ਪਰਮਾਤਮਾ ਨੇ ਕਾਮਨਾ ਕੀਤੀ ਕਿ ਮੈਂ ਬਹੁਤ ਹੋ ਜਾਵਾਂ।ਉਸਨੇ ਤਪ ਕਰਕੇ ਹੀ ਸਭ ਰਚਨਾ

ਕੀਤੀ। ਇਸ ਦਾ ਰਚਨਾ ਕਰਕੇ ਉਹ ਇਸ ਵਿਚ ਹੀ ਪ੍ਰਵੇਸ਼ ਕਰ ਗਿਆ। ਇਸ ਲਈ ਪਰਮਤੱਤ ਜਾਨਣਯੋਗ ਨਾ ਜਾਨਣਯੋਗ ਚੇਤੰਨ, ਅਚੇਤਨ ਅਤੇ ਵਿਵਹਾਰਿਕ ਸੰਤ ਅਤੇ ਅਸੱਤ ਰੂਪ ਹੋ ਗਿਆ।[21] ਛਾਂਦੋਗਯ ਉਪਨਿਸ਼ਦ ਵਿਚ ਵਰਣਨ ਹੈ ਕਿ ਸਾਰਾ ਜਗਤ ਬ੍ਰਹਮ ਹੀ ਹੈ । ਇਹ ਉਸ ਤੋਂ ਹੀ ਉਪਤੰਨ ਹੈ ਉਸੇ ਵਿਚ ਲੀਨ ਹੋਣ ਵਾਲਾ ਹੈ। ਉਸੇ ਵਿਚ ਚੇਸ਼ਟਾ ਕਰਨ ਵਾਲਾ ਹੈ।[21-ਏ] ਗੁਰੂ ਰਵਿਦਾਸ ਜੀ ਤੇ ਇਨ੍ਹਾਂ ਵਿਚਾਰਾਂ ਦਾ ਪ੍ਰਭਾਵ ਪਿਆ ਜੇ ਉਨ੍ਹਾਂ ਦੇ ਸ੍ਰਿਸ਼ਟੀ ਸੰਬੰਧੀ ਵਿਚਾਰਾਂ ਤੋਂ ਪ੍ਰਤੱਖ ਦ੍ਰਿਸ਼ਟੀਗੋਚਰ ਹੁੰਦਾ ਹੈ ਉਹੀ ਵੀ ਮੰਨਦੇ ਹਨ ਕਿ ਪ੍ਰਭੂ ਇਕ ਤੋਂ ਅਨੇਕ ਰੂਪ ਹੋ ਗਿਆ ਜਿਸਦੇ ਫਲਸਰੂਪ ਸ੍ਰਿਸ਼ਟੀ ਦੀ ਰਚਨਾ ਹੋਈ ਅਤੇ ਇਸ ਤੋਂ ਬਾਅਦ ਉਹ ਆਪ ਇਸ ਵਿਚ ਵਿਲੀਨ ਹੋ ਗਿਆ:-

1. ਏਕ ਹੀ ਏਕ ਅਨੇਕ ਹੋਇ ਬਿਸਥਰਿਓ ॥
ਆਨਰੇ ਆਨ ਭਰਪੂਰਿ ਸੋਊ ॥[2]

2. ਜਹਾਂ ਕਾ ਉਪਜਯਾ ਤਹਾਂ ਬਿਲਾਈ ॥
ਸਹਜ ਸੁੰਨ ਮੈਂ ਰਹਯੌ ਲੁਕਾਈ ॥[23]

ਇਸ ਤੋਂ ਸ੍ਰਿਸ਼ਟੀ ਆਦਿ -ਅਵਸਥਾ ਸੰਬੰਧੀ ਵਿਚਾਰ ਵੀ ਪ੍ਰਾਪਤ ਹੁੰਦੇ ਹਨ। ਸ੍ਰਿਸ਼ਟੀ ਦੇ ਆਰੰਭ ਵਿਚ ਸੁਹਜ ਸੁੰਨ ਸੀ। ਉਸ ਨੇ ਇੱਛਾ ਕੀਤੀ ਤਾਂ ਸ੍ਰਿਸ਼ਟੀ ਦਾ ਨਿਰਮਾਣ ਹੋਇਆ। ਗੁਰੂ ਜੀ ਅਨੁਸਾਰ ਸ੍ਰਿਸ਼ਟੀ ਦਾ ਪ੍ਰਕਿਰਿਆ ਹਰ ਵਕਤ, ਹਰ ਪਲ ਹੁੰਦੀ ਰਹਿੰਦੀ ਹੈ ਉਸਨੇ ਧਰਤੀ ਦੇ ਕਣ ਕਣ ਵਿਚ ਬੇਅੰਤ ਜੀਵਾਂ ਦੀ ਰਚਨਾ ਕਰ ਜਗਤ ਦੀ ਸਿਰਜਨਾ ਕੀਤੀ ਹੈ। ਇਹ ਸ੍ਰਿਸ਼ਟੀ ਉਸ ਬੇਅੰਤ ਅਲੱਖਕ ਇਕ ਪਰਮ ਤੱਤ ਦੀ ਰਚਨਾ ਹੈ:

ਨਹੀਂ ਵਿਸ਼ਰਾਮ ਲਹੈਂ ਧਰਨੀਧਰ ॥
ਜਾ ਕੇ ਸੁਨਰ ਸੰਤ ਸਰਨ ਅਭਿ ਅੰਤਰ ॥
ਜਹਾਂ ਜਹਾਂ ਗਯੋਂ ਜਨਮ ਕਾਛੈ, ਤ੍ਰਿਵਿਧ ਤਾਪ ਤ੍ਰਿਭੁਵਨਪਤਿ ॥[24]
ਪਾਛੈ

<u>ਪ੍ਰਭੂ ਦੀ ਗਿਆਨ-ਸ਼ਕਤੀ ਦੁਆਰਾ ਸ੍ਰਿਸ਼ਟੀ ਦੀ ਉਤਪਤੀ:-</u> ਗੁਰੂ ਜੀ ਅਨੁਸਾਰ ਇਹ ਸਮੁੱਚਾ ਜਗਤ ਈਸ਼ਵਰ ਦੀ ਗਿਆਨ ਸ਼ਕਤੀ ਦੀ ਅਭਿਵਿਅਕਤੀ ਹੈ । ਗਿਆਨ-ਰੂਪ ਭਗਵਾਨ ਜਗ ਵਿਚ ਨਾਨਾ ਰੂਪ ਧਾਰਦਾ ਹੈ। ਸ੍ਰਿਸ਼ਟੀ ਵਿਚ ਸਭ ਤਰ੍ਹਾਂ ਦੇ ਜੀਵ(ਥਾਵਰ) ਜੰਗਮ,ਜਲ, ਨਭਵਾਸੀ) ਉਸ ਦੇ ਗਿਆਨ ਰੂਪ ਤੋਂ ਪ੍ਰਗਟ ਹੋਏ ਹਨ:

1. ਸਰਗ ਨਰਕ ਅਨਾਮ,ਪਾਤਾਲਾ,ਕੂਰਮ ਮੱਛ ਨਰਸਿੰਗ ਕਰਾਲਾ॥
ਵਿਸ਼ਨੂ ਵਿਰੰਚਿ ਰਾਮ ਭਗਵਾਨਾ,ਗਯਾਨ ਰੂਪ ਪ੍ਰਗਟੈ ਜਗ ਨਾਨਾ ॥

2. ਥਾਵਰ ਜੰਗਮ ਜਲ ਨਭਵਾਸੀ, ਜੋਗੀ ਜਤੀ ਵਿਰਤਿ ਉਦਾਸੀ ॥
ਸਬ ਗਯਾਨ ਕਰਿ ਰੂਪ ਅਨੇਕਾ, ਸਮੁਝਹਿੰ ਸੁਬੁਧ ਸੁਗਯਾਨ ਬਮੇਕਾ ॥[25]

ਪ੍ਰਭੂ ਦੀ ਕਿਰਿਆ ਸ਼ਕਤੀ ਤੋਂ ਸ੍ਰਿਸ਼ਟੀ ਦੀ ਉਤਪਤੀ- ਇਹ ਸ੍ਰਿਸ਼ਟੀ ਪ੍ਰਭੂ ਦੀ ਕਿਰਿਆ ਸ਼ਕਤੀ ਦਾ ਵਿਅਕਤ ਰੂਪ ਹੈ। ਸ੍ਰਿਸ਼ਟੀ ਦੇ ਆਦਿ ਵਿਚ ਇਕ ਪ੍ਰਭੂ ਹੀ ਸੁੰਨ ਰੂਪ ਵਿਚ ਵਿਦਮਾਨ ਸੀ। ਉਸਦੀ ਕਿਰਿਆ ਸ਼ਕਤੀ ਕਾਰਣ ਸਮੁੱਚੀ ਰਚਨਾ ਹੋਂਦ ਵਿਚ ਆਈ। ਆਰੰਭ ਵਿਚ ਹੀ ਨਹੀਂ ਸ੍ਰਿਸ਼ਟੀ ਦੇ ਵਰਤਮਾਨ, ਭਵਿੱਖ ਵਿਚ ਵੀ f ਉਹ ਹੀ ਕਰਤਾ ਕਾਰਣ ਹੈ।

ਆਦਿ ਮਧਯ ਔਸਾਨ ਏਕ ਰਸ, ਤਾਰ ਤੂੰਬ ਨਹੀਂ ਤਾਈ ॥
ਥਾਵਰ ਜੰਗਮ ਕੀਟ ਪਤੰਗਾ, ਪੂਰਿ ਰਹਯੋ ਹਰਿ ਰਾਈ ॥[26]

ਪੰਜ ਭੌਤਿਕ ਤੱਤਾਂ ਤੋਂ ਸ੍ਰਿਸ਼ਟੀ ਦਾ ਪਸਾਰਾ:- ਅਦਵੈਤ-ਵੇਦਾਂਤ ਵਿਚ ਪੰਜ ਸੂਖਮ ਭੂਤਾਂ ਤੋਂ ਸ੍ਰਿਸ਼ਟੀ ਦੀ ਉਤਪਤੀ ਦਸੀ ਗਈ ਹੈ। ਸਭ ਤੋਂ ਪਹਿਲਾਂ ਆਕਾਸ਼, ਆਕਾਸ਼ ਤੋਂ ਵਾਯੂ, ਵਾਯੂ ਤੋਂ ਅਗਨੀ, ਅਗਨੀ ਤੋਂ ਜਲ ਅਤੇ ਜਲ ਤੋਂ ਪ੍ਰਿਥਵੀ ਦਾ ਵਿਕਾਸ ਹੋਇਆ।[27] ਇਨ੍ਹਾਂ ਪੰਜਾ ਦੇ ਸੰਯੋਗ ਤੋਂ ਪੰਜ ਸਥੂਲ ਭੂਤਾਂ ਦੀ ਉਤਪਤੀ ਹੋਈ।

ਗੁਰੂ ਰਵਿਦਾਸ ਜੀ ਦੇ ਅਨੁਸਾਰ ਪ੍ਰਭੂ ਪੰਜ ਤੱਤਾਂ(ਆਕਾਸ਼,ਵਾਯੂ, ਅਗਨੀ, ਜਲ,ਪ੍ਰਿਥਵੀ) ਤੋਂ ਹੀ ਸ੍ਰਿਸ਼ਟੀ ਦੀ ਰਚਨਾ ਹੋਈ ਹੈ।

ਵਿਗਿਆਨਕ ਦ੍ਰਿਸ਼ਟੀ ਤੋਂ ਦੇਖਣ ਤੇ ਵੀ ਪਤਾ ਲਗਦਾ ਹੈ ਕਿ ਸਮੁੱਚੇ ਜਗਤ ਦੀਆਂ ਸਜੀਵ ਅਤੇ ਨਿਰਜੀਵ ਵਸਤੂਆਂ ਵਿਚ ਪੰਜ ਸਥੂਲ ਭੌਤਿਕ ਤੱਤ ਕਿਸੇ ਨਾ ਕਿਸੇ ਰੂਪ ਵਿਚ ਵਿਦਮਾਨ ਹੁੰਦੇ ਹਨ। ਇਨ੍ਹਾਂ ਤੱਤਾਂ ਤੋਂ ਹੀ ਮਨੁੱਖ ਦਾ ਨਿਰਮਾਣ ਹੁੰਦਾ ਹੈ। ਗੁਰੂ ਰਵਿਦਾਸ ਜੀ ਨੂੰ ਸਭ ਸਜੀਵ ਵਸਤੂਆਂ ਵਿਚ ਪੰਜ ਤੱਤਾਂ ਤੋਂ ਨਿਰਮਿਤ 'ਚਾਮ' ਹੀ ਨਜ਼ਰ ਆਉਂਦਾ ਹੈ:

1. ਪਾਂਚ ਤਤ ਜਿਨਿ ਕੀਆ ਪਾਸਾਰਾ ਸੋ ਯੋਹੀ ਕਿਸੁ ਔਰ ਰੇ ॥
ਜਬ ਦੇਖਾ ਤਬ ਚਾਮੋ ਰਾਮ,ਚਾਮ ਮੰਦ੍ਰ ਮਾਹਿ ਪੇਲੈ ਰਾਮ ॥[28]

2. ਚਾਮ ਕਾ ਉਠ ਚਾਮ ਕਾ ਨਗਾਰਾ,ਚਾਮੋਚਾਮ ਬਜਾਵਣ ਹਾਰਾ ॥
ਚਾਮ ਨਾ ਬਛੜਾ ਚਾਮ ਕੀ ਗਾਇ,ਚਾਮੋ ਚਾਮ ਦੁਹਾਵਣ ਜਾਇ ॥
ਚਾਮ ਕਾ ਪੁਰਖ ਚਾਮ ਕੀ ਜੋ, ਚਾਮੋ ਚਾਮ ਮਿਲਾਵਾ ਹੋ ॥

ਸ਼ਵੇਤਾਸ਼ਵਤਰ ਉਪਨਿਸ਼ਦ ਦੇ ਅਨੁਸਾਰ ਬ੍ਰਹਮ ਮਾਇਆਪਤੀ ਹੈ। ਇਹ ਸੰਸਾਰ ਪ੍ਰਪੰਚ ਵਿਚ ਮਾਇਆ ਨਾਲ ਬੰਨ੍ਹਿਆ ਹੋਇਆ ਹੈ।[28-ਏ]

ਬ੍ਰਿਹਦਾਰਣਯਕ ਉਪਨਿਸ਼ਦ ਵਿਚ ਵਰਣਨ ਹੈ ਕਿ ਮਾਇਆ ਦੇ ਕਾਰਣ ਹੀ ਈਸ਼ਵਰ ਅਨੇਕ ਰੂਪਾਂ ਵਿਚ ਪ੍ਰਤੀਤ ਹੁੰਦਾ ਹੈ।[28-ਬੀ]

ਗੁਰੂ ਰਵਿਦਾਸ ਜੀ ਨੇ ਵੀ ਉਪਰੋਕਤ ਵਿਚਾਰਾਂ ਦਾ ਅਨੁਕਰਣ ਕੀਤਾ ਹੈ:

ਹਰਿ ਜਪਤ ਤੇਊ ਜਨਾਂ ਪਦਮ ਕਵਲਾਸਪਤਿ ॥
ਤਾਸ ਸਮਤੁਲਿ ਨਹੀਂ ਆਨ ਕੋਊ ॥
ਏਕ ਹੀ ਅਨੇਕ ਹੋਇ ਬਿਸਥਰਿਓ ਆਨ ਰੇ ॥
ਆਨ ਭਰਪੂਰਿ ਸੋਊ ॥ ੧ ॥ ਰਹਾਉ ॥[28- ਸੀ]

ਮਾਇਆ ਤੋਂ ਸ੍ਰਿਸ਼ਟੀ ਦੀ ਉਤਪਤੀ:- ਈਸ਼ਵਰ ਕੇਵਲ ਲੀਲਾ ਦੇ ਲਈ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ। ਉਹ ਸ੍ਰਿਸ਼ਟੀ ਦਾ ਉਪਾਦਾਨ ਕਾਰਣ ਹੈ । ਤ੍ਰਿਗੁਣੀ ਮਾਇਆ ਉਸ ਪ੍ਰਭੂ ਦੀ ਪੈਦਾ ਕੀਤੀ ਹੋਈ ਹੈ। ਪਰੰਤੂ ਇਸ ਨੇ ਹਰ ਇਕ ਨੂੰ ਆਪਣੇ ਮੂਹਰੇ ਲਾ ਰਖਿਆ ਹੈ। ਇਹ ਸੁੰਦਰ-ਸੁੰਦਰ ਭੇਸ ਬਣਾ ਕੇ ਹਰ ਮਨੁੱਖ ਨੂੰ ਕਿਸੇ ਨਾ ਕਿਸੇ ਰੂਪ ਵਿਚ ਮੋਹਿਤ ਕਰਦੀ ਹੈ। ਹਰ ਪਾਸੇ ਜਗਤ ਵਿਚ ਇਸਦਾ ਹੀ ਪਾਸਾਰਾ ਹੈ। ਇਥੋਂ ਤਕ ਕਿ ਮਾਇਆ ਦਾ ਕਰਤਾ ਸੈਭੰ ਵੀ ਇਸ ਦੀ ਪਕੜ ਤੋਂ ਬਚ ਨਹੀਂ ਸਕਿਆ ਕਿਉਂਕਿ ਬਾਜੀਗਰ(ਪ੍ਰਭੂ) ਦੀ ਬਾਜੀ (ਜਗਤ) ਦਾ ਆਰੰਭ ਹੀ ਇਸ ਤੋਂ ਹੋਇਆ ਹੈ।

1. ਪੰਚ ਤਤ ਯਹ ਤ੍ਰਿਗੁਣੀ ਮਾਯਾ ॥
ਜੋ ਦੀਸੈ ਸੋ ਸਕਲ ਉਪਾਯਾ ॥ [29]

2. ਖੰਡ ਬ੍ਰਹਮਾਂਡ ਲੋਕ ਸਬ ਜੀਤੇ ॥
ਇਹ ਬਿਧਿ ਤੇਜ ਜਨਾਵੈ ॥
ਸਵਯੰਭੂ ਕੌ ਚਿਰ ਚੋਰਿ ਲਿਯੋ ਹੈ,
ਵਾਕੈ ਪਾਛੈ ਲਾਗਾ ਧਾਵੈ ॥4 ॥[30]

ਇਹ ਤ੍ਰਿਗੁਣੀ ਮਾਇਆ ਜਗਤ ਨੂੰ ਤ੍ਰਿਵਿਧ ਤਾਪ( ਦੈਹਿਕ, ਦੈਵਿਕ, ਭੌਤਿਕ) ਨਾਲ ਤਪਾਉਂਦੀ ਹੈ। ਖੁਦ ਸ੍ਰਿਸ਼ਟੀ ਦਾ ਕਰਤਾ ਅਨਜਾਣੇ ਇਸ ਦੇ ਫੰਦੇ ਵਿਚ ਫਸ ਗਿਆ ਕਿਉਂਕਿ ਤ੍ਰਿਵਿਧ ਤਾਪ ਤੇ ਤ੍ਰਿਭੁਨਪਤਿ ਆਪਣਾ ਪਲਾ ਨਾ ਛੁਡਾ ਸਕਿਆ:-

ਦੈਹਿਕ ਦੈਵਿਕ ਭੌਤਿਕ ਤਾਪਾ ॥
ਅਤਿ ਅਗਯਾਨ ਰਹੇਉ ਜਗ ਬਾਪਾ ॥[31]

ਸ੍ਰਿਸ਼ਟੀ ਦੀ ਉਤਪਤੀ ਸੰਬੰਧੀ ਉਪਰੋਕਤ ਵਿਚਾਰਾਂ ਤੋਂ ਇਕ ਮੂਲ-ਸਿਧਾਂਤ ਸਾਹਮਣੇ ਆਉਂਦਾ ਹੈ ਕਿ ਸ਼ਬਦ-ਰੂਪ ਜਾਂ ਅੱਖਰ ਰੂਪ ਅਨਾਦਿ ਬ੍ਰਹਮ-ਤੱਤ ਹੀ ਸ੍ਰਿਸ਼ਟੀ ਦੀ ਉਤਪਤੀ ਦਾ ਮੂਲ ਕਾਰਣ ਹੈ। ਇਹ ਸ੍ਰਿਸ਼ਟੀ ਦਾ ਪਸਾਰਾ ਸੁੰਨਿ ਬ੍ਰਹਮ ਤੋਂ ਹੁੰਦਾ ਹੈ। ਇਹ ਜੋ ਰਚਨਾ ਨਜ਼ਰ ਆਉਂਦੀ ਹੈ। ਉਸ ਓਕਾਰ ਰੂਪ ਪਰਮਤੱਤ ਦੀ ਇੱਛਾ ਸ਼ਕਤੀ, ਗਿਆਨ ਸ਼ਕਤੀ ਅਤੇ ਕ੍ਰਿਆ ਸ਼ਕਤੀ ਦੀ ਅਭਿਵਿਅਕਤੀ

ਹੈ। ਚਾਹੇ ਇਸ ਦੀ ਉਤਪਤੀ ਪੰਜ ਭੌਤਿਕ ਤੱਤਾਂ ਤੋਂ ਹੁੰਦੀ ਹੈ ਜਾਂ ਤ੍ਰਿਗੁਣੀ ਮਾਇਆ ਤੋਂ ਜਾਂ ਤ੍ਰਿਵਿਧ ਤਾਪ ਤੋਂ ਪਰੰਤੂ ਉਸ ਵਿਚ ਕਰਤਾ ਇਕ ਓਂਕਾਰ ਹੀ ਹੈ। ਸ੍ਰਿਸ਼ਟੀ ਵਿਸਥਾਰ ਦੀ ਪ੍ਰਕ੍ਰਿਆ ਦਾ ਅੰਤ ਨਹੀਂ ਹੁੰਦਾ। ਉਹ ਧਰਨੀਧਰ ਬਿਨਾਂ ਵਿਸ਼ਰਾਮ ਕੀਤੇ ਲਗਾਤਾਰ ਇਸ ਦਾ ਸੰਚਾਲਨ ਕਰ ਰਿਹਾ ਹੈ। ਉਹ ਸ੍ਰਿਸ਼ਟੀ ਦਾ ਨਿਮਿਤ ਅਤੇ ਉਪਾਦਾਨ ਕਾਰਨ ਹੈ। ਸ੍ਰਿਸ਼ਟੀ ਦੀ ਉਤਪਤੀ ਉਸ ਦੇ ਹੁਕਮ ਨਾਲ ਹੁੰਦੀ ਹੈ। ਇਸ ਲਈ ਉਹ ਨਿਮਿਤ ਕਾਰਣ ਹੈ । ਉਹੀ ਹੀ ਸਭ ਜੀਵਾਂ ਵਿਚ ਅਨੇਕ ਰੂਪ ਧਾਰ ਕੇ ਵਿਦਮਾਨ ਰਹਿੰਦਾ ਹੈ। ਇਸ ਲਈ ਉਹ ਉਪਾਦਾਨ ਕਾਰਣ ਹੈ:

ਥਾਵਰ ਜੰਗਮ ਕੀਟ ਪਤੰਗਾ, ਪੂਰਿ ਰਹਯੌ ਹਰਿ ਰਾਈ ॥[32]

ਗੁਰੂ ਰਵਿਦਾਸ ਜੀ ਬ੍ਰਹਮ ਨੂੰ ਸ੍ਰਿਸ਼ਟੀ ਦਾ ਨਮਿੱਤ ਅਤੇ ਉਪਾਦਾਨ ਕਾਰਨ ਦੋਵੇਂ ਸਵੀਕਾਰ ਕਰਦੇ ਹਨ। ਉਪਾਦਾਨ ਵਿਚ ਉਹ ਆਪ ਹੀ ਕਾਰਜ ਰੂਪ ਵਿਚ ਤਬਦੀਲ ਹੁੰਦਾ ਹੈ ਅਤੇ ਨਿਮਿੱਤ ਕਾਰਣ ਦੁਆਰਾ ਉਹ ਸਮੁੱਚੇ ਜਗਤ ਨੂੰ ਉਤਪੰਨ ਕਰਦਾ ਹੈ:

ਏਕ ਹੀ ਅਨੇਕ ਹੋਇ ਬਿਸਥਰਿਓ ॥<br>ਆਨ ਰੇ ਆਨ ਭਰਪੂਰਿ ਸੋਊ ॥[33]

2. ਸ੍ਰਿਸ਼ਟੀ ਨਿਰੂਪਣ ਦੀ ਦਾਰਸ਼ਨਿਕ ਪ੍ਰਣਾਲੀ :- ਬ੍ਰਹਮ ਅਤੇ ਜਗਤ ਦੇ ਸੰਬੰਧ ਨੂੰ ਲੈ ਕੇ ਭਿੰਨ ਭਿੰਨ ਦਰਸ਼ਨਾਂ ਵਿਚ ਕਈ ਪ੍ਰਕਾਰ ਦੇ ਵਾਦਾਂ ਦਾ ਜਨਮ ਹੋਇਆ ।

ਪ੍ਰਮਾਣੂਵਾਦ:- ਇਹ ਸਿੱਧਾਂਤ ਨਿਆਇ-ਦਰਸ਼ਨ ਅਤੇ ਵੈਸ਼ੇਸ਼ਿਕ ਦਰਸ਼ਨ ਦਾ ਹੈ। ਇਨ੍ਹਾਂ ਅਨੁਸਾਰ ਸ੍ਰਿਸ਼ਟੀ ਦੀ ਉਤਪਤੀ ਪਰਮਾਣੂਆਂ ਦੇ ਸੰਯੋਗ ਤੋਂ ਹੁੰਦੀ ਹੈ ਅਤੇ ਕਾਰਜ ਪੈਦਾ ਹੋਣ ਤੋਂ ਪਹਿਲਾਂ ਕਾਰਨ ਵਿਚ ਵਿਦਮਾਨ ਨਹੀਂ ਹੁੰਦਾ। ਕਾਰਜ ਦੀ ਉਤਪਤੀ ਇਕ ਨਵੀਨ ਘਟਨਾ ਹੈ। ਗੁਰੂ ਰਵਿਦਾਸ ਜੀ ਨੇ ਸ੍ਰਿਸ਼ਟੀ ਨੂੰ ਪੰਜ ਤੱਤਾਂ ਦਾ ਪਸਾਰ ਤਾਂ ਮੰਨਿਆ ਹੈ ਪਰੰਤੂ ਨਾਲ ਹੀ ਇਸ ਰਚਨਾ ਦੇ ਕਰਤਾ ਦੀ ਸਤਾ ਨੂੰ ਵੀ ਸਵੀਕਾਰ ਕੀਤਾ ਹੈ:

ਪਾਂਚ ਤਤ ਜਿਨਿ ਕੀਯਾ ਪਸਾਰਾ ॥<br>ਸੋ ਯੋਹੀ ਕਿਸੁ ਔਰ ਰੇ ॥[34]

ਗੁਣ-ਪਰਿਣਾਮਵਾਦ:- ਸਾਂਖਵਾਦੀਆਂ ਨੇ ਗੁਣ-ਪਰਿਣਾਮਵਾਦ ਦੀ ਕਲਪਨਾ ਕੀਤੀ ਹੈ। ਇਸ ਮੱਤ ਅਨੁਸਾਰ ਤ੍ਰਿਗੁਣਾਤਮਕ ਪ੍ਰਕ੍ਰਿਤੀ ਤੋਂ ਸ੍ਰਿਸ਼ਟੀ ਦੀ ਉਤਪਤੀ ਹੁੰਦੀ ਹੈ। ਇਨ੍ਹਾਂ ਅਨੁਸਾਰ ਕਾਰਣ ( ਮੂਲ ਪ੍ਰਕ੍ਰਿਤੀ) ਦਾ ਹੀ ਕਾਰਜ( ਜਗਤ) ਵਿਚ ਰੁਪਾਂਤਰਣ ਹੋ ਜਾਂਦਾ ਹੈ। ਗੁਰੂ ਰਵਿਦਾਸ ਜੀ ਸ੍ਰਿਸ਼ਟੀ ਨੂੰ ਮਾਇਆ ਦੀ ਉਪਜ ਤਾਂ ਮੰਨਦੇ ਹਨ ਪਰੰਤੂ ਉਨ੍ਹਾਂ ਅਨੁਸਾਰ ਮਾਇਆ ਪ੍ਰਭੂ ਦੇ

ਅਧੀਨ ਸ਼ਕਤੀ ਹੈ। ਪ੍ਰਭੂ ਆਪਣੀ ਮਾਇਆ ਦੁਆਰਾ ਜਗਤ ਦੀ ਖੇਡ ਖੇਡਦਾ ਇਹ ਉਸਦੀ ਲੀਲਾ ਹੈ:

ਪੰਚ ਤਤ ਚਹ ਤ੍ਰਿਗੁਣੀ ਮਾਯਾ ॥
ਜੋ ਦੀਸੈ ਸੋ ਸਗਲ ਉਪਾਯਾ ॥[35]

ਸਾਂਖਯ ਦਰਸ਼ਨ ਦਵੈਤਵਾਦੀ ਹੈ। ਇਨ੍ਹਾਂ ਅਨੁਸਾਰ ਪੁਰਸ਼(ਬ੍ਰਹਮ ਨਾਲੋਂ ਭਿੰਨ ਤੱਤ ਹੈ) ਇਸ ਲਈ ਇਹ ਸ੍ਰਿਸ਼ਟੀ ਬ੍ਰਹਮ ਤੋਂ ਵੱਖਰੀ ਹੈ। ਗੁਰੂ ਰਵਿਦਾਸ ਜੀ ਦਵੈਤ ਮੱਤ ਦੇ ਇਸੇ ਸਿਧਾਂਤ ਨੂੰ ਸਵੀਕਾਰ ਨਹੀਂ ਕਰਦੇ। ਉਹ ਥਾਂ ਥਾਂ ਇਸ ਦਾ ਖੰਡਨ ਕਰਦੇ ਹਨ:-

1. ਕੇਵਲ ਕਰਤਾ ਏਕ ਸਹੀ ਕਰਿ, ਸਤਿ ਰਾਮ ਤਿਹਿੱ ਲਾਈ[36]।
2. ਏਕ ਅਨੇਕ, ਅਨੇਕ ਏਕ ਹਰਿ, ਕਹੋਂ ਕਵਨ ਵਿਧਿ ਦੂਜਾ ॥[37]

ਵਿਵਰਤਵਾਦ:- ਇਸ ਨੂੰ ਸੱਤ-ਕਾਰਯਵਾਦ ਵੀ ਕਿਹਾ ਜਾਂਦਾ ਹੈ। ਵਿਵਰਤਵਾਦ ਦਾ ਅਰਥ ਹੈ ਅਜਿਹਾ ਪਰਿਵਰਤਨ ਜਿਸ ਵਿਚ ਮੂਲ ਵਸਤ ਦੇ ਪਰਵਰਤਿਤ ਹੋਣ ਤੋਂ ਬਿਨਾਂ ਹੀ ਉਸ ਦਾ ਬਾਹਰੀ ਰੂਪ ਬਦਲ ਜਾਵੇ। ਅਦੈਵੈਤ-ਵੇਦਾਂਤ ਅਨੁਸਾਰ ਜੋ ਕਾਰਜ(ਜਗਤ) ਵੇਖਿਆ ਜਾਂਦਾ ਹੈ। ਉਹ ਵਾਸਤਵਿਕ ਨਹੀਂ ਉਹ ਕੇਵਲ ਪ੍ਰਤੀਤ ਹੁੰਦਾ ਹੈ। ਇਸ ਤਰ੍ਹਾਂ ਬ੍ਰਹਮ ਤੋਂ ਸ੍ਰਿਸ਼ਟੀ ਪੈਦਾ ਤਾਂ ਹੁੰਦੀ ਹੈ ਪਰੰਤੂ ਇਹ ਸੱਚ ਨਹੀਂ ਕੇਵਲ ਬ੍ਰਹਮ ਹੀ ਇਕ ਇਕ ਸੱਚ ਹੈ। ਸ੍ਰਿਸ਼ਟੀ ਦੀ ਸੱਤਾ ਬ੍ਰਹਮ ਦਾ ਵਿਵਰਤ ਹੈ। ਇਸ ਦੇ ਲਈ ਅਦਵੈਤਵਾਦੀਆਂ ਨੇ ਜਲ-ਤਰੰਗ ਦਾ ਦ੍ਰਿਸ਼ਟਾਂਤ ਦਿੱਤਾ ਹੈ। ਗੁਰੂ ਰਵਿਦਾਸ ਜੀ ਵੀ ਇਸ ਦਾ ਸਮਰਥਨ ਕੀਤਾ ਹੈ ਉਹ ਕੇਵਲ ਬ੍ਰਹਮ ਦੀ ਸਤਾ ਨੂੰ ਵਾਸਤਵਿਕ ਅਤੇ ਜਗਤ ਦੀ ਸਤਾ ਨੂੰ ਅਭਾਸੀ ਸਵੀਕਾਰ ਕਰਦੇ ਹਨ:

1. ਮਾਧੋ ਭਰਮ ਕੈਸੇ ਨ ਬਿਲਾਈ, ਤਾਥੈਂ ਦੁਤੀ ਦਰਸੈ ਆਈ ॥[38]
2. ਤੋਹੀ ਮੋਹੀ ਤੋਹੀ ਅੰਤਰ ਕੈਸਾ,
   ਕਨਕ ਕਟਿਕ ਜਲ ਤਰੰਗ ਜੈਸਾ ॥[39]
3. ਕਿਆ ਤੂੰ ਸੋਇਆ ਜਾਗ ਇਆਨਾ ।
   ਤੈ ਜੀਵਨੁ ਜਗਿ ਸਚੁ ਕਰਿ ਜਾਨਾ ॥[40]

ਅਧਯਾਸਵਾਦ:- ਅਧਯਾਸ ਦਾ ਅਰਥ ਹੈ ਅਤੱਤ ਵਿਚ ਤੱਤ ਬੁੱਧੀ ਦਾ ਉਤਪੰਨ ਹੋਣਾ।[41] ਵਸਤੂ ਦੇ ਸਰੂਪ ਨੂੰ ਮਾਇਆ ਦੀ ਆਵਰਣ-ਸ਼ਕਤੀ ਦੇ ਪ੍ਰਭਾਵ ਨਾਲ ਨਾ ਦੇਖ ਕੇ ਸਗੋਂ ਵਿਖੇਪ ਸ਼ਕਤੀ ਦੇ ਪ੍ਰਭਾਵ ਨਾਲ ਉਸ ਵਸਤੂ ਨੂੰ ਭਿੰਨ ਭਿੰਨ ਰੂਪਾਂ ਵਿਚ ਸਮਝਣਾ ਹੀ ਆਰੋਪ ਜਾਂ ਅਸਯਾਸ ਹੈ।[42] ਅਵਿਦਿਆ, ਅਗਿਆਨ ਅਤੇ ਭਰਮ ਨਾਲ ਹਨੇਰੇ ਵਿਚ ਪਈ ਰੱਸੀ ਵਿਚ ਸੱਪ ਦਾ ਆਰੋਪ ਕਰ

ਕਰ ਲਿਆ ਜਾਂਦਾ ਹੈ। ਇਸੇ ਤਰ੍ਹਾਂ ਪਾਰਮਾਰਥਿਕ ਸੱਤਾ (ਬ੍ਰਹਮ) ਵਿਚ ਅਗਿਆਨਤਾ ਕਾਰਣ ਜਗਤ ਦਾ ਆਰੋਪ ਕਰ ਲਿਆ ਜਾਂਦਾ ਹੈ। ਇਹੀ ਅਧਯਾਸ ਹੈ ਇਸ ਦੇ ਕਾਰਣ ਜੀਵ ਆਪਣੀ ਵਾਸਤਵਿਕਤਾ ਸਮਝਣ ਅਸਮਰਥ ਹੋ ਜਾਂਦਾ ਹੈ।

ਗੁਰੂ ਰਵਿਦਾਸ ਜੀ ਨੇ ਵੀ ਬ੍ਰਹਮ ਜੀਵ ਤੇ ਜਗਤ ਦੀ ਸਥਿਤੀ ਦਰਸਾਉਣ ਲਈ ਉਪਰੋਕਤ ਦ੍ਰਿਸ਼ਟਾਂਤ ਦਾ ਪ੍ਰਯੋਗ ਕੀਤਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਹੋਰ ਵੀ ਬਹੁਤ ਸੁੰਦਰ ਰੂਪਕਾਂ ਦੁਆਰਾ ਇਸ ਭਾਗ ਤੇ ਸਪਸ਼ਟ ਕੀਤਾ ਹੈ।

1. ਮਾਧਵੇ ਕਿਆ ਕਹੀਐ ਭ੍ਰਮੁ ਕੈਸਾ ॥
ਜੈਸਾ ਮਾਨੀਐ ਹੋਇ ਨ ਤੈਸਾ ॥ ਰਹਾਉ ॥
ਨਰਪਤਿ ਏਕ ਸਿੰਘਾਸਨਿ ਸੋਇਆ
ਸੁਪਨੇ ਭਇਆ ਭਿਖਾਰੀ ॥
ਅਛਤ ਰਾਜ ਬਿਛੁਰਤ ਦੁਖੁ ਪਾਇਆ,
ਸੋ ਗਤਿ ਭਈ ਹਮਾਰੀ ॥
ਰਜੁ ਭੁਇਅੰਗ ਪ੍ਰਸੰਗ ਜੈਸੇ ਹਹਿ,
ਅਬ ਕਛੁ ਮਰਮੁ ਜਨਾਇਆ ॥
ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨ ਨ ਆਇਆ ॥[43]

2. ਕਨਕ ਕਟਕ ਸੁਤ ਪਟ ਜੁਦਾ, ਰਜੁ ਭੁਅੰਗ ਭ੍ਰਮ ਜੈਸਾ ॥[44]

ਪ੍ਰਤੀ ਬਿੰਬਵਾਦ:-ਇਹ ਵੀ ਅਦਵੈਤਵਾਦ ਦਾ ਇਕ ਸਿਧਾਂਤ ਹੈ, ਇਸ ਸਿਧਾਂਤ ਦੇ ਅਨੁਸਾਰ ਸੰਸਾਰ ਪਰਮਾਤਮਾ ਦਾ ਪ੍ਰਤਿਬਿੰਬ ਹੈ। ਜਿਵੇਂ ਚੰਦਰਮਾ ਦਾ ਪ੍ਰਤੀਬਿੰਬ ਅਲੱਗ-ਅਲੱਗ ਜਲਾਸ਼ਯਾਂ ਵਿਚ ਦਿਸਦਾ ਹੈ ਉਸੇ ਤਰ੍ਹਾਂ ਪਰਮਾਤਮਾ ਦਾ ਬਿੰਬ ਅਲੱਗ-ਅਲੱਗ ਪ੍ਰਾਣੀਆਂ ਵਿਚ ਨਜ਼ਰ ਆਉਂਦਾ ਹੈ। ਛਾਂਦੋਗਯ ਉਪਨਿਸ਼ਦ ਵਿਚ ਵੀ ਪ੍ਰਤੀਬਿੰਬਵਾਦ ਦੇ ਦਰਸ਼ਨ ਹੁੰਦੇ ਹਨ। ਇਸ ਵਿਚ ਵਰਣਨ ਹੈ ਕਿ ਬ੍ਰਹਮ ਪਰਮ ਜੋਤੀ ਹੈ। ਇਹ ਜੋਤੀ ਹੀ ਹਰ ਜੀਵ ਵਿਚ ਪ੍ਰਕਾਸ਼ਿਤ ਹੋ ਰਹੀ ਹੈ।[45]
ਗੁਰੂ ਰਵਿਦਾਸ ਜੀ ਅਨੁਸਾਰ ਵੀ ਪ੍ਰਭੂ ਦੀ ਜੋਤਿ ਹੀ ਸਭ ਜੀਵਾਂ ਵਿਚ ਵਿਦਮਾਨ ਹੈ :

1. ਸਰਵੇ ਏਕੁ ਅਨੇਕੈ ਸੁਆਮੀ, ਸਭ ਘਟ ਭੋਗਵੈ ਸੋਈ ॥[5 46]
2. ਚਹੁੰਦਿਸਿ ਦਿਵਲਾ ਵਰਿ ਰਹੈ, ਜਗਮਗ ਹੋਵ ਰਹਯੋ ਰੇ ॥
ਜੋਤਿ ਜੋਤਿ ਸਮਜੋਤਿ, ਜੋਤਿ ਮੈਂ ਹਿਲਮਿਲ ਰਹਯੋ ਰੇ ॥[45]

ਸਰਵਾਤਮਵਾਦ:- ਇਸ ਸਿਧਾਂਤ ਅਨੁਸਾਰ ਪਰਮਾਤਮਾ ਵਿਸ਼ਵ ਦੇ ਕਣ ਕਣ ਵਿਚ ਸਮਾਇਆ ਹੋਇਆ

ਹੈ। ਇਸ ਵਾਦ ਦੀ ਪਰੰਪਰਾ ਪ੍ਰਾਚੀਨ ਹੈ। ਸ੍ਵੇਤਾਸ੍ਵਤਰ ਉਪਨਿਸ਼ਦ ਵਿਚ ਵਰਣਨ ਹੈ ਕਿ ਉਹ ਸਰਵ ਵਿਆਪੀ, ਜਗਤ-ਕਰਤਾ ਸਭ ਜੀਵਾਂ ਦੇ ਹਿਰਦੇ ਵਿਚ ਸਥਿਤ ਹੈ।[48] ਬ੍ਰਿਹਦਾਰਣਯਕ ਉਪਨਿਸ਼ਦ ਵਿਚ ਸਮੁੱਚੇ ਵਿਸ਼ਵ ਨੂੰ ਬ੍ਰਹਮ ਕਿਹਾ ਗਿਆ ਹੈ।[49] ਇਸ ਸਿਧਾਂਤ ਨੂੰ ਬਾਅਦ ਵਿਚ ਅਦਵੈਤਵਾਦੀਆਂ ਨੇ ਵੀ ਅਪਨਾਇਆ। ਗੁਰੂ ਰਵਿਦਾਸ ਜੀ ਨੇ ਸਰਵਾਤਮਵਾਦ ਵਿਚ ਵਿਸ਼ਵਾਸ ਰਖਣ ਵਾਲੇ ਸਨ ਉਨ੍ਹਾਂ ਅਨੁਸਾਰ ਵੀ ਜਗਤ ਦਾ ਕਰਤਾ ਸਰਵ ਜੀਵਾਂ ਵਿਚ ਸਮਾਇਆ ਹੋਇਆ ਹੈ। ਉਹ ਲਿਖਦੇ ਹਨ:

1. ਸਭ ਮੈਂ ਹਰਿ ਹੈ ਹਰਿ ਮੈਂ ਸਭ ਹੈ
   ਹਰਿ ਅਪਨੋ ਜਨਿ ਜਾਨਾ ॥[50] (11)

2. ਥਾਵਰ ਜੰਗਮ ਕੀਟ ਪਤੰਗਾ ॥
   ਪੂਰਿ ਰਹਯੋ ਹਰਿ ਰਾਈ ॥[51] (28)

3. ਜਗਤ ਦਾ ਸਰੂਪ:- ਗੁਰੂ ਰਵਿਦਾਸ ਜੀ ਨੇ ਜਗਤ ਦੇ ਪ੍ਰਥਾਇ ਕਈ ਸ਼ਬਦਾਂ ਦੀ ਵਰਤੋਂ ਕੀਤੀ ਹੈ ਜਿਵੇਂ ਜਗਤ, ਜਗੁ, ਸੰਸਾਰ, ਸੰਸਾਰ-ਸਮੁੰਦੇ, ਭੌਜਲ, ਕਜਲਿ ਕੀ ਕੋਠੜੀ, ਵਿਸ੍ਵਿਆਵਨ, ਸਵਾਂਗ, ਬਾਜੀਗਰ ਦੀ ਬਾਜੀ, ਤੀਨ ਲੋਕ, ਤ੍ਰਿਭਵਨ, ਭੌ-ਸਾਗਰ, ਦੁਨੀਆਂ ਫਨਖਾਨੇ ਆਦਿ।

ਜਗਤ ਅਸਤਯ ਹੈ:- ਗੁਰੂ ਰਵਿਦਾਸ ਜੀ ਨੇ ਕਈ ਉਪਮਾਵਾਂ ਅਤੇ ਦ੍ਰਿਸ਼ਟਾਂਤਾਂ ਦਾ ਪ੍ਰਯੋਗ ਕਰਕੇ ਜਗਤ ਦੀ ਅਸਤਯਤਾ ਨੂੰ ਦਰਸਾਇਆ ਹੈ। ਜਗਤ ਦਾ ਸਰੂਪ ਦੁਖਦਾਈ ਹੈ। ਮ੍ਰਿਗ-ਤ੍ਰਿਸ਼ਨਾਂ ਦੀ ਤਰ੍ਹਾਂ ਅਭਾਸੀ ਹੈ। ਇਸ ਦੀ ਹੋਂਦ ਸਥਾਈ ਨਹੀਂ ਕਿਉਂਕਿ ਮਨੁੱਖੀ ਜੀਵਨ ਕਾਲ ਦੇ ਦੌਰੇ ਆਇਆ ਹੈ। ਇਹ ਜਗ ਮਿਥਿਆ ਹੈ। ਇਹ ਕਜ਼ਲ ਦੀ ਕੋਠੜੀ ਹੈ, ਦੁੱਖਾਂ ਦੀ ਖੇਤਰੀ ਹੈ।

1. ਮ੍ਰਿਗ-ਤ੍ਰਿਸ਼ਨਾ ਰੂਪੀ ਜਗਤ:- ਜਗਤ ਦੀ ਸਤਾ ਵਾਸਤਵਿਕ ਨਹੀਂ ਇਹ ਮ੍ਰਿਗ-ਤ੍ਰਿਸ਼ਨਾ ਦੀ ਤਰ੍ਹਾਂ ਪ੍ਰਭੂ-ਪੁਰਖ ਦਾ ਅਭਾਸੀ ਪ੍ਰਤੀਬਿੰਬ ਹੈ। ਜਿਵੇਂ ਰੇਗਿਸਤਾਨ ਦੀ ਰੇਤ ਦੂਰੋਂ ਤੁਰੇ ਆਉਂਦੇ ਰਾਹੀ ਨੂੰ ਪਾਣੀ ਦਾ ਭੁਲੇਖਾ ਪਾਉਂਦੀ ਹੈ। ਪਿਆਸੇ ਮ੍ਰਿਗ ਅਤੇ ਯਾਤਰੀ ਇਸ ਨੂੰ ਸੱਚ-ਜਾਣ ਕੇ ਅਗੇ ਹੀ ਅਗੇ ਤੁਰਦੇ ਜਾਂਦੇ ਹਨ ਇਸੇ ਤਰ੍ਹਾਂ ਮਨੁੱਖ ਵੀ ਜਗਤ ਨੂੰ ਸੱਚਾ ਸਮਝ ਕੇ ਇਸ ਦੀ ਦੌੜ ਵਿਚ ਸ਼ਾਮਲ ਹੋ ਜਾਂਦਾ ਹੈ ਅਤੇ ਮ੍ਰਿਗ ਦੀ ਤਰ੍ਹਾਂ ਮ੍ਰਿਗ-ਤ੍ਰਿਸ਼ਨਾ ਰੂਪੀ ਜਗਤ ਵਿਚ ਭਟਕਦਾ ਫਿਰਦਾ ਹੈ

1. ਬਾਹਿਰ ਖੋਜਤ ਜਨਮ ਸਿਰਾਨੋ
   ਮ੍ਰਿਗ ਤ੍ਰਿਸਨਾ ਰਹਿਓ ਉਰਝਾਈ ॥[52]

2. ਕਸੁੰਭੜੇ ਦੇ ਫੁੱਲ ਰੂਪੀ ਜਗਤ :- ਇਹ ਸੰਸਾਰ ਕਸੁੰਭੜੇ ਦੇ ਫੁੱਲ ਦੇ ਰੰਗ ਵਾਂਗ ਕੱਚਾ ਹੈ, ਥੁੜ-ਚਿਰਾ ਹੈ ਜਦੋਂ ਕਿ ਪਰਮ ਤਤ ਦੀ ਪ੍ਰੀਤ ਦਾ ਰੰਗ ਪੱਕਾ ਮਜੀਠ ਹੈ। ਇਸ ਲਈ ਜਗਤ ਨਾਲ ਮਨੁੱਖ ਦੀ ਪ੍ਰੀਤ ਵੀ ਕੱਚੀ ਹੈ ਇਕ ਨਾਲ ਉਸਦਾ ਸੰਬੰਧ ਵੀ ਥੁੜ-ਚਿਰਾ ਹੈ। ਜਗਤ ਵਿਚ ਮਨੁੱਖ

ਦੀ ਹੋਂਦ ਸਥਾਈ ਨਹੀਂ ਕਿਉਂਕਿ ਜਗਤ ਚਲਣਹਾਰ ਹੈ:

1. ਜੈਸਾ ਰੰਗ ਸੋਂ ਥਲ ਕਹਿ ਹੈਵ ਤੈਸਾ ਯਹੁ ਸੰਸਾਰ ॥
ਹੋ ਰੰਗ ਰੰਗੋ ਰਾਮ ਸੰਹ, ਭਵੈ ਰਵਿਦਾਸ ਵਿਚਾਰ ॥ ੧ ॥[53]

2. ਜੈਸਾ ਰੰਗੁ ਕਸੁੰਭ ਕਾ, ਤੈਸਾ ਇਹ ਸੰਸਾਰ ॥
ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ ॥[54]

**3. ਫਨਖਾਨਾ ਰੂਪੀ ਦੁਨੀਆਂ :-** ਗੁਰੂ ਰਵਿਦਾਸ ਜੀ ਅਨੁਸਾਰ ਇਹ ਜਗਤ ਨਾਸ਼ਵਾਨ ਹੈ ਜਾਂ ਇਹ ਦੁਨੀਆਂ ਫਾਨੀ ਹੈ। ਮਨੁੱਖ ਨਿਆਣਿਆਂ ਵਾਂਗੂੰ ਗਫਲਤ ਦੀ ਨੀਂਦ ਸੌਂ ਜਾਂਦਾ ਹੈ। ਜ਼ਿੰਦਗੀ ਦੀ ਸ਼ਾਮ ਪੈਣ ਤੇ ਉਸਨੂੰ ਚਾਰੇ ਪਾਸੇ ਹਨੇਰਾ ਦਿਖਾਈ ਦਿੰਦਾ ਹੈ। ਅਚੇਤ ਮਨੁੱਖ ਫਾਨੀ ਸੰਸਾਰ ਬਾਰੇ ਏਨਾ ਵੀ ਨਹੀਂ ਸੋਚਦਾ ਕਿ ਜਦ ਉਸਦੇ ਸੰਗੀ ਬੇਲੀ ਦੁਨੀਆਂ ਵਿਚ ਨਹੀਂ ਰਹੇ ਤਾਂ ਉਸ ਦਾ ਇਥੇ ਰਹਿਣਾ ਥਿਰ ਕਿਵੇਂ ਹੋ ਸਕਦਾ ਹੈ :

1. ਜੋ ਦਿਨ ਆਵਹਿ ਸੋ ਦਿਨ ਜਾਹੀ, ਕਰਨਾ ਕੂਚ ਰਹਨ ਥਿਰ ਨਾਹੀ ॥
ਸੰਗ ਚਲਤ ਹੈ ਹਮ ਭੀ ਚਲਨਾ, ਦੂਰਿ ਗਵਨ ਸਿਰ ਊਪਰਿ ਮਰਨਾ ॥
ਕਿਆ ਤੂੰ ਸੋਇਆ ਜਾਗੁ ਇਆਨਾ, ਤੈ ਜੀਵਨ ਜਗਿ ਸਚੁ ਕਰਿ ਜਾਨਾ ॥
..... ..... ..... ....
ਜਨਮ ਸਿਰਾਨੋ ਪੰਥ ਨ ਸੰਵਾਰਾ, ਸਾਂਝ ਪਰੀ ਦਹ ਦਿਸ ਅਧਿਆਰਾ ॥
ਕਹਿ ਰਵਿਦਾਸ ਨਿਦਾਨਿ ਦਿਵਾਨੇ, ਚੇਤਸਿ ਨਾਹੀ ਦੁਨੀਆਂ ਫਨ ਖਾਨੇ ॥[55]

ਚਾਹੇ ਦੁਨੀਆਂ ਫਨ ਖਾਨਾ ਹੈ ਪਰੰਤੂ ਗੁਰੂ ਰਵਿਦਾਸ ਜੀ ਅਨੁਸਾਰ ਮਨੁੱਖ ਅਮਰ ਹੋ ਸਕਦਾ ਹੈ। ਜ਼ਰੂਰਤ ਹੈ ਮਾਇਆ ਦੇ ਫੰਦਿਆਂ ਨੂੰ ਤੋੜਨ ਦੀ, ਸਦੀਵੀ ਤੌਰ ਤੇ ਇਸ ਨੂੰ ਤਿਆਗਣ ਦੀ ਅਤੇ ਸਤਿ ਸਰੂਪ ਬ੍ਰਹਮ ਨੂੰ ਮਨ ਵਿਚ ਰਖਣ ਦੀ। ਗੁਰੂ ਰਵਿਦਾਸ ਜੀ ਆਪਣੇ ਬਾਰੇ ਲਿਖਦੇ ਹਨ ਕਿ ਜਦੋਂ ਮੇਰੀ ਨਾਮ ਬੇੜਾ ਦੇ ਗੁਰੂ ਰਾਮਾਨੰਦ ਪਤਵਾਰ ਹਨ ਤਾਂ ਫਿਰ ਅਸੀਂ ਕਿਉਂ ਮਰਾਂਗੇ :

ਅਮਰ ਭਏ ਹਮ ਕਾਹੇ ਕੌ ਮਰਿ ਹੈਂ ॥
ਮਿਥਿਆ ਜਗ ਮਾਇਆ ਤਜਿ ਦੀਨੀ, ਸਤਰੂਪ ਮਨੁ ਧਰਿ ਹੈ
ਜੋ ਦੀਸੈ ਸਭ ਮਾਇਆ ਫੰਦਾ ਤਾਂ ਕਿ ਜੇਵਰਿ ਕਤਰਿ ਹੈ ॥
ਅਨਿਨ ਬਾਰ ਜੰਮੇ ਅਰੁ ਮਰੀਏ, ਫੁਨਿ ਹੌ ਭਮਹਿ ਨਾ ਪਰਿ ਹੈਂ
ਪਤਰਿ ਨਾਵ ਖੇਵਟੀਆਂ ਗੁਰੂ ਰਾਮਾ, ਨਾਮ ਲੇਤ ਹੀ ਤਰਿ ਹੈਂ ॥[56]

**4. ਜਗਤ ਮਿਥਿਆ ਹੈ:-** ਗੁਰੂ ਰਵਿਦਾਸ ਜੀ ਨੇ ਜਗਤ ਨੂੰ ਮਿਥਿਆ ਅਥਵਾ ਝੂਠਾ ਕਿਹਾ ਹੈ।

ਇਹ ਸੰਸਾਰ ਮਾਇਆ ਦੇ ਪ੍ਰਭਾਵ ਸਦਕਾ ਮਿਥਿਆ ਹੈ। ਜਗਤ ਦੇ ਸੰਬੰਧ ਵਰਤਾਉ, ਵਪਾਰ, ਵਿਮਰ, ਰਿਸ਼ਤੇ-ਨਾਤੇ, ਮੋਹ-ਮਾਇਆ, ਬੰਧਨ ਸਭ ਝੂਠੇ ਹਨ, ਮਿਥਿਆ ਹਨ। ਇਥੋਂ ਤਕ ਕਿ ਦੁਨੀਆਂ ਦੇ ਸਭ ਤੋਂ ਨਜ਼ਦੀਕੀ ਰਿਸ਼ਤੇ ਨਾਤੇ ਰਖਣ ਵਾਲੇ ਭਾਈ ਬੰਧੂ, . ਪੁਤ੍ਰ ਵੀ ਮਰੇ ਵਿਅਕਤੀ ਨੂੰ ਘਰੋਂ ਜਲਦੀ ਕਢਣ ਦੀਆਂ ਤਿਆਰੀਆਂ ਕਰਦੇ ਹਨ ਅਤੇ ਉਸ ਘਰ ਦੀ ਨਾਰੀ ਵੀ ਜੋ ਹਮੇਸ਼ਾਂ ਉਸਦੇ ਤਨ ਨਾਲ ਲਗਣ ਲਈ ਤਤਪਰ ਰਹਿੰਦੀ ਸੀ ਉਹ ਵੀ ਭੂਤ ਭੂਤ ਕਹਿ ਕੇ ਦੌੜਦੀ ਫਿਰਦੀ ਹੈ :

ਜਮੁ ਆਪਾ ਸੁਮਝਈ ਨਹਿੰ, ਮਿਥਿਆ ਮੇਰੇ ਨਿਦਿਧਿਯਾਸ ॥[57]

1. ਭਾਈ ਬੰਧ ਕੁਟੰਬ ਸਹੇਰਾ, ਓਇ ਭੀ ਲਾਗੇ ਕਾਢੁ ਸਵੇਰਾ ॥
ਘਰ ਕੀ ਨਾਰਿ ਉਰਹਿ ਤਨ ਲਾਗੀ, ਉਹ ਤਉ ਭੂਤੁ ਭੂਤੁ ਕਰਿ ਭਾਗੀ ॥[57-ਏ]

2. ਪੁਤ੍ਰ ਬਰਗ ਕੁਲਾ ਬੰਧ ਤੇ ਭਾਰਜਯਾ ॥
ਭਖੇ ਦਸੌ ਦਿਸਾ ਸਿਰਿ ਕਾਲ ਲਾਗਾ ॥[58]

ਇਹ ਸੰਸਾਰ ਇਸ ਲਈ ਵੀ ਮਿਥਿਆ ਹੈ ਕਿ ਇਹ ਰਾਮ ਨਾਮ ਦੇ ਵਣਜ ਨੂੰ ਛੱਡ ਕੇ ਮਾਇਆ ਰੂਪੀ ਜ਼ਹਿਰ ਦਾ ਵਪਾਰ ਕਰਦਾ ਹੈ। ਇਸ ਮਿਥਿਆ ਸੰਸਾਰ ਦੇ ਸਿਰ ਤੇ ਦੁਸ਼ਟ ਕਾਲ ਹਰ ਸਮੇਂ ਖੜਾ ਰਹਿੰਦਾ ਹੈ। ਅਸਲ ਵਿਚ ਸਾਰਾ ਜਗਤ ਹੀ ਕਾਲ ਦੇ ਦੁਆਰਾ ਬੰਨ੍ਹਿਆ ਹੋਇਆ ਹੈ। ਮਨੁੱਖ ਇਸ ਜਗਤ ਵਿਚ ਕਾਲ ਦੇ ਦੌਰੇ ਆਇਆ ਹੈ :

ਕਾਲ ਦੇ ਦੌਰੇ ਆਇਓ ਜੀਵਨ ॥
ਨਾਮ ਅਮੀਰਸ ਵਿਰਲੇ ਪੀਵਨ ॥[59]

5. ਕਜਲ ਦੀ ਕੋਠੜੀ ਰੂਪੀ ਜਗਤ:- ਗੁਰੂ ਰਵਿਦਾਸ ਜੀ ਨੇ ਇਸ ਜਗਤ ਨੂੰ ਕਜਲ ਦੀ ਕੋਠੜੀ ਕਿਹਾ ਹੈ। ਇਸ ਵਿਚ ਮਨੁੱਖ ਮਾਇਆ ਰੂਪੀ ਕਾਲਖ ਨਾਲ ਆਪਾ ਲਬੇੜ ਲੈਂਦਾ ਹੈ। ਸੰਤ ਜਨ ਇਸ ਦੀ ਵਾਸਤਵਿਕਤਾ ਨੂੰ ਸਮਝਦੇ ਹੋਏ ਰਾਮ ਨਾਮ ਦੇ ਵਣਜ ਕਰਦਿਆਂ ਇਸ ਤੋਂ ਆਪਾ ਬਚਾ ਲੈਂਦੇ ਹਨ:

ਯਹੁ ਸੰਸਾਰ ਕਜੁਲਿ ਕੀ ਕੋਠਰੀ, ਅਰੁ ਵਿਸ਼-ਹਉਰਾ ਕੂਣਾ ॥
ਕਹਿ ਰਵਿਦਾਸ ਹਉਮੈਂ ਜਗ ਖਾਯਾ, ਜਯੌਂ ਨਲਿਨੀ ਭੂ ਸੂਣਾ ॥[60]

6. ਵਿਸ਼ਿਆ ਵਣ੍ਹ ਰੂਪੀ ਜਗਤ:- ਗੁਰੂ ਰਵਿਦਾਸ ਜੀ ਅਨੁਸਾਰ ਜਗਤ ਵਿਸ਼ ਦਾ ਖੂਹ ਹੈ। ਇਹ ਵਿਸ਼ਿਆ-ਵਣ ਵੀ ਹੈ। ਮਨੁੱਖ ਵਿਸ਼ੈ-ਵਿਕਾਰਾਂ ਵਿਚ ਫਸਿਆ ਤ੍ਰਿਵਿਧ ਤਾਪ ਵਿਚ ਤਪਦਾ ਹੈ। ਮਾਇਆ ਦੇ ਭਰਮ ਵਿਚ ਭਟਕਦਾ ਫਿਰਦਾ ਮਨੁੱਖ ਬੇਚੈਨ ਹੋਇਆ ਪਰਮਾਨੰਦ ਦੇ ਦੁਆਰੇ ਨੂੰ ਵੀ

ਭੁਲ ਜਾਂਦਾ ਹੈ:

1. ਭਈ ਅਤਿ ਛੀਨ ਖੇਦ ਮਾਇਆ ਬਸ, ਜਸ ਤਿਸ ਤਾਪ ਹੈ ਤੇ ਤਸ
ਦਵਾਰੈ ਨੰਦ ਸਾ ਬਿਕਟ ਵਿਸ਼ ਕਾਰਨ, ਭੁਲਿ ਪਰਿਓ ਮਨ ਪਾ ਵਿਸ਼ਿਆਵਨ ।[61]

2. ਯਹੁ ਸੰਸਾਰ ਸਘਨ ਬਨ ਵਿਸ਼ ਕੋ,ਤਾ ਮੈਂ ਬਹੁ ਦੁਖ ਦੰਦ ਖਿਧਾਲਾਈ ॥
ਰੂਪ ਰਵਣ ਕੇ ਉਨਮੁਖਿ ਮਾਨੁਖਾ,ਪਤੰਗ ਪੜੇ ਜਿਮਿ ਆਈ ॥
ਕਾਮ ਕਲੇਸ ਪ੍ਰਧਮਿ ਜਗ ਪਾਸਿ,ਕੌਉਨ ਗਯੋ ਸਚੁ ਪਾਈ ।।
ਤਾ ਮੈਂ ਚੈਨ ਕਿਮਿ ਤੂੰ ਰੁਲਸੈ, ਸੁਣਿ ਮੂਰਖਿ ਸਤਿ ਭਾਈ ॥[62]

7. ਭੌ-ਸਾਗਰ ਰੂਪੀ ਸੰਸਾਰ:- ਗੁਰੂ ਰਵਿਦਾਸ ਜੀ ਅਨੁਸਾਰ ਇਹ ਸੰਸਾਰ ਅਪਾਰ ਭੌ-ਸਾਗਰ ਹੈ। ਇਸ ਵਿਚ ਮਨੁੱਖ ਅਨੰਤ ਭਰਮਾਂ, ਸੰਸਿਆਂ ਦੇ ਜਾਲ ਵਿਚ ਫਸ ਜਾਂਦਾ ਹੈ। ਇਸ ਸੰਸਾਰ ਵਿਚ ਉਚੇ ਮੰਦਰ ਹਨ, ਸੁੰਦਰ ਨਾਰੀ ਹੈ, ਕੁਲ ਬੰਧੂ ਹਨ। ਅਨੇਕਾਂ ਮਨ ਲੁਭਾਉਣੇ ਸਰੀਰ ਰੂਪੀ ਜੁਤੀ ਨੂੰ ਗੰਢਣ ਵਾਲੇ ਪਦਾਰਥ ਹਨ। ਇਸ ਸੰਸਾਰ ਸਮੁੰਦਰ ਦੀ ਗਹਿਰਾਈ ਮਨ-ਮਛਲੀ ਨੇ ਹੀ ਸੋਚਣੀ ਵਿਚਾਰਨੀ ਹੈ। ਦੁਤਰ ਭਵ-ਸਾਗਰ ਨੂੰ ਪਾਰ ਕਰਨ ਦਾ ਇਕੋ ਇਕ ਸਾਧਨ ਹੈ:- ਰਾਮ ਨਾਮ-ਪਤਵਾਰ ।

1. ਅਤਿਰ ਸੰਸਾਰ ਅਪਾਰ ਭੌ-ਸਾਗਰ, ਤਾਂ ਮੈਂ ਜਾਮਣ ਮਰਣ ਸੰਦੇਹ ਭਾਰੀ ॥
ਕਾਮ ਭ੍ਰਮ ਕ੍ਰੋਧ ਭ੍ਰਮ ਲੋਭ ਭ੍ਰਮ ਮੋਹ ਭ੍ਰਮ ਅਨੰਤ ਭਰਮ ਛੇਦਿ ਮੋ ਕਰਸਿ ਪਾਰੀ ॥[63]

2. ਰੇ ਮਨ ਗਾਫਲਾ ਸੰਸਾਰ ਸਮੁੰਦ ਤੂੰ ਚਿਤ੍ਰ-ਬਿਚਿਤ੍ਰ ਬਿਚਾਰਿ ਰੇ ।।
ਜਿਹਿ ਗਾਲੇ ਗਲਿਧਾਰੀ ਮਰੀਏ, ਸੋ ਸੰਗਿ ਦੂਰਿ ਨਿਵਾਰਿ ਰੇ ॥[64]

3. ਭੌ-ਸਾਗਰ ਕਾ ਤਰਨ ਕੂੰ ਏਕੋ ਨਾਮ ਅਧਾਰ ॥
ਰਵਿਦਾਸ ਕਬਹੁੰ ਨਹਿ ਛਾਂਡਿਏ, ਰਾਮ ਨਾਮ ਪਤਵਾਰ ॥10 ॥[65]

8. ਜਗ ਦੁਖ ਦੀ ਖੇਤਰੀ:- ਗੁਰੂ ਰਵਿਦਾਸ ਜੀ ਨੇ ਸੰਸਾਰ ਨੂੰ ਦੁਖ ਦੀ ਖੇਤਰੀ ਵੀ ਕਿਹਾ ਹੈ। ਉਨ੍ਹਾਂ ਅਨੁਸਾਰ ਇਸ ਸੰਸਾਰ ਵਿਚ ਜਿਥੇ ਮ੍ਰਿਗ ਮੀਨ, ਭ੍ਰਿੰਗ,ਪਤੰਗਾ, ਹਾਥੀ ਆਦਿ ਨੂੰ ਤਾਂ ਇਕ ਅੱਧਾ ਐਬ ਹੈ ਉਥੇ ਮਨੁੱਖ ਪੰਜ ਅਸਾਧ ਰੋਗਾਂ ਨਾਲ ਪੀੜਤ ਮਰੀਜ਼ ਹੈ। ਇਸ ਲਈ ਗੁਰੂ ਜਗਤ ਦੇ ਦੁਖਿਆਰਿਆਂ ਨੂੰ ਰਾਮ-ਰਸਾਇਣ ਰੂਪੀ ਅੰਮ੍ਰਿਤ ਪਾਨ ਕਰਨ ਦਾ ਸੰਦੇਸ਼ ਦਿੰਦੇ ਹਨ:

1. ਇਹ ਜਗ ਦੁਖ ਕੀ ਖੇਤਰੀ, ਇਹ ਜਾਨਤ ਸਬ ਕੋਯ ॥
ਗਯਾਨੀ ਕਾਟਹਿ ਹਰਿ ਨਾਮ ਸੋਂ, ਮੂਰਖਿ ਕਾਟਹਿ ਰੋਯ ॥[66]

2. ਦੁਖਿਆਰੀ ਦੁਖਿਆਰਾ ਜਗ ਮੰਹ, ਮਨ ਜਪ ਲੈ ਰਾਮ ਪਿਆਰਾ ਰੇ ॥
ਗੜ ਕਾਂਚਾ ਤਸਕਰ ਤਿਹ ਲਾਗਾ ਤੂੰ ਕਾਹੇ ਨ ਜਾਗ ਅਭਾਗਾ ॥[67]

ਸੰਸਾਰ ਦਾ ਉਪਰੋਕਤ ਦੁਖਮਈ ਅਤੇ ਕਰੁਣਾਮਈ ਸਰੂਪ ਕੇਵਲ ਮਾਇਆ ਦੇ ਅਲੱਗ ਅਲੱਗ ਰੂਪਾਂ ਕਾਰਣ ਹੈ। ਗੁਰੂ ਜੀ ਅਨੁਸਾਰ ਜਿਵੇਂ ਕੰਵਲ ਦਾ ਫੁਲ ਪਾਣੀ ਵਿਚ ਰਹਿੰਦਾ ਹੋਇਆ ਵੀ ਇਸ ਤੋਂ ਨਿਰਲੇਪ ਰਹਿੰਦਾ ਇਸੇ ਤਰ੍ਹਾਂ ਮਨੁੱਖ ਮੋਹ-ਮਾਇਆ ਤੋਂ ਮੁਕਤ ਹੋ ਜੀਵਨ ਨੂੰ ਸੁਖਮਈ ਬਣਾ ਸਕਦਾ ਹੈ। ਗੁਰੂ ਜੀ ਨੇ ਸੰਸਾਰ-ਸਮੁੰਦ ਨੂੰ ਚਿਤਰਣ -ਬਚਿਤ੍ਰਣ ਲਈ, ਭੌ-ਸਾਗਰ ਨੂੰ ਤੈਰਨ ਲਈ, ਵਿਸੁ-ਹਉਂ ਦੇ ਖੂਹ ਨੂੰ ਅੰਮ੍ਰਿਤ ਨਾਲ ਭਰਨ ਲਈ, ਕਜਲ ਦੀ ਕੋਠੜੀ ਨੂੰ ਪ੍ਰਭੂ ਦੀ ਗਿਆਨ ਜੋਤਿ ਨਾਲ ਰੁਸ਼ਨਾਉਣ ਲਈ, ਦੁਨੀਆਂ ਫਨ-ਧਕੇ ਵਿਚ ਪੰਥ ਸੰਵਾਰਨ ਲਈ, ਮ੍ਰਿਗ-ਤ੍ਰਿਸ਼ਨਾ ਰੂਪੀ ਜਗਤ ਵਿਚ ਨਾਮ ਰੂਪੀ ਅੰਮ੍ਰਿਤ ਨਾਲ ਪਿਆਸ ਬੁਝਾਉਣ ਲਈ, ਮਾਇਆ ਰੂਪੀ ਜਗਤ ਵਿਚ ਕੰਵਲਾਪਤਿ ਦੀ ਸ਼ਰਨ ਆਉਣ ਲਈ, ਮਾਇਆ ਦੇ ਫੰਦੇ ਦੀ ਜੇਵਰੀ ਤੋੜਨ ਲਈ, ਦੁਨੀਆਂ ਦੇ ਮਿਥੇ ਸਰਮ-ਬਿਸ਼ਤ ਦੇ ਮੁਕਾਬਲੇ ਸਹਜ ਸਤਿ ਅਵਸਥ ਪ੍ਰਾਪਤ ਕਰਨ ਲਈ, ਇਸ ਸੰਸਾਰ ਨੂੰ ਬੇਗਮਪੁਰਾ ਬਨਾਉਣ ਦਾ ਬਹੁਤ ਸੁੰਦਰ ਵਿਚਾਰ ਦਿੱਤਾ ਹੈ। ਜਿਥੇ ਕੋਈ ਗਮ, ਚਿੰਤਾ ਨਹੀਂ ਪੋਹ ਸਕਣਗੇ। ਕੋਈ ਉਚ-ਨੀਚ ਦਾ ਵਿਤਕਰਾ ਨਹੀਂ ਹੋਵੇਗਾ:

> ਬੇਗਮਪੁਰਾ ਸਹਰ ਕੋ ਨਾਉ, ਦੂਖੁ ਅੰਦੋਹੁ ਨਹੀ ਤਿਹਿ ਠਾਉ ॥
> ਨਾ ਤਸਵੀਸ ਖਿਰਾਜੁ ਨ ਮਾਲੁ, ਖਉਫੁ ਨ ਖਤਾ ਨ ਤਰਸੁ ਜਵਾਲੁ ॥
> ..... ..... ......
> ਕਾਇਮੁ ਦਾਇਮੁ ਸਦਾ ਪਾਤਸਾਹੀ, ਦੋਮ ਨ ਸੇਮ ਏਕ ਸੋ ਆਹੀ ॥
> .... ..... .....
> ਕਹਿ ਰਵਿਦਾਸ ਖਲਾਸ ਚਮਾਰਾ, ਜੋ ਹਮ ਸਹਰੀ ਸੁ ਮੀਤੁ ਹਮਾਰਾ ॥[68]

2 ਜਗਤ ਸਤਿ ਹੈ:- ਇਹ ਸਭ ਕੁਝ ਗੁਰੂ ਜੀ ਇਸ ਲਈ ਚਾਹੁੰਦੇ ਹਨ ਕਿਉਂਕਿ ਇਹ ਜਗਤ ਪਰਮ ਤੱਤ ਦੀ ਰਚਨਾ ਹੈ। ਉਹ ਆਪ ਹੀ ਅਨੇਕ ਰੂਪ ਵਿਚ ਆਪਣਾ ਵਿਸਥਾਰ ਕਰਕੇ ਜਗਤ ਦੀ ਸ੍ਰਿਸ਼ਟੀ ਕਰਦਾ ਹੈ। ਸਤਿ-ਸਰੂਪ ਦੀ ਸ੍ਰਿਸ਼ਟੀ ਵਿਚ ਉਸ ਸਤਿ ਨੂੰ ਹੀ ਦੇਖਣਾ ਚਾਹੀਦਾ ਹੈ। ਜਗਤ ਦੇ ਹਰ ਜੀਵ ਵਿਚ ਜੋ ਉਸਦੀ ਜੋਤਿ ਸਮਾਈ ਹੋਈ ਹੈ ਉਸ ਦੀ ਹੀ ਪਹਿਚਾਣ ਕਰਨੀ ਹੈ:

1. ਏਕ ਅਨੇਕ ਹੋਇ ਬਿਸਥਰਿਓ ਆਨ ਰੇ ਆਨ ਭਰਪੂਰਿ ਸੋਇ ॥[69]
2. ਚਹੁੰ ਦਿਸ ਦਿਵਲਾ ਬਲਿ ਰਹਯੋ ॥
   ਜੋਤਿ ਜੋਤਿ ਸੰਗ ਤਿਲਮਲ ਰਹਯੋ ॥[70]

3. ਯੁਗਾਂ ਦਾ ਚਿਤਰਣ:- ਭਾਰਤੀ ਚਿੰਤਕਾਂ ਨੇ ਸ੍ਰਿਸ਼ਟੀ ਦੇ ਵਿਕਾਸ-ਕ੍ਰਮ ਨੂੰ ਚਾਰ ਯੁਗਾਂ ਵਿਚ ਵੰਡਿਆ ਹੈ। ਇਹ ਚਾਰ ਯੁਗ ਹਨ - ਸਤਿਯੁਗ, ਤ੍ਰੇਤਾਯੁਗ, ਦਵਾਪੁਰ, ਕਲਿਯੁਗ। ਯੁਗਾਂ ਸੰਬੰਧੀ ਮਨੂ ਸਮ੍ਰਿਤੀ, ਪੁਰਾਣਾਂ, ਮਹਾਂਭਾਰਤ, ਰਾਮਾਇਣ ਆਦਿ ਵਿਚ ਵੀ ਵਰਣਨ ਆਉਂਦਾ ਹੈ।

ਮਹਾਂ ਭਾਰਤ ਵਿਚ ਜੁਗਾਂ ਦੀ ਵੰਡ ਬਾਰੇ ਇਉਂ ਜ਼ਿਕਰ ਆਉਂਦਾ ਹੈ:

ਦਵਾਪਰੇ ਸੈਤ੍ਰਸ੍ਰਕਿਸ, ਗਯਾਨ ਸ੍ਰਿਭਿ: ਕ੍ਰਿਤੇ ਯੁਗੇ ॥
ਤ੍ਰੇਤ ਾਯਾ ਯੁਧ-ਸਕਿਸ, ਸੰਘ-ਸ੍ਰਕਿ: ਕਲੌ ਯੁਗ ॥

ਅਰਥਾਤ ਬ੍ਰਾਹਮਣਾਂ ਅਨੁਸਾਰ ਸਤਿਜੁਗ ਵਿਚ ਦਾਨ ਆਦਿ ਪ੍ਰਧਾਨ ਸੀ ਤ੍ਰੇਤਾ ਯੁਗ ਵਿਚ ਪ੍ਰਵਿਰਤ ਰਿਹਾ ਦੁਆਪਰ ਵਿਚ ਦੇਵਤਿਆਂ ਦੀ ਪੂਜਾ ਪ੍ਰਧਾਨ . . . ਸੀ ਅਤੇ ਕਲਜੁਗ ਵਿਚ ਸਿਰਫ਼ ਰਾਮ ਨਾਮ ਦਾ ਆਸਰਾ ਹੈ।

ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਚਾਰ ਯੁੱਗਾਂ ਸੰਬੰਧੀ ਵਰਣਨ ਆਉਂਦਾ ਹੈ। ਉਨ੍ਹਾਂ ਅਨੁਸਾਰ ਸਤਿਯੁਗ ਵਿਚ ਸਤਿ ਦੀ ਪ੍ਰਧਾਨਤਾ ਸੀ, ਤ੍ਰੇਤਾਯੁਗ ਵਿਚ ਜਗ ਕਰਨ ਤੇ ਵਧੇਰੇ ਬਲ ਦਿੱਤਾ ਜਾਣ ਲਗਾ ਦੁਆਪਰ ਵਿਚ ਪੂਜਾ ਅਰਚਨਾ ਦਾ ਵਧੇ ਰੇ ਬੋਲਬਾਲਾ ਹੋ ਗਿਆ ਅਤੇ ਕਲਯੁਗ ਵਿਚ ਰਾਮ ਨਾਮ ਹੀ ਮਨੁੱਖ ਦਾ ਆਧਾਰ ਰਹਿ ਰਹਿ ਜਾਵੇਗਾ। ਚਾਰੇ ਪਾਸੇ ਮਨੁੱਖ ਪ੍ਰਭੂ-ਪ੍ਰੇਮ ਭਗਤੀ ਨੂੰ ਛਡ ਵਿਸ਼ਿਆਂ ਵਿਚ ਲਗੇ ਨਜ਼ਰ ਆਉਣਗੇ ਅਤੇ ਪਰਮਾਰਥ ਵਲ ਲੋਕਾਂ ਦਾ ਝੁਕਾ ਘਟ ਹੋਵੇਗਾ।

1. ਸਤਿਜੁਗ ਸਤੁ ਤ੍ਰੇਤਾ ਜਗੀ ਦੁਆਪਰਿ ਪੂਜਾਚਾਰ ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਆਧਾਰ ॥[71]

2. ਸੰਤੋ ਕੁਲ ਪਖੀ ਭਗਤਿ ਹਵੈਸੀ ਕਲਿਯੁਗ ਮੈਂ, ਨਿਪਖ ਬਿਰਲਾ ਨਿਬਹੈਸੀ ॥
ਜਾਣਿ ਪਛਾਣਿ ਹਰਖਿ ਮਨ ਹੁਲਸਯੌ, ਬਿਨ ਪਿਛਾਣਿ ਮਿਲਤਾ ਮੁਰਝਾਸੀ ।।
ਅਪਸਵਾਰਥ ਪਰਮੋਧਿ ਦਧਯਾਣੇ, ਪਰਮਾਰਥ ਨ ਦਿਰਾਸੀ ॥
ਬਿਨ ਵਿਸਵਾਸ ਸਾਂਝ ਸਤਿ ਜਾਇਸੈ, ਹਰਿ ਕਾਰਨਿ ਕਯੌ ਰਾਸੀ ॥2 ॥
ਭਾਵ ਭਗਤਿ ਹਿਰਦੈ ਨਹਿ ਅਸੀਂ, ਵਿਸਯ ਲਾਗੀ ਸੁਖ ਪਾਸੀ ॥
ਕਹਿ ਰਵਿਦਾਸ ਪੂਰ ਗੁਰ ਪਾਏ, ਸਵਾਂਗ ਕੌ ਸਵਾਂਗ ਦੁਖਾਸੀ ॥3 ॥[72]

ਗੁਰੂ ਜੀ ਨੇ ਭਾਵੇਂ ਜਗਤ ਨੂੰ ਵਿਸ਼-ਵਣ, ਕਜਲ ਦੀ ਕੋਠਰੀ ਮ੍ਰਿਗ-ਤ੍ਰਿਸ਼ਨਾ, ਭੌ- ਸਾਗਰ ਅਤੇ ਹੋਰ ਉਪਮਾਵਾਂ ਨਾਲ ਬਿਆਨ ਕੀਤਾ ਹੈ ਫਿਰ ਵੀ ਗੁਰੂ ਜੀ ਦਾ ਦ੍ਰਿਸ਼ਟੀਕੋਣ ਜਗਤ ਦੀ ਹੋਂਦ ਦੀ ਨਕਾਰਾਤਮਕਤਾ ਦਾ ਸੂਚਕ ਨਹੀਂ ਸਗੋਂ ਸਕਾਰਾਤਮਕਤਾ ਦਾ ਲਖਾਇਕ ਹੈ। ਗੁਰੂ ਜੀ ਲਈ ਜਗਤ, ਨਿਰਗੁਣ ਦਾ ਸਗੁਣ ਵਿਚ ਵਿਅਕਤ ਹੋਣਾ ਹੈ। ਜੇ ਬ੍ਰਹਮ-ਸੱਚਾ ਹੈ ਤਾਂ ਉਸ ਦੀ ਰਚਨਾ ਕਿਵੇਂ ਝੂਠੀ ਹੋ ਸਕਦੀ ਹੈ। ਇਸ ਨੂੰ ਮਨੁੱਖ ਆਪਣੇ ਵਿਵੇਕ ਦੀਪ ਦੇ ਧੁੰਧਲੇ ਹੋਣ ਕਾਰਣ ਝੂਠਾ-ਸਮਝਦਾ ਹੈ। ਕਿਉਂਕਿ ਮਨੁੱਖ ਜਗਤ ਨਾਲ ਹੀ ਮੋਹ ਪਾ ਲੈਂਦਾ ਹੈ ਅਤੇ ਜਗਤ ਦੇ ਕਰਤਾ ਨੂੰ ਨਿਰਮੋਹੀ ਹੋਇਆ ਵਿਸਾਰ ਦਿੰਦਾ ਹੈ। ਪ੍ਰਭੂ ਨੂੰ ਚਿਤ ਚੇਤੇ ਨਾ ਰਖਣਾ ਹੀ ਅਭਾਸੀ ਦਵੈਤ ਦਾ ਕੇਂਦਰ ਬਣਦਾ ਹੈ। ਮਨੁੱਖ ਵਿਸ਼ਿਆਂ ਵਿਚ ਫਸਿਆ ਪ੍ਰਭੂ ਤੋਂ ਹਰ ਦਿਨ ਦੂਰ ਹੁੰਦਾ ਜਾਂਦਾ ਹੈ। ਸੰਸਾਰਿਕ ਮੋਹ-ਮਾਇਆ ਕਾਰਨ ਹੀ ਜਗਤ ਝੂਠਾ ਹੈ, ਮਿਥਿਆ, ਥੁੜ-ਚਿਰਾ ਹੈ। ਗੁਰੂ ਜੀ ਨੇ ਜਗਤ ਨੂੰ ਸਤਿ-

ਸਰੂਪ ਦੀ ਰਚਨਾ ਵੀ ਮੰਨਿਆ ਹੈ ਉਨ੍ਹਾਂ ਅਨੁਸਾਰ ਚਾਰੇ ਪਾਸੇ ਉਸ ਦੀ ਜੋਤਿ ਜੀਵਾਂ ਵਿਚ ਹਿਲਮਿਲੀ ਹੋਈ ਹੈ। ਅਤੇ ਉਹ ਆਪ ਇਕ ਤੋਂ ਅਨੇਕ ਹੋ ਕੇ ਸਭ ਜੀਵਾਂ ਵਿਚ ਵਿਸਥਰਿਆ ਹੈ। ਇਸ ਲਈ (ਏ ਕਤਾ) ਬ੍ਰਹਮ ਦਾ ਪਸਾਰ ਹੀ ਜਗਤ ਹੈ। ਇਸ ਲਈ ਗੁਰੂ ਰਵਿਦਾਸ ਜੀ ਨੇ ਜਦੋਂ ਵੀ ਜਗਤ ਦੀ ਗਲ ਕੀਤੀ ਹੈ, ਏਕਤਾ ਦੇ ਅਨੇਕਤਾ ਵਿਚ ਰਮਣ ਦੇ ਸੰਦਰਭ ਵਿਚ ਹੀ ਕੀਤੀ ਹੈ। ਉਨ੍ਹਾਂ ਦੇ ਇਹ ਦ੍ਰਿਸ਼ਟੀਕੋਣ ਵਿਗਿਆਨਕ ਹੈ।

॥ ॥ ॥

## ਮਾਇਆ

ਭਰਤੀ ਦਾਰਸ਼ਨਿਕ ਪਰੰਪਰਾ ਵਿਚ ਮਾਇਆ ਸਿਧਾਂਤ ਦਾ ਮਹਤਵਪੂਰਣ ਸਥਾਨ ਹੈ। ਇਸ ਦੇ ਬਾਨੀ ਸ਼ੰਕਰਾਚਾਰੀਆ ਹਨ। ਅਦਵੈਤਵਾਦੀ ਇਸ ਸਿਧਾਂਤ ਦੀ ਸਹਾਇਤਾ ਨਾਲ ਬ੍ਰਹਮ, ਜੀਵ ਅਤੇ ਗੋਚਰ ਜਗਤ ਦੇ ਆਪਸੀ ਸੰਬੰਧਾਂ ਨੂੰ ਨਿਸਚਿਤ ਕਰਨ ਦਾ ਯਤਨ ਕਰਦੇ ਹਨ। ਸੁਕਰਾਚਾਰੀਆ ਤੋਂ ਪਹਿਲਾਂ ਵੀ ਕਿਸੇ ਨਾ ਕਿਸੇ ਰੂਪ ਵਿਚ ਮਾਇਆ ਦਾ ਵਰਣਨ ਆਉਂਦਾ ਹੈ। ਸ਼ੰਕਰਾਚਾਰੀਆ ਤੋਂ ਬਾਅਦ ਵਿਚ ਆਉਣ ਵਾਲੇ ਵਿਚਾਰਵਾਨਾਂ ਨੇ ਵੀ ਇਸ ਸਿਧਾਂਤ ਦੀ ਵਿਆਖਿਆ ਆਪਣੇ ਆਪਣੇ ਢੰਗ ਨਾਲ ਕੀਤੀ ਹੈ। 'ਵੇਦਾਂਤ' ਤੇ ਕੰਮ ਕਰਨ ਵਾਲੇ ਪੱਛਮੀ ਵਿਦਵਾਨਾਂ ਨੇ ਵੀ ਇਸ ਸਿਧਾਂਤ ਦੀ ਮਹੱਤਤਾ ਨੂੰ ਸਵੀਕਾਰਿਆ ਹੈ। ਸ੍ਰੀ ਅਰਬਿੰਦੋ ਘੋਸ਼ ਸਵਾਮੀ ਵਿਵੇਕਾਨੰਦ ਅਤੇ ਡਾ. ਰਾਧਾ ਕ੍ਰਿਸ਼ਨਨ ਵਰਗੇ ਉਘੇ ਚਿੰਤਕਾਂ ਨੇ ਵੀ ਇਸ ਸਿਧਾਂਤ ਦੀ ਨਵੀਨ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ ਹੈ।

ਵੇਦਾਂ ਵਿਚ ਵੀ 'ਮਾਇਆ' ਸ਼ਬਦ ਦੀ ਵਰਤੋਂ ਹੋਈ ਹੈ ਪਰੰਤੂ ਉਨ੍ਹਾਂ ਅਰਥਾਂ ਵਿਚ ਨਹੀਂ ਜਿਨ੍ਹਾਂ ਵਿਚ ਇਸ ਦੀ ਵਰਤੋਂ ਅਜ ਕਲ੍ਹ ਕੀਤੀ ਜਾਂਦੀ ਹੈ। ਰਿਗਵੇਦ ਅਤੇ ਯਜੁਰਵੇਦ ਵਿਚ ਇਕ ਵਿਆਪਕ ਸ਼ਕਤੀ ਦਾ ਵਰਣਨ ਆਉਂਦਾ ਹੈ ਜਿਸ ਤੋਂ ਸਮਸਤ ਸ੍ਰਿਸ਼ਟੀ ਹੁੰਦੀ ਹੈ। ਇੰਦਰ ਸਭ ਤੋਂ ਵੱਡਾ ਦੇਵਤਾ ਇ ਆਪਣੀ ਮਾਇਆ ਸ਼ਕਤੀ ਨਾਲ ਅਨੇਕ ਭਾਂਤ ਭਾਂਤ ਦੇ ਰੂਪ ਧਾਰਦਾ ਹੈ। ਇਸ ਤਰ੍ਹਾਂ ਮਾਇਆ ਜਗਤ ਵਿਚ ਪ੍ਰਬਲ ਸਿਰਜਣ-ਸ਼ਕਤੀ ਹੈ।[1]

ਉਪਨਿਸ਼ਦਾਂ ਵਿਚ ਮਾਇਆ ਸ਼ਬਦ ਸ੍ਰਿਸ਼ਟੀ -ਪ੍ਰਪੰਚ ਦੇ ਲਈ ਪ੍ਰਯੋਗ ਹੋਇਆ ਹੈ। ਸ਼ਵੇਤਾਸ਼ਵਤਰੋਪਨਿਸ਼ਦ ਅਨੁਸਾਰ ਸਾਰੇ ਜਗਤ ਨੂੰ ਮਾਇਆ -ਅਧਿਪਤੀ ਪਰਮੇਸ਼ਰ ਪੰਚ-ਭੂਤਾਂ ਤੋਂ ਬਣਾਉਣ ਅਤੇ ਜੀਵਾਤਮਾ ਉਸ ਪ੍ਰਪੰਚ ਵਿਚ ਮਾਇਆ ਦੁਆਰਾ ਬੱਝੀ ਹੋਈ ਹੈ।[2] ਉਪਨਿਸ਼ਦਾਂ ਵਿਚ ਮਾਇਆ ਨੂੰ ਅਵਿਦਿਆ[3] ਅਤੇ ਪ੍ਰਕ੍ਰਿਤੀ[4] ਵੀ ਕਿਹਾ ਹੈ ।

ਗੀਤਾ ਵਿਚ ਮਾਇਆ ਦਾ ਅਵਿਦਿਆ, ਭਰਮ ਅਤੇ ਪ੍ਰਕ੍ਰਿਤੀ ਰੂਪ ਵਿਚ ਬ੍ਰਣਨ ਕੀਤਾ ਕੀਤਾ ਗਿਆ ਹੈ। ਇਸ ਨੂੰ ਕ੍ਰਿਸ਼ਨ ਦੀ ਸ਼ਕਤੀ ਮੰਨਿਆ ਗਿਆ ਹੈ। ਗੀਤਾ ਅਨੁਸਾਰ ਤਿੰਨ ਗੁਣਾਂ -ਸਤੋ ਰਜੋ, ਤਮੋ, ਰਾਗ-ਦਵੈਸ਼ ਆਦਿ ਵਿਕਾਰਾਂ ਅਤੇ ਸੰਪੂਰਣ ਵਿਸ਼ਿਆਂ ਤੇ ਇਹ ਸਾਰਾ ਸੰਸਾਰ ਮੋਹਿਤ ਹੋਇਆ ਇਨ੍ਹਾਂ ਸਭ ਤੋਂ ਸ੍ਰੇਸ਼ਠ ਅਵਿਨਾਸ਼ੀ ਪਰਮਤਤ ਵੀ ਨਹੀਂ ਜਾਣਦਾ। ਸ੍ਰੀਮਦ ਭਗਵਤ ਪੁਰਾਣ ਵਿਚ ਅਪ੍ਰਤੀਤ ਕਿਹਾ ਗਿਆ ਹੈ ਕਿਉਂਕਿ ਇਹ ਨਾ ਹੁੰਦੀ ਹੋਈ ਵੀ ਹੋਂਦ ਰਖਣ ਵਾਲੀ ਵਸਤੂ ਵਾਂਗ ਪ੍ਰਤੀਤ ਹੁੰਦੀ ਹੈ। ਪ੍ਰਤੀਤ ਹੁੰਦੀ ਹੋਈ ਦੀ ਹੋਂਦ ਵਾਸਤਵਿਕਤਾ ਵਿਚ ਦ੍ਰਿਸ਼ਟੀਗਤ ਨਹੀਂ ਹੁੰਦੀ।

ਅਦਵੈਤਵਾਦ ਵਿਚ ਮਾਇਆ ਦਾ ਪੂਰਣ ਵਿਸਥਾਰਪੂਰਵਕ ਵਰਣਨ ਹੈ। ਸ਼ੰਕਰ ਨੇ

ਮਾਇਆ ਨੂੰ ਨਾ ਬ੍ਰਹਮ ਦੀ ਤਰ੍ਹਾਂ ਸਤਿ ਅਤੇ ਨਾ ਹੀ ਅਸਤਿ ਕਿਹਾ ਹੈ। ਉਸ ਨੇ ਇਸ ਨੂੰ ਅਨਿਵਾਰ-ਚਨੀਯ ਕਿਹਾ ਹੈ ਉਨ੍ਹਾਂ ਅਨੁਸਾਰ ਮੋਖਸ਼ ਅਵਸਥਾ ਵਿਚ ਮਾਇਆ ਨਹੀਂ ਰਹਿੰਦੀ ਕੇਵਲ ਬ੍ਰਹਮ ਹੀ ਰਹਿੰਦਾ ਹੈ। ਬ੍ਰਹਮ ਹੀ ਕੇਵਲ ਸਤਿ ਹੈ ਇਸ ਲਈ ਮਾਇਆ ਸਤਿ ਵੀ ਨਹੀਂ। ਸ਼ੰਕਰ ਨੇ ਇਸ ਨੂੰ ਅਸਤਿ ਕਹਿ ਕੇ ਛੁਟਕਾਰਾ ਪਾਉਣ ਦਾ ਯਤਨ ਵੀ ਨਹੀਂ ਕੀਤਾ ਇਸ ਲਈ ਉਨ੍ਹਾਂ ਅਨੁਸਾਰ ਮਾਇਆ ਬ੍ਰਹਮ ਦੀ ਤਰ੍ਹਾਂ ਅਨਿਵਾਰਚਨੀਯ ਹੈ। ਮਾਇਆ ਹੀ ਸ੍ਰਿਸ਼ਟੀ ਦਾ ਕਾਰਣ ਹੈ। ਰਜੋਗੁਣ ਕਾਰਣ ਇਸ ਵਿਚ ਕ੍ਰਿਆ ਹੁੰਦੀ ਹੈ ਅਤੇ ਜਗਤ ਦੀ ਸ੍ਰਿਸ਼ਟੀ ਹੁੰਦੀ ਹੈ। ਮਾਇਆ ਇਕ ਵੀ ਹੈ ਅਤੇ ਅਨੇਕ ਵੀ ਹੈ। ਮਾਇਆ ਦੀ ਪ੍ਰਕ੍ਰਿਤੀ ਤ੍ਰੈਗੁਣਾਤਮਕ ਹੈ। ਮਾਇਆ ਸ਼ਕਤੀ ਦੋ ਪ੍ਰਕਾਰ ਦੀ ਮੰਨੀ ਗਈ ਹੈ। ਆਵਰਣ-ਸ਼ਕਤੀ ਅਤੇ ਵਿਖੇਪ ਸ਼ਕਤੀ। ਆਵਰਣ ਸ਼ਕਤੀ ਦਾ ਅਰਥ ਹੈ ਪਰਦਾ ਜਦਕਿ ਜਗਤ-ਪ੍ਰਪੰਚ ਨੂੰ ਪੈਦਾ ਕਰਕੇ ਜੀਵ ਨੂੰ ਉਸ ਵਿਚ ਭਰਮਾਉਣ ਵਾਲੀ ਸ਼ਕਤੀ ਵਿਖੇਪ ਹੈ। ਇਸ ਤਰ੍ਹਾਂ ਅਦਵੈਤਵਾਦ ਅਨੁਸਾਰ ਮਾਇਆ ਸੰਪੂਰਣ ਜਗਤ ਦਾ ਮੂਲ ਕਾਰਣ ਹੈ ਅਤੇ ਇਹ ਮਿਥਿਆ ਹੈ। ਰਾਮਾਨੁਜ ਨੇ ਸ਼ੰਕਰ ਵਾਂਗ ਜਗਤ ਨੂੰ ਮਾਇਆ ਦੀ ਉਪਜ ਨਹੀਂ ਮੰਨਿਆ ਸਗੋਂ ਇਸ ਨੂੰ ਬ੍ਰਹਮ ਦੀ ਉਪਜ ਮੰਨਿਆ ਹੈ। ਉਸ ਨੇ ਸ਼ੰਕਰ ਦੇ ਮਾਇਆ-ਸਿਧਾਂਤ ਦਾ ਖੰਡਨ ਕੀਤਾ ਉਸ ਨੇ ਜੀਵ ਅਤੇ ਜਗਤ ਨੂੰ ਬ੍ਰਹਮ ਦੇ ਅਧੀਨ ਮੰਨਿਆ ਹੈ। ਰਾਮਾਨੁਜ ਅਨੁਸਾਰ ਅਵਿਦਿਆ ਕਾਰਣ ਮਨੁੱਖ ਆਪਣੀ ਬ੍ਰਹਮ ਤੋਂ ਵੱਖਰੀ ਸੁਤੰਤਰ ਹੋਂਦ ਸਮਝ ਲੈਂਦਾ ਹੈ । ਅਵਿਦਿਆ ਹਉਮੈ ਨੂੰ ਜਨਮ ਦਿੰਦੀ ਹੈ । ਜਿਸ ਕਾਰਣ ਮਨੁੱਖ ਫੋਕਟ ਕਰਮਾਂ ਵਿਚ ਜੁੜ ਜਾਂਦਾ ਹੈ ਅਤੇ ਪਰਮਤਤ ਨੂੰ ਭੁਲ ਜਾਂਦਾ ਹੈ। ਰਾਮਾਨੁਜ ਨੇ ਅਵਿਦਿਆ ਦੇ ਕਰਤਾ ਬਾਰੇ ਕੁਝ ਨਹੀਂ ਕਿਹਾ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸ੍ਰਿਸ਼ਟੀ ਦੀ ਮਾਇਆ ਬ੍ਰਹਮ ਸ਼ਕਤੀ ਨਹੀਂ, ਸਗੋਂ ਜੀਵ ਦੇ ਕਰਮਾਂ ਦੀ ਉਪਜ ਹੈ ਅਤੇ ਇਸ ਦਾ ਕਾਰਣ ਜੀਵ ਦੀ ਅਗਿਆਨਤਾ ਹੈ।

ਵਲਭ ਆਚਾਰੀਆ ਦੇ ਸ਼ੁਧ ਅਦਵੈਤਵਾਦ ਅਨੁਸਾਰ ਅੰਤਿਮ ਸੱਚ ਕੇਵਲ ਸ਼ੁਧ ਬ੍ਰਹਮ ਹੈ [illegible] ਪਰੰਤੂ ਜੀਵ ਅਤੇ ਜਗਤ ਵੀ ਬ੍ਰਹਮ ਵਾਂਗ ਸ਼ੁਧ ਸਰੂਪ ਹਨ। ਇਸ ਸਿਧਾਂਤ ਅਨੁਸਾਰ ਜਦੋਂ ਕਾਰਣ ਬ੍ਰਹਮ ਕਾਰਜ ਰੂਪ ਵਿਚ ਆਉਂਦਾ ਹੈ ਤਾਂ ਉਸਦੇ ਮੂਲ-ਰੂਪ ਵਿਚ ਕੋਈ ਪਰੀਵਰਤਨ ਨਹੀਂ ਆਉਂਦਾ। ਇਸ ਵਾਦ ਅਨੁਸਾਰ ਜੀਵ ਦੇ ਆਵਾਗਵਨ ਦਾ ਕਾਰਣ ਅਗਿਆਨਤਾ ਜਾਂ ਅਵਿਦਿਆ ਹੈ। ਅਵਿਦਿਆ ਦਾ ਕਾਰਨ ਹਉਮੈ ਹੈ। ਵਲਭ ਮਾਇਆ ਨੂੰ ਈਸ਼ਵਰ ਦੀ ਕਾਰਣ ਸ਼ਕਤੀ, ਨਿਰਮਾਣ-ਸ਼ਕਤੀ ਜਾਂ ਪ੍ਰਕ੍ਰਿਤੀ ਮੰਨਦਾ ਹੈ। ਇਸ ਤਰ੍ਹਾਂ ਮਾਇਆ ਜਾਂ ਅਵਿਦਿਆ ਬ੍ਰਹਮ ਦੀ ਇਕ ਸ਼ਕਤੀ ਹੈ ਜਿਸ ਦੇ ਦੁਆਰਾ ਉਹ ਆਪਣੀ ਏਕਤਾ ਨੂੰ ਅਨੇਕਤਾ ਵਿਚ ਪ੍ਰਗਟ ਕਰਦਾ ਹੈ। ਸ਼ੁਧ-ਅਦਵੈਤ ਅਨੁਸਾਰ ਪ੍ਰਕ੍ਰਿਤੀ ਦੇ ਦੋ ਭੇਦ ਮੰਨੇ ਗਏ ਹਨ - ਪਹਿਲੇ ਵਿਚ ਭਗਵਾਨ ਦੀ ਇੱਛਾ ਨਾਲ ਜਦੋਂ ਮਾਇਆ ਰੂਪ ਪ੍ਰਬਲ ਰਹਿੰਦਾ ਹੈ ਤਾਂ ਮਨੁੱਖ ਬੱਧ ਅਵਸਥਾ ਨੂੰ ਪ੍ਰਾਪਤ ਹੋ ਕੇ ਜੀਵ ਕਹਿਲਾਉਂਦਾ ਹੈ। ਅਤੇ ਜਦੋਂ ਮੂਲ-ਪ੍ਰਕ੍ਰਿਤੀ ਦੀ ਅਵਸਥਾ ਆਉਂਦੀ ਹੈ, ਤਾਂ ਸਰੂਪ ਵਿਚ ਹੀ ਸਥਿਤ ਹੋ ਕੇ

ਆਤਮਾ ਜਗਤ ਦਾ ਕਾਰਣ ਹੁੰਦੀ ਹੈ।

1. ਮਾਇਆ ਦਾ ਸਰੂਪ ਅਤੇ ਸੁਭਾਅ :-

ਪ੍ਰਬਲ ਸ਼ਕਤੀ:- ਮਾਇਆ ਪ੍ਰਭੂ ਦੀ ਪ੍ਰਬਲ ਸ਼ਕਤੀ ਹੈ। ਇਹ ਸ਼ਕਤੀ ਮਨੁੱਖ ਉਤੇ ਦੂਸਰੇ ਜੀਵ ਜੰਤੂਆਂ ਦੇ ਮੁਕਾਬਲੇ ਤੇ ਵਧੇਰੇ ਹਾਵੀ ਹੈ। ਗੁਰੂ ਰਵਿਦਾਸ ਜੀ ਅਨੁਸਾਰ ਮ੍ਰਿਗ, ਮੀਨ, ਭ੍ਰਿੰਗ, ਭੰਵਰ ਪੰਤਗਾ, ਹਾਥੀ ਆਦਿ ਤਾਂ ਇਕ ਦੋਸ਼ ਦੇ ਭਾਗੀ ਹਨ ਪਰੰਤੂ ਮਨੁੱਖ ਪੰਜ-ਅਸਾਧ ਰੋਗਾਂ ਨਾਲ ਪੀੜਿਤ ਹੈ :

ਮ੍ਰਿਗ ਮੀਨ ਭ੍ਰਿੰਗ ਪਤੰਗਾ, ਕੁੰਚਰ, ਏਕ ਦੋਸ਼ ਵਿਨਾਸ ॥
ਪੰਚ ਦੋਸ ਅਸਾਧ ਜਾ ਮਹਿ ਤਾਕੀ ਕੇਤਕ ਆਸ ॥[8]

ਮੋਹਣੀ ਸ਼ਕਤੀ:- ਮਾਇਆ ਮਹਾਂਬਲੀ ਹੋਣ ਦੇ ਨਾਲ ਨਾਲ ਮੋਹਿਣ-ਸ਼ਕਤੀ ਵੀ ਹੈ। ਇਹ ਸੁੰਦਰ ਬਾਲਕ, ਬਿਰਧ, ਜਵਾਨ, ਨਾਰੀ ਵਿਚ ਵਸਦੀ ਹੈ। ਇਹ ਭਾਂਤ ਭਾਂਤ ਦੇ ਸੁੰਦਰ ਰੂਪ ਵਟਾ ਕੇ ਜਗਤ ਨੂੰ ਮੋਹ ਲੈਂਦੀ ਹੈ। ਇਸ ਵਿਚ ਸੂਖਮ ਅਤੇ ਤੇਜ ਆਕਰਸ਼ਨ ਹੈ। ਇਸ ਦੀ ਨਜ਼ਰ ਕਿਸੇ ਜਾਦੂਗਰਨੀ ਤੋਂ ਘਟ ਤੇਜ਼ ਨਹੀਂ ਇਸ ਦੇ ਰੂਪ ਦੀ ਇਕ ਝਲਕ ਨਾਲ ਰਿਸ਼ੀਆਂ-ਮੁਨੀਆਂ ਜਪੀਆਂ ਤਪੀਆਂ ਦੇ ਦੀਨ-ਈਮਾਨ ਵੀ ਪਲ ਵਿਚ ਡੋਲ ਜਾਂਦਾ ਹੈ:

1. ਬਰਿਜ ਹੋ ਬਰਿਜ ਬੀਠਲੇ, ਮਾਯਾ ਜਗ ਖਾਯਾ ॥
ਮਹਾਂਪ੍ਰਬਲ ਸਬ ਹੀ ਬਸਿ ਕੀਐ ਸੁਰਨਰ ਮੁਨਿ ਭਰਮਾਯਾ ॥
ਬਾਲਕ ਬਿਰਧ ਤਰੁਨ ਅਤਿ ਸੁੰਦਰ, ਨਾਨਾ ਭੇਸ ਬਣਾਯਾ ॥[9]

2. ਮਾਯਾ ਮੋਹਿਲਾ ਕਾਨ੍ਹਾਂ, ਮੈਂ ਜਨ ਸੇਵਗ ਤੇਰਾ ॥
ਸੰਸਾਰ ਪ੍ਰਪੰਚ ਹੋ ਵਯਾਕੁਲ ਰਾਮਾਨੰਦਾ ॥
ਤ੍ਰਾਹਿ ਤ੍ਰਾਹਿ ਅਨਾਥ ਨਾਥ ਗੋਬਿੰਦਾ ॥ 9-ਏ ਪਦ (92)

ਮਾਇਆ ਮਿਥਿਆ ਹੈ:- ਸ਼ੰਕਰਾਚਾਰੀਆ ਅਨੁਸਾਰ ਇਸ ਜਗਤ ਵਿਚ ਕੇਵਲ ਇਕ ਬ੍ਰਹਮ ਹੀ ਸਤਿ ਹੈ। ਦ੍ਰਿਸ਼ਟਮਾਨ ਜਗਤ ਭਰਮ ਹੈ। ਇਸ ਭਰਮ ਨੂੰ ਸ਼ੰਕਰ ਨੇ ਮਾਇਆ ਮੰਨਿਆ ਹੈ। ਗੁਰੂ ਰਵਿਦਾਸ ਜੀ ਨੇ ਵੀ ਕੇਵਲ ਬ੍ਰਹਮ ਨੂੰ ਸਤਿ ਮੰਨਿਆ ਹੈ। ਉਨ੍ਹਾਂ ਅਨੁਸਾਰ ਮਾਇਆ ਮਿਥਿਆ ਹੈ, ਥੋਥੀ ਹੈ, ਭਰਮ ਹੈ, ਝੂਠੀ ਹੈ। ਇਹ ਕਾਇਆ ਵੀ ਝੂਠੀ ਹੈ, ਪ੍ਰਭੂ ਤੋਂ ਬਿਨਾਂ ਜੀਵਨ ਥੋਥਾ ਹੈ:

1. ਥੋਥੀ ਕਾਯਾ ਥੋਥੀ ਮਾਯਾ, ਥੋਥਾ ਹਰਿ ਬਿਨ ਜਨਮ ਗੰਵਾਯਾ ॥[10] (ਪਦ 71)

2. ਝੂਠੀ ਮਾਯਾ ਜਗ ਡਹਕਾਯਾ ॥[11]

ਮਾਇਆ ਤ੍ਰਿਗੁਣਾਤਮਕ-ਸ਼ਕਤੀ ਹੈ:- ਗੀਤਾ ਵਿਚ ਮਾਇਆ ਨੂੰ ਤ੍ਰਿਗੁਣਾਤਮਕ ਕਿਹਾ ਗਿਆ ਹੈ।

ਸਮੁੱਚਾ ਜਗਤ ਸਤੋ, ਰਜੋ, ਤਮੋ ਗੁਣਾਂ ਵਾਲੇ ਪਦਾਰਥਾਂ ਨਾਲ ਮੋਹਿਤ ਹੋਇਆ ਈਸ਼ਵਰ ਨੂੰ ਨਹੀਂ ਜਾਣਦਾ।[12] ਸ਼ਵੇਤਾਸ਼ਵਤਰ ਉਪਨਿਸ਼ਦ ਵਿਚ ਵੀ ਤ੍ਰਿਗੁਣੀ ਮਾਇਆ ਦਾ ਵਰਣਨ ਆਉਂਦਾ ਹੈ। ਅਗਿਆਨੀ ਤ੍ਰਿਗੁਣਾਤਮਕ ਪ੍ਰਕ੍ਰਿਤੀ ਦੇ ਭੋਗਾਂ ਵਿਚ ਰਮ ਜਾਂਦਾ ਹੈ।[13] ਗੁਰੂ ਰਵਿਦਾਸ ਜੀ ਵੀ ਪ੍ਰਭੂ ਦੀ ਮਾਇਆ -ਰੂਪੀ ਤ੍ਰਿਗੁਣਾਤਮਕ ਸ਼ਕਤੀ ਤੋਂ ਸ੍ਰਿਸ਼ਟੀ ਦੀ ਉਪਜ ਮੰਨਦੇ ਹਨ। ਉਨ੍ਹਾਂ ਅਨੁਸਾਰ ਮਾਇਆ ਸਤੋ, ਰਜੋ, ਤਮੋ ਤਿੰਨ ਗੁਣਾਂ ਨਾਲ ਯੁਕਤ ਹੁੰਦੀ ਹੈ।

1. ਪੰਚ ਤਤ ਬਾਹ ਤ੍ਰਿਗੁਣੀ ਮਾਯਾ, ਜੋ ਦੀਸੈ ਸੋ ਸਕਲ ਉਪਾਧਾ ॥

2. ਸਤ ਰਜ ਤਮ ਮਾਯਾ ਧਨੀ, ਚੇਤਨ ਕੋ ਪ੍ਰਤੀਭਾਸ
ਕਰਤਾ ਹਰਤਾ ਜਗਤ ਕੋ ਭਜੌ ਤਾਹਿ ਰਵਿਦਾਸ ॥[15]

<u>ਤ੍ਰਿਵਿਧ-ਤਾਪ ਉਤਪਾਦਕ ਸ਼ਕਤੀ:-</u> ਮਾਇਆ ਦੀ ਪ੍ਰਕ੍ਰਿਤੀ ਤ੍ਰਿਗੁਣਾਤਮਕ ਹੈ ਇਹ ਮਨੁੱਖ ਵਿਚ ਤਿੰਨ ਤਰ੍ਹਾਂ ਤਾਪ, ਪੈਦਾ ਕਰਦੀ ਹੈ। ਇਹ ਹਨ -ਦੈਹਿਕ, ਦੈਵਿਕ ਅਤੇ ਭੌਤਿਕ। ਇਸ ਨਾਲ ਹੀ ਜੀਵਨ ਵਿਚ ਮਾਨਸਿਕ ਵਿਕਾਰ ਉਪਜਦੇ ਹਨ ਜੋ ਮਨੁੱਖ ਲਈ ਦੁੱਖ ਦਾ ਕਾਰਣ ਬਣਦੇ ਹਨ:

1. ਝੂਠੀ ਮਾਯਾ ਜਗ ਤਹਕਾਯਾ, ਤੌ ਤੀਨਿ ਤਾਪ ਦਹੈ ਰੇ ॥
ਇੰਦ੍ਰੀਯਾਦਿਕ ਦੁਖ ਦਾਰੁਨ, ਅਸੰਖਾਦਿਕ ਥਾਪ ॥
ਤੋਹਿ ਭਜਤ ਰਘੁਨਾਥ ਅੰਤਰਿ, ਤਾਹਿ ਤ੍ਰਾਸ ਨਾ ਤਾਪ ॥[17]

<u>ਮਾਇਆ ਅਪਰੰਪਰ ਹੈ:-</u> ਮਾਇਆ ਮਨੁੱਖ ਦੀ ਸੋਚ ਅਸੋਚ ਤੋਂ ਪਰੇ ਹੈ। ਇਸ ਦੇ ਬਾਰੇ ਕਿਹਾ ਕੁਝ ਹੋਰ ਜਾਂਦਾ ਹੈ, ਪਰੰਤੂ ਇਹ ਹੈ ਕੁਝ ਹੋਰ ਹੀ। ਮਨੁੱਖ ਦੀ ਬੁੱਧੀ ਗਿਆਨ-ਇੰਦਰੀਆਂ ਦੀ ਨਿਰਬਲਤਾ ਕਾਰਨ ਅਤੇ ਹੋਰ ਇੰਦਰੀਆਂ ਦੀ ਸੁਬਲਤਾ ਕਾਰਣ ਮਾਇਆ ਦੀ ਪ੍ਰਕ੍ਰਿਤੀ, ਸਰੂਪ ਅਤੇ ਹੋਂਦ ਸੰਬੰਧੀ ਸੰਪੂਰਣ ਤੌਰ ਤੇ ਸਮਝਣ ਤੋਂ ਅਸਮਰਥ ਹੈ:

ਜਾਨਿ ਅਜਾਨ ਭਏ ਹਮ ਬਾਵਰ ਸੋਚ ਅਸੋਚ ਦਿਵਸ ਜਾਹੀਂ ॥
...... ...... ......
ਕਹੀਅਤ ਆਨ ਅਚਰੀਅਤ ਆਨ ਕਛੁ ਸਮਝ ਨਾ ਪਰੈ ਅਪਰ ਮਾਇਆ।[18]

<u>ਆਵਰਣ -ਸ਼ਕਤੀ:-</u> ਮਾਇਆ ਦੀਆਂ ਦੋ ਸ਼ਕਤੀਆਂ ਮੰਨੀਆਂ ਗਈਆਂ ਹਨ। ਪਹਿਲੀ ਆਵਰਣ ਸ਼ਕਤੀ ਹੈ। ਜਿਸ ਦੇ ਸਦਕਾ ਜਗਤ ਜੀਵ ਅਤੇ ਬ੍ਰਹਮ ਦੀ ਵਾਸਤਵਿਕਤਾ ਮਨੁੱਖ ਦੇ ਅੱਖੋਂ ਉਹਲੇ ਰਹਿੰਦੀ ਹੈ । ਮਨੁੱਖ ਇਸ ਸ਼ਕਤੀ ਕਾਰਣ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਰਗੇ ਅਨੰਤ ਭਰਮਾਂ ਬਲੇ ਦੀ ਅਸਲੀਅਤ ਨੂੰ ਨਹੀਂ ਜਾਣ ਸਕਦਾ। ਗੁਰੂ ਜੀ ਅਨੁਸਾਰ ਮਨੁੱਖੀ ਜੀਵਨ ਦਾ ਵਿਹੜਾ ਅਨੰਤ ਭਰਮਾਂ ਸ਼ੰਕਿਆਂ ਨਾਲ ਭਰਪੂਰ ਹੈ। ਇਥੋਂ ਤਕ ਕਿ ਕਈ ਵਾਰੀ ਭਗਤੀ ਵੀ ਭਰਮ ਬਣ ਕੇ ਰਹਿ

ਰਹਿ ਜਾਂਦੀ ਹੈ। ਮਨੁੱਖ ਇਸ ਸ਼ੰਕੇ ਦਾ ਸ਼ਿਕਾਰ ਹੋ ਜਾਂਦਾ ਹੈ ਕਿ ਉਹ ਭਗਤੀ ਕਿਸ ਦੀ ਕਰੇ।[19]

1. ਸੰਤਿਰ ਸੰਸਾਰ ਅਪਾਰ ਭਉ ਸਾਗਰ ਤਾਂ ਮੈਂ ਜਾਮਣ ਮਰਣ ਸੰਦੇਹ ਭਾਰੀ ॥
ਕਾਮ ਕ੍ਰੋਧ ਲੋਭ ਮੋਹ ਭ੍ਰਮ ਅਨੰਦ ਭ੍ਰਮ ਛੇਦਿ ਮੋ ਕਰਸਿ ਧਾਰੀ ॥[20]

<u>ਵਿਖੇਪ-ਸ਼ਕਤੀ:-</u> ਮਾਇਆ ਦੀ ਇਸ ਸ਼ਕਤੀ ਦੁਆਰਾ ਸਾਰੇ ਬ੍ਰਹਿਮੰਡ ਪਦਾਰਥ ਪੈਦਾ ਹੁੰਦੇ ਹਨ। ਇਸ ਕਾਰਨ ਇਕ ਤੋਂ ਅਨੇਕ ਰੂਪ ਵਿਚ ਪ੍ਰਤੀਤ ਹੁੰਦਾ ਹੈ।[21] ਸ਼ਵੇਤਾਸ਼ਵਤਰੋਪਨਿਸ਼ਦ ਅਨੁਸਾਰ "ਸੰਪੂਰਣ ਜਗਤ ਦੀ ਮਾਇਆ ਦਾ ਅਧਿਪਤੀ ਪਰਮੇਸ਼ਰ ਪੰਚ ਭੂਤਾਂ ਤੋਂ ਰਚਨਾ ਕਰਦਾ ਹੈ।"[22]

ਗੁਰੂ ਰਵਿਦਾਸ ਜੀ ਨੇ ਵੀ ਉਪਨਿਸ਼ਦਾਂ ਦੀ ਉਪਰੋਕਤ ਵਿਚਾਰ ਧਾਰਾ ਦਾ ਅਨੁਕਰਣ ਕੀਤਾ ਹੈ। ਉਨ੍ਹਾਂ ਅਨੁਸਾਰ ਵੀ ਪ੍ਰਭੂ ਆਪਣੀ ਮਾਇਆ-ਸ਼ਕਤੀ ਦੁਆਰਾ ਪੰਚ ਤੱਤਾਂ ਤੋਂ ਸਮੁੱਚੀ ਸ੍ਰਿਸ਼ਟੀ ਕਰਦਾ ਹੈ:

ਪੰਚ ਤਤ ਸਹੁ ਤ੍ਰਿਗੁਣੀ ਮਾਯਾ ।।
ਜੋ ਦੀਸੈ ਸੋ ਸਕਲ ਉਪਾਯਾ ॥[23]

<u>ਅਵਿਦਿਆ ਰੂਪੀ ਮਾਇਆ :-</u> ਗੀਤਾ ਵਿਚ ਮਾਇਆ ਨੂੰ ਅਵਿਦਿਆ ਰੂਪ ਵਿਚ ਵਰਣਨ ਕੀਤਾ ਹੈ। ਸ਼ੁਧ-ਅਦਵੈਤ ਵਿਚ ਵੀ ਮਾਇਆ ਜਾਂ ਅਵਿਦਿਆ ਨੂੰ ਬ੍ਰਹਮ ਦੀ ਸ਼ਕਤੀ ਮੰਨਿਆ ਗਿਆ ਹੈ। ਮਾਇਆ ਦੀ ਇਸ ਸ਼ਕਤੀ ਕਾਰਣ ਮਨੁੱਖ ਨੂੰ ਸੰਸਾਰ ਮਾਰਗ ਵਿਚ ਆਪਣਾ ਅਸਤਿਤਵ ਸਪਸ਼ਟ ਦਿਖਾਈ ਨਹੀਂ ਦਿੰਦਾ। ਉਹ ਪਰਮ ਤਤ ਨਾਲ ਆਪਣੇ ਰਿਸ਼ਤੇ ਨਾਤੇ ਸਮਝਣ ਤੋਂ ਅਸਮਰਥ ਹੋ ਜਾਂਦਾ ਹੈ:

ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਦੇਸੁ ਨ ਬੂਝ ॥
ਐਸੋ ਮੇਰਾ ਮਨ ਬਿਖਿਆ ਬਿਮੋਹਿਆ, ਕਛੁ ਆਰਾ ਪਾਰੁ ਨ ਸੂਝ ॥
ਮਲਿਨ ਭਈ ਮਤਿ ਮਾਧਵਾ
ਤੇਰੀ ਗਤਿ ਲਖੀ ਨ ਜਾਇ ॥[24] ਰਾਗ ਗਉੜੀ

<u>ਕਾਲ-ਰੂਪੀ ਮਾਇਆ:</u> ਕਾਲ ਵੀ ਮਾਇਆ ਦਾ ਡਰਾਉਣਾ ਅਤੇ ਭਿਆਨਕ ਰੂਪ ਹੈ। ਸਮਾਂ ਮਨੁੱਖ ਨੂੰ ਮਾਇਆ ਦੇ ਫੰਦੇ ਵਿਚ ਫਸਾ ਦਿੰਦਾ ਹੈ। ਇਹ ਮਾਇਆ ਦੇ ਫਲਣ ਲਈ ਧਨਾਤਮਕ ਅਤੇ ਮਨੁੱਖੀ ਸੁਖਸੰਪਤ ਦੇ ਵਿਕਾਸ ਲਈ ਰਿਣਾਤਮਕ ਤੱਤ ਹੈ। ਸਮੇਂ ਨਾਲ ਮੋਹ-ਮਾਇਆ ਭਰਮ ਦੇ ਬੀਜ ਵਿਸ਼ਾਲ ਰੁੱਖ ਦਾ ਰੂਪ ਧਾਰਣ ਕਰ ਲੈਂਦੇ ਹਨ। ਜਿਨ੍ਹਾਂ ਨੂੰ ਕਟਣਾਂ ਕਠਨ ਹੋ ਜਾਂਦਾ ਹੈ। ਗੁਰੂ ਰਵਿਦਾਸ ਜੀ ਅਨੁਸਾਰ ਜੀਵ ਇਸ ਜਗਤ ਵਿਚ ਕਾਲ ਦੇ ਦੌਰੇ ਆਉਂਦਾ ਹੈ ਉਹ ਇਸ ਜਗ ਵਿਚ ਵੀ ਕਾਲ-ਰੂਪੀ ਮਾਇਆ ਨੂੰ ਵਿਸਾਰ ਦਿੰਦਾ ਹੈ ਜਦ ਕਿ ਇਹ ਮਨੁੱਖ ਦਾ ਪਿਛਾ, ਤਿੰਨਾਂ ਲੋਕਾਂ ਤਕ ਕਰਦੀ ਹੈ:

1. ਕਾਲ ਕਗਲ ਭ੍ਰਮਤ ਫੰਦਕ ਜਿਉਂ ਕਰਤ ਅਚਾਨੋ ਘਾਤਰੇ ॥

ਚੈਤੇ ਨਹਿ ਅਲਪੁ ਮਤਿ ਮੂਰਖ ਛਾਡਿ ਅੰਮ੍ਰਿਤ ਬਿਸੁ ਖਾਤਰੇ ॥[25]

2. ਕਾਲ ਦੇ ਦੌਰੇ ਆਇਓ ਜੀਵਨ, ਨਾਮ ਅਮੀਰਸ ਵਿਰਲੇ ਪੀਵਨ ॥
ਰਵਿਦਾਸ ਭੂਲੇ ਬੈਹ ਜਗਲੋਕਾ, ਰਾਲ ਮਾਇਆ ਆਡੰਬਰ ਤ੍ਰਿਲੋਕਾ ॥[26]

ਮਾਇਆ ਪ੍ਰਪੰਚ ਹੈ:- ਸ੍ਵੇਤਾਸ੍ਵਤਰ ਉਪਨਿਸ਼ਦ ਅਨੁਸਾਰ ਬ੍ਰਹਮ ਮਾਇਆਪਤੀ ਹੈ। ਉਹ ਸੰਸਾਰ ਪ੍ਰਪੰਚ ਵਿਚ ਮਾਇਆ ਨਾਲ ਘਣਿਆ ਹੋਇਆ ਹੈ।[27] ਗੁਰੂ ਰਵਿਦਾਸ ਜੀ ਨੇ ਵੀ ਵੇਦਾਂ ਦਾ ਅਨੁਕਰਣ ਕੀਤਾ ਹੈ। ਉਨ੍ਹਾਂ ਅਨੁਸਾਰ ਵੀ ਮਾਇਆ ਪ੍ਰਪੰਚ ਹੈ, ਆਡੰਬਰ, ਛਲ, ਕਪਟ ਅਤੇ ਧੋਖਾ ਹੈ। ਮਨੁੱਖ ਸਤੋ ਰਜੋ ਤਮੋ ਗੁਣਾਂ ਵਿਚ ਵਿਅਸਤ, ਹਉਮੈ , ਅਹੰਕਾਰ ਵਿਚ ਮਦਮਸਤ ਆਵਾਗਵਣ ਦੇ ਚੱਕਰਾਂ ਵਿਚ ਫਸਿਆ ਇਸ ਜਗਤ ਰੂਪੀ ਸਟੇਜ ਤੇ ਰੰਗਮੰਚ ਤੇ ਹਰ ਤਰ੍ਹਾਂ ਦਾ ਪਾਤਰ ਸਾਂਗ ਕਰਦਾ ਹੈ। ਗੁਰੂ ਜੀ ਕਹਿੰਦੇ ਹਨ ਕਿ ਇਸ ਸਵਾਂਗ ਨੂੰ ਸੱਚ ਨਾ ਜਾਨਣਾ:

1. ਸੰਵਾਗ ਦੇਖਿ ਸਬ ਹੀ ਜਗ ਡਹਕਯੋ, ਫਿਰ ਆਪਨ ਧੋਰ ਬਨਾਈ ॥
ਸਾਂਗ ਬਹੁ ਪਾਂਚ ਨਾ ਜਾਨੈ ਲੋਗਿਨ ਇਹੇ ਭਰਮਾਈ ॥[28]

2. ਬਾਜੀ ਝੂਠ ਸਾਂਚ ਬਾਜੀਗਰ, ਜਾਨਾਂ ਮਨ ਪਤਿਯਾਨਾ ॥[28-ਏ]

ਮਾਇਆ ਵਿਕਟ ਹੈ:- ਮਾਇਆ ਯੁਕਤ ਸੰਸਾਰ ਅਸੰਖ ਪਾਪਾਂ, ਦੁਖਾਂ ਕੁਕਰਮਾਂ, ਅਨੰਤ ਭਰਮਾਂ, ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ ਆਦਿ ਦੀ ਵਿਸ ਨਾਲ ਨਕੋ ਨਕ ਭਰਿਆ ਹੈ। ਇਸ਼ ਭਾਵ ਸਾਗਰ ਨੂੰ ਪਾਰ ਕਰਨ ਅਤਿ ਕਠਨ ਹੈ। ਮਾਇਆ ਇਸ ਲਈ ਵਿਕਟ ਹੈ ਕਿਉਂਕਿ ਇਸ ਪ੍ਰਕ੍ਰਿਤੀ ਤ੍ਰਿਗੁਣਾਤਮਕ ਹੈ। ਇਹ ਮਨੁੱਖ ਨੂੰ ਤਿੰਨ-ਤਾਪਾਂ ਨਾਲ ਤਪਾ ਕੇ ਵਿਆਕੁਲ ਕਰ ਦਿੰਦੀ ਹੈ। ਇਸ ਮਾਇਆ ਦੇ ਜਾਲ ਅਨੇਕਾਂ ਭਰਮਾਂ, ਬੰਧਨ, " ਫੰਦਿਆਂ ਤੋਂ ਨਿਵਿਰਤੀ ਪ੍ਰਾਪਤ ਕਰਨਾ। ਬਹੁਤ ਦੁਰਗਮ ਹੈ। ਗੁਰੂ ਜੀ ਲਿਖਦੇ ਹਨ:

ਕੇਸਵੇ ਵਿਕਟ ਮਾਯਾ ਤੋਰ, ਤਾਤੇ ਵਿਕਲ ਗਤਿ ਮੋਰ ॥
ਇੰਦ੍ਰਯਾਦਿਕ ਦੁਖ ਦਾਰੁਨ,ਅਸੰਖਿ ਆਦਿਕ ਪਾਪ ॥
ਤੋਹਿ ਭਜਤ ਰਘੁਨਾਥ ਅੰਤਰਿ, ਤਾਹਿ ਤ੍ਰਾਸ ਨਾ ਤਾਪ ॥[29]

ਮਾਇਆ ਕਰਮਾਂ ਦਾ ਫਲ ਹੈ:- ਰਾਮਾਨੁਜ ਅਨੁਸਾਰ ਅਵਿਦਿਆ ਕਾਰਣ ਮਨੁੱਖ ਵਿਚ ਹਉਮੈ ਪੈਦਾ ਹੁੰਦੀ ਹੈ ਅਤੇ ਹਉਮੈ ਕਾਰਣ ਮਨੁੱਖ ਕਰਮਾਂ ਦੇ ਬੰਧਨ ਵਿਚ ਫਸਦਾ ਹੈ। ਇਸ ਤਰ੍ਹਾਂ ਵਿਸ਼ਿਸ਼ਟ ਅਦਵੈਤ ਅਨੁਸਾਰ ਮਾਇਆ ਕਰਮਾਂ ਦੀ ਉਪਜ ਹੈ। ਗੁਰੂ ਰਵਿਦਾਸ ਜੀ ਵੀ ਰਾਮਾਨੁਜ ਦੇ ਉਪਰੋਕਤ ਵਿਚਾਰਾਂ ਨਾਲ ਸਾਂਝ ਰਖਦੇ ਹਨ। ਉਨ੍ਹਾਂ ਅਨੁਸਾਰ ਵੀ ਜੋ ਜੀਵਾਂ ਦੀ ਹਾਲਤ ਸੰਸਾਰ ਵਿਚ ਨਜ਼ਰ ਆਉਂਦੀ ਹੈ ਇਸ ਦਾ ਇਕ ਕਾਰਣ 'ਕਰਮ' ਹਨ। ਮਨੁੱਖ ਅਵਿਦਿਆ ਹਿਤ ਕੁਕਰਮ ਕਰਦਾ ਹੈ ਜਿਸਦੇ

ਸਦਕਾ ਮਨੁੱਖ ਨੂੰ ਅਲੱਗ ਅਲੱਗ ਤਰ੍ਹਾਂ ਦੀ ਜ਼ਿੰਦਗੀ ਪ੍ਰਾਪਤ ਹੁੰਦੀ ਹੈ। ਜ਼ਿੰਦਗੀ ਦੇ ਅਜਿਹੇ ਅਨੰਤ ਭਰਮਾਂ ਦਾ ਨਿਪਟਾਰਾ ਗੁਰੂ ਗਿਆਨ ਦੁਆਰਾ ਹੀ ਸੰਭਵ ਹੈ:

ਮਾਧੋ ਅਵਿਦਿਆ ਹਿਤ ਕੀਨਹ, ਤਾ ਥੈ ਮੈਂ ਤੋਰ ਨਾਮ ਨ ਲੀਨਾ ॥

...... ....... ......

ਜਲ ਥਲਿ ਜੀਵ ਜੰਤ ਜਹਾਂ ਤਹਾਂ ਲੋ ਕਰਮ ਪਾਸਾ ਜਾਈ ॥

ਮੋਹ ਪਾਸ ਅਸਾਧ ਬਾਧਾ, ਕਰਿਏ ਕੌਨ ਉਪਾਈ ॥

..... ..... ......

ਰਵਿਦਾਸ ਦਾਸ ਉਦਾਸ ਤਜੁ ਭ੍ਰਮੁ, ਤਪਨ ਤਪੁ ਗੁਰੂ ਗਯਾਨ ॥[30]

ਗੀਤਾ ਦੇ ਰਾਮਾਨੁਜ ਭਾਸ਼ਯ ਵਿਚ ਵਰਣਨ ਹੈ ਕਿ ਪਾਪਾਂ ਦੇ ਨਾਲ ਪੁੰਨ ਵੀ ਬੰਧਨ ਦਾ ਕਾਰਣ ਬਣਦੇ ਹਨ। ਇਸ ਲਈ ਦੋਨਾਂ ਦਾ ਤਿਆਗ ਜ਼ਰੂਰੀ ਹੈ।[30-ਏ] ਅਜਿਹਾ ਵਿਚਾਰ ਹੀ ਗੁਰੂ ਰਵਿਦਾਸ ਬਾਣੀ ਵਿਚ ਵੀ ਉਪਲਬਧ ਹੈ:

ਗੁਰੂ ਰਵਿਦਾਸ ਜੀ ਅਨੁਸਾਰ ਪ੍ਰਭੂ ਮਨੁੱਖ ਦੇ ਕੀਤੇ ਕਰਮਾਂ ਦਾ ਲੇਖਾ ਜੋਖਾ ਕਰਦਾ ਹੈ। ਇਸ ਲਈ ਪਾਪ-ਪੁੰਨ ਵੀ ਮਾਇਆ ਦਾ ਕਾਰਣ ਬਣਦੇ ਹਨ। ਮਨੁੱਖ ਨੂੰ ਆਪਣੇ ਕੀਤੇ ਪੁੰਨ ਅਤੇ ਪਾਪ ਦਾ ਫਲ ਭੋਗਣ ਲਈ ਆਵਾਗਵਣ ਵਿਚ ਭਟਕਣਾ ਪੈਂਦਾ ਹੈ ਅਤੇ ਮੋਹ-ਮਾਇਆ ਵਿਚ ਫਸਣਾ ਪੈਂਦਾ ਹੈ।

ਜਪ ਤਪ ਬਿਧੀ ਨਿਸ਼ੇਧ ਕਰੁਨਾ ਮੈਂ, ਪਾਪ-ਪੁੰਨ ਬਹੁ ਮਾਯਾ ॥

ਏਸੇ ਮੋਹਿਤ ਮਨ ਗਤਿ ਬਿਮੁਖ ਧਨ, ਜਨਮ ਜਨਮ ਡਹਕਾਯਾ ਹੋ ਹਰਿ ॥[31]

<u>ਹਉਮੈ ਰੂਪੀ ਮਾਇਆ</u> :- ਮਾਇਆ ਦੇ ਟੱਬਰ ਵਿਚੋਂ ਹਉਮੈ ਮਨੁੱਖ ਤੇ ਵਧੇਰੇ ਹਾਵੀ ਹੁੰਦੀ ਹੈ। ਹਉਮੈ ਕਾਰਣ ਅਗਿਆਨੀ ਵੀ ਆਪਣੇ ਆਪ ਨੂੰ ਬ੍ਰਹਮ ਗਿਆਨੀ ਸਮਝਦਾ ਹੈ। ਇਸ ਤਰ੍ਹਾਂ ਉਹ ਮੈਂ ਦੀ ਭਾਵਨਾ ਕਾਰਣ ਜਗਤ ਵਿਚ ਪਾਗਲਾਂ ਵਾਂਗ ਭਟਕਦਾ ਹੈ। ਇਸ ਭਾਵ ਦੀ ਛਾਇਆ ਕਠੋਪਨਿਸ਼ਦ ਵਿਚ ਵੀ ਪ੍ਰਾਪਤ ਹੁੰਦੀ ਹੈ। ਇਸ ਵਿਚ ਲਿਖਿਆ ਹੈ ਕਿ ਅਵਿਦਿਆ ਅਗਿਆਨ ਵਿਚ ਪਏ ਲੋਕ ਆ ਆਪਣੇ ਆਪ ਨੂੰ ਬਹੁਤ ਬੁੱਧੀਮਾਨ ਅਤੇ ਪੰਡਿਤ ਸਮਝਦੇ ਹਨ।[32] ਇਸ ਤ੍ਰਾਂ ਮਾਇਆ ਦੇ ਸ਼ੀਸ਼ੇ ਵਿਚੋਂ ਮਨੁੱਖ ਆਪਣਾ ਵਾਸਤਵਿਕ ਪ੍ਰਤੀਬਿੰਬ ਵੇਖਣ ਤੋਂ ਅਸਮਰਥ ਰਹਿੰਦਾ ਹੈ। ਗੁਰੂ ਜੀ ਲਿਖਦੇ ਹਨ:

1. ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ ॥

ਗਯਾਨੀ ਗੁਨੀ ਸੂਰ ਹਮ ਦਾਤੇ, ਇਹ ਬੁਧਿ ਕਬਹੁ ਨ ਨਾਸੀ ॥[33]

ਹਉਮੈ ਮਨੁੱਖੀ ਜੀਵਨ ਨੂੰ ਇਸ ਤਰ੍ਹਾਂ ਬੇਅਰਥ ਕਰ ਦਿੰਦੀ ਹੈ ਜਿਸ ਤਰ੍ਹਾਂ ਤੋਤਾ ਬੇਰਾਂ ਨੂੰ ਟੁਕ ਟੁਕ ਕੇ ਧਰਤੀ ਤੇ ਸੁੱਟ ਕੇ ਗੁਆ ਦਿੰਦਾ ਹੈ:

ਕਹੈ ਰਵਿਦਾਸ ਹੋਮੈ ਜਗ ਖਾਧਾ ਜਯੋਂ ਨਲਿਨੀ ਭੂ ਸੂਵਾ ॥[33-ਏ]

<u>ਮਾਇਆ ਪ੍ਰਭੂ ਦੀ ਲੀਲ੍ਹਾ ਸ਼ਕਤੀ ਹੈ:-</u> ਚਾਹੇ ਮਾਇਆ ਅਵਿਦਿਆ ਹਿਤ ਕਰਮਾਂ ਤੋਂ ਉਤਪੰਨ ਹੁੰਦੀ ਹੈ। ਪਰੰਤੂ ਇਹ ਪ੍ਰਭੂ ਦੇ ਅਧੀਨ ਹੈ। ਮਾਇਆ ਵਿਚਾਰੀ ਦੀ ਕੀ ਤਾਕਤ ਸੀ ਕਿ ਉਹ ਇਹ ਜਗਤ ਵਿਚ ਆਪਣਾ ਇਸ ਤਰ੍ਹਾਂ ਪਸਾਰਾ ਕਰਦੀ। ਅਸਲੀਅਤ ਤਾਂ ਇਹ ਹੈ ਕਿ ਇਹ ਉਸ ਬਾਜੀਗਰ ਦੀ ਬਾਜ਼ੀ ਹੈ, ਉਸਦੀ ਖੇਡ ਹੈ, ਉਸਦੀ ਸ਼ਕਤੀ ਹੈ। ਜਿਸ ਨੂੰ ਦੇਖ ਦੇਖ ਕੇ ਹਰ ਇਕ ਨੂੰ ਕੌਤੂਹਲ ਹੁੰਦਾ ਹੈ। ਇਸ ਦਾ ਰੂਪ ਵੇਖਕੇ ਹਰ ਕੋਈ ਭੁਲਿਆ ਫਿਰਦਾ ਹੈ। ਇਸ ਦਾ ਮਰਮ ਕੋਈ ਵੀ ਨਹੀਂ ਜਾਣਦਾ। ਇਥੋਂ ਤਕ ਕਿ ਖੁਦ ਸਭ ਕੁਝ ਦਾ ਕਰਤਾ ਅਤੇ ਸੈਭੰ ਆਪਣੀ ਇੱਛਾ ਨਾਲ ਰੂਪ ਧਾਰਣ ਕਰਨ ਵਾਲਾ, ਪਰਮਾਤਮਾ ਵੀ ਇਸ ਦੀ ਠੱਗੀ ਤੋਂ ਬਚ ਨਹੀਂ ਸਕਿਆ। ਜਗਤ-ਮੰਡਲ ਵਿਚ ਸਭ ਥਾਂ ਇਸ ਦੀ ਹੀ ਸਰਦਾਰੀ ਹੈ।[34]

ਖੰਡ ਬ੍ਰਹਮਾਂਡ ਲੋਕ ਸਬ ਜੀ ਤੈ , ਇਹ ਬਿਧਿ ਤੇਜ ਜਨਾਵੈ ॥
ਸੁਯੰਭੂ ਕੌ ਚਿਤ ਚੋਰਿ ਲਿਯੌ ਹੈ, ਵਾਕੇ ਪਾਛੇ ਲਾਗਾ ਧਾਵੈ ॥
ਇਨ ਬਾਤਨ ਸੁਖ ਚੈਨੁ ਮਰੀਅਤੁ ਹੈ, ਸਬ ਕੌ ਰਹੈ ਉਝਾਰੀ ॥
ਨੇਕ ਦ੍ਰਿਸ਼ਟਿ ਕਿਨ ਰਾਖਹੁ ਕੇਸੋ, ਮੇਟਹੁ ਬਿਪਤੀ ਹਮਾਰੀ ॥[35]

ਸ਼ੰਕਰ ਦੇ ਅਦਵੈਤਵਾਦ ਅਨੁਸਾਰ ਵੀ ਮਾਇਆ ਬ੍ਰਹਮ ਦੀ ਸਮਰਥਕ ਅਤੇ ਬਿਰਜਨਾਤਮਕ ਸ਼ਕਤੀ ਹੈ।

<u>ਮਾਇਆ ਸਕਾਰਤਮਕ ਸ਼ਕਤੀ ਹੈ:-</u> ਸਭ ਮਤਾਂ-ਮਤਾਂਤਰਾਂ ਵਿਚ ਮਾਇਆ (ਪੰਜ ਮਾਨਸਿਕ ਵਿਕਾਰਾਂ) ਨੂੰ ਮਨੁੱਖੀ ਦੇ ਹੀ ਦਾ ਸ਼ਤਰੂ ਮੰਨਿਆ ਹੈ। ਗੁਰੂ ਰਵਿਦਾਸ ਜੀ ਨੇ ਜਿਥੇ ਮਾਇਆ ਦਾ ਨਿਖੇਧ ਕੀਤਾ ਹੈ ਉਥੇ ਇਸ ਦੇ ਰਹੱਸਾਤਮਕ ਅਰਥ ਵੀ ਲਏ ਹਨ। ਉਨ੍ਹਾਂ ਅਨੁਸਾਰ ਮਾਇਆ ਮਨੁੱਖ ਦੀ ਦੁਸ਼ਮਣ ਵੀ ਹੈ ਅਤੇ ਸਖੀ ਵੀ। ਮਾਇਆ ਵਿਚ ਜਦੋ ਮਨੁੱਖ ਬੁਰੀ ਤਰਾਂ ਫਸ ਜਾਂਦਾ ਹੈ ਤਾਂ ਉਸ ਦੇ ਸਾਹਮਣੇ ਇਸ ਦਾ ਵਾਸਤਵਿਕ ਸਰੂਪ ਆਉਂਦਾ ਹੈ। ਗੁਰੂ ਰਵਿਦਾਸ ਜੀ ਲਿਖਦੇ ਹਨ ਜਿਨ੍ਹਾਂ ਦੇ ਕਾਰਣ ਮੈਂ ਨਠਿਆ ਭਜਿਆ ਫਿਰਦਾ ਸੀ ਇਹ ਤਾਂ ਮੇਰੇ ਪੰਧ ਪੱਕੇ ਦੋਸਤ ਨਿਕਲੇ। ਇਨ੍ਹਾਂ ਨੇ ਤਾਂ ਮੈਨੂੰ ਪ੍ਰਭੂ-ਨਿਧੀ ਦੇ ਦਰਸ਼ਨ ਕਰਵਾ ਦਿੱਤੇ :

ਪਾਂਚੋ ਥਕਿਤ ਭਏ ਜਹਾਂ ਤਹਾਂ ਥਿਤਿ ਪਾਈ ॥
ਜਾ ਕਾਰਨਿ ਮੈਂ ਦਰੋਯੋ ਫਿਰ ਤੋ, ਸੋ ਅਬ ਘਟ ਮੈਂ ਆਈ ॥
ਪਾਂਚੋ ਮੇਰੀ ਸਖੀ ਸਹੇਲੀ ਤਿਨ ਨਿਧਿ ਦਈ ਦਿਖਾਈ ॥
ਅਬ ਮਨ ਫੂਲਿ ਭਯੋਂ ਜਗ ਮਹਿਯਾ, ਉਲਟਾ ਆਪ ਮੰਹ ਸਮਾਈ ॥[36]

ਕਬੀਰ ਜੀ ਵੀ ਮਾਇਆ ਨੂੰ ਦੋ ਭਾਂਤ ਦੀ ਮੰਨਦੇ ਹਨ। ਇਕ ਹਉਮੈ ਰੂਪ ਅਤੇ ਦੂਸਰੀ ਇਸਦਾ

ਨਿਪਟਾਰਾ ਕਰਨ ਵਾਲੀ। ਉਨ੍ਹਾਂ ਨੇ ਲਿਖਿਆ ਹੈ :

ਗੁਰੂ ਅੰਗਦ ਦੇਵ ਜੀ ਨੇ ਵੀ ਮਾਇਆ ਨੂੰ ਦੋ ਭਾਂਤਿ ਦੀ ਮੰਨਿਆ ਹੈ।

ਹਉਮੈ ਦੀਰਘ ਰੋਗ ਹੈ ਦਾਰੂ ਭੀ ਇਸ ਮਾਂਹਿ ॥
ਕਿਰਪਾ ਕਰੇ ਜੇ ਆਪਣੀ ਤਾਂ ਗੁਰੂ ਕਾ ਸਬਦ ਕਮਾਇ ॥[37ਉ]

ਮਾਇਆ ਨਕਾਰਾਤਮਕ ਸ਼ਕਤੀ ਹੈ: - ਇਹ ਵਿਸ਼ਾ ਦਾ ਖੂਹ ਹੈ। ਇਸ ਦਾ ਸਰੂਪ ਵਿਸ ਉਗਲਦੇ ਨਾਗ ਵਾਂਗ ਹੈ। ਇਹ ਵਿਸ਼ੈ-ਵਿਕਾਰਾਂ ਦਾ ਘਣਾ ਵਣ ਹੈ। ਇਹ ਜਗਤ ਨੂੰ ਭਰਮਾਂ ਅਤੇ ਬੰਧਨਾਂ ਵਿਚ ਬੰਨਣ ਵਾਲਾ ਹੈ। ਇਹ ਸਮਸਤ ਜਗ ਨੂੰ ਲੁੱਟਣ ਵਾਲੀ ਲੁਟੇਰੀ ਹੈ।[38]

ਮਾਇਆ ਅਨਿਰਵਚਨੀਯ ਹੈ: - ਮਾਇਆ ਸੁਧ ਬ੍ਰਹਮ ਤੋਂ ਨਿਰਮਿਤ ਹੋਣ ਕਾਰਣ ਉਸਦੀ ਤਰ੍ਹਾਂ ਹੀ ਅਨਿਰਵਚਨੀਯ ਹੈ। ਇਹ ਵਿਲੱਖਣ ਪ੍ਰਤਿਭਾ ਦੀ ਮਾਲਕ ਹੈ। ਇਹ ਸਤਿ ਵੀ ਹੈ ਅਤੇ ਅਸਤਿ ਵੀ। ਜਗਤ ਦੇ ਪਸਾਰੇ ਵਿਚ ਇਸਦੀ ਹੋਂਦ ਨਜ਼ਰ ਵੀ ਆਉਂਦੀ ਹੈ। ਇਸ ਲਈ ਇਸ ਸੱਤਾ ਹੈ ਪਰੰਤੂ ਇਸਦੀ ਹੋਂਦ ਸਥਾਈ ਨਹੀਂ ਕਿਉਂਕਿ ਗਿਆਨ ਪ੍ਰਾਪਤੀ ਕਾਰਣ, ਪ੍ਰਭੂ ਦੀ ਸ਼ਰਨ ਵਿਚ ਆਉਣ ਨਾਲ ਰਾਮ ਨਾਮ ਜਪਣ ਵਿਚ ਰਮਣ ਨਾਲ ਮਾਇਆ ਜੀਵ ਦਾ ਸੰਗ ਛਡ ਦਿੰਦੀ ਹੈ। ਮਾਇਆ ਦਾ ਸਰੂਪ ਨਿਖੇਧਾਤਮਕ ਵੀ ਹੈ ਅਤੇ ਸਕਾਰਾਤਮਕ ਵੀ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਮਾਇਆ ਅਨਿਰਵਚਨੀਯ ਹੈ:

ਝੂਠੀ ਮਾਯਾ ਜਗ ਡਹਕਾਯਾ, ਤੌ ਤੀਨਿ ਤਾਪ ਦਹੈ ਰੇ ॥
ਕਹੈ ਰਵਿਦਾਸ ਰਾਮ ਜਪ ਰਸਨਾ
ਮਾਯਾ ਕਾਹੂ ਕੇ ਸੰਗਿ ਨ ਰਹੈ ਰੇ ॥[39]

ਮਾਇਆ ਦਾ ਪਰਿਵਾਰ: - ਮਾਇਆ ਦਾ ਪਰਿਵਾਰ ਬਹੁਤ ਵੱਡਾ ਹੈ ਇਹ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਹਉਮੈ, ਤ੍ਰਿਸ਼ਨਾ, ਦਵੇਸ਼, ਦੁਬਿਧਾ, ਕਾਲ, ਅਨੰਤ ਭਰਮ ਉਸਦੇ ਸਾਥੀ ਹਨ। ਇਹ ਸਭ ਕਿਸੇ ਨਾ ਕਿਸੇ ਰੂਪ ਵਿਚ ਮਨ ਵਿਚ ਵਿਕਾਰ ਪੈਦਾ ਕਰਦੇ ਹਨ। ਇਨ੍ਹਾਂ ਸਭ ਦਾ ਆਪਣਾ ਗੂੜ੍ਹਾ ਨਾਤਾ ਹੈ। ਇਕ ਵਿਕਾਰ ਤੋਂ ਹੀ ਹੋਰ ਵਿਕਾਰਾਂ ਦੀ ਉਤਪਤੀ ਹੋ ਜਾਂਦੀ ਹੈ। ਵਿਕਾਰਾਂ ਕਾਰਣ ਮਨੁੱਖ ਆਵਾਗਵਨ ਦੇ ਚੱਕਰ ਵਿਚ ਫਸ ਜਾਂਦਾ ਹੈ।

ਗੁਰੂ ਰਵਿਦਾਸ ਜੀ ਨੇ ਪੰਚ-ਵਿਕਾਰਾਂ ਦਾ ਨਿਰੂਪਣ ਕੀਤਾ ਹੈ। ਉਨ੍ਹਾਂ ਅਨੁਸਾਰ ਕੇਵਲ ਮਨੁੱਖ ਹੀ ਪੰਜ ਅਸਾਧ ਰੋਗਾਂ ਨਾਲ ਪੀੜਿਤ ਹੈ ਬਾਕੀ ਜੀਵਾਂ ਵਿਚ ਤਾਂ ਕੋਈ ਇਕ ਅੱਧਾ ਦੋਸ਼ ਹੀ ਹੁੰਦਾ ਹੈ।[40]

ਮਨੁੱਖ ਇਨ੍ਹਾਂ ਦੋਸ਼ਾਂ ਨਾਲ ਗ੍ਰਸਿਤ ਹਿਰਨ ਦੀ ਤਰ੍ਹਾਂ ਥਾਂ ਥਾਂ ਭਜਦਾ ਫਿਰਦਾ ਹੈ ਜੋ

ਜੋ ਆਪਣੇ ਕ੍ਰੋਧ ਮਈ ਨਾਮ ਰੂਪੀ ਕਸਤੂਰੀ ਨੂੰ ਨਹੀਂ ਪਛਾਣ ਸਕਦਾ।[41]

ਅਵਿਦਿਆ ਨੇ ਮਨੁੱਖ ਦੇ ਵਿਵੇਕ ਦਾ ਦੀਪ ਧੁੰਦਲਾ ਕਰ ਰਖਿਆ ਹੈ।[42] ਇਸ ਤਰ੍ਹਾਂ ਜੀਵ ਅਗਿਆਨਤਾ ਕਾਰਣ ਕੁਕਰਮਾਂ ਵਿਚ ਫਸ ਜਾਂਦਾ ਹੈ।[43] ਉਹ ਪਾਗਲਾਂ ਵਾਂਗ ਭਟਕਦਾ ਫਿਰਦਾ ਹੈ।[44] ਹਉਮੈ ਮਨੁੱਖ ਨੂੰ ਵਾਸਤਵਿਕਤਾ ਤੋਂ ਕੋਹਾਂ ਮੀਲ ਦੂਰ ਰਖਦੀ ਹੈ। ਹਉਮੈ ਵਿਚ ਬੌਰਾ ਹੋਇਆ ਅਗਿਆਨੀ ਵੀ ਆਪਣੇ ਆਪ ਨੂੰ ਵਿਦਮਾਨ, ਬੁਧੀਮਾਨ, ਸਮਝਦਾ ਹੈ।[45] ਵਿਸ਼ੈ-ਵਿਕਾਰਾਂ ਵਿਚ ਫਸਿਆ ਮਨੁੱਖ ਦੁਖ ਸਹਿਣ ਕਰਦਾ ਹੈ। ਧੰਨ ਸੰਪਤੀ, ਜਾਇਦਾਦ, ਸੁੰਦਰ ਨਾਰੀ ਪੁਤਰ ਆਦਿ ਮਾਇਆ ਦਾ ਮੋਹ ਰੂਪ ਇਕ ਪਰਦਾ ਹੈ ਅਤੇ ਬਿਪਤਾ ਦੂਜਾ।[46] ਇਨ੍ਹਾਂ ਪਰਦਿਆਂ ਵਿਚ ਮਨੁੱਖ ਦੁਖੀ ਹੁੰਦਾ ਹੈ । ਆਸ਼ਾ ਦੇ ਸੰਬੰਧ ਵਿਚ ਗੁਰੂ ਰਵਿਦਾਸ ਜੀ ਨੇ ਕਿਹਾ ਹੈ ਕਿ ਜਿਥੇ ਆਸ਼ਾ ਰੱਖੀ ਜਾਂਦੀ ਹੈ ਉਥੇ ਮਨੁੱਖ ਦੇ ਹੱਥ ਕੁਝ ਨਹੀਂ ਆਉਂਦਾ। ਆਸ਼ਾਵਾਂ ,ਇਛਾਵਾਂ ਵੀ ਮਨੁੱਖ ਦਾ ਪ੍ਰਭੂ-ਪ੍ਰੀਤਮ ਨਾਲੋਂ ਨਾਤਾ ਦਿਨ-ਬ-ਦਿਨ ਤੋੜਦੀਆਂ ਹਨ। ਇਸ ਤਰ੍ਹਾਂ ਮਾਇਆ ਮਨੁੱਖੀ ਜੀਵਨ ਨੂੰ ਨਸ਼ਟ ਕਰ ਦਿੰਦੀ ਹੈ ਜਿਵੇਂ ਤੋਤਾ ਬੇਰ ਟੁਕ ਟੁਕ ਕੇ ਜ਼ਮੀਨ ਤੇ ਸੁਟ ਕੇ ਗੁਆ ਦਿੰਦਾ ਹੈ।[47]

<u>ਮਾਇਆ ਦਾ ਪ੍ਰਭਾਵ ਖੇਤਰ</u>:- ਮਾਇਆ ਦਾ ਪ੍ਰਭਾਵ ਖੇਤਰ ਕੇਵਲ ਜਗਤ ਹੀ ਨਹੀਂ ਸਗੋਂ ਇਹ ਤਿੰਨ ਲੋਕਾਂ ਵਿਚ ਨਿਵਾਸ ਕਰਦੀ ਹੈ। ਇਹ ਸੰਤਾਂ-ਭਗਤਾਂ, ਜਪੀਆਂ ਤਪੀਆਂ, ਰਿਸ਼ੀਆਂ ਮੁਨੀਆਂ ਤਕ ਹੀ ਨਹੀਂ ਸਗੋਂ ਸ੍ਰਿਸ਼ਟੀ ਦੇ ਕਰਤਾ ਤੇ ਪ੍ਰਭਾਵ ਪਾਉਣ ਤੋਂ ਸੰਕੋਚ ਨਹੀਂ ਕਰਦੀ। ਗੁਰੂ ਰਵਿਦਾਸ ਵਾਂਗ ਥੋੜੇ ਹੀ ਸੰਤ-ਜਨ ਪ੍ਰਭੂ ਨੂੰ ਮੋਹ-ਬੰਧਨ ਵਿਚ ਜਕੜ ਕੇ, ਮਾਇਆ ਤੋਂ ਆਪਣੀ ਬਚਾ ਸਕਣ ਯੋਗ ਹੁੰਦੇ ਹਨ:

> ਜਬ ਹਮ ਬਾਧੇ ਮੋਹ ਫਾਸ, ਹਮ ਪ੍ਰੇਮ ਬੰਧਨਿ ਤੁਮ ਬਾਧਿ ॥
> ਆਪਨੇ ਛੂਟਨ ਕੋ ਜਤਨੁ ਕਰਹੁ, ਹਮ ਛੂਟੇ ਤੁਮ ਆਰਾਧੇ ॥[48]

ਮਾਇਆ ਮਨੁੱਖ ਤੇ ਵੀ ਆਪਣਾ ਪ੍ਰਭਾਵ ਪਾਉਂਦੀ ਹੈ। ਮਾਇਆ ਦਾ ਇਹ ਰੂਪ ਵਿਅਕਤੀਗਤ ਵਾਲਾ ਹੈ, ਜਿਸ ਦੇ ਕਾਰਣ ਮਨੁੱਖ ਮਾਇਆ ਦੇ ਅਨੰਤ ਭਰਮਾਂ ਵਿਚ ਫਸ ਜਾਂਦਾ ਹੈ। ਮਾਇਆ ਭ੍ਰਮ ਅਗਿਆਨ, ਮਿਥਿਆ-ਗਿਆਨ ਕਾਮ, ਕ੍ਰੋਧ ਲੋਭ, ਮੋਹ, ਅਹੰਕਾਰ ਆਦਿ ਦੇ ਰੂਪ ਵਿਚ ਵਿਅਕਤੀ ਦੇ ਮਨ-ਅੰਦਰ ਵਿਚ ਨਿਵਾਸ ਕਰਦੀ ਹੈ।

<u>ਮਾਇਆ ਅਤੇ ਮਨ</u>:- ਮਾਇਆ ਅਤੇ ਮਨ ਦਾ ਬਹੁਤ ਗੂੜਾ ਸੰਬੰਧ ਹੈ। ਕਿਉਂਕਿ ਮਾਇਆ ਦਾ ਬਲ ਮਨ ਤੇ ਕੇਂਦਰਿਤ ਹੁੰਦਾ ਹੈ । ਮਾਇਆ ਮਨ ਵਿਚ ਹੀ ਨਿਵਾਸ ਕਰਦੀ ਹੈ। ਅਨੰਤ-ਭਰਮਾਂ, ਵਿਸ਼ੈ ਵਿਕਾਰਾਂ ਦਾ ਪ੍ਰਭਾਵ ਮਨ ਤੇ ਪਰਿਣਾਮੀ ਹੁੰਦਾ ਹੈ। ਗੁਰੂ ਰਵਿਦਾਸ ਜੀ ਅਨੁਸਾਰ ਮਨ ਦੀ ਪ੍ਰਕ੍ਰਿਤੀ ਬਹੁਤ ਚੰਚਲ ਹੈ। ਇਹ ਹਰ ਪਲ ਹਰ ਛਿਨ ਮੋਹ ਮਾਇਆ ਵਿਚ ਰਸਦਾ ਜਾਂਦਾ ਹੈ।

ਮਾਇਆ ਦੀ ਪਕੜ ਵਿਚੋਂ ਮਨ ਨੂੰ ਕਢਣਾ ਉਨ੍ਹਾਂ ਹੀ ਔਖਾ ਹੈ ਜਿਨਾ ਕੁੱਤੇ ਦੀ ਪੂਛ ਨੂੰ ਸਿਧਾ ਕਰਨਾ ਜੋ ਬਾਰਾਂ ਸਾਲ ਨਲਕੀ ਵਿਚੋ ਰਖਣ ਤੇ ਵੀ ਵਿੰਗੀ ਹੀ ਰਹਿੰਦੀ ਹੈ।) ਇਸ ਤ੍ਹਾਂ ਹੀ ਮਨ ਵੀ ਮਾਇਆ ਹਥ ਇਸ ਤਰ੍ਹਾਂ ਵਿਕ ਜਾਂਦਾ ਹੈ ਕਿ ਇਸ ਨੂੰ ਸਮਝਾਉਣਾ ਅਤਿ ਕਠਨ ਹੈ:

> ਮਨ ਮੇਰੋ ਥਿਰੁ ਨਾ ਰਹਾਈ ॥
> ਕੋਟਿ ਕੌਤਿਗ ਕਰਿ ਦਿਖਰਾਵੈ ਇਤ ਉਤ ਜਗ ਮੰਹਿ ਧਾਈ ॥
> ਮਾਯਾ ਮਮਿਤਾ ਮੋਹ ਲਪਟਾਨੋ ਦਿਨ ਦਿਨ ਉਰਝਤ ਜਾਈ ॥
> ਗੁਰੂ ਕੇ ਗਿਆਨ ਪ੍ਰੇਮ ਕੀ ਸਾਂਟੀ ਕੁਬੁਧ ਕੁਕਰਮ ਛੁੜਾਈ ॥
> ਕਹਿ ਰੈਦਾਸ ਮਨ ਥਿਰੁ ਹੋਵਸੀ, ਚਲਿ ਸਬ ਛਾਡਿ ਗੁਰੂ ਸਰਣਾਈ ॥[49]

ਮਨੁੱਖੀ ਮਨ ਦੀ ਚੰਚਲਤਾ ਆਪ ਦੀਆਂ ਪੰਜ ਇੰਦਰੀਆਂ ਨੂੰ ਪ੍ਰਭਾਵਿਤ ਕਰਦੀ ਹੈ ਵਿਸ਼ੇ-ਵਿਕਾਰਾਂ ਕਾਰਣ ਮਨ ਵਿਚ ਤਰ੍ਹਾਂ ਤਰ੍ਹਾਂ ਦੇ ਖਿਆਲ ਉਪਜਾਂਦੇ ਹਨ ਅਤੇ ਇਸ ਜਗਤ ਵਿਚ ਖਿਆਲ ਦਾ ਵੇਗ ਸਭ ਤੋਂ ਵਧ ਤੀਬਰ ਹੈ। ਇਸ ਲਈ ਮਾਇਆ ਕਾਰਣ ਮਨੁੱਖੀ ਮਨ ਥਿਰ ਨਹੀਂ ਰਹਿੰਦਾ ਅਤੇ ਕਈ ਪਾਸੇ ਦੌੜਦਾ ਹੈ:

1. ਏ ਸੋਈ ਹਰਿ ਕਉਂ ਪਾਇਵੋ, ਮਨ ਚੰਚਲ ਰੇ ਭਾਈ ॥
   ਚਪਲ ਭਯੌ ਚੁੰਹ ਦਿਸ ਧਾਵਈ, ਰਾਖਿਓ ਜਾ ਰਹਾਈ ॥[50]

2. ਮਨ ਮੇਰਾ ਮਾਇਆ ਮੰਹਿ ਲਪਟਾਨੋ ॥
   ਕਾਮੀ ਕੁਟਿਲ ਲਵਾਰ ਕੁਚਾਲੀ, ਸਮਝਈ ਨਹੀਂ ਸਮਝਾਨੋ ॥
   ਮਾਇਆ ਮਹਿ ਹਿਲ ਮਿਲ ਰਹਯੌ, ਫੌਕਟ ਸਾਂਟੇ ਜਨਮ ਗੰਵਾਰੋ ॥
   ਕਹਿ ਰਵਿਦਾਸ ਕਛੁ ਚੇਤ ਬਾਵਰੇ ਰਾਮ ਨਾਮ ਬਿਨ ਨਹਿ ਉਵਰਾਨੋ ॥[57]

<u>ਮਾਇਆ ਤੋਂ ਮੁਕਤੀ</u>:- ਗੁਰੂ ਰਵਿਦਾਸ ਜੀ ਅਨੁਸਾਰ ਹਉਮੈ ਨੂੰ ਤਿਆਗ ਕੇ, ਨਿਰਮਾਣ ਬਣੇ ਕੇ ਮਾਇਆ ਤੋਂ ਛੁਟਕਾਰਾ ਮਿਲਦਾ ਹੈ। ਕੁਕਰਮਾਂ ਦੇ ਪੱਥਰਾਂ ਨਾਲ ਭਰੀ ਹੋਈ ਜੀਵ-ਬੇੜੀ ਸੰਸਾਰ-ਸਾਗਰ ਵਿਚ ਲੋਭ -ਤਰੰਗਾਂ ਦੇ ਥਪੇੜੇ ਖਾ ਕੇ ਡੁੱਬ ਜਾਂਦੀ ਹੈ। ਪ੍ਰਭੂ ਦੀ ਪ੍ਰੇਮ ਭਗਤੀ ਨਾਲ ਹੀ ਮਨ-ਮਛਲੀ ਮਾਇਆ -ਸਾਗਰ ਨੂੰ ਤੈਰ ਸਕਦੀ ਹੈ :

1. ਮਮਤਾ ਮੋਹ ਵਿਸ਼ੈ ਮਦਮਾਤੇ, ਇਹ ਦੁੱਖ ਕਬਹੂੰ ਨ ਦੁਤੁਰ ਤਿਰਯੌ ॥
   ਤਜਿ ਅਭਿਮਾਨ ਮੇਟਿ ਆਪਾ ਪਰ, ਪਿਪਲਕ ਹ੍ਵੈ ਚੁਣਿ ਖਾਵੈ ॥[51]

2. ਲੋਹ ਕੀ ਨਾਵ ਪਸ਼ਾਨਕ ਬੋਝੀ, ਸੁਕ੍ਰਿਤ ਭਗਤਿ ਬਿਹੂਨਾ ॥
   ਲੋਭ ਤਰੰਗ ਮੋਹ ਭਯੌ ਗਾਲੌ, ਮਨ ਮੀਨ ਭਯੌ ਜਲ ਲੀਨਾ ॥[52]

ਗੁਰੂ ਰਵਿਦਾਸ ਜੀ ਅਨੁਸਾਰ ਮਾਇਆ ਦੇ ਅਨੰਤ-ਭਰਮਾਂ ਤੋਂ ਨਿਵਾਰਣ ਗੁਰੂ ਦੇ ਗਿਆਨ ਅਤੇ ਉਸ ਦੀ ਪ੍ਰੇਮ ਭਗਤੀ ਨਾਲ ਹੁੰਦਾ ਹੈ। ਪਰਮਤੱਤ ਦੀ ਪ੍ਰੇਮ ਭਗਤੀ ਲਈ ਉਸ ਦੀ ਸ਼ਰਨ ਵਿਚ ਜਾਣਾ ਆਤਮ ਸਮਰਪਣ ਕਰਨਾ ਅਤਿ ਆਵੱਸ਼ਕ ਹੈ:

ਗੁਰੂ ਕਾ ਗਿਆਨ ਪ੍ਰੇਮ ਕੀ ਸਾਈ, ਕੁਬੁਧ ਕੁਕਰਮ ਛੁੜਾਈ ॥
ਕਹਿ ਰੈਦਾਸ ਮਨ ਥਿਰੁ ਹੋਵਸੀ, ਚਲਿ ਸਬ ਛਾਡਿ ਗੁਰੂ ਸਰਣਾਈ[53]॥

ਇਸ ਤਰ੍ਹਾਂ ਅਸਾਂ ਵੇਖਦੇ ਹਾਂ ਕਿ ਗੁਰੂ ਰਵਿਦਾਸ ਜੀ ਨੇ ਮਾਇਆ ਤੋਂ ਮੁਕਤ ਹੋਣ ਲਈ ਮਾਇਆ ਦਾ ਤਿਆਗ, ਗੁਰੂ-ਗਿਆਨ, ਆਤਮ ਨਿਵੇਦਨ, ਪ੍ਰੇਮ ਭਗਤੀ ਰਾਮ-ਨਾਮ ਸਿਮਰਨ, ਰਘੁਨਾਥ-ਭਜਨ ਦਾ ਉਪਦੇਸ਼ ਦਿੱਤਾ ਹੈ:

1. ਤੋਹਿ ਭਜਤ ਰਘੁਨਾਥ ਅੰਤਰਗਿ, ਤਾਹਿ ਤ੍ਰਾਸ ਨ ਤਾਪ ॥[54]
2. ਕਹੇ ਰਵਿਦਾਸ ਰਾਮ ਜਪ ਰਸਨਾ, ਮਾਯਾ ਕਾਹੂ ਕੇ ਸੰਗ ਨ ਰਹੈ ਰੇ ॥[55]

ਉਪਰੋਕਤੋ ਗੁਰੂ ਜੀ ਦੀ ਬਾਣੀ ਦੇ ਆਧਾਰ ਤੇ ਮਾਇਆ-ਸਿਧਾਂਤ ਤੇ ਵਿਸਥਾਰ ਪੂਰਵਕ ਚਰਚਾ ਕਰਨ ਉਪਰੰਤ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਗੁਰੂ ਜੀ ਨੇ ਆਪਣੀ ਬਾਣੀ ਵਿਚ ਮਾਇਆ ਦੇ ਪ੍ਰਮੁੱਖ ਨਿਮਨਲਿਖਤ ਰੂਪਾਂ ਦਾ ਵਰਣਨ ਕੀਤਾ ਹੈ:

1. ਮਾਇਆ ਮਨੁੱਖੀ ਮਨ ਦੀ ਉਪਜ ਹੈ। ਇਹ ਮਨ-ਮੋਹਣੀ ਸ਼ਕਤੀ ਹੈ।
2. ਮਾਇਆ ਮਿਥਿਆ ਹੈ।
3. ਮਾਇਆ ਅਨਿਵਰਚਨੀਯ ਸ਼ਕਤੀ ਹੈ।
4. ਮਾਇਆ ਬ੍ਰਹਮ ਦੀ ਸਮਰਥਕ ਸ਼ਕਤੀ ਹੈ।
5. ਮਾਇਆ ਅਵਿਦਿਆ ਜਾਂ ਅਗਿਆਨਤਾ ਹੈ।
6. ਮਾਇਆ ਤ੍ਰੈਗੁਣਾਤਮਕ ਹੈ। ਵਿਕਟ ਹੈ।
7. ਮਾਇਆ ਨਕਾਰਾਤਮਕ ਸ਼ਕਤੀ ਹੈ।
8. ਇਕ ਸਕਾਰਾਤਮਕ ਸ਼ਕਤੀ ਹੈ।
9. ਮਾਇਆ ਪਾਪ-ਪੁੰਨ ਕਾਰਣ ਜਗਤ ਵਿਚ ਹੋਂਦ ਵਿਚ ਆਉਂਦੀ ਹੈ।
10. ਮਾਇਆ ਅਨੰਤ ਭਰਮਾਂ ਦਾ ਪੁੰਜ ਹੈ।
11. ਇਹ ਕਾਲ-ਰੂਪੀ ਵੀ ਹੈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਮਾਇਆ ਬ੍ਰਹਮ ਦੀ ਸਮਰਥਕ ਅਤੇ ਸਿਰਜਨਾਤਮਕ ਸ਼ਕਤੀ ਹੈ। ਇਹ ਸ਼ਕਤੀ ਚਾਹੇ ਪ੍ਰਬਲ ਅਤੇ ਪ੍ਰਚੰਡ ਹੈ ਇਹ ਪ੍ਰਭੂ ਦੇ ਅਧੀਨ ਸ਼ਕਤੀ ਹੈ। ਇਹ

ਸ਼ਕਤੀ ਪ੍ਰਭੂ ਦੇ ਹੁਕਮ ਵਿਚ ਹੀ ਜੀਵਾਂ ਨੂੰ ਫਾਹੀ ਪਾਉਂਦੀ ਹੈ ਤਾਂ ਜੋ ਉਸ ਦੀ ਸ਼ਰਨ ਵਿਚ ਜਦੋਂ ਜਾਕੇ ਜੀਵ ਆਪਣੇ ਮੂਲ ਬ੍ਰਹਮ ਨਾਲ ਇਕਮਿਕਤਾ ਪ੍ਰਾਪਤ ਕਰ ਲੈਣ। ਗੁਰੂ ਜੀ ਨੇ ਮਾਇਆ ਨੂੰ ਬ੍ਰਹਮ -ਪਾਪਤੀ ਦਾ ਸਾਧਨ ਵੀ ਦਸਿਆ ਹੈ।

**

## ਮੁਕਤੀ /ਮੋਕਸ਼

ਭਾਰਤੀ ਚਿੰਤਨ ਵਿਚ ਮੋਖਸ਼ ਨੂੰ ਸਰਵੋਤਮ ਮੰਨਿਆ ਗਿਆ ਹੈ ਅਤੇ ਇਸ ਦੀ ਪ੍ਰਾਪਤੀ ਨੂੰ ਮਨੁੱਖੀ ਜੀਵਨ ਦਾ ਪਰਮਾਰਥ ਅਤੇ ਮੁਖ ਉਦੇਸ਼ ਸਮਝਿਆ ਜਾਂਦਾ ਰਿਹਾ ਹੈ। ਮੋਖਸ਼, ਮੁਕਤੀ, ਨਿਰਵਾਣ ਆਦਿ ਮਨੁੱਖ ਦੀ ਸੰਪੂਰਨਤਾ ਦੀ ਅਵਸਥਾ ਹੈ। ਮੁਕਤੀ ਉਸ ਸਥਿਤੀ ਦੇ ਸੂਚਕ ਹੈ ਜਦੋਂ ਮਨੁੱਖ ਸੰਸਾਰਿਕ ਤ੍ਰਿਵਿਧ ਦੁਖਾਂ ਦੈਹਿਕ, ਦੈਵਿਕ, ਭੌਤਿਕ) ਤੋਂ ਛੁਟਕਾਰਾ ਪ੍ਰਾਪਤ ਕਰਕੇ, ਪ੍ਰਭੂ ਵਿਚ ਲੀਨ ਹੋ ਜਾਂਦਾ ਹੈ।

ਮਨੁੱਖ ਦੀ ਜ਼ਿੰਦਗੀ ਵਿਚ ਮਾਇਆ ਹੀ ਹਰ ਬੰਧਨ ਦਾ ਕਾਰਣ ਬਣਦੀ ਹੈ। ਇਸ ਤੋਂ ਛੁਟਕਾਰਾ ਪਾਉਣ ਨਾਲ ਹੀ ਮਨੁੱਖੀ ਜੀਵਨ ਦਾ ਉਦੇਸ਼ ਪੂਰਾ ਹੁੰਦਾ ਹੈ। ਵੇਦਾਂ ਵਿਚ ਮੁਕਤੀ ਸੰਬੰਧੀ ਕਈ ਸੰਕੇਤ ਪ੍ਰਾਪਤ ਹੁੰਦੇ ਹਨ। ਵੈਦਿਕ ਲੋਕ ਜੀਵਨ ਦੇ ਪਰਮ ਮਨੋਰਥ ਸੰਬੰਧੀ ਸੁਚੇਤ ਸਨ। ਉਹ ਮੋਖਸ਼ ਪ੍ਰਾਪਤ ਕਰਨ ਲਈ ਕਰਮ ਗਿਆਨ ਅਤੇ ਭਗਤੀ ਮਾਰਗ ਦਾ ਅਨੁਕਰਣ ਕਰਦੇ ਸਨ। ਉਹ ਜੀਵਨ ਦੀ ਸੰਪੂਰਨਤਾ ਲਈ ਦੇਵਤਿਆਂ ਕੋਲ ਅਰਜ਼ੋਈਆਂ ਕਰਦੇ ਸਨ। ਆਵਾਗਵਨ ਦੇ ਚੱਕਰ ਤੋਂ ਮੁਕਤ ਹੋਣ ਲਈ ਇਸ ਤਰ੍ਹਾਂ ਵਰਣਨ ਆਉਂਦਾ ਹੈ। " ਕਰਮ ਕਰਦਿਆਂ ਹੋਇਆਂ ਹੀ ਮਨੁੱਖ ਨੂੰ ਸੌ ਵਰ੍ਹੇ ਜੀਉਣ ਦੀ ਕਾਮਨਾ ਕਰਨੀ ਚਾਹੀਦੀ ਹੈ। ਮਨੁੱਖ ਦਾ ਜੀਵਨ ਕਰਮ ਕਰਨ ਵਿਚ ਹੀ ਹੈ। ਇਸ ਤਰ੍ਹਾਂ ਕਰਨ ਵਾਲਾ ਮਨੁੱਖ ਕਰਮ-ਚੱਕਰ ਵਿਚ ਨਹੀਂ ਫਸਦਾ।[1] ਸਾਮਵੇਦ ਵਿਚ ਅਗਨੀ ਦੇਵ ਦੇ ਵੱਖ ਵੱਖ ਗੁਣਾਂ ਦੀ ਅਰਾਧਨਾ ਕੀਤੀ ਗਈ ਹੈ - ਏ ਅਗਨੀ ਦੇਵਤਾ! ਅਸੀਂ ਹਰ ਰੋਜ਼ ਗਿਆਨ, ਕਰਮ ਅਤੇ ਧਿਆਨ ਨੂੰ ਸਾਧਨ ਬਣਾ ਕੇ ਆਪਣੀ ਸੰਪੂਰਨ ਸੰਪਤੀ, ਯੁੱਧ-ਸ਼ਕਤੀ ਅਤੇ ਸ਼ਾਸਨ ਸ਼ਕਤੀ ਦੀ ਭੇਟਾ ਲੈ ਕੇ ਤੇਰੇ ਨੇੜੇ ਆ ਰਹੇ ਹਾਂ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਵੇਦਾਂ ਵਿਚ ਪ੍ਰਭੂ ਨਾਲ ਇਕਮਿਕਤਾ ਪ੍ਰਾਪਤ ਕਰਨ ਨੂੰ ਮੋਖਸ਼ ਸਮਝਿਆ ਜਾਂਦਾ ਸੀ। ਇਹ ਧਾਰਣਾ ਬਾਅਦ ਦੇ ਦਰਸ਼ਨਾਂ ਵਿਚ ਹੋਰ ਵੀ ਵਿਕਸਿਤ ਰੂਪ ਵਿਚ ਸਾਹਮਣੇ ਆਉਂਦੀ ਹੈ।

ਉਪਨਿਸ਼ਦਾਂ ਵਿਚ ਮੁਕਤੀ ਦਾ ਵਿਵੇਚਨ ਵਿਸਥਾਰਪੂਰਵਕ ਹੋਇਆ ਸ਼ਵੇਤਾਸ਼ਵਤਰ ਉਪਨਿਸ਼ਦ ਵਿਚ ਵਰਣਨ ਆਉਂਦਾ ਹੈ ਕਿ ਹਠ ਯੋਗਿਕ ਪ੍ਰਕ੍ਰਿਆਵਾਂ ਅਤੇ ਧਿਆਨ-ਯੋਗ ਨਾਲ ਰਿਸ਼ੀਆਂ ਨੂੰ ਕਾਰਣ-ਭੂਤ ਬ੍ਰਹਮ-ਸ਼ਕਤੀ ਦਾ ਸਥਿਆਤਕਾਰ ਹੋਇਆ।[2] ਮੋਖਸ਼ ਦਾ ਅਰਥ ਪਰਮ ਤੱਤ ਨਾਲ ਇਕਮਿਕਤਾ ਪ੍ਰਾਪਤ ਕਰਨਾ ਹੈ । ਸੰਪੂਰਨ ਸੰਸਾਰਿਕ ਬੰਧਨਾਂ ਤੋਂ ਛੁਟਕਾਰਾ ਪ੍ਰਾਪਤ ਕਰਨਾ ਹੈ। ਮੁੰਡਕ ਉਪਨਿਸ਼ਦ ਵਿਚ ਵੀ ਮੁਕਤੀ ਸੰਬੰਧੀ ਵਿਚਾਰ ਪ੍ਰਾਪਤ ਹੁੰਦੇ ਹਨ। ਇਸ ਅਨੁਸਾਰ ਜੋ ਉਸ ਪਾਰਬ੍ਰਹਮ ਨੂੰ ਜਾਣ ਲੈਂਦਾ ਹੈ ਉਹ ਬ੍ਰਹਮ ਹੀ ਹੋ ਜਾਂਦਾ ਹੈ। ਉਹ ਸ਼ੋਕ ਤੋਂ ਮੁਕਤ ਹੋ ਜਾਂਦਾ ਹੈ। ਪਾਪਾਂ ਤੋਂ ਨਿਰਲਿਪਤ ਹੋ ਜਾਂਦਾ ਹੈ। ਹਿਰਦੈ-ਗੰਥੀਆਂ ਦੇ ਨਿਰਬੰਧ ਹੋਣ ਨਾਲ ਅਮਰਤਵ ਪ੍ਰਾਪਤ ਕਰ ਲੈਂਦਾ ਹੈ।[3]

ਗੀਤਾ ਵਿਚ ਮੁਕਤੀ ਲਈ ਬ੍ਰਹਮ-ਨਿਰਵਾਣ ਆਤਮ-ਗਿਆਨ, ਆਵਾਗਵਨ ਤੋਂ ਛੁਟਕਾਰਾ ਆਦਿ ਸ਼ਬਦਾਂ ਦੇ ਪ੍ਰਯੋਗ ਕੀਤਾ ਗਿਆ ਹੈ। ਇਸ ਦੇ ਅਨੁਸਾਰ ਮਾਇਆ ਦਾ ਤਿਆਗ ਕਰਕੇ ਆਤਮਾ ਤੇ ਵਿਜੈ ਪ੍ਰਾਪਤ ਕਰਨ ਵਾਲਾ ਮਨੁੱਖ ਵੀ ਮੁਕਤੀ ਦਾ ਧਾਰਨੀ ਹੁੰਦਾ ਹੈ। ਗੀਤਾ ਵਿਚ ਲਿਖਿਆ ਹੈ ਕਿ ਕਾਮ-ਕ੍ਰੋਧ ਤੋਂ ਰਹਿਤ, ਯਤਨਸ਼ੀਲ, ਸੰਜਮ-ਚਿੱਤ ਵਾਲੇ ਅਤੇ ਮਨ ਨੂੰ ਜਿੱਤਣ ਵਾਲੇ ਮਨੁੱਖਾਂ ਨੂੰ ਸਭ ਤਰਫ ਤੋਂ ਬ੍ਰਹਮ ਨਿਰਵਾਣ ਪ੍ਰਾਪਤ ਹੁੰਦਾ ਹੈ।[4] ਇਸ ਤੋਂ ਇਲਾਵਾ ਬਾਹਰੀ ਵਿਸ਼ਿਆਂ ਨੂੰ ਤਿਆਗ ਕੇ ਨੇਤਰ ਨੂੰ ਤ੍ਰਿਕੁਟੀ ਸਥਾਨ ਤੇ ਕੇਂਦਰਿਤ ਕਰਕੇ, ਪ੍ਰਾਣ-ਸਾਧਨਾ ਦੁਆਰਾ ਇੰਦਰੀਆਂ ਮਨ-ਬੁੱਧੀ ਨੂੰ ਵਸ ਵਿਚ ਕਰਕੇ ਮਨੁੱਖ ਸਦਾ ਲਈ ਮੁਕਤੀ ਪ੍ਰਾਪਤ ਕਰ ਲੈਂਦਾ ਹੈ।[5] ਗੀਤਾ ਵਿਚ ਮੁਕਤੀ ਪ੍ਰਾਪਤ ਕਰਨ ਲਈ ਭਗਤ ਨੂੰ ਸਰਵੋਤਮ ਸਾਧਨ ਮੰਨਿਆ ਗਿਆ ਹੈ। ਇਸ ਦੇ ਅਨੁਸਾਰ ਮਨੁੱਖ ਭਾਵੇਂ ਕਿੰਨਾ ਵੀ ਪਾਪੀ ਕਿਉਂ ਨਾ ਹੋਵੇ ਭਗਤੀ ਦੇ ਪ੍ਰਭਾਵ ਸਦਕਾ ਉਸਦੇ ਸਾਰ ਪਾਪਾਂ ਦਾ ਕੇਵਲ ਨਾਸ ਹੀ ਨਹੀਂ ਹੁੰਦਾ, ਸਗੋਂ ਉਹ ਪਰਮਾਤਮਾ ਬਣ ਜਾਂਦਾ ਹੈ ਅਤੇ ਉਸਨੂੰ ਪਰਮ ਸ਼ਾਂਤੀ ਮਿਲ ਜਾਂਦੀ ਹੈ।[6]

• ਦੂਸਰੇ ਦਰਸ਼ਨਾਂ ਦੀ ਤਰ੍ਹਾਂ ਹੀ ਜੈਨ-ਦਰਸ਼ਨ ਦਾ ਚਰਮ -ਉਦੇਸ਼ -ਬੰਧਨਾਂ ਤੋਂ ਮੁਕਤੀ ਪਾ ਕੇ ਪਰਮ ਆਨੰਦ ਪ੍ਰਾਪਤ ਕਰਨਾ ਹੈ। ਰਾਗ ਦਵੈਸ਼, ਮੋਹ-ਆਦਿ ਕਾਰਣ ਜੀਵ ਬੰਧਨ ਵਿਚ ਫਸਦਾ ਹੈ। ਤਪੱਸਿਆ ਦੇ ਦੁਆਰਾ ਅਤੇ ਨਿਯਮਾਂ ਦੇ ਪਾਲਣ ਦੇ ਕਾਰਣ ਜੀਵ ਵਿਚ ਰਾਗ, ਦਵੈਸ਼, ਮੋਹ ਦਾ ਨਾਸ ਹੋ ਜਾਂਦਾ ਹੈ। ਅਤੇ ਉਸਦੀ ਆਤਮਾ ਵਿਚ ਕਰਮ-ਪਦਗਲਾਂ ਦਾ ਪ੍ਰਵੇਸ਼ ਰੁਕ ਜਾਂਦਾ ਹੈ। ਨਿਦਿਧਯਾਸਨ ਦੁਆਰਾ ਮਨੁੱਖ ਪਹਿਲੇ ਕਰਮ-ਪੁਦਗਲਾਂ ਦਾ ਨਾਸ ਕਰ ਲੈਂਦਾ ਹੈ ਇਸ ਦਰਸ਼ਨ ਅਨੁ ਸਾਰ ਨਿਰਮਲ ਅੰਤਹਕਰਣ ਵਾਲਾ ਜੀਵ ਆਪਣੇ ਸਰੀਰ ਵਿਚ ਸਥਿਤ ਆਤਮਾ ਦਾ ਦਰਸ਼ਨ ਕਰ ਸਕਦਾ ਹੈ। ਇਹ ਹੀ ਆਤਮ-ਸਥਿਆਤਕਾਰ ਜਾਂ ਪਰਮ ਪਦ ਹੈ। ਇਸ ਅਵਸਥਾ ਨੂੰ ਭਾਵ ਮੋਖਸ਼ ਜਾਂ ਜੀਵਨ-ਮੁਕਤੀ ਵੀ ਕਹਿੰਦੇ ਹਨ।[7]

ਬੁੱਧ ਮੱਤ ਵਿਚ ਮੁਕਤੀ ਲਈ ਨਿਰਵਾਣ ਸ਼ਬਦ ਦਾ ਪ੍ਰਯੋਗ ਹੋਇਆ ਹੈ। ਨਿਰਵਾਣ ਦਾ ਅਰਥ ਹੈ - ਦੁਖੀ ਤੋਂ ਛੁਟਕਾਰਾ ਪਾਉਣਾ। ਭਗਵਾਨ ਬੁੱਧ ਨੇ ਸੰਸਾਰ ਨੂੰ ਦੁੱਖਾਂ ਦਾ ਘਰ ਮੰਨਿਆ ਹੈ। ਇਸ ਲਈ ਇਨ੍ਹਾਂ ਅਨੁਸਾਰ ਦੁੱਖਾਂ ਦਾ ਨਾਸ਼ ਇਸ ਤੋਂ ਨਿਵਿਰਤੀ ਪ੍ਰਾਪਤ ਕਰਨਾ ਹੀ ਨਿਰਵਾਣ ਹੈ। ਨਾਗਾਰਜੁਨ ਨੇ ਇਸ ਦਾ ਨਕਾਰਾਤਮਕ ਰੂਪ ਵਿਚ ਵਰਣਨ ਕੀਤਾ ਹੈ। ਇਨ੍ਹਾਂ ਅਨੁਸਾਰ ਜੋ ਅਗਿਆਤ ਹੈ, ਜਿਸਦਾ ਨਾਸ਼ ਨਹੀਂ ਹੁੰਦਾ, ਜੋ ਉਤਪੰਨ ਨਹੀਂ ਹੁੰਦਾ ਅਤੇ ਜਿਸਦੀ ਪ੍ਰਾਪਤੀ ਨਹੀਂ ਹੁੰਦੀ ਉਸਦਾ ਨਾਮ ਨਿਰਵਾਣ ਹੈ। ਇਸ ਮੱਤ ਦਾ ਹੀਨਯਾਨ ਸੰਪਰਦਾ ਅਨੁਸਾਰ ਨਿਰਵਾਣ ਜੀਵਨ ਦੀ ਇਕ ਅਜਿਹੀ ਸਥਿਤੀ ਹੈ ਜਿਸ ਵਿਚ ਸਾਰੇ ਭੇਦ ਵਿਲੀਨ ਹੋ ਜਾਂਦੇ ਹਨ। ਇਸ ਨੂੰ ਸੰਤ ਦੇ ਮਾਰਗ ਦਾ ਕਰਮ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਲਈ ਇਸ ਵਿਚ ਕਿਹਾ ਗਿਆ ਹੈ -

ਨਿਰਵਾਣ ਸ਼ਾਂਤਮ

ਹੋਰ ਦਰਸ਼ਨਾਂ ਦੀ ਤਰ੍ਹਾਂ ਨਿਆਇ ਦਰਸ਼ਨ ਦੀ ਮੋਖਸ਼(ਅਪਵਰਗ ) ਨੂੰ ਮੰਨਦਾ ਹੈ। ਇਸ ਦਰਸ਼ਨ ਅਨੁਸਾਰ ਅਪ ਵਰਗ ਦੁੱਖ ਤੋਂ ਛੁਟਕਾਰਾ ਪਾਉਣ ਵਾਲੀ ਅਵਸਥਾ ਹੈ । ਇਸ ਨੂੰ ਆਤਮਾ ਦੀ ਅੰਤਿਮ-ਅਵਸਥਾ ਦੇ ਰੂਪ ਵਿਚ ਵੀ ਵਰਣਨ ਕੀਤਾ ਗਿਆ ਹੈ। ਆਤਮਾ ਨੂੰ ਸਰੀਰ ਅਤੇ ਇੰਦਰੀਆਂ ਦੇ ਬੰਧਨਾਂ ਤੋਂ ਮੁਕਤ ਕਰਕੇ ਹੀ ਦੁੱਖਾਂ ਦਾ ਪੂਰਣ ਰੂਪ ਵਿਚ ਵਿਨਾਸ਼ ਕੀਤਾ ਜਾ ਸਕਦਾ ਹੈ। ਅਸ਼ਟਾਂਗ ਯੋਗ ਦੇ ਅਭਿਆਸ ਦੁਆਰਾ ਨਿਸ਼ਕਾਮ ਕਰਮ ਕਰਨ ਨਾਲ ਜੀਵਾਤਮਾ ਇਕੀ ਤਰ੍ਹਾਂ ਦੇ ਦੁਖ ਅਤੇ ਦੁਖਾਂ ਦੇ ਕਾਰਣਾਂ ਤੋਂ ਨਿਵਰਤੀ ਕਰਕੇ ਮੋਖਸ਼ ਪ੍ਰਾਪਤ ਕਰ ਸਕਦੀ ਹੈ।[8]

ਵੈਸ਼ੇਸ਼ਿਕ ਮਤ ਦੇ ਮੁਕਤੀ ਸੰਬੰਧੀ ਵਿਚਾਰ ਨਿਆਇ-ਦਰਸ਼ਨ ਨਾਲ ਕਾਫ਼ੀ ਮੇਲ ਖਾਂਦੇ ਹਨ।

'ਮੀਮਾਂਸਾ-ਦਰਸ਼ਨ ਅਨੁਸਾਰ ਤਿੰਨ ਪ੍ਰਕਾਰ ਦੇ ਪ੍ਰਪੰਚ ਮਨੁੱਖ ਨੂੰ ਬੰਧਨ ਵਿਚ ਪਾਉਂਦੇ ਹਨ। ਭੋਗ -ਆਇਤਨ(ਸਰੀਰ), ਭੋਗ-ਸਾਧਨ( ਇੰਦਰੀਆਂ) ਅਤੇ ਸ਼ਬਦ ਸਪਰਸ਼, ਰੂਪ ਆਦਿ ਭੋਗਯ( ਵਿਸ਼ੇ) ਇਨ੍ਹਾਂ ਤਿੰਨਾਂ ਦੇ ਦੁਆਰਾ ਮਨੁੱਖ ਸੁਖਾਂ ਅਤੇ ਦੁਖਾਂ ਦੇ ਬੰਧਨ ਵਿਚ ਫਸ ਜਾਂਦਾ ਹੈ। ਇਨ੍ਹਾਂ ਦੇ ਨਾਸ਼ ਹੋਣ ਨਾਲ ਹੀ ਮੁਕਤੀ ਮਿਲਦੀ ਹੈ। ਪੂਰਵ ਜਨਮਾਂ ਦੇ ਕਰਮਾਂ ਤੋਂ ਉਤਪੰਨ ਧਰਮ ਅਤੇ ਅਧਰਮ ਦੇ ਫਲ ਦਾ ਉਪਭੋਗ ਕਰਨ ਨਾਲ ਧਰਮਾਂ ਅਧਰਮਾਂ ਦਾ ਨਾਸ਼ ਹੋ ਜਾਂਦਾ ਹੈ। ਭੱਟਮਤ ਅਨੁਸਾਰ ਮੁਕਤੀ ਦਾ ਸਾਖਿਆਤ ਕਾਰਣ ਗਿਆਨ ਨਹੀਂ ਪਰੰਤੂ ਗਿਆਨ ਹੋਣ ਨਾਲ ਜੀਵ ਦੀ ਪ੍ਰਵਿਰਤੀ ਮੋਖਸ਼ ਵਲ ਹੋ ਜਾਂਦੀ ਹੈ। ਅਤੇ ਪੂਰਵ-ਜਨਮਾਂ ਦੇ ਧਰਮਾਂ-ਧਰਮ ਦਾ ਭੋਗ ਦੇ ਦੁਆਰਾ ਨਾਸ਼ ਹੋਣ ਤੇ ਜੀਵ ਪੁਨਰ ਸਰੀਰ ਧਾਰਣ ਨਹੀਂ ਕਰਦਾ। ਪ੍ਰਭਾਕਰ ਮਤ ਅਨੁਸਾਰ ਕੇਵਲ ਉਪਭੋਗ ਨਾਲ ਹੀ ਧਰਮਾਧਰਮ ਦਾ ਨਾਸ਼ ਨਹੀਂ ਹੁੰਦਾ, ਸਗੋਂ ਯੋਗ-ਅੰਗਾਂ ਦੇ ਅਨੁਕਰਣ ਦੁਆਰਾ ਪ੍ਰਾਪਤ ਆਤਮ-ਗਿਆਨ ਵੀ ਧਰਮਾਧਰਮ ਦੇ ਨਾਸ਼ ਲਈ ਜ਼ਰੂਰੀ ਹੈ। ਇਸ ਤਰ੍ਹਾਂ ਭਟਮਤ ਵਿਚ ਪ੍ਰਪੰਚ -ਸੰਬੰਧ ਦਾ ਵਿਲਯ ਹੀ ਮੋਖਸ਼ ਹੈ।[9]

" ਸਾਂਖਯ -ਦਰਸ਼ਨ ਅਨੁਸਾਰ ਪੁਰਸ਼ ਨੂੰ ਮੁਕਤ ਕਰਨ ਦੇ ਲਈ ਪ੍ਰਕ੍ਰਿਤੀ, ਨਾਨਾਂ ਤਰ੍ਹਾਂ ਦੇ ਉਪਾਵਾਂ ਨੂੰ ਰਚਦੀ ਹੈ । ਮੁਕਤੀ ਇਕ ਜਨਮ ਵਿਚ ਸੰਭਵ ਨਹੀਂ। ਇਸ ਲਈ ਪ੍ਰਭੂ ਦੇ ਬਲ ਨਾਲ ਅਤੇ ਪ੍ਰਕ੍ਰਿਤੀ ਇਕ ਸਰੀਰ ਨੂੰ ਛਡ ਕੇ ਦੂਸਰੇ ਸਰੀਰ ਨੂੰ ਧਾਰਣ ਕਰਦੀ ਹੈ ਤਾਂ ਕਿ ਪੁਰਸ਼ ਨੂੰ ਬੰਧਨ ਤੋਂ ਛੁਡਾਇਆ ਜਾਵੇ। ਗਿਆਨ ਦੇ ਦੁਆਰਾ ਅਵਿਦਿਆ ਦਾ ਨਾਸ਼ ਹੋਣ ਨਾਲ ਪ੍ਰਕ੍ਰਿਤੀ ਅਤੇ ਪੁਰਸ਼ ਇ ਪ੍ਰਕਾਰ ਨਾਲ ਆਪਣੇ ਆਪਣੇ ਸਰੂਪ ਨੂੰ ਪਹਿਚਾਣ ਲੈਂਦੇ ਹਨ ਅਤੇ ਆਪਣੇ ਆਪ ਨੂੰ ਨਿਰਲਿਪਤ ਅਤੇ ਨਿਸੰਗ ਸਮਝਣ ਲਗ ਪੈਂਦੇ ਹਨ। ਜਦੋਂ ਗਿਆਨ ਨੂੰ ਛਡ ਕੇ ਬਾਕੀ ਧਰਮ ਅਧਰਮ ਆਦਿ ਬੁੱਧੀ ਦੇ ਸਤ ਭਾਵਾਂ ਦਾ ਪ੍ਰਭਾਵ ਨਸ਼ਟ ਹੋ ਜਾਂਦਾ ਹੈ ਤਾਂ ਪੁਰਸ਼ 'ਕੇਵਲਯ' ਨੂੰ ਪ੍ਰਾਪਤ ਹੁੰਦਾ ਹੈ। ਇਸ ਅਵਸਥਾ ਵਿਚ ਮਨੁੱਖ ਦੇ ਸਰੀਰ ਦਾ ਪਤਨ ਨਹੀਂ ਹੁੰਦਾ ਕਿਉਂਕਿ ਉਸਦੇ ਪੂਰਵ ਜਨਮਾਂ ਦੇ ਸੰਸਕਾਰ ਅਜੇ ਵਿਦ ਮਾਨ ਹੁੰਦੇ ਹਨ। ਜਦੋਂ ਪ੍ਰਾਰਬਧ ਕਰਮਾਂ ਅਤੇ

ਸੰਸਕਾਰਾਂ ਦਾ ਨਾਸ਼ ਹੋ ਜਾਂਦਾ ਹੈ। ਤਾਂ ਅਸੀਂ ਸਰੀਰ ਦਾ ਪਤਨ ਹੋ ਜਾਂਦਾ ਹੈ। ਅਤੇ ਜੀਵ ਨੂੰ ਵਿਦੇਹੀ ਕੈਵਲਯ ਦੀ ਪ੍ਰਾਪਤੀ ਹੁੰਦੀ ਹੈ।[10] ਜਦੋਂ ਤਕ ਮਨੁੱਖ ਦੇ ਸੰਸਕਾਰ ਰਹਿੰਦੇ ਹਨ ਤਦ ਤਕ ਉਹ ਜੀਵਨ ਮੁਕਤੀ ਦੀ ਅਵਸਥਾ ਵਿਚ ਰਹਿੰਦਾ ਹੈ। ਉਸ ਦੇ ਪ੍ਰਾਰਬਧ ਕਰਮਾਂ ਦਾ ਨਾਸ਼ ਹੁੰਦਾ ਰਹਿੰਦਾ ਹੈ। ਅਤੇ ਅੰਤ ਵਿਚ ਉਹ ਪ੍ਰਕ੍ਰਿਤੀ ਦੇ ਬੰਧਨ ਤੇ ਸਥਾਈ ਤੌਰ ਤੇ ਛੁਟਕਾਰਾ ਪਾ ਲੈਂਦਾ ਹੈ। ਯੋਗ-ਦਰਸ਼ਨ ਅਨੁਸਾਰ ਵਿਵੇਕ-ਗਿਆਨ ਦੇ ਅਭਾਵ ਨਾਲ, ਚਿੱਤ ਵਿਚ ਵਿਕਾਰ ਅਤੇ ਪਰਿਣਾਮ ਨਾਲ ਆਤਮਾ ਬੰਧਨ ਵਿਚ ਪੈ ਜਾਂਦੀ ਹੈ। ਰਾਗ-ਦਵੈਸ਼, ਵਿਸ਼ੈ-ਵਿਕਾਰ, ਸੁਖ-ਦੁਖ ਆਦਿ ਦੇ ਕਾਰਣਾਂ ਦਾ ਨਾਸ਼ ਹੋਣ ਨਾਲ ਪੁਰਸ਼ ਨੂੰ ਆਧਿਦੈਵਿਕ, ਅਧਿਭੌਤਿਕ ਅਤੇ ਅਧਿਆਤਮਕ ਦੁੱਖਾਂ ਤੋਂ ਮੁਕਤੀ ਮਿਲਦੀ ਹੈ ਇਸ ਤੋਂ ਬਾਅਦ ਪੁਰਸ਼ ਵਿਯੋਗ ਅਵਸਥਾ ਵਿਚ ਆ ਜਾਂਦਾ ਹੈ। ਜਿਸਨੂੰ ਕੈਵਲਯ ਕਹਿੰਦੇ ਹਨ। ਇਸ ਅਵਸਥਾ ਵਿਚ ਪੁਰਸ਼ ਜਾਂ ਚਿੱਤ-ਸ਼ਕਤੀ ਸਵੱਛ ਜੋਤਿ ਮਈ ਆਪਣੇ ਸਰੂਪ ਵਿਚ 'ਕੇਵਲੀ' ਹੋ ਕੇ ਮਿਲ ਜਾਂਦੀ ਹੈ। ਇਸ ਨੂੰ ਯੋਗ ਵਿਚ ਮੁਕਤੀ ਕਹਿੰਦੇ ਹਨ।[11]

ਅਦਵੈਤ ਵੇਦਾਂਤ ਅਨੁਸਾਰ ਜੀਵਾਤਮਾ ਅਤੇ ਪਰਮਾਤਮਾ ਵਿਚ ਦਵੈਤ ਨਹੀਂ। ਭਰਮ ਸਦਕਾ ਹੀ ਇਹ ਅਲੱਗ ਅਲੱਗ ਪ੍ਰਤੀਤ ਹੁੰਦੇ ਹਨ। ਜਦੋਂ ਭਰਮ ਦਾ ਪਰਦਾ ਫਾਸ਼ ਹੋ ਜਾਂਦਾ ਹੈ ਤਾਂ ਜੀਵਾਤਮਾ ਪਰਮਾਤਮਾ ਨਾਲ ਆਪਣਾ ਸੰਬੰਧ ਪਹਿਚਾਣ ਲੈਂਦੀ ਹੈ। ਜੀਵਾਤਮਾ ਦੇ ਪਰਮਾਤਮਾ ਨਾਲ ਏਕਤਾ ਹੀ ਮੁਕਤੀ ਦਾ ਮੋਖਸ਼ ਹੈ। ਇਸ ਨੂੰ ਬ੍ਰਹਮ ਸਾਖਿਆਤਕਾਰ ਵੀ ਕਿਹਾ ਜਾਂਦਾ ਹੈ। ਇਹ ਵੀ ਵੇਦਾਂਤ ਦਾ ਪਰਮ ਉਦੇਸ਼ ਹੈ। ਇਸ ਨੂੰ ਪ੍ਰਾਪਤ ਕਰਨ ਲਈ ਸ੍ਰਵਣ, ਮਨਨ ਅਤੇ ਨਿਦਿਧਯਾਸਨ ਨਾਲ ਯੁਕਤ ਸਮਾਧੀ ਦੇ ਦੁਆਰਾ ਚਿੱਤ-ਵਿਰਤੀਆਂ ਦਾ ਸੋਧਨ ਕੀਤਾ ਜਾ ਸਕਦਾ ਹੈ। ਇਹ ਅਵਸਥਾ ਪ੍ਰਾਪਤ ਕਰਨ ਲਈ ਅਸ਼ਟਾਂਗ -ਯੋਗ ਦਾ ਅਭਿਆਸ ਜ਼ਰੂਰੀ ਹੈ। ਸ਼ਾਂਕਰ ਵੇਦਾਂਤ ਅਨੁਸਾਰ ਪ੍ਰਾਰਬਧ ਕਰਮਾਂ ਦੇ ਨਾਸ ਤੋਂ ਬਿਨਾਂ ਮੁਕਤੀ ਪ੍ਰਾਪਤ ਨਹੀਂ ਹੁੰਦੀ। ਜੀਵ ਗਿਆਨ ਦੇ ਦੁਆਰਾ ਸਭ ਸੰਚਿਤ ਅਤੇ ਕ੍ਰਿਆਸ਼ੀਲ ਕਰਮਾਂ ਦਾ ਨਾਸ਼ ਕਰ ਸਕਦਾ ਹੈ ਅਤੇ ਸ਼ਕਤੀ ਪ੍ਰਾਪਤ ਕਰ ਸਕਦਾ ਹੈ। ਤੱਤ -ਗਿਆਨੀਆਂ ਦਾ ਇਹ ਵੀ ਅਨੁਭਵ ਹੈ ਕਿ ਬ੍ਰਹਮ ਆਨੰਦ ਸਰੂਪ ਹੈ। ਇਸ ਲਈ ਮੁਕਤ ਅਵਸਥਾ ਵਿਚ ਜੀਵ ਸਭ ਉਪਾਧੀਆਂ ਤੋਂ ਰਹਿਤ ਹੋ ਕੇ ਬ੍ਰਹਮਤਵ ਪ੍ਰਾਪਤ ਕਰ ਲੈਂਦਾ ਹੈ ਅਤੇ ਪਰਮਾਨੰਦ ਦੀ ਅਨੁਭੂਤੀ ਪ੍ਰਾਪਤ ਕਰ ਦਾ ਹੈ। ਇਸ ਸਮੇਂ ਜੀਵ ਅਤੇ ਬ੍ਰਹਮ ਵਿਚ ਕੋਈ ਭੇਦ ਨਹੀਂ ਰਹਿੰਦਾ।[11]

ਰਾਮਾਨੁਜ ਦੀ ਮੋਖਸ਼ ਸੰਬੰਧੀ ਵਿਚਾਰਧਾਰਾ ਸ਼ੰਕਰ ਨਾਲੋਂ ਭਿੰਨ ਹੈ। ਰਾਮਾਨੁਜ ਦੇ ਵਿਸ਼ਿਸ਼ਟ -ਅਦਵੈਤ ਅਨੁਸਾਰ ਭਗਤ ਪ੍ਰਭੂ ਨਾਲੋਂ ਅਲੱਗ ਹੋਂਦ ਵੀ ਕਾਇਮ ਰਖਣਾ ਚਾਹੁੰਦਾ ਹੈ ਅਤੇ ਉਸ ਦੇ ਨਾਲ ਇਕਮਿਕਤਾ ਵੀ ਪ੍ਰਾਪਤ ਕਰਨਾ ਚਾਹੁੰਦਾ ਹੈ ਤਾਂ ਜੋ ਹਰ ਸਮੇਂ ਉਹ ਈਸ਼ਵਰ ਦੇ ਧਿਆਨ ਵਿਚ ਮਗਨ ਰਹਿ ਕੇ ਉਸ ਤੋਂ ਆਨੰਦ ਮਾਣ ਸਕੇ। ਰਾਮਾਨੁਜ ਅਨੁਸਾਰ ਈਸ਼ਵਰ ਦੇ ਸਮਾਨ ਹੋਣ ਵਾਲਾ ਮਨੁੱਖ ਕਿਸੇ ਵੇਲੇ ਵੀ ਅਗਿਆਨਤਾ ਵਿਚ ਫਸ ਕੇ ਮੁਕਤੀ ਤੋਂ ਵੰਚਿਤ ਹੋ

ਸਕਦਾ ਹੈ।

ਇਸ ਮੱਤ ਅਨੁਸਾਰ ਮੋਖਸ਼ ਦੀ ਇੱਛਾ ਰਖਣ ਵਾਲੇ ਸੰਸਾਰ ਤੋਂ ਵਿਰਕਤ ਹੋ ਕੇ, ਸਤਿਸੰਗ ਤੋਂ ਵਿਵੇਕ-ਬੁੱਧੀ ਨੂੰ ਪ੍ਰਾਪਤ ਕਰਕੇ, ਸਤਿਗੁਰੂ ਦੇ ਨੇੜੇ ਜਾ ਕੇ ਪ੍ਰਭੂ ਦੇ ਚਰਨਾਂ ਵਿਚ ਆਤਮ ਸਮਰਪਣ ਕਰਦੇ ਹਨ। ਕੁਝ ਉਸ ਪ੍ਰਭੂ ਕੋਲ ਆਰਤਕਰਦੇ ਹਨ। ਇਸ ਤਰ੍ਹਾਂ ਪ੍ਰਭੂ ਦੀ ਅਗਿਆ ਵਿਚ ਰਹਿਣ ਵਾਲੇ ਇੰਦਰ ਦੇ ਸਮਾਨ ਪਾਲਣ ਕਰਨ ਵਾਲੇ ਜੀਤ ਨੂੰ ਮੁਕਤੀ ਪ੍ਰਾਪਤ ਕਰ ਲੈਂਦੇ ਹਨ। ਮੁਕਤ ਜੀਵ ਈਸ਼ਵਰ ਦੇ ਸਮਾਨ ਭੋਗ ਕਰਦੇ ਹਨ।[12]

ਦਵੈਤਾਦਵੈਤ ਮੱਤ ਅਨੁਸਾਰ ਮੁਕਤੀ ਦਾ ਅਰਥ ਹੈ - ਸਤਿ-ਕਰਮ ਕਰਦੇ ਹੋਏ ਪੂਰਵ ਜਨਮ ਦੇ ਕਰਮਾਂ ਦਾ ਭੋਗ ਸੰਪਨ ਕਰਕੇ ਸੰਸਾਰ ਦੇ ਬੰਧਨ ਤੋਂ ਛੁਟਕਾਰਾ ਪਾਉਣਾ। ਮੋਖਸ਼, ਪ੍ਰਾਪਤ ਕਰਨ ਵਾਲਾ ਜੀਵ ਆਵਾਗਵਨ ਤੋਂ ਮੁਕਤ ਹੋ ਜਾਂਦਾ ਹੈ। ਮੁਕਤ ਜੀਵ ਈਸ਼ਵਰ ਦਾ ਦਰਸ਼ਨ ਦੀਦਾਰ ਪ੍ਰਾਪਤ ਕਰ ਲੈਂਦਾ ਹੈ ਅਤੇ ਕਈ ਆਪਣੀ ਆਤਮਾ ਦੇ ਸਰੂਪ ਦੇ ਗਿਆਨ ਮਾਤਰ ਨਾਲ ਹੀ ਤ੍ਰਿਪਤ ਹੋ ਜਾਂਦੇ ਹਨ।[13]

ਦਵੈਤ-ਮੱਤ ਅਨੁਸਾਰ ਅਗਿਆਨਤਾ ਅਤੇ ਬੰਧਨ ਤੋਂ ਛੁਟਕਾਰਾ ਪਾਉਣਾ ਹੀ ਮੋਖਸ਼ ਹੈ। ਪ੍ਰਾਰਬਧ ਕਰਮਾਂ ਦੇ ਭੋਗਫਲ ਦਾ ਅਨੁਭਵ ਖਤਮ ਕਰਕੇ ਸੁਖਮਨਾ ਰੂਪੀ ਬ੍ਰਹਮ ਪ੍ਰਾਣੀ ਦੁਆਰਾ ਦੇਹ ਤੋਂ ਨਿਕਲ ਕੇ ਜੀਵ ਉਪਰ ਉਠਦਾ ਹੈ ਅਤੇ ਇਸਦੇ ਸਿਧੇ ਹੀ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ। ਇਸ ਮੱਤ ਅਨੁਸਾਰ ਮੋਖਸ਼ ਪਰਮਾਤਮਾ ਦੇ ਅਧੀਨ ਹੈ ਇਸ ਲਈ ਇਸਨੂੰ ਭਗਤੀ ਦੇ ਸਾਧਨਾਂ ਪ੍ਰਭੂ ਸਿਮਰਨ, ਕੀਰਤਨ ਜਪ ਆਦਿ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਦੇ ਲਈ ਪ੍ਰਭੂ ਕਿਰਪਾ ਅਤੀ ਜ਼ਰੂਰੀ ਹੈ।[14]

ਮੁਕਤੀ ਦੇ ਪ੍ਰਕਾਰ :- ਹਿੰਦੂ ਧਾਰਮਿਕ ਗ੍ਰੰਥਾਂ ਵਿਚ ਵਿਭਿੰਨ ਪ੍ਰਕਾਰ ਦੀਆਂ ਮੁਕਤੀਆਂ ਦਾ ਵਰਣਨ ਹੈ। ਸ਼ਿਵ ਪੁਰਾਣ ਵਿਚ ਚਾਰ ਪ੍ਰਕਾਰ ਦੀਆਂ ਮੁਕਤੀਆਂ ਬਾਰੇ ਦਸਿਆ ਗਿਆ ਹੈ। ਇਹ ਹਨ - ਸਾਰੂਪਯ, ਸਾਲੋਕਯ, ਸਾਨਿਧਯ ਅਤੇ ਸਾਯੁਜਯ। ਸ੍ਰੀਮਦ ਭਾਗਵਤ ਗੀਤਾ ਪੁਰਾਣ ਅਨੁਸਾਰ ਮੁਕਤੀ ਪੰਜ ਪ੍ਰਕਾਰ ਦੀ ਹੈ। ਸਾਲੋਕਯ, ਸਾਰਸਟੀ, ਸਾਮੀਪਯ, ਸਾਰੂਪਯ, ਸਾਯੁਜਯ

1. ਸਾਲੋਕਯ ਮੁਕਤੀ:- ਸਾਧਕ ਨੂੰ ਪਰਮਾਤਮਾ ਦੇ ਨਿਤਧਾਮ ਵਿਚ ਨਿਵਾਸ ਪ੍ਰਾਪਤ ਹੋਣ ਨੂੰ ਸਾਲੋਕਯ ਮੁਕਤੀ ਕਹਿੰਦੇ ਹਨ।

2. ਸਾਰਸਟੀ-ਮੁਕਤੀ:- ਜਦੋਂ ਮਨੁੱਖ ਭਗਵਾਨ ਦੇ ਸਮਾਨ ਐਸ਼ਵਰਯ, ਭੋਗ ਆਦਿ ਗੁਣ ਪ੍ਰਾਪਤ ਕਰ ਲੈਂਦਾ ਹੈ ਤਾਂ ਉਹ ਸਾਰਸਟੀ-ਮੁਕਤੀ ਪ੍ਰਾਪਤ ਕਰ ਲੈਂਦਾ ਹੈ।

3. ਸਮੀਪਯ ਮੁਕਤੀ:- ਜਦੋਂ ਸਾਧਕ ਨੂੰ ਪ੍ਰਭੂ ਦੇ ਨੇੜੇ ਰਹਿਣ ਵਾਲੀ ਅਵਸਥਾ ਜਾਂ ਨਿਕਟਤਾ ਪ੍ਰਾਪਤ ਹੋ ਜਾਂਦੀ ਹੈ ਤਾਂ ਉਸ ਨੂੰ ਸਮੀਪਯ ਮੁਕਤੀ ਕਹਿੰਦੇ ਹਨ।

4. ਸਾਰੂਪਯ-ਮੁਕਤੀ:- ਜਦੋਂ ਸਾਧਕ ਪ੍ਰਭੂ ਨਾਲ ਇਕਮਿਕਤਾ, ਸਮਰੂਪਤਾ ਜਾਂ ਪਰਮਰੂਪਤਾ

ਪ੍ਰਾਪਤ ਕਰ ਲੈਂਦਾ ਹੈ ਤਾਂ ਉਸ ਨੂੰ ਸਾਰੂਪਯ ਮੁਕਤੀ ਕਹਿੰਦੇ ਹਨ।

5. ਸਾਯੁਜਯ: ਭਗਵਾਨ ਦੇ ਸਰੂਪ ਵਿਚ ਸਮਾ ਜਾਣਾ ਸਾਯੁਜਯ ਮੁਕਤੀ ਹੈ। ਦਵੈਤਾਦਵੈਤ ਅਨੁਸਾਰ ਮੁਕਤੀ, ਜੀਵ ਦਾ ਬ੍ਰਹਮ ਨਾਲ ਇਕ ਮਿਕ ਹੋਣ ਨਹੀਂ ਬ੍ਰਹਮ ਸਮਾਨ ਹੋਣਾ ਹੈ । ਇਸ ਮੱਤ ਅਨੁਸਾਰ ਮੁਕਤੀ ਦੋ ਪ੍ਰਕਾਰ ਦੀ ਹੈ:- ਕ੍ਰਮ ਮੁਕਤੀ ਅਤੇ ਸਦਯ ਮੁਕਤੀ ।

1. ਕ੍ਰਮ ਮੁਕਤੀ:- ਇਸ ਤੋਂ ਭਾਵ ਹੈ ਕਿ ਪਹਿਲਾਂ ਨਿਸ਼ਕਾਮ ਕਰਮਾਂ ਦੁਆਰਾ ਸਵਰਗ ਦੀ ਪ੍ਰਾਪਤੀ ਲਈ ਇਸ ਤੋਂ ਬਾਅਦ ਸੱਤ ਲੋਕ ਵਿਚ ਸਥਿਤੀ ਅਤੇ ਅੰਤ ਵਿਚ ਪ੍ਰਲੈ ਕਾਲ ਵਿਚ ਸਾਯੁਜਯ ਦੀ ਪ੍ਰਾਪਤੀ। ਪ੍ਰਭੂ ਦੇ ਸਰੂਪ ਵਿਚ ਸਮਾ ਜਾਣਾ ਸਾਯੁਜਯ ਮੁਕਤੀ ਹੈ।

2. ਸਦਯ ਮੁਕਤੀ:- ਇਸ ਮੁਕਤੀ ਵਿਚ ਸ੍ਰਵਣ ਆਦਿ ਭਗਤੀ ਦੁਆਰਾ ਭੌਤਿਕ ਬੰਧਨਾਂ ਤੋਂ ਨਿਵਿਰਤ ਹੋ ਕੇ ਈਸ਼ਵਰ ਕਿਰਪਾ ਸਦਕਾ ਕ੍ਰਿਸ਼ਣ ਲੋਕ ਵਿਚ ਜਾਣਾ ਸ਼ਾਮਲ ਹੈ ।

***

1. ## ਗੁਰੂ ਰਵਿਦਾਸ ਬਾਣੀ ਵਿਚ ਮੁਕਤੀ ਦਾ ਸਰੂਪ:

ਗੁਰੂ ਰਵਿਦਾਸ ਬਾਣੀ ਵਿਚ ਮੁਕਤੀ ਸੰਬੰਧੀ ਵਿਸਥਾਰ ਨਾਲ ਵਰਣਨ ਆਉਂਦਾ ਹੈ। ਉਨ੍ਹਾਂ ਦੀ ਮੁਕਤੀ ਸੰਬੰਧੀ ਵਿਚਾਰਧਾਰਾ ਤੇ ਵੇਦਾਂਤ ਦਾ ਪ੍ਰਭਾਵ ਵੀ ਸਪਸ਼ਟ ਦ੍ਰਿਸ਼ਟੀਗੋਚਰ ਹੁੰਦਾ ਹੈ। ਉਨ੍ਹਾਂ ਨੇ ਆਪਣੇ ਆਪ ਨੂੰ ਇਕ ਦਰਸ਼ਨ ਦੇ ਸ਼ਿਕੰਜੇ ਵਿਚ ਬੱਝਣ ਨਹੀਂ ਦਿੱਤਾ ਇਹ ਉਨ੍ਹਾਂ ਦੀ ਵਿਸ਼ਾਲ ਦਿਲੀ ਦਿਬ-ਦ੍ਰਿਸ਼ਟੀ ਅਤੇ ਅੰਤਰਮੁਖਤਾ ਦਾ ਹੀ ਸਿੱਟਾ ਹੈ ਕਿ ਉਨ੍ਹਾਂ ਦੀ ਹਰ ਵਿਚਾਰਧਾਰਾ ਵਿਚੋਂ ਬਾਕੀ ਦਰਸ਼ਨਾਂ ਦੇ ਪ੍ਰਤੀਬਿੰਬ ਵੀ ਦ੍ਰਿਸ਼ਟੀਗਤ ਹੁੰਦੇ ਹਨ।

ਗੁਰੂ ਰਵਿਦਾਸ ਜੀ ਨੇ ਮੁਕਤੀ ਸ਼ਬਦ ਦਾ ਪ੍ਰਯੋਗ ਬਹੁਤ ਵਿਆਪਕ ਅਰਥਾਂ ਵਿਚ ਕੀਤਾ ਹੈ। ਮੁਕਤੀ ਲਈ ਉਨ੍ਹਾਂ ਨੇ ਜੀਵਨ ਮੁਕਤ ਸਦਾ ਨਿਰਵਾਨ, ਭੌ-ਸਾਗਰ ਤਰਨਾ, ਆਤਮ ਪ੍ਰਗਾਸ ਬਹੁਰਿ ਨਾ ਆਉ, ਤਜੀਲੇ ਸਰਬ ਜੰਜਾਲ, ਪਰਮ ਨਿਧੀ ਪਾਈ, ਜੀਵਨ ਮੁਕਤੀ ਨਿਧੀ ਕਾਮੀ, ਆਪਹਿ ਆਪ ਸਮਾਣਾ, ਸਾਚਿ ਨੂੰ ਪਹਿਚਾਣੇ, ਪ੍ਰਭੂ-ਦਰਸ਼ਨ, ਪਰਮਾਨੰਦ, ਸਮਭਾਵੀ ਬੇਗਮਪੁਰਾ ਆਦਿ ਸ਼ਬਦਾਂ, ਵਾਕਾਂਸ਼ਾਂ ਦੀ ਵਰਤੋਂ ਕੀਤੀ ਹੈ।

ਗੁਰੂ ਰਵਿਦਾਸ ਜੀ ਅਨੁਸਾਰ ਮਾਇਆ ਅਪਰੰਪਰ ਹੈ, ਮੋਹਿਣੀ ਹੈ, ਵਿਕਟ ਹੈ, ਝੂਠੀ ਹੈ, ਏਬੀ ਹੈ ਤ੍ਰਿਗੁਣੀ ਹੈ। ਇਹ ਮਨੁੱਖ ਵਿਚ ਤਿੰਨ ਤਾਪ ਪੈਦਾ ਕਰਨ ਵਾਲੀ ਹੈ। ਇਹ ਅਨੇਕਾਂ ਭਰਮਾਂ ਨਾਲ ਵਿਦਮਾਨ ਹੈ। ਮਾਇਆ ਦੇ ਇਸ ਨਕਾਰਾਤਮਕ ਸਰੂਪ ਤੋਂ ਛੁਟਕਾਰਾ ਪਾਉਣਾ ਹੀ ਮੁਕਤੀ ਹੈ। ਉਪਨਿਸ਼ਦਾਂ ਵਿਚ ਵੀ ਤਿੰਨ ਵਾਰੀ ਓਮ-ਸ਼ਾਂਤੀ! ਸ਼ਾਂਤੀ! ਸ਼ਾਂਤੀ! ਕਹਿ ਕੇ ਤ੍ਰਿਗੁਣੀ ਅਤੇ ਤ੍ਰਿਵਿਧ-ਤਾਪ ਜਨਕ ਮਾਇਆ ਤੋਂ ਨਿਵਿਰਤੀ ਪ੍ਰਾਪਤ ਕਰਨ ਸੰਬੰਧੀ ਦਸਿਆ ਗਿਆ ਹੈ। ਗੁਰੂ ਰਵਿਦਾਸ ਜੀ ਅਨੁਸਾਰ ਵੀ ਸੰਸਾਰ ਵਿਚ ਮਾਇਆ ਮਹਾਂਪ੍ਰਬਲ ਅਤੇ ਘਾਤਕ ਸ਼ਕਤੀ ਹੈ। ਇਸ ਤੋਂ ਕਿਸੇ ਰਾਹੀਂ ਵੀ ਨਿਵਿਰਤੀ ਪ੍ਰਾਪਤ ਕਰਨਾ ਮੁਕਤੀ ਹੈ।

1. ਮਮਤਾ ਮੋਹ ਵਿਖੈ ਮਦਮਾਤੇ, ਇਹ ਦੁਖ ਕਬਹੂੰ ਨਾ ਦੁਤਰ ਤਿਰਯੌ ॥
   ਤਜਿ ਅਭਿਮਾਨ ਮੇਟਿ ਆਪਾ ਪਰ, ਪਿਪਲਕ ਹੂੰ ਚੁਣਿ ਖਾਵੈ ॥[15]

2. ਤ੍ਰਿਵਿਧ ਸੰਸਾਰ ਕਵਨ ਬਿਧਿ ਤਿਰਬੌ, ਜੇ ਦਿੜ ਨਾਵ ਨ ਗਹੈਂ ਰੇ ॥
   ਨਾਵ ਛਾਂਡਿ ਜੇ ਡਾਂਡੇ ਬੈਸੇ, ਤੌ ਦੂਣਾ ਦੁਖ ਸਹੈਂ ਰੇ ॥[16]

3. ਝੂਠੀ ਮਾਯਾ ਜਗ ਡਹਕਾਯਾ, ਤੈ ਤੀਨਿ ਤਾਪ ਦਹੇਰੇ ॥
   ਕਹੈ ਰਵਿਦਾਸ ਰਾਮ ਜਪ ਰਸਨਾ, ਮਾਯਾਂ ਕਾਹੂ ਕੇ ਸੰਗ ਨ ਰਹੈ ਰੇ ॥[17]

ਯੋਗ ਦਰਸ਼ਨ ਵਿਚ ਵੀ, ਵਿਸ਼ੈ ਵਿਕਾਰਾਂ ਕਾਰਨ ਉਪਜੇ ਤ੍ਰਿਵਿਧ ਤਾਪਾਂ ਦਾ ਵਰਨਣ ਹੈ। ਇਨ੍ਹਾਂ ਨੂੰ ਖਤਮ ਕਰਕੇ ਮਨੁੱਖ ਵੈਰਾਗ ਵਿਚ ਆ ਜਾਂਦਾ ਹੈ ਅਤੇ ਫਿਰ ਪਰਮਪਦ ਪ੍ਰਾਪਤ ਕਰ ਲੈਂਦਾ ਹੈ। ਗੁਰੂ ਰਵਿਦਾਸ ਜੀ ਨੇ ਵੀ ਤ੍ਰਿਗੁਣੀ ਮਾਇਆ ਤੋਂ ਨਿਵਿਰਤੀ ਪ੍ਰਾਪਤ ਕਰਨ ਨੂੰ

ਮੁਕਤੀ ਕਿਹਾ। ਗੁਰੂ ਜੀ ਦਾ ਇਹ ਵਿਚਾਰ ਯੋਗ ਦਰਸ਼ਨ ਨਾਲ ਕਾਫ਼ੀ ਸਮਾਨਤਾ ਰਖਦਾ ਹੈ। ਉਹ ਵੀ ਤ੍ਰਿਵਿਧ ਤਾਪ ਨੂੰ ਵਿਸ਼ੇ ਵਿਕਾਰਾਂ ਰੂਪੀ ਬੰਧਨਾਂ ਦੀ ਉਪਜ ਦਸਦੇ ਹੋਏ ਲਿਖਦੇ ਹਨ

ਜਹਾਂ ਜਹਾਂ ਜਾਈ ਤਹਾਂ ਬੰਧਨ ਤ੍ਰਿਵਿਧ ਤਾਪ ਨਾ ਜਾਈ ।।
ਕਹੈ ਰਵਿਦਾਸ ਤਵੈ ਸਚੁ ਪਾਵੈ, ਆਪਾ ਉਲਟਿ ਸਮਾਈ ।।[18]

ਕਠ ਉਪਨਿਸ਼ਦ ਵਿਚ ਮੁਕਤੀ ਸੰਬੰਧੀ ਉਲੇਖ ਆਉਂਦਾ ਹੈ। ਜਦੋਂ ਅਹੰਤਾ, ਮਮਤਾ ਰੂਪ ਸਭ ਅਗਿਆਨ ਅਤੇ ਸੰਸੇ ਦੀਆਂ ਗਠਾਂ ਨਸ਼ਟ ਹੋ ਜਾਂਦੀਆਂ ਹਨ ਅਤੇ ਅਭੇਦ ਭਾਵ ਨਾਲ ਸਾਧਕ ਪਰਿਪੂਰਣ ਹੋ ਜਾਂਦਾ ਹੈ ਤਾਂ ਉਹ ਅਮਰਤਵ (ਮੁਕਤੀ) ਪ੍ਰਾਪਤ ਕਰ ਲੈਂਦਾ ਹੈ।[19] ਗੁਰੂ ਰਵਿਦਾਸ ਜੀ ਲਿਖਦੇ ਹਨ ਕਿ ਸੰਸਿਆਂ ਦੀਆਂ ਗਠਾਂ ਨੂੰ ਖਤਮ ਕੀਤੇ ਤੋਂ ਬਿਨਾਂ ਮਨੁੱਖ ਨਹੀਂ ਛੁੱਟ ਸਕਦਾ ਭਾਵੇਂ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ:

ਦੇਵ ਸੰਸੈ ਗਾਂਠਿ ਨ ਛੂਟੈ ।।
ਕਾਮ ਕ੍ਰੋਧ ਮਾਇਆ ਮਦ ਮਤਸਰ
ਇਨ ਪੰਚਹੁ ਮਿਲਿ ਲੂਟੇ ।।[20]

ਮਾਇਆ ਵਿਚਾਰੀ ਦੀ ਕੀ ਤਾਕਤ ਸੀ ਕਿ ਉਹ ਆਪਣਾ ਜਾਲ ਮਨੁੱਖ ਤੇ ਤਾਣਦੀ। ਮਨੁੱਖੀ ਦੀਆਂ ਸਭ ਭਾਵਨਾਵਾਂ ਦਾ ਕੇਂਦਰ ਮਨ ਮੂਰਖ ਹੈ ਅਤੇ ਇਹ ਆਪ ਹੀ ਮਾਇਆ ਦੇ ਹੱਥ ਵਿਕ ਜਾਂਦਾ ਹੈ। ਇਸ ਲਈ ਮਾਇਆ ਤੋਂ ਛੁਟਕਾਰਾ ਪਾਉਣ ਲਈ ਜਾਂ ਮੁਕਤੀ ਲਈ ਮਨ ਨੂੰ ਸਥਿਰ ਕਰਨਾ ਪਰਮ ਅਵਸ਼ਕ ਹੈ। ਗੀਤਾ ਵਿਚ ਵਰਣਨ ਹੈ ਕਿ ਕਾਮ ਕ੍ਰੋਧ ਤੋਂ ਰਹਿਤ ਸੰਜਮ, ਚਿੱਤ ਵਾਲੇ ਮਨ ਨੂੰ ਵਸ ਵਿਚ ਰਖਣ ਵਾਲੇ ਮੁਕਤੀ ਨੂੰ ਪ੍ਰਾਪਤ ਹੁੰਦੇ ਹਨ।[21]

ਰਾਮ ਚਰਨ ਮੇਹ ਥਿਰ ਮਨ ਰਾਖਹੁ ।।
ਰਿਦੈ ਕੰਵਲ ਬਸੈ ਰਘੁਰਾਈ ।।[22]

ਆਤਮਾ ਥਿਰ ਭਈ ਤਬਾ, ਸਬ ਹੀ ਨਿਧੀ ਪਾਈ ।।[23]

ਗੁਰੂ ਰਵਿਦਾਸ ਜੀ ਅਨੁਸਾਰ ਮਨ ਨੂੰ ਸਥਿਰ ਕਰਕੇ ਵਿਸ਼ੇ-ਵਿਕਾਰਾਂ ਨੂੰ ਤਿਆਗ ਕੇ, ਤ੍ਰਿਸ਼ਨਾਂ ਦਾ ਨਿਵਾਰਣ ਕਰਕੇ ਮਨੁੱਖ ਸਾਮ-ਅਵਸਥਾ ਵਿਚ ਆ ਜਾਂਦਾ ਹੈ। ਇਸ ਵਿਚ ਉਸ ਨੂੰ ਵਿਸ਼-ਅੰਮ੍ਰਿਤ ਵਿਚ ਭੇਦ ਨਜ਼ਰ ਨਹੀਂ ਆਉਂਦਾ। ਲੋਹਾ ਅਤੇ ਕੰਚਨ ਵਿਚ ਦਵੈਤ ਨਹੀਂ ਦਿਸਦੀ। ਸੁਖ ਦੁਖ ਵਿਚ ਬਰਾਬਰ ਅਵਸਥਾ ਬਣੀ ਰਹਿੰਦੀ ਹੈ, ਮੋਹ-ਮਾਇਆ ਤੇ ਤਾਪ ਨਹੀਂ ਪੋਂਹਦੇ , ਸੀਤਲ ਕਾਯਾ ਰਹਿੰਦੀ ਹੈ ਅਤੇ ਸਭ ਪਾਸੇ ਪਰਮ ਤੱਤ ਦ੍ਰਿਸ਼ਟੀਗਤ ਹੁੰਦਾ ਹੈ। ਗੁਰੂ ਰਵਿਦਾਸ ਜੀ ਨੇ ਇਸ ਨੂੰ ਸਹਿਜ ਅਵਸਥਾ ਕਿਹਾ ਹੈ। ਇਹ ਹੀ ਜੀਵਨ ਮੁਕਤੀ ਦੀ ਅਵਸਥਾ ਹੈ। ਗੀਤਾ ਵਿਚ ਵੀ

ਅਜਿਹੇ ਭਾਵ ਦਾ ਉਲੇਖ ਹੈ।

ਜੋ ਮਨੁੱਖ ਸੁਖ ਦੁਖ, ਮਾਨ-ਅਪਮਾਨ, ਮਿੱਟੀ, ਪੱਥਰ ਅਤੇ ਸੋਨੇ ਨੂੰ ਸਮਾਨ ਸਮਝਦਾ ਹੈ। ਉਸੇ ਪ੍ਰਸ਼ਾਂਤ ਪੁਰਖ ਦੇ ਮਨ ਵਿਚ ਪਰਮਾਤਮਾ ਸਮਾਇਆ ਹੋਇਆ ਹੈ।[24] ਗੁਰੂ ਰਵਿਦਾਸ ਜੀ ਨੇ ਵੀ ਸਾਰੀ ਅਵਸਥਾ ਨੂੰ ਪ੍ਰਭੂ ਨਾਲ ਇਕਮਿਕਤਾ ਵਾਲੀ ਅਵਸਥਾ ਮੰਨਿਆ ਹੈ। ਕਿਉਂਕਿ ਅਜਿਹੀ ਅਭੇਦ ਦ੍ਰਿਸ਼ਟੀ ਤੋਂ ਬਿਨਾਂ ਮਨੁੱਖ ਮੁਕਤੀ -ਪ੍ਰਾਪਤ ਨਹੀਂ ਕਰ ਸਕਦਾ:-

1. ਛਾਡਿ ਆਸ ਨਿਰਾਸ ਪਰਮ ਪਦ, ਤਬ ਸੁਖ ਸਤਿ ਕਰ ਹੋਈ ॥[25]

2. ਗੁਰ ਪ੍ਰਸਾਦ ਭਈ ਅਨਭੈ ਮਤਿ
ਵਿਸ ਅੰਮ੍ਰਿਤ ਸਮ ਧਯਾਵੈਗਾ ॥[26]

3. ਲੋਹਾ ਸਮਕਰ ਕੰਚਨ ਸਮਕਰ
ਭੇਦ ਅਭੇਦਾ ਸਮਾਵੈਗਾ
ਕਹੈ ਰਵਿਦਾਸ ਮੇਟਿ ਆਪਾ ਪਰ,
ਵਾ ਠੌਰਹਿੰ ਪਾਵੈਗਾ ॥[27]

ਮਨੁੱਖੀ ਜੀਵਨ ਦੀ ਕ੍ਰਿਆਸ਼ੀਲਤਾ ਲਈ ਕਰਮ ਜ਼ਰੂਰੀ ਹਨ। ਭਗਵਾਨ ਕ੍ਰਿਸ਼ਨ ਜੀ ਨੇ ਗੀਤਾ ਵਿਚ ਕਿਹਾ ਹੈ ਕਿ ਮਨੁੱਖ ਕਰਮ ਕੀਤੇ ਤੋ ਬਿਨਾਂ ਇਕ ਪਲ ਵੀ ਨਹੀਂ ਰਹਿ ਸਕਦਾ। ਇਹ ਕਰਮ ਹੀ ਮਨੁੱਖ ਲਈ ਬੰਧਨ ਬਣਦੇ ਹਨ। ਮਨੁੱਖ ਨੂੰ ਕੀਤੇ ਕਰਮਾਂ ਦਾ ਫਲ ਭੋਗਣ ਲਈ ਬਾਰ ਬਾਰ ਜਨਮ ਲੈਣਾ ਪੈਂਦਾ ਹੈ। ਇਸ ਲਈ ਸਭ ਧਾਰਮਿਕ ਗ੍ਰੰਥਾਂ ਵਿਚ ਸਤਿ ਕਰਮ ਜਾਂ ਨਿਸ਼ਕਾਮ ਕਰਮ ਕਰਨ ਦੀ ਪ੍ਰੇਰਨਾ ਦਿਤੀ ਜਾਂਦੀ ਹੈ

> ਗੀਤਾ ਵਿਚ ਭਗਵਾਨ ਕ੍ਰਿਸ਼ਨ ਨੇ ਕਿਹਾ ਹੈ ਕਿ ਅਧਿਆਤਮ ਚਿੱਤ ਨਾਲ ਸਭ ਕਰਮਾਂ ਨੂੰ ਮੇਰੇ ਵਿਚ ਅਰਪਣ ਕਰਨ ਵਾਲਾ ਆਸ਼ਾ, ਸੰਤਾਪ ਆਦਿਕ ਰਹਿਤ ਹੋ ਕੇ ਮੇਰੇ ਵਿਚ ਵਿਸ਼ਵਾਸ ਰਖਣ ਵਾਲਾ ਸਭ ਕਰਮਾਂ ਤੋਂ ਛੁਟ ਜਾਂਦਾ ਹੈ।[28]

ਗੁਰੂ ਰਵਿਦਾਸ ਜੀ ਨੇ ਵੀ ਮੁਕਤੀ ਪ੍ਰਾਪਤ ਲਈ ਕੁਕਰਮਾਂ ਦਾ ਰਾਹ ਛੱਡ ਕੇ ਗੁਰੂ ਜੀ ਦੀ ਸ਼ਰਨ ਜਾਣ ਲਈ ਕਿਹਾ ਹੈ। ਕਿਉਂਕਿ ਮਨੁੱਖ ਨੂੰ ਆਪਣੇ ਕੀਤੇ ਕਰਮਾਂ ਅਨੁਸਾਰ ਜੀਵਨ ਭੋਗਣਾ ਪੈਂਦਾ ਹੈ ਅਤੇ ਕੁਦਰਤ ਦੇ ਇਸ ਨਿਯਮ ਵਿਚ ਫੇਰ ਫਾਰ ਨਹੀਂ ਹੋ ਸਕਦੀ ਮਨੁੱਖ ਨੂੰ ਲੇਖਾ ਜੋਖਾ ਦੇਣਾ ਹੀ ਪੈਂਦਾ ਹੈ। ਕੂੜ ਦਾ ਰਾਹ ਛਡ ਕੇ ਹੀ ਮਨੁੱਖ ਸੰਚਿਤ ਕਰਮਾਂ ਦਾ ਪ੍ਰਭਾਵ ਸੁਨਯ ਕਰ ਮੋਖਸ਼ ਪ੍ਰਾਪਤ ਕਰ ਸਕਦਾ ਹੈ। ਇਸ ਲਈ ਭੈੜੇ ਕਰਮਾਂ ਦਾ ਤਿਆਗ ਕਰਕੇ ਸਤਿ

ਕਰਮਾਂ ਰਾਹੀਂ ਮੁਕਤੀ ਪ੍ਰਾਪਤ ਹੁੰਦੀ ਹੈ। ਗੁਰੂ ਜੀ ਲਿਖਦੇ ਹਨ:

ਜੋ ਕਛੂ ਬੋਇ ਲੁਨੀਐ ਸੋਈ ਤਾਂ ਮੈਂ ਫੇਰ ਫਾਰ ਨਹੀਂ ਹੋਈ॥
ਛਾਂਡੀਐ ਕੂਰ ਭਜੋ ਹਰਿ ਚਰਨਾਂ ਤਾਕਾ ਮਿਟੈ ਜਨਮ ਅਰੁ ਮਰਨਾ ॥[29]

ਗੁਰੂ ਰਵਿਦਾਸ ਜੀ ਕੇਵਲ ਕਥਨੀ ਵਾਲੇ ਸੰਤ ਹੀ ਨਹੀਂ ਸਨ ਉਨ੍ਹਾਂ ਨੇ ਕਥਨੀ ਨਾਲੋਂ ਕਰਨੀ ਨੂੰ ਵਧੇਰੇ ਮਹੱਤਵ ਦਿੱਤਾ। ਉਹ ਕਹਿੰਦੇ ਹਨ ਹਨ ਕਿ " ਮੈਂ ਸਭ ਸੰਸਾਰਿਕ ਮਾਇਆ ਜਾਲ ਨੂੰ ਤਿਆਗ ਦਿੱਤਾ ਹੈ ਅਤੇ ਮੈਨੂੰ ਜਮਾਂ ਦਾ ਡਰ ਨਹੀਂ। ਚਾਹੇ ਉਰਵਾਰ-ਪਾਰ ਲਾਉਣ ਵਾਲਾ ਲੇਖਾ ਜੋਖਾ ਕਰ ਲਏ:-

ਉਰਵਾਰ ਪਾਰ ਕੇ ਦਾਨੀਆਂ, ਲਿਖਿ ਲੇਹੁ ਆਲ ਪਤਾਲੁ ॥
ਮੋਹਿ ਜਮ ਡੰਡੁ ਨ ਲਾਗਈ,ਤਜੀਲੇ ਸਰਬ ਜੰਜਾਲ ॥[30]

ਮਨੁੱਖੀ ਜੀਵਨ ਆਸ਼ਾ-ਨਿਰਾਸ਼ਾ ਦਾ ਪੁੰਜ ਹੈ। ਇਨ੍ਹਾਂ ਦੇ ਵੇਸ ਵਿਚ ਮਨੁੱਖ ਦਾ ਮਨ ਅਸਥਿਰ ਹੋ ਜਾਂਦਾ ਹੈ। ਜਿਸਦੇ ਫਲਰੂਪ ਮਨੁੱਖ ਵਾਸਤਵਿਕ ਰਾਹ ਤੋਂ ਖਿਸਕ ਜਾਂਦਾ ਹੈ। ਗੁਰੂ ਰਵਿਦਾਸ ਜੀ ਨੇ ਜੀਵਤ ਭਾਵ ਨਾਲ ਮਰਨ ਦਾ ਸਰੂਪ ਦਾ ਵਰਣਨ ਕੀਤਾ ਹੈ। ਮਨ ਦੀਆਂ ਆਸ਼ਾਵਾਂ ਚਿੰਤਾਵਾਂ ਅਤੇ ਸੰਤਹਿ ਕਰਣ ਦੀਆਂ ਵਾਸ਼ਨਾਵਾਂ ਦੇ ਖਤਮ ਹੋਣ ਨਾਲ ਮਰਜੀਵੜੇ ਦੀ ਅਵਸਥਾ ਪ੍ਰਾਪਤ ਹੁੰਦੀ ਹੈ। ਕੋਈ ਗੁਰੂ ਮੁਖ ਹੀ ਨਿਰਵਾਣ ਪਦ ਦਾ ਭਾਗੀ ਹੁੰਦਾ ਹੈ:

1. ਕਹੈ ਰਵਿਦਾਸ ਛੂਟੀ ਸਭ ਆਸ ॥
ਤਬ ਹਰਿ ਤਾਹੀ ਕੇ ਪਾਸ ॥[31]

2. ਦਿਲ ਦਰਯਾਵ ਹੀਰਾ ਲਾਲ ਹੈ,
ਗੁਰਮੁਖ ਸਮਝ ਪਰੈ
ਮਰਜੀਵਾ ਕੀ ਸੈਨ ਵਿਚਾਰੈ,ਤਉ ਹੀਰਾ ਹਾਥ ਪਰੈ ॥
ਕਹਿ ਰਵਿਦਾਸ ਸਮਝਿ ਰੇ ਸੰਤੋ, ਇਹ ਪਦ ਹੈ ਨਿਰਵਾਨ॥
ਇਹੁ ਰਹਸਿ ਕੋਉ ਖੋਜੈ ਬੂਝੈ, ਸੋਉ ਹੈ ਸੰਤ ਸੁਜਾਨ ॥[32]

ਇਹਨਾਂ ਸੰਬੰਧੀ ਗੁਰੂ ਜੀ ਲਿਖਦੇ ਹਨ ਕਿ ਜਦੋਂ ਤਕ ਤੇਰਾ ਮੇਰਾ ਮੈਂ-ਤੂੰ ਦੀ ਭਾਵਨਾ ਮਨ ਵਿਚ ਵਹਿੰਦੀ ਹੈ ਤਦੋਂ ਤਕ ਸੰਸਾਰ ਸਮੁੰਦਰ ਤੋਂ ਪਾਰ ਉਤਾਰਾ ਨਹੀਂ ਹੋ ਸਕਦਾ:-

ਮੈਂ ਤੈ ਤੋਰਿ ਮੋਰਿ ਅਸਮਝਿ ਸੋ ਕੈਸੇ ਕਰਿ ਨਿਸਤਾਰਾ ॥[33]

ਗੀਤਾ ਵਿਚ ਭਗਵਾਨ ਕ੍ਰਿਸ਼ਨ ਨੇ ਕਿਹਾ ਹੈ ਕਿ ਮੈਨੂੰ (ਬ੍ਰਹਮ) ਨੂੰ ਪ੍ਰਾਪਤ ਕਰਨ ਵਾਲਾ ਦੁਬਾਰਾ ਜਨਮ ਨਹੀਂ ਲੈਂਦਾ।[34] ਇਸ ਤਰ੍ਹਾਂ ਆਵਾਗਵਨ ਤੋਂ ਛੁਟਕਾਰਾ ਪ੍ਰਾਪਤ ਕਰਨਾ ਹੀ ਮੁਕਤੀ

ਗੁਰੂ ਰਵਿਦਾਸ ਜੀ ਉਪਰੋਕਤ ਭਾਵ ਨਾਲ ਆਪਣੀ ਸਹਿਮਤੀ ਪ੍ਰਗਟ ਕਰਦੇ ਲਿਖਦੇ ਹਨ:

ਕਹਿ ਰਵਿਦਾਸ ਰਾਮ ਜਪਿ ਭਾਈ ॥
ਸੰਤ ਸਾਖਿ ਦੇ ਬਹੁਰਿ ਨ ਆਉ ॥[35]

ਕਹਿ ਰਵਿਦਾਸ ਜੋ ਜਪੈ ਨਾਮੁ
ਤਿਸੁ ਜਾਤਿ ਨ ਜਨਮੁ ਨਾ ਜੋਨਿ ਕਾਮ ॥[36]

ਇਹ ਸੰਸਾਰਿਕ ਜੀਵਨ ਤਾਂ ਸੰਘਰਸ਼ਮਈ ਹੈ ਹੀ ਇਸ ਤੋਂ ਅਗੇ ਧੁਰ ਦਰਗਾਹ ਜਿਥੇ ਮਨੁੱਖ ਨੂੰ ਲੇਖਾ ਦੇਣਾ ਪੈਂਦਾ ਹੈ ਉਹ ਰਾਹ ਅਤੀ ਦੁਰਗਮ ਹੈ। ਸੰਤਾਂ ਨੇ ਇਸ ਦੀ ਤੁਲਨਾ ਤਿੱਖੇ ਤੇਜ਼ ਧਾਰ ਛੁਰੇ ਨਾਲ ਕੀਤੀ ਹੈ।[37] ਮਨੁੱਖੀ ਸਰੀਰ ਦੇ ਅੰਤ ਹੋਣ ਤੇ ਮਨੁੱਖੀ ਆਤਮਾ ਆਪਣੇ ਕੀਤੇ ਕਰਮਾਂ ਕਾਰਣ ਜਮਾਂ ਦੇ ਵਸ ਪੈ ਜਾਂਦੀ ਹੈ। ਗੁਰੂ ਰਵਿਦਾਸ ਜੀ ਅਨੁਸਾਰ ਇਹ ਜਮਾਂ ਦੀ ਫਾਹੀ ਕਟਣਾ ਹੀ ਮੁਕਤੀ ਹੈ:

ਕਹੈ ਰਵਿਦਾਸ ਰਾਮ ਜਪਿ ਰਸਨਾ
ਕਾਟੈ ਜਮ ਕੀ ਫਾਸੀ ਰੇ ॥[38]

ਸੰਪੂਰਣ ਸੰਸਾਰਿਕ ਬੰਧਨਾਂ ਤੋਂ ਮੁਕਤ ਹੋਣ ਨਾਲ ਹੀ ਆਤਮਾ ਅਤੇ ਪਰਮਾਤਮਾ ਦਾ ਮਿਲਣ ਹੁੰਦਾ ਹੈ ਅਤੇ ਪ੍ਰਭੂ ਨਾਲ ਸਾਖਿਆਤਕਾਰ ਹੁੰਦਾ ਹੈ। ਸ਼ਵੇਤਾਸ਼ਵਤਰ ਉਪਨਿਸ਼ਦ ਵਿਚ ਵਰਣਨ ਹੈ ਕਿ ਜਿਸ ਸਮੇਂ ਯੋਗੀ ਦੀਪਕ ਦੇ ਸਮਾਨ ਪ੍ਰਕਾਸ਼ ਸਰੂਪ ਆਤਮ ਭਾਵ ਨਾਲ ਬ੍ਰਹਮ ਤੱਤ ਦਾ ਸਾਖਿਆਤਕਾਰ ਕਰਦਾ ਹੈ ਉਸ ਸਮੇਂ ਉਹ ਸਭ ਤੱਤਾਂ ਨਾਲ ਵਿਸ਼ੁਧ ਦੇਵ ਨੂੰ ਜਾਣ ਕੇ ਸੰਪੂਰਣ ਬੰਧਨਾਂ ਤੋਂ ਮੁਕਤ ਹੋ ਜਾਂਦਾ ਹੈ। ਇਹ ਹੀ ਮੁਕਤੀ ਹੈ।[39] ਗੁਰੂ ਰਵਿਦਾਸ ਜੀ ਵੀ ਆਤਮ ਪ੍ਰਗਾਸ ਤੇ ਹਿਰਦੇ ਵਿਚਾਰ ਰਾਹੀਂ ਪ੍ਰਭੂ ਪ੍ਰਾਪਤੀ ਨੂੰ ਮੁਕਤੀ ਕਹਿੰਦੇ ਹਨ:

1. ਜਾਸੋ ਆਤਮ ਪ੍ਰਗਾਸ ਹੈ, ਭਜੈ ਤਾਹਿ ਰਵਿਦਾਸ ॥

..... ...... ......

2. ਜਹਾ ਆਪਾ ਸਮੁਝਈ ਨਹੀਂ, ਮਿਥਿਆ ਮੈਰੇ ਨਿਦਿਧਿਆਸ
ਜਹ ਕਿਆ ਆਪਾ ਮਿਟਯੋ, ਭਜੈ ਤਾਹਿ ਰਵਿਦਾਸ ॥[40]

3. ਕਹਿ ਰਵਿਦਾਸ ਪ੍ਰਗਾਸ ਰਿਦੈ ਧੀਰ ॥
ਜਨਮ ਮਰਨ ਤੈ ਭਾਗੀ ॥ [41]

3. ਈਹ ਬਿਧਿ ਮੁਕਤ ਭਯੇ ਸਨਕਾਦਿਕ,
ਰਿਦੈ ਬਿਚਾਰਿ ਪ੍ਰਕਾਸ ਦਿਖਾਉਂ ॥ [42]

ਮੁੰਡਕੋਪਨਿਸ਼ਦ ਵਿਚ ਵਰਣਨ ਹੈ ਕਿ ਜੋ ਉਸ ਬ੍ਰਹਮ ਨੂੰ ਜਾਣ ਲੈਂਦਾ ਹੈ ਉਹ ਬ੍ਰਹਮ ਹੀ ਹੋ ਜਾਂਦਾ ਹੈ। ਉਹ ਸ਼ੋਕ ਤੋਂ ਮੁਕਤ ਹੋ ਜਾਂਦਾ ਹੈ ਅਤੇ ਪਾਪਾਂ ਤੋਂ ਨਿਰਲਿਪਤ ਹੋ ਜਾਂਦਾ ਹੈ। ਹਿਰਦੇ ਦੀਆਂ ਗੰਢੀਆਂ ਦੇ ਨਿਰਬੰਧ ਹੋਣ ਨਾਲ ਅਮਰਤਵ ਪ੍ਰਾਪਤ ਹੋ ਜਾਂਦਾ ਹੈ।[43]

ਮੁਕਤੀ ਸੰਬੰਧੀ ਉਪਨਿਸ਼ਦਾਂ ਦੀ ਵਿਚਾਰਧਾਰਾ ਗੁਰੂ ਰਵਿਦਾਸ ਬਾਣੀ ਵਿਚ ਕਈ ਸ਼ਬਦਾਂ ਵਿਚ ਪ੍ਰਾਪਤ ਹੁੰਦੀ ਹੈ:

1. ਅਮਰ ਭਯੇ ਹਮ ਕਾਹੇ ਕੂੰ ਮਰਿ ਹੈਂ ॥
ਮਿਥਿਆ ਜਗ ਮਾਯਾ ਤਜਿ ਦੀਨੀ, ਸਤ ਰੂਪ ਮਨ ਧਰਿ ਹੂੰ॥
...... ...... ......
ਕਹਿ ਰਵਿਦਾਸ ਅਬ ਬਨੀ ਕਛੂ ਐਸੀ ਫੁਨਿ ਔਸਰ ਕਿਹਿ ਧਰਿ ਹੈ।

ਗੁਰੂ ਰਵਿਦਾਸ ਬਾਣੀ ਵਿਚ ਸਾਰੂਪਯਮੁਕਤੀ[44] ਦਾ ਵਰਣਨ ਵੀ ਆਉਂਦਾ ਹੈ

2. ਜਾ ਸਬੈ ਗਾਈਹਿ ਗਾਈ ਕਹਤ ਹੈਂ
ਪਰਮ ਰੂਪ ਹਮ ਸੋਈ ॥

ਜੀਵਾਤਮਾ ਪ੍ਰਭੂ ਨਾਲ ਇਕਮਿਕਤਾ ਅਤੇ ਨੇੜਤਾ ਵਾਲੀ ਅਵਸਥਾ ਪ੍ਰਾਪਤ ਕਰਦੀ ਹੈ ਤਾਂ ਉਸਨੂੰ ਸਾਮੀਪਯ ਮੁਕਤੀ ਕਹਿੰਦੇ ਹਨ। ਗੁਰੂ ਰਵਿਦਾਸ ਜੀ ਨੇ ਪ੍ਰਭੂ ਨਾਲ ਐਨੀ ਘਨਿਸ਼ਠਤਾ ਸਥਾਪਿਤ ਕਰ ਲਈ ਸੀ ਕਿ ਹਮੇਸ਼ਾਂ ਹਮੇਸ਼ਾਂ ਲਈ ਉਸਦਾ ਸਾਥ ਲਭ ਲਿਆ । ਇਸ ਭਾਵ ਨੂੰ ਦਰਸਾਉਂਦੇ ਉਹ ਲਿਖਦੇ ਹਨ:

ਅਬ ਕੈਸੇ ਛੂਟੇ ਨਾਮ ਰਟ ਲਾਗੀ ॥
.... .... .....
ਪ੍ਰਭੂ ਜੀ ਤੁਮ ਸਵਾਮੀ ਹਮ ਦਾਸਾ, ਐਸੀ ਭਗਤਿ ਕਰੈ ॥[45]
ਰਵਿਦਾਸਾ ॥

ਸਹਿਜ ਅਵਸਥਾ ਤੇ ਪਰਮਾਨੰਦ ਅਵਸਥਾ ਵੀ ਮੁਕਤੀ ਦੀ ਸੂਚਕ ਹੈ। ਪ੍ਰਭੂ ਨਾਲ ਨੇੜਤਾ, ਇਕਮਿਕਤਾ ਪਰਮਰੂਪਤਾ ਪ੍ਰਾਪਤ ਕਰਨਾ ਵੀ ਮੁਕਤੀ ਹੈ। ਮਾਇਆ ਦੇ ਵਿਸ਼ਾਲ ਖੇਤਰ ਤੋਂ ਨਿਰਲੇਪ ਰਹਿ ਕੇ ਪ੍ਰਭੂ ਨੂੰ ਪ੍ਰਾਪਤ ਕਰਨਾ ਵੀ ਮੁਕਤੀ ਹੈ। ਮਾਇਆ ਦੇ ਵਿਸ਼ਾਲ ਖੇਤਰ ਤੋਂ ਨਿਰਲੇਪ ਰਹਿ ਕੇ ਪ੍ਰਭੂ ਨੂੰ ਪ੍ਰਾਪਤ ਕਰਨਾ ਮੁਕਤੀ ਹੈ। ਆਵਾਗਵਨ ਅਤੇ ਜਮਾਂ ਦੀ ਫਾਹੀ ਤੋਂ ਛੁਟਕਾਰਾ ਪ੍ਰਾਪਤ ਕਰਨਾ ਵੀ ਮੁਕਤੀ ਹੈ। ਆਤਮ ਪ੍ਰਗਾਸ ਰਾਹੀਂ ਪਰਮਤੱਤ ਨੂੰ ਚੀਨਣਾ ਵੀ ਮੁਕਤੀ ਹੈ। ਇਹ ਸਭ ਮੁਕਤੀ ਦੀਆਂ ਅਵਸਥਾਵਾਂ ਹਨ ਜੋ ਇਕ ਦੂਜੇ ਦੀਆਂ ਪੂਰਕ ਹਨ। ਇਕ ਹੋਰ ਅਵਸਥਾ ਹੈ ਪ੍ਰਭੂ ਦੇ ਦਰਸ਼ਨਾਂ ਦੀ ਪ੍ਰਾਪਤੀ। ਪ੍ਰੇਮ ਭਗਤੀ ਦੇ ਰਾਹ ਤੋਂ ਚਲਦਾ ਸਾਧਕ ਨੈਸਰਗਿਕ ਆਸ਼ਾ ਨਿਰਾਸ਼ਾ ਬੰਧਨ, ਮੋਹ-ਮਾਇਆ ਨੂੰ ਤਾਂ ਤਿਆਗ ਦਿੰਦਾ ਹੈ, ਪਰੰਤੂ ਇਕ ਪ੍ਰਬਲ ਭਾਵਨਾ ਪਰਮਤੱਤ

ਨੂੰ ਦੇਖਣ ਦੀ ਹੁੰਦੀ ਹੈ। ਇਸ ਨੂੰ ਤਿਆਗਿਆ ਨਹੀਂ ਜਾ ਸਕਦਾ। ਕਿਉਂਕਿ ਜਦੋਂ ਉਹ ਆਪਣੇ ਭਗਤ ਨੂੰ ਦੇਖਦਾ ਹੈ ਅਤੇ ਭਗਤ ਉਸ ਦਾ ਦੀਦਾਰ ਨਾ ਕਰ ਸਕੇ ਤਾਂ ਇਹ ਕੈਸਾ ਪਿਆਰ ਹੋਇਆ; ਇਸ ਲਈ ਗੁਰੂ ਰਵਿਦਾਸ ਜੀ ਨੇ ਬਾਕੀ ਸਭ ਅਵਸਥਾਵਾਂ ਦੀ ਪ੍ਰਾਪਤੀ ਤੋਂ ਬਾਅਦ ਪ੍ਰਭੂ-ਦਰਸ਼ਨ ਪ੍ਰਾਪਤੀ ਲਈ ਆਰਤ ਕੀਤੀ। ਉਹ ਲਿਖਦੇ ਹਨ:-

1. ਕਹੈ ਰਵਿਦਾਸ ਅੰਦੇਸਾ ਏਹ,
ਬਿਨ ਦਰਸਨ ਕਯੋਂ ਜੀਵੈ ਹੋ ਸਨੇਹੀ ॥[46]

2. ਦਰਸਨ ਦੀਜੈ ਰਾਮ ਦਰਸਨ ਦੀਜੈ
ਦਰਸ਼ਨ ਤੇਰਾ ਜੀਵਨਿ ਮੇਰਾ, ਬਿਨ ਦਰਸਨ ਕਊਂ ਜੀਵੈ ਹੋ ਚਕੋਰਾ ॥[47]

ਇਸੇ ਤਰ੍ਹਾਂ ਵੇਖਦੇ ਹਾਂ ਕਿ ਗੁਰੂ ਰਵਿਦਾਸ ਜੀ ਨੇ ਆਤਮਾ ਅਤੇ ਪਰਮਾਤਮਾ ਵਿਚ ਕੋਈ ਅੰਤਰ ਨਹੀਂ ਮੰਨਿਆ ਦੋਹਾਂ ਵਿਚੋਂ ਸਮੁੰਦਰ ਅਤੇ ਉਸ ਤੋਂ ਉਪਜੀਆਂ ਲਹਿਰਾਂ ਵਾਲਾ ਸੰਬੰਧ ਮੰਨਿਆ ਹੈ। ਮੋਹ ਮਾਇਆ ਵਿੱਚ ਆਤਮਾ ਤੇ ਪਰਮਾਤਮਾ ਵਿਚ ਅੰਤਰ ਜਾਪਦਾ ਹੈ ਨਾਮ ਦੁਆਰਾ ਸ੍ਰਿਸ਼ਟੀ ਦੇ ਬੰਧਨਾਂ ਤੋਂ ਨਿਰਬੰਧ ਹੋ ਕੇ ਆਤਮਾ ਬ੍ਰਹਮ ਸਰੂਪ ਹੋ ਜਾਂਦਾ ਹੈ। ਇਹ ਅਦਵੈਤ ਦੀ ਅਵਸਥਾ ਹੈ। ਇਸ ਦਾ ਹੀ ਚਿਤਰਣ ਉਨ੍ਹਾਂ ਨੇ ਬਾਣੀ ਵਿਚ ਕੀਤਾ ਹੈ। ਇਹ ਅਦਵੈਤ ਸਹਿਜ ਅਵਸਥਾ ਹੈ। ਸ਼ੰਕਰ ਦੇ ਅਦਵੈਤਵਾਦ ਨਾਲ ਇਹ ਇਕ ਸੀਮਾਂ ਤਕ ਹੀ ਮੇਲ ਖਾਂਦੀ ਹੈ। ਇਸ ਤਰ੍ਹਾਂ ਮੁਕਤੀ-ਨਿਰੂਪਣ ਵਿਚ ਗੁਰੂ ਰਵਿਦਾਸ ਜੀ ਨੇ ਵਿਸ਼ੇਸ਼ ਦਰਸ਼ਨ ਪੱਧਤੀ ਦਾ ਅਨੁਕਰਣ ਨਹੀਂ ਕੀਤਾ। ਉਹ ਅਨੁਭਵੀ ਸੰਤ ਸਨ ਉਨ੍ਹਾਂ ਅਨੁਸਾਰ ਬ੍ਰਹਮ-ਅਨੁਭੂਤੀ ਹੀ ਮੋਖਸ਼ ਹੈ।

2 ਮੁਕਤੀ ਪ੍ਰਾਪਤੀ ਦੇ ਸਾਧਨ:- ਗੁਰੂ ਰਵਿਦਾਸ ਜੀ ਸੱਚੇ ਸਾਧਕ ਸਨ ਉਹ ਕੇਵਲ ਸ਼ਾਸਤਰਾਂ ਦੇ ਕਥਨ ਵਿਚ ਵਿਸ਼ਵਾਸ਼ ਨਹੀਂ ਰਖਦੇ ਸਨ। ਉਹ ਸਤਿ-ਅਨੁਭੂਤੀ ਜਨ-ਸਾਧਾਰਣ ਅਗੇ ਰਖਣਾ ਚਾਹੁੰਦੇ ਸਨ ਉਨ੍ਹਾਂ ਨੇ ਕਥਨੀ ਅਤੇ ਕਰਨੀ ਦਾ ਸੁਮੇਲ ਕੀਤਾ ਸਾਰੇ ਮੁਕਤੀ ਦੀ ਪ੍ਰਾਪਤੀ ਦੇ ਸਾਧਨਾਂ ਦਾ ਵਧੇਰੇ ਵਰਣਨ ਕੀਤਾ।

ਭਗਤੀ ਦੇ ਤਿੰਨ ਮਾਰਗ ਹਨ ਭਗਤੀ ਮੁਕਤੀ ਲਈ ਕੀਤੀ ਜਾਂਦੀ ਹੈ। ਇਸ ਤਰ੍ਹਾਂ ਮੁਕਤੀ-ਪ੍ਰਾਪਤੀ ਲਈ ਵੀ ਪ੍ਰਮੁੱਖ ਤਿੰਨ ਮਾਰਗ ਹੀ ਹਨ। ਚਾਹੇ ਅਲਗ ਅਲਗ ਧਾਰਮਿਕ ਗ੍ਰੰਥਾਂ ਵਿਚ ਕਿਸੇ ਇਕ ਮਾਰਗ ਦੀ ਮਹੱਤਤਾ ਨੂੰ ਸਰਵੋਤਮ ਦਸਣ ਦਾ ਯਤਨ ਕੀਤਾ ਹੈ ਪਰੰਤੂ ਜੀਵਨ ਵਿਚ ਇਸ ਨੂੰ ਅਮਲੀ ਰੂਪ ਦੇਣ ਤੋਂ ਇਹ ਗਲ ਸਾਬਤ ਹੋ ਜਾਂਦੀ ਹੈ ਕਿ ਜੀਵਨ ਦੇ ਵਿਸ਼ਾਲ ਖੇਤਰ ਵਿਚ ਸਭ ਦਾ ਆਪਣਾ ਮਹੱਤਵ ਹੈ। ਗਿਆਨ ਵੀ ਜ਼ਰੂਰੀ ਹੈ। ਕਿਉਂਕਿ ਅਗਿਆਨਤਾ ਮਨੁੱਖੀ ਜੀਵਨ ਵਿਚ ਹਨੇਰਾ ਕਰ ਦਿੰਦੀ ਹੈ ਜਿਸ ਵਿਚ ਮਨੁੱਖ ਗਲਤ ਕੰਮ ਕਰਦਾ ਰਾਹੋਂ ਭਟਕ ਜਾਂਦਾ ਹੈ। ਕਰਮ ਹੀ ਜ਼ਿੰਦਗੀ ਹਨ ਇਨ੍ਹਾਂ ਤੋਂ ਬਿਨਾਂ ਜ਼ਿੰਦਗੀ ਸੁੰਨਮ ਹੋ ਜਾਂਦੀ ਹੈ। ਇਸ ਜੀਵਨ

ਦੇ ਕੀਤੇ ਕਰਮਾਂ ਅਤੇ ਅਤੇ ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦਾ ਲੇਖਾ-ਜੋਖਾ ਮੁਨਕ ਕਰਨ ਤੋਂ ਬਾਅਦ ਹੀ ਪ੍ਰਭੂ ਕਿਰਪਾ ਹੁੰਦੀ ਹੈ - ਭਗਤੀ ਲਈ ਜਾਂ ਮੁਕਤੀ ਲਈ ਕੇਵਲ ਖ਼ੁਸ਼ਕ ਗਿਆਨ ਅਤੇ ਕਰਮਾਂ ਦਾ ਗਿਆਨ ਜਾਂ ਭਗਤੀ ਦਾ ਗਿਆਨ ਹੀ ਕਾਫ਼ੀ ਨਹੀਂ ਕਿਉਂਕਿ ਬ੍ਰਹਮ ਅਨੁਭੂਤੀ ਲਈ ਜਾਂ ਪਰਮਤੱਤ ਦੇ ਸਾਖਿਆਤਕਾਰ ਲਈ ਯੋਗ ਸਾਧਨਾ, ਆਤਮ-ਸਮਰਪਣ, ਪ੍ਰਭੂ-ਕਿਰਪਾ ਆਦਿ ਵੀ ਜ਼ਰੂਰੀ ਹਨ। ਪ੍ਰਭੂ-ਕਿਰਪਾ ਪ੍ਰੇਮ ਨਾਲ ਹੀ ਮਨੁੱਖ ਪ੍ਰਭੂ ਦੇ ਰੰਗ ਵਿਚ ਆਪਣੇ ਆਪ ਨੂੰ ਰੰਗਦਾ ਹੈ ਅਤੇ ਕਰਮਾਂ ਦਾ ਲੇਖਾ ਪੂਰਾ ਕਰਨ ਲਈ ਗਿਆਨ ਜ਼ਰੂਰੀ ਹੈ ਅਤੇ ਗਿਆਨ ਅਤੇ ਕਰਮ ਤੋਂ ਬਿਨਾਂ ਭਗਤੀ ਅਧੂਰੀ ਹੈ। ਇਸ ਤਰ੍ਹਾਂ ਤਿੰਨਾਂ ਸਾਧਨਾਂ ਦਾ ਉਚਿਤ ਪ੍ਰਯੋਗ ਹੀ ਮਨੁੱਖ ਨੂੰ ਮੁਕਤ ਹੋਇਆ ਸਕਦਾ ਹੈ। ਪਰੰਤੂ ਕਿਸੇ ਇਕ ਮਾਰਗ ਤੇ ਮਾਣ ਜਾਂ ਉਸ ਪ੍ਰਤੀ ਹਉਮੈਂ ਮੁਕਤੀ ਦੇ ਰਾਹ ਵਿਚ ਰੋੜਾ ਬਣਦੀ ਹੈ, ਕਿਉਂਕਿ ਅਜਿਹੀ ਦਸ਼ਾ ਵਿਚ ਇਕ ਪਾਸੀ ਪ੍ਰਵਿਰਤੀ ਕਾਰਨ ਦੂਜੇ ਪੱਖ ਅਧੂਰੇ ਰਹਿ ਜਾਂਦੇ ਹਨ। ਅਸਲ ਵਿਚ ਮਨੁੱਖੀ ਜੀਵਨ ਦੀ ਸੰਪੂਰਣਤਾ ਹੀ ਮੋਖਸ਼ ਹੈ।

<u>ਗਿਆਨ-ਮਾਰਗ:-</u> ਗੁਰੂ ਰਵਿਦਾਸ ਜੀ ਦੇ ਮੁਕਤੀ ਸੰਬੰਧੀ ਵਿਚਾਰ ਸ਼ੰਕਰ ਦੇ ਅਦਵੈਤਵਾਦ ਨਾਲ ਇਕ ਖ਼ਾਸ ਸੀਮਾਂ ਤਕ ਸਮਾਨਤਾ ਰਖਦੇ ਹਨ। ਸ਼ੰਕਰ ਅਨੁਸਾਰ ਗਿਆਨ ਮਾਰਗ ਤੇ ਚਲ ਕੇ ਆਤਮ ਸਿੱਧੀ ਪੂਰਨ ਰੂਪ ਵਿਚ ਪ੍ਰਾਪਤ ਹੁੰਦੀ ਹੈ। ਇਨ੍ਹਾਂ ਅਨੁਸਾਰ ਜੀਵ ਦਾ ਮਾਇਆ ਰੂਪੀ ਬੰਧਨ ਕੇਵਲ ਅਗਿਆਨਤਾ ਕਰਕੇ ਹੈ। ਗੁਰੂ ਰਵਿਦਾਸ ਜੀ ਵੀ ਲਿਖਦੇ ਹਨ ਕਿ ਅਵਿਦਿਆ ਹਿਤ ਮਨੁੱਖ ਦਾ ਵਿਵੇਕ-ਦੀਪ ਧੁੰਧਲਾ ਹੋ ਜਾਂਦਾ ਹੈ ਅਤੇ ਉਹ ਵਿਸ਼ੇ ਵਿਕਾਰਾਂ ਵਿਚ ਉਲਝ ਜਾਂਦਾ ਹੈ। ਭਰਮ, ਭੁਲੇਖਾ ਸੰਸਿਆਂ ਦਾ ਸ਼ਿਕਾਰ ਹੋ ਜਾਂਦਾ ਹੈ। ਜਿਵੇਂ ਰੱਸੀ ਹਨੇਰੇ ਵਿਚ ਸੱਪ ਦਾ ਭੁਲੇਖਾ ਪਾਉਂਦੀ ਹੈ ਪਰੰਤੂ ਚਾਨਣ ਵਿਚ ਉਸਦੀ ਅਸਲੀ ਹੋਂਦ ਦਾ ਪ੍ਰਗਟਾਵਾ ਹੋ ਜਾਂਦਾ ਹੈ। ਇਸੇ ਤਰ੍ਹਾਂ ਮਨੁੱਖ ਦੇ ਮਨ ਦੀ ਅਵਸਥਾ ਹੈ। ਅਗਿਆਨਤਾ ਕਾਰਣ ਆਤਮਾ ਅਤੇ ਪਰਮਾਤਮਾ ਵਿਚਲੇ ਅਦਵੈਤ, ਦਵੈਤ ਭਾਸਦੀ ਹੈ ਪਰੰਤੂ ਗਿਆਨ ਵਿਚ ਉਸ ਨੂੰ ਆਤਮ ਪ੍ਰਕਾਸ਼ ਹੁੰਦਾ ਹੈ ਅਤੇ ਉਹ ਆਪਣੀ ਅਤੇ ਪ੍ਰਭੂ ਦੀ ਹਸਤੀ ਨੂੰ ਪਹਿਚਾਨਣ ਦੇ ਸਮਰਥ ਹੋ ਜਾਂਦਾ ਹੈ। ਗੁਰੂ ਰਵਿਦਾਸ ਜੀ ਆਪਣੇ ਦ੍ਰਿਸ਼ਟੀਕੋਣ ਨੂੰ ਇਥੋਂ ਤਕ ਹੀ ਸੀਮਤ ਨਹੀਂ ਰਖਦੇ ਉਨ੍ਹਾਂ ਅਨੁਸਾਰ ਗਿਆਨ-ਮੁਕਤੀ ਵੀ ਪ੍ਰਭੂ ਬਖਸ਼ਿਸ਼ ਅਤੇ ਗੁਰੂ ਕਿਰਪਾ ਨਾਲ ਹੀ ਪ੍ਰਾਪਤ ਹੁੰਦੀ ਹੈ :

1. ਰਾਜ ਭੁਇਅੰਗ ਪ੍ਰਸੰਗ ਜੈਸ ਹਹਿ,
ਅਬ ਕਛੁ ਮਰਮੁ ਜਨਾਇਆ ॥
ਅਨਿਕ ਕਟਕ ਜੈਸੇ ਭੂਲਿ ਪਰੇ ਅਬ
ਕਹਤੇ ਕਹਨੁ ਨ ਆਇਆ ।[38]

2. ਗੁਰੂ ਪ੍ਰਸਾਦ ਭਈ ਅਨਭੈ ਮਤਿ, ਵਿਸ ਵਿਸ ਅੰਮ੍ਰਿਤ ਸਮ ਧਯਾਵੈਗਾ ॥

ਕਹੈ ਰਵਿਦਾਸ ਮੇਟਿ ਆਪਾ ਪਰ, ਤਾ ਠੌਰਹਿ ਪਾਵੈਗਾ ॥[49]

ਮੁਕਤੀ ਲਈ ਉਸ ਪਰਮ ਸੱਤ ਦੀ ਪ੍ਰਾਪਤੀ ਮਨ ਬੁੱਧੀ ਆਦਿ ਨਾਲ ਨਹੀਂ ਹੁੰਦੀ ਸਗੋਂ ਉਸ ਦਾ ਸਾਖਿਆਤਕਾਰ ਪਰਾਬੌਧਿਕ ਗਿਆਨ ਨਾਲ ਹੁੰਦਾ ਹੈ ਇਹ ਵਿਵਹਾਰਿਕ ਪ੍ਰਯਤਨ ਦੁਆਰਾ ਹੀ ਸੰਭਵ ਹੈ। ਸ਼ਵੇਤਾਸ਼ਵਤਰ ਉਪਨਿਸ਼ਦ ਵਿਚ ਵਰਣਨ ਹੈ ਕਿ ਰਹਸਮਈ ਪਰਮਾਤਮਾ ਦਾ ਅਨੁਭਵ ਕੇਵਲ ਗਿਆਨ ਨਾਲ ਨਹੀਂ ਹੁੰਦਾ ਉਸ ਲਈ ਤਪ-ਰੂਪੀ ਪ੍ਰਯਤਨ ਜ਼ਰੂਰੀ ਹੈ, ਉਸਦੀ ਸਿੱਧੀ ਲਈ ਪ੍ਰਭੂ ਕਿਰਪਾ ਵੀ ਆਵਸ਼ਕ ਹੈ।[50]

ਗੁਰੂ ਰਵਿਦਾਸ ਜੀ ਵੀ ਕੇਵਲ ਗਿਆਨ ਰਾਹੀਂ ਮੁਕਤੀ ਦੀ ਗੱਲ ਨਹੀਂ ਕਰਦੇ। ਕ੍ਰਿਉਂਕਿ ਖੁਸ਼ਕ ਗਿਆਨ ਹਉਮੈ ਦਾ ਕਾਰਣ ਬਣਦਾ ਹੈ ਅਤੇ ਹਉਮੈ ਪ੍ਰਭੂ ਕਿਰਪਾ ਅਤੇ ਭਗਤੀ ਲਈ ਵੱਡੀ ਰੁਕਾਵਟ ਬਣਦੀ ਹੈ:

1. ਪੜੇ ਗੁਨੇ ਕਛੂ ਸਮਝਿ ਨਹੀਂ ਪਰਹੀ
   ਜੋ ਲੌ ਅਨਭੈ ਭਾਉ ਨ ਦਰਸੈ ॥
   ਲੋਹਾ ਕੰਚਨ-ਹਿਰਨ ਹੋਈ ਕੈਸੇ, ਜਉ ਪਾਰਸਹਿ ਨ ਪਰੈਸਾ ॥[51]

ਨਿਆਇ ਦਰਸ਼ਨ ਵਿਚ ਵੀ ਪਦਾਰਥਾਂ ਦੇ ਤਤ ਗਿਆਨ ਦੇ ਹੋਣ ਨੂੰ ਮੁਕਤੀ ਕਿਹਾ ਗਿਆ ਹੈ। ਸਾਂਖਯ ਦਰਸ਼ਨ ਵਿਚ ਵੀ ਪੁਰਸ਼ ਅਤੇ ਪ੍ਰਕ੍ਰਿਤੀ ਵਿਚ ਆਰੋਪਿਤ ਬੰਧਨਾਂ ਦਾ ਨਿਵਾਰਣ ਗਿਆਨ ਰਾਹੀਂ ਦਸਿਆ ਗਿਆ ਹੈ। ਇਨ੍ਹਾਂ ਅਨੁਸਾਰ ਆਪਣੇ ਆਪ ਨੂੰ ਜਾਨਣਾ ਹੀ ਮੁਕਤੀ ਹੈ। ਇਸ ਅਵਸਥਾ ਤੇ ਪਹੁੰਚ ਕੇ ਮਨੁੱਖ ਅਮਰਪਦ ਨੂੰ ਪ੍ਰਾਪਤ ਕਰ ਲੈਂਦਾ ਹੈ।

ਯੋਗ ਦਰਸ਼ਨ ਅਨੁਸਾਰ ਵੀ ਜੀਵ ਦਾ ਚਿੱਤ ਜਾਂ ਆਤਮਾ ਵਿਵੇਕ ਗਿਆਨ ਦੀ ਕਮੀ ਕਾਰਣ ਵਿਸ਼ੇ ਵਿਕਾਰਾਂ ਵਿਚ ਫਸ ਜਾਂਦਾ ਹੈ। ਇਸ ਨਾਲ ਸੁਖ ਦੁਖ, ਰਾਗ-ਦਵੈਸ਼, ਆਸ਼ਾ-ਨਿਰਾਸ਼ਾ ਆਦਿ ਬੰਧਨ ਪੈਦਾ ਹੁੰਦੇ ਹਨ। ਯੋਗ ਅਤੇ ਗਿਆਨ ਦੁਆਰਾ ਮਨੁੱਖ ਦੀ ਬੁੱਧੀ ਨਿਰਮਲ ਹੋ ਜਾਂਦੀ ਹੈ ਅਤੇ ਉਹ ਕੈਵਲਯ ਪ੍ਰਾਪਤ ਕਰ ਲਵੇਗਾ।

ਗੁਰੂ ਰਵਿਦਾਸ ਜੀ ਨੇ ਵੀ ਭਰਮਾਂ ਤੇ ਸ਼ੰਕਿਆਂ ਆਦਿ ਦਾ ਨਿਵਾਰਨ ਕਰਕੇ ਸਰਵੋਤਮ ਤਪ( ਗੁਰੂ ਦਾ ਗਿਆਨ) ਕਰਨ ਦਾ ਸੰਦੇਸ਼ ਦਿੱਤਾ ਹੈ।

ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰੂ ਗਯਾਨ
ਭਗਤ ਜਨ ਭੈ ਹਰਨ, ਪਰਮਾਨੰਦ ਕਰਹੁ ਧਯਾਨ ॥[52]

<u>ਕਰਮ ਰਾਹੀਂ ਮੁਕਤੀ</u>:- ਮੁਕਤੀ ਮਨੁੱਖ ਦੀ ਸੰਪੂਰਨਤਾ ਅਤੇ ਪਰਮ ਤੱਤ ਨਾਲ ਲੀਨ ਹੋਣ ਦੀ ਅਵਸਥਾ ਹੈ। ਇਸ ਦੀ ਪ੍ਰਾਪਤੀ ਲਈ ਮਨੁੱਖ ਨੂੰ ਕਰਮ ਮਾਰਗ ਦਾ ਲੇਖਾ ਪੂਰਾ ਕਰਨਾ ਪੈਂਦਾ ਹੈ। ਇਸ ਨੂੰ ਜੀਵ ਚਾਹੇ ਇਕ ਜਨਮ ਵਿਚ ਪੂਰਾ ਕਰ ਲਵੇ ਜਾਂ ਬਹੁਤੇ ਜਨਮਾਂ ਵਿਚ। ਮਨੁੱਖ ਨੂੰ ਆਪਣੇ

ਕੀਤੇ ਦਾ ਫਲ ਪ੍ਰਾਪਤ ਹੁੰਦਾ ਹੈ ਚੰਗੇ ਕਰਮਾਂ ਦੇ ਰਾਹ ਤੇ ਚਲਦਾ ਉਹ ਕੁਝ ਜਨਮਾਂ ਬਾਅਦ ਆਪਣੇ ਸੰਚਿਤ ਕਰਮਾਂ ਨੂੰ ਭੋਗ ਲੈਂਦਾ ਹੈ। ਅਤੇ ਫਿਰ ਪ੍ਰਭੂ-ਕਿਰਪਾ ਹੁੰਦੀ ਹੈ ਤਾਂ ਉਹ ਜੀਵਨ ਦਾ ਸਰਵੋਤਮ ਕਾਰਨ ਭਗਤੀ ਕਰਦਾ ਹੈ ਜਿਸ ਨਾਲ ਉਸ ਨੂੰ ਮੁਕਤੀ ਪ੍ਰਾਪਤ ਹੁੰਦੀ ਹੈ। ਕੇਵਲ ਕਰਮ ਦੇ ਰਾਹ ਤੇ ਚਲਦੇ ਮਨੁੱਖ ਨੂੰ ਇਹ ਮੁਕਤੀ ਕਈ ਜਨਮਾਂ ਤੋਂ ਬਾਅਦ ਪ੍ਰਾਪਤ ਹੁੰਦੀ ਹੈ।

ਗੁਰੂ ਰਵਿਦਾਸ ਜੀ ਨੇ ਕਰਮਾਂ ਰਾਹੀਂ ਮੁਕਤੀ ਦਾ ਵਰਣਨ ਕੀਤਾ ਹੈ ਪਰ ਉਨ੍ਹਾਂ ਨੇ ਕੇਵਲ ਇਸ ਰਾਹ ਤੇ ਚਲਣ ਦੀ ਹਾਮੀ ਨਹੀਂ ਭਰੀ। ਉਨ੍ਹਾਂ ਅਨੁਸਾਰ ਮਨੁੱਖ ਨੂੰ ਕਰਮਾਂ ਦਾ ਫਲ ਭੋਗਣਾ ਜ਼ਰੂਰ ਪੈਂਦਾ ਹੈ। ਇਸ ਲਈ ਮਨੁੱਖ ਨੂੰ ਮੁਕਤੀ ਪ੍ਰਾਪਤ ਕਰਨ ਲਈ ਸਤਿ ਕਰਮ ਕਰਨੇ ਚਾਹੀਦੇ ਹਨ। ਕਰਮ ਕੇਵਲ ਗਿਆਨ ਦੀ ਪ੍ਰਾਪਤ ਲਈ ਕੀਤੇ ਜਾਂਦੇ ਹਨ ਜਦੋਂ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਕਰਮਾਂ ਦਾ ਨਾਸ ਹੋ ਜਾਂਦਾ ਹੈ। ਸਭ ਤੋਂ ਉਤਮ ਕਰਮ ਭਗਤੀ ਹੈ:

ਜੋ ਕਛੁ ਬੋਵਾ ਲੁਨੀਐ ਸੋਇ, ਤਾਂ ਮੈ ਫੇਰ ਫਾਰ ਨਹੀਂ ਹੋਈ ॥
ਛਾਡਿਆ ਕੂਰ ਭਜੈ ਹਰਿ ਚਰਨਾ, ਤਾਕਾ ਮਿਟੈ ਜਨਮ ਅਰੁ ਮਰਨਾ ॥[53]

ਗੁਰੂ ਜੀ ਅਨੁਸਾਰ ਮਨੁੱਖ ਨੂੰ ਆਪਣੇ ਕੀਤੇ ਕਰਮਾਂ ਦਾ ਫਲ ਤਾਂ ਜ਼ਰੂਰ ਭੋਗਣਾ ਪੈਂਦਾ ਹੈ ਪਰ ~~ਤਾਂ~~ ਇਸ ਦਾ ਇਹ ਵੀ ਅਰਥ ਨਹੀਂ ਕਿ ਕਈ ਜਨਮ ਇਸ ਦੇ ਲੇਖੇ ਲਾਏ ਜਾਣ। ਜੇ ਕਰ ਇਕ ਜਨਮ ਵੀ ਪ੍ਰਭੂ ਦੇ ਨਾਂ ਤੇ ਲਿਖ ਦਿਤਾ ਜਾਵੇ ਤਾਂ ਮਨੁੱਖ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਅਜਾਮੁਲ, ਪਿੰਗਲਾ, ਬਾਲਮੀਕ ਵਰਗੇ ਜੋ ਪਾਪਾਂ ਦੇ ਭਾਰ ਥਲੇ ਦਬੇ ਪਏ ਸਨ, ਨੇ ਭਗਤੀ ਰਾਹੀਂ ਮੁਕਤੀ ਪ੍ਰਾਪਤ ਕੀਤੀ। ਇਸ ਲਈ ਗੁਰੂ ਜੀ ਲਿਖਦੇ ਹਨ:

1. ਬਹੁਤ ਜਨਮ ਬਿਛੁਰੇ ਥੇ ਮਾਧੋ ॥
   ਇਹੁ ਜਨਮ ਤੁਮਾਰੇ ਲੇਖੇ ॥[54]
2. ਅਜਾਮਲੁ ਪਿੰਗਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸ ॥
   ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ ॥[55]

<u>ਭਗਤੀ</u>:- ਮੁਕਤੀ ਪ੍ਰਾਪਤੀ ਦਾ ਸਰਵੋਤਮ ਸਾਧਨ ਭਗਤੀ ਹੈ। ਰੋਜ ਮਰਾ ਦਾ ਕਾਰ ਵਿਹਾਰ ਗਿਆਨ ਦੀ ਖਾਤਰ ਹੈ ਪ੍ਰਭੂ ਵਿਚ ਪਰਚਣ ਲਈ ਹੈ ਉਹ ਜੀਵਨ ਦੀ ਸੂਝ ਲਈ ਹੈ। ਇਸ ਤੋਂ ਬਾਅਦ ਮੋਹ-ਮਾਇਆ ਮਿਟ ਜਾਂਦੇ ਹਨ। ਜਿਵੇਂ ਸਿਆਣੀ ਇਸਤਰੀ ਘਿਉ ਦੀ ਖਾਤਰ ਦਹੀਂ ਰਿੜਕਦੀ ਹੈ ਤਿਵੇਂ ਹੀ ਮਨੁੱਖ ਜੀਵਨ ਮੁਕਤੀ ਜਾਂ ਸਦੀਵੀ ਨਿਰਵਾਣ ਪ੍ਰਾਪਤ ਕਰਨ ਲਈ ਨਾਮ ਜਪਦਾ ਹੈ।

~~ਫਲ ਕਾਰਨ~~

ਫਲ ਕਾਰਨ ਫੂਲੀ ਬਨਰਾਇ, ਫਲੁ ਲਾਗਾ ਤਬ ਫੂਲੁ ਬਿਲਾਇ ॥

ਗਿਆਨੈ ਕਾਰਨ ਕਰਮ ਅਭਿਆਸ। ਗਿਆਨ ਭਇਆ ਤਹ ਕਰਮਹੁ ਨਾਸ ॥
ਘ੍ਰਿਤ ਕਾਰਨ ਦਧਿ ਮਥੈ ਸਇਆਨ ॥ ਜੀਵਨ ਮੁਕਤ ਸਦਾ ਨਿਰਬਾਨ ॥
ਕਹਿ ਰਵਿਦਾਸ ਪਰਮ ਬੈਰਾਗ। ਰਿਦੈ ਰਾਮ ਕੀ ਨ ਜਪਸਿ ਅਭਾਗ॥[56]

ਪ੍ਰਭੂ ਸਿਮਰਨ ਨਾਲ ਜੀਵਨ ਸਾਰਥਕ ਹੋ ਜਾਂਦਾ ਹੈ। ਭੌ-ਸਾਗਰ ਨੂੰ ਪਾਰ ਕਰਨ ਲਈ ਰਾਮਨਾਮ ਹੀ ਪਤਵਾਰ ਹੈ । ਇਸ ਤੋਂ ਬਿਨਾਂ ਕਿਸੇ ਨੂੰ ਮੁਕਤੀ ਪ੍ਰਾਪਤ ਨਹੀਂ ਹੁੰਦੀ। ਇਸ ਲਈ ਗੁਰੂ ਜੀ ਨਾਮ-ਜਪਣ ਦਾ ਸੰਦੇਸ਼ ਦਿੰਦੇ ਹਨ:

ਕਹੈ ਰਵਿਦਾਸ ਰਾਮ ਜਪਿ ਭਾਈ
ਸੰਤ ਸਾਖੀ ਦੇ ਬਹੁਰਿ ਨਾ ਆਉ ॥[57]

ਕਹੈ ਰਵਿਦਾਸ ਸੁਨਹੁ ਰੇ ਸੰਤੋ, ਰਾਮ ਭਜਨ ਬਿਨੁ
ਕਿਨ ਗਤਿ ਪਾਈ ॥[58]

ਮੁਕਤੀ ਪ੍ਰਾਪਤੀ ਲਈ ਸਤਿਗੁਰੂ ਦੀ ਕ੍ਰਿਪਾ ਦ੍ਰਿਸ਼ਟੀ ਦਾ ਬਹੁਤ ਮਹੱਤਵ ਹੈ। ਪ੍ਰਭੂ ਕਿਰਪਾ ਦਾ ਪਾਤਰ ਬਣਕੇ ਹੀ ਮਨੁੱਖ ਮੋਖਸ਼ ਪ੍ਰਾਪਤ ਕਰ ਸਕਦਾ ਹੈ।

1. ਤਤ ਪਦੁ ਦੀਨ ਦਿਆਲ ਹੈ, ਕਹੀਅਤ ਵਿਸਵ ਨਿਵਾਸੁ
ਜਾਸੋ ਆਤਮ ਪ੍ਰਗਾਸ ਹੈ ਭਜੇ ਤਾਹਿ ਰਵਿਦਾਸ ॥
2. ਰਵਿਦਾਸ ਬਿਨਵੈ ਕਰ ਜੋਰਿ ਅਹੋ ਸਵਾਮੀ ਤੁਮ ਮਾਹਿ ਨ ਖਰਿ
ਸੁਤ ਪੂਰਬਲਾ ਅਕਰਮ ਮੋਰ, ਬਲਿ ਜਾਊਂ ਕਰੌ ਨਿਜਕੋਰ ॥[58]

ਗੁਰੂ ਰਵਿਦਾਸ ਜੀ ਦੀ ਭਗਤੀ ਸਾਧਨਾ ਵਿਚ ਗੁਰੂ ਦਾ ਵਿਸ਼ੇਸ਼ ਮਹੱਤਵ ਹੈ ਕਿਉਂਕਿ ਗੁਰ ਦੇ ਦੁਆਰਾ ਪਰਮਾਤਮਾ ਦਾ ਸਾਖਿਆਤਕਾਰ ਕਰਕੇ ਹੀ ਮੁਕਤੀ ਪ੍ਰਾਪਤ ਹੁੰਦੀ ਹੈ। ਗੁਰੂ ਦੀ ਸ਼ਰਨ ਵਿਚ ਜਾਣ ਨਾਲ ਅਤੇ ਗਿਆਨ ਪ੍ਰਾਪਤੀ ਨਾਲ ਚੰਚਲ ਮਨ ਥਿਰ ਹੋ ਜਾਂਦਾ ਹੈ, ਅਤੇ ਸ੍ਰਾਮ-ਅਵਸਥਾ ਪ੍ਰਾਪਤ ਕਰ ਲੈਂਦਾ ਹੈ। ਆਸ਼ਾ-ਨਿਰਾਸ਼ਾ, ਸੁਖ ਦੁਖ ਵਿਸ਼-ਅੰਮ੍ਰਿਤ ਨੂੰ ਸਮ ਸਮਝਣ ਯੋਗ ਹੋ ਜਾਂਦਾ ਹੈ ਕਿਉਂਕਿ ਵਿਸ਼ੇ ਵਿਕਾਰ ਤੋਂ ਛੁਟਕਾਰਾ ਮਿਲ ਜਾਂਦਾ ਹੈ ਅਤੇ ਸਾਧਕ ਮੁਕਤੀ ਦੇ ਰਾਹ ਤੇ ਅਗ੍ਰਸਰ ਹੁੰਦਾ ਹੈ। ਉਹ ਸਹਿਜ ਅਵਸਥਾ ਪ੍ਰਾਪਤ ਕਰ ਲੈਂਦਾ ਹੈ:

1. ਗੁਰੂ ਕਾ ਗਯਾਨ, ਪ੍ਰੇਮ ਕੀ ਸਾਂਟੀ, ਕਬੁਧ ਕੁਕਰਮ ਛੁੜਾਏ ॥
ਕਹਿ ਰਵਿਦਾਸ ਮਨ ਥਿਰ ਹੈਵਸੀ ਚਲੇ ਸਭ ਛਾਂਡ ਗੁਰ ਸਰਣਾਈ ॥[59]
2. ਕਾਮ ਕ੍ਰੋਧ ਹੰਕਾਰ ਨਿਵਾਰਯੋ, ਤ੍ਰਿਸਨਾ ਤਯਾਗਹੁ ਸੰਤ ਜਨਾ
ਕਹਿ ਰਵਿਦਾਸ ਭਈ ਸੀਤਲ ਕਾਸਾਂ, ਜਯੋਂ ਹੋਂ ਲਾਗੋਂ ਗੁਰੂ ਚਰਨਾ ॥[60]

ਮੁਕਤੀ ਲਈ ਸ਼ਬਦ- ਸਿਮਰਨ ਬਹੁਤ ਜ਼ਰੂਰੀ ਹੈ। ਇਸ ਨਾਮ ਸਦਕਾ ਤਾਂ ਨਾਮਦੇਵ

ਕਬੀਰ, ਤ੍ਰਿਲੋਚਨ ਸਧਨਾ ਸੈਨ ਤਰੈ ਹਨ। ਜਿਥੇ ਸਾਰਾ ਜਗ ਮਾਇਆ ਰੂਪੀ ਲੁਟੇਰਿਆਂ ਨਾਲ ਲੁਟਿਆ ਜਾ ਰਿਹਾ ਹੈ ਉਥੇ 'ਰਵਿਦਾਸ ਜੀ' 'ਇਕ ਰਾਮ' ਕਹਿ ਕੇ ਛੁਟ ਗਏ। 'ਰੰਰਕਾਰ' ਸ਼ਬਦ ਦੇ ਸਿਮਰਨ ਨਾਲ ਸੰਤ ਸਾਧੂ ਸਹਿਜੇ ਹੀ ਮੁਕਤੀ ਪ੍ਰਾਪਤ ਕਰ ਲੈਂਦੇ ਹਨ। ਗਿਆਨੀ, ਬ੍ਰਹਮ, ਗਿਆਨੀ ਹੀ ਨਹੀਂ ਸ਼ਬਦ ਦੀ ਕਮਾਈ ਨਾਲ ਅਨੇਕਾਂ ਅਧਮ ਜੀਵ ਮੁਕਤ ਹੋ ਗਏ।

ਅਨੇਕ ਅਧਮ ਜੀਵ ਨਾਂਵ ਗੁਨਿ ਉਧਰੇ ਪਤਿਤ ਪਾਵਨ ਭਏ ਪਰਿਸ ਸਾਰੇ ॥
ਭੰਣਤ ਰਵਿਦਾਸ ਰੰਰਕਾਰ ਗੁਣ ਗਾਵਤ, ਸੰਤ ਸਾਧੂ ਭਏ ਸਹਿਜ ਭਾਰ ॥[61]

ਅਹੰਕਾਰ ਅਤੇ ਹਉਮੈਂ ਦੀ ਤਿਆਗ ਕਰਨ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ ਕਿਉਂਕਿ ਆਪਣੇ ਆਪ ਦੀ ਭਾਵਨਾ ਮਨੁੱਖ ਨੂੰ ਬੰਧਨਾਂ ਅਤੇ ਵਿਕਾਰਾਂ ਵਿਚ ਪਾਉਂਦੀ ਹੈ। ਜਿਸ ਨਾਲ ਪ੍ਰਭੂ ਤੇ ਆਤਮਾ ਵਿਚ ਦਵੈਤ ਪੈਦਾ ਹੁੰਦੀ ਹੈ ਇਸ ਲਈ ਮੁਕਤੀ ਲਈ ਹਉਮੈ ਦਾ ਤਿਆਗ ਬਹੁਤ ਜ਼ਰੂਰੀ ਹੈ:

1. ਕਹਿ ਰਵਿਦਾਸ ਮੇਟਿ ਆਪਾ ਪਰਾਵਾ ਉਰਹਿ ਪਾਵੇਗਾ ॥ [62]

2. ਕਹੈ ਰਵਿਦਾਸ ਤੇਰੀ ਭਗਤਿ ਦੂਰ ਹੈ, ਭਾਗ ਬਡੇ ਸੋ ਪਾਵੈ
   ਤਜਿ ਅਭਿਮਾਨ ਮੇਟਿ ਆਪਾ ਪਰ, ਪਿਪਲਕ ਹੋਣ ਚੁਣਿ ਖਾਵੈ ॥[63]

3. ਰਾਮ ਮਿਲਯੌ ਅਪਨੇ ਗੁਨ ਖੋਯੌ, ਰਿਧੀ ਸਿਧੀ ਸਬੈ ਗੰਵਾਈ ॥[64]

ਪ੍ਰਭੂ ਪ੍ਰਾਪਤੀ ਲਈ ਆਤਮ ਨਿਵੇਦਨ, ਆਤਮ ਸਮਰਪਣ ਜਾਂ ਪ੍ਰਭੂ ਦੀ ਸ਼ਰਨ ਵਿਚ ਜਾਣਾ ਵੀ ਅਤਿ ਜ਼ਰੂਰੀ ਹੈ:

1. ਕਹੈ ਰਵਿਦਾਸ ਤਵੈ ਸਚੁ ਪਾਵੈ, ਆਪਾ ਉਲਟਿ ਸਮਾਈ ॥[65]

2. ਕਹੈ ਰਵਿਦਾਸ ਬਿਸਵਾਸ ਮਨ ਐਹੀ ਹੈ
   ਸਰਨਿ ਆਵੈ ਤੋਹਿ ਸੋਈ ਨਿਵਾਜਾ ॥[66]

ਉਪਨਿਸ਼ਦਾਂ ਵਿਚ ਯੌਗਿਕ ਸਾਧਨਾ ਦਾ ਵਰਣਨ ਮੁਕਤੀ ਦੇ ਸਾਧਨ ਦੇ ਰੂਪ ਵਿਚ ਵੀ ਹੋਇਆ ਹੈ। ਸਮਾਧੀ ਲਗਾਕੇ ਮਨ ਇੰਦਰੀਆਂ ਨੂੰ ਹਿਰਦੇ ਵਿਚ ਸੰਕੁਚਿਤ ਕਰਕੇ, ਵਿਦਵਾਨ ਉਂਕਾਰ ਰੂਪੀ ਬੜੀ ਦੇ ਦੁਆਰਾ ਸੰਪੂਰਣ ਭਿਆਨਕ ਜਲ ਪ੍ਰਵਾਹਾਂ ਨੂੰ ਪਾਰ ਕਰ ਜਾਂਦਾ ਹੈ।[67]

ਗੀਤਾ ਵਿਚ ਵੀ ਪਰਮਗਤੀ ਸੰਬੰਧੀ ਦਿਤੇ ਵਿਚਾਰ ਗੁਰੂ ਰਵਿਦਾਸ ਜੀ ਦੇ ਵਿਚਾਰਾਂ ਨਾਲ ਸਮਾਨਤਾ ਰਖਦੇ ਹਨ।

ਸਭ ਦੁਆਰਾਂ ਨੂੰ ਰੋਕ ਯੋਗ ਧਾਰਨਾ ਵਿਚ ਸਥਿਤ ਹੋ ਕੇ ਆਪਣੇ ਪ੍ਰਾਣਾਂ ਨੂੰ ਦਿਮਾਗ ਵਿਚ ਠਹਿਰਾਂਦੇ ਉਂਕਾਰ ਅੱਖਰ ਰੂਪ ਬ੍ਰਹਮ ਦਾ ਉਚਾਰਣ ਕਰਦਾ ਹੋਇਆ ਮਨੁੱਖ ਪਰਮਗਤੀ ਨੂੰ ਪ੍ਰਾਪਤ ਹੁੰਦਾ ਹੈ।

ਗੁਰੂ ਰਵਿਦਾਸ ਜੀ ਨੇ ਇਕ ਹੀ ਸ਼ਬਦ ਵਿਚ ਪ੍ਰਭੂ ਦੇ ਨਿਵਾਸ-ਸਥਾਨ, ਉਸ ਦੀ ਪ੍ਰਾਪਤੀ ਸਾਧਨ ਅਤੇ ਮੁਕਤ-ਅਵਸਥਾ ਵਿਚ ਸਾਧਕ ਤੇ ਪਏ ਪ੍ਰਭਾਵਾਂ ਜਾਂ ਉਸਦੇ ਅਨੁਭਵਾਂ ਦਾ ਦ੍ਰਿਸ਼ ਚਿਤਰਣ ਕੀਤਾ ਹੈ। ਗੁਰੂ ਜੀ ਪ੍ਰਭੂ ਵਿਚ ਧਿਆਨ ਲਗਾਉਣ ਮਨ ਦੀ ਸੁਧੀ ਨਾਲ ਸੁਖਮਨਾ ਨਾੜੀ ਨੂੰ ਜਾਗਰਿਤ ਕਰਨ ਇਕੋ ਜਪ ਜਪਣ, ਇਕੋ ਤਪ ਤਪਣ , ਇਕ ਗੁਰੂ ਦੀ ਸ਼ਰਨ ਵਿਚ ਜਾਣ, ਇਕੋ ਜੋਤਿ ਨੂੰ ਨਿਹਾਰਨ, ਮਾਇਆ ਦਾ ਤਿਆਗ ਕਰ ਪ੍ਰਭੂ ਪ੍ਰੇਮ ਦੇ ਪਾਤਰ ਬਣ, ਸੁੰਨ ਮੰਡਲ ਵਿਚੋਂ ਪਰਮ ਤਤ ਨੂੰ ਚੀਨਣ ਅਤੇ ਉਸਦੇ ਦਰਸ਼ਨ ਦੇ ਅਕਥਨੀਯ ਵਰਣਨ ਜਾਂ ਅਨਿਰਵਚਨੀਯ ਅਨੁਭਵ ਸੰਬੰਧੀ ਦਸ ਜਾਂਦੇ ਹਨ। ਤਾਂ ਕਿ ਸਾਧਕ ਨੂੰ ਉਰਵਾਰ ਮੁਕਤੀ ਅਤੇ ਪਾਰ-ਮੁਕਤੀ ਪ੍ਰਾਪਤ ਹੋ ਜਾਵੇ। ਆਵਾਗਵਨ ਤੋਂ ਨਿਸਤਾਰਾ ਹੋ ਜਾਵੇ ਅਤੇ ਪ੍ਰਭੂ ਦੇ ਚਰਨਾਂ ਵਿਚ ਸਦੀਵੀ ਸਥਾਨ ਪ੍ਰਾਪਤ ਹੋ ਜਾਵੇ ਜਾਂ ਅਮਰਤੱਵ ਨਾਲ ਪਰਮਪਦ ਪ੍ਰਾਪਤ ਹੋ ਜਾਵੇ:

ਐਸਾ ਧਯਾਨ ਧਰੋ ਬਨਵਾਰੀ, ਮਨ ਪਵਨ ਦ੍ਰਿੜ ਸੁਖਮਨਨਾਰੀ॥
ਸੋਈ ਜਪ ਜਪੋ ਜੁ ਬਹੁਰਿ ਨ ਜਪਨਾ, ਸੋਈ ਤਪ ਤਪੋ ਜੋ ਬਹੁਤ
ਨਾ ਤਪਨਾ ॥
ਸੋਈ ਗੁਰ ਕਰੋ ਜੁ ਬਹੁਰਿ ਨ ਕਰਨਾ, ਐਸੋ ਮਰੋਂ ਜੁ ਬਹੁਰਿ ਨਾ ਮਰਨਾ ॥
ਉਲਟੀ ਗੰਗ ਜਮੁਨਿ ਮਹਿ ਲਯਾਵੋਂ, ਬਿਨ ਹੀ ਜਲ ਮੱਜਨ ਹਵੈ ਆਏ ॥
ਲੋਚਨ ਭਰਿ ਭਰਿ ਬਯੰਬ ਨਿਹਾਰੌਂ, ਜੋਤਿ ਬਿਚਾਰਿ ਨ ਅਵਰ ਬਿਚਾਰੋ ॥
ਪਯੰਡ ਪਰੈ ਜੀਵ ਜਿਸ ਘਰਿ ਜਾਤਾ, ਸਬਦ ਅਤੀਤ ਅਨਹਦ ਰਾਤਾ ॥
ਜਾ ਪਰਿ ਕਿਰਪਾ ਸੋਈ ਭਲ ਜਾਨੈ ਗੀ ਹੋ ਸਾਕਰ ਕਹਾ ਬਖਾਨੈ ॥
ਸੁੰਨਿ ਮੰਡਲ ਮੇਂ ਤੇਰਾ ਬਾਸਾ, ਤਾਥੈਂ ਜੀਵ ਮੈਂ ਰਹੋ ਉਦਾਸਾ ॥
ਕਹੈ ਰਵਿਦਾਸ ਨਿਰੰਜਨੁ ਧਯਾਔ, ਜਿਸ ਘਰਿ ਜਾਉਂ ਹੌ ਬਹੁਰਿ ਨਾ ਆਉਂ ॥[69]

ਉਪਰੋਕਤ ਵਰਨਣ ਤੋਂ ਪਤਾ ਚਲਦਾ ਹੈ ਕਿ ਗੁਰੂ ਰਵਿਦਾਸ ਜੀ ਨੇ ਸੁਕ੍ਰਿਤ ਕਰਦਿਆਂ ਗੁਰੂ ਦੇ ਗਿਆਨ ਦੇ ਦੀਵੇ ਦੀ ਲੋਅ ਵਿਚ ਪ੍ਰਭੂ ਦੀ ਮਿਹਰ ਦਾ ਪਾਤਰ ਬਣ ਉਸਦੀ ਸ਼ਰਣ ਵਿਚ ਰਹਿ ਕੇ , ਆਪਾ ਤਿਆਗ ਕੇ ਸਤਿਸੰਗ ਦੀ ਸੰਗਤ ਵਿਚ ਪਰਮਤੱਤ ਦੀ ਪ੍ਰੇਮ ਨਾਮ ਭਗਤੀ ਕੀਤੀ ਅਤੇ ਸਿਧੀ, ਪਰਮ ਨਿਧੀ, ਪਰਮਪਦ, ਨਿਰਵਾਨ, ਨਿਰਮਲਤਾ, ਨਿਸਤਾਰਾ, ਉਰਵਾਰ-ਪਾਰ,

ਪਰਮ ਰੂਪ ਹਮ ਸੋਈ, ਜਿਸ ਘਰਿ ਜਾਉ ਹੌ ਬਹੁਰਿ ਨਾ ਆਉ

ਪਰਮ ਗਤਿ, ਸੁਖ-ਸਾਰ ਦੀ ਅਵਸਥਾ ਪ੍ਰਾਪਤ ਕੀਤੀ।

3. <u>ਵਿਭਿੰਨ ਮੁਕਤੀਆਂ</u>:- ਦਵੈਤਵਾਦ ਅਨੁਸਾਰ ਮੁਕਤੀ ਚਾਰ ਪ੍ਰਕਾਰ ਦੀ ਹੈ - ਸਾਲੋਕਯ ਸਾਮੀਪਯ, ਸਾਰੂਪਯ ਅਤੇ ਸਾਯੁਜਯ। ਗੀਤਾ ਵਿਚ ਵੀ ਪੰਜ ਪ੍ਰਕਾਰ ਦੀਆਂ ਮੁਕਤੀਆਂ ਦਾ ਵਰਨਣ ਹੈ।

1. <u>ਸਾਲੋਕਯ ਮੁਕਤੀ</u>:- ਇਸ ਮੁਕਤੀ ਵਿਚ ਜੀਵ ਪਰਮਾਤਮਾ ਦੇ ਦੇਸ ਜਾ ਕੇ ਆਪਣੀ ਇੱਛਾ ਅਨੁਕੂਲ ਭੋਗ ਕਰਦਾ ਹੈ। ਸੰਤਾਂ ਦੀ ਬਾਣੀ ਵਿਚ ਇਕ ਵਿਲੱਖਣ ਧਰਤੀ ਜਾਂ ਸੰਤਾਂ ਦੇ ਦੇਸ਼ ਸੰਬੰਧੀ ਵਰਣਨ ਆਉਂਦਾ ਹੈ। ਕੁਝ ਸੰਤਾਂ ਨੇ ਇਸ ਨੂੰ ਇਸ ਵਿਸ਼ਵ ਵਿਚ ਮੰਨਿਆ ਹੈ ਅਤੇ ਕੁਝ ਨੇ ਆਤਮਿਕ ਉਡਾਰੀ ਦੇ ਵਿਸ਼ੇਸ਼ ਦੇਸ਼ ਦੀ ਕਲਪਨਾ ਕੀਤੀ ਹੈ। ਇਹ ਸਾਡੇ ਵਰਗੇ ਲੋਕਾਂ ਲਈ ਕਲਪਨਾ ਪ੍ਰਤੀਤ ਹੁੰਦੀ ਹੈ। ਅਸਲ ਵਿਚ ਇਸਦਾ ਅਨੁਭਵ ਸੰਤਾਂ ਵਰਗੀ ਅਨੁਭੂਤੀ ਦੇ ਪੱਧਰ ਤੇ ਹੀ ਪ੍ਰਾਪਤ ਹੁੰਦੀ ਹੈ। ਸੰਤ ਜਨਾਂ ਨੇ ਇਸ ਸ੍ਰਿਸ਼ਟੀ ਤੋਂ ਉਪਰ ਸੰਤ ਗੁਰੂ, ਪਰਮ ਰੂਪ ਆਤਮਾਵਾਂ ਦਾ ਸਥਾਨ ਮੰਨਿਆ ਹੈ। ਜਿਸਨੂੰ 'ਬੈਕੁੰਠ ਨਗਰ' ਦਾ ਨਾਮ ਵੀ ਦਿੱਤਾ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਵਾਕ ਹੈ "ਬੈਕੁੰਠ ਨਗਰ ਜਹਾਂ ਸੰਤਾਂ ਵਾਸਾ" ਇਹ ਅਜਿਹਾ ਦੇਸ਼ ਹੈ ਜਿਹੜਾ ਸਮੁੱਚੇ ਬ੍ਰਹਿਮੰਡ ਦੇ ਪਸਾਰੇ ਵਿਚ ਸਮਾਇਆ ਹੋਇਆ ਹੈ। ਇਸ ਦੀ ਹੋਂਦ ਤ੍ਰੈਲੋਕਾਂ ਵਿਚ ਹੀ ਮੰਨਣੀ ਚਾਹੀਦੀ ਹੈ। ਗੁਰੂ ਰਵਿਦਾਸ ਜੀ ਨੇ ਵੀ ਅਜਿਹੇ ਦੇਸ਼ ਦਾ ਵਰਣਨ ਕੀਤਾ ਹੈ। ਇਹ ਦੇਸ਼ ਹੈ - ਬੇਗਮਪੁਰਾ। ਇਸ ਦਾ ਹਰ ਇਕ ਵਾਸੀ ਗੁਰੂ ਰਵਿਦਾਸ ਜੀ ਦਾ ਮੀਤ ਹੈ। ਇਸ ਦੇਸ਼ ਦੀ ਪ੍ਰਾਪਤੀ ਵੀ ਮੁਕਤੀ ਹੈ। ਜਿਸਨੂੰ ਅਸੀਂ ਸਾਲੋਕਯ ਮੁਕਤੀ ਕਹਿ ਸਕਦੇ ਹਾਂ।

> ਬੇਗਮਪੁਰਾ ਸਹਰ ਕੋ ਨਾਉ, ਦੂਖੁ ਅੰਦੋਹ ਨਹੀਂ ਤਿਹਿ ਠਾਉ ॥
> ਨਾ ਤਸਵੀਸ ਖਿਰਾਜੁ ਨਾ ਮਾਲ, ਖਉਫੁ ਨਾ ਖਤਾ ਨਾ ਤਰਸੁ ਜਵਾਲੁ ॥
> ਅਬ ਮੋਹਿ ਖੂਬ ਵਤਨ ਗਹ ਪਾਈ, ਊਹਾਂ ਖੈਰਿ ਸਦਾ ਮੇਰੇ ਭਾਈ ॥
> ਤਿਉ ਤਿਉ ਸੈਲ ਕਰਹਿ ਜਿਉ ਭਾਵੈ, ਮਹਰਮ ਮਹਲ ਨ ਕੋ ਅਟਕਾਵੈ ॥
> ਕਹਿ ਰਵਿਦਾਸ ਖਲਾਸ ਚਮਾਰਾ, ਜੋ ਹਮ ਸਹਰੀ ਸੁ ਮੀਤ ਹਮਾਰਾ ॥[70]

ਗੁਰੂ ਰਵਿਦਾਸ ਜੀ ਨੇ 'ਬੈਕੁੰਠ' ਸਥਾਨ ਦਾ ਵਰਣਨ ਵੀ ਕੀਤਾ ਹੈ। ਉਨ੍ਹਾਂ ਅਨੁਸਾਰ ਪ੍ਰਭੂ ਸਿਮਰਨ ਵਿਚ ਸਾਧਕ ਨੂੰ ਇਸ ਪਵਿਤਰ ਧਰਤੀ ਦੀ ਪ੍ਰਾਪਤੀ ਅੰਤਿਮ ਸਵਾਸ ਲੈਣ ਕਾਰਣ ਪ੍ਰਾਪਤ ਹੁੰਦੀ ਹੈ। ਇਹ ਵੀ ਸਾਲੋਕਯ ਮੁਕਤੀ ਹੈ। ਉਹ ਲਿਖਦੇ ਹਨ:-

> ਤਾਂ ਥੈਂ ਭਲੋ ਸਵਾਨ ਕੋ ਸਤ੍ਰੁ, ਹਰਿਚਰਨਾਂ ਚਿਤ ਲਾਯਾ ਰੇ ॥
> ਮੁਵਾਂ ਮੁਕਤਿ ਬੈਕੁੰਠਹ ਬਾਸਾ, ਜੀਵਤ ਇਹਾਂ ਜਸ ਪਾਯਾ ਰੇ ॥[71]

2. <u>ਸਾਮੀਪਯ ਮੁਕਤੀ</u>:- ਇਸ ਮੁਕਤੀ ਵਿਚ ਸਾਧਕ ਈਸ਼ਵਰ ਦੀ ਨੇੜਤਾ ਅਤੇ ਪਿਆਰ ਪ੍ਰਾਪਤ ਕਰਕੇ ਆਨੰਦ ਮਾਣਦਾ ਹੈ। ਇਸ ਮੁਕਤੀ ਨੂੰ ਗੁਰੂ ਰਵਿਦਾਸ ਜੀ ਨੇ ਕਬੂਲ ਕੀਤਾ ਹੈ। ਉਹ ਤਾਂ ਹਮੇਸ਼ਾਂ ਹਮੇਸ਼ਾਂ ਲਈ ਉਸ ਦੇ ਸੰਗ ਸੰਗ ਰਹਿਣਾ ਚਾਹੁੰਦੇ ਹਨ।

(1) ਜਉ ਤੁਮ ਗਿਰਿਵਰ ਤਉ ਹਮ ਮੋਰਾ,
ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥
ਮਾਧਵੇ ! ਤੁਮ ਨ ਤੋਰਹੁ ਤਉ ਹਮ ਨਹੀਂ ਤੋਰਹਿ,
ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥ ੧ ॥ ਰਹਾਉ
ਜਉ ਤੁਮ ਦੀਵਰਾ, ਤਉ ਹਮ ਬਾਤੀ, ਜਉ ਤੁਮ ਤੀਰਥ ਤਉ ਹਮ ਜਾਤੀ ॥
ਜਹੀ ਜਹੀ ਜਾਉਂ ਤਹਾਂ ਤੁਮਰੀ ਸੇਵਾ
ਤੁਮ ਸੋਂ ਠਾਕੁਰ ਅਵਰੁ ਨਾ ਦੇਵਾ ॥[72]

2. ਆਦਿ ਅੰਤ ਮਧਿ ਸੰਗ ਤਿਹਾਰੇ,
ਅਬ ਕਾਹੇ ਕਰਤਹੁ ਨਿਨਾਰੇ ॥
ਕਹਿ ਰਵਿਦਾਸ ਬੇਗੁ ਮਿਲ ਠਾਕੁਰ, ਨਿਜ ਜਨ ਕੂੰ ਲੇਹ ਉਧਾਰਿ ॥[72-ਏ]

3. <u>ਸਾਰੂਪਯ ਮੁਕਤੀ</u>:- ਸਾਰੂਪਯ ਮੁਕਤੀ ਵਿਚ ਜੀਵ ਈਸ਼ਵਰ ਦੇ ਗੁਣਾਂ ਅਤੇ ਰੂਪ ਨੂੰ ਧਾਰਨ ਕਰਦਾ ਹੈ। ਇਸ ਮੁਕਤੀ ਦੇ ਸੰਕੇਤ ਵੀ ਸਭ ਸੰਗ ਦੀ ਬਾਣੀ ਵਿਚ ਪ੍ਰਾਪਤ ਹੁੰਦੇ ਹਨ। ਸੰਤ-ਜਨ ਪ੍ਰਭੂ ਦੇ ਮਜੀਠ ਰੰਗ ਵਿਚ ਰਤੇ ਉਚਤਮ ਗੁਣਾਂ ਨੂੰ ਪ੍ਰਾਪਤ ਹੁੰਦੇ ਹਨ। ਇਸ ਮੁਕਤੀ ਦੀਆਂ ਵੀ ਵਿਸ਼ਿਸ਼ਟ ਉਪਰੀ ਅਤੇ ਨਿਮਨ ਸੀਮਾ ਹਨ। ਦੋਵੇਂ ਸੀਮਾਵਾਂ ਦੇ ਅੰਤਰਾਲ ਵਿਚ ਸਾਧਕ ਸਦਗੁਣਾਂ ਅਤੇ ਸਤਿਗੁਣਾਂ ਦਾ ਧਾਰਨੀ ਹੁੰਦਾ ਹੈ । ਅੰਤ ਵਿਚ ਉਹ ਪਰਮਰੂਪ ਸਮਾਨ ਹੋ ਜਾਂਦਾ ਹੈ। ਗੁਰੂ ਰਵਿਦਾਸ ਜੀ ਨੇ ਆਪਣੀ ਪਰਮਰੂਪਤਾ ਵਾਲੀ ਅਵਸਥਾ ਦਾ ਵਰਣਨ ਕੀਤਾ ਹੈ। ਇਹ ਵੀ ਸਾਰੂਪਯ ਮੁਕਤੀ ਹੈ। ਇਸ ਵਿਚ ਸਾਧਕ ਈਸ਼ਵਰ ਨਹੀਂ ਹੋ ਜਾਂਦਾ ਸਗੋਂ ਉਸ ਸਮਾਨ ਹੋ ਜਾਂਦਾ ਹੈ ਉਹ ਆਪਣੀ ਹੋਂਦ ਕਾਇਮ ਰਖਦਾ ਹੈ।

ਮੁੰਡਕੋਪਨਿਸ਼ਦ ਵਿਚ ਵਰਣਨ ਹੈ ਕਿ ਜੋ ਉਸ ਬ੍ਰਹਮ ਨੂੰ ਜਾਣ ਲੈਂਦਾ ਹੈ ਉਹ ਆਪ ਬ੍ਰਹਮ ਰੂਪ ਹੋ ਜਾਂਦਾ ਹੈ।[73] ਗੁਰੂ ਰਵਿਦਾਸ ਜੀ ਵੀ ਮੁਕਤੀ ਨੂੰ ਬ੍ਰਹਮ ਰੂਪ ਹੋਣ ਸਵੀਕਾਰ ਕਰਦੇ ਹਨ:-

1. ਰਵਿਦਾਸ ਭਣੈ ਜੋ ਜਾਣੈ ਸੋ ਜਾਣੁ, ਸੰਤ ਅਨੰਤਹਿ ਅੰਤਰੁ ਨਾਂਹਿ ॥
ਭਣੈ ਰਵਿਦਾਸ ਅਬ ਕਾ ਕਹਿ ਸਾਉਂ, ਜਉ ਕੋਈ ਔਰਹਿ ਹੋਈ।[74]

2. ਜਾ ਸਯੌ ਗਾਇਹਿ ਗਾਣ ਕਹਤ ਹੈਂ, ਪਰਮ ਰੂਪ ਹਮ ਸੋਈ ॥[75]

4. <u>ਸਾਯੁਜਯ ਮੁਕਤੀ</u>:- ਇਸ ਮੁਕਤੀ ਵਿਚ ਸਾਧਕ ਈਸ਼ਵਰ ਵਿਚ ਪ੍ਰਵੇਸ਼ ਕਰਕੇ ਉਸਦੇ ਸਰੀਰ ਦੁਆਰਾ ਆਨੰਦ ਭੋਗਦਾ ਹੈ। ਜੀਵ ਉਸ ਦਾ ਹਿੱਸਾ ਬਣ ਜਾਂਦਾ ਹੈ। ਦੇਵ ਲੋਕ ਹੀ ਸਾਯੁਜਯ ਮੁਕਤੀ

ਦੇ ਅਧਿਕਾਰੀ ਮੰਨੇ ਗਏ ਹਨ। ਸੰਤ ਬਾਣੀ ਵਿਚ ਜੀਵ ਨੂੰ ਪਰਮਤਤ ਦਾ ਅੰਸ਼ ਮੰਨਿਆ ਜਾਂਦਾ ਹੈ। ਇਨ੍ਹਾਂ ਦਾ ਸੰਬੰਧ ਵੀ ਅੰਸ਼-ਅੰਸ਼ੀ ਦਾ ਹੈ । ਉਸ ਦੀ ਜੋਤਿ ਹੀ ਸਭ ਜੀਵਾਂ ਵਿਚਹਿਲੀ ਮਿਲੀ ਹੋਈ ਹੈ। ਅਗਿਆਨਤਾ ਕਾਰਨ ਦਵੈਤ ਪ੍ਰਤੀਤ ਹੁੰਦੀ ਹੈ। ਪਰੰਤੂ ਆਤਮ ਪ੍ਰਗਾਸ ਨਾਲ ਸਾਧਕ ਸਮਝ ਜਾਂਦਾ ਹੈ ਕਿ ਉਹ ਪਰਮਤਤ ਦਾ ਅੰਸ਼ ਹੈ। ਭਗਤੀ ਰਾਹੀਂ ਸਾਧਕ ਦੀ ਆਤਮਾ ਪਰਮ ਆਤਮਾ ਵਿਚ ਲੀਨ ਹੋ ਜਾਂਦੀ ਹੈ। ਇਸ ਤਰ੍ਹਾਂ ਸੰਤਾਂ ਦੀ ਸਾਯੁਜਯ ਮੁਕਤੀ ਸੰਬੰਧੀ ਧਾਰਨਾ ਦਵੈਤਵਾਦ ਨਾਲੋਂ ਥੋੜੀ ਜਿਹੀ ਭਿੰਨ ਹੈ ।

4. ਜੀਵਨ ਮੁਕਤੀ:- ਉਪਰੋਕਤ ਮੁਕਤੀਆਂ ਤੋਂ ਇਲਾਵਾ ਤਿੰਨ ਹੋਰ ਮੁਕਤੀਆਂ ਵੀ ਮੰਨੀਆਂ ਜਾਂਦੀਆਂ ਹਨ।

ਜੀਵਨ ਮੁਕਤੀ, ਵਿਦੇਹ ਮੁਕਤੀ ਅਤੇ ਨਿੱਤਯ ਮੁਕਤੀ ।

ਸਾਧਕ ਸਰੀਰ ਦੇ ਧਾਰਣ ਕਰਦੇ ਹੋਏ ਆਤਮ ਗਿਆਨ ਅਤੇ ਭਗਤੀ ਦੁਆਰਾ ਬੰਧਨਾਂ ਤੋਂ ਨਿਵਿਰਤੀ ਪ੍ਰਾਪਤ ਕਰਦਾ ਹੈ । ਉਹ ਜੀਵਨ ਮੁਕਤੀ ਹੈ ਜੋ ਜੀਵ ਦੇਹ ਦੇ ਨਸ਼ਟ ਹੋਣ ਤੇ ਮੁਕਤੀ ਪਾਪਤ ਕਰਦਾ ਹੈ। ਉਹ ਵਿਦੇਹ ਮੁਕਤੀ ਹੈ ਅਤੇ ਜੋ ਜੀਵ ਕਰਮਾਂ ਦੇ ਵਸ ਵਿਚ ਹੋ ਕੇ ਜਨਮ ਮਰਨ ਨੂੰ ਪ੍ਰਾਪਤ ਨਹੀਂ ਹੁੰਦੇ ਅਤੇ ਅਵਤਾਰਾਂ ਦੇ ਸਮਾਨ ਆਪਣੀ ਅਤੇ ਪਰਮਾਤਮਾ ਦੀ ਇੱਛਾ ਅਨੁਸਾਰ ਅਲੱਗ ਅਲੱਗ ਲੋਕਾਂ ਵਿਚ ਵਿਚਰਨ ਕਰਦੇ ਹਨ । ਨਿੱਤਯ ਮੁਕਤੀ ਨੂੰ ਪ੍ਰਾਪਤ ਹੁੰਦੇ ਹਨ।

ਗੁਰੂ ਰਵਿਦਾਸ ਬਾਣੀ ਵਿਚ ਕੁਝ ਮੁਕਤੀਆਂ ਦਾ ਵਰਣਨ ਤਾਂ ਆਉਂਦਾ ਹੈ ਪਰੰਤੂ ਿ ਉਹ ਅਜਿਹੀ ਪ੍ਰਕਾਰ ਵੰਡ ਵਿਚ ਨਹੀਂ ਪਏ। ਉਨ੍ਹਾਂ ਨੇ ਕੇਵਲ ਉਰਵਾਰ ਮੁਕਤੀ ਅਤੇ ਪਾਰ ਮੁਕਤੀ ਦਾ ਵਰਣਨ ਕੀਤਾ ਹੈ। ਜਿਸ ਨੂੰ ਉਹ ਜੀਵਨ ਮੁਕਤੀ ਵੀ ਕਹਿੰਦੇ ਹਨ। ਉਨ੍ਹਾਂ ਅਨੁਸਾਰ ਮੁਕਤੀ ਸਹਿਜ ਅਵਸਥਾ ਰਾਹੀਂ ਪ੍ਰਾਪਤ ਪਰਮ ਆਨੰਦ -ਅਵਸਥਾ ਹੈ , ਪਰਮਰੂਪਤਾ ਪ੍ਰਾਪਤ ਕਰਨਾ ਹੈ , ਅਮਰਤਵ ਦੀ ਪ੍ਰਾਪਤ ਹੈ ਬੈਕੁੰਠ ਨਗਰ ਦਾ ਵਾਸੀ ਹੋਣਾ ਹੈ। ਬੇਗਮਪੁਰਾ ਸ਼ਹਿਰ ਦੇ ਵਾਸੀ ਹੋਣਾ ਹੈ , ਆਵਾਗਵਨ ਤੋਂ ਛੁਟਕਾਰਾ ਪਾਣਾ ਹੈ, ਅਮਰਤਵ ਪ੍ਰਾਪਤ ਕਰਨਾ ਹੈ , ਅਨੰਤਤਾ ਪ੍ਰਾਪਤ ਕਰਨਾ ਹੈ , ਜੀਵਨ ਮੁਕਤੀ ਨਿਧੀ ਕਾਸ਼ੀ ਪ੍ਰਾਪਤ ਕਰਨਾ ਹੈ ।

ਉਨ੍ਹਾਂ ਦੀ ਮੁਕਤੀ ਸੰਪੂਰਨ ਜੀਵਨ ਮੁਕਤੀ ਹੈ। ਜਿਸ ਵਿਚ ਉਨ੍ਹਾਂ ਨੇ ਉਰਵਾਰ ਮੁਕਤੀ ਭਾਵ ਇਸ ਸੰਸਾਰ ਵਿਚ ਪ੍ਰਾਪਤ ਮੁਕਤੀ ਦਾ ਵਰਣਨ ਕੀਤਾ ਹੈ। ਇਹ ਮੁਕਤੀ ਸੰਸਾਰ ਭੈ-ਸਾਗਰ ਨੂੰ ਤੈਰ ਕੇ ਪ੍ਰਾਪਤ ਹੁੰਦੀ ਹੈ । ਸਹਿਜ-ਅਵਸਥਾ ਵਿਚ ਵਿਚਰਦੇ , ਆਤਮ ਪ੍ਰਗਾਸ ਦੁਆਰਾ ਪਰਮਜੋਤਿ ਨੂੰ ਸਭ ਵਿਚ ਪਹਿਚਾਣ ਕੇ ਪ੍ਰਾਪਤ ਹੁੰਦੀ ਹੈ। ਇਹ ਮੁਕਤੀ ਸਮੁੱਚੇ ਵਿਸ਼ਵ ਨੂੰ ਬੇਗਮਪੁਰਾ ਬਣਾ ਕੇ ਪ੍ਰਾਪਤ ਹੁੰਦੀ ਹੈ। ਦੂਜੀ ਮੁਕਤੀ ਹੈ - ਪਾਰ ਮੁਕਤੀ ਹੈ ਇਹ ਸਭ ਜਨਾਂ ਦਾ ਪਰਮ ਰੂਪ ਬਣ ਕੇ ਉਸ ਨਾਲ ਸਦੀਵੀ ਇਕਮਿਕਤਾ ਪ੍ਰਾਪਤ ਕਰਨਾ ਹੈ ਅਤੇ ਬੈਕੁੰਠ ਨਗਰ ਦਾ ਵਾਸੀ ਬਨਣਾ ਹੈ। ਗੁਰੂ ਰਵਿਦਾਸ ਜੀ ਅਨੁਸਾਰ ਉਹ ਦੋਵੇਂ ਮੁਕਤੀਆਂ ਕਿਸੇ ਵਿਰਲੇ

ਨੂੰ ਹੀ ਪ੍ਰਾਪਤ ਹੁੰਦੀਆਂ ਹਨ:

1. ਪਾਰ ਗਇਆ ਚਾਹੈ ਸਭ ਕੋਈ, ਰਹਿ ਉਰਵਾਰ ਪਾਰ ਨਹੀਂ ਹੋਈ ॥
ਪਾਰ ਕਹੈ ਉਰਵਾਰ ਸੂੰ ਪਾਰਾ, ਬਿਨ ਪਦ ਪਰਚੈ ਭ੍ਰਮੈ ਗੀਵਾਰਾ ॥[76]

ਗੁਰੂ ਰਵਿਦਾਸ ਜੀ ਨੇ ਆਪਣੀ ਮੁਕਤੀ ਨੂੰ ਜੀਵਨ ਮੁਕਤੀ ਦਾ ਨਾਮ ਦਿੱਤਾ ਹੈ। ਉਨ੍ਹਾਂ ਦਾ ਬ੍ਰਹਮ ਵੀ ਜੀਵਨ ਮੁਕਤੀ ਨਿਧੀ ਕਾਸੀ ਹੈ। ਜੀਵਨ ਮੁਕਤ ਹੋਣਾ ਹੀ ਨਿਰਵਾਨ ਪ੍ਰਾਪਤੀ ਹੈ।

1. ਕਹੈ ਰਵਿਦਾਸ ਸਹਜ ਸੁੰਨਿ ਸਤਿ ॥
ਜੀਵਨ ਮੁਕਤਿ ਨਿਧੀ ਕਾਸੀ ॥[77]

2. ਘ੍ਰਿਤ ਕਾਰਨ ਦਧਿ ਮਥੈ ਸਯਾਨ ॥
ਜੀਵਨ ਮੁਕਤ ਜਦਾ ਨਿਰਬਾਨ ॥

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗੁਰੂ ਰਵਿਦਾਸ ਜੀ ਨੇ ਲੋਕ-ਪਰਲੋਕ ਦੀ ਮੁਕਤੀ ਨੂੰ ਜੀਵਨ-ਮੁਕਤੀ ਕਿਹਾ ਹੈ।

ਸਮੁੱਚੇ ਤੌਰ ਤੇ ਵਿਚ ਅਸੀਂ ਆਖ ਸਕਦੇ ਹਾਂ ਕਿ ਭਾਵੇਂ ਗੁਰੂ ਰਵਿਦਾਸ ਜੀ ਮੂਲ ਰੂਪ ਵਿਚ ਇਕ ਭਗਤ ਸਨ, ਇਕ ਦਾਰਸ਼ਨਿਕ ਚਿੰਤਕ ਨਹੀਂ। ਫਿਰ ਵੀ ਅਨੁਭਵ ਦੀ ਪੱਧਰ ਤੇ ਪ੍ਰਭੂ ਨਾਲ ਅਭੇਦਤਾ ਵਿਚੋਂ ਜੋ ਗਿਆਨ ਉਨ੍ਹਾਂ ਨੂੰ ਪ੍ਰਾਪਤ ਹੋਇਆ ਅਤੇ ਜਿਸਦਾ ਉਲੇਖ ਉਨ੍ਹਾਂ ਦੀ ਬਾਣੀ ਵਿਚ ਥਾਂ ਥਾਂ ਤੇ ਪ੍ਰਾਪਤ ਹੈ ਕਿਸੇ ਗਿਆਨੀ ਦਾਰਸ਼ਨਿਕ ਨਾਲੋਂ ਘੱਟ ਨਹੀਂ, ਵਧ ਜ਼ਰੂਰ ਹੈ। ਕਿਉਂਕਿ ਅਨੁਭਵ ਦੇ ਸਾਹਮਣੇ ਬੌਧਿਕਤਾ ਦੁਆਰਾ ਪ੍ਰਾਪਤ ਗਿਆਨ ਕਦੀ ਵੀ ਪੂਰਾ ਨਹੀਂ ਉਤਰ ਸਕਦਾ, ਗੁਰੂ ਰਵਿਦਾਸ ਬਾਣੀ ਦਾ ਦਾਰਸ਼ਨਿਕ ਅਧਿਐਨ ਸਾਡੇ ਸ਼ੋਧ-ਕਾਰਜ ਦਾ ਭਾਗ ਹੈ ਇਸ ਲਈ ਅਸੀਂ ਇਸ ਅਧਿਆਇ ਵਿਚ ਗੁਰੂ ਬਾਣੀ ਵਿਚ ਪ੍ਰਾਪਤ ਬ੍ਰਹਮ ਦੇ ਸੰਕਲਪ, ਜੀਵ ਦੇ ਸੰਕਲਪ, ਜਗਤ ਦੇ ਸੰਕਲਪ ਆਇਆ ਦੇ ਸਿਧਾਂਤ ਅਤੇ ਮੁਕਤੀ ਦੇ ਸੰਕਲਪ ਦਾ ਵਿਵੇਚਨ ਕਰਨ ਦਾ ਉਪਰਾਲਾ ਕੀਤਾ ਹੈ। ਬ੍ਰਹਮ, ਜਗਤ ਅਤੇ ਜੀਵ ਦੇ ਸੰਬੰਧ ਵਿਚ ਆਦਿ ਕਾਲ ਤੋਂ ਚਰਚਾ ਹੁੰਦੀ ਰਹੀ ਹੈ ਭਿੰਨ ਭਿੰਨ ਚਿੰਤਕਾਂ ਨੇ ਜਗਤ ਜੀਵ ਅਤੇ ਬ੍ਰਹਮ ਦੇ ਆਪਸੀ ਸੰਬੰਧਾਂ ਬਾਰੇ ਵੱਖ ਵੱਖ ਦ੍ਰਿਸ਼ਟੀਆਂ ਤੋਂ ਵਿਚਾਰ ਅੰਕਿਤ ਕੀਤੇ ਹਨ। ਅਨੀਸ਼ਵਰਵਾਦੀ ਮੱਤਾਂ ਨੂੰ ਛੱਡ ਕੇ ਬਾਕੀ ਸਾਰੇ ਮੱਤ ਹੀ ਬ੍ਰਹਮ ਦੇ ਨਿਰਗੁਣ ਜਾਂ ਸਰਗੁਣ ਜਾਂ ਨਿਰਗੁਣ-ਸਗੁਣ ਸਰੂਪ ਦੇ ਸਮਰਥਕ ਹਨ। ਗੁਰੂ ਰਵਿਦਾਸ ਬਾਣੀ ਵਿਚ ਜੋ ਬ੍ਰਹਮ ਦਾ ਸੰਕਲਪ ਪ੍ਰਾਪਤ ਹੈ ਉਸ ਵਿਚ ਬ੍ਰਹਮ ਦੇ ਨਿਰਗੁਣ ਅਤੇ ਸਗੁਣ ਸਰੂਪ ਦਾ ਏਕੀਕਰਣ ਵੇਖਿਆ ਜਾ ਸਕਦਾ ਹੈ। ਗੁਰੂ ਜੀ ਅਨੁਸਾਰ ਬ੍ਰਹਮ ਨਿਰਗੁਣ, ਤ੍ਰੈਗੁਣ ਅਤੀਤ ਵੀ ਹੈ ਅਤੇ ਸਗੁਣ ਅਵਿਅਕਤ ਵੀ ਹੈ। ਬ੍ਰਹਮ ਸਤਿ ਚਿੱਤ ਆਨੰਦ ਹੈ ਅਤੇ ਉਹ ਦਇਆ ਨਿਧੀ ਦਾ

ਭੰਡਾਰਨ ਹੈ, ਉਹ ਕਰਤਾ ਵੀ ਹੈ ਅਤੇ ਭੁਗਤਾ ਵੀ ਹੈ ਉਸ ਦਾ ਅਮਰ ਤੇ ਸਦੀਵੀ ਸਰੂਪ 'ਪ੍ਰੇਮ ਹੈ' ਜੋ ਕਿ ਗੁਰੂ ਰਵਿਦਾਸ ਦੀ ਭਗਤੀ ਸਾਧਨਾਂ ਦਾ ਆਧਾਰ-ਤੱਤ ਹੈ।

ਬ੍ਰਹਮ ਤੋਂ ਬਾਅਦ ਜੀਵ ਅਤੇ ਜਗਤ ਬ੍ਰਹਮ ਦੀ ਸਿਰਜਨਾਂ ਦੇ ਦੋ ਮਹੱਤਵਪੂਰਨ ਖੇਤਰ ਹਨ। ਵੇਦਾਂ ਉਪਨਿਸ਼ਦਾਂ, ਸਿਮਰਤੀਆਂ ਅਤੇ ਖੱਟ-ਦਰਸ਼ਨ ਵਿਚ ਜਿਵੇਂ ਕਿ ਉਪਰ ਵਿਚਾਰ ਕੀਤੀ ਜਾ ਚੁਕੀ ਹੈ ਜਗਤ ਅਤੇ ਜੀਵ ਦੇ ਬ੍ਰਹਮ ਨਾਲ ਸਾਂਝ ਸੰਬੰਧਾਂ ਬਾਰੇ ਵਰਨਣ ਮਿਲਦਾ ਹੈ ਜਗਤ ਵੀ ਅਤੇ ਜੀਵ ਵੀ ਦੋਵੇਂ ਬ੍ਰਹਮ ਦੀ ਕਿਰਤ ਹਨ। ਇਸ ਲਈ ਦੋਵੇਂ ਬ੍ਰਹਮ ਦੇ ਸੰਦਰਭ ਵਿਚ ਇਕ ਸਮਾਨ ਹਨ। ਜੇ ਜਗਤ ਹੈ ਤਾਂ ਜੀਵ ਦੀ ਹੋਂਦ ਨਿਸਚਿਤ ਹੈ ਅਤੇ ਜੇ ਜੀਵ ਹੈ ਤਾਂ ਹੀ ਜਗਤ ਦੀ ਹੋਂਦ ਦਾ ਗਿਆਨ ਹੁੰਦਾ ਹੈ। ਗੁਰੂ ਰਵਿਦਾਸ ਬਾਣੀ ਵਿਚ ਜਗਤ ਅਤੇ ਜੀਵ ਦੋਹਾਂ ਦਾ ਕਰਤਾ ਕੇਵਲ ਇਕ ਬ੍ਰਹਮ ਹੈ। ਅਸਲ ਵਿਚ ਗੁਰੂ ਰਵੀਦਾਸ ਬਾਣੀ ਵਿਚ ਦਾਰਸ਼ਨਿਕ ਦ੍ਰਿਸ਼ਟੀ ਤੋਂ ਜਗਤ ਅਤੇ ਜੀਵ ਦਾ ਬ੍ਰਹਮ ਨਾਲ ਸੰਬੰਧ ਅੰਸ਼ ਅਤੇ ਅੰਸ਼ੀ ਵਾਲਾ ਹੈ । ਜੀਵ-ਆਤਮਾ ਬ੍ਰਹਮ ਦੀ ਅੰਸ਼ ਹੈ ਅਤੇ ਜਗਤ ਉਸ ਬ੍ਰਹਮ ਦਾ ਵਿਅਕਤ ਰੂਪ ਹੈ। 'ਇਸ ਲਈ ਗੁਰੂ ਜੀ ਜਗਤ ਅਤੇ ਜੀਵ ਦੇ ਪ੍ਰਸੰਗ ਵਿਚ ਇਕ ਹੋਰ ਸ਼ਕਤੀ ਮਾਇਆ ਸੰਬੰਧੀ ਵੀ ਵਿਚਾਰ ਕਰਦੇ ਹਨ ਸਮੁੱਚੇ ਅਧਿਆਤਮਕ ਅਤੇ ਰਹੱਸਵਾਦੀ ਸਾਹਿਤ ਵਿਚ ਜੀਵ ਦੋ ਪ੍ਰਕਾਰ ਦੇ ਮੰਨੇ ਗਏ ਹਨ। (1) ਬੱਧ ਜੀਵ ਅਤੇ (2) ਮੁਕਤ ਜੀਵ ਬੱਧ ਜੀਵ ਦੇ ਪ੍ਰਸੰਗ ਵਿਚ ਮਾਇਆ ਸ਼ਕਤੀ ਦਾ ਗਿਆਨ ਹੁੰਦਾ ਹੈ ਗੁਰੂ ਜੀ ਅਨੁਸਾਰ ਮਾਇਆ ਦਾ ਪ੍ਰਸਾਰ ਕਾਮ, ਕ੍ਰੋਧ, ਲੋਭ ਮੋਹ ਅਤੇ ਅਹੰਕਾਰ ਦੇ ਖੇਤਰ ਵਿਚ ਵਰਤਦਾ ਹੈ। ਇਨ੍ਹਾਂ ਵਿਕਾਰਾਂ ਦਾ ਸ਼ਿਕਾਰ ਜੀਵ ਹੀ ਬੱਧ-ਜੀਵ ਹੈ। ਪਰ ਦਾਰਸ਼ਨਿਕ ਦ੍ਰਿਸ਼ਟੀ ਤੋਂ ਗੁਰੂ ਜੀ ਅਨੁਸਾਰ ਜੀਵ ਦਾ ਜੀਵਨ-ਮਨੋਰਥ ਪ੍ਰਮਸੱਤ ਨਾਲ ਅਭੇਦਤਾ ਹੈ ਇਸ ਅਵਸਥਾ ਲਈ ਮੁਕਤੀ ਦਾ ਸੰਕਲਪ ਹੋਂਦ ਵਿਚ ਆਉਂਦਾ ਹੈ। ਗੁਰੂ ਜੀ ਮਾਇਆ ਤੋਂ ਮੁਕਤੀ ਨਾਲ ਗੁਰੂ ਕਿਰਪਾ ਪ੍ਰਭੂ-ਬਖਸ਼ਿਸ਼, ਸਾਧ-ਸੰਗਤ, ਸੁਕ੍ਰਿਤ ਕਰਨੀ, ਨਾਮ ਸਿਮਰਨ ਕਰਨਾ ਅਤੇ ਸੰਪੂਰਨ ਆਤਮਸਮਰਪਣ ਕਰਨ ਦੇ ਸਾਧਨ ਦਸਦੇ ਹਨ। ਗੁਰੂ ਅਨੁਸਾਰ ਮੁਕਤੀ ਕੋਈ ਸਵਰਗ ਪ੍ਰਾਪਤੀ ਨਹੀਂ ਸਗੋਂ ਪ੍ਰਭੂ ਦੇ ਚਰਨਾਂ ਦੀ ਸਦੀਵੀ ਹਜ਼ੂਰੀ ਹੈ ਭਾਵ ਪ੍ਰਭੂ ਵਿਚ ਅਭੇਦਤਾ ਹੈ ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਰਵਿਦਾਸ ਬਾਣੀ ਵਿਚ ਬ੍ਰਹਮ ਜਗਤ ਅਤੇ ਜੀਵ ਦੇ ਸੰਬੰਧ ਵਿਚ ਜੋ ਦਾਰਸ਼ਨਿਕ ਵਿਚਾਰ ਪ੍ਰਾਪਤ ਹਨ ਉਹ ਗਿਆਨਵਰਧਕ ਘਟ ਅਤੇ ਅਨੁਭਵਵਰਧਕ ਜ਼ਿਆਦਾ ਹਨ। ਇਨ੍ਹਾਂ ਵਿਚੋਂ ਕਥਨੀ ਤੇ ਕਰਨੀ ਦੀ ਇਕਸੁਰਤਾ ਝਲਕਦੀ ਹੈ ਇਸ ਇਕਸੁਰਤਾ ਵਿਚੋਂ ਹੀ ਸਮਾਜਿਕ ਸੰਦਰਭ ਦਾ ਸਦਾਚਾਰ, ਉਚਾ ਅਤੇ ਸੁਚਾ ਜੀਵਨ ਕਿਰਦਾਰ ਉਪਜਦਾ ਹੈ ਜਿਸ ਦਾ ਵਿਸਥਾਰਪੂਰਵਕ ਖਿਆਨ ਅਗਲੇ ਅਧਿਆਇ ਵਿਚ ਕਰਨ ਦਾ ਉਪਰਾਲਾ ਕਰ ਰਹੇ ਹਾਂ।

***

## ਟਿਪਣੀਆਂ ਤੇ ਹਵਾਲੇ

( ਬ੍ਰਹਮ ਦਾ ਸਰੂਪ )

1. ਰਿਗਵੇਦ 2.27.11
2. ਰਿਗਵੇ ਦ 1.143.2
3. ਰਿਗਵੇਦ 1.22.50-21
4. ... ਤੋਸ਼ ਮਿਸਰ, ਭਾਰਤੀਯ ਦਰਸ਼ਨ, ਪੰਨਾ 36
5. ਯਜੁਰਵੇਦ 1.17.9
6. ਰਿਗਵੇਦ 10/129/1-7
7. ਅਚਾਰੀਆ ਬਲਦੇਵ ਉਪਾਧਿਆਇ, ਭਾਰਤੀਯ ਧਰਮ ਔਰ ਦਰਸ਼ਨ ਕਾ ਅਨੁਸੀਲਨ ਸ਼ਾਰਦਾ ਸੰਸਥਾਨ, ਵਾਰਾਣਸੀ, ਪੰਨਾ 11, 1985, ਪਹਿਲਾ ਸੰਸਕਰਣ
8. ਮੁੰਡਕ ਉਪਨਿਸ਼ਦ, 1/6
9. ਸ਼ਵੇਸ਼ਵੇਤਰ ਉਪਨਿਸ਼ਦ 4/17
10. ਕਠੋਪਨਿਸ਼ਦ 1/2/16
11. ਕੇਨੋਪਨਿਸ਼ਦ 1/4
12. ਤੈਤਰੀਯ ਉਪਨਿਸ਼ਦ 3/1
13. ਛਾਂਦੋਗਯ ਉਪਨਿਸ਼ਦ 3/14/9
14. ਮੈਤਰੀਯ ਉਪਨਿਸ਼ਦ 3.2.1
15. ਤੈਤਰੀਯ ਉਪਨਿਸ਼ਦ 2/1
16. ਬ੍ਰਿਹਦਾਰਣਯਕ ਉਪਨਿਸ਼ਦ 3/92/9
17. ਛਾਂਦਗੋਗਯ ਉਪਨਿਸ਼ਦ 3/14/1
18. ਗੀਤਾ 4/18
19. ਗੀਤਾ 11/16
20. ਭਾਗਵਤ 1/2/11
21. ਭਾਗਵਤ 10/40/7
22. ਭਾਗਵਤ 6/9/34
23. ਡਾ. ਸੁਤੋਸ਼ ਚੰਦਰ ਚਟੋਪਧਿਆਇ, ਭਾਰਤੀਯ ਦਰਸ਼ਨ, ਪੰਨਾ 19

24. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ: ਵਿਅਕਤਿਤਵ, ਕ੍ਰਿਤਿਤਵ ਅਤੇ ਚਿੰਤਨ, ਪਟਿਆਲਾ, ਟੈਗੋਰ ਪ੍ਰਿੰਟਰਜ਼, 1975, ਪਹਿਲਾ ਸੰਸਕਰਣ, ਪੰਨਾ 270
25. ਉਹੀ
26. ਆਚਾਰੀਆ ਬਲਦੇਵ ਉਪਾਧਿਆਇ, ਭਾਰਤੀਯ ਧਰਮ ਔਰ ਦਰਸ਼ਨਕ ਅਨੁਸ਼ੀਲਨ, ਸ਼ਾਰਦਾ ਸੰਸਥਾਨ, ਵਾਰਾਣਸੀ, ਪੰਨਾ 52, 1985
27. ਸਤੀਸ਼ਚੰਦਰ ਚਟੋਪਧਿਆਇ, ਪੰਨਾ 171, ਪਹਿਲਾ ਸੰਸਕਰਣ
28. ਉਹੀ, ਪੰਨਾ 57-58
29. ਯੋਗਸੂਤਰ 1/24
30. ਯੋਗ ਸੂਤਰ 1/25/6
31. ਜੋਗ ਸੂਤਰ 1/27
32. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਵਾਰਾਣਸੀ, ਭਾਰਤ ਭੂਸ਼ਣ ਪ੍ਰੈਸ, ਪੰਨਾ 241, 1964, ਦੂਜਾ ਸੰਸਕਰਣ
33. ਬ੍ਰਹਮ ਸੂਤਰ ਸ਼ਾਂਕਰ ਭਾਸ਼ਯ 2/1/11
34. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ 355
35. ਅਚਾਰੀਆ ਬਲਦੇਵ ਉਪਾਧਿਆਇ, ਭਾਰਤੀਯ ਧਰਮ ਔਰ ਦਰਸ਼ਨ ਕਾ ਅਨੁਸ਼ੀਲਨ, ਪੰ: 112
36. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ 413
37. ਬਲਦੇਵ ਉਪਾਧਿਆਇ, ਭਾਰਤੀਯ ਦਰਸ਼ਨ ਔਰ ਦਰਸ਼ਨ ਕਾ ਅਨੁਸ਼ੀਲਨ, ਪੰਨਾ 122
38. ਉਹੀ, ਪੰਨਾ 128
39. ਉਹੀ, ਪੰਨਾ 136
40. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ: ਵਿਅਕਤਿਤਵ ਕ੍ਰਤਿਤਵ ਅਤੇ ਚਿੰਤਨ, ਪੰਨਾ 274
41. ਰਾਮ ਪੂਜਨ ਤਿਵਾਰੀ, ਸੂਫੀਮਤ-ਸਾਧਨਾ ਔਰ ਸਾਹਿਤਯ ਪੰਨਾ 251
42. ਡਾ. ਬਾਬੂ ਰਾਵ ਜੋਸ਼ੀ, ਸੰਤ-ਕਾਵਿ ਮੇਂ ਪਰੋਖਸਤਾ ਕਾ ਸਵਰੂਪ, ਪੰਨਾ 113-14 ਸੰਸਕਰਣ, 1967
43. ਸ਼੍ਵੇਤਾਸ਼੍ਵਰ ਉਪਨਿਸ਼ਦ, ਅਧਿਆਇ 6
44. ਕੇਨੋਪਨਿਸ਼ਦ 1/4
45. ਡਾ. ਪੀਤਾਂਬਰਦੱਤ ਬੜਥਵਾਲ, ਹਿੰਦੀ ਕਾਵਯ ਮੇਂ ਨਿਰਗੁਣ ਸੰਪ੍ਰਦਾਇ, ਪੰਨਾ 158
46. ਜਪੁਜੀ ਸਾਹਿਬ, ਪਉੜੀ 24

47. ਡਾ. ਬੀ ਪੀ ਸ਼ਰਮਾ, ਰਵਿਦਾਸ ਬਾਣੀ, ਪਦ 156

48. " ਜਾਂ ਪਹਿ ਕ੍ਰਿਪਾ ਸੋਇ ਭਲ ਜਾਨੈ, ਗੂੰਗੈ ਸਾਕਰ ਕਹਾ ਬਖਾਨੈ॥3 ॥
( ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਰਵਿਦਾਸ ਜੀ, ਪਦ 18)

49. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਰਵਿਦਾਸ ਜੀ, ਪਦ 102

50. ਉਹੀ , ਪਦ 109, ਆਦਿ ਗ੍ਰੰਥ, ਪੰਨਾ 858

51. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (26)

52. ਉਹੀ, ਪਦਿ (71)

53. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ(12)

54. ਉਹੀ, ਪਦ (10)

55. ਉਹੀ, ਪਦ (12) (70)

56. ਉਹੀ, ਪਦ (10)

57. ਉਹੀ, ਪਦ (10)

58. ਈਸ਼ਾਵਾਸਯੋਪਨਿਸ਼ਦ ਪਦ (5)

59. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (68)

60. ਉਹੀ, ਪਦ (75)

61. ਉਹੀ ਪਦ (18)

62. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (2)

63. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪਦ(16)

64. ਬ੍ਰਿਹਦਾਰਣ੍ਯਕੋਪਨਿਸ਼ਦ 3/8/8

65. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪਦ (132)

66. ਸ਼ਵੇਤਾਸ਼ਵਤਰ ਉਪਨਿਸ਼ਦ 3.6

67. ਡਾ. ਸਿੰਗਲ, ਬਾਣੀ ਸ੍ਰੀ ਰਵਿਦਾਸ ਜੀ, ਪਦ (16)

68. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ(68)

69. ਉਹੀ, ਪਦ (71)

70. ਛਾਂਦੋਗਯੋਪਨਿਸ਼ਦ 2/23/2

71. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (2)

72. ਸੰਤ ਜਗਜੀਤ ਸਿੰਘ, ਰਵਿਦਾਸ ਮਹਾਤਮਯ, ਰਾਗ ਭੈਰੋ, ਪੰਨਾ 111

73. ਉਹੀ, ਪੰਨਾ 5
74. ਉਹੀ, ਪੰਨਾ 7-8,10
75. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ(52)
76. ਉਹੀ, ਪਦ (141)
77. ਕਠੋਪਨਿਸ਼ਦ 1/2/16
78. ਬ੍ਰਹਮਸੂਤਰ ਸ਼ਾਂਕਰਭਾਸ਼ਯ, 1/3/28
79. ਸ਼ਵੇਤਾਸ਼ਵਤਰ ਉਪਨਿਸ਼ਦ, 27
80. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ(70)
81. ਉਹੀ, ਪਦ (17)
82. ਉਹੀ, ਪਦ (75)
83. ਡਾ. ਸਰਲਾ ਦੇਵੀ ਤ੍ਰਿਗੁਣਾਯਤ, ਹਿੰਦੀ ਕੇ ਮਧਯੁਗੀਨ ਸਾਹਿਤ ਪਰ ਬੌਧ ਧਰਮ ਕਾ ਪ੍ਰਭਾਵ, ਪੰਨਾ 115-116
84. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ ਪਦ(70)
85. ਉਹੀ, ਪਦ (2)
86. ਉਹੀ, ਪਦ (75)
87. ਉਹੀ, ਪਦ (50)
88. ਉਹੀ, ਪਦ (3)
89. ਮੁੰਡਕੋਪਨਿਸ਼ਦ, 1/7/3
90. ਸ਼ਵੇਤਾਸ਼ਵਤਰੋਪਨਿਸ਼ਦ 6/19
91 ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ' ਪਦ (75)
92. ਉਹੀ, ਪਦ (76)
93. ਉਹੀ, ਪਦ (77)
94. ਉਹੀ ( ਪਦ(62)
95. ਬ੍ਰਹਮੋਪਨਿਸ਼ਦ, /16/
96. ਰਵਿਦਾਸ ਬਾਣੀ ਪਦ (49) (17)
97. ਉਹੀ, ਪਦ(10)
98. ਸ. ਯੋਗੇਂਦਰ ਸਿੰਘ, 'ਸੰਤ ਰੈਦਾਸ' ਪੰਨਾ 187
99. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ ਪਦ(71)

100. ਉਹੀ, ਪਦ (28)

101. ਉਹੀ, ਪਦ (5)

102. ਉਹੀ, ਪਦ (75)

103. ਤੈਤਰੀਯੋਪਨਿਸ਼ਦ 2.1.2

104. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (71)

105. ਬਲਦੇਵ ਉਪਾਧਿਆਇ, ਭਾਰਤੀਯ ਦਰਸ਼ਨ, ਪੰਨਾ 617

106. ਸ ਯੋਗੇਂਦਰ ਸਿੰਘ, ਸੰਤ ਰੈਦਾਸ, ਪੰਨਾ 187

107. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪਦ (16)

108. ਕਠ ਉਪਨਿਸ਼ਦ 2/2/15

109. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ ਪਦ(113)

110. ਉਹੀ, ਪਦ (98)

111. ਉਹੀ, ਪਦ (101)

112. ਸ਼ਵੇਤਾਸ਼ਵਤਰ ਉਪਨਿਸ਼ਦ 3/8

113. ਡਾ. ਬੀ ਪੀ ਸ਼ਰਮਾ, ਰਵਿਦਾਸ ਬਾਣੀ, ਪਦ(71)

114. ਈਸ਼ਾਵਾਸਯੋਪਨਿਸ਼ਦ 8

115. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (40)

116. ਗੀਤਾ 12/5

117. ਗੀਤਾ 8/18

118. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ(30)

119. ਉਹੀ, ਪਦ (90)

120. ਉਹੀ, ਪਦ (162)

121. ਉਹੀ, ਪਦ (73)

122. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (146)

123. ਉਹੀ, ਪਦ (9)

124. ਉਹੀ, ਪਦ (73)

125. ਉਹੀ, ਪਦ (20)

126. ਉਹੀ, ਪਦ (86)

127. ਉਹੀ, ਪਦ (57)

128. ਉਹੀ, ਪਦ ( 66 )
129. ਡਾ. ਬੀ ਪੀ ਸ਼ਰਮਾ, ਰਵਿਦਾਸ ਕੀ ਭਕਤਿ ਸਾਧਨਾ, ਪੰਨਾ 84
130. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (154)
131. ਉਹੀ, ਪਦ (118)
132. ਉਹੀ, ਪਦ (68)
133. ਉਹੀ, ਪਦ (73)
134. ਉਹੀ, ਪਦ (2)
135. ਉਹੀ, ਪਦ (76)
136. ਉਹੀ, ਪਦ (85)
137. ਸ਼੍ਵੇਤਾਸ਼੍ਵਤੋਰਪਨਿਸ਼ਦ 3/2, ਮੁੰਡਕੋਪਨਿਸ਼ਦ 2/1/4
138. ਗੀਤਾ 11/17
139. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ ਪਦ (162)
140. ਉਹੀ, ਪਦ (33)
141. ਸ਼੍ਵੇਤਾਸ਼੍ਵਤਰ ਉਪਨਿਸ਼ਦ 4/17
142. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (33)
143. ਉਹੀ, ਪਦ (10)
144. ਉਹੀ, ਪਦ (53)
145. ਰਿਗਵੇਦ 10/90/1-3
146. ਮੁੰਡਕੋਪਨਿਸ਼ਦ 3/1/3
147. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (10)
148. ਡਾ. ਜੋਗੇਂਦਰ ਸਿੰਘ, ਸੰਤ ਰੈਦਾਸ, ਪੰਨਾ 187
149. ਡਾ. ਬੜਥਵਾਲ, ਹਿੰਦੀ ਕਾਵਯ ਮੇਂ ਨਿਰਗੁਣ ਸੰਪ੍ਰਦਾਯ, ਪੰਨਾ 154
150. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (34 )
151. ਉਹੀ, ਪਦ (136)
152. ਉਹੀ, ਪਦ (118)
153. ਉਹੀ, ਪਦ (80)
154. ਉਹੀ, ਪਦ (139)
155. ਉਹੀ, ਰਾਗ ਧਨਾਸਰੀ ਪਦ(115)

156. ਉਹੀ, ਪਦ (152)
157. ਉਹੀ, ਪਦ (30)
158. ਉਹੀ, ਪਦ (123)
159. ਉਹੀ, ਪਦ (144)
160. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਦੀ ਭਗਤਿ ਸਾਧਨਾ, ਵਿਸ਼ਵ ਭਾਰਤੀ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ 76
161. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ (56)
162. ਉਹੀ, ਪਦ (141)
163. ਉਹੀ, ਪਦ (129)
164. ਉਹੀ, ਪਦ (21)
165. ਉਹੀ, ਪਦ (40)
166. ਉਹੀ, ਪਦ (19)
167. ਉਹੀ, ਪਦ (66)
168. ਉਹੀ, ਪਦ (70)
169. ਉਹੀ, ਪਦ (29)

****

## ਪੈਰ ਟਿੱਪਣੀਆਂ ਤੇ ਹਵਾਲੇ

### ਜੀਵਾਤਮਾ ਦਾ ਸਰੂਪ

1. ਰਿਗਵੇਦ 1/164/20
2. ਸ਼ਤਪਥ ਬ੍ਰਾਹਮਣ 7/1/1
3. ਤੈਤਰੀਯ ਆਰਣਯਕ 9/1
4. ਏਤਰਯ ਆਰਣਯਕ 2/6/1
5. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ 47
6. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪਦ (82)
7. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ 59
8. ਗੀਤਾ 2/20
9. ਗੀਤਾ 2/22
10. ਗੀਤਾ 2/25
11. ਬ੍ਰਿਹਦਾਰਣਯਕ 1/4/8
12. ਕੌਸ਼ੀਤਕਿ ਉਪਨਿਸ਼ਦ 1/2
13. ਵੇਦਾਂਤ ਸਾਰ, ਪੰਨਾ 94
14. ਤੈਤਰੀਯ ਉਪਨਿਸ਼ਦ 2/2/1
15. ਤੈਤਰੀਯ ਉਪਨਿਸ਼ਦ, 2/3/1
16. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ 150
17. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਵਿਅਕਤਿਤਵ ਔਰ ਕਰਤਿਤਵ, ਪੰਨਾ 339.
18. ਰਿਗਵੇਦ 1/164/20
19. ਸ਼ਵੇਤਾਸ਼ਵਤਰ ਉਪਨਿਸ਼ਦ 4/6
20. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ ਪਦ (122)
21. ਉਹੀ ਪਦ (74)
22. ਉਹੀ, ਪਦ(143)
23. ਉਹੀ, ਪਦ(148)
24. ਕਠੋਪਨਿਸ਼ਦ, 1/3/3
25. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (62)
26. ਬ੍ਰਿਹਦਾਰਣਯਕ ਉਪਨਿਸ਼ਦ, 2/5/19

27. ਸ੍ਵੇਤਾਸ੍ਵਤਰ ਉਪਨਿਸ਼ਦ 2/15
28. ਅਚਾਰਯ ਪ੍ਰਿਥਵੀ ਸਿੰਘ ਆਜ਼ਾਦ, ਰਵਿਦਾਸ ਦਰਸ਼ਨ ਸਾਖੀ
29. ਸ੍ਵੇਤਾਸ੍ਵਤਰ ਉਪਨਿਸ਼ਦ, 4/17
30. ਡਾ. ਬੀ ਪੀ ਸ਼ਰਮਾ, ਰਵਿਦਾਸ ਬਾਣੀ, ਪਦ (28)
31. ਉਹੀ ਪਦ (11)
32. ਉਹੀ ਪਦ (68) ਰਾਗ ਸੋਰਠਿ
33. ਮੁੰਡਕੋਪਨਿਸ਼ਦ 1/3/5
34. ਛਾਂਦੋਗਯ ਉਪਨਿਸ਼ਦ, 3/13/7
35. ਡਾ. ਬੀ ਪੀ ਸ਼ਰਮਾ, ਰਵਿਦਾਸ ਬਾਣੀ ਪਦ (113)
36. ਉਹੀ ਪਦ (48)
37. ਗੀਤਾ 2/20
38. ਗੀਤਾ 2/22
39. ਡਾ. ਬੀ ਪੀ ਸ਼ਰਮਾ, ਰਵਿਦਾਸ ਬਾਣੀ, ਪਦ (31)
40. ਉਹੀ, ਪਦ(74)
41. ਉਹੀ, ਪਦ (48)
42. ਉਹੀ, ਪਦ (47)
43. ਉਹੀ, ਪਦ(126)
44. ਉਹੀ, ਪਦ (2)
45. ਉਹੀ, ਪਦ (47)
46. ਉਹੀ ਪਦ (55)
47. ਉਹੀ, ਪਦ (166)
48. ਉਹੀ, ਪਦ (62)
49. ਉਹੀ, ਪਦ (149)
50. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (122)
51. ਉਹੀ, ਪਦ(43)
52. ਸ੍ਵੇਤਾਸ੍ਵਤਰ ਉਪਨਿਸ਼ਦ 3.3.18
53. ਆਚਾਰਯ ਪ੍ਰਿਥਵੀ ਸਿੰਘ ਆਜ਼ਾਦ, ਰਵਿਦਾਸ ਦਰਸ਼ਨ ਸਾਖੀ 5
54. ਗੀਤਾ 2/18

55. ਡਾ. ਬੀ ਪੀ ਸ਼ਰਮਾ, ਰਵਿਦਾਸ ਬਾਣੀ, ਪਦ (122)
56. ਉਹੀ ਪਦ (123)
57. ਬ੍ਰਹਮ ਸੂਤਰ ਸ਼ਾਂਕਰਭਾਸਯ 2%3/17
58. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (32)
59. ਉਪਰੋਕਤ ਪਦ (70)
60. ਉਹੀ, ਪਦ (69)
61. ਉਹੀ, ਪਦ(107)
62. ਉਹੀ, ਪਦ(107)
63. ਉਹੀ, ਪਦ(70)
64. ਉਹੀ, ਪਦ(126)
65. ਉਹੀ, ਪਦ(47)
66. ਉਹੀ, ਪਦ(67)
67. ਆਚਾਰਯ ਬਲਦੇਵ ਉਪਾਧਿਆਇ, ਭਾਰਤੀਯ ਧਰਮ ਔਰ ਦਰਸ਼ਨ ਕਾ ਅਨੁਸ਼ੀਲਨ, ਪੰਨਾ 126
68. ਡਾ. ਬੀ ਪੀ ਸ਼ਰਮਾ, ਰਵਿਦਾਸ ਬਾਣੀ ਪਦ(34)
69. ਉਹੀ ਪਦ(97)
70. ਉਹੀ ਪਦ (132)
71. ਉਹੀ, ਪਦ(128)
72. ਉਹੀ, ਪਦ (63)
73. ਉਹੀ, ਪਦ (121)
74. ਉਹੀ, ਪਦ (172)
75. ਉਹੀ, ਪਦ(165)
76. ਉਹੀ, ਪਦ( 158)
77. ਉਹੀ, ਪਦ(150)
78. ਉਹੀ, ਪਦ( 80)
79. ਉਹੀ, ਪਦ (31)
80. ਉਹੀ, ਪਦ(31)
81. ਉਹੀ, ਪਦ(31)
82. ਉਹੀ, ਪਦ(31)

## ਪੈਰ ਟਿੱਪਣੀਆਂ ਤੇ ਹਵਾਲੇ

( ਸ੍ਰਿਸ਼ਟੀ ਰਚਨਾ )

1. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ 46
2. ਉਹੀ, ਪੰਨਾ 35-36
3. ਬ੍ਰਿਹਦਾਰਣਯਕ 1.4.1
4. ਛਾਂਦੋਗਯ ਉਪਨਿਸ਼ਦ 1.9.1
5. ਤੈਤਰੀਯ ਉਪਨਿਸ਼ਦ, 3.1
6. ਗੀਤਾ 7/6
7. ਗੀਤਾ 8/7
8. ਗੀਤਾ 9/7
9. ਡਾ. ਸ਼ਤੋਸ਼ਚੰਦਰ ਚਟੋਪਧਿਆਇ, ਭਾਰਤੀਯ ਦਰਸ਼ਨ, ਪੰਨਾ 20
10. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ 87
11. ਉਹੀ, ਪੰਨਾ 224
12. ਡਾ. ਸ਼ਤੋਸ਼ ਚੰਦਰ, ਚਟੋਪਧਿਆਇ, ਭਾਰਤੀਯ ਦਰਸ਼ਨ, ਪੰਨਾ 23
13. ਉਹੀ, ਪੰਨਾ 28
14. ਬਲਦੇਵ ਉਪਾਧਿਆਇ, ਭਾਰਤੀਯ ਧਰਮ ਔਰ ਦਰਸ਼ਨ ਕਾ ਅਨੁਸ਼ੀਲਨ, ਪੰਨਾ 66
15. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ 401-02
16. ਉਹੀ, ਪੰਨਾ 413
17. ਉਹੀ, ਪੰਨਾ 424
18. ਉਹੀ, ਪੰਨਾ 427-32-33
19. ਛਾਂਦੋਗਯੋ ਪਨਿਸ਼ਦ, 2/23/3

19-ਏ, ਡਾ. ਸਿੰਗਲ, ਰਵਿਦਾਸ ਬਾਣੀ, ਪੰਨਾ 81 ਸਾਖੀ 83

20. ਸੰਤ ਜਗਬੀਰ ਸਿੰਘ, ਰਵਿਦਾਸ ਮਹਾਤਾਮਯ, ਪੰਨਾ 7-8-9
21. ਤੈਤਰੀਯ ਉਪਨਿਸ਼ਦ, 6/1

21-ਏ. ਛਾਂਦੋਗਯ ਉਪਨਿਸ਼ਦ, 3/14/1

22. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸਬਾਣੀ, ਪਦ (49)
23. ਉਹੀ, ਪਦ (2)

24. ਉਹੀ, ਪਦ (136)
25. ਡਾ. ਸਿੰਗਲ, ਗੁਰੂ ਰਵਿਦਾਸ ਬਾਣੀ, ਪੰਨਾ 96, ਸਾਖੀ 13-14
26. ਡਾ. ਬੀ ਪੀ ਸ਼ਰਮਾ, ਪਦ (28),
27. ਤੈਤਰੀਯ ਉਪਨਿਸ਼ਦ, 2/1
28. ਡਾ. ਸਿੰਗਲ, ਬਾਣੀ ਗੁਰੂ ਰਵਿਦਾਸ ਜੀ, ਪਦ (182),(81)
28(ਕ) ਸ਼ਵੇਤਾਸ਼ਵਤਰ ਉਪਨਿਸ਼ਦ 4/9
28(ਖ) ਬ੍ਰਿਹਦ ਉਪਨਿਸ਼ਦ, 2/5/16
28(ਗ) ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (117)
29. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (112)
30. ਉਹੀ, ਪਦ( 40)
31. ਡਾ. ਸਿੰਗਲ, ਬਾਣੀ ਗੁਰੂ ਰਵਿਦਾਸ ਜੀ, ਪੰਨਾ 95, ਸਾਖੀਲ 9
32. ਡਾ. ਬੀ ਪੀ ਸ਼ਰਮਾ, ਪਦ (28)
33. ਡਾ. ਸਿੰਗਲ, ਬਾਣੀ ਗੁਰੂ ਰਵਿਦਾਸ ਜੀ, ਪਦ (182)
34. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ ( ਪਦ (112)
35. ਉਹੀ, ਪਦ (10)
36. ਉਹੀ, ਪਦ (71)
37. ਉਹੀ, ਪਦ (70)
38. ਉਹੀ, ਪਦ (32)
39. ਉ ਹੀ, ਪਦ (79)
40. ਬ੍ਰਹਮਸੂਤਰ 1/1/1
41. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ 367
42. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (68)
43. ਉਹੀ, ਪਦ (70)
44. ਉਹੀ, ਪਦ(68)
45. ਛਾਂਦੋਗਯ ਉਪਨਿਸ਼ਦ, 3/131/7
46. ਡਾ. ਬੀ ਪੀ ਸ਼ਰਮਾ, ਪਦ( 18) 47. ਉਹੀ ਪਦ (113)
48. ਸ਼ਵੇਤਾਸ਼ਵਤਰ ਉਪਨਿਸ਼ਦ, 4/17
49. ਬ੍ਰਿਹਦਾਰਣਯਕ ਉਪਨਿਸ਼ਦ 4/4/19

50. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ (11)
51. ਉਹੀ, ਪਦ (28)
52. ਉਹੀ, ਪਦ (167)
53. ਉਹੀ, ਪੰਨਾ (140) ਸਾਖੀ ੧
54. ਡਾ. ਸਿੰਗਲ, ਬਾਣੀ ਰਵਿਦਾਸ ਜੀ ਪਦ (70)
55. ਡਾ. ਬੀ ਪੀ ਸੁਰਮਾ, ਪਦ (79)
56. ਉਹੀ, ਪਦ (153)
57. ਉਹੀ, ਪਦ ( 166)
57-ਏ ਡਾ. ਸਿੰਗਲ, ਪਦ (1)
58. ਡਾ. ਬੀ ਪੀ ਸੁਰਮਾ, ਪਦ (101)
59. , ਆਦਿ ਗੁਰੂ ਬਾਣੀ ਗ੍ਰੰਥ ਪੰਨਾ (63)
60. ਉਹੀ, ਪਦ (174)
61. ਉਹੀ, ਪਦ (136)
62. ਉਹੀ, ਪਦ (173)
63. ਡਾ ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ (101)
64. ਉਹੀ, ਪਦ (59)
65. ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ, ਰਵਿਦਾਸ ਦਰਸ਼ਨ, ਸਾਖੀ(10 )
66. ਉਹੀ, ਸਾਖੀ (14 )
67. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ (170 )
68. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਰਵਿਦਾਸ ਜੀ, ਪਦ (9)
69. ਉਹੀ, ਪਦ ( 117 )
70. ਉਹੀ, ਪਦ ( 113 )
71. ਉਹੀ, ਪਦ (25)
72. ਉਹੀ, ਪਦ (33)

## ਪੈਰ ਟਿੱਪਣੀਆਂ ਤੇ ਹਵਾਲੇ

( ਮਾਇਆ )

1. ਰਿਗਵੇਦ 6.47 ਤੋਂ 18
2. ਸ੍ਵੇਤਮਵਤਰੋਪਨਿਸ਼ਦ 4/9
3. ਉਹੀ, 5/1
4. ਉਹੀ 4/10
5. ਗੀਤਾ 7/13
6. ਸ੍ਰੀ ਮਦ ਭਗਵਤ ਗੀਤਾ 2/9/33
7. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ 459
8. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (47)
9. ਉਹੀ, ਪਦ (40)
10. ਉਹੀ, ਪਦ (71)
11. ਉਹੀ, ਪਦ (55)
12. ਗੀਤਾ 7/13
13. ਸ੍ਵੇਤਾਉਪਨਿਸ਼ਦ 4/10
14. ਡਾ. ਬੀ ਪੀ ਸ਼ਰਮਾ, ਪਦ (112)
15. ਉਹੀ, ਪਦ (166)
16. ਉਹੀ, ਪਦ (55)
17. ਉਹੀ, ਪਦ (37)
18. ਉਹੀ, ਪਦ (126)
19. ਉਹੀ, ਪਦ( 7)
20. ਉਹੀ, ਪਦ (101)
21. ਬ੍ਰਿਹਦਾਰਣਯਕ ਉਪਨਿਸ਼ਦ, 2/5/16
22. ਸ੍ਵੇਤਾਸ਼ਵਤਰੋਪਨਿਸ਼ਦ, 4/6
23. ਡਾ. ਬੀ ਪੀ ਸ਼ਰਮਾ, ਪਦ (112)
24. ਰਾਮ ਗਉੜੀ ਪਦ (124)
25. ਡਾ. ਬੀ ਪੀ ਸ਼ ਰਮਾ, ਪਦ (67)
26. ਉਹੀ ਆਦਿ ਗੁਰੂ ਬਾਣੀ ਗ੍ਰੰਥ ਪੰਨਾ 63.

27. ਸ਼੍ਵੇਤਾਸ਼੍ਵਤਰ ਉਪਨਿਸ਼ਦ, 4/9
28. ਡਾ. ਬੀ ਪੀ ਸ਼ੁਰਮਾ, ਪਦ (6)
28-ਏ. ਉਹੀ, ਪਦ (11)
29. ਉਹੀ, ਪਦ (37)
30. ਉਹੀ, ਪਦ (48) 30 ਏ ਗੀਤਾ 12/17
31. ਉਹੀ, ਪਦ( 19)
32. ਕਠੋਪਨਿਸ਼ਦ 1/2/5
33. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, ਪਦ (15)
33-ਏ. ਉਹੀ, ਪਦ(74)
33-ਬੀ. ਉਹੀ, ਪਦ (6)
34. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ 94-95
35. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, ਪਦ (40)
36. ਉਹੀ ਪਦ (3)
37. ਕਬੀਰ ਬਾਣੀ ਸ਼ਬਦ 37 ੳ - ਆਸਾ ਦੀ ਵਾਰ, ਮਹਲਾ 2.
38. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, (15)
39. ਉਹੀ, ਪਦ (53)
40. ਉਹੀ ਪਦ (48)
41. ਉਹੀ, ਪਦ (120)
42. ਉਹੀ, ਪਦ ~~(XXXX)~~ (47)
43. ਉਹੀ, ਪਦ (48)
44. ਉਹੀ, ਪਦ (126)
45. ਉਹੀ, ਪਦ (15)
46. ਰਾਗ ਆਸਾ, ਪਦ ( 158 )
47. ਪਦ (174)
48. ਪਦ (58)
49. ਪਦ (150)
50. ਪਦ (145)
51. ਸਾਖੀ 14

52. ਸਾਖੀ 25

53. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪਦ (149)

54. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ ਪਦ (37)

55. ਉਹੀ, ਪਦ (55)

****

## ਪੈਰ ਟਿਪੱਣੀਆਂ ਤੇ ਹਵਾਲੇ

( ਮੁਕਤੀ ਦਾ ਸਰੂਪ )

1. ਯਜੁਰਵੇਦ ਅਧਿਆਇ 40
2. ਸ਼ਵੇਤਾਸਵਤਰ ਉਪਨਿਸ਼ਦ 1/3
3. ਮੁੰਡਕ ਉਪਨਿਸ਼ਦ 3/2/9
4. ਗੀਤਾ 5/26
5. ਗੀਤਾ 5/27-28
6. ਗੀਤਾ 9/30-31
7. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ 118-19
8. ਉਹੀ, ਪੰਨਾ 187-88
9. ਉਹੀ, ਪੰਨਾ 252
10. ਉਹੀ, ਪੰਨਾ 310-11
11. ਉਹੀ, ਪੰਨਾ 336
12. ਉਹੀ, ਪੰਨਾ 417
13. ਉਹੀ, ਪੰਨਾ 422
14. ਉਹੀ, ਪੰਨਾ 449
15. ਸੰਤ ਰਵਿਦਾਸ ਬਾਣੀ, ਪਦ ( 18 ) ਸਾਖੀ
16. ਉਹੀ, ਪਦ ( 55)
17. ਉਹੀ ਪਦ ( 55 )
18. ਉਹੀ, ਪਦ ( 135 )
19. ਕਠ ਉਪਨਿਸ਼ਦ 2.3.15
20. ਸੰਤ ਰਵਿਦਾਸ ਬਾਣੀ ਪਦ ( 15)
21. ਗੀਤਾ 5/27-28
22. ਸੰਤ ਰਵਿਦਾਸ ਬਾਣੀ ( 167)
23. ਉਹੀ, ਪਦ ( 27)
24. ਗੀਤਾ 6/7-8
25. ਸੰਤ ਰਵਿਦਾਸ ਬਾਣੀ, ਪਦ ( 4)

26. ਸੰਤ ਰਵਿਦਾਸ ਬਾਣੀ, ਪਦ ( 16)
27. ਉਹੀ ਪਦ ( 16)
28. ਗੀਤਾ 3/30-31
29. ਸੰਤ ਰਵਿਦਾਸ ਬਾਣੀ ਪਦ (80)
30. ਉਹੀ, ਪਦ (,96)
31. ਉਹੀ, ਪਦ ( 27)
32. ਉਹੀ, ਪਦ (158)
33. ਉਹੀ, ਪਦ ( 13)
34. ਗੀਤਾ 8/16
35. ਸੰਤ ਰਵਿਦਾਸ ਬਾਣੀ, ਪਦ(94)
36. ਸੰਤ ਰਵਿਦਾਸ ਬਾਣੀ, ਪਦ (120)
37. ਉਹੀ, ਪਦ (80)
38. ਉਹੀ, ਪਦ (83)
39. ਸ਼ਵੇਤਾਸ਼ਵਤਰੋਪਨਿਸ਼ਦ 2/15
40. ਸੰਤ ਰਵਿਦਾਸ ਬਾਣੀ, ਪਦ (166)
41. ਓਹੀ, ਪਦ ( 129)
42. ਉਹੀ, ਪਦ ( 94)
43. ਮੁੰਡਕ 3/2/9
44. ਬਾਣੀ ਪਦ (158)
45. ਉਹੀ, ਪਦ ( 66)
46. ਉਹੀ, ਪਦ (82)
47. ਉਹੀ, ਪਦ (109)
48. ਉਹੀ, ਰਾਗ ਸੋਰਠਿ
49. ਉਹੀ, ਪਦ (16)
50. ਸ਼ਵੇਤਾਸ਼ਵਤਰੋਪਨਿਸ਼ਦ 6/21
51. ਬਾਣੀ ਪਦ (15)
52. ਉਹੀ (47)
53. ਬਾਣੀ ਪਦ (80)

54. ਡਾ. ਬੀ. ਪੀ. ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (110).
55. ਉਹੀ ਪਦ(60)
56. ਰਾਗ ਭੈਰਉ ( 1. )
57. ਸੰਤ ਰਵਿਦਾਸ ਬਾਣੀ ਪਦ (94)
58. ਉਹੀ, ਪਦ (167)
58-ਏ. ਉਹੀ, ਪਦ (19)
59. ਉਹੀ, ਪਦ (164)
60. ਉਹੀ, ਪਦ (172)
61. ਉਹੀ, ਪਦ (52)
62. ਉਹੀ, ਪਦ (16)
63. ਉਹੀ, ਪਦ ( 18)
64. ਉਹੀ, ਪਦ (27)
65. ਉਹੀ, ਪਦ (135) (157)
66. ਉਹੀ, ਪਦ (139)
67. ਸ਼ਵੇਤਾਸ਼ਵਤਰੋਪਨਿਸ਼ਦ 2/8
68. ਗੀਤਾ 8/12/13
69. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (75)
70. ਰਵਿਦਾਸ ਬਾਣੀ, ਪਦ (53)
71. ਉਹੀ, ਪਦ (83)
72 ਉਹੀ ਪਦ (63)
72ਏ ਉਹੀ ਪਦ (146) *** 73. ਮੁੰਡਕੋਪਨਿਸ਼ਦ 3/1/3.
74 ਉਹੀ ਪਦ (132)
75 ਉਹੀ ਪਦ (156)
76 ਉਹੀ ਪਦ ( 53)
77 ਉਹੀ ਪਦ (70)
78 ਉਹੀ ਪਦ (1)

ਅਧਿਆਇ ਪੰਜਵਾਂ :

## ਸਦਾਚਾਰ

ਅਧਿਆਤਮਿਕ ਸਦਾਚਾਰ

ਸਦਾਚਾਰ ਦਾ ਸਮਾਜਿਕ ਪੱਖ

ਪੈਰ ਟਿੱਪਣੀਆਂ ਤੇ ਹਵਾਲੇ

## ਸਦਾਚਾਰ ਪੱਖ

ਸਦਾਚਾਰ :- ਸਦਾਚਾਰ ਅੰਗਰੇਜ਼ੀ ਭਾਸ਼ਾ ਦੇ ਸ਼ਬਦ Moral ਦਾ ਪਰਿਆਏ ਵਾਚੀ ਪੰਜਾਬੀ ਸ਼ਬਦ ਹੈ। ਇਸ ਦਾ ਬਾਹਰਮੁਖੀ ਸ਼ਖਸੀਅਤ ਨਾਲ ਸੰਬੰਧ ਹੈ । ਅੰਗਰੇਜ਼ੀ ਵਿਚ ਇਸ ਲਈ ਸ਼ਬਦ Ethics ਦੀ ਵਰਤੋਂ ਵੀ ਹੋਈ ਹੈ। ਪਰੰਤੂ ਦੋਹਾਂ ਦੇ ਅਰਥਾਂ ਵਿਚ ਇਕ ਸੂਖਮ ਅੰਤਰ ਹੈ। ਜਿਥੇ ਸਦਾਚਾਰ ਬਾਹਰੀ ਉਠ ਬੈਠ ਦੇ ਸਲੀਕੇ ਆਦਿ ਨਾਲ ਸੰਬੰਧ ਰਖਦਾ ਹੈ ਉਥੇ ਆਚਾਰ-ਸ਼ਾਸਤਰ ਜਾਂ ਨੀਤੀ ਸ਼ਾਸਤਰ ਦਾ ਜੀਵਨ ਦੇ ਆਂਤਰਿਕ ਮੁੱਲਾਂ ਨਾਲ ਸੰਬੰਧ ਹੁੰਦਾ ਹੈ । ਜਿਵੇਂ ਮਿੱਠਤ, ਕਿਸੇ ਦਾ ਦਿਲ ਨਾ ਦੁਖਾਉਣਾ, ਨਿਮਰਤਾ ਭਾਵ ਆਦਿ। ਭਾਵਵਾਚਕ ਸ਼ਬਦ ਦੇ ਰੂਪ ਵਿਚ ਸਦਾਚਾਰ ਜਾਂ ਨੈਤਿਕਤਾ ਅਜਿਹੀ ਸ਼ਕਤੀ ਹੈ, ਜਿਹੜੀ ਮਨੁੱਖ ਨੂੰ ਸਰਵਪੱਖੀ ਸੰਪੂਰਨਤਾ ਪ੍ਰਾਪਤ ਕਰਨ ਵਿਚ ਸਹਾਈ ਹੁੰਦੀ ਹੈ। ਇਹ ਸ਼ਕਤੀ ਕੁਝ ਵਿਅਕਤੀਗਤ ਅਤੇ ਸਮੂਹਿਕ ਨਿਯਮਾਂ ਤੇ ਨਿਰਭਰ ਕਰਦੀ ਹੈ। ਜਿਨ੍ਹਾਂ ਦੀ ਪਾਲਣਾ ਨਾਲ ਮਨੁੱਖ ਇਕ ਉੱਤਮ ਨਾਗਰਿਕ ਬਣ ਸਕਦਾ ਹੈ। ਨੈਤਿਕਤਾ ਨੂੰ ਭਾਰਤੀ ਸਭਿਆਚਾਰ ਅਤੇ ਸੰਸਕ੍ਰਿਤੀ ਵਿਚ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਸੰਸਾਰ ਦੇ ਸਮੂਹ ਸਭਿਆਚਾਰਾਂ ਅਤੇ ਸੰਸਕ੍ਰਿਤੀ ਵਿਚ ਮਹੱਤਵਪੂਰਨ ਸਥਾਨ ਪ੍ਰਾਪਤੀ ਹੈ। ਸੰਸਾਰ ਦੇ ਸਮੂਹ ਅਭਿਆਚਾਰਾਂ ਅਤੇ ਸੰਸਕ੍ਰਿਤੀਆਂ ਦੇ ਧਰਮਾਂ ਵਿਚ ਨੈਤਿਕਤਾ ਨੂੰ ਵਿਸ਼ੇਸ਼ ਮਹੱਤਤਾ ਦਿਤੀ ਗਈ ਹੈ। ਅੰਤਿਮ ਸੱਚ ਦੀ ਪ੍ਰਾਪਤੀ ਲਈ ਜਾਂ ਸੰਪੂਰਨਤਾ ਪ੍ਰਾਪਤ ਕਰਨ ਲਈ ਜੀਵ ਦਾ ਸਦਾਚਾਰੀ ਹੋਣਾ ਆਵੱਸ਼ਕ ਹੈ। ਨੈਤਿਕਤਾ ਜਾਂ ਸਦਾਚਾਰ ਦੀ ਜ਼ਰੂਰਤ ਕੇਵਲ ਸੰਸਾਰਿਕ ਕੰਮਾਂ ਲਈ ਹੀ ਜ਼ਰੂਰੀ ਨਹੀਂ ਸਗੋਂ ਅਧਿਆਤਮਿਕ ਮਾਰਗ ਤੇ ਵਿਕਾਸ ਕਰਨ ਲਈ ਵੀ ਅਤਿ ਜ਼ਰੂਰੀ ਹੈ। ਇਸ ਤਰ੍ਹਾਂ ਸਦਾਚਾਰ ਇਕ ਪਾਸੇ ਤਾਂ ਮਨੁੱਖ ਨੂੰ ਸ਼ੁਭ-ਗੁਣ ਸੰਪਨ ਕਰਕੇ ਆਪਣੇ ਮੂਲ ਸ੍ਰੋਤ ਪਰਮਾਤਮਾ ਨੂੰ ਜਾਨਣ ਵਿਚ ਸਹਾਈ ਹੁੰਦਾ ਹੈ ਅਤੇ ਦੂਜੇ ਪਾਸੇ ਸੰਸਾਰ ਵਿਚ ਰਹਿੰਦਿਆਂ ਹੋਇਆਂ ਪਰਉਪਕਾਰੀ ਇਮਾਨਦਾਰ, ਮਿਹਨਤੀ, ਗੁਣਵਾਨ ਅਤੇ ਕੋਮਲਭਾਵੀ ਹੋ ਕੇ ਇਕ ਆਦਰਸ਼ ਸਮਾਜ ਸਿਰਜਣ ਦਾ ਕਾਰਨ ਵੀ ਬਣਦਾ ਹੈ। ਸਦਾਚਾਰ ਦਾ ਇਕ ਪੱਖ ਅੰਤਰਮੁਖ( Subjective ) ਅਤੇ ਦੂਜਾ ਬਾਹਰਮੁਖੀ ( Objective ) ਹੈ। ਅੰਤਰੀਵ ਸਦਾਚਾਰ ਜੀਵ ਨੂੰ ਪਰਮਤੱਤ ਗੁਣਾਂ ਨੂੰ ਧਾਰਨ ਕਰਨ ਅਤੇ ਉਸ ਵਿਚ ਅਭੇਦ ਹੋਣ ਲਈ ਪ੍ਰੇਰਨਾ ਦਿੰਦਾ ਹੈ ਅਤੇ ਸਾਧਨ ਬਣਦਾ ਹੈ । ਬਾਹਰਮੁਖੀ ਸਦਾਚਾਰ ਮਨੁੱਖ ਨੂੰ ਇਕ ਉੱਤਮ ਨਾਗਰਿਕ ਬਣਨ ਲਈ ਪ੍ਰੇਰਨਾ ਦਿੰਦਾ ਹੈ। ਤਾਂ ਜੋ ਉਹ ਸੰਸਾਰ ਵਿਚ ਵਸਦੇ ਦੂਸਰੇ ਮਨੁੱਖਾਂ ਵਿਚ ਵਸਦੀ ਏਕਤਾ ਨੂੰ ਪਛਾਣ ਸਕੇ। ਇਹ ਪਛਾਣ ਹੀ ਮਨੁੱਖੀ ਸਭਿਅਤਾ ਦਾ ਅੰਤਿਮ ਉਦੇਸ਼ ਹੈ ।

ਭਾਰਤੀ ਚਿੰਤਕਾਂ ਨੇ ਨੈਤਿਕਤਾ ਨੂੰ ਵਿਅਕਤੀਗਤ ਅਤੇ ਸਮਾਜਿਕ ਦੋ ਰੂਪਾਂ ਵਿਚ ਵਿਚਾਰਿਆ ਹੈ। ਅੰਤਰਮੁਖੀ ਨੈਤਿਕਤਾ ਦਾ ਭਾਵ ਵਿਅਕਤੀਗਤ ਅਨੁਸ਼ਾਸ਼ਨ ਹੈ, ਜਿਸ ਦੁਆਰਾ ਆਤਮਸ਼ੁਧੀ ਪ੍ਰਾਪਤ ਕਰਕੇ ਸਰਵ ਉਚ ਸਥਿਤੀ ਪ੍ਰਾਪਤ ਕੀਤੀ ਜਾਂਦੀ ਹੈ। ਬਾਹਰਮੁਖੀ ਨੈਤਿਕਤਾ ਦਾ ਭਾਵ ਸਮਾਜ ਦਾ ਕਲਿਆਣ ਕਰਨਾ ਹੈ, ਜਿਸਦਾ ਆਧਾਰ ਧਾਰਮਿਕ ਦ੍ਰਿੜਤਾ ਨਾਲ ਸਮਾਜ ਵਿਚ ਪ੍ਰਾਪਤ ਸਥਿਤੀ ਅਨੁਸਾਰ ਕਰਮਯੋਗੀ ਬਣਨਾ ਹੈ। ਪਰ ਇਹ ਬਾਹਰਮੁਖੀ ਨੈਤਿਕਤਾ ਵੀ ਅੰਤਿਮ ਤੌਰ ਤੇ ਅੰਤਰਮੁਖੀ ਨੈਤਿਕਤਾ ਦਾ ਰੂਪ ਧਾਰਨ ਕਰ ਲੈਂਦੀ ਹੈ ਜਿਸ ਨਾਲ ਆਤਮਾ ਪਰਮਾਤਮਾ ਦਾ ਸਰੂਪ ਧਾਰਨ ਕਰ ਲੈਂਦੀ ਹੈ।[1]

ਭਾਰਤੀ ਸਦਾਚਾਰ ਦੇ ਬੀਜ ਉਪਨਿਸ਼ਦ ਸਾਹਿਤ ਵਿਚ ਵੀ ਦੇਖੇ ਜਾ ਸਕਦੇ ਹਨ। ਉਪਨਿਸ਼ਦ -ਸਾਹਿਤ ਵੇਦਾਂ ਦੀ ਸਿਖਿਆ ਤੇ ਆਧਾਰਿਤ ਹੈ। ਭਾਰਤੀ ਅਧਿਆਤਮਵਾਦ ਬ੍ਰਹਿਮੰਡ ਦੇ ਅਗੋਚਰ-ਪਸਾਰੇ ਸੰਬੰਧੀ ਕੁਝ ਸੰਕਲਪਾਂ ਅਤੇ ਧਾਰਨਾਵਾਂ ਨੂੰ ਵਿਚਾਰਦਾ ਹੈ। ਸਦਾਚਾਰ ਵੀ ਇਨ੍ਹਾਂ ਵਿਚੋਂ ਇਕ ਹੈ।[2] ਭਾਵ ਇਹ ਹੋਇਆ ਕਿ ਸਦਾਚਾਰ-ਸਿੱਧਾਂਤ ਦਾ ਆਰੰਭ ਵੇਦਾਂ ਤੋਂ ਹੀ ਹੋ ਗਿਆ ਸੀ।

ਆਧੁਨਿਕ ਯੁਗ ਦਾ ਵਿਦਵਾਨ ਸ੍ਰੀ ਜਾਦੂ ਨਾਥ ਸਿਨਹਾ ਨੈਤਿਕਤਾ ਅਥਵਾ ਸਦਾਚਾਰ ਨੂੰ ਇਕ ਕਿਸਮ ਦਾ ਵਿਗਿਆਨ ਮੰਨਦਾ ਹੈ। ਇਹ ਮਨੁੱਖੀ ਅਮਲਾਂ ਦੇ ਠੀਕ ਜਾਂ ਗਲਤ ਹੋਣ ਬਾਰੇ ਵਿਚਾਰ ਪ੍ਰਗਟ ਕਰਦਾ ਹੈ। 'ਸਦਾਚਾਰ' ਵਿਅਕਤੀਗਤ ਰੂਪ ਵਿਚ ਅਤੇ ਸਮਾਜਿਕ ਰੂਪ ਵਿਚ ਮਨੁੱਖ ਦੇ ਕਾਰਜ-ਖੇਤਰ ਦੀਆਂ ਸੀਮਾਵਾਂ ਨਿਰਧਾਰਤ ਕਰਦਾ ਹੈ। ਇਸ ਦੇ ਕਾਰਜ-ਖੇਤਰ ਦੀ [illegible] ਚੰਗਿਆਈ ਜਾਂ ਬੁਰਾਈ ਨੂੰ ਨਿੱਜੀ ਅਤੇ ਸਮੂਹਿਕ ਰੂਪ ਵਿਚ ਬਿਆਨ ਕਰਕੇ ਕਿਸੇ ਲੋੜੀਂਦੇ ਫਲ ਦੀ ਪ੍ਰਾਪਤੀ ਵਲ ਸੰਕੇਤ ਕਰਦਾ ਹੈ, ਨੇਕੀ ਅਤੇ ਬਦੀ ਦੇ ਵਿਚਾਰ ਹੀ ਸਦਾਚਾਰ-ਸੰਕਲਪ ਦੇ ਆਧਾਰ ਹਨ।[3] ਸੰਸਾਰ ਪ੍ਰਸਿੱਧ ਪੱਛਮੀ ਵਿਦਵਾਨ ਨਿਕੋਲਾਈ ਹਰਤਮਾਨ ਸਦਾਚਾਰਕ ਕਦਰਾਂ ਕੀਮਤਾਂ ਤੇ ਵਿਚਾਰ ਕਰਦਾ ਹੋਇਆ ਨੈਤਿਕਤਾ ਨੂੰ ਅੱਠ ਭਾਗਾਂ ਵਿਚ ਵੰਡਦਾ ਹੈ।[4] ਇਨ੍ਹਾਂ ਅੱਠਾਂ ਸਦਾਚਾਰਕ ਕਦਰਾਂ ਕੀਮਤਾਂ ਦੇ ਆਧਾਰ ਤੇ ਹੀ ਇਹ ਵਿਦਵਾਨ ਇਸ ਸਿੱਟੇ ਤੇ ਪੁੱਜਦਾ ਹੈ ਕਿ ਨੈਤਿਕਤਾ ਦੂਸਰਿਆਂ ਦੀ ਭਲਾਈ, ਸੱਚ ਕਹਿਣ ਦਾ ਹੌਸਲਾ, ਜ਼ੁਲਮ ਵਿਰੁਧ ਸੰਘਰਸ਼ ਕਰਨ, ਬ੍ਰਹਿਮੰਡਕ ਏਕਤਾ ਨੂੰ ਸਮਝਣ ਅਤੇ ਭ੍ਰਾਤਰੀ-ਪਿਆਰ ਨੂੰ ਮਹਿਸੂਸ ਕਰਨ ਤੇ ਪ੍ਰਾਪਤ ਕਰਨ ਦਾ ਨਾਂ ਹੈ।[5] ਭਾਵ ਸਦਾਚਾਰ ਅਧਿਆਤਮਿਕ ਪੱਧਰ ਤੇ ਪ੍ਰਭੂ ਨਾਲ ਅਭੇਦਤਾ ਦਾ ਸੂਚਕ ਹੈ ਅਤੇ ਸੰਸਾਰਿਕ ਪੱਧਰ ਤੇ ਮਨੁੱਖੀ ਭਾਈਚਾਰੇ ਅਤੇ [illegible] ਇਨਸਾਨੀ ਬੇਹਤਰੀ ਲਈ ਉਪਰਾਲੇ ਕਰਨ ਦਾ ਸਾਧਨ ਹੈ।

ਸਮੁੱਚੇ ਵਿਸ਼ਲੇਸ਼ਣ ਉਪਰੰਤ ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਸਦਾਚਾਰ, ਜੀਵਨ

ਨੂੰ ਸਰਵਪੱਖੀ ਪੱਧਰ ਤੇ ਠੀਕ ਦਿਸ਼ਾ ਵਿਚ ਜੋੜਨ ਦਾ ਨਾਂ ਹੈ। ਇਸ ਦੇ ਵਿਸ਼ੈ-ਖੇਤਰ ਵਿਚ ਵਿਅਕਤੀਗਤ ਭਲਾਈ ਅਤੇ ਸਮੂਹਿਕ ਭਲਾਈ ਦੋਵੇਂ ਆ ਜਾਂਦੀਆਂ ਹਨ। ਇਸ ਦਾ ਪ੍ਰਸਾਰ ਆਤਮਿਕ ਵਿਕਾਸ ਅਤੇ ਪਦਾਰਥਿਕ ਵਿਕਾਸ ਦੋਹਾਂ ਤੱਕ ਫੈਲਿਆ ਹੋਇਆ ਹੈ। ਇਸ ਸਾਰੀ ਪ੍ਰਕ੍ਰਿਆ ਨੂੰ ਆਤਮਸਿੱਧੀਵਾਦ ਦਾ ਨਾਮ ਵੀ ਦਿੱਤਾ ਜਾ ਸਕਦਾ ਹੈ । ਆਤਮਸਿੱਧੀ ਤੋਂ ਬਿਨਾਂ ਨਾ ਤਾਂ ਕੋਈ ਗੋਚਰ ਜਗਤ ਦਾ ਕੁਝ ਸਵਾਰ ਸਕਦਾ ਹੈਅਤੇ ਨਾ ਹੀ ਅਗੋਚਰ ਜਗਤ ਬਾਰੇ ਕੋਈ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ

ਬ੍ਰਹਿਮੰਡਕ ਵਿਸ਼ਾਲਤਾ ਮਨੁੱਖੀ ਸਰੀਰ ਵਿਚ ਵਿਦਮਾਨ ਹੈ। ਇਸ ਵਿਸ਼ਾਲਤਾ ਨੂੰ ਸਰੀਰ ਵਿਚ ਸਮਝਣ ਲਈ ਜੋ ਸਾਧਨ, ਅਥਵਾ ਢੰਗ ਹਨ ਉਨ੍ਹਾਂ ਨੂੰ ਸਦਾਚਾਰ ਦਾ ਨਾਮ ਦਿੱਤਾ ਜਾਂਦਾ ਹੈ। ਇਸ ਲਈ ਸਦਾਚਾਰ ਦਾ ਮੁਖ ਮੰਤਵ ਆਤਸਿੱਧੀ ਹੈ। ਪੱਛਮੀ ਚਿੰਤਕ ਵਧੇਰੇ ਜ਼ੋਰ ਸਦਾਚਾਰ ਦੇ ਸੰਸਾਰਿਕ ਪੱਖ ਤੇ ਦਿੰਦੇ ਹਨ ਜਦੋਂ ਕਿ ਭਰਤੀ ਚਿੰਤਕ ਸਦਾਚਾਰ ਵਿਚ ਅਧਿਆਤਮਿਕ ਤੱਤ ਨੂੰ ਕੇਂਦਰੀ ਤੱਤ ਮੰਨ ਕੇ ਚਲਦੇ ਹਨ।[6]

ਸਦਾਚਾਰ ਦੇ ਖੇਤਰ ਵਿਚ ਆਤਮਸਿੱਧੀ ਹੀ ਇਕੋ ਇਕ ਅਜਿਹਾ ਸਾਧਨ ਹੈ ਜਿਹੜਾ ਮਨੁੱਖ ਦੀ ਸਰਵਪੱਖੀ ਉਨਤੀ ਵਿਚ ਸਹਾਈ ਹੋ ਸਕਦਾ ਹੈ। ਇਕ ਆਤਮਸਿੱਧੀ ਵਾਲਾ ਮਨੁੱਖ ਹੀ ਸਾਰੇ ਮਨੁੱਖਾਂ ਵਿਚ ਵਸਦੀ ਇਕ ਆਤਮਾ ਨੂੰ ਪਹਿਚਾਣ ਸਕਦਾ ਹੈ। ਇਸ ਪਹਿਚਾਣ ਤੋਂ ਬਾਅਦ ਹੀ ਸੱਚ, ਝੂਠ, ਪਰਉਪਕਾਰ, ਨਿਮਰਤਾ, ਦਇਆ, ਨਿੰਦਿਆ, ਸੰਤੋਖ ਸਮਭਾਵ ਆਦਿ ਗੁਣਾਂ ਨੂੰ ਗ੍ਰਹਿਣ ਕੀਤਾ ਜਾ ਸਕਦਾ ਹੈ । ਇਸ ਤੋਂ ਬਾਅਦ ਹੀ ਜਾਤ ਪਾਤ, ਗੁਲਾਮੀ, ਕਰਮਕਾਂਡ ਸੁਕਿਰਤ ਸੇਵਾ ਆਦਿ ਨੂੰ ਸਹੀ ਅਰਥਾਂ ਵਿਚ ਸਮਝਿਆ ਜਾ ਸਕਦਾ ਹੈ।

ਭਾਰਤੀ ਸਦਾਚਾਰ ਦੀ ਪਰੰਪਰਾ:-

ਵੇਦਾਂ ਵਿਚ ਰਿਸ਼ੀਆਂ ਮੁਨੀਆਂ ਦੀਆਂ ਤਪੱਸਿਆਵਾਂ ਦਾ ਅਤੇ ਦੇਵਤਿਆਂ ਦੀ ਕੀਤੀ ਗਈ ਉਸਤਤ ਦਾ ਵਰਣਨ ਹੈ। ਅਜਿਹੇ ਪਵਿੱਤਰ ਕਰਮ ਸ਼ੁਧ ਆਚਾਰ ਹਨ। ਪਰਮਤੱਤ ਦੀ ਪ੍ਰਾਪਤੀ ਲਈ ਜਾਂ ਮਨੁੱਖੀ ਜੀਵਨ ਦੀ ਸਾਰਥਿਕਤਾ ਲਈ ਪਵਿੱਤਰ ਆਹਾਰ, ਸ਼ੁਧ ਪਾਨ ਅਤੇ ਨਿਰਸ਼ਲ ਪਵਿੱਤਰ ਵਿਚਾਰ ਆਦਿ ਬਹੁਤ ਜ਼ਰੂਰੀ ਹਨ। ਇਸ ਤੋਂ ਬਿਨਾਂ ਰਿਸ਼ੀ ਜਾਂ ਜਗਿਆਸੂ ਆਪਣੇ ਲਕਸ਼ ਤਕ ਨਹੀਂ ਪਹੁੰਚ ਸਕਦੇ ।[7] ਜੀਵਨ ਮਨੋਰਥ ਪੂਰਣ ਕਰਨ ਲਈ ਸਮੂਹਿਕ ਪ੍ਰਾਰਥਨਾ ਤੇ ਬਲ ਦਿੱਤਾ ਜਾਂਦਾ ਸੀ, ਉਹ ਸੱਚੇ ਅਤੇ ਮਿੱਠੇ ਬਚਨ ਬੋਲਦੇ ਸਨ ਅਸਤ ਬੋਲਣ ਵਾਲਿਆਂ ਤੋਂ ਉਹ ਘਿਰਣਾ ਕਰਦੇ ਸਨ। ਲੋਭ, ਛਲ, ਅਭਿਮਾਨ, ਕ੍ਰੋਧ, ਕੰਜੂਸੀ ,ਨਿੰਦਿਆ ਆਦਿ ਤੋਂ ਉਹ ਘਿਰਣਾ ਕਰਦੇ ਸਨ।[8] ਇਨ੍ਹਾਂ ਨੂੰ ਨਰਕਾਧ ਜੀਵ ਕਿਹਾ ਜਾਂਦਾ ਸੀ।[9] ਬ੍ਰਾਹਮਣ ਗ੍ਰੰਥਾਂ ਵਿਚ ਜਗਿਆਸੂ ਨੂੰ ਬਹੁਤ ਕਠੋਰ ਰੂਪ ਨਾਲ ਆਚਾਰ ਪਾਲਣ ਲਈ ਕਿਹਾ

ਗਿਆ ਹੈ।[10] ਵਸ਼ਿਸ਼ਠ ਧਰਮ ਸ਼ਾਸਤਰ ( 6.3) ਅਨੁਸਾਰ ਆਚਾਰਹੀਣ ਮਨੁੱਖ ਵੇਦਾਂ ਨਾਲ ਵੀ ਪੁਨੀਤ ਨਹੀਂ ਹੋ ਸਕਦਾ। ਸਦਾਚਾਰ ਸੰਬੰਧੀ ਉਪਨਿਸ਼ਦਾਂ ਵਿਚ ਕਈਥਾਵਾਂ ਤੇ ਉਲੇਖ ਹੈ। ਛਾਂਦੋਗਯ ਉਪਨਿਸ਼ਦ ( 3.17) ਵਿਚ ਜੀਵਨ ਦੀ ਇਕ ਯੱਗ ਨਾਲ ਤੁਲਨਾ ਕੀਤੀ ਗਈ ਹੈ ਜਿਸ ਵਿਚ ਤਪ, ਦਾਨ, ਸਾਧੂਤਾ, ਅਹਿੰਸਾ ਅਤੇ ਸਤਿਵਾਦ ਹੀ ਦਿਖਿਆ ਹੈ। ਮੁੰਡਕੋਪਨਿਸ਼ਦ ਵਿਚ ਵਰਣਨ ਹੈ ਕਿ ਪਰਮਾਤਮਾ ਨੂੰ ਨਾ ਨੇਤਰਾਂ ਨਾਲ, ਨਾ ਬਾਣੀ ਅਤੇ ਨਾ ਹੀ ਦੂਸਰੀਆਂ ਇੰਦ੍ਰੀਆਂ ਨਾਲ ਗ੍ਰਹਿਣ ਕੀਤਾ ਜਾ ਸਕਦਾ ਹੈ ਤਪ ਅਤੇ ਕਰਮ ਨਾਲ ਵੀ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਉਸ ਪਰਮਤੱਤ ਨੂੰ ਵਿਸ਼ੁਧ ਅੰਤਹਕਰਣ ਵਾਲਾ ਸਾਧਕ ਆਪਣੇ ਵਿਸ਼ੁਧ ਅੰਤਹਕਰਣ ਨਾਲ ਧਿਆਨ ਕਰਦਾ ਹੋਇਆ ਹੀ ਗਿਆਨ ਦੀ ਨਿਰਮਲਤਾ ਨਾਲ ਦੇਖ ਸਕਦਾ ਹੈ ਅਤੇ ਗਿਆਨ ਦੀ ਨਿਰਮਲਤਾ ਦਾ ਆਧਾਰ, ਸਤਿ-ਭਾਸ਼ਣ, ਤਪ ਅਤੇ ਬ੍ਰਹਮਚਾਰ ਹੈ।[11] ਸਵੇਤਾਸ਼ਵਤਰੋਪਨਿਸ਼ਦ ਵਿਚ ਤਪ ਨੂੰ ਸ਼ੌਚ ਅਤੇ ਸੰਜਮ ਦਾ ਰੂਪ ਕਿਹਾ ਗਿਆ ਹੈ।[12] ਗੀਤਾ ਵਿਚ ਨਿਸ਼ਕਾਮ ਕਰਮ ਦੀ ਮਹਿਮਾ ਹੈ। ਮਨੁੱਖ ਨੂੰ ਕਾਮਨਾ ਅਤੇ ਅਹੰਭਾਵ ਦਾ ਤਿਆਗ ਕਰਕੇ ਸਾਤਵਿਕ ਕਰਮ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ ਕਿਉਂਕਿ ਅੰਤਹਕਰਣ ਦੀ ਸੁਧੀ ਨਾਲ ਹੀ ਸ਼ਾਂਤੀ ਮਿਲਦੀ ਹੈ ਅਤੇ ਯੋਗ ਦੀ ਸਿੱਧੀ ਪ੍ਰਾਪਤ ਹੁੰਦੀ ਹੈ। ਕਰਤੱਵ -ਬੁੱਧੀ ਨਾਲ ਕੀਤੇ ਗਏ ਕੰਮ ਹੀ ਮਨੁੱਖ ਨੂੰ ਅਧਿਆਤਮਕ ਪਗ-ਡੰਡੀ ਤੇ ਚਲਣਯੋਗ ਬਣਾਉਂਦੇ ਹਨ।

ਆਚਾਰ-ਸਦਾਚਾਰ ਦਾ ਬਹੁਤ ਕਠੋਰ ਵਿਚਾਰ ਜੈਨ-ਦਰਸ਼ਨ ਵਿਚ ਵੀ ਪ੍ਰਾਪਤ ਹੈ। ਇਸ ਨਾਲ ਹੀ ਅੰਤਹਕਰਣ ਦੀ ਸ਼ੁੱਧੀ ਹੁੰਦੀ ਹੈ। ਇਸ ਮੱਤ ਵਿੱਚ ਆਚਾਰ-ਮਾਪਕ-ਤੱਤ ਤੀਰਥੰਕਰ ਹਨ। ਤੀਰਥਕੰਰ ਅਨੇਕ ਹੋ ਸਕਦੇ ਹਨ ਪਰੰਤੂ ਆਚਾਰ ਦੇ ਨਿਯਮਾਂ ਦਾ ਮਾਪ ਇਕ ਵਿਸ਼ਿਸ਼ਟ ਮਾਪਕ ਤੱਤ ਤੋਂ ਬਿਨਾਂ ਨਹੀਂ ਹੋ ਸਕਦਾ।[13]

ਜੈਨ-ਦਰਸ਼ਨ ਦੇ ਸਮਾਨ ਬੋਧ-ਦਰਸ਼ਨ ਵੀ ਸ਼ੁਰੂ ਸ਼ੁਰੂ ਵਿਚ ਆਚਾਰ-ਸ਼ਾਸਤਰ ਦੇ ਹੀ ਰੂਪ ਦਾ ਸੀ। ਬਾਅਦ ਵਿਚ ਬੁੱਧ ਦੇ ਸ਼ਿਸ਼ਾਂ ਨੇ ਅਧਿਆਤਮਿਕ ਰੂਪ ਦੇ ਕੇ ਇਕ ਦਰਸ਼ਨ-ਸ਼ਾਸਤਰ ਬਣਾਇਆ। ਇਸ ਮਤ ਵਿਚ ਸਭ ਤੋਂ ਪਹਿਲਾਂ ਆਚਾਰ ਦੇ ਨਿਯਮਾਂ ਦਾ ਪਾਲਣ ਕਰਨਾ ਜ਼ਰੂਰੀ ਹੈ। ਉਸ ਤੋਂ ਬਾਅਦ ਹੀ ਅਧਿਆਤਮਕ ਚਿੰਤਨ ਦਾ ਅਵਸਰ ਆਉਂਦਾ ਹੈ। ਸੰਸਾਰਿਕ ਦੁੱਖਾਂ ਦੇ ਨਿਵਾਰਨ ਲਈ ਮੱਧ -ਮਾਰਗ ਦਾ ਵਰਣਨ ਆਉਂਦਾ ਹੈ। ਇਸ ਵਿਚ ਅਸਤਿ ਭਾਸ਼ਨ ਨਾ ਕਰਨਾ, ਨਿੰਦਿਆ ਨਾ ਕਰਨਾ, ਕੌੜੇ ਵਚਨ ਨਾ ਬੋਲਣਾ, ਹਿੰਸਾ, ਚੋਰੀ ਕਾਮ-ਭੋਗਾਂ ਵਿਚ ਮਿਥਿਆਚਾਰ ਨਾ ਕਰਨਾ, ਸਰੀਰ, ਵਚਨ ਅਤੇ ਮਨ ਦੇ ਸੰਜਮ ਦਾ ਪ੍ਰਯਤਨ ਕਰਨਾ, ਬੁਰੇ ਵਿਚਾਰਾਂ ਨੂੰ ਤਿਆਗਣਾ, ਪ੍ਰਾਪਤ ਸਦਗੁਣਾਂ ਦੀ ਰਖਿਆ ਕਰਨਾ ਅਤੇ ਇਹ ਖਜ਼ਾਨਾ ਵਧਾਉਣ ਦੀ ਕੋਸ਼ਿਸ਼ ਕਰਨੀ, ਕੁਸ਼ਲ-ਚਿੱਤ ਦੀ ਇਕਾਗਰਤਾ ਨਾਲ ਸਮਾਧੀ ਲਗਾਉਣਾ ਆਦਿ ਸ਼ਾਮਲ ਹੈ। ਅਜਿਹੇ ਆਚਾਰ-ਵਿਧਾਨ ਨਾਲ ਹੀ ਪਰਮਸੁਖ ਪ੍ਰਾਪਤ ਹੁੰਦਾ ਹੈ ਅਤੇ ਨਿਰਵਾਣ

ਦਾ ਸਾਖਿਆਤਕਾਰ ਹੁੰਦਾ ਹੈ।

ਨਿਆਇ -ਸ਼ਾਸਤਰ ਅਨੁਸਾਰ ਜਦੋਂ ਸਾਧਕ ਸ਼ਾਸਤਰਾਂ ਦਾ ਅਧਿਅਨ ਕਰਕੇ ਉਸਦਾ ਮਰਮ ਜਾਣ ਲੈਂਦਾ ਹੈ ਤਾਂ ਉਹ ਜਗਤ ਦੇ ਸਭ ਪਦਾਰਥਾਂ ਦਾ ਗਿਆਨ ਪ੍ਰਾਪਤ ਕਰ ਲੈਂਦਾ ਹੈ। ਉਨ੍ਹਾਂ ਸਭ ਪਦਾਰਥਾਂ ਦੇ ਦੋਸ਼ਾਂ ਨੂੰ ਦੇਖ ਕੇ ਸਾਧਕ ਸੰਸਾਰ ਵਿਚ ਵਿਰਕਤ ਹੋ ਜਾਂਦਾ ਹੈ ਉਹ ਨਿਸ਼ਕਾਮ ਕਰਮ ਕਰਕੇ ਰਾਗ, ਦਵੈਸ਼, ਦੁਖ ਸੁਖ, ਦੋਸ਼, ਕਰਮ-ਫਲ, ਮੋਹ ਆਦਿ ਤੋਂ ਮੁਕਤ ਹੋ ਜਾਂਦਾ ਹੈ।

ਸਾਂਖਯ ਦਰਸ਼ਨ ਇਕ ਮਨੋਵਿਗਿਆਨਕ ਦਰਸ਼ਨ ਹੈ। ਇਸ ਅਨੁਸਾਰ ਸੰਸਾਰ ਵਿਚ ਪ੍ਰਤੀ ਵਸਤੂ ਵਿਚ ਸੱਤਵ, ਰਜਸ, ਤਮਸ ਗੁਣ ਹਨ। ਸੱਤਵ ਤੋਂ ਸ਼ਾਂਤੀ, ਪ੍ਰਕਾਸ਼, ਸੁਖ ਆਦਿ ਮਿਲਦੇ ਹਨ। ਰਜਸ ਤੋਂ ਦੁਖ, ਅਸ਼ਾਂਤੀ, ਕ੍ਰੋਧ ਆਦਿ ਹੁੰਦੇ ਹਨ ਅਤੇ ਤਮਸ ਤੋਂ ਮੋਹ ਅਗਿਆਨ ਆਦਿ ਹੁੰਦੇ ਹਨ। ਅਧਿਆਤਮਿਕ, ਆਧਿਦੈਵਿਕ ਅਤੇ ਅਧਿਭੌਤਿਕ ਤਿੰਨ ਪ੍ਰਕਾਰ ਦੇ ਦੁਖਾਂ ਤੋਂ ਪੀੜਿਤ ਜੀਵ ਦੁਖ ਦੇ ਨਾਸ਼ ਲਈ ਪ੍ਰਯਤਨ ਕਰਦਾ ਹੈ।

ਯੋਗ ਦਰਸ਼ਨ ਵਿਚ ਕਲੇਸ਼ਾਂ ਤੋਂ ਮੁਕਤ ਹੋਣ ਲਈ ਚਿੱਤ ਨੂੰ ਸਥਿਰ ਕਰਨ ਲਈ ਅਸ਼ਟਾਂਗ ਯੋਗ ਦਾ ਵਰਣਨ ਹੈ ਇਸ ਵਿਚ ਪਹਿਲਾਂ ਚਿੱਤ ਦੀ ਸ਼ੁੱਧੀ ਲਈ ਕਾਇਕ, ਵਾਚਿਕ ਅਤੇ ਮਾਨਸਿਕ ਸੰਜਮ ਕੀਤਾ ਜਾਂਦਾ ਹੈ। ਸੰਤੋਖ,ਤਪੱਸਿਆ, ਅਹਿੰਸਾ, ਸਤਿ, ਆਦਿ ਦਾ ਪਾਲਨ ਕੀਤਾ ਜਾਂਦਾ ਹੈ।

ਅਦਵੈਤ ਦਰਸ਼ਨ ਅਤੇ ਭੇਦਾਂ ਭੇਦ ਦਰਸ਼ਨ ਵੀ ਚੰਗੇ ਕਰਮ ਕਰਨ ਤੇ ਬੱਲ ਦਿੰਦੇ ਹਨ। ਇਨ੍ਹਾਂ ਅਨੁਸਾਰ ਪੂਰਵਲੇ ਕਰਮਾਂ ਦਾ ਨਾਸ਼ ਕੇਵਲ ਅਜੋਕੇ ਜੀਵਨ ਵਿਚ ਸਤਿ-ਕਰਮ ਕਰਨ ਨਾਲ ਹੀ ਹੋ ਸਕਦਾ ਹੈ। ਇਸ ਲਈ ਮਨੁੱਖ ਨੂੰ ਜੀਵਨ ਭਰ ਕਰਮਾਂ ਦੇ ਨਾਲ ਹੀ ਗਿਆਨ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਸਦਾਚਾਰ ਦਾ ਹਰ ਤਰ੍ਹਾਂ ਦੇ ਕਰਮਾਂ ਦੇ ਲੇਖੇ-ਜੋਖੇ ਵਿਚ ਵਿਸ਼ੇਸ਼ ਹੱਥ ਹੈ। ਸ਼ਮ, ਦਮ ਆਦਿ ਨਿਯਮਾਂ ਦਾ ਪਾਲਣ ਕਰਨ ਨਾਲ ਹੀ ਮੁਕਤੀ ਮਿਲਦੀ ਹੈ। ਰਾਮਾਨੁਜ ਅਨੁਸਾਰ ਵੀ ਉਚਿਤ ਕਰਮ ਕਰਨ ਨਾਲ ਹੀ ਚਿੱਤ ਦੀ ਸੁਧੀ ਹੁੰਦੀ ਹੈ। ਇਸ ਦਰਸ਼ਨ ਵਿਚ ਮੋਹ, ਦੰਭ, ਲੋਭ, ਕ੍ਰੋਧ, ਦੁਰਮਤਿ, ਤ੍ਰਿਸ਼ਨਾ, ਵਾਸ਼ਨਾ ਆਦਿ ਦਾ ਤਿਆਗਣਾ ਧੀਰਜ, ਸੁਮਤਿ, ਉਨਤੀ, ਖਿਮਾ, ਦਇਆ, ਸ਼ਾਂਤੀ, ਚਰਚਾ, ਸ਼ਰਧਾ ਭਗਤੀ ਪ੍ਰਾਪਤੀ ਆਦਿ ਗੁਣ ਅਪਨਾਉਣ ਤੇ ਬੱਲ ਦਿੱਤਾ ਗਿਆ ਹੈ।

ਦਵੈਤ -ਮਤ ਅਤੇ ਅਦਵੈਤ ਮਤ ਵੀ ਜੀਵਨ ਦੀਆਂ ਸਦਾਚਾਰਕਾਂ ਕੀਮਤਾਂ ਨੂੰ ਅਪਨਾਉਣ ਤੇ ਜ਼ੋਰ ਦਿੰਦੇ ਹਨ। ਦਵੈਤਾਦਵੈਤਵਾਦ ਅਨੁਸਾਰ ਮਨੁੱਖ ਚੰਗੇ ਕਰਮ ਕਰਦਾ ਹੋਇਆ ਪੂਰਵ ਜਨਮਾਂ ਦੇ ਕਰਮਾ ਦਾ ਭੋਗ ਸੰਪੰਨ ਕਰ ਸਕਦਾ ਹੈ। ਦਵੈਤ-ਮਤ ਵਿਚ ਵੀ ਮਨ, ਬਾਣੀ ਅਤੇ ਸਰੀਰ ਨਾਲ ਕੀਤੇ ਜਾਣ ਵਾਲੇ ਕੁਕਰਮਾਂ ਦੀ ਨਿਖੇਧੀ ਕੀਤੀ ਗਈ ਹੈ, ਗੁਰੂ

ਰਵਿਦਾਸ ਜੀ ਮਨੁੱਖ ਨੂੰ ਭੈੜੇ ਕਰਮਾਂ ਦੇ ਤਿਆਗਣ ਦੀ ਪ੍ਰੇਰਨਾ ਕਰਦੇ ਹਨ। ਉਨ੍ਹਾਂ ਅਨੁਸਾਰ ਮਨੁੱਖ ਮਨ ਅਤੇ ਵਚਨ ਦੁਆਰਾ ਕੀਤੇ ਕਰਮਾਂ ਸਦਕਾ ਚਸਕਿਆਂ ਵਿਚ ਲੋਭੀ ਹੋਇਆ ਮੁਕਤੀ ਦੀ ਥਾਂ ਹੋਰ ਹੀ ਫਲ ਦਾ ਭਾਗੀ ਬਣ ਜਾਂਦਾ ਹੈ:-

ਮਨ ਬਚ ਕਰਮ ਰਸ ਕਸਹਿ ਲੁਭਾਨਾ ॥
ਬਿਨਸਿ ਗਇਆ ਜਾਇ ਕਹੂੰ ਸਮਾਨਾ ॥ [14]

ਸਾਨੂੰ ਇਹ ਗੱਲ ਕਹਿਣ ਵਿਚ ਝਿਜਕ ਨਹੀਂ ਕਿ ਸਮੇਂ ਦੇ ਬੀਤਣ ਨਾਲ ਭਾਰਤੀ ਸਮਾਜ ਵਿਚ ਬਹੁਤ ਸਾਰੀਆਂ ਬੁਰਾਈਆਂ ਆ ਗਈਆਂ ਸਨ। ਵਿਸ਼ੇਸ਼ ਕਰਕੇ 'ਮੰਨੂ' ਦੀ ਵਰਣਾਸ਼੍ਰਮ -ਵਿਵਸਥਾ ਨੇ ਤਾਂ ਭਾਰਤੀ ਸਮਾਜ ਨੂੰ ਪਤਨ ਦੀਆਂ ਡੂੰਘਾਈਆਂ ਵਿਚ ਸੁੱਟ ਦਿੱਤਾ। ਭਾਰਤੀ ਵਿਦਵਾਨ ਕਰਮਕਾਂਡ ਨੂੰ ਹੀ ਸਦਾਚਾਰ ਦਾ ਰੂਪ ਸਮਝਣ ਲਗੀ ਪਏ ਸਨ। ਸਿੱਟੇ ਵਜੋਂ ਜਾਤ-ਪਾਤ, ਊਚ-ਨੀਚ, ਵਿਚਲਾ ਪਾੜਾ ਇਤਨਾ ਵਧ ਗਿਆ ਕਿ ਭਾਰਤੀ ਸਮਾਜ ਵਿਚ ਪਾਖੰਡ, ਭੇਖਾਚਾਰ, ਵਿਖਾਵੇ ਅਤੇ ਦੰਭ ਆਦਿ ਦਾ ਬੋਲਬਾਲਾ ਹੋ ਗਿਆ। ਸੰਸਾਰਿਕ ਖੇਤਰ ਵਿਚ ਵੀ ਅਤੇ ਅਧਿਆਤਮਿਕ ਖੇਤਰ ਵਿਚ ਵੀ ਦੰਭ ਅਤੇ ਭ੍ਰਿਸ਼ਟਾਚਾਰ ਦੀਆਂ ਨੀਹਾਂ ਏਨੀਆਂ ਪੱਕੀਆਂ ਹੋ ਗਈਆਂ ਕਿ ਜਾਤ-ਪਾਤ ਦੇ ਆਧਾਰ ਤੇ ਮਨੁੱਖ ਮਨੁੱਖ ਨਾਲ ਘਿਰਣਾ ਕਰਨ ਲੱਗ ਪਿਆ। ਸਮਾਜ ਦੇ ਇਕ ਵੱਡੇ ਵਰਗ ਨੂੰ ਧਾਰਮਿਕ ਪੂਜਾ-ਪਾਠ ਤੋਂ ਵਾਂਝਿਆਂ ਰਖਿਆ ਜਾਣ ਲੱਗਾ।

ਇਸ ਯੁਗਗਰਦੀ ਦੇ ਗੇੜ ਵਿਚ ਭਾਰਤ ਵਿਚ ਭਗਤੀ ਲਹਿਰ ਪੈਦਾ ਹੋਈ ਜਿਸ ਨੇ ਜੀਵਨ ਦੇ ਹਰ ਖੇਤਰ ਵਿਚ ਯਥਾਰਥਕ ਕਦਰਾਂ ਕੀਮਤਾਂ ਨੂੰ ਦੇਖਿਆ, ਸਮਝਿਆ ਅਤੇ ਫਿਰ ਪ੍ਰਚਾਰ ਕੀਤਾ। ਧਾਰਮਿਕ ਉੱਚਤਾ ਅਤੇ ਕਰਮਕਾਂਡ ਦੀ ਤਹਿ ਥਲੇ ਪਲ ਰਹੇ ਭ੍ਰਿਸ਼ਟਾਚਾਰ ਨੂੰ ਨੰਗਿਆ ਕੀਤਾ ਅਤੇ ਜੀਵਨ ਦੇ ਸੱਚੇ ਸੁਚੇ ਸਦਾਚਾਰ ਦੀ ਇਮਾਰਤ ਦੀ ਨੀਂਹ ਰੱਖੀ। ਇਸ ਸਦਾਚਾਰ ਬਾਰੇ ਗੁਰਬਾਣੀ ਵਿਚ ਅੰਕਿਤ ਹੈ, "ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰੁ।"[15] ਇਸ ਤਰ੍ਹਾਂ ਨਾਲ ਭਗਤੀ ਲਹਿਰ ਦਾ ਪ੍ਰਯੋਜਨ ਸਮਾਜ ਸੁਧਾਰ ਕਰਨਾ ਸੀ ਉਸ ਸਮਾਜ ਨੂੰ ਸਹੀ ਸਦਾਚਾਰ ਤੋਂ ਜਾਣੂੰ ਕਰਵਾਉਣਾ ਸੀ। ਭਗਤੀ ਲਹਿਰ ਦੇ ਪ੍ਰਮੁੱਖ ਚਮਕਦੇ ਸਿਤਾਰੇ ਸ੍ਰੀ ਗੁਰੂ ਰਵਿਦਾਸ ਜੀ ਨੇ ਇਸ ਖੇਤਰ ਵਿਚ ਸਮਾਜ ਦੀ ਸਰਬ-ਪੱਖੀ ਉਸਾਰੀ ਹਿੱਤ ਜੋ ਮਾਰਗ-ਦਰਸ਼ਨ ਕੀਤਾ ਉਸ ਦਾ ਨਿਰੂਪਣ ਕਰਨਾ ਹੀ ਇਸ ਕਾਂਡ ਦਾ ਉਦੇਸ਼ ਹੈ। ਗੁਰੂ ਰਵਿਦਾਸ ਜੀ ਸਰਬ-ਸ਼੍ਰੇਸ਼ਠ ਰੱਬੀ ਗੁਣਾਂ ਵਿਚ ਵਿਸ਼ਵ ਨੂੰ ਹੀ ਰੰਗ ਦੇਣਾ ਲੋਚਦੇ ਸਨ। ਉਹ ਪਰਮਤੱਤ ਦੇ ਸਰੂਪ ਵਿਚ ਜੀਵ ਨੂੰ ਸਮੋ ਦੇਣਾ ਚਾਹੁੰਦੇ ਸਨ। ਇਹ ਤਾਂ ਹੀ ਹੋ ਸਕਦਾ ਹੈ ਜੇ ਮਨੁੱਖ ਆਡੰਬਰਾਂ ਅਤੇ ਕੁਹਜੇ ਅਮਲਾਂ ਨੂੰ ਛੱਡ ਕੇ ਰੱਬੀ ਗੁਣਾਂ ਦਾ ਰੂਪ ਹੋ ਜਾਵੇ। ਗੁਰੂ ਰਵਿਦਾਸ ਜੀ ਨੇ

ਆਪਣੇ ਦਿਲ ਵਿਚ ਪਰਮ ਮੁਕੰਦ ਪਿਤਾ ਦੇ ਗੁਣਾਂ ਦੀ ਜੋਤਿ ਜਗਾਈ ਹੋਈ ਸੀ

ਨਾਗਰ ਜਨਾ ਮੇਰੀ ਜਾਤਿ ਬਿਖਿਆਤ ਚਮਾਰੰ ॥
ਰਿਦੈ ਰਾਮ ਗੋਬਿੰਦ ਗੁਨ ਸਾਰੰ ॥[16]

ਗੁਰੂ ਰਵਿਦਾਸ ਜੀ ਦੀ ਬਾਣੀ ਦੇ ਸਦਾਚਾਰਕ ਪੱਖ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ।

1. ਅਧਿਆਤਮਿਕ ਸਦਾਚਾਰ
2. ਸਮਾਜਿਕ ਸਦਾਚਾਰ

ਅਧਿਆਤਮਿਕ ਸਦਾਚਾਰ :- ਵਿਚ ਨਾਮ ਜਪਣਾ, ਸਾਧ-ਸੰਗਤ ਜਾਂ ਸਤਸੰਗ ਕਰਨੀ, ਪੰਜ ਵਿਕਾਰਾਂ ਦਾ ਤਿਆਗ, ਸੱਚ ਬੋਲਣਾ, ਨਿਮਰਤਾ ਧਾਰਨ ਕਰਨਾ, ਸੰਤੋਖੀ ਅਤੇ ਸੰਜਮੀ ਹੋਣਾ, ਸੁਕ੍ਰਿਤ ਕਰਨਾ, ਸਮਭਾਵ ਰਖਣਾ ਪਰ-ਨਿੰਦਾ ਨਾ ਕਰਨਾ, ਦਯਾ ਕਰਨਾ, ਮਧੁਰ - ਬਾਣੀ ਬੋਲਣਾ, ਸਤਿ-ਕਰਮ ਕਰਨਾ, ਪਰ-ਇਸਤਰੀ ਵਲ ਨਾ ਵੇਖਣਾ, ਪਰ-ਹਿੱਤ ਨਾ ਰਖਣਾ ਹੋਜਮੱਤੁਂ , ਜੀਵਨ ਵਿਚ ਸਾਦੀ ਰਹਿਣੀ ਬਹਿਣੀ ਰਖਣਾ ਆਦਿ ਸ਼ਾਮਲ ਹਨ ।

ਸਮਾਜਿਕ ਸਦਾਚਾਰ:- ਵਿਚ ਏਕਤਾ ਦਾ ਸੰਦੇਸ਼ ਦੇਣਾ, ਆਦਰਸ਼ ਸਮਾਜ ਦੀ ਸਿਰਜਨਾ, ਇਸਤਰੀ ਦਾ ਆਦਰ ਕਰਨਾ ਜਾਤ ਪਾਤ ਖਤਮ ਕਰਕੇ ਸਮਾਨਤਾ ਦਾ ਵਾਤ;ਵਰਣ ਪੈਦਾ ਕਰਨਾ ਕਥਨੀ ਅਤੇ ਕਰਨੀ ਵਿਚ ਏ ਕ ਤਾ ਸਥਾਪਿਤ ਕਰਨਾ, ਨਸ਼ਿਆਂ ਦਾ ਵਿਵਰਜਨ, ਦਾਨ ਦਾ ਮਹੱਤਵ ਪ੍ਰਤੀਪਾਦਨ ਕਰਨਾ, ਸਮਾਜਿਕ ਸੁਚੇਤਨਾ ਪੈਦਾ ਕਰਨਾ, ਗੁਲਾਮੀ ਪ੍ਰਤੀ ਵਿਦਰੋਹ ਦੀ ਭਾਵਨਾ ਜਗਾਉਣਾ, ਵਿਦਿਆ ਦਾ ਮਹੱਤਵ ਦਰਸਾਉਣਾ, ਧਰਮ ਕਰਮ ਵਿਚ ਸੁਮੇਲ ਕਰਨਾ, ਅਰਥ-ਵਿਵਸਥਾ ਪ੍ਰਤੀ ਸੁਚੇਤ ਹੋਣਾ ਅਤੇ ਹੋਰ ਸਮਾਜਿਕ ਰਾਜਨੈਤਿਕ ਅਤੇ ਧਾਰਮਿਕ ਬੁਰਾਈਆਂ ਪ੍ਰਤੀ ਕ੍ਰਾਂਤੀਕਾਰੀ ਦ੍ਰਿਸ਼ਟੀਕੋਣ ਰੱਖਣਾ ਆਦਿ ਸ਼ਾਮਲ ਹਨ ।

ਅਧਿਆਤਮਿਕ -ਸਦਾਚਾਰ :- ਅਧਿਆਤਮਿਕ ਸਦਾਚਾਰ ਹੀ ਅੰਤਿਮ ਅਤੇ ਉੱਤਮ ਸਦਾਚਾਰ ਹੈ। ਇਹ ਆਪੇ ਦੀ ਪਛਾਣ ਤੇ ਨਿਰਭਰ ਕਰਦਾ ਹੈ। ਆਤਮਾ ਦੀ ਪਛਾਣ ਹੀ ਮਨੁੱਖਤਾ ਦੀ ਪਛਾਣ ਹੈ। ਇਸ ਲਈ ਜਿਹੜੇ ਵੀ ਸ਼ੁਭ ਗੁਣ ਧਾਰਨ ਕਰਨੇ ਜ਼ਰੂਰੀ ਹਨ ਉਹ ਅਧਿਆਤਮਿਕ ਸਦਾਚਾਰ ਦੇ ਘੇਰੇ ਵਿਚ ਆਉਂਦੇ ਹਨ।

1.ਸੱਚ(ਸਤਿ):- ਅਧਿਆਤਮਿਕ ਸਦਾਚਾਰ ਦਾ ਇਕ ਵਿਸ਼ੇਸ਼ ਲੱਛਣ ਸੱਚ ਦਾ ਅਨੁਕਰਣ ਹੈ । ਸਦਾਚਾਰ ਦੇ ਜੀਵਨ-ਮੁੱਲਾਂ ਨ ਵਿਚ ਸੱਚ ਨੂੰ ਸਰਵੋਤਮ ਸਥਾਨ ਪ੍ਰਾਪਤ ਹੈ । ਮਨੁੱਖ ਸਤਿ-ਸਰੂਪ ਪ੍ਰਭੂ ਦੇ ਅੰਸ਼ ਹੋਣ ਕਰਕੇ ਸੱਚ ਦੀ ਪ੍ਰਕ੍ਰਿਤੀ ਰੱਖਦਾ ਹੈ। ਮਨੁੱਖ ਸਤ-ਸਰੂਪ ਹੈ ਪਰਮ ਤੱਤ ਦੀ ਪ੍ਰਾਪਤੀ ਲਈ ਸਤਿ-ਮਾਰਗ ਹੀ ਇਕੋ ਇਕ ਸਾਧਨ ਹੈ। ਸਭ ਧਾਰਮਿਕ ... .... ...

ਰੀਥਾਂ ਤੋਂ ਸੱਚ ਦੇ ਮਾਰਗ ਤੇ ਚਲਣ ਦੀ ਪ੍ਰੇਰਨਾ ਮਿਲਦੀ ਹੈ। ਆਦਿ ਕਾਲ ਤੋਂ ਹੀ ਸਤਿ ਦੀ ਮਹਿਮਾ ਕੀਤੀ ਗਈ ਹੈ। ਸਤਿਜੁਗ ਵਿਚ ਸੱਚ ਦੀ ਪ੍ਰਧਾਨਤਾ ਸੀ। ਵੈਦਿਕ ਯੁੱਗ ਵਿਚ ਅਸਤਿ ਬੋਲਣਾ ਪਾਪ ਸਮਝਿਆ ਜਾਂਦਾ ਸੀ। ਇਹ ਲੋਕ "ਸੂਨਰਿਤਾ ਵਾਕ" ਅਰਥਾਤ ਸੱਚ ਅਤੇ ਪ੍ਰਿਯ ਵਚਨ ਬੋਲਦੇ ਸਨ।[17] ਤੈਤਰੀਯ ਉਪਨਿਸ਼ਦ ਅਤੇ ਮੁੰਡਕ ਉਪਨਿਸ਼ਦ ਵਿਚ ਸੱਚ ਸੰਬੰਧੀ ਵਰਣਨ ਹੈ। ਤੈਤਰੀਯ ਉਪਨਿਸ਼ਦ ਵਿਚ ਸੱਚ ਨੂੰ ਬ੍ਰਹਮ ਕਿਹਾ ਗਿਆ ਹੈ।[18] ਗੀਤਾ ਵਿਚ ਸ੍ਰੀ ਕ੍ਰਿਸ਼ਨ ਜੀ ਨੇ ਆਪਣੇ ਆਪ ਨੂੰ ਸਤਿ ਕਿਹਾ ਹੈ।[19]

ਗੁਰੂ ਰਵਿਦਾਸ ਜੀ ਨੇ ਸੱਚ ਸੰਬੰਧੀ ਵਿਸਥਾਰ ਨਾਲ ਵਰਣਨ ਕੀਤਾ ਹੈ। ਉਹ ਪ੍ਰਭੂ ਦੇ ਸਤਿ-ਸਰੂਪ ਨੂੰ ਵਿਚਾਰਨ, ਸਤਿਗੁਰੂ ਦੀ ਓਟ ਲੈਣ, ਸਤਿ-ਸੰਗਤ ਕਰਨ ਸਤਿ-ਬਚਨ ਕਥਨ ਅਤੇ ਸਤਿ ਕਰਮ ਕਰਨ ਤੇ ਜ਼ੋਰ ਦਿੰਦੇ ਹਨ। ਸੱਚਦਾ ਵਿਪਰੀਤ ਝੂਠ ਹੈ ਜੋ ਸੰਸਾਰਿਕ ਖਿੱਚ ਦਾ ਕੇਂਦਰ ਹੈ। ਇਸ ਦੀ ਚੁੰਬਕੀ ਖਿੱਚ ਤੋਂ ਬਚਣ ਲਈ ਸਤਿ-ਮਾਰਗ ਤੇ ਚਲਣਾ ਜ਼ਰੂਰੀ ਹੈ। ਗੁਰੂ ਰਵਿਦਾਸ ਜੀ ਨੇ ਇਸ ਰਾਹ ਤੇ ਚੱਲ ਕੇ ਦੁਨੀਆਂ ਨੂੰ ਇਕ ਮਿਸਾਲ ਦਿੱਤੀ ਉਨ੍ਹਾਂ ਨੇ ਸਤਿ ਦੀ ਬਹੁਤ ਮਹਿਮਾ ਗਾਈ:

1. ਮਨ ਮੇਰੇ ਸਤਿ ਸਰੂਪ ਵਿਚਾਰ[20]
2. ਝੂਠ ਤੇ ਸਾਂਚਿ ਤਬ ਹੋਇਹੋ, ਹਰਿ ਕੀ ਸਰਨਿ ਜਬ ਐਹੌ ॥[21]
3. ਦੇਵ ਸਤਿ ਮਤਿ ਸਾਂਤਿ ਪ੍ਰੀਤ ਸਤਿ ਮਨ ਅਮਲ,
   ਮਨ ਬਚ ਕ੍ਰਮਨ ਅਰੁ ਅਧਲੰਬਨ ਨਹੀਂ ਮੇਰੋ ॥[22]
4. ਸਾਚਾ ਸੁਮਿਰਨ ਨਾਂਵ ਬਿਸਾਸਾ, ਮਨ ਬਚ ਕਰਮ ਕਹੈ ਰਵਿਦਾਸਾ।[23]
5. ਜੋ ਲੈ ਘਟ ਮਹਿੰ ਪਰਾਨਾ ਹੈ, ਤੋ ਲੌ ਜਪਓ ਸਤਿ ਨਾਮ।[24]
6. ਵਾਪਰੌ ਸਤਿ ਰੈਦਾਸ ਕਹੈ ਹੈ।[25]
7. ਅੰਤਰ ਗਤਿ ਰਾਚੈ ਨਹੀਂ ਬਾਹਰਿ ਕਥੈ ਉਦਾਸ
   ਤੇ ਨਰ ਕਹਿ ਜਹਿੰਗੇ, ਸਤਿ ਭਾਖੈ ਰਵਿਦਾਸ।[26]

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਨੇ ਸਤਿ-ਰਾਮ ਦੀ ਭਗਤੀ ਦੇ ਮਾਰਗ ਦੇ ਹਰ ਅੰਗ-ਪ੍ਰਤੀਅੰਗ ਸੰਬੰਧੀ ਸਾਧਕਾਂ ਨੂੰ ਜਾਣਕਾਰੀ ਦਿੱਤੀ ਹੈ। ਉਨ੍ਹਾਂ ਨੇ ਸਤਿ ਦੀ ਮਹਿਮਾ ਨੂੰ ਜਨ-ਸਾਧਾਰਣ ਤਕ ਪਹੁੰਚਾਇਆ। ਝੂਠ ਦਾ ਵਿਵਰਣ ਦਿੰਦਿਆਂ ਗੁਰੂ ਜੀ ਲਿਖਦੇ ਹਨ ਕਿ ਇਹ ਜੀਵਨ ਜਿਸਨੂੰ ਮਨੁੱਖ ਸੱਚਾ ਸਮਝੀ ਬੈਠਾ ਹੈ ਅਸਲ ਵਿਚ ਝੂਠਾ ਹੈ। ਇਸ ਦੀ ਹੋਂਦ ਸਥਾਈ ਨਹੀਂ। ਇਥੇ ਮਨੁੱਖ ਦੁਨਿਆਵੀ ਸੁਆਦਾਂ ਅਤੇ ਰਸਾਂ ਵਿਚ ਡੁਬ ਜਾਂਦਾ ਹੈ। ਕਨਰਸ, ਬਤਰਸ ਆਦਿ ਝੂਠੇ ਕਰਮ ਕਰਵਾਉਂਦੇ ਹਨ। ਗੁਰੂ ਜੀ ਅਨੁਸਾਰ ਭੇਖੀ ਆਚਰਣ ਵੀ ਝੂਠ ਹੈ,

ਧਨ ਜੋਬਨ ਦੀਆਂ ਇਛਾਵਾਂ ਵੀ ਅਸਤਿ ਹਨਅਤੇ ਕੇਵਲ ਰਾਮ ਨਾਮ ਹੀ ਸਤਿ ਹੈ ਕਿਉਂਕਿ ਇਸ ਦੇ ਮਿਹਰ ਨਾਲ ਹੀ ਜੀਵਨ ਦੀ ਪਹਿਚਾਣ ਹੁੰਦੀ ਹੈ ਅਤੇ ਅੰਤਿਮ ਸੱਚ ਦੀ ਪਛਾਣ ਹੁੰਦੀ ਹੈ। ਇਸ ਨਾਲ ਹੀ ਮਨੁੱਖ ਸਦਗੁਣਾਂ ਦਾ ਧਾਰਨੀ ਬਣਦਾ ਹੈ।

1. ਕਾ ਤੂੰ ਸੋਵੇਂ ਜਾਗਿ ਇਆਨਾ, ਝੂਠਾ ਜੀਵਨ ਸਾਚਿ ਕਰ ਜਾਨਾ॥[27]

2. ਧਨ ਜੋਬਨ ਦੀ ਝੂਠੀ ਆਸਾ, ਸਤਿ ਸਤਿ ਭਾਖੈ ਜਨ ਰਵਿਦਾਸਾ ॥[28]

ਵਕਤੀ ਤੌਰ ਤੇ ਸੱਚ ਜ਼ਰੂਰ ਕੌੜਾ ਲਗਦਾ ਹੈ। ਸਤਿ ਦਾ ਮਾਰਗ ਕਠਨ ਲਗਦਾ ਹੈ ਪਰੰਤੂ ਇਸ ਦਾ ਫਲ ਮਿੱਠਾ ਹੀ ਹੁੰਦਾ ਹੈ। ਇਸ ਲਈ ਆਤਮਿਕ ਸਦਾਚਾਰੀ ਕਦੀ ਵੀ ਸੱਚ ਨਹੀਂ ਤਿਆਗਦਾ ਸਗੋਂ ਇਸ ਦੀ ਪ੍ਰਾਪਤੀ ਲਈ ਹਰ ਕੁਰਬਾਨੀ ਲਈ ਤਿਆਰ ਰਹਿੰਦਾ ਹੈ।

ਕਹੈ ਰਵਿਦਾਸ ਤਵੈ ਸਚੁ ਪਾਵੈ, ਆਪਾ ਉਲਟਿ ਸਮਾਈ ॥[29]

2. ਨਿਮਰਤਾ:- ਅਧਿਆਤਮਿਕ ਸਦਾਚਾਰ ਦਾ ਦੂਸਰਾ ਵੱਡਾ ਗੁਣ ਨਿਮਰਤਾ ਨੂੰ ਧਾਰਨ ਕਰਨਾ ਹੈ। ਹਉਮੈ ਅਤੇ ਹੰਕਾਰ ਆਦਿ ਦਾ ਨਾਸ਼ ਕਰਨਾ ਹੈ ਅਤੇ ਸਗਲ ਕੀ ਰੇਨ ਹੋਣਾ ਹੈ। ਗੁਰੂ ਰਵਿਦਾਸ ਜੀ ਹਰ ਸਮੇਂ ਸਹਿਜ-ਅਵਸਥਾ ਵਿਚ ਨਿਰਮਾਣ ਹੋ ਕੇ ਰਹਿੰਦੇ ਸਨ। ਇਹ ਉਨ੍ਹਾਂ ਦੀ ਨਿਮਰਤਾ ਦਾ ਪ੍ਰਗਟਾਵਾ ਹੈ ਕਿ ਆਪ ਬਾਰ ਬਾਰ ਆਪਣੀ ਬਾਣੀ ਵਿਚ ਆਪਣੇ ਆਪ ਨੂੰ ਵੱਡਾ ਭਗਤ ਜਾਂ ਸੰਤ ਕਹਿਣ ਦੀ ਥਾਂ ਨਿਰਮਾਣ ਸੇਵਕ ਲਿਖਦੇ ਹਨ। ਉਹ ਆਪਣੇ ਆਪ ਨੂੰ "ਕਹਿ ਰਵਿਦਾਸ ਚਮਾਰ" ਕਹਿ ਰੈਦਾਸ ਖਲਾਸ ਚਮਾਰਾ" "ਦਾਸਨਦਾਸਾ" ਆਦਿ ਨਾਲ ਸੰਬੋਧਨ ਕਰਦੇ ਹਨ। ਇਸ ਤੋਂ ਵੱਡੀ ਨਿਮਰਤਾ ਹੋਰ ਕੀ ਹੋ ਸਕਦੀ ਹੈ ਕਿ ਆਪ ਪ੍ਰਭੂ ਨੂੰ ਪੁਕਾਰ ਕਰਦੇ ਹਨ:

1. ਬਿਰਦ ਤਜੋ ਕਿ ਬਿਰਦ ਸੰਭਾਰੋ
ਕਹੈ ਰੈਦਾਸ ਰੰਮਹਾਰਾਜ ॥[30]

2. ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ,
ਮੇਰਾ ਕਰਮ ਕੁਟਿਲਤਾ ਜਨਮ ਕੁਭਾਂਤੀ ॥[31]

ਸ੍ਰੀ ਗੁਰੂ ਰਵਿਦਾਸ ਜੀ ਦੀ ਵਿਲੱਖਣਤਾ ਉਨ੍ਹਾਂ ਦੇ ਮਧੁਰ ਸੁਭਾਅ ਤੋਂ ਝਲਕਦੀ ਹੈ। ਇਹ ਤਕਰੀਬਨ ਸਭ ਆਲੋਚਕਾਂ ਦੀ ਧਾਰਨਾ ਹੈ ਕਿ ਜਿਥੇ ਕਬੀਰ ਜੀ ਜਿੰਨੇ ਅਖੜਖੰਡ ਅਤੇ ਖਰੀਆਂ ਖਰੀਆਂ ਸੁਨਾਉਣ ਵਾਲੇ ਸਨ ਉਥੇ ਗੁਰੂ ਰਵਿਦਾਸ ਜੀ ਦੀ ਇਹ ਵਿਸ਼ੇਸ਼ਤਾ ਹੈ ਕਿ ਉਨ੍ਹਾਂ ਨੇ ਵਿਰੋਧੀਆਂ ਨੂੰ ਵੀ ਕਈ ਕੌੜਾ ਵਚਨ ਨਹੀਂ ਕਿਹਾ। ਇਸ ਤਰ੍ਹਾਂ ਉਨ੍ਹਾਂ ਦੀ ਮਿੱਠੀ ਬੋਲੀ, ਮਧੁਰ ਸੁਭਾਅ ਉਨ੍ਹਾਂ ਦੀ ਨਿਮਰਤਾ ਦਾ ਪ੍ਰਤੀਕ ਹਨ। ਡਾ. ਧਰਮਪਾਲ ਸੈਨੀ ਵੀ ਆਪਣੇ ਲੇਖ " ਗੁਰੂ

ਰਵਿਦਾਸ ਕੀ ਸਮਾਜਕ ਚੇਤਨਾ" ਵਿਚ ਲਿਖਦੇ ਹਨ ਕਿ ਰਵਿਦਾਸ ਜੀ ਨੇ ਕਬੀਰ ਜੀ ਦੀ ਤਰ੍ਹਾਂ ਤਿੱਖੇ ਵਾਦ-ਵਿਵਾਦ ਨਹੀਂ ਕੀਤੇ, ਲੇਕਿਨ ਜਿਨ੍ਹਾਂ ਦੀ ਮਰਮ ਸਪਰਸ਼ੀ ਮਧੁਰ ਵਿਅੰਗਾਂ ਦਾ ਉਨ੍ਹਾਂ ਨੇ ਆਸਰਾ ਲਿਆ ਹੈ, ਉਹ ਵੀ ਵਧੇਰੇ ਘਾਤਕ ਸਿੱਧ ਹੋਏ ਹਨ।"[32] ਇਥੋਂ ਉਨ੍ਹਾਂ ਦੀ ਦੀਰਘ ਸੋਚਣੀ ਅਤੇ ਵਿਚਾਰਾਂ ਦਾ ਪਤਾ ਲੱਗਦਾ ਹੈ ਕਿ ਕਿਵੇਂ ਉਹ ਕਬੀਰ ਜੀ ਤਰ੍ਹਾਂ ਮੂੰਹਫੱਟ ਵੀ ਨਹੀਂ ਬਣੇ ਅਤੇ ਸਮਾਜ ਦੀਆਂ ਦ੍ਰਿਸ਼ਟੀਗਤ ਬੁਰਾਈਆਂ ਪ੍ਰਤੀ ਮੋਨ ਵੀ ਨਹੀਂ ਰਹੇ। ਸਗੋਂ ਜੋ ਕਹਿਣਾ ਸੀ ਕਹਿ ਵੀ ਦਿੱਤਾ ਅਤੇ ਨਾਲ ਹੀ ਆਪਣੀ ਸ਼ਖਸੀਅਤ ਤੇ ਸਮਕਾਲੀਨ ਅਤੇ ਪਰਕਾਲੀਨ ਪੀੜ੍ਹੀਆਂ ਨੂੰ ਵੀ ਪ੍ਰਭਾਵਿਤ ਕੀਤਾ। ਇਹ ਸਭ ਕੁਝ ਉਨ੍ਹਾਂ ਦੇ ਹਿਰਦੇ ਦੀ ਵਿਸ਼ਾਲਤਾ ਅਤੇ ਸ਼ੁਧ ਮਧੁਰ ਅਤੇ ਸਰੁਸ ਬਾਣੀ ਦੀ ਉਪਜ ਹੈ ਕਿ ਉਹ ਸਹਿਜ ਭਾਵੀ ਸੰਤਾਂ ਵਿਚ ਗਿਣੇ ਜਾਂਦੇ ਹਨ। ਇਹੀ ਕਾਰਨ ਹੈ ਕਿ ਅੱਜ ਦੇ ਵਿਦਵਾਨ ਵੀ ਉਨ੍ਹਾਂ ਦੀ ਉਸਤੱਤ ਕਰੇ ਬਿਨਾਂ ਨਾ ਰਹਿ ਸਕੇ। ਸ੍ਰੀ ਹਜ਼ਾਰੀ ਪ੍ਰਸਾਦ ਦਿਵੇਦੀ ਵੀ ਉਪਰੋਕਤ ਵਿਚਾਰ ਦੀ ਪ੍ਰੋੜਤਾ ਕਰਦੇ ਹਨ। ਉਹ "ਰਵਿਦਾਸ ਦਰਸਨ" ਪੁਸਤਕ ਵਿਚ 'ਦੋ ਸ਼ਬਦ' ਸਿਰਲੇਖ ਅਧੀਨ ਲਿਖਦੇ ਹਨ ਕਿ " ਮਹਾਤਮਾ ਰਵਿਦਾਸ ਜੀ ਬਹੁਤ ਹੀ ਮਧੁਰ ਸੁਭਾਅ ਦੇ ਭਗਤ ਸਨ ਉਨ੍ਹਾਂ ਨੇ ਕਿਸੇ ਤੇ ਕਠੋਰ ਆਖੇਪ ਜਾਂ ਵਿਅੰਗ ਨਹੀਂ ਕੀਤਾ।"[33]

ਗੁਰੂ ਰਵਿਦਾਸ ਜੀ ਪਹੁੰਚੇ ਹੋਏ ਸੰਤ ਸਨ। ਉਹ ਪ੍ਰਭੂ ਦੀ ਸ੍ਰਿਸ਼ਟੀ ਦੇ ਕਣ-ਕਣ ਵਿਚ ਪਰਮ ਜੋਤਿ ਨੂੰ ਵੇਖਣ ਦੇ ਸਮਰੱਥ ਹੋ ਚੁੱਕੇ ਸਨ। ਉਨ੍ਹਾਂ ਅਨੁਸਾਰ ਮਨੁੱਖ ਨੂੰ ਕੌੜੇ ਵਚਨ ਨਹੀਂ ਬੋਲਣੇ ਚਾਹੀਦੇ। ਕਿਉਂਕਿ ਸਭ ਵਿਚ ਉਹੀ ਪਰਮ-ਆਤਮਾਂ ਨਿਵਾਸ ਕਰਦੀ ਹੈ। ਗੁਰੂ ਲਿਖਦੇ ਹਨ ਪਹਿਲਾਂ ਤੋਲੋ ਤੇ ਫਿਰ ਬੋਲੋ "
ਉਨ੍ਹਾਂ ਅਨੁਸਾਰ ਜਿਹੜਾ ਮਨੁੱਖ ਜੀਭ ਰੂਪੀ ਹਥਿਆਰ ਨਾਲ ਦੂਸਰੇ ਦੇ ਹਿਰਦਿਆਂ ਨੂੰ ਜ਼ਖਮੀ ਕਰਦਾ ਹੈ, ਉਹ ਤਾਂ ਮੂਰਖ ਹੈ:

1. ਕਟੁਕ ਬਚਨ ਨਹਿ ਬੋਲੀਏ, ਸਭ ਘਟ ਹਰਿ ਕੋ ਬਾਸ ॥
ਇਹੁ ਗਯਾਨ ਕੋ ਦਵਾਰ ਹੈ, ਕਹੈ ਰਵਿਦਾਸ ਵਿਚਾਰ ॥ ॥

2. ਮੂਰਿਖ ਮੁਖ ਕਮਾਨ ਹੈ, ਕਟੁਕ ਵਚਨ ਭਯੋ ਤੀਰ ॥
ਸਾਂਚਰੀ ਮਾਰੇ ਕਾਨ ਮਹਿ, ਸਾਲੇ ਸਗਲ ਸਰੀਰ ॥[36]

3. ਰਵਿਦਾਸ ਮੂਰਿਖ ਸਮਝਈ ਨਹਿ, ਉਚਰੇ ਬਿਨ ਵਿਚਾਰ ॥
ਹਨੇ ਪਰਾਈ ਆਤਮਾ, ਜੀਭ ਲਿਆ ਤਰਵਾਰ ॥[34]

ਗੁਰੂ ਰਵਿਦਾਸ ਜੀ ਨੂੰ ਰਾਜਿਆਂ ਅਤੇ ਰਾਣੀਆਂ ਨੇ ਨਿਵਾਜਿਆ। 'ਮਾਥੈ ਛਤ੍ਰ ਧਰਿਆ, ਬ੍ਰਾਹਮਣ ਵਰਗ ਤੋਂ ਮਾਣ ਪ੍ਰਾਪਤ ਹੋਇਆ ਪਰ ਇਸ ਨੇ ਉਨ੍ਹਾਂ ਦੇ ਅੰਦਰ ਹਉਮੈ ਅਤੇ ਹੰਕਾਰ ਆਦਿ ਦੀ ਨੀਂਧ ਨਹੀਂ ਉਸਾਰੀ, ਸਗੋਂ ਉਨ੍ਹਾਂ ਦੇ ਅੰਦਰ ਨਿਮਰਤਾ ਦੀ ਭਾਵਨਾ ਹਮੇਸ਼ਾਂ ਬਣੀ ਰਹੀ। ਉਹ ਲਿਖਦੇ ਹਨ:

ਹਮਸਰਿ ਦੀਨੁ ਦਇਆਲ ਨ ਤੁਮ ਸਰਿ ॥
ਅਬ ਪਤੀਆਰੁ ਕਿਆ ਕੀਜੈ ॥ ( ਰਾਗ ਧਨਾਸਰੀ)[35]

ਗੁਰੂ ਰਵਿਦਾਸ ਜੀ ਸਮਾਜ ਦੀਆਂ ਨਜ਼ਰਾਂ ਵਿਚ ਨਾਵੀਂ ਕੁਲ ਵਿਚ ਪੈਦਾ ਹੋਏ ਸਨ। ਜ਼ਿੰਦਗੀ ਇਕ ਸੰਘਰਸ਼ ਤਾਂ ਹੁੰਦੀ ਹੀ ਹੈ। ਪਰੰਤੂ ਉਸ ਸਮੇਂ ਦੀ ਸਮਾਜਿਕ ਅਤੇ ਰਾਜਨੈਤਿਕ ਅਵਸਥਾ ਕਾਰਨ ਆਪ ਲਈ ਇਹ ਅਸਲ ਵਿਚ ਵਧੇਰੇ ਸੰਘਰਸ਼ਮਈ ਅਤੇ ਸੰਕਟਮਈ ਸੀ ਪਰੰਤੂ ਆਪਨੇ ਜੀਵਨ ਦੇ ਕਿਸੇ ਵੀ ਮੋੜ ਤੇ ਨਿਮਰਤਾ ਦਾ ਲੜ ਨਹੀਂ ਛੱਡਿਆ। ਡਾ. ਧਰਮਪਾਲ ਸਿੰਗਲ ਨੇ ਵੀ ਆਪਦੇ ਸੰਤ ਸੁਭਾਅ ਦੀ ਸਿਫਤ ਕੀਤੀ ਹੈ ਉਹ ਲਿਖਦੇ ਹਨ ਕਿ " ਗੁਰੂ ਰਵਿਦਾਸ ਜੀ ਨੂੰ ਪੈਰ-ਪੈਰ ਤੇ ਵੇਲੇ ਦੇ ਜਾਬਰਾਂ ਹਾਕਮਾਂ, ਧਰਮ ਅਭਿਮਾਨੀਆਂ ਤੇ ਜਾਤ-ਕੁਲ ਅਭਿਮਾਨੀਆਂ ਨਾਲ ਟੱਕਰ ਲੈਣੀ ਪਈ, ਉਨ੍ਹਾਂ ਵਲੋਂ ਤ੍ਰਿਸਕਾਰ ਬੇਇਜ਼ਤੀ ਅਤੇ ਪੀੜਾ ਜਰਨੀ ਪਈ। ਇਸਦੇ ਬਾਵਜੂਦ ਵੀ ਆਪਨੇ ਕਿਧਰੇ ਵੀ ਆਪਣੇ ਸੰਤ ਸੁਭਾਉ ਨੂੰ ਨਹੀਂ ਛੱਡਿਆ ਨਿਮਰਤਾ, ਮਿੱਠਤ, ਸੇਵਾ ਅਤੇ ਪਰਉਪਕਾਰ ਦਾ ਪੱਲਾ ਨਹੀਂ ਛੱਡਿਆ।"[36]

ਗੁਰੂ ਜੀ ਅਨੁਸਾਰ ਨਿਮਰਤਾ ਸਤਿ-ਸੰਗਤ ਤੋਂ ਪ੍ਰਾਪਤ ਹੁੰਦੀ ਹੈ। ਸੰਤਾਂ ਪ੍ਰਤੀ ਸਦਭਾਵਨਾ ਰਖਕੇ, ਅਭਿਮਾਨ ਤਿਆਗਕੇ, ਆਪਾ ਵਾਰ ਕੇ ਹੀ ਨਿਮਰਤਾ ਦਾ ਗੁਣ ਪ੍ਰਾਪਤ ਹੁੰਦਾ ਹੈ:

ਤਜਿ ਅਭਿਮਾਨ ਮੇਟਿ ਆਪਾਪਰ
ਪਿਪਲਿਕ ਹੈ ਚੁਨਿ ਖਾਵੈ ॥ [37]

ਨਿਮਰਤਾ ਪ੍ਰਭੂ ਦੀਭਗਤੀ ਤੋਂ ਪ੍ਰਾਪਤ ਹੁੰਦੀ ਹੈ। ਗੁਰਮੁਖ ਮਿੱਠੇ ਬਚਨਾਂ ਦਾ ਧਾਰਨੀ ਹੁੰਦਾ ਹੈ। ਉਸ ਦੀ ਕਥਨੀ ਤੇ ਕਰਨੀ ਹੰਕਾਰ ਤੋਂ ਮੁਕਤ ਹੋ ਜਾਂਦੀ ਹੈ। ਹੰਕਾਰ ਮਨਮੁਖਤਾ ਕਰਕੇ ਹੁੰਦਾ ਹੈ ਕਿਉਂਕਿ ਪ੍ਰਭੂ ਤੋਂ ਬੇਮੁਖ ਹੋਇਆਂ ਮਨੁੱਖ ਆਪਣੇ ਆਪ ਨੂੰ ਸਭ ਕੁਝ ਸਮਝਦਾ ਹੈ ਅਤੇ ਹਉਮੈ ਵਿਚ ਆ ਜਾਂਦਾ ਹੈ। ਇਸ ਦੇ ਉਲਟ ਗੁਰਮੁਖ ਸਦਗੁਣ ਗ੍ਰਹਿਣ ਕਰਕੇ ਪ੍ਰਭੂ ਦੇ ਸਨਮੁਖ ਹੋ ਜਾਂਦਾ ਹੈ। ਗੁਰੂ ਜੀ ਲਿਖਦੇ ਹਨ ਕਿ ਜਿਵੇਂ ਜਦੋਂ ਤਕ ਨਦੀ ਸਮੁੰਦਰ ਵਿਚ ਨਹੀਂ ਮਿਲਦੀ ਘੋਰ ਗਰਜਨ ਕਰਦੀ ਸੂਕਦੀ ਆਪਣੀ ਚਾਲ ਤੇ ਰਵਾਨਗੀ ਵਿਚ ਜਾਂਦੀ ਹੈ ਪਰੰਤੂ ਸਮੁੰਦਰ ਵਿਚ ਮਿਲਣ ਤੋਂ ਬਾਅਦ ਸ਼ਾਂਤ ਅਵਸਥਾ ਵਿਚ ਆ ਜਾਂਦੀ ਹੈ ਇਸ ਤਰ੍ਹਾਂ

ਮਨੁੱਖ ਪਰਮਪਦ/ਪ੍ਰਾਪਤ ਹੋਣ ਤੋਂ ਪਹਿਲਾਂ ਹਉਮੈ, ਹੰਕਾਰ ਆਦਿ ਨਾਲ ਪਰਿਪੂਰਣ ਰਹਿੰਦਾ ਹੈ ਪਰੰਤੂ ਪ੍ਰਭੂ ਦੀ ਪ੍ਰਾਪਤੀ ਨਾਲ ਮਨ ਦਾ ਹੰਕਾਰ ਖਤਮ ਹੋ ਜਾਂਦਾ ਹੈ। ਸਾਧਕ ਦੀ ਕਾਇਆ ਸੀਤਲ ਹੋ ਜਾਂਦੀ ਹੈ:

1. ਜਬ ਲਗਿ ਨਦੀ ਨ ਸਮੁੰਦ ਸਮਾਵੈ, ਤਬ ਲਗਿ ਬਢੈ ਹੰਕਾਰਾ ॥
ਜਬ ਮਨ ਮਿਲਯੌ ਰਾਮ ਸਾਗਰ ਸੋਂ, ਤਬ ਯਹ ਮਿਟੀ ਪੁਕਾਰਾ ॥[38]

2. ਭਗਤਿ ਐਸੀ ਸੁਨਹੁ ਰੇ ਭਾਈ
ਆਈ ਭਗਤਿ ਸਬ ਗਈ ਬਡਾਈ ॥[39]

3. ਕਾਮ ਕ੍ਰੋਧ ਹੰਕਾਰ ਨਿਵਾਰਹੁ, ਤ੍ਰਿਸਨਾ ਤਿਆਗਹੁ ਸੰਤ ਜਨਾ
ਕਹਿ ਰਵਿਦਾਸ ਭਈ ਸੀਤਲ ਕਾਇਆ, ਜਿਉ ਹੀ ਲਾਗੌ ਗੁਰੂ ਚਰਨਾ ॥[40]

ਇਸ ਤਰ੍ਹਾਂ ਰਵਿਦਾਸ ਜੀ ਅਨੁਸਾਰ ਮਨੁੱਖ ਨੂੰ ਸਦਗੁਣਾਂ ਦਾ ਧਾਰਨੀ ਹੋਣਾ ਚਾਹੀਦਾ ਹੈ, ਮਨੁੱਖ ਨੂੰ ਹੰਕਾਰ ਤੋਂ ਮੁਕਤ ਹੋ ਕੇ ਮਧੁਰ ਬਾਣੀ ਬੋਲਣੀ ਚਾਹੀਦੀ ਹੈ ਅਤੇ ਸਭ ਵਿਚ ਪਰਮ ਜੋਤਿ ਨੂੰ ਵੇਖਣਾ ਚਾਹੀਦਾ ਹੈ।ਉਨ੍ਹਾਂ ਅਨੁਸਾਰ ਹਲੀਮੀ, ਨਿਰਮਾਣਤਾ, ਸ਼ਾਂਤੀ ਮਿਠੱਤ, ਧੀਰਜ ਆਦਿ ਗੁਣ ਗੁਰੂ-ਸੰਗਤ, ਸਤਿ ਸੰਗਤ ਭਗਤੀ ਤੇ ਆਤਮ ਨਿਵੇਦਨ ਤੋਂ ਪ੍ਰਾਪਤ ਹੁੰਦੇ ਹਨ।

" ਦਇਆ" ਕਰੁਣਾ ਹੈ ।

(3) ਦਇਆ /ਦਯਾ :- ਸੱਚ ਬੋਲਣ ਵਾਲਾ, ਨਿਰਗੁਣ ਰਹਿਣ ਵਾਲਾ ਅਤੇ ਮਧੁਰ ਸੁਭਾਅ ਵਾਲਾ ਜੀਵ ਹੀ ਦਇਆ ਦਾ ਧਾਰਨੀ ਹੋ ਸਕਦਾ ਹੈ। ਜੀਵਾਂਉਪਰ ਦਯਾ ਕਰਨੀ ਭਾਰਤੀ ਸੰਸਕ੍ਰਿਤੀ ਦਾ ਗੌਰਵਮਈ ਵਿਰਸਾ ਹੈ। ਦੇਵੀਭਾਗਵਤ ਵਿਚ ਕਿਹਾ ਗਿਆ ਹੈ ਕਿ ਦਯਾ ਜੈਸਾ ਕੋਈ ਪੁੰਨ ਨਹੀਂਹੈ ਅਤੇ ਹਿੰਸਾ ਜੈਸਾ ਕੋਈ ਪਾਪ ਨਹੀਂ ਹੈ।[41] ਗੁਰੂ ਰਵਿਦਾਸ ਜੀ ਨੇ ਇਸ ਧਾਰਨਾ ਨੂੰ ਅਮਲੀ ਰੂਪ ਦਿੱਤਾ। ਗੁਰੂ ਜੀ ਅਨੁਸਾਰ ਦਇਆ ਭਾਵਨਾ ਪ੍ਰਭੂ ਦਾ ਆਪਣਾ ਗੁਣ ਹੈ। ਉਹ ਪਰਮ ਤਤ ਕਰੁਣਾਨਿਧੀ ਹੈ। ਜੀਵ ਉਸ ਦਾ ਅੰਸ਼ ਹੋਣ ਦੇ ਨਾਤੇ ਪਰਮ ਸਰੂਪ ਵਾਂਗ ਹੀ ਗੁਣ ਦਾ ਧਾਰਨੀ ਹੁੰਦਾ ਹੈ। ਪ੍ਰਭੂ ਹਜ਼ਾਰਾਂ ਤੇ ਦਯਾ ਕਰਦਾ , ਅਪਰਾਧੀਆਂ ਦੇ ਅਨਾਚਾਰ ਅਤੇ ਪਾਪਾਂ ਨੂੰ ਮਾਫ਼ ਕਰਦਾ ਹੈ। ਇਸ ਲਈ ਸਾਨੂੰ ਵੀ ਸਹਿਨਸ਼ੀਲਤਾ ਵਾਲੀ ਅਤੇ ਖਿਮਾ ਕਰ ਦੇਣ ਵਾਲੀ ਬਿਰਤੀ ਅਪਨਾਉਣੀ ਚਾਹੀਦੀ ਹੈ। ਕਰੁਣਾ ਲਈ ਤਿਆਗ ਵੀ ਅਤਿ ਜ਼ਰੂਰੀ ਹੈ। ਇਸ ਰਾਹੀਂ ਹੀ ਅਸੀਂ ਪ੍ਰਭੂ ਦੀ ਕਿਰਪਾ ਦੇ ਪਾਤਰ ਬਣਦੇ ਹਾਂ। ਗੁਰੂ ਜੀ ਲਿਖਦੇ ਹਨ:

1. ਤੁਮਹੁ ਦਿਆਲ ਕ੍ਰਿਪਾਲ ਕਰੁਣਾਨਿਧ ਤੁਮਹਹਿ ਦੀਨ ਬੰਧੁ ਰਘੁਰਾਈ ॥[42]

ਜਿਹੜੇ ਜੀਵ ਆਤਮਿਕ ਸਿੱਧੀ ਪ੍ਰਾਪਤ ਕਰ ਲੈਂਦੇ ਹਨ ਉਹ ਸਦਗੁਣਾਂ ਦੇ ਧਾਰਨੀ ਹੁੰਦੇ ਹਨ। ਸੰਕੀਰਣਤਾ ਦੇ ਜਾਲ ਤੋਂ ਮੁਕਤ ਹੋਏ ਉਹ ਪ੍ਰਭੂ ਦੀ ਇਸ ਬਖਸ਼ਿਸ਼ ਨੂੰ ਬਿਨਾਂ ਕਿਸੇ ਵਿਤਕਰੇ ਦੇ ਸਭ ਵਿਚ ਲੁਟਾਉਂਦੇ ਹਨ ਇਸ ਤਰ੍ਹਾਂ ਗੁਰੂ ਜੀ ਅਨੁਸਾਰ ਦਯਾ ਭਾਵਨਾ ਤਾਂ ਹੀ ਉਜਾਗਰ ਹੁੰਦੀ ਹੈ ਜੇਕਰ ਮਨੁੱਖ ਦਿਲ ਵਿਚੋਂ ਬਦਲੇ ਦੀ ਪ੍ਰਵਿਰਤੀ ਨੂੰ ਕਢ ਦੇਵੇ ਅਤੇ ਉਸ ਪਰਮਤਤ ਦੀ ਤਰ੍ਹਾਂ ਔਗੁਣਾਂ ਨੂੰ ਚਿਤ ਵਿਚ ਨਾ ਰਖੇ ਸਗੋਂ ਸਹਿਨਸ਼ੀਲਤਾ ਦਾ ਪਲਾ ਫੜ ਕੇ ਨਿਆਂ ਦੀ ਤੁਲਾ ਪ੍ਰਭੂ ਦੇ ਹੱਥ ਫੜਾ ਖਿਮਾ ਕਰ ਦੇਵੇ:

ਜਾ ਪੈ ਦੀਨਾਨਾਥ ਢਰੈ ॥
ਦੀਨ ਬੰਧੁ ਕਰੁਨਾ ਮੈ ਸਵਾਮੀ, ਔਗਨ ਚਿਤ ਨਾ ਧਰੈ ॥
ਨਿਸਚਰ ਫੁਨਿ ਬੰਧੁ ਬਭੀਸ਼ਣ ਤਿਹੁ ਸਿਰ ਛਤ੍ਰ ਧਰੈ ॥
ਬਨ ਬੇਰਿ ਬੇਰਿ ਭਖੇ ਭੀਲਣੀ ਕੇ ਲਛਿਮਣ ਪੇਖਿ ਪ੍ਰਜਰੈ ॥[43]

ਗੁਰੂ ਜੀ ਅਨੁਸਾਰ ਜਦੋਂ ਤਕ ਅਸੀਂ ਅਨਿਆਂ ਨੂੰ ਯਾਦ ਰਖਦੇ ਹਾਂ, ਤਦੋਂ ਤਕ ਅਸੀਂ ਉਸ ਵਿਅਕਤੀ ਜਾਂ ਕਾਰਜ ਨੂੰ ਮਾਫ਼ ਨਹੀਂ ਕਰ ਸਕਦੇ। ਜੇਕਰ ਅਸੀਂ ਕੇਵਲ ਏਨਾ ਸਮਝੀਏ ਕਿ ਸੰਸਾਰ ਵਿਚ ਦੁਸ਼ਟਤਾ ਨਾਲ ਅਧਿਕ ਦੁਖ ਉਤਪੰਨਾ ਹੁੰਦਾ ਹੈ ਤਾਂ ਅਸੀਂ ਦਿਆਲੂ ਅਤੇ ਕ੍ਰਿਪਾਲੂ ਬਣ ਸਕਦੇ ਹਾਂ। ਗੁਰੂ ਰਵਿਦਾਸ ਜੀ ਦੇ ਮਨ ਵਿਚ ਦੀਨ ਦੁਖੀਆਂ ਲਈ ਦਰਦ ਸੀ। ਕ੍ਰੋਧ ਦੀ ਥਾਂ ਨਿਮਰਤਾ ਭਾਵ ਸੀ। ਪ੍ਰਭੂ ਦੀ ਕਰੁਣਾਨਿਧੀ ਪ੍ਰਾਪਤ ਸੀ ਜਿਸਨੇ ਉਨ੍ਹਾਂ ਦੀ ਦਯਾ-ਭਾਵਨਾ ਨੂੰ ਹੋਰ ਵੀ ਤੀਬਰ ਬਣਾ ਦਿੱਤਾ।

1. ਜਤ ਦੇਖਉ ਤਤ ਦੁਖ ਕੀ ਰਾਸੀ
   ਅਜੌਂਨ ਪਾਤਯਾਹ ਨਿਰਾਸ ਪਏ ਸਾਥੀ
   ਇਹ ਜਗ ਦੁਖ ਕੀ ਖੇਤਰੀ ਇਹ ਜਾਨਤ ਸਭ ਕੋਇ ॥
   ਗਯਾਨੀ ਕਾਟਹ ਹਰਿਨਾਮਸੋ, ਮੂਰਖਿ ਕਾਟਹਿ ਰੋਇ ॥40 ॥[44]
2. ਸੋ ਕਤ ਜਾਨੈ ਪੀਰ ਪਰਾਈ, ਜਾ ਕੇ ਅੰਦਰ ਦਰਦ ਨਾ ਪਾਈ ॥[45]
3. ਕਹਿ 'ਰਵਿਦਾਸ' ਉਦਾਸ ਦਾਸ ਮਤਿ, ਪਰਹਰਿ ਕੋਪੁ ਕਰਹੁ ਜੀਅ ਦਇਆ ॥[46]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਰਵਿਦਾਸ ਜੀ ਨੇ ਪ੍ਰਭੂ ਦੇ ਦਿਆਲੂ ਰੂਪ ਦਾ ਚਿਤਰਣ ਕਰਕੇ ਦਇਆ ਦੇ ਮਹੱਤਵ ਨੂੰ ਪ੍ਰਤਿਪਾਦਤ ਕੀਤਾ ਹੈ। ਉਨ੍ਹਾਂ ਅਨੁਸਾਰ ਦਇਆ ਭਾਵਨਾ ਲਈ, ਕ੍ਰੋਧ ਦਾ ਤਿਆਗ ਕਰਕੇ ਖਿਮਾ ਅਤੇ ਸਹਿਨਸ਼ੀਲਤਾ ਅਪਨਾਉਣਾ ਅਤੀ ਜ਼ਰੂਰੀ

ਹੈ ਅਤੇ ਕਿਸੇ ਦੇ ਦੁੱਖ ਦਾ ਅਹਿਸਾਸ ਤਾਂ ਹੀ ਹੁੰਦਾ ਹੈ ਜੇਕਰ ਮਨੁਖ ਦਾ ਆਪਣਾ ਹਿਰਦਾ ਉਸ ਦਰਦ ਦੀ ਗਹਿਰਾਈ ਤਕ ਪਹੁੰਚਿਆ ਹੋਵੇ। ਉਨ੍ਹਾਂ ਅਨੁਸਾਰ ਦੁਖ -ਦਰਦ ਵਿਚ ਭਿਜਿਆ ਹੋਇਆ ਦਿਲ ਹੀ ਦਇਆ ਨਿਛਾਵਰ ਕਰ ਸਕਦਾ ਹੈ।

(4) <u>ਨਿੰਦਿਆ/ ਪਰ-ਨਿੰਦਾ:</u> - ਆਚਾਰ-ਸੰਸਕ੍ਰਿਤੀ ਵਿਚ ਪਰ-ਨਿੰਦਾ ਨੂੰ ਨਿਸ਼ੇਧ ਕਰਮ ਮੰਨਿਆ ਗਿਆ ਹੈ, ਇਸ ਲਈ ਅਧਿਆਤਮਿਕ ਸਦਾਚਾਰ ਦਾ ਇਕ ਜ਼ਰੂਰੀ ਅੰਗ ਨਿੰਦਿਆ ਤੋਂ ਬਚਣਾ ਹੈ। ਪ੍ਰਭੂ ਦੀ ਰਜ਼ਾ ਵਿਚ ਚੰਗਿਆਈ ਦੇ ਨਾਲ ਨਾਲ ਬੁਰਾਈ ਵੀ ਚਲਦੀ ਰਹਿੰਦੀ ਹੈ। ਵਿਕਾਸਾਤਮਕ ਤੱਤਾਂ ਦੇ ਨਾਲ ਨਾਲ ਵਿਨਾਸ਼ਾਤਮਕ ਤੱਤ ਵੀ ਜਗਤ ਵਿਚ ਵਿਦਮਾਨ ਰਹਿੰਦੇ ਹਨ। ਦੂਜੇ ਦੀ ਨਿੰਦਾ ਕਰਨਾ ਅਤੇ ਇਸ ਵਿਚੋਂ ਰਸ ਲੈਣਾ ਨੀਵੇਂ ਦਰਜੇ ਦਾ ਕੰਮ ਹੈ। ਗੁਰੂ ਜੀ ਨੇ ਲਿਖਿਆ ਹੈ:-

ਪਰ ਨਿੰਦਾ ਸਮ ਨਹੀਂ ਅਧਮਾਈ
ਕਹਿ ਰਵਿਦਾਸ ਮੁਨਿ ਸਬ ਗਾਈ ॥[47]

ਸਭ ਧਾਰਮਿਕ ਗ੍ਰੰਥਾਂ ਵਿਚ ਨਿੰਦਾ-ਤਿਆਗ ਤੇ ਬੱਲ ਦਿੱਤਾ ਗਿਆ,। ਮਹਾਂਭਾਰਤ ਵਿਚ ਵਰਣਨ ਹੈ ਕਿ ਪਰ-ਨਿੰਦਾ ਕਰਨ ਵਾਲਾ ਦੁਖ ਦਾ ਭਾਗੀ ਹੁੰਦਾ ਹੈ ਉਹ ਈਰਖਾ, ਨਫਰਤ-ਹਿੱਤ ਚੁਗਲੀ ਕਰਦਾ ਹੈ ਅਤੇ ਕ੍ਰੋਧ ਵਿਚ ਆਉਂਦਾ ਹੈ ਇਸ ਦੇ ਨਾਲ ਉਸ ਨੂੰ ਹੀ ਕਸ਼ਟ ਮਿਲਦਾ ਹੈ। ਇਸ ਲਈ ਤਾਂ ਸੰਪੂਰਨ ਦਾਰਸ਼ਨਾਂ ਵਿਚ ਇਸ ਨੂੰ ਪਾਪ ਕਿਹਾ ਗਿਆ ਹੈ। ਜਦੋਂ ਤਕ ਸਮਾਜ ਵਿਚੋਂ ਪਰ-ਨਿੰਦਾ ਅਤੇ ਦਵੈਤ ਭਾਵਨਾ ਖਤਮ ਨਹੀਂ ਹੁੰਦੀ ਤਦੋਂ ਤਕ ਇਸ ਵਿਚ ਸ਼ਾਂਤੀ ਦੀ ਭਾਵਨਾ ਵਿਕਸਿਤ ਨਹੀਂ ਹੋ ਸਕਦੀ। ਗੁਰੂ ਜੀ ਲਿਖਦੇ ਹਨ:-

ਸਾਧ ਕਾ ਨਿੰਦਕੁ ਕੈਸੇ ਤਰੈ, ਸਰ ਪਰ ਜਾਨਹੁ ਨਰਕ ਹੀ ਪਰੈ ॥[48]

ਗੁਰੂ ਰਵਿਦਾਸ ਜੀ ਨੇ ਨਿੰਦਕ ਨੂੰ ਨਿੰਦਾ ਦੇ ਪਰਿਣਾਮਾ ਤੋਂ ਜਾਣੂੰ ਕਰਵਾ ਕੇ ਇਸ ਦੇ ਤਿਆਗ ਦੀ ਪ੍ਰੇਰਨਾ ਦਿੱਤੀ ਹੈ। ਉਨ੍ਹਾਂ ਅਨੁਸਾਰ ਪਰ-ਨਿੰਦਾ ਗਿਰਾਵਟ ਦਾ ਰਸਤਾ ਹੈ। ਉਹ ਲਿਖਦੇ ਹਨ ਬੇਸ਼ਕ ਕੋਈ ਵਿਅਕਤੀ ਭਾਰਤ ਦੇ ਸਰਵ ਅਠਾਹਟ ਤੀਰਥਾਂ ਤੇ ਇਸ਼ਨਾਨ ਕਰ ਆਵੇ, ਬਾਰ੍ਹਾਂ ਦੇਵ ਸਥਾਨਾਂ ਤੇ ਪੂਜਾ ਉਪਾਸਨਾ ਕਰ ਆਵੇ ਅਤੇ ਹੋਰ ਵੀ ਅਨੇਕਾਂ ਪਰਉਪਕਾਰ ਕਰੇ ਪਰੰਤੂ ਜੇਕਰ ਉਹ ਨਿੰਦਕ ਹੈ ਤਾਂ ਉਸਦੇ ਸਭ ਧਰਮ-ਕਰਮ ਵਿਅਰਥ ਹੋ ਜਾਂਦੇ ਹਨ। ਸਾਧਾਂ -ਸੰਤਾਂ ਦੇ ਨਿੰਦਕਾਂ ਦਾ ਕਦੀ ਵੀ ਉਧਾਰ ਨਹੀਂ ਹੁੰਦਾ। ਉਸਦੀ ਨਿੰਦਾ-ਪਰਕ ਬਿਰਤੀ ਕਰਕੇ ਸਿਮਰਤੀਆਂ ਸ਼ਾਸਤਰਾਂ ਦੇ ਸੁਣਨ ਨਾਲ ਵੀ ਕੋਈ ਚੰਗਾ ਅਸਰ ਨਹੀਂ ਹੁੰਦਾ। ਨਿੰਦਕ ਦਾ ਸੁਭਾਅ ਵੀ ਦੂਜਿਆਂ ਨੂੰ ਨੁਕਸਾਨ ਪਹੁੰਚਾਉਣ ਵਾਲਾ ਹੋ ਜਾਂਦਾ ਹੈ ਅਜਿਹਾ ਮਨੁੱਖ ਪਾਪੀ ਹੁੰਦਾ ਹੈ ਅਤੇ ਨਰਕ ਦਾ ਵਾਸੀ ਬਣਦਾ ਹੈ:

ਜੇ ਓਹ ਅਠਸਠਿ ਤੀਰਥ ਨਹਾਵੈ, ਜੇ ਓਹ ਦੁਆਦਸ ਸਿਲਾ ਪੂਜਾਵੈ ॥
ਜੇ ਓਹ ਕੂਪ ਤਟਾ ਦੇਵਾਵੈ, ਕਰੈ ਨਿੰਦ ਸਭ ਬਿਰਥਾ ਜਾਵੈ ॥[49]

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਅਨੁਸਾਰ ਪਰ ਨਿੰਦਕ ਦੇ ਸਭ ਕਰਮ, ਧਰਮ ਅਤੇ ਸੇਵਾ ਨਿੰਦਾ-ਪਰਕ ਦ੍ਰਿਸ਼ਟੀਕੋਣ ਦੇ ਸਾਹਮਣੇ ਵਿਅਰਥ ਹੈ।

ਪਰ ਨਿੰਦਾ ਮੁਖ ਤੇ ਨਾਹਿ ਛਾਡੀ, ਨਿਫਲ ਭਈ ਸਭ ਸੇਵਾ ॥[50]

ਗੁਰੂ ਰਵਿਦਾਸ ਜੀ ਮਿਥਿਹਾਸਿਕ ਹਵਾਲੇ ਦੇ ਕੇ ਵਰਣਨ ਕਰਦੇ ਹਨ ਕਿ ਨਿੰਦਾ ਬਹੁਤ ਭੈੜਾ ਕੁਕਰਮ ਹੈ। ਉਹ ਲਿਖਦੇ ਹਨ ਕਿ ਜਦੋਂ ਜਾਦਵ ਦੇ ਕਪਟੀ ਮਨ ਨੇ ਕਪਲ ਮੁਨੀ ਦੀ ਨਿੰਦਾ ਕੀਤੀ ਤਾਂ ਉਸ ਨੇ ਰਿਸ਼ੀ ਦੇ ਸਰਾਪ ਸਦਕਾ ਨਿੰਦਾ ਦੇ ਕਰਮ-ਫਲ ਸਰੂਪ ਆਪਣਾ ਵੰਸ਼ ਹੀ ਤਬਾਹ ਕਰਵਾ ਲਿਆ। ਇਸ ਤਰ੍ਹਾਂ ਗੁਰੂ ਜੀ ਨੇ ਦਸਿਆ ਹੈ ਕਿ ਕਿਸੇ ਨੂੰ ਤੰਗ ਕਰਨ ਵਾਲਾ ਆਪਾ ਆਪ ਨਸ਼ਟ ਕਰ ਲੈਂਦਾ ਹੈ। ਆਪਣੀ ਹੋਂਦ ਗੁਆ ਲੈਂਦਾ ਹੈ ਅਤੇ ਕਲੰਕਿਤ ਹੋ ਜਾਂਦਾ ਹੈ ਉਸ ਦੀ ਅਵਸਥਾ ਮੀਂਹ ਦੀ ਕਣੀ ਵਰਗੀ ਹੋ ਜਾਂਦੀ ਹੈ ਜੋ ਸਮੁੰਦਰ ਵਿਚ ਡਿਗ ਕੇ ਖਾਰੀ ਹੋ ਜਾਂਦੀ ਹੈ:

1. ਕਿਧੋ ਠਿਠੌਲੀ ਜਾਦਵ ਕਪਿਲ ਸੌ, ਮਨ ਮੰਹ ਕਪਟ ਰਚਾਯਾ ॥
   ਕਰਿ ਨਯੰਦਾ ਸਾਧੂ ਹਰਿ ਜਨ ਕੀ, ਆਪਹੁ ਬੰਸ ਨਸਾਯਾ ॥[51]

2. ਕਪਟ ਤਯੰਭ ਪਰ-ਨਿੰਦਾ ਬੂਝੌ ਸੰਤ ਜਨਮ ਭੌ ਕਿਲ ਵਿਸੁਕਾਰੀ ॥
   ਜਯੌ ਬਰਿਖਾ ਰੁਤ ਬੂੰਦ ਉਦਧਿ ਮੰਹ, ਆਣੀ ਮਿਲੈ ਸੋਈ ਜਲ ਖਾਰੀ ॥[52]

3. ਆਗੈ ਮੰਦਾ ਹੋਵ ਰਹਯਾ, ਪਰ ਕਿਰਤਿ ਨ ਜਾਈ ॥
   ਕੂਕਰ ਚੌਕੀ ਚੜ੍ਹੋਇਯੈ, ਫਿਰ ਬਹੇਸੁ ਭਾਈ ॥ ਟੇਕ ॥[53]

ਗੁਰੂ ਰਵਿਦਾਸ ਜੀ ਨੇ ਹਰਿ-ਜਨ, ਸੰਤਾਂ ਸਾਧੂਆਂ, ਰਿਸ਼ੀਆਂ ਮੁਨੀਆਂ ਦੀ ਨਿੰਦਾ ਦੇ ਸਿੱਟੇ ਤੋਂ ਮਨੁੱਖ ਨੂੰ ਜਾਣੂ ਕਰਵਾਇਆ ਹੈ। ਉਨ੍ਹਾਂ ਅਨੁਸਾਰ ਨਿੰਦਕ ਆਵਾਗਵਨ ਦੇ ਚੱਕਰ ਵਿਚ ਫਸ ਕੇ ਵਾਰ ਵਾਰ ਜਨਮ ਲੈਂਦਾ ਹੈ। ਅਤੇ ਉਸ ਨੂੰ ਮੁਕਤੀ ਪ੍ਰਾਪਤ ਨਹੀਂ ਹੁੰਦੀ। ਗੁਰੂ ਅਰਜਨ ਦੇਵ ਜੀ ਨੇ ਵੀ ਸੁਖਮਨੀ ਸਾਹਿਬ ਵਿਚ ਸਮਾਨ ਵਿਚਾਰ ਦਿੱਤਾ ਹੈ:

1. ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ ॥[54]
2. ਅਪਨਾ ਬਿਗਾਰਿ ਬਿਗਾਰਨਾ ਸਾਂਢੈ, ਕਰੈ ਨਿੰਦ ਬਹੁ ਜੋਨੀ ਹਾਂਢੈ ॥[55]

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਅਨੁਸਾਰ ਨਿੰਦਕ ਨਿੰਦਾ, ਈਰਖਾ, ਕ੍ਰੋਧ, ਕਾਰਣ

ਦੁਖ ਦਾ ਭਾਗੀ ਹੁੰਦਾ ਹੈ ਉਸ ਦੀ ਇਹ ਮਨੋਬਿਰਤੀ ਉਸ ਦੇ ਆਪਣੇ ਲਈ ਅਤੇਸਮਾਜ ਲਈ ਘਾਤਕ ਸਿੱਧ ਹੁੰਦੀ ਹੈ ਕਿਉਂਕਿ ਕਿਸੇ ਮਨੁੱਖ, ਵਰਗ ਦੀ ਨਿੰਦਿਆ ਨਾਲ ਵਿਤਕਰੇ ਦੀਆਂਲਕੀਰਾਂ ਸਪਸ਼ਟਉਘੜ ਕੇ ਦੀਵਾਰਾਂ ਦਾ ਰੂਪ ਧਾਰਨ ਕਰ, ਸਮਾਜਿਕ ਸੁਖ ਸ਼ਾਂਤੀ ਅਤੇ ਏਕਤਾ ਵਿਚ ਰੁਕਾਵਟ ਬਣਦੀਆਂ ਹਨ। ਇਸ ਦੀ ਪ੍ਰਤੀਕਿਰਿਆ ਨਿੰਦਕ ਤੇ ਵੀ ਹੁੰਦੀ ਹੈ ਉਹ ਵੀ ਆਪਣੇ ਜੀਵਨ-ਮਨੋਰਥ ਦੇ ਮਾਰਗ ਤੋਂ ਵਿਚਲਿਤ ਹੋ ਜਾਂਦਾ ਹੈ।

(5) <u>ਸਮਭਾਵ (ਸੁੱਖ ਦੁੱਖ)</u> :- ਸ੍ਰੀ ਰਾਮਾਨੁਜਾਚਾਰਯ ਅਨੁਸਾਰ ਆਪਣੇ ਅਨੁਕੂਲ ਅਨੁਭਵ ਨੂੰ ਸੁੱਖ ਕਹਿੰਦੇ ਹਨ ਅਤੇ ਆਪਣੇ ਪ੍ਰਤਿਕੂਲ ਅਨੁਭਵ ਨੂੰ ਦੁਖ ਕਹਿੰਦੇ ਹਨ।[56] ਆਪਣੇ ਮਿਤਰਾਂ ਵਿਪੱਖੀਆਂ ਜਾ ਵਿਰੋਧੀਆਂ ਵਿਚ ਹਾਨੀ-ਲਾਭ ਕਾਰਣ ਸਮਬੁੱਧੀ ਰਖਣਾ ਸਮਤਾ ਹੈ। ਇਹ ਹੀ ਸਮਭਾਵੀ ਹੋਣਾ ਜਾਂ " ਸਹਿਜੀਕਰਨ" ਦੀ ਆਰੰਭਿਕ ਅਵਸਥਾ ਹੈ, ਜਿਸ ਦਾ ਵਰਣਨ ਸ੍ਰੀ ਮਦਭਗਵਤ ਗੀਤਾ ਵਿਚ ਕੀਤਾ ਗਿਆ ਹੈ। ਉਨ੍ਹਾਂ ਅਨੁਸਾਰ ਵਿਰੋਧੀ ਪਾਪਾਂ ਦੇ ਨਾਸ਼ ਨਾਲ ਹੀ ਭਗਤੀ ਦੀਉਤਪਤੀ ਹੁੰਦੀ ਹੈ ਅਤੇ ਕਲਿਆਣ-ਗੁਣਾਂ ਦੇ ਵਿਸਥਾਰਪੂਰਵਕ ਚਿੰਤਨ ਨਾਲ ਹੀਭਗਤੀ ਵਿਚ ਵਿਕਾਸ ਹੁੰਦਾ ਹੈ।[57]

ਸੁਖ, ਦੁਖ ਤੋਂ ਨਿਆਰਾ ਹੋਣਾ ਹੀ ਸਮਭਾਵੀ ਹੈ, ਦਾਰਸ਼ਨਿਕ ਭਾਸ਼ਾ ਵਿਚ ਅਜਿਹੇ ਵਿਅਕਤੀ ਨੂੰ ਬ੍ਰਹਮ-ਗਿਆਨੀ ਅੰਤੇ ਸੰਤ ਆਖਦੇ ਹਨ ਅਤੇ ਅਜਿਹੀ ਅਵਸਥਾ ਨੂੰ ਸਹਿਜ 'ਪਦ' ਦਾ ਨਾਮ ਦਿੱਤਾ ਜਾਂਦਾ ਹੈ। ਇਸਆਤਮਿਕ ਅਵਸਥਾ ਵਿਚ ਸੰਸਾਰਿਕ ਮੋਹ-ਮਾਇਆ ਦਾ ਵਿਨਾਸ਼ ਹੋ ਜਾਂਦਾ ਹੈ। ਸੋਨੇ ਅਤੇ ਮਿੱਟੀ ਵਿਚਲਾ ਅੰਤਰ ਮਿਟ ਜਾਂਦਾ ਹੈ, ਅੰਮ੍ਰਿਤ ਅਤੇ ਵਿਸ਼ ਵਿਚ ਸਮਾਨਤਾ ਦਿਸਦੀ ਹੈ, ਸਗੁਣ ਨਿਰਗੁਣ ਸਮ ਜਾਨਣ ਵਾਲੀ ਦ੍ਰਿਸ਼ਟੀ ਪ੍ਰਾਪਤ ਹੋ ਜਾਂਦੀ ਹੈ, ਸਵਰਗ ਨਰਕ ਤੋਂਉਪਰ ਇਕ ਅਵਸਥਾ ਪ੍ਰਾਪਤ ਹੋਜਾਂਦੀ ਹੈ, ਸਭ ਜੀਵਾਂ ਵਿਚ ਪਰਮਤੱਤ ਦੀ ਜੋਤਿ ਜਗਦੀ ਜਾਪਦੀ ਹੈ। ਵੇਦ, ਕਤੇਬ, ਪੁਰਾਣ ਅਤੇ ਕੁਰਾਨ ਵਿਚੋਂ ਇਕ ਭਾਵਨਾ ਦੇ ਦਰਸ਼ਨ ਹੁੰਦੇ ਹਨ। ਕ੍ਰਿਸ਼ਨ, ਕਰੀਮ, ਹਰੀ ਰਾਘਵ ਵਿਚ ਇਕ ਪਰਮਤੱਤ ਦ੍ਰਿਸ਼ਟੀਗਤ ਹੁੰਦਾ ਹੈ। ਗਲ ਕੀ ਬ੍ਰਹਿਮੰਡਕ ਪਸਾਰੇ ਵਿਚ ਹਰਭੇਦ ਅਭੇਦ ਹੋ ਜਾਂਦਾ ਹੈ। ਗੁਰ ਰਵਿਦਾਸ ਜੀ ਸਹਜ-ਸੁਭਾਅ ਦੇ ਸੰਤ ਸਨ।ਉਨ੍ਹਾਂ ਦਾ ਜੀਵਨ ਸੰਘਰਸ਼ਮਈ ਸੀ ਪਰੰਤੂ ਫਿਰ ਵੀ ਵਿਵਹਾਰਿਕ ਰੂਪ ਵਿਚ ਮੋਹ-ਮਾਇਆ ਨੂੰ ਤਿਆਗ ਕੇ 'ਬੇਗਮਪੁਰੇ' ਦੇ ਵਾਸੀ ਬਣ ਚੁੱਕੇ ਸਨ। ਇਹ ਸ਼ਾਂਤ-ਚਿੱਤ ਅਵਸਥਾ ਵੀ ਉਨ੍ਹਾਂ ਦੁਖ, ਚਿੰਤਾ, ਗਮ ਅਤੇ ਹੋਰ ਸੰਸਾਰਿਕ ਝਮੇਲਿਆਂ ਤੋਂ ਨਿਰਲੇਪ ਹੋ ਕੇ ਪ੍ਰਾਪਤ ਕੀਤੀ ਅਤੇ ਦੁਨੀਆਂ ਲਈ ਇਸ ਨੂੰ ਪ੍ਰਾਪਤ ਕਰਨ ਦਾ ਮਾਰਗ ਦਰਸ਼ਨ ਵੀ ਕੀਤਾ।

1. ਨਾ ਮੈਂ ਮਮਿਤਾ ਮੋਹ ਨ ਮਹਿਮਾ ਏ ਸਬ ਜਾਹਿ ਬਿਲਾਈ ॥
ਦੋਜਖ ਭਿਸਤ ਦੋਊ ਸਮਿਕਰਿ ਜਾਨੂ-ਦੁਹੁਆਂ ਤੈਂ ਤਰਕ ਹੈ ਭਾਈ ॥2 ॥

...... ...... .....

ਜਬ ਮਨ ਮਮਿਤਾ ਏਕ, ਏਕ ਮਨ, ਤਬਹੀ ਏਕ ਹੈ ਭਾਈ ॥3 ॥
ਕ੍ਰਿਸਨ ਕਰੀਮ ਰਾਮ ਹਰਿ ਰਾਘਵ, ਜਬ ਲਗ ਏਕੋ ਏਕ ਨਹੀਂ ਪੇਖਯਾ ॥
ਵੇਦ ਕਤੇਬ ਕੁਰਾਨ ਪੁਰਾਨਨਿ ਸਹਜਿ ਏਕ ਨਹੀਂ ਦੇਖਿਆ ॥
ਜੋਈ ਜੋਈ ਕਰਿ ਪੂਜਿਏਂ ਸੋਈ ਸੋਈ ਕਾਂਚੀ, ਸਹਿਜ ਭਾਈ ਸਤਿ ਹੋਈ ॥
ਕਹੈ ਰਵਿਦਾਸ ਮੈਂ ਤਾਹੀ ਕੂੰ ਪੂਜ, ਜਾ ਕੇ ਗਾਂਵ ਠਾਂਵ ਨਹੀਂ ਕੋਈ ॥[58]

2. ਜਬ ਰਾਮ ਨਾਮ ਕਹਿ ਗਾਵੈਗਾ ॥
ਰੰਰਕਾਰ ਰਹਤ ਸਬਹਿਨ ਮੈ ਅੰਤਰ ਮੇਲ ਮਿਲਾਵੈਗਾ ॥
ਲੋਹਾ ਸਮਕਰ ਕੰਚਨ ਸਮਕਰ, ਭੇਦ ਅਭੇਦ ਸਮਾਵੈਗਾ ॥

..... ...... ........

ਗੁਰ ਪ੍ਰਸਾਦ ਭਈ ਅਨਭੈ ਮਤਿ ਵਿਸੁ ਅੰਮ੍ਰਿਤ ਸਮ ਧਿਯਾਵੈਗਾ ॥
ਕਹੈ ਰਵਿਦਾਸ ਮੇਟਿ ਆਪਾ ਪਰ,ਵਾ ਠੋਰਹਿ ਪਾਵੈਗਾ ॥[59]

ਗੁਰੂ ਜੀ ਨੇ ਸੰਸਾਰਿਕ ਸੁਖ ਦੁਖ ਦਾ ਕਾਰਣ ਮਾਇਆ ਨੂੰ ਮੰਨਿਆ ਹੈ। ਮਾਇਆ ਕਾਰਨ ਹੀ ਮਨੁੱਖ ਕੁਕਰਮਾਂ ਵਿਚ ਫਸਦਾ ਹੈ। ਦੁਨਿਆਵੀ ਸੁਖ ਪ੍ਰਾਪਤ ਕਰਨ ਲਈ ਇਸ ਦੇ ਪਿਛੇ ਭਜਦਾ ਹੈ ਪਰੰਤੂ ਮੋਹਣੀ-ਮਾਇਆ ਹੀ ਅੰਤ ਵਿਚ ਦੁਖ ਦਾ ਕਾਰਨ ਬਣਦੀ ਹੈ। ਇਸ ਲਈ ਗੁਰੂ ਜੀ ਨੇ ਇਸ ਸੰਸਾਰ ਵਿਚ ਕੰਵਲ ਦੇ ਫੁਲ ਦੀ ਤਰ੍ਹਾਂ ਨਿਰਲੇਪ ਰਹਿਣ ਅਤੇ ਪ੍ਰਭੂ ਸਿਮਰਨ ਕਰਨ ਦੀ ਪ੍ਰੇਰਨਾ ਦਿੱਤੀ। ਗੁਰੂ ਜੀ ਇਸ ਸੰਦਰਭ ਵਿਚ ਲਿਖਦੇ ਹਨ:-

ਮਾਇਆ ਜਗ ਖਾਇਆ ॥

1. ਸੁਯੰਭੂ ਨੇ ਚਿਤ ਚੋਰਿ ਲਿਯੋ ਹੈ, ਵਾਕੇ ਪਾਛੈ ਲਾਗ ਧਾਵੈ ॥
ਇਨ ਖਾਤਨ ਸੁਖ ਚੈਨ ਮਰੀਅਤੁ ਹੈ , ਸਬ ਕੈ ਰਹੇ ਉਝਾਰੀ ॥[60]

2. ਨਾਵਾਂ ਛਾੜਿਜੇ ਡਾਂਡੇ ਖੈ ਸੇ, ਤੋ ਦੂਣਾ ਦੁਖ ਸਹੈਂ ਰੇ ॥[61]

3. ਜੋ ਤੁਮ ਗੋਪਾਲਹਿ ਨਹੀਂ ਗੈਹੋ ॥
ਤੌ ਤੁਮਕੂੰ ਸੁਖ ਮੇਂ ਦੁਖ ਉਪਜੈ ॥
ਸੁਖਹਿ ਕਹਾਂ ਤੇ ਪੈਹੋ ॥[62]

ਸਮੂਹਿਕ ਦੁਖਾਂ ਸੁਖਾਂ ਤੋਂ ਨਿਵਿਰਤ ਹੋ ਕੇ ਸਾਧਕ ਪ੍ਰਭੂ ਪ੍ਰੇਮ ਦੇ ਬੰਧਨ ਵਿਚ ਬੱਝਾ ਉਸਨੂੰ ਵੀ ਪ੍ਰੇਮ -ਡੋਰੀ ਵਿਚ ਬੰਨ ਸਦੀਵੀ ਇਕਮਿਕਤਾ ਪ੍ਰਾਪਤ ਕਰ ਲੈਂਦਾ ਹੈ। ਉਸ ਨੂੰ ਸੁਖਮਣੀ ਪ੍ਰਾਪਤ ਹੋ ਜਾਂਦੀ ਹੈ ਅਤੇ ਉਹ ਪਰਮਾਨੰਦ ਜਾਂ ਉਨਮਨ ਅਵਸਥਾ ਦਾ ਧਾਰਨੀ ਹੋ ਜਾਂਦਾ ਹੈ:

1. ਪੀਆ ਰਾਮਰਸੁ ਪੀਆ ਰੇ ॥ ਟੇਕ ॥
ਭਰਿ ਭਰਿ ਦੇਵੈ ਸੁਰਤਿ ਕਲਾਲੀ, ਦਰਿਆ ਦਰਿਆ ਪੀਨਾ ਰੇ ॥
ਪੀਵਤੁ ਪੀਵਤੁ ਆਪਾ ਜਗ ਭੂਲਾ, ਹਰਿ ਰਸ ਮਾਂਹਿ ਬੌਰਾਨਾ ਰੇ ॥
ਦਰ ਘਰਿ ਵਿਸਰਿ ਗਯੋ ਰਵਿਦਾਸ, ਉਨਮਨਿ ਸਦ ਮਤਵਾਰੀ ਹੇ ॥
ਪਲੁ ਪਲੁ ਪ੍ਰੇਮ ਪਿਯਾਲਾ ਛੂਟੇ ਨਾਹਿ ਖੁਮਾਰੀ ਰੇ ॥੧ ॥[63]

2. ਸਹਜ ਸੁੰਨਿ ਮੈਂ ਭਾਟੀ ਸ੍ਰਵੈ, ਰਵਿਦਾਸ ਗੁਰੁਮੁਖਿ ਦ੍ਰਵੈ ॥ [64]

ਸਮਭਾਵੀ ਹੋਣਾ ਸਹਿਜ ਸੁੰਨਿ ਅਵਸਥਾ ਦੀ ਧਾਰਨੀ ਹੋਣਾ ਹੈ। ਇਹ ਅਵਸਥਾ ਆਤਮਿਕ ਸੁਧੀ ਨਾਲ ਅਤੇ ਅਧਿਆਤਮਕ ਸਦਾਚਾਰ ਦੀ ਪ੍ਰਾਪਤੀ ਨਾਲ ਹੀ ਪ੍ਰਾਪਤ ਹੁੰਦੀ ਹੈ। ਸਹਿਨਸ਼ੀਲਤਾ ਦਾ ਗੁਣ ਅਪਣਾ ਕੇ ਸੰਸਾਰਿਕ ਦੁਖ ਸੁਖ, ਗਮ ਦਵੈਸ਼, ਭਿਨ-ਭੇਦ ਤੋਂ ਉਪਰ ਉਠ ਕੇ ਹੀ ਇਥੇ ਤੱਕ ਪਹੁੰਚਿਆ ਜਾਂਦਾ ਹੈ। ਮਨੁੱਖ ਨੂੰ ਮੋਹ-ਮਾਇਆ ਤੋਂ ਨਿਰਲੇਪ ਰਹਿ ਕੇ ਨਿਸ਼ਕਾਮ ਕਰਮ ਕਰਨੇ ਚਾਹੀਦੇ ਹਨ ਤਾਂ ਹੀ ਉਹ ਪ੍ਰਭੂ ਦੀ ਮਿਹਰ ਦਾ ਪਾਤਰ ਬਣ ਸਕਦਾ ਹੈ।

(6) <u>ਕਰਮ, ਸਤਿ ਕਰਮ, ਕੁਕਰਮ ਅਤੇ ਨਿਸ਼ਕਾਮ ਕਰਮ:-</u> ਗੀਤਾ ਵਿਚ ਭਗਵਾਨ ਕ੍ਰਿਸ਼ਨ ਨੇ ਕਿਹਾ ਹੈ ਕਿ ਮੈਨੂੰ ਸਭ ਕੁਝ ਪ੍ਰਾਪਤ ਹੈ ਪਰੰਤੂ ਫਿਰ ਵੀ ਮੈਂ ਕਰਮ ਕਰ ਰਿਹਾ ਹਾਂ।[65] ਇਸ ਤੋਂ ਸਪਸ਼ਟ ਹੈ ਕਿ ਮਨੁੱਖ ਦੀ ਪ੍ਰਕ੍ਰਿਤੀ 'ਕਰਮ' ਕਰਨ ਦੀ ਹੈ ਅਤੇ ਕਰਮਾਂ ਦਾ ਸਾਡੇ ਜੀਵਨ ਵਿਚ ਬਹੁਤ ਮਹੱਤਵ ਹੈ। ਅਸੀਂ ਕਰਮ ਕਰਨ ਤੋਂ ਬਿਨਾਂ ਇਕ ਪਲ ਵੀ ਨਹੀਂ ਰਹਿ ਸਕਦੇ। ਜੈਨਧਰਮ ਅਤੇ ਬੁੱਧ ਧਰਮ ਵਿਚ ਸੰਜਮ ਅਤੇ ਸਦਾਚਾਰ ਨੂੰ ਕਰਮ ਮੰਨਿਆ ਗਿਆ ਹੈ। ਸਭ ਧਾਰਮਿਕ ਗ੍ਰੰਥਾਂ ਵਿਚ ਕਰਮਫਲ ਦੇ ਸਿਧਾਂਤ ਨੂੰ ਸਵੀਕਾਰ ਕੀਤਾ ਗਿਆ ਹੈ ਅਤੇ ਮਨੁੱਖ ਨੂੰ ਚੰਗੇ ਕਰਮ ਜਾਂ ਸਤਿਕਰਮ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ। ਵੈਦਿਕ ਦਰਸ਼ਨ ਵਿਚ ਕਰਮਾਂ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਸੀ ਉਸ ਵਿਚ ਸ਼ੁਭ ਅਤੇ ਅਸ਼ੁਭ ਕਰਮਾਂ ਦਾ ਵਿਸਥਾਰਪੂਰਵਕ ਵਰਣਨ ਹੈ। ਲੋਭ, ਛਲ, ਅਭਿਮਾਨ ਆਦਿ ਨਿੰਦਣਯੋਗ ਕਰਮ ਹਨ। ਦੂਸਰੇ ਦੀ ਉਨਤੀ ਨੂੰ ਜਰਨ ਵਾਲੇ ਬ੍ਰਾਹਮਣਾਂ ਦੇ ਦਵੈਸ਼ੀ ਅਤੇ ਹੋਰ ਦੁਸ਼ਟ ਕਰਮ ਕਰਨ ਵਾਲਿਆਂ ਤੋਂ ਵੈਦਿਕ ਰਿਸ਼ੀ ਘਿਰਣਾ ਕਰਦੇ ਸਨ।[66]

ਕਠ-ਉਪਨਿਸ਼ਦ ਵਿਚ ਦਸਿਆ ਹੈ ਕਿ ਕੁਕਰਮ ਸਾਡੇ ਸੱਚ ਤੋਂ ਮੁੱਖ ਮੋੜਨ ਦਾ ਹਨ ਅਤੇ ਜੇਕਰ ਅਸੀਂ ਦੁਸ਼ਕਰਮਾਂ ਤੋਂ ਨਾਤਾ ਤੋੜੀਏ ਤਾਂ ਸਾਨੂੰ ਮੁਕਤੀ ਪ੍ਰਾਪਤ ਨ

ਕੁਝ ਈਸ਼ਵਰਵਾਦੀ ਉਪਨਿਸ਼ਦਾਂ ਇਹ ਵੀ ਕਹਿੰਦੀਆਂ ਹਨ ਕਿ ਅੰਦਰ ਦੀ ਸ਼ਕਤੀ, ਈਸ਼ਵਰ, ਜਿਸ ਮਨੁੱਖ ਨੂੰ ਉਸਨੇ ਇਨ੍ਹਾਂ ਲੋਕਾਂ ਤੋਂ ਉਪਰ ਲੈ ਜਾਣਾ ਹੁੰਦਾ ਹੈ ਉਸ ਤੋਂ ਕੁਕਰਮ ਕਰਵਾਉਂਦਾ ਹੈ।[68] ਈਸ਼ਵਰਵਾਦ ਵਿਚ ਈਸ਼ਵਰ ਕਿਰਪਾ ਤੇ ਬਲ ਦਿੱਤਾ ਜਾਂਦਾ ਹੈ। ਸ਼ਵੇਤਾਸ਼ਵਤਰੋਪਨਿਸ਼ਦ ਅਨੁਸਾਰ ਪਰਮਾਤਮਾ ਸਭ ਕਰਮਾਂ ਦਾ ਨਿਰੀਖਣ ਕਰਦਾ ਹੈ, ਦੁਸ਼-ਕਰਮਾਂ ਤੇ ਨਿਅੰਤਰਣ ਰੱਖਦਾ ਹੈ ਅਤੇ ਕਰਮ ਫਲ ਦਿੰਦਾ ਹੈ।[69] ਤੈਤਰੀਯ ਉਪਨਿਸ਼ਦ ਵਿਚ ਸਾਧਕ ਦੇ ਕਰਤੱਵਾਂ ਦੀ ਸੂਚੀ ਦਿੱਤੀ ਹੋਈ ਹੈ।[70] ਕਿ ਉਸ ਨੂੰ ਸਤਿ, ਸਦਗੁਣ, ਕਲਿਆਣ ਆਦਿ ਉਪਦੇਸ਼ਾਂ ਤੇ ਅਮਲ ਕਰਨਾ ਚਾਹੀਦਾ ਹੈ। ਇਸ ਤੋਂ ਸਪਸ਼ਟ ਹੈ ਕਿ ਕਰਮਾਂ ਦਾ ਫਲ ਪ੍ਰਾਪਤ ਹੁੰਦਾ ਹੈ। ਕਰਮ ਸੰਚਿਤ ਹੁੰਦੇ ਹਨ ਇਸ ਲਈ ਮਨੁੱਖ ਨੂੰ ਨਿਸ਼ਕਾਮ ਭਾਵ ਨਾਲ ਸਤਿ ਕਰਮ ਕਰਨੇ ਚਾਹੀਦੇ ਹਨ।

ਮਨੁੱਖ ਨੂੰ ਆਪਣੇ ਕੀਤੇ ਅਨੁਸਾਰ ਫਲ ਦੀ ਪ੍ਰਾਪਤੀ ਹੁੰਦੀ ਹੈ। ਸਤਿ-ਕਰਮਾਂ ਪ੍ਰਤੀ ਆਪਣੀ ਸ਼ਰਧਾ ਰਖਦੇ ਹੋਏ ਗੁਰੂ ਰਵਿਦਾਸ ਜੀ ਮਨੁੱਖ ਨੂੰ ਇਸ ਦੇ ਫਲ ਤੋਂ ਸੁਚੇਤ ਕਰਦੇ ਹੋਏ ਕਹਿੰਦੇ ਹਨ ਕਿ ਸਤਿ-ਕਰਮਾਂ ਤੋਂ ਇਨਕਾਰੀ ਮਨੁੱਖ ਨੂੰ ਅੰਤਿਮ ਸਮੇਂ ਪਛਤਾਉਣਾ ਪਵੇਗਾ:-

ਰੰਧੀ ਦੇਹ ਕਾਇਆ ਗੜ੍ਹ ਛੀਨਾ, ਪਿਰਿ ਲਾਗਾ ਪਛਿਤਾਣ ਵੇ ॥

ਗੁਰੂ ਜੀ ਅਨੁਸਾਰ ਪ੍ਰਭੂ ਦੀ ਦਰਗਾਹ ਵਿਚ ਬੇ-ਹਿਸਾਬੀ[71] ਗੱਲ ਨਹੀਂ ਚਲਦੀ ਜਦੋਂ ਮਨੁੱਖ ਨੂੰ ਆਪਣੇ ਬੀਜੇ ਅਨੁਸਾਰ ਵਢਣਾ ਪਵੇਗਾ ਤਾਂ ਉਹ ਲੇਖਾ ਲੈਣਹਾਰ ਲੇਖਾ ਜੋਖ ਕੇ ਲਵੇਗਾ ਅਤੇ ਮਨੁੱਖ ਭੀੜ ਪੈਣ ਤੇ ਹਿਸਾਬ ਕਿਤਾਬ ਪੂਰਾ ਕਰੇਗਾ। ਕੁਕਰਮ ਅਤੇ ਦੁਸ਼ ਕਰਮ ਕਰਨ ਵਾਲੇ ਦੀ ਜੀਵਨ ਬੇੜੀ ਭੈੜੇ ਕਰਮਾਂ ਰੂਪੀ ਪੱਥਰਾਂ ਦੇ ਭਾਰ ਨਾਲ ਸੰਸਾਰ ਰੂਪੀ ਸਾਗਰ ਵਿਚ ਪਾਰ ਲੰਘਣ ਦੀ ਥਾਂ ਡੱਕੇ ਡੋਲੇ ਖਾਂਦੀ ਡੁੱਬ ਜਾਵੇਗੀ। ਅਜਿਹੀ ਅਵਸਥਾ ਵਿਚ ਕੇਵਲ ਸਤਿ-ਕਰਮ (ਭਗਤੀ) ਹੀ ਪਾਰ ਲੰਘਾ ਸਕਦੀ ਹੈ:-

1. ਜੋ ਕੁਛ ਬੁਜਾ ਲੁਨਿਐ ਸੋਈ, ਤਾਂ ਮੈਂ ਫੇਰ-ਫਾਰ ਨਹੀਂ ਕੋਈ ॥
ਸਾਹਿਬ ਤੇ ਪੇ ਲੇਖਾ ਲੇਸੀ ਭੀਰ ਪਰਯਾ ਤੂੰ ਭਰਿ ਭਰਿ ਦੇਸੀ ॥[72]

2. ਲੋਹ ਕੀ ਨਾਵ ਪਸ਼ਾਨਨ ਬੋਝੀ, ਸੁਕ੍ਰਿਤ ਭਗਤਿ ਵਿਹੂਨਾ ॥[73]

ਗੁਰੂ ਰਵਿਦਾਸ ਅਨੁਸਾਰ ਸਤਿ ਕਰਮ ਵੀ ਨਿਸ਼ਕਾਮ ਭਾਵ ਨਾਲ ਕਰਨੇ ਚਾਹੀਦੇ ਹਨ ਕਿਉਂਕਿ ਫਲ ਦੀ ਇੱਛਾ ਤੋਂ ਬਿਨਾਂ ਕੀਤੇ ਕਰਮ ਹੀ ਪ੍ਰਭਾਵੀ ਹੁੰਦੇ ਹਨ। ਅਜਿਹੇ ਕਰਮ ਹੀ ਸਾਡੇ ਸੰਚਿਤ ਕਰਮਾਂ ਦੇ ਨਾਲ ਧੜੇ ਦਾ ਕੰਮ ਕਰਦੇ ਹਨ ਅਤੇ ਖਾਸ ਮਨੋਰਥ ਹਿੱਤ ਕੀਤੇ ਕਰਮ ਵਿਅਰਥ ਹਨ। ਕਿਉਂਕਿ ਕਾਮਨਾ-ਹਿੱਤ ਕੀਤਾ ਹਰ ਕਰਮ ਮਨੁੱਖ ਨੂੰ ਹੋਰ ਬੰਧਨਾਂ ਵਿਚ ਹੈ ਅਤੇ ਫਿਰ ਅਜਿਹੀ ਸਥਿਤੀ ਵਿਚ ਉਰਲਾ ਪਰਲਾ ਬੰਨਾ ਨਹੀਂ ਦਿਸਦਾ:-

1. ਵਰਨ ਸਹਿਤ ਜੋ ਜਾਪੈ ਨਾਮੁ, ਸੋ ਜੋਗੀ ਕੇਵਲ ਨਿਹਕਾਮੁ ॥[74]

2. ਛੋਡੇ ਆਸ ਨਿਰਾਸ ਪਰਮਪਦ ਤਬ ਸੁਖ ਸਤਿ ਕਾ ਹੋਈ ॥
ਕਹੈ ਰਵਿਦਾਸ ਜਾਸੋ ਅਵਰ ਕਰਤ ਹੈ, ਪਰਮ ਤਤ ਹੈ ਸੋਈ ॥[75]

ਨਿਸ਼ਕਾਮ ਕਰਮ ਕਰਨ ਨਾਲ ਹੀ ਮਨੁੱਖ ਸਦਗੁਣਾਂ ਦਾ ਧਾਰਨੀ ਹੁੰਦਾ ਹੈ। ਭੇਦ ਅਭੇਦ ਵਿਚ ਸਮਾ ਜਾਂਦੇ ਹਨ ਮਨ ਸ਼ਾਂਤ-ਚਿਤ-ਅਵਸਥਾ ਵਿਚ ਆ ਜਾਂਦਾ ਹੈ। ਸ਼ਹਿਨਸ਼ੀਲਤਾ, ਦਇਆ, ਖਿਮਾ, ਸੰਤੋਖ, ਸੇਵਾ ਆਦਿ ਗੁਣ ਪ੍ਰਾਪਤ ਹੋ ਜਾਂਦੇ ਹਨ ਜੋ ਮਨੁੱਖ ਨੂੰ ਮੁਕਤੀ-ਮਾਰਗ ਤੇ ਰਾਹੇ ਪਾਉਂਦੇ ਹਨ।

(7) <u>ਸਤਿ -ਸੰਗਤ:-</u> ਸਤਿ -ਸੰਗਤ ਅਧਿਆਤਮਿਕ ਸਦਾਚਾਰ ਦਾ ਮਹੱਤਵ ਪੂਰਨ ਅੰਗ ਹੈ। ਇਹ ਸਦਗੁਣ ਗ੍ਰਹਿਣ ਕਰਨ ਅਤੇ ਅਧਿਆਤਮਿਕ ਮਾਰਗ ਤੇ ਚਲਣ ਵਾਲੇ ਲਈ ਜ਼ਰੂਰੀ ਸਾਧਨ ਹੈ। ਸਤਿ-ਸੰਗਤ ਬਿਨਾਂ ਮਨੁੱਖੀ ਹਿਰਦੇ ਵਿਚ ਪ੍ਰਭੂ—ਪ੍ਰੇਮ ਦੀ ਚਿੰਗਾਰੀ (ਚੰਗਿਆੜੀ) ਨਹੀਂ ਮੱਘਦੀ ਹੈ ਅਤੇ ਪ੍ਰੇਮ ਬਿਨਾਂ ਭਗਤੀ ਨਹੀਂ ਉਪਜਦੀ। ਗੁਰੂ ਜੀ ਲਿਖਦੇ ਹਨ:-

ਸਾਧ-ਸੰਗਤਿ ਬਿਨਾ ਭਾਓ ਨਹੀਂ ਉਪਜੈ, ਭਾਵ ਬਿਨੁ ਭਗਤਿ ਨਹੀਂ ਹਈ ਤੇਰੀ॥[76]

ਸਤਿ-ਸੰਗਤ ਅਧਿਆਤਮਿਕ ਰਾਹ ਤੇ ਮਨੁੱਖ ਵਿਚ ਪ੍ਰਭੁਤਵ -ਗੁਣਾਂ ਦਾ ਸੰਚਾਰ ਕਰਕੇ ਅਧਿਆਤਮਿਕ ਮੰਡਲਾਂ ਵਿਚ ਲੈ ਜਾਂਦੀ ਹੈ। ਚੰਗੀ ਸੰਗਤ ਮਨੁੱਖ ਨੂੰ ਪਰਮਰੂਪ ਬਣਾ ਦਿੰਦੀ ਹੈ ਅਤੇ ਭੈੜੀ ਸੰਗਤ ਸੰਸਾਰ-ਸਮੁੰਦਰ ਵਿਚ ਰਾਹੋਂ ਕੁਰਾਹੇ ਪਾ ਦਿੰਦੀ ਹੈ। ਗੁਰੂ ਜੀ ਨੇ ਸਤਿ-ਸੰਗਤ ਅਤੇ ਕੁਸੰਗਤ ਦਾ ਤੁਲਨਾਤਮਕ ਵਿਵੇਚਨ ਕੀਤਾ ਹੈ ਉਹ ਲਿਖਦੇ ਹਨ ਕਿ ਮੀਂਹ ਦਾ ਪਾਣੀ ਗਲੀਆਂ ਚੋਂ ਵਹਿੰਦਾ ਵਹਿੰਦਾ ਗੰਗਾ ਵਿਚ ਜਾ ਕੇ ਗੰਗਾ ਜਲ ਬਣ ਜਾਂਦਾ ਹੈ, ਉਹੀ ਬੂੰਦ ਸੱਪ ਦੀ ਫਨਿ ਵਿਚ ਜਾ ਕੇ ਜ਼ਹਿਰਦਗੁਣ ਗ੍ਰਹਿਣ ਕਰ ਲੈਂਦੀ ਹੈ ਅਤੇ ਉਹੀ ਬੂੰਦ ਸਿੱਪ ਤੇ ਡਿਗ ਕੇ ਸੁੱਚੇ ਮੋਤੀ ਦਾ ਰੂਪ ਧਾਰਣ ਕਰ ਲੈਂਦੀ ਹੈ। ਇਸੇ ਤਰ੍ਹਾਂ ਸਤਿ-ਸੰਗਤ ਵਿਚ ਮਨੁੱਖ ਸ਼ੁਧ ਵਿਚਾਰਾਂ ਦੀ ਵਰਖਾ ਨਾਲ ਆਪਣੇ ਮਨ ਮੰਦਰ ਨੂੰ ਧੋ ਕੇ ਨਾਮ ਰੂਪੀ ਅੰਮ੍ਰਿਤ ਪ੍ਰਾਪਤ ਕਰ ਲੈਂਦਾ ਹੈ ਅਤੇ ਪ੍ਰਭੂ ਦੇ ਮਜੀਠ ਰੰਗ ਵਿਚ ਰੰਗਿਆ ਜਾਂਦਾ ਹੈ। ਮਨਮੁਖ ਕੁਸੰਗਤ ਕਰਨ ਵਾਲਾ ਕੇਵਲ ਕਸੁੰਭੇ ਫਲ ਵਾਂਗ ਕੱਚਾ ਰੰਗ ਪ੍ਰਾਪਤ ਕਰਕੇ ਸੰਸਾਰੀ ਚਿੱਕੜ ਵਿਚ ਫਸਿਆ ਰਹਿ ਜਾਂਦਾ ਹੈ:

1. ਪ੍ਰਭੂ ਜੀ ਸੰਗਤਿ ਸਰਨਿ ਤਿਹਾਰੀ ॥
ਜਗ ਜੀਵਨ ਰਾਮ ਮੁਰਾਰੀ ॥ ਟੇਕ ॥
ਗਲੀ ਗਲੀ ਕੋ ਨੀਰ ਬਹਿ ਆਯੋ, ਸੁਰਸਰੀ ਜਾਇ ਸਮਾਯੋ ॥
ਸੰਗਤਿ ਕੇ ਪਰਤਾਪ ਮਹਾਤਮ, ਨਾਂਵ ਗੰਗੋਦਿਕ ਪਾਯੋ ॥2 ॥
ਸਵਾਂਤਿ ਬੂੰਦ ਰਖੈ ਫਨਿ ਊਪਰ ਸੀਸ ਵਿਖੈ ਵਿਖ ਹੋਇ ॥

ਵਾਹੀ ਬੂੰਦ ਕੋ ਮੋਤੀ ਨਿਪਜੈ, ਸੰਗਤਿ ਕੀ ਅਧਿਕਾਈ ॥[77]

ਇਸ ਤਰ੍ਹਾਂ ਗੁਰੂ ਜੀ ਅਨੁਸਾਰ ਸਤਿ ਸੰਗ ਕਰਨ ਨਾਲ ਮਨੁੱਖ ਸਦਗੁਣਾਂ ਦੀ ਧਾਰਨੀ ਹੁੰਦਾ ਹੈ। ਸਾਧ-ਸੰਗਤਿ ਵਿਚ ਪ੍ਰਭੂ ਸਿਮਰਨ ਨਾਲ ਮਨੁੱਖ ਪਰਮਰੂਪਤਾ ਪ੍ਰਾਪਤ ਕਰ ਲੈਂਦਾ ਹੈ।

(8) ਸੰਜਮ:- ਸੱਚਾ-ਸੁੱਚਾ ਨਰੋਆ ਜੀਵਨ ਬਿਤਾਉਣ ਲਈ ਜੀਵਨ ਦੇ ਹਰ ਖੇਤਰ ਵਿਚ ਸੰਜਮ ਲੋੜੀਂਦਾ ਹੈ, ਨਹੀਂ ਤਾਂ ਜੀਵਨ ਰੂਪੀ ਬੇੜੀ ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ ਰੂਪੀ ਤਰੰਗਾਂ ਦੇ ਥਪੇੜਿਆਂ ਨਾਲ ਡਾਵਾਂਡੋਲ ਹੋ ਜਾਂਦੀ ਹੈ, ਕੇਵਲ ਸੰਜਮਮਈ ਭਾਵਨਾਵਾਂ ਹੀ ਇਸ ਨੂੰ ਸੰਸਾਰ ਸਾਗਰ ਵਿਚ ਸੰਤੁਲਿਤ ਰਖ ਸਕਦੀਆਂ ਹਨ। ਕਠੋਪਨਿਸ਼ਦ ਵਿਚ ਵਰਣਨ ਹੈ ਕਿ ਕੇਵਲ ਧੀਰ ਅਤੇ ਬੁੱਧੀਮਾਨ ਵਿਅਕਤੀ ਹੀ ਵਿਸ਼ੇ ਵਿਕਾਰਾਂ ਤੋਂ ਇੰਦਰੀਆਂ ਨੂੰ ਹਟਾ ਕੇ ਅੰਤਰ-ਆਤਮਾ ਵੱਲ ਲਗਾ ਸਕਦਾ ਹੈ।[78] ਬ੍ਰਿਹਦਾਰਣਯਕ ਉਪਨਿਸ਼ਦ ਵਿਚ ਸਭ ਸਦਗੁਣਾਂ ਨੂੰ ਮੁਖ ਤੌਰ ਤੇ ਤਿੰਨ ਸਿਰਲੇਖਾਂ ਅਧੀਨ ਵਰਣਨ ਕੀਤਾ ਹੈ। ਇਹ ਹਨ – ਦਮ, ਦਾਨ ਅਤੇ ਦਯਾ।[79] ਇਸ ਵਿਚ 'ਦਮ' ਆਤਮ ਨਿਗ੍ਰਹ ਹੈ ਸਾਨੂੰ ਆਪਣੀਆਂ ਜ਼ਰੂਰਤਾਂ ਘਟਾਉਣੀਆਂ ਚਾਹੀਦੀਆਂ ਹਨ ਅਤੇ ਸਤਿ ਲਈ ਕਸ਼ਟ ਸਹਿਣ ਲਈ ਤਿਆਰ ਰਹਿਣਾ ਚਾਹੀਦਾ ਹੈ।[80] ਸੰਜਮ, ਚਰਿੱਤਰ-ਸ਼ੁਧੀ ਰੂਪ ਆਤਮ-ਨਿਗ੍ਰਹ ਦੇ ਸਾਧਨ ਹਨ। ਬ੍ਰਹਮ ਪੁਰਾਣ ਵਿਚ ਨੀਂਦ,ਭੁੱਖ ਦੇ ਸੰਜਮ ਸੰਬੰਧੀ ਵਰਣਨ ਹੈ। ਪੁਰਾਣ ਅਨੁਸਾਰ ਸਤਿਗੁਣ ਦੇ ਵਿਕਾਸ ਨਾਲ ਨੀਂਦ ਤੇ ਪ੍ਰਭੁਤਵ ਪਾਇਆ ਜਾ ਸਕਦਾ ਹੈ ਅਤੇ ਧੀਰਜ ਨਾਲ ਭੁਖ ਅਤੇ ਜਨਨ ਇੰਦਰੀਆਂ ਤੇ ਕੰਟਰੋਲ ਕੀਤਾ ਜਾ ਸਕਦਾ ਹੈ।[81] ਗੀਤਾ(2/69) ਅਨੁਸਾਰ ਜੋ ਸਭ ਪ੍ਰਾਣੀਆਂ ਦੀ ਰਾਤ ਹੈ ਉਸ ਵਿਚ ਸੰਜਮੀ ਜਾਗਦਾ ਹੈ ਅਤੇ ਆਤਮਦਰਸ਼ੀ ਰਿਸ਼ੀ ਆਤਮ-ਸਾਖਿਆਤਕਾਰ ਕਰਦਾ ਹੈ।

ਗੁਰੂ ਰਵਿਦਾਸ ਜੀ ਨੇ ਵੀ ਪੁਰਾਣਾਂ ਦਾ ਪ੍ਰਭਾਵ ਕਬੂਲਿਆ ਉਨ੍ਹਾਂ ਨੇ ਆਪਣੀ ਬਾਣੀ ਵਿਚ ਨੀਂਦ ਅਤੇ ਭੁੱਖ ਦੇ ਸੰਜਮ ਸੰਬੰਧੀ ਵਰਣਨ ਕੀਤਾ ਹੈ। ਨੀਂਦ ਤੇ ਸੰਕੋਚ ਕਰਕੇ ਪ੍ਰਭੂ-ਪ੍ਰੀਤ ਨਿਭਾਈ ਜਾ ਸਕਦੀ ਹੈ। ਅਸੰਜਮੀ ਮਨੁੱਖ ਅਗਿਆਨਤਾ ਦੀ ਨੀਂਦ ਅਤੇ ਸੌਣ ਵਿਚ ਨਾਮ ਸਿਮਰਨ ਤੋਂ ਬਿਨਾਂ ਅਤੇ ਹੋਰ ਦੁਨਿਆਵੀ ਕਰਤੱਵਾਂ ਦੇ ਕੀਤੇ ਬਿਨਾਂ ਜੀਵਨ ਵਿਅਰਥ ਗੁਆ ਦਿੰਦਾ ਹੈ।

1. ਪਾਓ ਪਸਾਰ ਕਿਮਿ ਸੋਈ ਪਰਯੋ, ਤੈ ਜਨਮ ਅਕਾਰਥ ਖੋਯਾ ਰੇ ॥
   ਜਨ ਰਵਿਦਾਸ ਰਾਮ ਨਿਤ ਭੇਟਹਿ ਰਹਿ ਸੰਜਮ ਜਾਗਤਿ ਪਹਰਾ ਰੇ।

2. ਛਾਪਾ ਤਿਲਕ ਛਪੇ ਨਹੀਂ ਸੋਭਈ, ਜੌਂ ਲੌਂ ਕੇਸੌ ਨਹਿੰ ਗਾਯੋ।
   ਸੰਜਮਿ ਰਹਯੋ ਨ ਹਰਿ ਹੂੰ ਸਿਮਰਿਯੋ, ਬਿਰਥਾ ਭ੍ਰਮਯੋ।[4]

3. ਸੋਤ ਖਾਤ ਦਿਨ ਰੈਨ ਬਿਤਾਈ, ਤਾਹਿ ਮੈਂ ਰਸ

4. ਜੋ ਜਨ ਰਾਮ ਨਾਮ ਨਹਿੰ ਉਚਰੇ ਉਦਰ ਭਰਣੀ ਜਊਂ ਗਰਦਭ ਲੇਟੇ ॥[85]

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਅਨੁਸਾਰ ਪ੍ਰਭੂ ਪ੍ਰਾਪਤੀ ਲਈ ਸਦਾਚਾਰਕ ਕੀਮਤਾਂ ਨੂੰ ਪਛਾਨਣਾ ਅਤਿ ਜ਼ਰੂਰੀ ਹੈ। ਮਨੁੱਖ ਨੂੰ ਆਤਮ ਨਿਗ੍ਰਹ ਕਰਨਾ ਚਾਹੀਦਾ ਹੈ ਅਤੇ ਨੀਂਦ ਭੁੱਖ ਅਤੇ ਹੋਰ ਖਾਹਸ਼ਾਂ ਤੇ ਨਿਅੰਤਰਣ ਰਖਣਾ ਚਾਹੀਦਾ ਹੈ।

ਗੁਰੂ ਅਮਰਦਾਸ ਜੀ ਆਨੰਦ ਸਾਹਿਬ ਵਿਚ ਸੰਜਮ ਸੰਬੰਧੀ ਵਰਨਣ ਕਰਦੇ ਲਿਖਦੇ ਹਨ ਕਿ ਕਿਹੜੇ ਸੰਜਮ ਨਾਲ ਮਨ ਪਵਿੱਤਰ ਹੋ ਸਕਦਾ ਹੈ ਤਾਂ ਨਾਲ ਹੀ ਇਸ ਦਾ ਜਵਾਬ ਦਿੰਦੇ ਹਨ ਕਿ ਮਨ ਸ਼ਬਦ ਰਾਹੀਂ ਹੀ ਧੋਤਾ ਜਾ ਸਕਦਾ ਹੈ :-

ਨਹ ਜਾਇ ਸਹਸਾ ਕਿਤੈ ਸੰਜਮਿ ਰਹੇ ਕਰਮ ਕਮਾਏ ॥
ਸਹਸੈ ਜੀਉ ਮਲੀਣ ਹੈ, ਕਿਤੁ ਸੰਜਮਿ ਧੋਤਾ ਜਾਏ ॥
ਮੰਨੁ ਧੋਵਹੁ ਸਬਦਿ ਲਾਗਹੁ, ਹਰਿ ਸਿਉ ਰਹਹੁ ਚਿਤੁ ਲਾਇ ॥
ਕਹੈ ਨਾਨਕ ਗੁਰਪਰਸਾਦੀ ਸਹਜੁ ਉਪਜੈ, ਇਹ ਸਹਸਾ ਇਵ ਜਾਏ ॥[86]

ਗੁਰੂ ਰਵਿਦਾਸ ਜੀ ਨੇ ਆਚਾਰ ਅਤੇ ਅਧਿਆਤਮਿਕ ਵਿਚਾਰਾਂ ਦੋਵਾਂ ਵਿਚ ਵਿਸ਼ਵਾਸ ਪ੍ਰਗਟ ਕੀਤਾ ਹੈ। ਉਨ੍ਹਾਂ ਅਨੁਸਾਰ ਸਦਾਚਾਰ ਅਤੇ ਭਗਤੀ ਦਾ ਸੁਮੇਲ ਹੀ ਪ੍ਰਭੂ ਪ੍ਰਾਪਤੀ ਕਰਵਾ ਸਕਦਾ ਹੈ।

(9) ਅਹਿੰਸਾ :- ਵੇਦਾਂ ਵਿਚ ਅਹਿੰਸਾ ਨੂੰ ਪਰਮ ਧਰਮ ਮੰਨਿਆ ਗਿਆ ਹੈ ਹੋਰ ਧਾਰਮਿਕ ਗ੍ਰੰਥਾਂ ਵਿਚ ਵੀ ਇਸ ਤੱਥ ਨੂੰ ਸਵੀਕਾਰ ਕੀਤਾ ਗਿਆ ਹੈ। ਬੁੱਧ ਧਰਮ ਅਤੇ ਜੈਨ ਧਰਮ ਵਿਚ ਅਹਿੰਸਾ ਤੇ ਵਧੇਰੇ ਬਲ ਦਿੱਤਾ ਗਿਆ ਹੈ। ਬੁੱਧ ਧਰਮ ਵਿਚ ਦੁਖ ਦੀ ਸ਼ਾਂਤੀ ਅਤੇ ਨਿਰਵਾਣ ਪ੍ਰਾਪਤੀ ਲਈ ਜੀਵ ਹਿੰਸਾ ਦਾ ਨਿਸ਼ੇਧ ਜ਼ਿਕਰ ਕੀਤਾ ਗਿਆ ਹੈ। ਜੈਨ ਧਰਮ ਦੇ ਹ ਅਨੁਯਾਈ ਤਾਂ ਹਿੰਸਾ ਦੇ ਪਾਪ ਤੋਂ ਬਚਣ ਲਈ ਨੰਗੇ ਪੈਰ ਰਖਦੇ ਹਨ ਤਾਂ ਕਿ ਕਿਸੇ ਜੀਵ ਜੰਤੂ ਦੀ ਮੌਤ ਨਾ ਹੋ ਜਾਵੇ। ਬੁਧ ਧਰਮ ਦੇ ਵਿਸ਼ੁਧੀ ਮਾਰਗ ਵਿਚ ਜੀਵ-ਹਿੰਸਾ ਤੋਂ ਵਰਜਿਤ ਕੀਤਾ ਗਿਆ ਅਤੇ ਇਸ ਨੂੰ ਸਮਯਕ ਕਰਮਾਂਤ ਕਿਹਾ ਹੈ। ਇਸ ਦਾ ਮੂਲ ਸਿਧਾਂਤ ਹੈ ਕਿਸੇ ਨੂੰ ਦੁਖ ਨਾ ਦੇਣਾ। ਦੇਵੀ ਭਾਗਵਤ ਵਿਚ ਵੀ ਕਿਹਾ ਗਿਆ ਹੈ ਕਿ ਦਯਾ[87] ਜੈਸਾ ਕੋਈ ਪੁੰਨ ਨਹੀਂ ਅਤੇ ਹਿੰਸਾ ਜੈਸਾ ਕੋਈ ਪਾਪ ਨਹੀਂ ਗੀਤਾ ਅਨੁਸਾਰ ਮਨ ਬਾਣੀ ਅਤੇ ਸਰੀਰ ਨਾਲ ਦੂਸਰੇ ਨੂੰ ਦੁੱਖ ਨਾ ਦੇਣਾ[88] ਅਹਿੰਸਾ ਹੈ। ਮਧਕਾਲੀਨ ਸੰਤਾਂ ਦੀ ਬਾਣੀ ਵਿਚ ਵੀ ਅਹਿੰਸਾ ਸੰਬੰਧੀ ਵਰਣਨ ਆਉਂਦਾ ਹੈ। ਮੱਧਕਾਲੀਨ ਯੁਗ ਵਿਚ ਮੁਸਲਮਾਨਾਂ ਦਾ ਭਾਰਤ ਵਿਚ ਸਾਸ਼ਨ ਸੀ। ਮੁਸਲਿਮ ਸਮਾਜ ਵਿਚ ਪਸ਼ੂ ਬਲੀ ਦਿਤੀ ਜਾਂਦੀ ਸੀ। ਇਸ ਧਰਮ ਵਿਚ ਹੁਣ ਵੀ ਈਦ, ਬਕਰ-ਈਦ ਮੰਨਾਈਆਂ ਜਾਂਦੀਆਂ ਹਨ ਅਤੇ ਜੀਵਾਂ ਨੂੰ ਮਾਰਿਆ ਜਾਂਦਾ ਹੈ। ਗੁਰੂ ਰਵਿਦਾਸ ਜੀ ਅਤੇ ਸੰਤ ਕਬੀਰ ਨੇ ਆਪਣੀ ਬਾਣੀ ਵਿਚ ਇਸ ਤੱਥ ਵਲ ਸੰਕੇਤ ਕਰਕੇ ਅਹਿੰਸਾ ਦਾ ਸੰਦੇਸ਼ ਦਿੱਤਾ ਹੈ।

1. ਰਵਿਦਾਸ ਜੀਵ ਕੁ ਮਾਰਿ ਕਰ, ਕੈਸੇ ਮਿਲਹਿ ਖੁਦਾਅ ॥
ਪੀਰ ਪੈਗੰਬਰ ਔਲਿਆ, ਕਉ ਨ ਕਹਈ ਸਮਝਾਅ ॥ 82 ॥

2. ਪ੍ਰਾਨੀ ਬਧ ਨਹਿੰ ਕੀਜਿਅਹਿ, ਜੀਵ ਬ੍ਰਹਮ ਸਮਾਨ ॥
ਰਵਿਦਾਸ ਪਾਪ ਨਹਿ ਛੁਟਹਿ ਕਰੋਰ ਗਊਨ ਕਰਿ ਦਾਨ ॥86 ॥[89]

(10) ਪੰਚ -ਵਿਕਾਰ : ਗੁਰੂ ਰਵਿਦਾਸ ਜੀ ਨੇ ਪੰਚ-ਵਿਕਾਰਾਂ ਦੇ ਤਿਆਗ ਤੇ ਬਲ ਦਿੱਤਾ ਹੈ। ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਵਿਸ਼ੇ-ਵਿਕਾਰ ਨਸ਼ਟ ਕਰ ਦਿੰਦੇ ਹਨ। ਉਚ-ਆਦਰਸ਼ ਤਕ ਪਹੁੰਚਣ ਲਈ ਮੋਹ-ਮਾਇਆ ਦੇ ਜਾਲ ਤੋਂ ਮੁਕਤ ਹੋਣਾ ਜ਼ਰੂਰੀ ਹੈ। ਇਹ ਕੇਵਲ ਆਤਮ-ਸੰਜਮ ਅਤੇ ਆਤਮ ਬੋਧ ਦੁਆਰਾ ਹੀ ਹੋ ਸਕਦਾ ਹੈ। ਵੇਦਾਂ ਵਿਚ ਵੀ ਲੋਭ, ਛਲ, ਅਭਿਮਾਨ ਕ੍ਰੋਧ, ਕਰੂਰਤਾ ਦਾ ਵਰਣਨ ਆਉਂਦਾ ਹੈ। ਇਨ੍ਹਾਂ ਨੂੰ ਦੁਸ਼ਟ ਅਤੇ ਨਿੰਦਣ-ਯੋਗ ਕਰਮਾਂ ਵਿਚ ਗਿਣਿਆ ਜਾਂਦਾ ਹੈ। ਅਜਿਹੇ ਕਰਮ ਕਰਨ ਵਾਲਿਆਂ ਤੋਂ ਵੈਦਿਕ ਰਿਸ਼ੀ ਨਫ਼ਰਤ ਕਰਦੇ ਸਨ।[90] ਗੀਤਾ ਅਨੁਸਾਰ ਕਾਮ, ਕ੍ਰੋਧ , ਲੋਭ ਨਰਕ ਦੇ ਤਿੰਨ ਦੁਆਰ ਹਨ ਜੋ ਆਤਮਾ ਦਾ ਪਤਨ ਕਰਦੇ ਹਨ। ਇਸ ਲਈ ਇਨ੍ਹਾਂ ਨੂੰ ਤਿਆਗ ਦੇਣਾ ਚਾਹੀਦਾ ਹੈ। ਇਨ੍ਹਾਂ ਤਿੰਨਾਂ ਦਾ ਤਿਆਗ ਕਰਨ ਵਾਲਾ ਮਨੁੱਖ ਆਪਣੇ ਕਲਿਆਣ ਦਾ ਆਚਰਨ ਕਰਦਾ ਹੋਇਆ ਪਰਮਗਤੀ ਨੂੰ ਪ੍ਰਾਪਤ ਹੁੰਦਾ ਹੈ।[91] ਇਸ ਤੋਂ ਇਲਾਵਾ ਭਗਵਾਨ ਕ੍ਰਿਸ਼ਨ ਨੇ ਸ੍ਰੀ ਮਦ-ਭਗਵਤ ਗੀਤਾ ਵਿਚ ਇਨ੍ਹਾਂ ਪੰਜ ਵਿਸ਼ੇ-ਵਿਕਾਰਾਂ ਦੀ ਉਤਪਤੀ ਅਤੇ ਮਨੁੱਖ ਤੇ ਇਸ ਦੇ ਪੈਂਦੇ ਪ੍ਰਭਾਵ ਸੰਬੰਧੀ ਵਰਣਨ ਕੀਤਾ ਹੈ ਕਿ ਪ੍ਰਭੂ ਦਾ ਧਿਆਨ ਨਾ ਕਰਨ ਵਾਲੇ ਅਤੇ ਵਿਸ਼ਿਆਂ-ਵਿਕਾਰਾਂ ਦਾ ਚਿੰਤਨ ਕਰਨ ਵਾਲੇ ਮਨੁੱਖ ਦੀ ਵਿਸ਼ਿਆਂ ਪ੍ਰਤੀ ਆਸਕਤੀ ਹੋ ਜਾਂਦੀ ਹੈ, ਆਸਕਤੀ ਤੋਂ ਕਾਮ ਉਤਪੰਨ ਹੁੰਦਾ ਹੈ ਅਤੇ ਕਾਮ ਤੋਂ ਕ੍ਰੋਧ ਦੀ ਉਤਪਤੀ ਹੁੰਦੀ ਹੈ। ਕ੍ਰੋਧ ਤੋਂ ਵਿਵੇਕ ਸ਼ੂਨਯ ਹੋ ਜਾਂਦਾ ਹੈ ਅਤੇ ਮੋਹ-ਮਾਇਆ ਦੀ ਉਤਪਤੀ ਹੁੰਦਾ ਹੈ, ਮੋਹ ਮਾਇਆ ਤੋਂ ਸਮ੍ਰਿਤੀ-ਭਰਮ ਅਤੇ ਉਸ ਤੋਂ ਬੁੱਧੀ ਨਾਸ਼ ਹੁੰਦੀ ਹੈ ਅਤੇ ਫਿਰ ਮਨੁੱਖ ਤਬਾਹ ਹੋ ਜਾਂਦਾ ਹੈ।[92]

ਇਸ ਤੋਂ ਇਲਾਵਾ ਹੋਰ ਦਰਸ਼ਨਾਂ ਵਿਚ ਵੀ ਮੋਹ ਮਾਇਆ ਦੀ ਤ੍ਰਿਗੁਣਾਤਮਕ ਪ੍ਰਕ੍ਰਿਤੀ ਦਾ ਵਰਣਨ ਹੈ। ਸਾਂਖਯ ਦਰਸ਼ਨ ਅਨੁਸਾਰ ਰਜ ਗੁਣ ਤੋਂ ਦੁਖ, ਅਸ਼ਾਂਤੀ ਅਤੇ ਕ੍ਰੋਧ ਆਦਿ ਹੁੰਦੇ ਹਨ ਅਤੇ ਤਮ ਗੁਣ ਕਾਰਣ ਮੋਹ ਅਤੇ ਅਗਿਆਨਤਾ ਆਦਿ ਪੈਦਾ ਹੁੰਦੇ ਹਨ। ਇਸ ਤਰ੍ਹਾਂ ਭਾਰਤੀ ਅਧਿਆਤਮਿਕ ਸਾਹਿਤ ਦੀ ਨੈਤਿਕ ਪਰੰਪਰਾ ਵਿਚ ਸਾਧਕ ਨੂੰ ਪੰਜ-ਵਿਕਾਰਾਂ ਤੋਂ ਨਿਰਲੇਪ ਰਹਿਣ ਲਈ ਪ੍ਰੇਰਨਾ ਦਿਤੀ ਗਈ ਹੈ।

10 ਕਾਮ:- ਕਾਮ ਅਜਿਹੀ ਰੁਚੀ ਹੈ ਜੋ ਨੈਤਿਕ-ਸੰਤੁਲਨ ਨੂੰ ਵਿਗਾੜਦੀ ਹੈ। ਗੀਤਾ ਵਿਚ ਕਾਮ ਸੰਬੰਧੀ ਕਾਫ਼ੀ ਵਰਣਨ ਆਉਂਦਾ ਹੈ, ਜਿਸ ਨੂੰ ਅਸੁਰੀ ਭਾਵ ਵਿਚ ਵਰਤਿਆ ਗਿਆ ਹੈ। ਗੀਤਾ ਵਿਚ

ਲਿਖਿਆ ਹੈ ਜਿਵੇਂ ਧੂੰਏ ਦੇ ਨਾਲ ਅੱਗ, ਮੈਲ ਨਾਲ ਸ਼ੀਸ਼ਾ ਅਤੇ ਝਿਲੀ ਨਾਲ ਗਰਭ ਢਕਿਆ ਰਹਿੰਦਾ ਹੈ ਉਸ ਤਰ੍ਹਾਂ ਕਾਮ ਨਾਲ ਇਕ ਸੰਸਾਰ ਢਕਿਆ ਹੋਇਆ ਹੈ।[93] ਕਾਮ ਇੰਦਰੀਆਂ ਮਨ, ਬੁਧੀ ਸਭ ਤੋਂ ਵਧੇਰੇ ਪ੍ਰਬਲ ਹੈ। ਭਾਰਤੀ ਦਰਸ਼ਨ ਗ੍ਰੰਥਾਂ ਵਿਚ ਇਸ ਲਈ ਵਾਸ਼ਨਾ ਸ਼ਬਦ ਦਾ ਪ੍ਰਯੋਗ ਵੀ ਕੀਤਾ ਗਿਆ ਹੈ। ਪ੍ਰਬਲ ਵਾਸ਼ਨਾ ਸ਼ਕਤੀ ਕਰਕੇ ਹੀ ਭਾਰਤੀ ਨੈਤਿਕ ਜੀਵਨ ਵਿਚ ਬ੍ਰਹਮਚਰਯ ਤੇ ਬਲ ਦਿੱਤਾ ਜਾਂਦਾ ਰਿਹਾ। ਮੱਧਕਾਲੀਨ ਸੰਤਾਂ ਨੇ ਬਾਣੀ ਵਿਚ ਕਾਮ ਸੰਬੰਧੀ ਵਰਣਨ ਕੀਤਾ ਹੈ। ਪਰੰਤੂ ਉਨ੍ਹਾਂ ਨੇ ਕਾਮ ਦਾ ਮਨੋਭਾਵ ਦੇ ਤੌਰ ਤੇ ਖੰਡਨ ਕੀਤਾ ਹੈ। ਉਹ ਪੁਰਾਣੇ ਧਾਰਮਿਕ ਗ੍ਰੰਥਾਂ ਵਾਂਗ ਬ੍ਰਹਮਚਰਯ ਬਨਣ ਦੇ ਹੱਕ ਵਿਚ ਨਹੀਂ ਹਨ ਉਨ੍ਹਾਂ ਨੇ ਕਾਮ-ਬਿਰਤੀ ਦੀ ਅਧਿਆਤਮਿਕ ਦ੍ਰਿਸ਼ਟੀ ਤੋਂ ਨਿੰਦਿਆ ਕੀਤੀ ਹੈ। ਉਹ ਗ੍ਰਿਹਸਥੀ ਧਰਮ ਦੇ ਹੱਕ ਵਿਚ ਹਨ ਅਤੇ ਉਹ ਮਰਯਾਦਾ ਅਨੁਸਾਰ ਵਿਵਾਹਿਤ ਜੀਵਨ ਨੂੰ ਗੈਰ-ਇਖਲਾਕੀ ਨਹੀਂ ਕ ਮੰਨਦੇ। ਉਨ੍ਹਾਂ ਦੀ ਦ੍ਰਿਸ਼ਟੀ ਵਿਚ ਪਰਭਇਸਤਰੀ ਗਮਨ ਹੀ ਅਨੈਤਿਕ ਹੈ।[94]

ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਕਾਮ ਭਾਵਨਾ ਦੇ ਤਿਆਗ ਤੇ ਬੱਲ ਦਿੱਤਾ। ਉਨ੍ਹਾਂ ਦਾ ਆਪਣਾ ਇਸ ਪ੍ਰਵਿਰਤੀ ਨੂੰ ਦੂਰ ਕਰਨ ਦਾ ਸਾਧਨ ਪ੍ਰਭੂ ਦੀ ਪੇਮ ਭਗਤੀ ਹੈ ਜਾਂ ਕਾਂਤਾ ਭਗਤੀ ਹੈ । ਉਨ੍ਹਾਂ ਨੇ ਪ੍ਰਭੂ -ਪ੍ਰੀਤਮ ਦੀ ਸੁਹਾਗਣ ਬਣ ਕੇ ਸਾਰੀ ਖਿੱਚ ਸ਼ਕਤੀ ਦਾ ਕੇਂਦਰ ਬਿੰਦੂ ਉਸਨੂੰ ਹੀ ਬਣਾ ਲਿਆ ਹੈ। ਕਿਉਂਕਿ ਉਨ੍ਹਾਂ ਨੂੰ ਤਾਂ ਪ੍ਰਭੂ -ਪ੍ਰੀਤਮ ਵਰਗਾ ਕੋਈ ਹੋਰ ਨਹੀਂ ਦਿਸਦਾ ਤੇ ਫਿਰ ਉਸ ਨਾਲੋਂ ਤੋੜ ਕਿਸ ਸੰਗ ਪ੍ਰੀਤ ਜੋੜੀ ਜਾ ਸਕਦੀ ਹੈ? ਪ੍ਰਭੂ -ਪ੍ਰੇਮ ਵਿਚ ਰੰਗੇ ਹੋਏ ਨੂੰ ਪ੍ਰਭੂ ਤੋਂ ਪ੍ਰੇਮ ਪਿਆਲਾ ਮਿਲਦਾ ਜਿਸ ਤੋਂ ਉਨ੍ਹਾਂ ਨੂੰ ਪਰਮਾਨੰਦ ਦੀ ਅਵਸਥਾ ਪ੍ਰਾਪਤ ਹੁੰਦੀ ਹੈ ਅਜਿਹੀ ਅਵਸਥਾ ਵਿਚ ਕਾਮ ਦੀ ਕੀਮਤ ਸੁਨਯ ਹੋ ਜਾਂਦੀ ਹੈ। ਇਸ ਲਈ ਤਾਂ ਗੁਰੂ ਰਵਿਦਾਸ ਜੀ ਧਨ ਦਾਰਾ ਵਿਚ ਮਦਮਸਤ ਹੋਇਆਂ ਨੂੰ ਪ੍ਰਭੂ ਦੇ ਚਰਨਾਂ ਦੀ ਓਟ ਲੈਣ ਦੀ ਪ੍ਰੇਰਨਾ ਦਿੰਦੇ ਹਨ:

1. ਧਨੁ ਦਾਰਾ ਮੈਹ ਰਹ ਹੁ ਲਪਟਾਨੇ, ਆਪਹੁ ਨਹਿੰ ਸੁਧਿ ਵਾਛਨਕੀ ।।
ਜਨ ਰਵਿਦਾਸ ਤਿਯਾਗੀ ਜਗ ਆਸਾ, ਲਹਹੁ ਓਟ ਹਰਿ ਚਰਨਨ ਕੀ ।।[95]

2. ਸਾਧੋ !. ਕਾ ਸਾਸਤਰਨ ਸੁਨਿ ਕੀਨੇ ।।
ਕਾਮ ਨਾ ਵਿਸਰਯੌ, ਡਯੰਭ ਨ ਤਯਾਗੋ ਲੋਭੁ ਨ ਖਿਸਰਯੌ ।।[96]

3. ਲੋਕ ਰਸ ਲਾਗਿ ਵਿਸ਼ੈ ਖਿਸ ਦੇਹੀ, ਭਟੈ ਰਾਮ ਭਜਨ ਨਹੀਂ ਬਹਨਾ ।।
ਅਭਿਅੰਤਰ ਭਜੋ ਨਿਤ ਅਵਿਗਤ, ਈਹ ਉਪਾਈ ਅਤਿਰੈ ਭੌ ਤਰਨਾ ।।[1 4 ]

4. ਚਪਲ ਚੇਤਯੋ ਨਹੀਂ ਬਹੋਤ ਦੁਖ ਦੇਖਿਓ, ਕਾਮ ਬਸਿ ਮੋਹਿਓ ਕਰਮ ਫੰਦਾ ।।[97]

(11) ਕ੍ਰੋਧ:- "ਕ੍ਰੋਧ" ਭਾਵ ਵੀ ਅਗਨੀ ਦੀ ਤਰ੍ਹਾਂ ਮਨੁੱਖੀ ਮਨ ਵਿਚ ਤਾਪ ਪੈਦਾ ਕਰਦਾ ਹੈ। ਇਸ ਤਪਸ਼ ਨਾਲ ਮਾਨਸਿਕ ਸੰਤੁਲਿਨ ਖਰਾਬ ਹੁੰਦਾ ਹੈ ਅਤੇ ਦਿਲ-ਦਰਿਆ ਵਿਚ ਉਤਰਾਅ - ਚੜ੍ਹਾਅ ਸ਼ੁਰੂ ਹੋ ਜਾਂਦੇ ਹਨ ਇਸ ਨਾਲ ਧਿਆਨ ਵੀ ਡੱਕੋ-ਡੋਲੇ ਖਾਣ ਲਗਦਾ ਹੈ। ਬਿਰਤੀਆਂ ਖਿੰਡ-ਪੁੰਡ ਜਾਂਦੀਆਂ ਹਨ ਮਨ ਰਾਹੋਂ ਭਟਕ ਜਾਂਦਾ ਹੈ ਅਤੇ ਕੁਰਾਹੇ ਪੈ ਜਾਂਦਾ ਹੈ। ਕ੍ਰੋਧ ਵਿਚ ਮਨੁੱਖ ਕੁਕਰਮ ਕਰਨ ਤੇ ਉਤਰ ਆਉਂਦਾ ਹੈ। ਕ੍ਰੋਧ ਗਿਆਨ ਅਤੇ ਕਰਤਵ ਦੀ ਸੂਖਮ ਸ਼ਕਤੀ ਨੂੰ ਭਸਮ ਕਰ ਦਿੰਦਾ ਹੈ ਅਤੇ ਮਨੁੱਖ ਅਗਿਆਨਤਾ ਦੇ ਹਨੇਰੇ ਵਿਚ ਫਸ ਕਿ ਦੁਸ਼ਟ ਕਰਮ ਕਰਦਾ ਜਾਂਦਾ ਹੈ।

ਗੀਤਾ ਵਿਚ ਕ੍ਰੋਧ ਦੀ ਉਤਪਤੀ ਦੇ ਵਿਸਥਾਰਪੂਰਵਕ ਵਰਣਨ ਕੀਤਾ ਗਿਆ ਹੈ। ਵਿਸ਼ਿਆਂ ਵਿਚ ਲਗੇ ਮਨੁੱਖ ਵਿਚ ਕਾਮ ਪੈਦਾ ਹੁੰਦਾ ਹੈ ਅਤੇ ਕਾਮ ਤੋਂ ਕ੍ਰੋਧ ਦੀ ਉਤਪਤੀ ਹੁੰਦੀ ਹੈ। ਕ੍ਰੋਧ ਤੋਂ ਵਿਵੇਕ ਸੁਨਯ ਹੋ ਜਾਂਦਾ ਹੈ ਜੋ ਮਨੁੱਖ ਨੂੰ ਸਭ ਪਾਸਿਉਂ ਬੇਮੁੱਖ ਕਰਕੇ ਵਿਨਾਸ਼ ਕਰਨ ਲਈ ਸੰਸਾਰ ਸਾਗਰ ਵਿਚ ਧਕੇਲ ਦਿੰਦਾ ਹੈ ।[98] ਬ੍ਰਹਮਪੁਰਾਣ ਵਿਚ ਕ੍ਰੋਧ ਤੋਂ ਮੁਕਤ ਹੋਣ ਦਾ ਉਪਾਅ ਦਸਿਆ ਹੈ ਕਿ ਬੁੱਧੀਮਾਨ ਮਨੁੱਖ ਕ੍ਰੋਧ ਨੂੰ ਮਨ ਦੇ ਨਿਗ੍ਰਹ ਨਾਲ ਜਿੱਤਦਾ ਹੈ।

ਗੁਰੂ ਰਵਿਦਾਸ ਜੀ ਅਨੁਸਾਰ ਵੀ ਕ੍ਰੋਧ ਸੰਸਾਰਿਕ ਅਤੇ ਅਧਿਆਤਮਕ ਰਾਹ ਵਿਚ ਵੱਡੀ ਰੁਕਾਵਟ ਬਣਦਾ ਹੈ। ਮਨੁੱਖ ਇਸ ਦੇ ਜਾਲ ਵਿਚ ਫਸ ਕੇ ਦੁਲਭ ਜਨਮ ਨੂੰ ਵਿਅਰਥ ਗੁਆ ਦਿੰਦਾ ਹੈ। ਮਾਇਆ ਸਤ, ਰਜ ਤਮ ਗੁਣਾਂ ਮਨੁੱਖ ਵਿਚ ਕਾਮ ਕ੍ਰੋਧ ਦੀਆਂ ਪ੍ਰਵਿਰਤੀਆਂ ਪੈਦਾ ਕਰਦੀ ਹੈ ਜਿਸ ਨਾਲ ਉਹ ਸਤਿ ਮਾਰਗ ਨੂੰ ਛਡ ਕੇ ਕੁਮਾਰਗ ਤੇ ਪੈ ਜਾਂਦਾ ਹੈ। ਇਸ ਤਰ੍ਹਾਂ ਕਾਮ ਕ੍ਰੋਧ ਆਦਿ ਮਿਲ ਕੇ ਮਨੁੱਖ ਨੂੰ ਲੁਟੇਰਿਆਂ ਦੀ ਤਰ੍ਹਾਂ ਲੁੱਟ ਲੈਂਦੇ ਹਨ ਅਤੇ ਇਹ ਨਿਰੰਤਰ ਮਨੁੱਖ ਨੂੰ ਪ੍ਰਭੂ ਤੋਂ ਦੂਰ ਲੈ ਜਾਂਦੇ ਹਨ। ਪ੍ਰਭੂ ਤੇ ਜੀਵ ਵਿਚ ਦਵੈਤ ਪਾ ਦਿੰਦੇ ਹਨ। ਗੁਰੂ ਜੀ ਅਨੁਸਾਰ ਸਾਧ ਸੰਗਤ ਵਿਚ ਜਾ ਕੇ ਪ੍ਰਭੂ ਦਾ ਕੀਰਤਨ ਕਰਨ ਅਤੇ ਗੁਣ ਗਾਉਣ ਨਾਲ ਹੀ ਇਨ੍ਹਾਂ ਤੋਂ ਛੁਟਕਾਰਾ ਹੁੰਦਾ ਹੈ ਅਤੇ ਕਾਇਆ ਸੀਤਲ ਹੁੰਦੀ ਹੈ।

1. ਕਾਮ ਕ੍ਰੋਧ ਮੈਂ ਜਨਮ ਗੰਵਾਯੋ, ਸਾਧ ਸੰਗਤਿ ਮਿਲਿ ਰਾਮ ਨ ਗਾਯੋ ।[100]
2. ਕਾਮ ਕ੍ਰੋਧ ਮਾਇਆ ਮਦ ਮਤਸਰ ਇਨ ਪੰਚਹੁ ਮਿਲਿ ਲੂਟੇ ॥[101]

(12) ਲੋਭ :- ਸੰਸਾਰਿਕ ਪਦਾਰਥਾਂ ਲਈ ਖਿੱਚ, ਲੋਭ, ਲਾਲਚ ਮਨੁੱਖ ਨੂੰ ਜੀਵਨ ਰਾਹ ਤੋਂ ਲਾਂਭੇ ਕਰਦੇ ਹਨ। ਮਨੁੱਖ ਲਈ ਦੁਨਿਆਵੀ ਜੀਵਨ ਵਿਚ ਸਦਾਚਾਰਿਕ ਅਤੇ ਆਤਮਾ ਦੇ ਪਰਮਾਤਮਾ ਨਾਲ ਮਿਲਾਪ ਲਈ ਭਗਤੀ ਦੇ ਮਾਰਗ ਤੇ ਚਲਣਾ ਹੁੰਦਾ ਹੈ। ਜਗਤ ਵਿਚ ਰਿਸ਼ਤੇ, ਨਾਤੇ, ਧੰਨ-ਦੌਲਤ, ਪੁਤਰ-ਕਲਤਰ, ਦਾਰਾ, ਸਤੂ, ਉਚੇ ਮੰਦਰ ਅਤੇ ਸੁੰਦਰ ਨਾਰੀ ਮਨ ਰੂਪੀ ਭਵਰੇ ਨੂੰ ਲੁਭਾ ਲੈਂਦੇ ਹਨ। ਇਸ ਤਰ੍ਹਾਂ ਮਨੁੱਖ ਦੇ ਮਨ ਰੂਪੀ ਨਿਰਗੁਣ ਬੈਲ ਨੂੰ ਵਿੰਗੇ-ਟੇਢੇ ਰਾਹਾਂ ਤੇ ਜਾਣਾ ਪੈਂਦਾ ਹੈ, ਜਿਸ ਕਰਕੇ ਉਹ ਜੀਵਨ ਦੇ ਅਸਲੀ ਪੰਡੇ ਤੋਂ ਥਿੜਕ ਜਾਂਦਾ ਹੈ।

ਲੋਭ ਸਭ ਪਾਪਾਂ ਦਾ ਮੂਲ ਹੈ ਮਨੁੱਖ ਲਾਲਚ, ਖੁਦਗਰਜ਼ੀ ਅਤੇ ਸਵਾਰਥ ਹਿਤ ਕਈ ਗਲਤ ਕੰਮਾਂ ਵਿਚ ਫਸ ਜਾਂਦਾ ਹੈ। ਲੋਭ ਵਿਚ ਚੰਗਾ ਬੁਰਾ ਪਛਾਨਣ ਤੋਂ ਅਸਮਰਥ ਹੋ ਜਾਂਦਾ ਹੈ। ਮਹਾਂਭਾਰਤ ਵਿਚ ਵਰਣਨ ਹੈ ਕਿ ਲੋਭ ਨਾਲ ਬੁੱਧੀ ਨਸ਼ਟ ਹੋ ਜਾਂਦੀ ਹੈ ਜਿਸ ਨਾਲ ਮਾਣ ਮਰਿਯਾਦਾ ਕਾਫ਼ੂਰ ਹੋ ਜਾਂਦੀ ਅਤੇ ਅੰਤ ਵਿਚ ਸਭ ਸਦਗੁਣ ਨਸ਼ਟ ਹੋ ਜਾਂਦੇ ਹਨ।[102] ਗੀਤਾ ਵਿਚ ਲੋਭ ਲਾਲਚ ਦੀਆਂ ਤਰੰਗਾਂ ਤੋਂ ਜੀਵਨ ਰੂਪੀ ਬੇੜੀ ਨੂੰ ਬਚਾਉਣ ਦਾ ਸਾਧਨ ਵਰਣਨ ਹੈ। ਇਸ ਅਨੁਸਾਰ ਮਨੁੱਖ ਨੂੰ ਆਪਣਾ ਮਨ ਸ਼ਾਂਤ ਚਿਤ ਰਖਕੇ ਭਾਵਨਾਵਾਂ ਵਿਚਾਰਾਂ, ਆਸ਼ਾਵਾਂ ਨੂੰ ਨਿਅੰਤਰਣ ਵਿਚ ਰਖਣਾ ਚਾਹੀਦਾ ਹੈ ਕਿਉਂਕਿ ਸਮੁੰਦਰ ਨਦੀਆਂ ਦੇ ਆਪਣੇ ਵਿਚ ਸਮਾਉਣ ਤੇ ਵੀ ਆਪਣਾ ਸੁਭਾਅ ਨਹੀਂ ਛਡਦਾ।[103]

ਗੁਰੂ ਰਵਿਦਾਸ ਜੀ ਆਪਣਾ ਜੀਵਨ ਇਸ ਪੱਖੋਂ ਵਿਲੱਖਣਤਾ ਵਾਲਾ ਸੀ। ਉਨ੍ਹਾਂ ਨੂੰ ਇਕ ਸਾਧੂ ਨੇ ਉਨ੍ਹਾਂ ਦੀ ਗਰੀਬੀ ਦੇਖ ਕੇ ਪਾਰਸਮਨੀ ਦਿੱਤੀ ਪਰੰਤੂ ਗੁਰੂ ਜੀ ਤਾਂ ਸੰਸਾਰਿਕ ਜੰਜਾਲ ਤੋਂ ਬਹੁਤ ਉਚਤਮ ਅਵਸਥਾ ਤੇ ਪੰਹੁੰਚ ਚੁੱਕੇ ਸਨ ਉਨ੍ਹਾਂ ਨੇ ਇਸ ਨੂੰ ਛੋਹਿਆ ਤਕ ਨਹੀਂ। ਇਸ ਤੱਥ ਨੂੰ ਸਾਖੀ ਦੇ ਰੂਪ ਵਿਚ ਜਾਣਿਆ ਜਾਂਦਾ ਹੈ ਪਰੰਤੂ ਗੁਰੂ ਜੀ ਦੀ ਬਾਣੀ ਦੇ ਸਬੂਤ ਨੇ ਇਸ ਦੀ ਸਚਾਈ ਨੂੰ ਸਪਸ਼ਟ ਕਰ ਦਿੱਤਾ ਹੈ। ਉਹ ਲਿਖਦੇ ਹਨ:

1. ਪਾਰਸੁ ਮਨਿ ਮੁਹਿ ਰਤੁ ਨਹਿੰ ਭਾਵੈ ।।
ਜਗ ਜੰਜਾਰ ਨ ਥੋਰਾ ।।[104]

2. ਲੋਹ ਕੀ ਨਾਵ ਪਸ਼ਾਨਨ ਬੋਝੀ, ਸੁਕ੍ਰਿਤ ਭਗਤਿ ਬਿਹੂਨਾ ।।
ਲੋਭ ਤਰੰਗ ਮੋਹ ਭਯੋ ਗਾਲੌ, ਮਨ ਮੀਨ ਭਯੋ ਜਲ ਲੀਨਾਂ ।।[105]

ਗੁਰੂ ਰਵਿਦਾਸ ਜੀ ਨੇ ਕਾਮ-ਰੂਪੀ-ਲੋਭ ਦੇ ਪ੍ਰਬਲ ਰੂਪ ਦਾ ਵਰਣਨ ਕੀਤਾ ਹੈ ਉਨ੍ਹਾਂ ਅਨੁਸਾਰ ਇਸ ਦੀ ਅੱਗ ਦੀਆਂ ਲਪਟਾਂ **ਦੀ** ਸੀਮਾਂ ਨਹੀਂ। ਕਾਮ-ਰੂਪੀ-ਲੋਭ ਦੇ ਸੱਪਾਂ ਨੂੰ ਮੰਤਰ ਪੜ੍ਹ ਕੇ ਵੀ ਮਾਰਿਆ ਨਹੀਂ ਜਾ ਸਕਦਾ। ਇਸ ਲੋਭ ਦੇ ਤਾਂ ਵੱਡੇ ਵੱਡੇ ਗਿਆਨੀ ਸ਼ਿਕਾਰ ਹੋ ਜਾਂਦੇ ਹਨ।

ਅਬਿਗਤ ਉਧਰੰਤ ਕੋਪ ਅਸਰਜ ਧੀਰਜ ਲੋਪ,
ਮਦਨ ਭੁਵੰਗ ਨਹੀਂ ਮੰਤਰ ਜੰਤਾ ।।
ਬਿਸ਼ਮ ਪਾਵਕ ਝਾਰ ਤਾਹਿ ਵਾਰ ਨਾ ਪਾਰ,
ਲੋਭ ਕੀ ਤਪਨੀ ਗਯਾਨ **ਹੰਤਾ** ।।[106]

(13) <u>ਮੋਹ</u> :- ਮਾਇਆ ਨੂੰ ਮੋਹ ਮਾਇਆ ਵੀ ਕਿਹਾ ਜਾਂਦਾ ਹੈ। ਅਸਲ ਵਿਚ ਮਾਇਆ ਦੇ ਸਭ ਅੰਗਾਂ ਵਿਚੋਂ ਮੋਹ ਵਿਚ ਵਧੇਰੇ ਆਕਰਸ਼ਨ ਹੈ। ਸੰਸਾਰ ਵਿਚ ਚਾਰੇ ਪਾਸੇ ਮੋਹ ਹੀ ਨਜ਼ਰ

ਆਉਂਦਾ ਹੈ। ਮਾਂ ਬਾਪ ਦੀ ਬੱਚਿਆਂ ਲਈ ਮੋਹ-ਮਮਤਾ, ਮਿੱਤਰਾਂ ਵਿਚ ਪਿਆਰ, ਧਨ ਦਾਰਾ ਨਾਲ ਪ੍ਰੀਤ, ਸੰਸਾਰਿਕ ਪਦਾਰਥਾਂ ਸੰਪਤੀ ਧਨ ਮਾਲ ਆਦਿ ਦਾ ਮੋਹ, ਹੋਰ ਧਰਤੀ ਦੀਆਂ ਸੁੰਦਰਤਾਵਾਂ ਪ੍ਰਤੀ ਖਿੱਚ ਆਦਿ ਇਸ ਤਰ੍ਹਾਂ ਲਗਦਾ ਹੈ ਕਿ ਜਿਵੇਂ ਇਹ ਸੰਸਾਰ ਰੂਪੀ ਮੇਲਾ ਹੀ ਮੋਹ ਦਾ ਹੋਵੇ। ਮੋਹ ਭੈੜਾ ਨਹੀਂ ਪਰੰਤੂ ਸਾਡੀ ਓਪਰੀ ਓਪਰੀ ਭਾਵਨਾ ਹੀ ਇਸ ਨੂੰ ਐਸਾ ਬਣਾਉਂਦੀ ਹੈ । ਅਸੀਂ ਪ੍ਰਭੂ ਦੇ ਮੋਹ ਨੂੰ ਛਡ ਕੇ ਉਸ ਦੀ ਥਾਂ ਦੁਨਿਆਵੀ ਮੋਹ ਨਾਲ ਪੂਰੀ ਕਰਨਾ ਚਾਹੁੰਦੇ ਹਾਂ ਅਤੇ ਦੁਨਿਆਵੀ ਪ੍ਰੀਤਿ ਵਿਚ ਵੀ ਅਸੀਂ ਪ੍ਰਭੂ ਦੀ ਪ੍ਰੀਤ ਨਹੀਂ ਤਕਦੇ। ਇਸ ਕਾਰਨ ਸਾਡਾ ਮੋਹ ਝੂਠਾ ਮਿਥਿਆ ਅਤੇ ਭਰਮ ਜਿਹਾ ਬਣ ਕੇ ਰਹਿ ਜਾਂਦਾ ਹੈ। ਸਵਾਰਥ ਹਿਤ ਕੀਤਾ ਮੋਹ ਅਗਿਆਨਤਾ ਦੀ ਉਪਜ ਹੈ। ਜੋ ਪਦਾਰਥ ਅਸਲ ਵਿਚ ਨਾਸ਼ਵਾਨ ਹਨ ਅਤੇ ਅਸਥਿਰ ਹਨ ਉਨ੍ਹਾਂ ਨੂੰ ਅਸੀਂ ਪ੍ਰਾਪਤ ਕਰਨ ਲਈ ਨੱਠਦੇ ਭਜਦੇ ਫਿਰਦੇ ਹਾਂ ਅਤੇ ਉਨ੍ਹਾਂ ਦੇ ਮੋਹ ਵਿਚ ਸੰਘਰਸ਼ ਕਰਦੇ ਹਾਂ ਪਰੰਤੂ ਪ੍ਰਭੂ-ਪ੍ਰੀਤਮ ਦੀ ਪ੍ਰੀਤ ਨੂੰ ਘੁੰਡ ਵਿਚ ਕੈਦ ਕਰ ਦਿੰਦੇ ਹਾਂ ਇਸ ਤਰ੍ਹਾਂ ਮੋਹ-ਹਿੱਤ ਸੰਸਾਰਿਕ ਪਦਾਰਥਾਂ ਦੇ ਅੰਬਾਰ ਇਕਠੇ ਕਰਕੇ ਕਰਮ ਬੰਧਨ ਵਿਚ ਆਪੇ ਨੂੰ ਜਕੜ ਲੈਂਦੇ ਹਾਂ। ਅਤੇ ਜੀਵਨ ਦੀਆਂ ਅਧਿਆਤਮਕ ਉਚਾਈਆਂ ਤਕ ਪਹੁੰਚਣ ਤੋਂ ਅਸਮਰਥ ਹੋ ਜਾਂਦੇ ਹਾਂ। ਇਸ ਤਰ੍ਹਾਂ ਮੋਹ-ਮਾਇਆ ਭਗਤੀ-ਮਾਰਗ ਅਤੇ ਨੈਤਿਕ ਸਦਾਚਾਰ ਵਿਚ ਵੱਡੀ ਰੁਕਾਵਟ ਸਿੱਧ ਹੁੰਦੀ ਹੈ।

ਗੁਰੂ ਜੀ ਅਨੁਸਾਰ ਮੋਹ-ਮਮਤਾ ਦੇ ਵਿਸ਼ੇ ਸਦਕਾ ਮਨੁੱਖ ਨੂੰ ਬਿਖਮ ਸੰਸਾਰ ਸਾਗਰ ਵਿਚ ਵਿਸ਼ੇ-ਵਿਕਾਰਾਂ ਰੂਪੀ ਲਹਿਰਾਂ ਕਾਰਨ ਉਰਲਾ-ਪਰਲਾ ਬੰਨਾ ਨਹੀਂ ਲਭ ਸਕਦਾ। ਅਜਿਹਾ ਮਨੁੱਖ ਮੋਹ-ਮਾਇਆ ਵਿਚ ਭਟਕਦਾ ਹੋਇਆ ਕਰਮ ਬੰਧਨ ਵਿਚ ਫਸ ਜਾਂਦਾ ਹੈ ਤੇ ਫਿਰ ਉਸ ਦੇ ਕਈ ਜਨਮ ਕਰਮਾਂ ਨੂੰ ਭੋਗਦਿਆਂ ਬੀਤ ਜਾਂਦੇ ਹਨ।

ਬਿਸ਼ਮ ਸੰਸਾਰ ਭੌ ਲਹਿਰ ਵਯਾਕੁਲ ਹੋਵ, ਮੋਹ ਗੁਨ ਵਿਸ਼ੈ ਸਨਬੰਧ ਭੂਤਾ।[107]

ਗੁਰੂ ਰਵਿਦਾਸ ਜੀ ਅਨੁਸਾਰ ਮੋਹ-ਮਮਤਾ ਮਨੁੱਖ ਨੂੰ ਅਸਲੀ ਮਾਰਗ ਤੋਂ ਵਿਚਲਿਤ ਕਰ ਦਿੰਦੀ ਹੈ। ਮਨੁੱਖ ਅਵਿਦਿਆ ਕਾਰਣ ਮਿਥਿਆ ਸੰਸਾਰ ਨਾਲ ਮੋਹ ਪਾ ਲੈਂਦਾ ਹੈ । ਗੁਰੂ ਜੀ ਲਿਖਦੇ ਹਨ ਕਿ ਮ੍ਰਿਗ, ਮਛਲੀ, ਭ੍ਰਿੰਗ, ਪਤੰਗ, ਹਾਥੀ ਇਕ ਦੋਸ਼ ਕਾਰਣ ਆਪਾ ਨਸ਼ਟ ਕਰ ਲੈਂਦੇ ਹਨ ਤੇ ਮਨੁੱਖ ਦੀ ਕੀ ਬਣੇਗੀ ਜੋ ਪੰਚ ਅਸਾਧ ਰੋਗਾਂ ਨਾਲ ਗ੍ਰਸਤ ਹੈ:

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਜਰ ਏਕ ਦੋਸ਼ ਵਿਨਾਸ ।।  
ਪੰਚ ਵਯਾਧਿ ਅਸਾਧਿ ਇਹਿ ਤਨ ਕਵਨ ਤਾਕੀ ਆਸ ।।[108]

ਸ਼ੰਕਰਾਚਾਰੀਆ ਜੀ ਨੇ ਵੀ ਇਕ ਸਲੋਕ ਵਿਚ ਅਜਿਹਾ ਭਾਵ ਪ੍ਰਗਟ ਕੀਤਾ ਹੈ:

ਕੁਰੰਗ ਮਾਤੰਗ ਪਤੰਗ ਭ੍ਰਿੰਗ, ਮੀਨਾ ਹਤਾ ਪੰਚ ਭਿਰੇਵ ਪੰਚ ।।  
ਏਕ ਪ੍ਰਮਾਦੀ ਸੇ ਕਥੰ ਨ ਬਧਯੋ, ਯ ਸੇਵਤੇ ਪੰਚਭਿਰੇਵ ਪੰਚ ।।

(14) <u>ਅਹੰਕਾਰ :-</u> ਅਹੰਕਾਰ ਦੀ ਭਾਵਨਾ ਭਗਤੀ ਦੇ ਮਾਰਗ ਵਿਚ ਵੱਡੀ ਰੁਕਾਵਟ ਹੈ। ਮਨੁੱਖੀ ਮਨ ਵਿਚ ਇਸ ਭਾਵਨਾ ਦੇ ਜਾਗਰਿਤ ਹੋਣ ਨਾਲ ਹੋਰ ਕਈ ਦੋਸ਼ ਸੁਤੇ ਸਿੱਧ ਪੈਦਾ ਹੋ ਜਾਂਦੇ ਹਨ। ਅਹੰਕਾਰ ਦਵੈਤ, ਘਿਰਣਾ, ਨਿਰਾਦਰ, ਕੌੜੇ ਵਚਨ, ਦੁਸ਼ਕਰਮਾਂ ਦੂਜਿਆਂ ਵਿਚ ਦੋਸ਼ ਕੱਢਣ, ਅਤਿਆਚਾਰ, ਵਿਵਾਦ, ਅਗਿਆਨਤਾ ਆਦਿ ਨੂੰ ਜਨਮ ਦਿੰਦਾ ਹੈ ਇਹ ਸਭ ਦੋਸ਼ ਮਨੁੱਖ ਦੇ ਜੀਵਨ ਰਾਹ ਤੇ ਉਸਨੂੰ ਪਿਛੇ ਨੂੰ ਧੱਕਦੇ ਹਨ। ਅਹੰਕਾਰੀ ਮਨੁੱਖ ਆਪਣੇ ਹਰ ਕਰਮ ਸਦਕਾ ਬੰਧਨ ਵਿਚ ਪੈ ਜਾਂਦਾ ਹੈ। ਉਹ ਸੰਚਿਤ ਕਰਮਾਂ ਵਿਚ ਵਾਧਾ ਕਰ ਲੈਂਦਾ ਹੈ, ਹੰਕਾਰ ਵਿਚ ਮੱਤੇ ਮਨੁੱਖ ਦਾ ਮਨ ਵੀ ਉਪਰਲੀਆਂ ਹਵਾਵਾਂ ਵਿਚ ਘੁੰਮਦਾ ਹੈ ਇਸ ਲਈ ਉਸ ਦਾ ਧਿਆਨ ਪ੍ਰਭੂ ਵਲ ਨਹੀਂ ਲਗਦਾ ਇਸ ਤਰ੍ਹਾਂ ਆਪਣੇ ਘੁਮੰਡ ਵਿਚ ਉਹ ਪ੍ਰਭੂ ਕਿਰਪਾ ਤੋਂ ਸੱਖਣਾ ਰਹਿ ਜਾਂਦਾ ਹੈ।

ਗੁਰੂ ਰਵਿਦਾਸ ਜੀ ਅਨੁਸਾਰ ਹਉਮੈ ਦੀ ਭਾਵਨਾ ਨੇ ਸਾਰੇ ਸੰਸਾਰ ਨੂੰ ਤਬਾਹ ਕਰ ਦਿੱਤਾ ਹੈ। ਇਹ ਭਾਵਨਾ ਮਨੁੱਖ ਨੂੰ ਹੌਲੀ ਹੌਲੀ ਖਤਮ ਕਰ ਦਿੰਦੀ ਹੈ ਜਿਵੇਂ ਤੋਤਾ ਬੇਰਾਂ ਨੂੰ ਟੁਕ ਟੁਕ ਕੇ ਨਾਸ ਕਰ ਦਿੰਦਾ ਹੈ ਇਸੇ ਤਰ੍ਹਾਂ ਮਾਇਆ ਦੁਨੀਆਂ ਦਾ ਵਿਨਾਸ਼ ਕਰ ਦਿੰਦੀ ਹੈ:

1. ਯਹ ਸੰਸਾਰ ਕਜਲਿ ਕੀ ਕੋਠਰੀ, ਅਰੁ ਵਿਸ਼ ਹਉਰਾ ਕੂਵਾ ॥
ਕਹਿ ਰਵਿਦਾਸ ਹੌਮੈ ਜਗ ਖਾਯਾ, ਜਯੋਂ ਨਲਿਨੀ ਭੂ ਸੂਵਾ ॥[109]

2. ਪੰਚ ਸੰਗੀ ਮਿਲਿ ਪੀੜਿਓ ਪ੍ਰਾਣਿਆ, ਜਾਇਨ ਸਕੇ ਵੈਰਾਗ ਭਾਗਾ॥[110]

ਗੁਰੂ ਰਵਿਦਾਸ ਜੀ ਅਨੁਸਾਰ ਹਉਮੈ ਵਿਚ ਮੱਤੀ ਜੀਵਾਤਮਾ ਇਸਤਰੀ ਦੀ ਅਵਸਥਾ ਭਾਦੋਂ ਮਹੀਨੇ ਵਿਚ ਉਗੀ ਖੁੰਬ ਵਾਂਗ ਹੁੰਦੀ ਹੈ। ਗਰਭਵਤੀ ਨੂੰ ਆਦਰ ਮਾਣ ਨਹੀਂ ਮਿਲਦਾ ਸਗੋਂ ਉਹ ਹੰਕਾਰ ਵਿਚ ਹੀ ਬਾਵਰੀ ਹੋ ਜਾਂਦੀ ਹੈ:

ਤੁਝਹਿ ਸੁਝੰਤਾ ਕਛੂ ਨਾਹਿ, ਪਹਿਰਾਵਾ ਦੇਖੇ ਊਭਿ ਜਾਂਹਿ ।।
ਗਰਬਵਤੀ ਕਾ ਨਾਂਹੀ ਠਾਂਉ, ਤੇਰੀ ਗਰਦਨਿ ਊਪਰਿ ਲਵੈ ਕਾਉ ॥
ਤੂੰ ਕਾਏਂ ਗਰਬਹਿ ਬਾਵਲੀ
ਜੈਸੇ ਭਾਦਉ ਖੂੰਬ ਰਾਜੁਤ, ਤਿਸ ਤੇ ਖਰੀ ਉਤਾਵਲੀ ॥[111]

<u>ਹੰਕਾਰ ਦਾ ਪ੍ਰਭਾਵ:-</u> ਇਤਿਹਾਸ ਸਾਖੀ ਭਰਦਾ ਹੈ ਕਿ ਹੰਕਾਰ-ਮਾਣ ਵਿਚ ਵੜਿਆਂ ਵੜਿਆਂ ਨੇ ਆਪਾ ਤਬਾਹ ਕਰ ਲਿਆ। ਨਹੁ ਰਾਜਾ ਬਹੁਤ ਧਰਮਾਤਮਾ ਸੀ। ਉਸਨੇ ਬਹੁਤ ਜਗ ਕੀਤੇ ਪਰੰਤੂ ਹਉਮੈ ਦਾ ਤਿਆਗ ਨਾ ਕਰ ਸਕਿਆ ਜਿਸਦੇ ਫਲਸਰੂਪ ਉਸਨੂੰ ਸੱਪ ਜੂਨੀ ਪਾਉਣੀ ਪਈ ਇਸ ਤ੍ਰਾਂ ਰਾਵਣ (ਦੈਹਸਰ) ਨੂੰ ਆਪਣੀ ਸਰਬਪੱਖੀ ਵਿਦਵਤਾ ਤੇ ਏਨਾ ਹੰਕਾਰ ਹੋ ਗਿਆ ਕਿ ਉਸ ਨੇ ਵੀ ਆਪਣਾ ਸਰਵਨਾਸ਼ ਕਰਵਾ ਲਿਆ।

ਬਹੁਲੇ ਜਗਿ ਕਰੈ ਨਹੁ ਰਾਜਾ, ਮਨ ਮੰਹ ਭਈ ਲੜਾਈ ।।
ਕਹਿ ਹੰਕਾਰ ਸੱਤ ਰਿਸ਼ਿ ਰਥ ਜੋਏ, ਜੋਨਿ ਸਰਪੁਰ ਪਾਈ ।।
ਮਨ ਮੰਹ ਦਰਪ ਕਿਯੋਥੋ ਰਾਵਣਿ, ਨਿਜ ਬਲ ਦੇਖਿ
ਦਸਰਥ ਨੰਦਨ ਸਰ ਸੰਹਾਰਯੋ, ਲੰਕ ਬਭੀਸ਼ਣ ਪਾਈ ।।[112]

(174)

ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਕਾਮ, ਕ੍ਰੋਧ ਲੋਭ, ਮੋਹ, ਅਹੰਕਾਰ ਸਭ ਭਗਤੀ ਦੇ ਰਾਹ ਵਿਚ ਵਡੀਆਂ ਰੁਕਾਵਟਾਂ ਹਨ। ਇਹ ਮਨੁੱਖ ਵਿਚ ਦੈਵਿਕ, ਦੈਹਿਕ, ਭੌਤਿਕ, ਤਾਪ ਪੈਦਾ ਕਰਦੀਆਂ ਹਨ ਕਰਮ ਬੰਧਨ ਵਿਚ ਜਕੜਦੀਆਂ ਹਨ। ਮਨੁੱਖ ਗੁਰੂ ਦੀ ਸ਼ਰਨ ਵਿਚ ਜਾ ਕੇ ਸਤਿ ਸੰਗਤ ਦੁਆਰਾ ਹੀ ਇਨ੍ਹਾਂ ਤੋਂ ਨਿਵਿਰਤੀ ਪ੍ਰਾਪਤ ਕਰ ਸਕਦਾ ਅਤੇ ਆਪਣੀ ਕਾਇਆ ਨੂੰ ਸੀਤਲ ਕਰ ਸਕਦਾ ਹੈ :-

ਕਾਮ ਕ੍ਰੋਧ ਹੰਕਾਰ ਨਿਵਾਰਹੁ ਤ੍ਰਿਸ਼ਨਾ ਤਯਾਗਹੁ ਸੰਤਜਨਾ ।।
ਕਹਿ ਰਵਿਦਾਸ ਪਈ ਸੀਤਲ ਕਾਯਾ, ਜਯੋਂ ਹੀ ਲਾਗੋਂ ਗੁਰੁ ਚਰਨਾ।।[113]

(15) <u>ਪਰ -ਹਿੱਤ</u>: ਗੁਰੂ ਰਵਿਦਾਸ ਜੀ ਨੇ ਵਿਅਕਤਿਤਵ ਸੁਧਾਰ ਲਈ ਬਹੁਤ ਸਾਰੀਆਂ ਸਦਾਚਾਰਕ ਕੀਮਤਾਂ ਪ੍ਰਤੀ ਆਪਣੇ ਵਿਚਾਰ ਦਿੱਤੇ ਹਨ। ਉਨ੍ਹਾਂ ਅਨੁਸਾਰ ਨੈਤਿਕ ਕੀਮਤਾਂ ਨਾਲ ਦੂਸਰੇ ਦੇ ਹਿੱਤਾਂ ਦੀ ਰਖਿਆ ਕਰਨਾ ਵੀ ਬਹੁਤ ਜ਼ਰੂਰੀ ਹੈ ਅਤੇ ਇਸ ਤੋਂ ਵਧ ਕੇ ਕੋਈ ਚੰਗਾ ਧਰਮ ਨਹੀਂ। ਦੂਸਰੇ ਦੇ ਹਿੱਤਾਂ ਨੂੰ ਖੋਹਣਾ, ਪਰਾਇਆ ਧੰਨ ਲੁਟਣਾ, ਕਿਸੇ ਦਾ ਨੁਕਸਾਨ ਕਰਨਾ, ਨਿਰਾਦਰ ਕਰਨਾ ਆਦਿ ਬਹੁਤ ਵੱਡੇ ਅਪਰਾਧ ਹਨ। ਵਟਮਾਰ ਅਤੇ ਰਾਹਭਨੀ ਕਰਨੀ ਪਰਾਇਆ ਧਨ ਲੁਟ ਕੇ ਪੇਟ ਭਰਨਾ ਵੱਡਾ ਅਪਰਾਧ ਹੈ। ਗੁਰੂ ਜੀ ਨੇ ਪਰ-ਹਿੱਤ ਨੂੰ ਵਿਸ਼ਾਲ ਅਰਥਾਂ ਵਿਚ ਪ੍ਰਯੋਗ ਕੀਤਾ ਹੈ। ਉਨ੍ਹਾਂ ਨੇ ਤਾਂ ਗਿਆਨ ਦੀ ਲੁਟ ਬਾਰੇ ਵੀ ਲਿਖਿਆ ਹੈ ਇਸ ਸਬੂਤ ਤੋਂ ਇੰਝ ਪ੍ਰਤੀਤ ਹੁੰਦਾ ਹੈ ਕਿ ਇਨ੍ਹਾਂ ਦੇ ਕਿਸੇ ਸਮਕਾਲੀ ਨੇ ਇਨ੍ਹਾਂ ਦੇ ਹੀ ਸ਼ਬਦ ਸੁਣ ਕੇ ਥੋੜੇ ਬਹੁਤੇ ਹੇਰ ਫੇਰ ਨਾਲ ਨਵਾਂ ਰੂਪ ਦੇ ਕੇ ਆਪਣੀ ਬਾਣੀ ਵਿਚ ਲਿਖ ਲਿਆ ਹੋਵੇ। ਉਹ ਲਿਖਦੇ ਹਨ ਕਿ ਸੰਤ ਜਨੋ ਥੋੜਾ ਥੋੜਾ ਪਰਾਇਆ ਧੰਨ ਲੁਟੋ। ਇਹ ਤਾਂ ਅਸੀਂ ਜਾਣਦੇ ਹਾਂ ਕਿ ਸੰਤਾਂ ਦਾ ਧਨ ਤਾਂ ਉਨ੍ਹਾਂ ਦੀ ਭਗਤੀ, ਬਾਣੀ ਅਤੇ ਗਿਆਨ ਹੀ ਹੁੰਦਾ ਹੈ।

1. ਬਾਟ ਪਾੜਿ ਘਰ ਮੂਸਿ ਪਰਾਇਓ, ਉਦਰ ਭਰਿਓ ਅਪਰਾਧੀ ।।[114]

2. ਹਮਰੀ ਹੀ ਸੋਸ ਸੁਨੈ ਹਮ ਸੌ ਹੀ ਮਾਂਡਰੇ, ਥੋੜੇ ਹੀ ਇਤਰਾਣੀ ਚਾਲੈ।।
ਥੋਰੇ ਹੀਥੋਰੇ ਮੂਸਿਏ ਪਰਾਇਓ ਧਨਾ ।।
ਕਹੈ ਰਵਿਦਾਸ ਸੁਨਹੁ ਸੰਤ ਜਨਾ ।।[115]

ਅਸਲ ਵਿਚ ਤਾਂ ਪਰਾਈ ਵਸਤੂ ਤੇ ਅੱਖ ਰਖਣੀ ਹੀ ਮਾੜੀ ਹੁੰਦੀ ਹੈ। ਚਾਹੇ ਇਹ ਧਨ ਹੈ ਜਾਂ ਹੋਰ ਕੋਈ ਖਿੱਚਣ ਵਾਲੀ ਵਸਤੂ। ਪਰ-ਤ੍ਰਿਯ-ਗਮਨ ਅਰਥਾਤ ਪਰਾਈ ਔਰਤ ਨਾਲ ਵਿਭਚਾਰ ਕਰਨਾ ਵੀ ਦੁਖਦਾਈ ਕਰਮ ਹੈ। ਅਜਿਹੀ ਤ੍ਰਿਸ਼ਨਾ ਪਰਮਾਰਥ ਦੀਆਂ ਜੜ੍ਹਾਂ ਪੁਟਣ ਵਾਲਾ ਕਰਮ ਹੈ। ਐਸੀ ਦ੍ਰਿਸ਼ਟੀ ਰਖਣ ਵਾਲਾ ਮਨੁੱਖ ਰਾਵਣ ਦੀ ਤਰ੍ਹਾਂ ਆਪਣੀਆਂ ਸਰਵ ਸ਼ੁਕਤੀਆਂ ਦਾ ਨਾਸ਼ ਕਰਵਾ ਲੈਂਦਾ ਹੈ, ਇਸ ਤਰ੍ਹਾਂ ਗੁਰੂ ਰਵਿਦਾਸ ਜੀ ਅਨੁਸਾਰ ਪਰ-ਤ੍ਰਿਯ-ਸੰਗ ਚੰਗਾ ਨਹੀਂ ਅਜਿਹਾ ਭਾਵ ਰਖਣ ਵਾਲਾ ਮਨੁੱਖ ਮੂਰਖ ਹੁੰਦਾ ਹੈ ਅਤੇ ਬਾਅਦ ਵਿਚ ਪਛਤਾਉਂਦਾ ਹੈ:

> ਜਸ ਹੈ ਡਿਗਣ ਡੋਰਿ ਹੈ ਕੰਕਣੀ, ਪਰ ਤਿਸ ਗਾਲੌ ਜਾਣ ਰੇ ॥
> ਹਵੈ ਰਸ ਲੁ ਬੁਧ ਰਮੇ ਯੌ ਮੂਰਖਿ ਮਨ ਪਛਤਾਵਾ ਨਸਾਣਿ ॥
> ਪਾਪ ਗੁਨਯੋ ਛੇ ਧਰਮ ਨਿਬੌਲੀ, ਤੂੰ ਦੇਖਿ ਦੇਖਿ ਫਲ ਚਾਖਿ ਰੇ ॥
> ਪਰ ਤਿਯ ਸੰਗ ਭਲੌ ਜੋ ਹੋਵੇ, ਤੋ ਰਾਣੋ ਰਾਵਨ ਦੇਖਿ ਰੇ॥[116]

ਇਸ ਤੋਂ ਇਲਾਵਾ ਗੁਰੂ ਰਵਿਦਾਸ ਜੀ ਨੇ ਪਰ-ਪੀੜਾ, ਪਰ-ਨਿੰਦਾ ਪਰ ਹਿਤਾਂ ਸੰਬੰਧੀ ਵੀ ਵਿਚਾਰ ਦੇ ਕੇ ਇਸ ਦੇ ਮਾਰੂ ਪ੍ਰਭਾਵ ਤੋਂ ਜੀਵ ਨੂੰ ਸੁਚੇਤ ਕੀਤਾ ਹੈ।

****
***
***
**
*

## ਗੁਰੂ ਰਵਿਦਾਸ ਜੀ ਦੀ ਬਾਣੀ ਵਿਚ

## ਸਦਾਚਾਰ ਦਾ ਸਮਾਜਿਕ -ਪੱਖ

ਭਗਤੀ ਲਹਿਰ ਦੇ ਹੋਰ ਆਮ-ਅਭਿਲਾਸ਼ੀਆਂ, ਵਿਚਾਰਕਾਂ, ਪ੍ਰਚਾਰਕਾਂ ਦੀ ਤਰ੍ਹਾਂ ਗੁਰੂ ਰਵਿਦਾਸ ਨੇ ਵੀ ਇਸ ਜਗਤ ਅਤੇ ਇਸਦੀ ਹੋਂਦ ਦਾ ਨਕਾਰਣ ਨਹੀਂ ਕੀਤਾ, ਸਗੋਂ ਇਸ ਦੀ ਬੁਨਿਆਦੀ ਸਚਾਈ ਨੂੰ ਸਵੀਕਾਰਿਆ ਹੈ। ਆਖਰਕਾਰ ਭਗਤੀ ਲਹਿਰ ਦੇ ਮੋਢੀ ਕਿਸੇ ਸਮਾਜ ਵਿਚ ਹੀ ਪੈਦਾ ਹੋਏ ਸਨ। ਮਨੁੱਖ ਦੀ ਇਹ ਪ੍ਰਕ੍ਰਿਤੀ ਹੈ ਕਿ ਉਹ ਸਮਾਜਿਕ ਜੀਵਨ ਵਾਤਾਵਰਨ ਦੇ ਚੌਗਿਰਦੇ ਤੋਂ ਪ੍ਰਭਾਵਤ ਹੁੰਦਾ ਹੈ। ਜੇ ਸੰਸਾਰ ਦਾ ਸਿੱਧਾ ਹੀ ਨਕਾਰਣ( Negate ) ਕਰ ਦਿੱਤਾ ਜਾਵੇ ਤਾਂ ਭਗਤ ਦੀ ਅਤੇ ਉਸ ਦੀ ਵਿਚਾਰਧਾਰਾ ਦੀ ਆਪਣੀ ਕੋਈ ਹੋਂਦ ਨਹੀਂ ਰਹਿ ਜਾਂਦੀ। ਵਿਚਾਰਧਾਰਾ ਦੀ ਮਹਾਨਤਾ ਸਮਾਜਿਕ ਸੰਦਰਭ ਵਿਚ ਹੀ ਉਭਰਦੀ ਤੇ ਨਿਖਰਦੀ ਹੈ। ਇਸ ਲਈ ਗੁਰੂ ਰਵਿਦਾਸ ਜੀ ਨੇ ਜਦੋਂ ਆਪਣੇ ਸਮਕਾਲੀ ਸਮਾਜ ਨੂੰ ਦੰਭ, ਪਾਖੰਡ ਅਤੇ ਵਿਖਾਵੇ ਦੇ ਕਰਮਕਾਂਡ ਵਿਚ ਉਲਝਿਆ ਹੋਇਆ ਦੇਖਿਆ ਤਾਂ ਆਪਣੇ ਨਿਸਚਿਤ ਸਦਾਚਾਰਿਕ ਨਿਯਮਾਂ ਦਾ ਪ੍ਰਚਾਰ ਕੀਤਾ। ਸਮਾਜਿਕ ਸਦਾਚਾਰ ਦੇ ਸਵੱਛ ਹੋਣ ਤੋਂ ਬਿਨਾਂ ਅਧਿਆਤਮਿਕ ਸਦਾਚਾਰ ਪਵਿੱਤਰ ਹੋ ਹੀ ਨਹੀਂ ਸਕਦਾ। ਇਸ ਲਈ ਗੁਰੂ ਜੀ ਨੇ ਆਪਣੀ ਬਾਣੀ ਵਿਚ ਥਾਂ ਥਾਂ ਤੇ ਸਮਾਜਿਕ ਤੌਰ ਤੇ ਜੀਵ ਨੂੰ ਸਦਾਚਾਰੀ ਹੋਣ ਦਾ ਉਪਦੇਸ਼ ਦਿੰਦੇ ਹਨ। ਇਸ ਮੰਤਵ ਲਈ ਗੁਰੂ ਜੀ ਅਖੌਤੀ ਜਾਤ-ਪਾਤ ਉਚ-ਨੀਚ, ਵਿਖਾਵੇ ਦੇ ਕਰਮਕਾਂਡਾਂ ਆਦਿ ਦੀ ਨਿਖੇਧੀ ਕਰਦੇ ਹਨ ਅਤੇ ਸੇਵਾ ਕਰਨ, ਸੁਚੀ ਕਿਰਤ ਕਰਨ ਤੇ ਗੁਲਾਮੀ ਪ੍ਰਤੀ ਨਫਰਤ ਕਰਨ ਦੀ ਪ੍ਰੇਰਨਾ ਤੇ ਉਤਸ਼ਾਹ ਦਿੰਦੇ ਹਨ। ਡਾ. ਪਦਮ ਦੇ ਵਿਚਾਰ ਉਲੇਖਣਯੋਗ ਹਨ। ਉਨ੍ਹਾਂ ਅਨੁਸਾਰ, " ਰਵਿਦਾਸ ਜੀ ਪਹਿਲੇ ਸੰਤ ਹਨ ਜਿਨ੍ਹਾਂ ਨੇ ਨਿਵਿਰਤੀ-ਮਾਰਗ ਦੇ ਨਾਲੋਂ ਪ੍ਰਵਿਰਤੀ-ਮਾਰਗ ਨੂੰ ਵਧੇਰੇ ਮਹੱਤਵ ਦਿੱਤਾ। ਉਨ੍ਹਾਂ ਨੇ ਸਮਾਜ ਵਿਚ ਰਹਿੰਦੇ ਹੋਏ ਆਪਣੇ ਵਿਚਾਰਾਂ ਦਾ ਪ੍ਰਚਾਰ ਕੀਤਾ। ਇਨ੍ਹਾਂ ਦੀ ਬਾਣੀ ਵਿਚੋਂ ਸਮਾਜ ਦੇ ਨਿਰਮਾਣ ਦਾ ਸੰਕੇਤ ਮਿਲਦਾ ਹੈ ਜਿਸ ਵਿਚ ਸਮਾਨਤਾ ਦੀ ਭਾਵਨਾ ਨੂੰ ਉਤਮ ਸਥਾਨ ਪ੍ਰਾਪਤ ਹੈ। ਰਵਿਦਾਸ ਜੀ ਇਕ ਮਹਾਨ ਸਮਾਜ-ਸੁਧਾਰਕ ਸਨ।"

(1) ਜਾਤ-ਪਾਤ:- ਵੈਦਿਕ ਯੁਗ ਵਿਚ ਵਰਣ ਵਿਵਸਥਾ ਦ੍ਰਿੜ ਅਤੇ ਰੂੜਵਾਦੀ ਨਹੀਂ ਸੀ ਭਾਵੇਂ ਇਸ ਦਿਸ਼ਾ ਵਲ ਉਸਦਾ ਝੁਕਾਅ ਹੋਣਾ ਆਰੰਭ ਹੋ ਗਿਆ ਸੀ।[1] ਪੌਰਾਣਿਕ ਯੁਗ ਤੋਂ ਬ੍ਰਾਹਮਣਾਂ ਦੀ ਪਦਵੀ ਪਰੰਪਰਾਗਤ ਹੋ ਚੁੱਕੀ ਸੀ। ਬ੍ਰਾਹਮਣ ਪ੍ਰਤੱਖ ਦੇਵਤਾ ਮੰਨਿਆ ਜਾਂਦਾ ਸੀ। ਬ੍ਰਾਹਮਣਾਂ ਦੇ ਮੂੰਹੋਂ ਕਢਿਆ ਕੋਈ ਵੀ ਬਚਨ ਵਿਅਰਥ ਨਹੀਂ ਸੀ ਜਾਂਦਾ। 'ਬ੍ਰਾਹਮਣ ਦੁਖ ਜਾਂ ਤਕਲੀਫ ਦੇ ਸਮੇਂ ਕੋਈ ਅਯੋਗ ਕੰਮ ਵੀ ਕਰੇ ਤਾਂ ਉਹ ਕਲੰਕਿਤ ਨਹੀਂ ਮੰਨਿਆ ਜਾਂਦਾ ਸੀ[2] ਪਰੰਤੂ ਕਠ-

ਉਪਨਿਸ਼ਦ ਵਿਚ ਬ੍ਰਹਮ ਦੀ ਸਰਵਵਿਆਪਕਤਾ ਦੇ ਨਾਲ ਨਾਲ ਸਮਾਨਤਾ ਦੇ ਪੱਖ ਦਾ ਪ੍ਰਤਿਪਾਦਨ ਕੀਤਾ ਗਿਆ ਹੈ। ਇਕ ਥਾਂ ਵਰਣਨ ਹੈ ਕਿ " ਸਭ ਪਰਮਾਤਮਾ ਦੇ ਹੀ ਰੂਪ ਤਾਂ ਹਨ ਜਿਵੇਂ ਪਰਬਤ ਤੋਂ ਨੀਚੇ ਜਾਂਦਾ ਪਾਣੀ ਵਿਭਿੰਨ ਧਾਰਾਵਾਂ ਵਿਚ ਵੰਡਿਆ ਜਾਂਦਾ ਹੈ ਉਸ ਤਰ੍ਹਾਂ ਹੀ ਇਕ ਪਰਮਾਤਮਾ ਤੋਂ ਹੀ ਦੇਵ, ਮਨੁੱਖ, ਅਸੁਰ ਪੈਦਾ ਹੁੰਦੇ ਹਨ।[3] ਮਨੂੰ ਨੇ ਜੋ ਸਮਾਜਿਕ ਵੰਡ ਕੀਤੀਆਂ ਦੇ ਆਧਾਰ ਤੇ ਕੀਤੀ ਸੀ ਉਹ ਸਮਾਂ ਪਾ ਕੇ ਜਾਤ ਪਾਤ ਵਿਚ ਬਦਲ ਗਈ ਅਤੇ ਮੰਨੂੰ ਦੀ ਵਰਣ-ਵੰਡ ਕਾਰਨ ਜਾਤ-ਪਾਤ ਦਾ ਰੋਗ ਗੁਰੂ ਜੀ ਦੇ ਸਮੇਂ ਤਕ ਸਮਾਜ ਵਿਚ ਖਤਰਨਾਕ ਰੂਪ ਧਾਰਣ ਕਰ ਚੁੱਕਾ ਸੀ। ਸ੍ਰੀ ਵਿਸ਼ੰਭਰ ਨਾਥ ਲਿਖਦੇ ਹਨ ਕਿ " ਮਨੂ ਅਨੁਸਾਰ ਸ਼ੂਦਰਾਂ ਨੂੰ ਸ਼ਹਿਰ ਤੋਂ ਬਾਹਰ ਰਹਿਣਾ ਚਾਹੀਦਾ ਹੈ। ਇਸ ਤਰ੍ਹਾਂ ਸਮਾਜ ਵਿਚ ਜਾਤਪਾਤ ਦੀ ਨੀਂਹ ਬਣਦੇ ਮਜ਼ਬੂਤ ਹੋਣਾ ਲਗੀ। ਇਸ ਭੇਦ ਭਾਵ ਦਾ ਭਗਤਾਂ ਨੇ ਵਿਰੋਧ ਕੀਤਾ।"[4] ਰਾਮਾਨੰਦ ਨੇ ਇਸ ਸੰਦਰਭ ਵਿਚ ਸ਼ਲਾਘਾਯੋਗ ਕੰਮ ਕੀਤਾ । ਸ੍ਰੀ ਹਜ਼ਾਰੀ ਪ੍ਰਸਾਦ ਦਵੇਦੀ ਅਨੁਸਾਰ "ਧਾਰਮਿਕ ਖੇਤਰ ਵਿਚ ਰਾਮਾਨੁਜ ਨੇ ਨੀਵੀਆਂ ਜਾਤਾਂ ਨੂੰ ਉਚਾ ਚੁਕਿਆ ਅਤੇ ਵਿਵਹਾਰਿਕ ਰੂਪ ਵਿਚ ਜਾਤਪਾਤ ਨੂੰ ਕਾਇਮ ਰਖਿਆ। " ਗੁਰੂ ਰਵਿਦਾਸ ਜੀ ਨੇ ਸਮਾਜਿਕ ਤੇ ਧਾਰਮਿਕ ਦੋਵਾਂ ਖੇਤਰਾਂ ਵਿਚ ਨੀਵੀਆਂ-ਜਾਤਾਂ ਨੂੰ ਉਚਾ ਕਰਨ ਦਾ ਬੀੜਾ ਚੁਕਿਆ। ਗੁਰੂ ਜੀ ਨੇ ਨਗਾਰੇ ਦੀ ਚੋਟ ਤੇ ਆਪਣੀ ਆਵਾਜ਼ ਬੁਲੰਦ ਕੀਤੀ ਕਿ ਕੇਵਲ ਜਨਮ-ਕੁਲ ਕਾਰਨ ਹੀ ਕੋਈ ਵਿਅਕਤੀ ਉਚਾ ਜਾਂ ਨੀਵਾਂ ਨਹੀਂ ਹੋ ਸਕਦਾ। ਸਗੋਂ ਉਚਾ ਜਾਂ ਨੀਵਾਂ ਤਾਂ ਉਹ ਆਪਣਾ ਅਮਲਾਂ ਕਰਕੇ ਹੁੰਦਾ ਹੈ। ਕਹੀ ਜਾਂਦੀ ਨੀਵੀਂ ਸ਼੍ਰੇਣੀ ਵਿਚੋਂ ਉਠ ਕੇ, ਉਹਨਾਂ ਨੇ ਅਸਮਾਨ ਤੇ ਬੈਠੇ ਉਚ-ਜਾਤੀ ਦੇ ਲੋਕਾਂ ਦਾ ਖੋਖਲਾਪਣ ਉਜਾਗਰ ਕਰ ਦਿੱਤਾ। ਜਦੋਂ ਜਾਤ-ਪਾਤ ਅਤੇ ਕੱਟੜਤਾ ਦੇ ਸੱਪ ਫੁੰਕਾਰੇ ਮਾਰ ਰਹੇ ਸਨ ਤਾਂ ਉਨ੍ਹਾਂ ਨੇ ਬੇਖੌਫ ਹੋ ਕੇ ਕਿਹਾ:-

1. ਪੰਡਿਤ ਸੂਰ ਛਤ੍ਰਪਤਿ ਰਾਜਾ ॥  
ਭਗਤ ਬਰਾਬਰ ਅਉਰੁ ਨ ਕੋਇ ॥  
.... .... ....  
ਬ੍ਰਾਹਮਨ ਵੈਸ ਸੂਦ ਅਰੁ ਖ੍ਹਤ੍ਰੀ ॥  
ਡੋਮ ਚੰਡਾਰ ਮਲੇਛ ਮਨ ਸੋਇ ॥  
ਹੋਇ ਪੁਨੀਤ ਭਗਵੰਤ ਭਜਨ ਤੇ।  
ਆਪੁ ਤਾਰਿ ਤਾਰੇ ਕੁਲ ਦੋਇ ॥[6] ( ਰਾਮ ਬਿਲਾਵਲੁ )

ਗੁਰੂ ਜੀ ਅਨੁਸਾਰ ਸੰਸਾਰ ਸਮੁੰਦਰ ਵਿਚ ਮਾਨਵ ਜਾਤੀ ਲਹਿਰਾਂ ਦੇ ਸਮਾਨ ਹੈ। ਕਿਸੇ ਨੂੰ ਜਨਮ ਜਾਂ ਕ੍ਰਿਤ ਸਦਕਾ ਉਚਾ ਨੀਵਾਂ ਸਮਝਣਾ ਨਿਰੀ ਅਗਿਆਨਤਾ ਹੈ। ਜਾਤਪਾਤ ਦੀ ਕੋਈ ਹੋਂਦ ਨਹੀਂ ਇਹ ਤਾਂ ਭੁਲੇਖਾ ਹੈ। ਪਰਮਾਤਮਾ ਦੇ ਹਜ਼ੂਰ ਕੋਈ ਜਾਤ-ਪਾਤ ਨਹੀਂ। ਉਸ

ਪਰਤ-ਤੱਤ ਦਾ ਸਿਮਰਨ ਕਰਨ ਵਾਲੇ ਜਾਤਪਾਤ ਵਿਚ ਵਿਸ਼ਵਾਸ ਨਹੀਂ ਰਖਦੇ। ਗੁਰੂ ਜੀ ਨੇ ਹੋਕਾ ਦੇ ਦੇ ਕੇ ਨੀਵੇਂ ਵਰਗ ਨਾਲ ਆਪਣਾ ਸੰਬੰਧ ਦਰਸਾਇਆ ਹੈ ਕਿਉਂਕਿ ਦਿੱਬ-ਦ੍ਰਿਸ਼ਟੀ ਵਾਲੇ ਗੁਰੂ ਜੀ ਜਾਣਦੇ ਹਨ ਕਿ ਨੀਵੇਂ ਕੌਣ ਹਨ ਤੇ ਉਚੇ ਕੌਣ। ਸੱਚੇ ਸੁਚੇ ਨੀਵੇਂ ਵਰਗ ਦੇ ਮਾਣ ਅਤੇ ਸ਼ਾਨ ਨੂੰ ਵਧਾਉਂਦਿਆਂ ਉਨ੍ਹਾਂ ਨੇ ਵਾਰ ਵਾਰ ਕਿਹਾ:-

ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ ॥
ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ ॥[7]

ਗੁਰੂ ਜੀ ਅਨੁਸਾਰ ਸਭ ਜੀਵਾਂ ਵਿਚ ਉਹ ਪ੍ਰਭੂ ਵਿਆਪਕ ਹੈ। ਵਰਣ-ਵੰਡ ਗਲਤ ਹੈ ਕੋਈ ਉਚਾ-ਨੀਵਾਂ ਨਹੀਂ ਸਭ ਉਸ ਦੇ ਸਰੂਪ ਹਨ। ਮਨੁੱਖ ਦੀ ਜਾਤ ਮਾਨਵ ਹੈ ਤੇ ਮਾਨਵ ਉਸ ਦੀ ਭਗਤੀ ਨਾਲ ਉਸ ਦਾ ਰੂਪ ਅਤੇ ਗੁਣ ਪ੍ਰਾਪਤ ਕਰ ਸਕਦਾ ਹੈ:

1. ਹਰਿ ਰੰਗ ਲਾਗੋ ਤਾਥੈ ਮੇਰੇ ਬਰਨਿ ਪਲਟਿ ਭਇਓ ॥[8]

2. ਜਾਤਿ ਤੇ ਕੋਉ ਪਾਰ ਨ ਪਹੁੰਚਆ, ਰਾਮ ਭਗਤੀ ਬਿਸੂਸੂਰੇ ॥
ਸਟਕ੍ਰਮ ਸਹਿਤ ਵ੍ਰਿਪ ਜੁ ਹੋਤੇ ਚਾਰਿ ਭਗਤੀ ਚਿਤ ਦਿੜ ਨਾਹਿਰੇ ॥
ਹਰਿ ਕਥਾ ਸੈਂ ਹੇਤ ਨਾਹਿ, ਸਵਪਚ ਤੁਲੇ ਤਾਹਿਰੇ ॥[9]

ਗੁਰੂ ਰਵਿਦਾਸ ਨੇ ਜਾਤ ਪਾਤ ਦੇ ਨਾਸੂਰ ਨੂੰ ਆਪਣੀ ਕ੍ਰਾਂਤੀਕਾਰੀ ਰੰਬੀ ਨਾਲ ਕਟ ਕੇ ਭਾਰਤੀ ਸਮਾਜਿਕ ਜੀਵਨ ਵਿਚ ਨੀਵੀਆਂ ਜਾਤੀਆਂ ਦੇ ਮਨਾਂ ਵਿਚ ਆਤਮ-ਬਲ ਦੀ ਚਿਣਗ ਬਾਲੀ। ਡਾ. ਬੈਨੀ ਪ੍ਰਸਾਦ ਦੇ ਸ਼ਬਦਾਂ ਵਿਚ ਰੈਦਾਸ ਆਪਣੀ ਜਾਤੀਗਤ ਹੀਣ ਭਾਵਨਾ, ਸਮਾਜ ਵਿਚ ਵਿਆਪਕ ਛੂਆਛੂਤ ਭਾਵਨਾ, ਪਰਿਵਾਰਿਕ ਵਿਰੋਧ ਅਤੇ ਦ੍ਰਿੜਤਾ ਨੂੰ ਆਤਮ-ਬਲ ਅਤੇ ਰਾਮ ਭਗਤੀ ਦੇ ਆਸਰੇ ਨਾਲ ਪਰਾਜਿਤ ਕਰਕੇ ਨਿਰਭੈ ਨਿਰਮੋਹੀ ਸੰਤ ਅਤੇ ਪੰਡਿਤ ਬਣ ਗਏ।"[10] ਗੁਰੂ ਰਵਿਦਾਸ ਨੇ ਲੋਕਾਂ ਵਿਚ ਆਤਮ-ਵਿਸ਼ਵਾਸ ਨਾਲ ਉਤਸ਼ਾਹ ਤੇ ਸਾਹਸ ਦਾ ਨੂਰ ਭਰਦਿਆਂ ਕਿਹਾ:

ਨੀਚਹੁ ਊਚ ਕਰੈ ਮੇਰਾ ਗੋਬਿੰਦ ॥
ਕਾਹੂ ਤੇ ਨਾ ਡਰੈ ॥[11] ( ਰਾਗੁ ਮਾਰੂ )

ਜਾਤ ਪਾਤ ਦੀ ਦਲਦਲ ਵਿਚ ਫਸੇ ਲੋਕਾਂ ਨੂੰ, ਉਹਨਾਂ ਰੱਬ ਦੇ ਨੂਰੀ ਭਗਤ ਬਨਣ ਦਾ ਸਾਧਨ ਦਰਸਾਇਆ, ਉਹ ਲਿਖਦੇ ਹਨ:

1. ਏਕੁ ਮੁਕੰਦੁ ਕਰੇ ਉਪਕਾਰ
ਹਮਰਾ ਕਹਾ ਕਰੈ ਸੰਸਾਰਿ ॥

ਮੇਟਿ ਜਾਤਿ ਹੂਏ ਦਰਬਾਰਿ॥
ਤੂ ਹੀ ਮੁਕੰਦ ਜੋਗ ਜੁਗਤਾਰਿ ॥[12] ( ਰਾਮ ਗੋਂਡ )

2. ਨਾਗਰ ਜਨਾ ਮੇਰੀ ਜਾਤਿ ਬਿਖਿਆਤ ਚੰਮਾਰੰ ॥
ਰਿਦੈ ਰਾਮ ਗੋਬਿੰਦ ਗੁਨ ਸਾਰੰ ॥[13] ( ਰਾਗ ਮਲਾਰ )
( 57)

ਗੁਰੂ ਰਵਿਦਾਸ ਨੇ ਵਰਣ-ਵੰਡ ਨੂੰ ਅਸਵੀਕਾਰ ਕੀਤਾ ਤੇ ਇਸ ਦੀਆਂ ਜੜਾਂ ਖੋਖਲੀਆਂ ਕਰਨ ਦਾ ਉਪਰਾਲਾ ਕੀਤਾ। ਇਸ ਤਰ੍ਹਾਂ ਉਚ-ਨੀਚ ਦੇ ਵਿਚਾਰਾਂ ਜਾਤ ਪਾਤ ਨੂੰ ਮੂਲੋਂ ਖਤਮ ਕਰਨ ਦਾ ਸਿਹਰਾ ਗੁਰੂ ਰਵਿਦਾਸ ਜੀ ਨੂੰ ਪ੍ਰਾਪਤ ਹੋਇਆ। ਡਾ. ਪਦਮ ਵੀ ਲਿਖਦੇ ਹਨ ਕਿ " ਗੁਰੂ ਰਵਿਦਾਸ ਨੇ ਨੀਵੀਂ ਜਾਤੀ ਵਾਲੇ ਲੋਕਾਂ ਵਿਚ ਆਤਮ-ਵਿਸ਼ਵਾਸ ਜਗਾ ਕੇ ਸੂਦਰਾਂ ਨੂੰ ਸਮਾਜ ਅਤੇ ਭਗਤੀ ਦੇ ਖੇਤਰ ਵਿਚ ਬ੍ਰਾਹਮਣਾਂ ਦਾ ਬਰਾਬਰ ਖੜਾ ਕੀਤਾ। ਇਸ ਤਰ੍ਹਾਂ ਉਨ੍ਹਾਂ ਨੇ ਉਹ ਕੰਮ ਕਰ ਦਿਖਾਇਆ ਜਿਸਨੂੰ ਸਵਾਮੀ ਰਾਮਾਨੰਦ ਵੀ ਨਹੀਂ ਸੀ ਕਰ ਸਕੇ।"[14]

(2) <u>ਸੁਕ੍ਰਿਤ ਕਰਨੀ</u>: ਸਮਾਜਿਕ ਸਦਾਚਾਰ ਦੀ ਨੀਂਹ ਸੁੱਚੀ ਕਿਰਤ ਤੇ ਆਧਾਰਤ ਹੈ । ਸੁਕਿਰਤ ਕਰਨ ਨਾਲ ਹੀ ਮਨ ਤੇ ਤਨ ਉਜਲੇ ਹੁੰਦੇ ਹਨ ਅਤੇ ਸਵੱਛ ਤੇ ਪਵਿੱਤਰ ਵਿਚਾਰ ਮਨੁੱਖੀ ਹਿਰਦੇ ਵਿਚ ਪੈਦਾ ਹੁੰਦੇ ਹਨ। ਕਿਰਤ ਕੋਈ ਵੀ ਮਾੜੀ ਨਹੀਂ ਹੁੰਦੀ ਹਰ ਕੰਮ ਸਲਾਹੁਣਯੋਗ ਹੈ ਜੇ ਉਹ ਦਿਆਨਤਦਾਰੀ ਤੇ ਨਿਸ਼ਕਾਮ ਭਾਵਨਾ ਨਾਲ ਕੀਤਾ ਜਾਵੇ। ਪ੍ਰਸਿੱਧ ਲੇਖਕ ਕਾਰਲਾਇਲ ਲਿਖਦਾ ਹੈ ਕਿ ਹਰ ਕੰਮ ਸ੍ਰੇਸ਼ਠ ਹੈ, ਚਾਹੇ ਇਹ ਰੂੰ ਕੱਤਣਾ ਹੀ ਹੈ। ਐਮਰਸਨ ਨੇ ਕ੍ਰਿਤ ਦੀ ਮਹਾਨਤਾ ਬਾਰੇ ਦਸਿਆ ਹੈ ਕਿ ਕ੍ਰਿਤ ਹੀ ਪਰਮਾਤਮਾ ਹੈ। ਥੋੜੀ ਜਿਹੀ ਸੱਚੀ ਮਿਹਨਤ ਦੇ ਪਲ ਜੀਵਨ ਭਰ ਨਾਲੋਂ ਕਿਤੇ ਮਹਾਨ ਹਨ। ਡਾ. ਬੁਧ ਰਾਮ ਗੁਪਤਾ ਲਿਖਦੇ ਹਨ ਕਿ ਰਵਿਦਾਸ ਜੀ ਨੇ ਆਪਣੇ ਨੀਵੇਂ ਵਰਗ ਦੀ ਕ੍ਰਿਤੀ-ਸ਼ਾਨ ਨੂੰ ਹੀ ਨਹੀਂ ਵਧਾਇਆ ਸਗੋਂ ਦਸਾਂ ਨੌਹਾਂ ਦੀ ਕਿਰਤ ਦਾ ਹਿੱਤ ਪੂਰਿਆ ਸੱਚੀ ਸੁਚੀ ਮਿਹਨਤ ਵਿਚ ਜੁਟੇ ਲੋਕਾਂ ਨੂੰ ਕ੍ਰਿਤ ਦੇ ਸਹਾਰੇ ਹੀ ਬੁਲੰਦ ਹੋਣ ਲਈ ਪ੍ਰੇਰਿਆ। ਚਾਹੇ ਇਹ ਪ੍ਰੇਰਨਾ ਭਰਪੂਰ ਇਸ਼ਕੇ-ਇਲਾਜ ਵਿਚ ਰੰਗੀ ਹੋਈ ਸੀ, ਇਸ ਕ੍ਰਿਤ ਪ੍ਰੇਮ ਨੇ ਹੀ ਅਜੋਕੀ ਸਦੀ ਤੇ ਸਮਾਜਵਾਦ ਅਤੇ ਕਾਮਿਆਂ ਦੇ ਇਨਕਲਾਬ ਨੂੰ ਜਨਮ ਦਿੱਤਾ।"[15] ਉਹ ਲਿਖਦੇ ਹਨ ਕਿ ਕੰਮ ਹੀ ਉਹ ਖਾਦ ਹੈ ਜਿਹੜੀ ਹਰਿਆਲੀ ਅਤੇ ਸਮਾਜਿਕ ਖੁਸ਼ਹਾਲੀ ਨੂੰ ਹੋਂਦ ਵਿਚ ਲਿਆਉਂਦੀ ਹੈ ਉਸ ਕੰਮ ਰੂਪੀ ਖਾਦ ਨੂੰ ਕਿਵੇਂ ਤੁੱਛ ਕਿਹਾ ਜਾ ਸਕਦਾ ਹੈ ਜਿਸ ਕਾਰਨ ਬਹਾਰਾਂ ਦਾ ਰੂਪ ਖਿੜਦਾ ਹੈ ਤੇ ਫਸਲਾਂ ਤੇ ਜਵਾਨੀ ਆਉਂਦੀ ਹੈ।[16] ਭਾਵ ਸੁਕ੍ਰਿਤ ਨਾਲ ਹੀ ਸਮਾਜ ਵਿਚ ਆਰਥਿਕ, ਅਧਿਆਤਮਕ ਵਿਕਾਸ ਹੁੰਦਾ ਹੈ। ਤੇ ਇਸ ਨਾਲ ਸਮਾਜ ਵਿਚ ਸੁਖ ਸ਼ਾਂਤੀ ਪ੍ਰਾਪਤ ਹੁੰਦੀ ਹੈ। ਸੁਚੀ ਕਿਰਤ ਸਮਾਜਿਕ ਸਦਾਚਾਰ ਦਾ ਉਹ ਮਹਾਨ ਪਹਿਲੂ ਹੈ ਜਿਹੜਾ ਲੋਕ

ਪਰਲੋਕ ਦੋਵਾਂ ਨੂੰ ਸੁਆਰਦਾ ਹੈ। ਗੁਰੂ ਰਵਿਦਾਸ ਜੀ ਮਿਹਨਤਕਸ਼ੀ ਸੁਖਸਹਿਤ ਨੇ ਅਨੇਕਾਂ ਉਚ-ਜਾਤੀ ਦੇ ਅਭਿਮਾਨੀਆਂ ਦਾ ਉਧਾਰ ਕੀਤਾ। ਸਾਰੀ ਉਮਰ ਦਸਾਂ ਨੌਹਾਂ ਦੀ ਕਿਰਤ ਕੀਤੀ ਜੋੜੇ ਗੰਢ ਕੇ ਮਨੁੱਖਤਾ ਦੀ ਸੇਵਾ ਕੀਤੀ ਤੇ ਪ੍ਰਭੂ ਭਗਤੀ ਵਿਚ ਉਚ ਤੋਂ ਸਵਰਨ ਜਾਤੀਆਂ ਵਾਲਿਆਂ ਨਾਲੋਂ ਅਗੇ ਲੰਘ ਗਏ। ਇਹ ਲੋਕ ਉਨ੍ਹਾਂ ਦੇ ਹਥੋਂ ਸੁਚੇਤਨਾ ਦਾ ਅੰਮ੍ਰਿਤ ਪੀ ਚਰਨਾਂ ਤੇ ਡਿਗ ਪਏ। ਗੁਰੂ ਜੀ ਨੇ ਸੁਕ੍ਰਿਤ ਵਿਚ ਆਪਣਾ ਵਿਸ਼ਵਾਸ ਦ੍ਰਿੜ ਕਰਵਾਉਂਦਿਆਂ ਕਿਹਾ:-

ਮੇਰੀ ਜਾਤਿ ਕੁਟ ਬਾਂਢਲਾ ਢੋਰ ਢਵੰਤਾ
ਨਿਤਹਿ ਬਨਾਰਸੀ ਆਸ ਪਾਸਾ ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ॥
ਤੇਰੇ ਨਾਮ ਸਰਣਾਇ ਰਵਿਦਾਸ ਦਾਸਾ ॥[17]

ਗੁਰੂ ਰਵਿਦਾਸ ਜੀ ਨੇ ਪ੍ਰਭ ਭਗਤੀ ਦੇ ਨਾਲ ਨਾਲ ਆਪਣਾ ਜੁੱਤੀਆਂ ਗੰਢਣ ਦਾ ਜੱਦੀ ਕੰਮ ਵੀ ਜਾਰੀ ਰੱਖਿਆ ਤੇ ਇਸ ਤਰ੍ਹਾਂ "ਹੱਥ ਕਾਰ ਵਲ ਤੇ ਮਨ ਕਰਤਾਰ ਵੱਲ" ਦਾ ਆਦਰਸ਼ ਨਮੂਨਾ ਸਮਾਜ ਨੂੰ ਦਿੱਤਾ। ਉਨ੍ਹਾਂ ਦੇ ਹੱਥ ਵਿਚ ਰੰਬੀ ਤੇ ਆਰ ਰਹਿੰਦੀ ਤੇ ਮਨ ਵਿਚ ਪਰਤ ਤੱਤ ਗੋਬਿੰਦ ਦੇ ਸ਼੍ਰੇਸ਼ਠ ਗੁਣਾਂ ਦਾ ਪ੍ਰਕਾਸ਼ ਹੁੰਦਾ।

ਗਰੂ ਰਵਿਦਾਸ ਅਨੁਸਾਰ ਹਰ ਕੰਮ ਚੰਗਾ ਹੈ ਚਾਹੇ ਇਹ ਜੁਤੀਆਂ ਗੰਢਣਾਂ ਜਾਂ ਮਰੇ ਹੋਏ ਪਸ਼ੂ ਢੋਣਾ। ਉਹ ਕਹਿੰਦੇ ਸਨ ਕਿ ਮੈਂ ਤਾਂ ਜੁੱਤੀਆਂ ਗੰਢਦਾ ਹਾਂ ਤੇ ਨਾਲ ਪ੍ਰਭੂ ਦੀ ਬੰਦਗੀ ਕਰਦਾ ਹਾਂ। ਪਰ ਇਹ ਤਾਂ ਸਰੀਰ ਰੂਪੀ ਜੁੱਤੀ ਨੂੰ ਗੰਢਣ-ਤਰੁਪਣ ਵਿਚ ਹੀ ਆਪਣਾ ਜੀਵਨ ਗੁਆ ਰਹੀ ਹੈ:

ਚਮਰਟਾ ਗਾਂਠਿ ਨ ਜਨਈ ॥
ਲੋਗੁ ਗਠਾਵੈ ਪਨਹੀ ॥[18]

ਰਵਿਦਾਸ ਜੀ ਦੇ ਫਲਸਫੇ ਨੇ ਇਹ ਦਰਸਾਇਆ ਕਿ ਕਿਰਤ ਹੀ ਰੱਬੀ-ਮਾਰਗ ਹੈ, ਕਿਰਤ ਹੀ ਉਪਾਸਨਾ ਹੈ। ਕ੍ਰਾਂਤੀਕਾਰੀ ਕਵੀ ਸ਼ੈਲੇ ਦਾ ਕਥਨ ਹੈ ਕਿ " ਮਨੁੱਖ ਦੀ ਕਿਰਤ ਹੀ ਸੱਚਾ ਧੰਨ ਹੈ" ਸੁਕ੍ਰਿਤ ਪ੍ਰਤੀ ਇਹ ਵਿਚਾਰ ਗੁਰੂ ਰਵਿਦਾਸ ਬਾਣੀ ਦਾ ਕੇਂਦਰੀ ਧੁਰਾ ਹਨ। ਉਨ੍ਹਾਂ ਨੇ ਆਪਣੇ ਵਿਚਾਰਾਂ ਨੂੰ ਅਮਲੀ ਜਾਮਾ ਪਹਿਨਾਇਆ। ਡਾ. ਧਰਮ ਪਾਲ ਸੈਨੀ ਨੇ ਵੀ ਗੁਰੂ ਜੀ ਸੰਬੰਧੀ ਅਜਿਹੇ ਵਿਚਾਰ ਦਿੱਤੇ ਹਨ ਉਹ ਲਿਖਦੇ ਹਨ " ਗੁਰੂ ਰਵਿਦਾਸ ਨੇ ਆਚਰਣ ਅਤੇ ਕਰਮ ਪ੍ਰਤੀ ਘੋਸ਼ਣਾ ਹੀ ਨਹੀਂ ਕੀਤੀ, ਸਗੋਂ ਇਸ ਮਾਧਿਅਮਦੁਆਰਾ ਆਪਣੇ ਜੀਵਨ ਨੂੰ ਮਹਿਮਾ ਮੰਡਿਤ ਕਰਕੇ ਮੱਧਯੁਗੀਨ ਸਮਾਜਿਕ ਚੇਤਨਾ ਨੂੰ ਐਸੀ ਨਵੀਨ ਦਿਸ਼ਾ ਦਿਤੀ, ਜਿਸ ਨਾਲ ਨਾ ਕੇਵਲ

ਉਹ ਯੁਗ ਹੀ ਆਲੋਕਿਤ ਹੋਇਆ ਬਲਕਿ ਪਰਵਰਤੀ ਸਮਾਜ ਅੱਜ ਵੀ ਪ੍ਰਭਾਵਿਤ ਹੁੰਦਾ ਚਲਿਆ ਆ ਰਿਹਾ ਹੈ"।[19] ਮਨੁੱਖ ਦੇ ਨੈਤਿਕ, ਸਦਾਚਾਰਿਕ, ਅਧਿਆਤਮਕ ਅਤੇ ਸਮਾਜਿਕ ਵਿਕਾਸ ਲਈ ਉਚਿਤ ਸਮਾਜ ਦੀ ਹੋਂਦ ਜ਼ਰੂਰੀ ਹੈ। ਗੁਰੂ ਜੀ ਨੇ ਅਜਿਹੇ ਹੀ ਸਮਾਜ ਦੀ ਕਲਪਨਾ ਕੀਤੀ ਹੈ।

(3) ਆਦਰਸ਼-ਸਮਾਜ: ਜਿਸ ਰੱਬੀ ਨੂਰ ਵਾਲੇ ਖੁਸ਼ਹਾਲ ਸਮਾਜ ਦਾ ਚਿਤਰ ਗੁਰੂ ਰਵਿਦਾਸ ਨੇ ਖਿਚਿਆ ਹੈ ਉਹ ਅਦੁੱਤੀ ਅਤੇ ਬੇਮਿਸਾਲ ਹੈ। ਉਸ ਸ਼ਹਿਰ ਦਾ ਨਾ ਬੇਗਮ ਪੁਰਾ ਹੈ ਉਥੇ ਦੁਖ ਤੇ ਚਿੰਤਾ ਲਈ ਕੋਈ ਥਾਂ ਨਹੀਂ। ਜੋ ਸਮੇਂ ਤੇ ਸਥਾਨ ਦੀਆਂ ਹੱਦਾਂ ਤੋਂ ਪਰ੍ਹੇ ਹੈ ਜਿਥੇ ਊਚ-ਨੀਚ ਅਮੀਰ-ਗਰੀਬ, ਰੰਗ ਰੂਪ ਅਤੇ ਨਸਲ ਦਾ ਵਿਤਕਰਾ ਨਹੀਂ। ਉਹ ਗੁਰੂ ਸਾਹਿਬਾਨ ਤੋਂ ਪਹਿਲਾਂ ਸਦੀਵੀ ਕਾਇਮ -ਦਾਇਮ ਤੇ ਸੱਚੀ ਪਾਤਸ਼ਾਹੀ ਸਥਾਪਤ ਕਰਨਾ ਚਾਹੁੰਦੇ ਸਨ ਜਿਸ ਨੂੰ ਕਦੇ ਜ਼ਵਾਲ ਨਹੀਂ, ਜਿਥੇ ਸਮਾਨਤਾ ਦਾ ਨੂਰ ਵੰਡਿਆ ਜਾਂਦਾ ਹੋਵੇ ਜਿਥੇ ਪਹਿਲੇ ਦੂਜੇ ਤੀਜੇ ਅਤੇ ਚੌਥੇ ਦਰਜੇ ਦੇ ਮਨੁੱਖਾਂ ਦਾ ਵਰਗੀਕਰਨ ਨਾ ਹੋਵੇ। ਜਿਥੇ ਹਾਕਮ ਮਹਿਕੂਮ ਦੀ ਤਮੀਜ਼ ਨਹੀਂ ਹੋਵੇਗੀ, ਕੋਈ ਬਾਦਸ਼ਾਹ ਨਹੀਂ ਹੋਵੇਗਾ, ਜਿਸ ਦੇ ਹੱਦ -ਬੰਨੇ ਨਹੀਂ ਹੋਣਗੇ। ਇਸ ਵਤਨ ਦਾ ਹਰ ਸ਼ਹਿਰੀ ਭਾਈ ਅਖਵਾਏ ਹਰ ਇਕ ਹਮ-ਸਹਰੀ ਹੋਵੇਗਾ ਜਾਂ ਸਾਧਾਰਨ ਮਨੁੱਖ ਵਿਸ਼ਵ-ਸ਼ਹਿਰੀ ਹੋਵੇਗਾ। ਉਹ ਹਮੇਸ਼ਾਂ ਸੁਖ ਤੇ ਆਨੰਦ ਵਿਚ ਵਿਚਰੇਗਾ ਅਜਿਹਾ ਸਮਾਜ ਜਾਂ ਰਾਜ ਸਰਬ ਸਾਂਝਾ ਹੋਵੇਗਾ -ਸਰਵ ਮਨੁੱਖਤਾ ਦਾ ਹੋਵੇਗਾ ਤੇ ਸਹੀ ਅਰਥਾਂ ਵਿਚ ਲੋਕ-ਰਾਜ ਹੋਵੇਗਾ। ਅਜਿਹਾ ਵਿਸ਼ਵ ਦੇਸ਼ ਸਦਾ ਆਬਾਦ ਖੁਸ਼ਹਾਲ ਰਹੇਗਾ ਜਿਥੇ ਕਦੇ ਕਾਲ ਨਹੀਂ ਪੈਣਾ। ਕੋਈ ਸ਼ੈ ਦੀ ਥੁੜ ਨਹੀਂ ਆਉਣੀ ਉਥੇ ਇਕੋ ਜਿਹੇ ਰੱਜੇ ਪੁਜੇ ਧਨੀ ਵਸਦੇ ਹਨ , ਉਥੇ ਫਿਰਨ ਤੁਰਨ ਤੇ ਰੋਕ ਨਹੀਂ। ਅਜਿਹੇ ਸ਼ਹਿਰੀ ਦਾ ਵਤਨੀ ਹੀ ਸਾਡਾ ਮਿੱਤਰ ਹੈ:-

ਬੇਗਮਪੁਰਾ ਸਹਰ ਕੋ ਨਾਉ, ਦੂਖੁ ਅੰਦੋਹੁ ਨਹੀਂ ਤਿਹਿ ਠਾਉ ॥
ਨਾ ਤਸਵੀਸ ਖਿਰਾਜੁ ਨ ਮਾਲੁ, ਖਉਫ ਨ ਖਤਾ ਨ ਤਰਸੁ ਜਵਾਲੁ ॥
ਅਬ ਮੋਹਿ ਖੂਬ ਵਤਨ ਗਹ ਪਾਈ, ਊਹਾਂ ਖਰਿ ਸਦਾ ਮੇਰੇ ਭਾਈ ॥
ਕਾਇਮੁ ਦਾਇਮੁ ਸਦਾ ਪਾਤਿਸਾਹੀ, ਦੋਮ ਨ ਸੇਮ, ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ, ਊਹਾਂ ਗਨੀ ਬਸਹਿ ਮਾਮੂਰ ॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ, ਮਹਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸ ਖਲਾਸ ਚਮਾਰਾ, ਜੋ ਹਮ ਸਹਰੀ ਸੋ ਮੀਤੁ ਹਮਾਰਾ ॥[20]

( ਰਾਗ ਗਾਉੜੀ)

ਡਾ. ਜੀਤ ਸਿੰਘ ਲਿਖਦੇ ਹਨ ਕਿ " ਜਦ ਅਸੀਂ ਭਗਤ ਰਵਿਦਾਸ ਦੇ ਉਪਰਲੇ ਸ਼ਬਦ ਨੂੰ ਵੇਖਦੇ ਹਾਂ ਤਾਂ ਵੱਡੇ ਵੱਡੇ ਸਮਾਜ-ਵਿਗਿਆਨੀ ਬੁਧੀਜੀਵੀ ਤੇ ਰਾਜਸੀ-ਸ਼ਾਸਤਰੀ ਚਕ੍ਰਿਤ ਰਹਿ ਜਾਂਦੇ ਹਨ। ਮਾਰਕਸ, ਲੈਨਿਨ ਆਦਿ ਵੀ ਸ਼ਾਇਦ ਅਜਿਹੇ ਸਮ-ਦੇਸ, ਸਮ-ਰਾਜ, ਸਮ-ਸ਼ਹਿਰੀ ਸਮ-ਅਧਿਕਾਰੀ ਤੇ ਮਾਨਵ-ਵਤਨਗਾਹ ਦਾ ਸੰਕਲਪ ਨਾ ਕਰ ਸਕਦੇ। ... ਗੁਰੂ ਰਵਿਦਾਸ ਦੇ ਉਪਰੋਕਤ ਸ਼ਬਦ ਨੂੰ ਕਿਸ ਦੇਸ਼, ਕੌਮ ਜਾਂ ਧਰਮ ਨੇ ਆਪਣਾ ਉਦੇਸ਼ ਬਣਾਇਆ? ਕਿਡੀ ਮਹਾਨ ਆਤਮਾ ਸੀ, ਗੁਰੂ ਰਵਿਦਾਸ ਜੀ। ਕਿਡੀ ਦੀਰਘ ਤੇ ਗੰਭੀਰ ਸੀ ਉਨ੍ਹਾਂ ਦੀ ਦਿਬ-ਦ੍ਰਿਸ਼ਟੀ? ਕਿੰਨੀ ਦੂਰ ਦੀ ਸੋਚੀ ਸੀ, ਉਨ੍ਹਾਂ ਦੀ। ਕਿਵੇਂ ਲਭਿਆ ਸੀ ਸਰਬ-ਸੰਸਾਰੀ-ਲੁਕਾਈ ਦੇ ਸਮੂਹ ਦੁੱਖਾਂ ਦਰਦਾਂ ਅੰਦੋਹਾਂ, ਤਸ਼ਵੀਸ਼ਾਂ ਦਾ ਵਾਹਿਦ ਇਲਾਜ? ਕਿਵੇਂ ਚਾਹਿਆ ਸੀ ਸਰਬ-ਪ੍ਰਤਿਨਿਧਿਤ ਰੱਬੀ ਰਾਜ ਦੀ ਖੂਬ-ਵਤਨਗਾਹ ਨੂੰ ਹੋਂਦ ਵਿਚ ਲਿਆਉਣਾ ਤੇ ਸਥਾਪਤ ਕਰਨਾਂ?"[21]

ਉਹ ਲਿਖਦੇ ਹਨ:

ਅਬ ਮੋਹਿ ਖੂਬ ਵਤਨਗਾਹ ਪਾਈ ॥
ਊਹਾਂ ਖੈਰਿ ਸਦਾ ਮੇਰੇ ਭਾਈ ॥[22]

ਇਥੇ ਵਿਦਿਆਨਾਥ ਗੁਪਤ ਦੇ ਵਿਚਾਰ ਉਲੇਖਯੋਗ ਹਨ। ਉਹ ਲਿਖਦੇ ਹਨ, " ਰੂੜੀਗ੍ਰਸਤ ਭਾਰਤੀ ਜਨਤਾ ਨੂੰ, ਧਰਮ ਦੇ ਠੇਕੇਦਾਰਾਂ ਦੇ ਪ੍ਰਭਾਵ ਥਲੇ ਦਬੇ ਹੋਏ ਸਮਾਜ ਨੂੰ, ਸਮੰਤਾਂ ਦੇ ਕਠੋਰ ਹੱਥਾਂ ਨਾਲ ਪੀੜਤ ਹੋਈ ਦੇਸ਼ ਦੀ ਵਧੇਰੇ ਜਨ ਸੰਖਿਆ ਨੂੰ ਵਿਦਰੋਹੀ ਵਿਚਾਰਾਂ ਨਾਲ ਉਤੇਜਿਤ ਕਰਕੇ, ਗੁਰੁ ਰਵਿਦਾਸ ਨੇ ਪੁਰਾਤਨ ਰੀਤੀ ਰਿਵਾਜ ਤੋੜ ਕੇ ਸਭ ਨੂੰ ਸਮਤਾ-ਭਾਵ ਦੀ ਨਰਮ ਭੂਮੀ ਤੇ ਖੜਾ ਕੀਤਾ। ਅਸੀਂ ਇਨ੍ਹਾਂ ਦੀ ਬਾਣੀ ਵਿਚ ਸਭ ਸੰਸਕ੍ਰਿਤੀਆਂ ਦੇ ਏਕੀਕਰਣ ਦਾ ਮਨੋਰਮ ਭਾਵ ਪਾਉਂਦੇ ਹਾਂ, ਜਿਸ ਦੀ ਰਾਸ਼ਟਰ ਨੂੰ ਹਮੇਸ਼ਾਂ ਲੋੜ ਬਣੀ ਰਹੇਗਾ।"[23]

ਗੁਰੂ ਰਵਿਦਾਸ ਵਿਤਕਰੇ ਖਤਮ ਕਰਦਿਆਂ, ਮਨੁੱਖ ਨੂੰ ਸੰਕੀਰਨ ਭਾਵਨਾ ਤੋਂ ਉਪਰ ਚੁਕਦਿਆਂ ਕਹਿੰਦੇ ਹਨ " ਪ੍ਰਾਨੀ ਕਿਆ ਤੇਰਾ ਕਿਆ ਮੇਰਾ"। ਮਨੁੱਖੀ ਅਤੇ ਰੱਬੀ ਏਕਤਾ ਦੇ ਮੋਤੀ ਬਖੇਰਦਿਆਂ ਗੁਰ ਰਵਿਦਾਸ ਨੇ ਕਿਹਾ :

ਬ੍ਰਾਹਮਨ ਬੈਸ ਸੂਦ ਅਰੁ ਖਤ੍ਰੀ ॥
ਡੋਮ ਚੰਡਾਰ ਮਲੇਛ ਮਨ ਸੋਇ ॥[24]

ਇਸੇ ਤਰ੍ਹਾਂ ਗੁਰੂ ਰਵਿਦਾਸ ਨੇ ਉਸ ਸਮੇਂ ਭਾਰਤ ਵਿਚ ਪ੍ਰਚਲਿਤ , ਮੁਸਲਮਾਨ, ਬ੍ਰਾਹਮਣ, ਵੈਸ਼, ਸੂਦਰ ਖਤ੍ਰੀ ਨੂੰ ਏਕਤਾ ਸਮਤਾ ਦਾ ਸੰਦੇਸ਼ ਦਿੱਤਾ ।

ਇਹ ਦੁਨੀਆਂ ਰੱਬੀ ਸੱਚ-ਖੰਡ ਦਾ, ਰੂਪ ਧਾਰਣ ਕਰ ਸਕਦੀ ਹੈ ਜੇਕਰ ਗੁਰੂ ਰਵਿਦਾਸ ਵਾਂਗ ਹਰ ਮਨੁੱਖ ਉਸ ਪਰਮਤੱਤ ਦੇ ਗੁਣਾਂ ਨੂੰ ਆਪਣੇ ਜੀਵਨ ਦਾ ਅੰਗ ਬਣਾ ਲਵੇ ,

ਉਨ੍ਹਾਂ ਦੇ ਕਹੇ ਵਾਕ, " ਰਿਦੈ ਰਾਮ ਗੋਬਿੰਦ ਗੁਨ ਸਾਰੰ" ਤੇ ਦ੍ਰਿੜਤਾ ਨਾਲ ਅਮਲ ਕਰੇ।

(4) ਏਕਤਾ:- ਗੁਰੂ ਰਵਿਦਾਸ ਦੇ ਸਮੇਂ ਭਾਰਤ ਵਿਚ ਮੁਸਲਮਾਨੀ ਰਾਜ ਸਥਾਪਤ ਹੋਣਾ ਸ਼ੁਰੂ ਹੋ ਗਿਆ ਸੀ। ਹਿੰਦੂਆਂ ਤੇ ਮੁਸਲਮਾਨਾਂ ਦੇ ਤੰਗ ਧਾਰਮਿਕ ਖਿਆਲਾਂ ਕਾਰਨ ਆਪਸੀ ਵਿਰੋਧ ਵਧ ਰਿਹਾ ਸੀ। ਗੁਰੂ ਰਵਿਦਾਸ ਜੀ ਨੇ ਹਿੰਦੂਆਂ ਤੇ ਮੁਸਲਮਾਨਾਂ ਵਿਚ ਏਕਤਾ ਦੀ ਘਾਟ ਮਹਿਸੂਸ ਕੀਤੀ। ਉਨ੍ਹਾਂ ਨੇ ਦੋਵਾਂ ਧਰਮਾਂ ਦੇ ਇਸ਼ਟਾਂ, ਰਾਮ ਅਤੇ ਰਹੀਮ ਨੂੰ ਇਕ ਬ੍ਰਹਮ ਰੂਪ ਵਿਚ ਪ੍ਰਤੀਸ਼ਠਿਤ ਕਰਕੇ ਏਕਤਾ ਦੀ ਭਾਵਨਾ ਦਾ ਸੰਚਾਰ ਕੀਤਾ। ਗੁਰੂ ਰਵਿਦਾਸ ਸਮ-ਦ੍ਰਿਸ਼ਟੀ ਦੇ ਮਾਲਕ ਸਨ। ਉਨ੍ਹਾਂ ਨੇ ਜਨ-ਸਾਧਾਰਣ ਨੂੰ ਭਗਤੀ ਮਾਰਗ ਅਪਨਾਉਣ ਦਾ ਸੰਦੇਸ਼ ਦਿੱਤਾ, ਕਿਉਂਕਿ ਭਗਤੀ ਦੇ ਨੂਰ ਨਾਲ ਹੀ ਸਭ ਬਰਾਬਰ ਨਜ਼ਰ ਆਉਂਦੇ ਹਨ:

ਕ੍ਰਿਸ਼ਨ ਕਰੀਮ ਰਾਮ ਹਰਿ ਰਾਘਵ, ਜਬ ਲਗਿ ਏਕ ਨਾ ਪੇਖਾ ॥
ਵੇਦ-ਕਤੇਬ ਕੁਰਾਨ-ਪੁਰਾਨਨ, ਸਹਜ ਏਕ ਨਹੀਂ ਦੇਖਾ ॥
ਜੋਈ ਜੋਈ ਪੂਜਿਏ ਸੋਈ ਸੋਈ ਕਾਂਚੀ, ਸਹਿਜ ਭਾਵ ਸਤਿ ਹੋਇ ॥
ਕਹਿ ਰੈਦਾਸ ਮੈਂ ਤਾਹਿ ਕੋ ਪੂਜੂ ਜਾ ਕੇ ਠਾਂਵ ਨਾਂਵ ਨਹਿ ਕੋਈ ॥[25]

ਡਾ. ਧਰਮਪਾਲ ਸਿੰਗਲ ਦੇ ਵਿਚਾਰ ਇਸ ਸੰਦਰਭ ਵਿਚ ਉਲੇਖਣੋਯ ਹਨ। ਉਹ ਲਿਖਦੇ ਹਨ ਕਿ "ਅਸੀਂ ਤਾਂ ਕ੍ਰਿਸ਼ਨ ਤੇ ਕਰੀਮ ਨੂੰ, ਰਾਮ, ਹਰਿ ਤੇ ਰਾਘਵ ਨੂੰ ਵੀ ਇਕ ਕਰਕੇ ਵੇਖਣਾ ਨਹੀਂ ਸਿੱਖ ਸਕੇ, ਉਨ੍ਹਾਂ ਦੀਆਂ ਵੰਡੀਆਂ ਪਾਈ ਬੈਠੇ ਹਾਂ। ਇਸੇ ਤਰ੍ਹਾਂ ਵੇਦ, ਕੁਰਾਨ, ਪੁਰਾਨ ਤੇ ਹੋਰ ਧਰਮਗ੍ਰੰਥਾਂ ਵਿਚੋਂ ਸਾਨੂੰ ਇਕ ਦੇ ਦਰਸ਼ਨ ਨਹੀਂ ਹੁੰਦੇ ਸਗੋਂ ਆਪਣੀ ਆਪਣੀ ਡਫਲੀ ਤੇ ਆਪਣਾ ਆਪਣਾ ਰਾਗ ਸੁਣਾਈ ਦਿੰਦਾ ਹੈ ... ਰਵਿਦਾਸ ਜੀ ਕਹਿੰਦੇ ਹਨ ਕਿ ਮੈਂ ਪੂਜਾ-ਅਰਚਨਾ ਤੇ ਖੁ-ਭਗਤੀ -ਕਰਮ ਦੇ ਖੇਤਰ ਵਿਚ ਇਹੋ ਜਿਹੇ ਭੇਦਾਂ ਨੂੰ ਨਹੀਂ ਮੰਨਦਾ। ਮੈਂ ਤਾਂ ਇਕੋ ਦੀ ਭਗਤੀ ਕਰਦਾ ਹਾਂ ਜੋ ਸਭ ਥਾਂ ਸਭ ਸਮਿਆਂ ਵਿਚ ਇਕੋ ਤਰ੍ਹਾਂ ਸਮਾਇਆ ਹੋਇਆ ਹੈ ਤੇ ਇਕ ਹੋ ਕੇ ਵਿਚਰਨ ਦੀ ਪ੍ਰੇਰਨਾ ਦਿੰਦਾ ਹੈ । ਇਸ ਤੋਂ ਰਵਿਦਾਸ ਜੀ ਦੀ ਸਮਾਜਿਕ ਤੇ ਸਮਕਾਲੀ ਧਾਰਮਿਕ ਵਖਰੇਵੇਂ ਭਰੇ ਜੀਵਨ ਵਿਚੋਂ ਪੈਦਾ ਹੋਈ ਅਧਿਆਤਮਿਕ ਸੋਚ ਦਾ ਪਤਾ ਚਲਦਾ ਹੈ।"[26]

ਸੱਚ ਗੁਰੂ ਰਵਿਦਾਸ ਏਕਤਾ ਦੇ ਪ੍ਰਚਾਰਕ ਤੇ ਉਪਦੇਸ਼ਟਾ ਸਨ। ਉਨ੍ਹਾਂ ਨੇ ਸਮਾਨਤਾ ਅਤੇ ਏਕਤਾ ਦਾ ਸੰਦੇਸ਼ ਜਨ-ਸਾਧਾਰਣ ਨੂੰ ਦਿੱਤਾ। ਇਹੀ ਕਾਰਣ ਹੈ ਕਿ ਗੁਰੂ ਜੀ ਦੇ ਅਨੁਯਾਈ ਇਕ ਵਿਸ਼ੇਸ਼ ਧਰਮ ਨੂੰ ਨਹੀਂ ਮੰਨਦੇ ਉਨ੍ਹਾਂ ਨੂੰ ਬੁੱਧ ਧਰਮ, ਹਿੰਦੂ ਧਰਮ, ਸਿੱਖ-ਧਰਮ ਸਭ ਵਿਚ ਹੀ ਉਸ ਪਰਮ ਤੱਤ ਦਿਸਦਾ ਹੈ। ਗੁਰੂ ਰਵਿਦਾਸ ਜੀ ਨੇ ਤਤਕਾਲੀਨ ਪਰਿਸਥਿਤੀਆਂ ਅਨੁਸਾਰ ਭ੍ਰਾਤਰੀਭਾਵ ਦਾ ਸੰਦੇਸ਼ ਦਿੱਤਾ ਇਹ ਅਜਿਹਾ ਸੰਦੇਸ਼ ਹੈ ਜਿਸ ਦੀ ਭਾਰਤ ਨੂੰ ਆਉਣ ਵਾਲੇ ਸਮੇਂ ਵਿਚ ਵੀ ਜ਼ਰੂਰਤ ਰਹੇਗੀ। ਉਨ੍ਹਾਂ ਦੀ ਬਾਣੀ ਵਿਚ ਕੋਈ ਅਜਿਹਾ ਸ਼ਬਦ ਨਹੀਂ ਮਿਲਦਾ

ਜਿਸ ਨਾਲ ਭੇਦ-ਭਾਵ ਉਤਪੰਨ ਹੋਵੇ ਉਨ੍ਹਾਂ ਨੇ ਕਿਹਾ ਕਿ ਭਗਤੀ ਤੋਂ ਬਿਨਾਂ ਸਭ ਨੀਚ ਹਨ ਅਤੇ ਪ੍ਰਭੂ ਸਿਮਰਨ ਨਾਲ ਹੀ ਕੋਈ ਵੱਡਾ ਕਿਹਾ ਜਾ ਸਕਦਾ ਹੈ। ਉਨ੍ਹਾਂ ਸਮਾਜ ਦੇ ਚਾਰੇ ਵਰਗਾਂ ਬ੍ਰਾਹਮਣ ਵੈਸ਼ ਸੂਦਰ ਅਤੇ ਖਤਰੀਆਂ ਨੂੰ ਏਕਤਾ, ਸਮਾਨਤਾ ਅਤੇ ਭਾਈਚਾਰੇ ਦੀ ਭਾਵਨਾ ਰਖਣ ਦਾ ਸੰਦੇਸ਼ ਦਿੱਤਾ।

(5) ਵਿਦਿਆ :- ਵਿਦਿਆ ਦੇ ਚਾਨਣ ਨਾਲ ਮਨੁੱਖ ਦਾ ਅੰਦਰ ਤੇ ਬਾਹਰ ਰੌਸ਼ਨ ਹੁੰਦਾ ਹੈ। ਇਸ ਦੇ ਨੂਰ ਨਾਲ ਚੌਗਿਰਦਾ ਚਮਕਣ ਲਗਦਾ ਹੈ। ਇਸ ਸੂਰਜ ਨਾਲ ਮਨੁੱਖ ਨੂੰ ਅਤੇ ਸਮਾਜ ਨੂੰ ਆਪਣਾ ਮਾਰਗ ਲਭ ਜਾਂਦਾ ਹੈ ਨਹੀਂ ਤਾਂ ਮਨੁੱਖ ਅਗਿਆਨਤਾ ਦੇ ਹਨੇਰਿਆਂ ਵਿਚ ਕੁਰਸਤੇ ਪੈ ਜਾਂਦਾ ਹੈ। ਵਿਦਿਆ ਦੇ ਅੰਮ੍ਰਿਤ ਬਿਨਾਂ ਸਿਆਣਪ ਦੇ ਬੂਟੇ ਨੂੰ ਲਗੇ ਫਲ ਮੁਰਝਾ ਕੇ ਉਦਾਸ ਹੋ ਜਾਂਦੇ ਹਨ। ਮਹਾਨ ਫਿਲਾਸਫਰ ਸੁਕਰਾਤ ਨੇ ਕਿਹਾ ਸੀ ਕਿ " ਗਿਆਨ ਹੀ ਨੇਕੀ ਦਾ ਚਸ਼ਮਾ ਹੈ।" ਗਿਆਨ ਦੇ ਪ੍ਰਕਾਸ਼ ਨਾਲ ਮਨੁੱਖ ਆਪਣਾ ਤੇ ਹੋਰ ਸਮਾਜਿਕ ਪ੍ਰਾਣੀਆਂ ਦਾ ਸਹੀ ਸਰੂਪ ਦ੍ਰਿਸ਼ਟਮਾਨ ਹੁੰਦਾ ਹੈ। ਉਸ ਨੂੰ ਆਪਣੇ ਤੋਂ ਘਟ ਤੇ ਨੀਵੇਂ ਦਰਜੇ ਦਾ ਕੋਈ ਨਜ਼ਰ ਨਹੀਂ ਆਉਂਦਾ ਜਦੋਂ ਮਨੁੱਖ ਇਹ ਅਵਸਥਾ ਗ੍ਰਹਿਣ ਕਰ ਲੈਂਦਾ ਹੈ ਤਾਂ ਉਹ ਦੂਜੇ ਦੇ ਮਨੋਰਥਾਂ ਤੇ ਭਲਾਈ ਹਿਤ ਕੰਮ ਕਰਦਾ ਹੈ:

ਵਿਦਿਆ ਵੀਚਾਰੀ ਤੇ ਪਰਉਪਕਾਰੀ [27]

ਵਿਦਿਆ ਦੇ ਪ੍ਰਕਾਸ਼ ਬਿਨਾਂ ਮਨ ਦਾ ਦੀਪ ਧੁੰਦਲਾ ਪੈ ਜਾਂਦਾ ਹੈ। ਸੁਆਰਥੀ ਲੋਕ ਮਾਸੂਮਾਂ ਨੂੰ ਨਚਾਉਣਾ ਆਰੰਭ ਦਿੰਦੇ ਹਨ। ਗੁਰੂ ਜੀ ਫੁਰਮਾਉਂਦੇ ਹਨ:

ਮਾਧੋ ਅਬਿਦਿਆ ਹਿਤ ਕੀਨ
ਬਿਬੇਕ ਦੀਪ ਮਲੀਨ ॥[28]

" ਭਰੀਐ ਹਥ ਪੈਰ ਤਨ ਦੇਹਿ, ਪਾਣੀ ਧੋਤੈ ਉਤਰਸਿ ਖੇਹਿ, ਮੂਤ ਪਲੀਤੀ ਕਪੜ ਹੋਇ ਉਹ ਲਈਏ ਸਾਬਣ ਧੋਇ, ਭਰੀਐ ਮਤ ਪਾਪਾਂ ਦੇ ਸੰਗ, ਉਹ ਧੋਵੈ ਨਾਵੈ ਕੇ ਰੰਗ ਅਨੁਸਾਰ ਮਨ ਦੀ ਹਰ ਤਰ੍ਹਾਂ ਦੀ ਮੈਲ ਪ੍ਰਭੂ ਦੀ ਨਾਮ ਭਗਤੀ ਨਾਲ ਧੋਤੀ ਜਾਂਦੀ ਹੈ ਜਾਂ ਵਿਵੇਕ ਤੋਂ ਬਿਨਾਂ ਧੁੰਦਲੇ ਪੈ ਰਹੇ ਚਿਰਾਗ ਨੂੰ ਨਾਮ ਰੂਪੀ ਤੇਲ ਨਾਲ ਰੌਸ਼ਨ ਕੀਤਾ ਜਾ ਸਕਦਾ ਹੈ:

ਮਨੁ ਮਲੀਨ ਵਿਸ਼ਿਆਂ ਰਸ ਲੰਪਟ
ਤੋ ਹਰਿ ਨਾਂਵ ਸੰਭਾਲੇ ॥[29]

(6) ਨਸ਼ਿਆਂ ਦਾ ਵਿਵਰਜਨ:- ਗੁਰੂ ਰਵਿਦਾਸ ਜੀ ਸਿਹਤਮੰਦ ਸਮਾਜ ਦੀ ਸਿਰਜਣਾ ਕਰਨਾ

ਚਾਹੁੰਦੇ ਸਨ। ਉਹ ਸਮਾਜ ਦੀ ਨਸ਼ਿਆਂ ਪ੍ਰਤੀ ਖਿੱਚ ਤੋਂ ਪੂਰਨ ਵਾਕਫ ਸਨ ਇਸ ਲਈ ਉਨ੍ਹਾਂ ਨੇ ਪੂਰਨ ਸਮਾਜਿਕ ਖੁਸ਼ਹਾਲੀ ਲਈ ਇਸ ਵਿਸ਼ੇ ਤੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਨਸ਼ੇ( ਸ਼ਰਾਬ ਸੁਰਾ, ਬਾਰੁਨੀ ਆਦਿ) ਮਨੁੱਖੀ ਜ਼ਿੰਦਗੀ ਨੂੰ ਜਾਉਂਦੇ ਜੀਅ ਘੁਣ ਵਾਂਗ ਲਗ ਕੇ ਹੌਲੀ ਹੌਲੀ ਅੰਦਰੋ ਖੋਖਲਾ ਕਰ ਦਿੰਦੇ ਹਨ।

ਗੁਰੂ ਰਵਿਦਾਸ ਜੀ ਲਿਖਦੇ ਹਨ ਕਿ ਸ਼ਰਾਬ ਅਪਵਿੱਤਰ ਹੈ ਜੇਕਰ ਇਸ ਨੂੰ ਅੰਮ੍ਰਿਤ ਵਿਚ ਜਾਂ ਗੰਗਾ ਜਲ ਵਿਚ ਮਿਲਾ ਕੇ ਸਾਨੂੰ ਦਿੱਤਾ ਜਾਵੇ ਤਾਂ ਵੀ ਸੰਤ-ਜਨ ਇਸ ਨੂੰ ਨਹੀਂ ਪੀਂਦੇ। ਕਿਉਂਕਿ ਇਹ ਸ਼ਰਾਬ ਗੰਗਾਜਲ ਵਿਚ ਮਿਲਕੇ ਹੋਰ ਨਹੀਂ ਬਣ ਜਾਂਦੀ ਤੇ ਸ਼ਰਾਬ ਹੀ ਰਹਿੰਦੀ ਹੈ। ਇਸ ਤੋਂ ਸਪਸ਼ਟ ਹੈ ਕਿ ਗੁਰੂ ਜੀ ਨੇ ਸ਼ਰਾਬ ਅਤੇ ਹੋਰ ਨਸ਼ਿਆਂ ਨੂੰ ਬਹੁਤ ਬੁਰਾ ਕਿਹਾ ਹੈ:-

ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ, ਸੰਤ ਜਨ ਕਰਤ ਨਹੀਂ ਪਾਨੰ ॥
ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰ ਸਰਿ ਮਿਲਤ ਨੀਹ ਹੋਇ ਆਨੰ ॥[30]

ਗੁਰੂ ਜੀ ਦੇ ਇਸ ਸ਼ਬਦ ਤੋਂ ਮਧਕਾਲੀਨ ਯੁੱਗ ਦੇ ਲੋਕਾਂ ਪ੍ਰਤੀ ਪਤਾ ਲਗਦਾ ਹੈ ਕਿ ਉਹ ਵੀ ਅੱਜ ਵਾਂਗ ਨਸ਼ਿਆਂ ਵਿਚ ਚੂਰ ਹੁੰਦੇ ਸਨ। ਇਹ ਵਿਚਾਰ ਅੱਜ ਦੇ ਯੁਗ ਵਿਚ ਵੀ ਉਨ੍ਹਾਂ ਹੀ ਪ੍ਰਸੰਗਿਕ ਹੈ ਜਦੋਂ ਮਨੁੱਖ ਹਰ ਤਰ੍ਹਾਂ ਦੇ ਨਸ਼ਿਆਂ ਵਿਚ ਮਸਤ ਜੀਵਨ ਦੇ ਰਾਹ ਤੋਂ ਥਿੜਕਦਾ ਚਲ ਰਿਹਾ ਹੈ।

ਗੁਰੂ ਰਵਿਦਾਸ ਜੀ ਨੇ ਜਿਥੇ ਸ਼ਰਾਬ ਨੂੰ ਗੰਗਾਜਲ ਵਿਚ ਰਲਾ ਕੇ ਵੀ ਸ਼ਰਾਬ ਹੀ ਕਿਹਾ ਹੈ ਅਤੇ ਇਸ ਦੇ ਸੇਵਨ ਦਾ ਵਿਰੋਧ ਕੀਤਾ ਹੈ , ਉਥੇ ਅੱਜ ਕਲ ਦੀ ਸਰਕਾਰ ਜੀਉਂਦੀ ਹੀ ਸ਼ਰਾਬ ਦੇ ਮਹਿਕਮੇ ਦੇ ਸਿਰ ਤੇ ਹੈ। ਬੋਤਲਾਂ ਤੇ ਲਿਖਿਆ ਹੁੰਦਾ ਹੈ ਸਿਹਤ ਲਈ ਹਾਨੀਕਾਰਕ ਹੈ ( injurious to health ) ਪਰੰਤੂ ਸਰਕਾਰੀ ਤੌਰ ਤੇ ਵੇਚਿਆ ਜਾਂਦਾ ਹੈ। ਕਿੰਨਾ ਕਥਨੀ ਤੇ ਕਰਨੀ ਵਿਚ ਅੰਤਰ ਹੈ ਅੱਜ ਦੇ ਯੁਗ ਦੇ ਅਨੁਯਾਈਆਂ ਵਿਚ।

(7) <u>ਸੇਵਾ ਤੇ ਦਾਨ</u> :- ਇਨਸਾਨੀ ਸਦਾਚਾਰ ਦਾ ਬੁਨਿਆਦੀ ਤੱਤ ਸੇਵਾ ਦੇ ਭਾਵ ਹੈ। ਸੰਤਾਂ ਨੇ ਸਦਾਚਾਰ ਵਿਚ ਸੇਵਾ ਨੂੰ ਪ੍ਰਮੁੱਖਤਾ ਦਿਤੀ ਹੈ। ਸੇਵਾ ਦਾ ਅਰਥ ਹੈ ਇਨਸਾਨੀ ਭਾਈਚਾਰੇ ਲਈ ਕਰਮ ਕਰਨਾ। ਸੰਤਾਂ ਸਮਾਜ ਸੁਧਾਰਕ ਸਨ ਇਸ ਲਈ ਸੇਵਾ ਅਤੇ ਦਾਨ ਦੀ ਬਿਰਤੀ ਉਨ੍ਹਾਂ ਵਿਚ ਮੁਖ ਤੌਰ ਪਾ ਜਾਂਦੀ ਹੈ। ਉਨ੍ਹਾਂ ਦੇ ਇਹ ਕਰਮ ਨਿਸ਼ਕਾਮ ਕਰਮ ਹਨ। ਇਹ ਕਿਸੇ ਸਵਾਰਥ ਹਿੱਤ ਨਹੀਂ ਕੀਤੇ ਜਾਂਦੇ। ਸੇਵਾ ਦਾ ਅਰਥ ਹੈ ਸਭ ਜੀਵਾਂ ਵਿਚ ਪਰਮਜੋਤਿ ਨੂੰ ਵੇਖ ਕੇ ਉਨ੍ਹਾਂ ਨਾਲ ਪ੍ਰਭੂ ਵਰਗਾ ਵਰਤਣਾ। ਇਸ ਤਰ੍ਹਾਂ ਇਹੀ ਸੇਵਾ ਦੇਸ਼, ਧਰਮ, ਕੌਮ ਅਤੇ ਮਨੁੱਖਤਾ ਦੀ ਸੇਵਾ ਦਾ ਰੂਪ ਧਾਰਨ ਕਰ ਲੈਂਦੀ ਹੈ। ਇਸ ਤਰ੍ਹਾਂ ਅਸਲ ਸੇਵਾ ਉਹ ਜੋ ਸਮੁੱਚੀ ਮਾਨਵ ਜਾਤੀ

ਦੇ ਹਿੱਤਾਂ ਨੂੰ ਧਿਆਨ ਵਿਚ ਰਖ ਕੇ ਕੀਤੀ ਜਾਂਦੀ ਹੈ।

ਗੁਰੂ ਜੀ ਦੇ ਜੀਵਨ ਦਾ ਮੁਖ ਉਦੇਸ਼ ਲੋਕ ਸੇਵਾ ਸੀ। ਇਸ ਲਈ ਤਾਂ ਉਹ ਸੰਤ ਜਨਾਂ ਦੀ ਸੇਵਾ ਵਿਚ ਆਪਾ ਵਾਰਨ ਲਈ ਤਤਪਰ ਰਹਿੰਦੇ ਸਨ:

ਕਹੂੰ ਡੰਡਉਤ ਚਰਨ ਪੀਖਾਰੂੰ ॥
ਤਨ ਮਨ ਧਨ ਸੰਤਨ ਉਪਰਿ ਵਾਰੂੰ ॥[31]

ਸੇਵਾ ਵਿਚ ਦੂਜਾ ਪੱਖ ਦਾਨ ਦਾ ਹੈ ਜਿਸ ਵਿਚ ਅੰਨ-ਪਾਵਨੀ ਭਗਤੀ ਆਉਂਦੀ ਹੈ। ਵੇਦਿਕ ਯੁੱਗ ਤੋਂ ਜੱਗ ਕਰਨ ਦਾ ਮਹੱਤਵ ਦਰਸਾਇਆ ਗਿਆ ਹੈ। ਅਸਲ ਵਿਚ ਇਹ ਜ਼ਰੂਰਤਮੰਦਾਂ ਨੂੰ ਅੰਨ ਦੇਣ ਦਾ ਸਾਧਨ ਸੀ ਪਰੰਤੂ ਹੌਲੀ ਹੌਲੀ ਇਸ ਵਿਚ ਕਰਮਕਾਂਡ ਦਾ ਅੰਸ਼ ਆ ਗਿਆ ਅਤੇ ਇਸ ਵਿਚ ਸਵਾਰਥ ਭਾਵਨਾ ਪੈਦਾ ਹੋ ਗਈ। ਪਰ ਕੁਝ ਵੀ ਹੋਵੇ ਇਸ ਵਿਚ ਜ਼ਰੂਰਤ ਮੰਦਾਂ ਦੀ ਸਹਾਇਤਾ ਤਾਂ ਹੋ ਹੀ ਜਾਂਦੀ ਹੈ।

ਤੈਤਰੀਯ ਉਪਨਿਸ਼ਦ ਵਿਚ ਇਸ ਗੱਲ ਦੀ ਵਿਵਸਥਾ ਹੈ ਕਿ ਦਾਨ ਕਿਸ ਤਰ੍ਹਾਂ ਕਰਨਾ ਚਾਹੀਦਾ ਹੈ। ਇਸ ਅਨੁਸਾਰ ਦਾਨ ਸ਼ਰਧਾ ਦੇ ਨਾਲ ਦੇਣਾ ਚਾਹੀਦਾ ਹੈ, ਉਦਾਰਤਾ, ਨਿਮਰਤਾ ਭੈ ਅਤੇ ਸਹਾਨੁਭੂਤੀ ਨਾਲ ਦੇਣਾ ਚਾਹੀਦਾ ਹੈ ਅਤੇ ਇਸ ਵਿਚ ਅਸ਼ਰਧਾ ਰਤੀ ਵੀ ਨਹੀਂ ਆਉਣੀ ਚਾਹੀਦੀ।[32] ਸ੍ਰੀ ਮਦਭਗਵਤ ਗੀਤਾ ਵਿਚ ਵੀ ਦਾਨ ਦੇ ਮਹੱਤਵ ਨੂੰ ਸਪਸ਼ਟ ਕੀਤਾ ਗਿਆ ਹੈ। ਇਸ ਵਿਚ ਉਲੇਖ ਮਿਲਦਾ ਹੈ ਕਿ " ਜੋ ਆਪਣੇ ਲਈ ਹੀ ਕੇਵਲ ਪਕਾਉਂਦੇ ਹਨ, ਉਹ ਪਾਪ ਖਾਂਦੇ ਹਨ ਅਰਥਾਤ ਜੋ ਮਾਨਵ-ਪੂਜਾ, ਦਾਨ ਨਾ ਕਰਦੇ ਹੋਏ ਸਵਾਰਥ ਨਾਲ ਆਪਣੇ ਲਈ ਹੀ ਭੋਗ ਭੋਗਦੇ ਹਨ ਉਹ ਪਾਪੀ ਦੇ ਸਮਾਨ ਹਨ।"[33]

ਸ੍ਰੀ ਰਾਮਾਨੁਜਾਚਰਯ ਵੀ ਦਾਨ ਦੇ ਮਹੱਤਵ ਨੂੰ ਸਵੀਕਾਰਦੇ ਹਨ ਉਨ੍ਹਾਂ ਅਨੁਸਾਰ ਆਪਣੀਆਂ ਭੋਗਣ ਵਾਲੀਆਂ ਵਸਤੂਆਂ ਦੂਸਰਿਆਂ ਲਈ ਦੇ ਦੇਣਾ ਹੀ 'ਦਾਨ' ਹੈ।[34]

ਗੁਰੂ ਰਵਿਦਾਸ ਜੀ ਨੇ ਮਨੁੱਖਤਾ ਦੀ ਸੇਵਾ ਦੇ ਨਾਲ ਸਮਾਜਿਕ ਪਰਿਸਥਿਤੀਆਂ ਨੂੰ ਧਿਆਨ ਵਿਚ ਰਖਦੇ ਹੋਏ ਦਾਨ ਦੇ ਮਹੱਤਵ ਨੂੰ ਪ੍ਰਤਿਪਾਦਨ ਕੀਤਾ ਹੈ। ਉਨ੍ਹਾਂ ਅਨੁਸਾਰ ਸ਼ਾਸਤਰ ਧਾਰਮਿਕ ਗ੍ਰੰਥਾਂ ਨੂੰ ਪੜ੍ਹਣ ਦਾ ਕੋਈ ਫਾਇਦਾ ਨਹੀਂ ਜੇਕਰ ਅੰਨ-ਪਾਵਨੀ ਭਗਤੀ ਨਹੀਂ ਕੀਤੀ ਭਾਵ ਜੇ ਕਰ ਭੁੱਖੇ ਦੇ ਭੋਜਨ ਨਾਲ ਸੇਵਾ ਨਹੀਂ ਕੀਤੀ। ਉਹ ਲਿਖਦੇ ਹਨ ਕਿ ਜੇਕਰ ਪ੍ਰਭੂ ਨੂੰ ਅਰਪਣ ਕਰਕੇ ਭਜਨ ਨਹੀਂ ਕੀਤਾ ਤਾਂ ਸਭ ਸੇਵਾ ਵਿਅਰਥ ਹੈ। ਅਸਲ ਵਿਚ ਇਹ ਉਹੀ ਤੱਥ ਹੈ ਜੋ ਅਸੀਂ ਵਿਵਹਾਰਿਕ ਰੂਪ ਵਿਚ ਗੁਰਦੁਆਰਿਆਂ ਅਤੇ ਮੰਦਰਾਂ ਵਿਚ ਵੇਖਦੇ ਹਾਂ। ਕੜਾਹ-ਪ੍ਰਸਾਦ ਲੰਗਰ ਪ੍ਰਭੂ ਨੂੰ ਅਰਪਣ ਕਰਕੇ ਹੀ ਆਨੰਦ ਦੀ ਅਨੁਭੂਤੀ ਦਿੰਦਾ ਹੈ। ਇਸ ਵਿਚ ਗੁਰਬਾਣੀ ਦੀ ਭਾਵਨਾ ਅਤੇ ਨਾਮ ਰੂਪੀ ਅੰਮ੍ਰਿਤ ਦਾ ਸੰਚਾਰ ਹੋ ਜਾਂਦਾ ਹੈ। ਇਸ ਕਰਕੇ ਤਾਂ ਘਰ ਵਿਚ ਪਕਾਏ ਖਾਣੇ ਅਤੇ ਗੁਰੂ ਦੇ ਲੰਗਰ ਵਿਚ ਅੰਤਰ ਹੈ। ਗੁਰੂ ਜੀ ਲਿਖਦੇ ਹਨ:

ਸਾਧੋ ਕਾ ਸਾਸਤ੍ਰਨ ਸੁਨ ਕੀਨੋ ॥
ਅਨ ਪਾਵਨੀ ਭਗਤਿ ਨਹਿ ਸਾਧੀ, ਭੂਖੇ ਅੰਨ ਨ ਦੀਨੋ ॥
...... ..... .....
ਪਰ ਨਿੰਦਾ ਮੁਖ ਤੇ ਨਹਿ ਛਾਡਿ, ਨਿਫਲ ਭਈ ਸਬ ਸੇਵਾ
ਹਰਿ ਅਰਪਨ ਕਰਿ ਭੋਜਨ ਕੀਨੋ, ਕਥਾ ਕੀਰਤ ਨਹੀਂ ਜਾਨੀ ॥[35]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਰਵਿਦਾਸ ਜੀ ਦੀ ਦਾਨ ਪ੍ਰਤੀ ਵਿਚਾਰਧਾਰਾ ਜੋ ਵੈਦਿਕ ਪ੍ਰਭਾਵ ਥਲੇ ਸ਼ੁਰੂ ਹੁੰਦੀ ਹੈ ਅੱਜ ਦੇ ਸਮੇਂ ਵਿਚ ਵੀ ਕਿੰਨਾ ਜੀਵਨ ਮੁੱਲ ਰਖਦੀ ਹੈ।

(8) ਪੀੜ- ਹਰੋ:- ਗੌਤਮ ਬੁੱਧ ਨੇ ਸੰਸਾਰਿਕ ਦੁਖਾਂ ਅਤੇ ਪੀੜਾਂ ਕਾਰਣ ਘਰ-ਬਾਰ ਤਿਆਗ ਦਿੱਤਾ ਅਤੇ ਸਮਾਜ ਦੇ ਦੁਖ ਨਿਵਾਰਨ ਲਈ ਇਸ ਦਾ ਕਾਰਣ ਲਭਣ ਤੁਰ ਪਏ।

ਗੁਰੂ ਨਾਨਕ ਦੇਵ ਜੀ ਨੇ ਵੀ " ਨਾਨਕ ਦੁਖੀਆ **ਸਭ** ਸੰਸਾਰ" ਕਿਹਾ ਹੈ। ਗੁਰੂ ਰਵਿਦਾਸ ਜੀ ਨੂੰ ਵੀ ਸਾਰੀ ਦੁਨੀਆਂ ਵਿਚ ਦੁਖਿਆਰੇ ਅਤੇ ਦੁਖਿਆਰੀਆਂ ਨਜ਼ਰ ਆਏ। ਇਸ ਤਰ੍ਹਾਂ ਸਪਸ਼ਟ ਹੈ ਇਹ ਸੰਸਾਰ ਦੁੱਖਾਂ ਦਾ ਘਰ ਹੈ।

ਗੁਰੂ ਰਵਿਦਾਸ ਜੀ ਅਨੁਸਾਰ ਦੁਖਾਂ ਦਾ ਅਨੁਭਵ ਸਭ ਨੂੰ ਨਹੀਂ ਹੁੰਦਾ। ਜੋ ਮਨੁੱਖ ਵਿਅਕਤੀਗਤ ਤੌਰ ਤੇ ਦੁਖ ਸਹਿਨ ਕਰਦੇ ਹਨ ਅਤੇ ਦੂਸਰਿਆਂ ਨੂੰ ਦੁੱਖਾਂ ਦੀ ਭੱਠੀ ਵਿਚ ਤਪਦਿਆਂ ਵੇਖ ਆਪ ਵੀ ਤਪਸ਼ ਮਹਿਸੂਸ ਕਰ ਤਪ ਜਾਂਦੇ ਹਨ, ਉਹ ਹੀ ਦੁੱਖ ਦੀ ਮਾਤਰਾ ਅਤੇ ਗੰਭੀਰਤਾ ਦਾ ਸਹੀ ਅਨੁਮਾਨ ਲਗਾ ਸਕਦੇ ਹਨ। ਇਤਨਾ ਹੀ ਕਾਫ਼ੀ ਨਹੀਂ ਇਸ ਦੇ ਪ੍ਰਤੀਕਰਮ ਵਜੋਂ ਉਸਨੂੰ ਦੂਜਿਆਂ ਦਾ ਦੁਖ-ਵੰਡਾਉਣ ਅਤੇ ਘਟਾਉਣ ਲਈ ਪ੍ਰਯਤਨ ਕਰਨਾ ਹੈ , ਪ੍ਰੇਰਤ ਕਰਨਾ, ਨਿਵਿਰਤੀ-ਮਾਰਗ ਆਦਿ ਵੀ ਇਸ ਦੇ ਅੰਤਰਗਤ ਆਉਂਦਾ ਹੈ । ਗੁਰੂ ਜੀ ਲਿਖਦੇ ਹਨ ਕਿ:

ਸੋ ਕਤ ਜਾਨੈ ਪੀਰ ਪਰਾਈ, ਜਾਕੇ ਅੰਤਰ ਦਰਦੁਨਾ ਪਈ ॥[36]

ਖੇਦ ਹੈ ਕਿ ਅਸੀਂ ਅਜਿਹੀਆਂ ਤੁੱਕਾਂ ਜੋ ਵਧੇਰੇ ਵਜ਼ਨਦਾਰ ਹਨ, ਨੂੰ ਅਮਲੀ ਰੂਪ ਨਹੀਂ ਦਿੰਦੇ ਅਤੇ ਪੱਛਮੀ ਸਭਿਅਤਾ ਦੇ ਰੰਗ ਵਿਚ ਰੰਗੇ ਕੇਵਲ ਇਹ ਜਾਣਦੇ ਹਾਂ:

Only the wearer knows where the shoe pinches

ਅਸਲ ਵਿਚ ਗੁਰੂ ਰਵਿਦਾਸ ਜੀ ਨੇ ਉਸ ਸਮੇਂ ਨੀਚ ਕਹੀਆਂ ਜਾਣ ਵਾਲੀਆਂ ਜਾਤੀਆਂ ਦੇ ਲੋਕਾਂ ਦੀ ਉਚ-ਲੋਕਾਂ ਹਥੋਂ ਪਲੀਤ ਹੁੰਦੀ ਮਿੱਟੀ ਦੇਖੀ, ਸਮਾਜਿਕ ਅਤਿਆਚਾਰ ਵੇਖੇ ਆਪਣੇ ਦਰਿੱਦਰੀ ਤੇ ਲੋਕਾਂ ਨੂੰ ਹਸੰਦਿਆਂ ਵੇਖਿਆ, ਸੂਦਰ ਸੂਦਰ ਕਹਿ ਕੇ ਪੁਕਾਰਦੇ ਅਛੋਹਤੀ ਲੋਕਾਂ ਦੇ ਬੋਲ ਸੁਣੇ ਅਤੇ ਉਪਰੋਕਤ ਸ਼ਬਦ ਕਹਿਣ ਲਈ ਬੇਵਸ ਹੋ ਗਏ ਇਸ ਤੋਂ ਉਸ ਸਮੇਂ ਦੇ ਸਮਾਜ ਦੀ ਤਸਵੀਰ ਦਿਸਦੀ ਹੈ। ਕਿਸ ਤਰ੍ਹਾਂ ਆਮ ਲੋਕਾਂ ਨਾਲ ਵਰਤਾਉ ਕੀਤਾ ਜਾਂਦਾ ਸੀ ਉਸ ਦੀ ਝਲਕ ਮਿਲਦੀ ਹੈ :

ਇਹ ਤਾਂ ਗਰੀਬ ਸਮਾਜ ਦੇ ਦੁਖ ਸਨ ਪਰੰਤੂ ਗੁਰੂ ਜੀ ਨੂੰ ਤਾਂ ਸਭ ਵਰਗਾਂ ਦੇ ਲੋਕ ਦੁਖ ਦੇ ਵਿਚ ਤਪਦੇ ਦਿਸਦੇ ਸਨ ਇਸ ਲਈ ਉਨ੍ਹਾਂ ਨੇ ਸਮੁੱਚੇ ਸਮਾਜ ਨੂੰ ਪ੍ਰਭੂ-ਭਗਤੀ ਦੇ ਮਾਰਗ ਤੇ ਚੱਲਕੇ ਦੁਖਾਂ ਦਾ ਨਿਵਾਰਨ ਕਰਨ ਲਈ ਪ੍ਰੇਰਨਾ ਦਿੱਤੀ। ਉਹ ਲਿਖਦੇ ਹਨ:

ਦੁਖਿਆਰੀ ਦੁਖਿਆਰਾ ਜਗ ਮਰੈ ॥
ਮਨ ਜਪ ਲੈ ਰਾਮ ਪਿਯਾਰਾ ਰੇ ॥ ਟੇਕ ॥[37]

(9) ਸਾਦੀ ਰਹਿਣੀ -ਬਹਿਣੀ: - ਗੁਰੂ ਜੀ ਬਹੁਤ ਹੀ ਸਿੱਧਾ-ਸਾਦਾ ਜੀਵਨ ਬਤੀਤ ਕਰਦੇ ਸਨ ਸਰਲ ਜੀਵਨ ਵਿਚ ਮਨੁੱਖ ਨੂੰ ਸੰਘਰਸ਼ ਕਰਨਾ ਪੈਂਦਾ ਹੈ । ਅਸਲ ਵਿਚ ਜ਼ਿੰਦਗੀ ਨਾਮ ਹੀ ਸੰਘਰਸ਼ ਮਈ ਜੀਵਨ ਦਾ ਹੈ। ਇਨ੍ਹਾਂ ਦੇ ਜੀਵਨ ਵਿਚ ਅਨੇਕ ਘਟਨਾਵਾਂ ਵਾਪਰੀਆਂ ਪਰੰਤੂ ਆਪ ਨੇ ਗਰੀਬੀ ਵਾਲੇ ਸਵੱਛ ਜੀਵਨ ਨੂੰ ਮਹਾਨਤਾ ਦਿੱਤੀ। ਸੰਸਾਰਿਕ-ਆਰਾਮਾਂ ਨੂੰ ਤਿਲਾਂਜਲੀ ਦਿੱਤੀ। ਉਹ ਤਾਂ ਆਪਣੀ ਬਾਣੀ ਵਿਚ ਸਪਸ਼ਟ ਲਿਖਦੇ ਹਨ:-

ਉਚੇ ਮੰਦਰ ਸੁੰਦਰ ਨਾਰੀ, ਰਾਮ ਨਾਮ ਬਿਨ ਬਾਜੀ ਹਾਰੀ ॥[38]

ਗੁਰੂ ਜੀ ਨੇ ਉਚੇ ਮਹਿਲਾਂ ਨੂੰ ਛੱਡ ਸੰਤਾਂ ਦੀ ਕੁਟੀਆ ਵਿਚ ਜੀਵਨ ਬਤੀਤ ਕੀਤਾ। ਦਰਅਸਲ ਮਾਇਆ ਨੂੰ ਤਾਂ ਆਪ ਆਪਣੇ ਤੋਂ ਕੋਹਾਂ ਮੀਲ ਦੂਰ ਰਖਦੇ ਸਨ। ਉਹ ਤਾਂ ਸੱਤ, ਸੰਤੋਖ ਅਤੇ ਸਦਾਚਾਰ ਨੂੰ ਉਤਮ ਜੀਵਨ ਦਾ ਆਧਾਰ ਮੰਨਦੇ ਸਨ:

ਸੰਤ ਸੰਤੋਖ ਅਰੁ ਸਦਾਚਾਰ, ਜੀਵਨ ਕੋ ਆਧਾਰ ॥
ਰਵਿਦਾਸ ਭਏ ਨਰ ਦੇਵਤੇ, ਜਿਨ ਤਿਆਗੇ ਪੰਚ ਵਿਕਾਰ ॥੧ ॥[39]

ਰਵਿਦਾਸ ਜੀ ਨਿਸ਼ਕਾਮ ਪੁਰਖ ਸਨ। ਉਨ੍ਹਾਂ ਦੇ ਮਨ ਵਿਚ ਸੰਸਾਰਿਕ ਜੀਵਾਂ ਦੀ ਤਰ੍ਹਾਂ ਇਛਾਵਾਂ, ਸੰਧਰਾਂ, ਤਾਂਘਾਂ ਦੇ ਤੂਫਾਨ ਨਹੀਂ ਸਨ ਉਠਦੇ। ਉਨ੍ਹਾਂ ਨੂੰ ਤਾਂ ਦਿਨ-ਰਾਤ ਦੀਨਤਾ ਅਪਨਾਉਣ ਦੀ ਚਿੰਤਾ ਸੀ। ਉਹ ਲਿਖਦੇ ਹਨ ਕਿ ਅਭਿਲਾਸ਼ਾ ਕਰਨ ਨਾਲ ਭਗਤੀ ਦੁਆਰਾ ਵੀ ਮੋਹ ਉਪਜਦਾ ਹੈ:

ਭਗਤੀ ਚਿੰਤਉ ਤੌ ਮੋਹ ਦੁਖ ਵਿਆਪਹੀ,
ਮੋਹ ਚਿੰਤਉ ਤੌ ਭਗਤੀ ਜਾਈ॥
ਉਭਯ ਸੰਦੇਹ ਮੋਹਿ ਰੈਨ ਦਿਨ ਵਿਆਪਹੀ
ਦੀਨਤਾ ਕਹੂੰ ਕਵਨ ਉਪਾਈ ॥[40]

(10) ਕਥਨੀ-ਕਰਨੀ ਵਿਚ ਸੁਮੇਲ: - ਸਦਾਚਾਰ ਦੇ ਇਸ ਪੱਖ ਦਾ ਬਹੁਤ ਮਹੱਤਵ ਹੈ। ਇਸ ਤੇ ਅਮਲ ਕਰਨਾ ਵੀ ਹਠ-ਯੋਗ ਤੋਂ ਘਟ ਨਹੀਂ ਇਸ ਲਈ ਹੀ ਤਾਂ ਵਡੇ ਵਡੇ ਰਿਸ਼ੀ ਮੁਨੀ ਸੰਤ, ਮਹਾਤਮਾ ਜਪੀ-ਤਪੀ ਵੀ ਇਸਨੂੰ ਸਹੀ ਅਰਥਾਂ ਵਿਚ ਅਮਲੀ ਜਾਮਾ ਨਹੀਂ ਪਹਿਨਾ ਸਕੇ। ਇਤਿਹਾਸ

ਇਸ ਗਲ ਦੀ ਸਾਖੀ ਭਰਦਾ ਹੈ ਕਿ ਮਹਾਂਪੁਰਸ਼ਾਂ ਨੇ ਮੋਹ, ਮਾਇਆ, ਕ੍ਰੋਧ, ਲੋਭ, ਹੰਕਾਰ ਸੱਚ ਝੂਠ, ਨਿੰਦਾ, ਨਿਮਰਤਾ, ਮਿਠੀ ਬੋਲੀ, ਦਾਨ ਆਦਿ ਸੰਬੰਧੀ ਵਿਚਾਰ ਦਿੱਤੇ। ਪਰੰਤੂ ਕੋਈ ਵਿਰਲਾ ਹੀ ਇਨ੍ਹਾਂ ਸਭ ਨੂੰ ਆਪਣੇ ਜੀਵਨ ਵਿਚ ਅਪਨਾ ਸਕਿਆ। ਅਤੇ ਫਿਰ ਸਾਧਾਰਨ ਮਨੁੱਖ ਤੋਂ ਕੀ ਇੱਛਾ ਰਖੀ ਜਾ ਸਕਦੀ ਹੈ। ਰਿਸ਼ੀਆਂ ਦਾ ਸਰਾਪ ਦੇਣਾ ਇਸ ਗੱਲ ਦਾ ਸੂਚਕ ਹੈ ਕਿ ਕ੍ਰੋਧ ਦੀ ਅਗਨੀ ਨੇ ਉਨ੍ਹਾਂ ਨੂੰ ਵੀ ਭੜਕਾ ਦਿੱਤਾ ਅਤੇ ਇੰਜ ਹੀ ਹੋਰ ਭਾਵਨਾਵਾਂ ਵੀ ਤ੍ਰਿਪਤੀ-ਅਤ੍ਰਿਪਤੀ ਕਾਰਨ ਮਨੁੱਖ ਤੇ ਹੱਲਾ ਬੋਲ ਦਿੰਦੀਆਂ ਹਨ। ਮੱਧ-ਕਾਲੀਨ ਸੰਤਾਂ ਵਿਚੋਂ ਵੀ ਕਈਆਂ ਨੇ ਬਹੁਤ ਕਟੂ ਅਤੇ ਕਠੋਰ ਸ਼ਬਦਾਵਲੀ ਵਿਚ ਪਹਿਲੇ ਦਰਸ਼ਨਾਂ ਦੀ ਨਿੰਦਿਆ ਕੀਤੀ ਹੈ। ਇਹ ਵੀ ਤਾਂ ਦੁਸ਼ਕਰਮ ਹੈ।

ਅਸਲ ਵਿਚ ਕਥਨੀ-ਕਰਨੀ ਦੇ ਸੁਮੇਲ ਦੀ ਅਣਹੋਂਦ ਕਾਰਨ ਹੀ ਸਾਨੂੰ ਸਮੁੱਚੇ ਵੇਦ, ਉਪਨਿਸ਼ਦ, ਗੀਤਾ ਹੋਰ ਦਰਸ਼ਨ ਸਮੇਂ ਦੇ ਬੀਤਣ ਨਾਲ ਧੁੰਦਲੇ ਪ੍ਰਤੀਤ ਹੋਣ ਲਗਦੇ ਹਨ। ਇਸੇ ਲਈ ਫਿਰ ਇਸ ਵਿਚ ਨਵੀਨਤਾ ਲਿਆਂਦੀ ਜਾਂਦੀ ਹੈ ਜੋ ਸਮਾਂ ਪਾ ਕੇ ਪ੍ਰਾਚੀਨਤਾ ਦਾ ਰੂਪ ਧਾਰ ਰਿਣਾਤਮਕ ਤੱਤਾਂ ਦੀ ਛਾਪ ਲੁਆ ਲੈਂਦੀ ਹੈ। ਅਸਲ ਵਿਚ ਸਭ ਧਾਰਮਿਕ ਗ੍ਰੰਥ ਅਤੇ ਦਰਸ਼ਨ ਵਿਸ਼ੇ ਪੱਖੋਂ ਪੂਰਣ ਹਨ ਅਤੇ ਕੇਵਲ ਕਮੀ ਕਥਨੀ-ਕਰਨੀ ਵਿਚ ਅੰਤਰ ਕਾਰਣ ਹੀ ਹੈ। ਇਸ ਅੰਤਰ ਕਾਰਣ ਹੀ ਰਹਿੰਦੀ ਦੁਨੀਆਂ ਤਕ ਕਈ ਸੰਪ੍ਰਦਾਵਾਂ ਹੋਂਦ ਵਿਚ ਆਉਣਗੀਆਂ ਪਰੰਤੂ ਹਰ ਇਕ ਨੂੰ ਕਥਨੀ-ਕਰਨੀ ਵਿਚ ਏਕਤਾ ਸਥਾਪਿਤ ਕਰਨੀ ਪਵੇਗੀ ਅਤੇ ਇਸ ਤੋਂ ਬਿਨਾਂ ਸਮੁੱਚਾ ਸਾਹਿਤ ਦਰਸ਼ਨ ਨਿਰਾਰਥਕ ਹੁੰਦਾ ਰਿਹਾ ਹੈ ਅਤੇ ਹੋ ਜਾਵੇਗਾ।

ਗੁਰੂ ਰਵਿਦਾਸ ਜੀ ਵੈਸ਼ਣਵ ਸੰਤ ਸਨ ਉਨ੍ਹਾਂ ਨੇ ਜੋ ਬਾਣੀ ਵਿਚ ਵਿਅਕਤ ਕੀਤਾ ਉਸ ਦਾ ਉਸ ਤੋਂ ਪਹਿਲਾਂ ਜੀਵਨ ਵਿਚ ਅਨੁਭਵ ਪ੍ਰਾਪਤ ਕਰ ਲਿਆ ਸੀ। ਉਹ ਲਿਖਦੇ ਹਨ ਕਿ ਦੁਨੀਆਂ ਕਹਿੰਦੀ ਕੁਝ ਹੈ ਹਤੇ ਕਰਦੀ ਕੁਝ ਹੋਰ ਹੀ ਹੈ:

1. ਕਹੀਅਤ ਆਨ ਅਚਰੀਅਤ ਆਨ ਕਛੁ ਸਮਝੁ ਨ ਪਰੈ ਅਪਰ ਮਾਇਆ ॥[41]
2. ਸਭ ਪਰ ਹਰਿ ਤੁਮ੍ਹਰੀ ਹੀ ਆਸਾ, ਮਨ ਕ੍ਰਮ ਵਚਨ ਕਹੈ ਰਵਿਦਾਸਾ ॥[42]
3. ਸਾਚਾ ਸੁਮਿਰਨ ਨਾਂਵ ਬਿਸਾਸਾ,ਮਨ ਵਚ ਕਰਮ ਕਹੈ ਰਵਿਦਾਸਾ ॥[43]
4. ਵਿਸ਼ਨੂ ਭਕਤ ਜਿਤੈਂ ਚਿਤ ਪਰ ਧਰਤਿ ਤੇ ਮਨ ਬਚ ਕਰਮ ਕਰਿ ਬਿਸਵਾਸਾ॥[44]

ਗੁਰੂ ਰਵਿਦਾਸ ਜੀ ਦੀ ਸਮੁੱਚੀ ਬਾਣੀ, ਉਨ੍ਹਾਂ ਦਾ ਜੀਵਨ ਇਸ ਗਲ ਦਾ ਗਵਾਹ ਹੈ ਕਿ ਉਨ੍ਹਾਂ ਨੇ ਜੀਵਨ ਦੇ ਇਸ ਅਣਮੋਲ ਮੂਲ ਨੂੰ ਅਸਲੀ ਅਰਥਾਂ ਵਿਚ ਜੀਵਨ ਵਿਚ ਅਪਣਾਇਆ ਅਤੇ ਅਨੁਕਰਣ ਕੀਤਾ। ਉਨ੍ਹਾਂ ਨੇ ਆਚਾਰ ਅਤੇ ਭਗਤੀ ਵਿਚ ਸੁਮੇਲ ਸਥਾਪਿਤ ਕੀਤਾ। ਉਹ ਲਿਖਦੇ ਹਨ ਕਿ ਜਦੋਂ ਤਕ ਸਾਧਕ ਸਵੱਛ ਰੂਪੀ ਸੇਲੀ ਨਹੀਂ ਪਹਿਨਦਾ ਤਦੋਂ ਤਕ ਆਤਮਿਕ ਸੁਧੀ ਨਹੀਂ

ਨਹੀਂ ਹੁੰਦੀ ਅਤੇ ਅਜਿਹੀ ਅਵਸਥਾ ਦੀ ਅਣਹੋਂਦ ਵਿਚ ਭਗਤੀ ਵੀ ਭਰਮ ਦਿਖਾਵਾ ਬਣ ਜਾਂਦੀ ਹੈ:-

ਹਮ ਮਾਨੈ ਪਰਮ ਪ੍ਰੇਮ ਰਸ ਜਾਨੈ, ਸੌ ਵਿਧਿ ਭਗਤਿ ਕਰਾਈ ।।
ਸਵਾਂਗ ਦੇਖਿ ਸਬਹੀ ਜਗ ਤਰਕਯੋ, ਫਿਰ ਆਪਨ ਪੌਰ ਵਧਾਈ ॥
ਸਾਂਗ ਯਹੁ ਸਾਂਚ ਨ ਜਾਨੈ, ਲੋਗਨਿ ਇਹੈ ਭਰਮਾਈ ॥
ਸਯੰਮ ਰੂਪ ਮੇਸ਼ੋ ਜਬ ਪਹਰੀ ਬੋਲੀ ਤਬ ਸੁਧ ਪਾਈ ॥[45]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਅੱਜ ਦੇ ਯੁੱਗ ਵਿਚ ਵੀ, ਗੁਰੂ ਰਵਿਦਾਸ ਜੀ ਦੇ ਕੀਮਤੀ ਵਿਚਾਰ ਮਨ ਵਚਨ ਅਤੇ ਕਰਮ ਵਿਚ ਸੁਮੇਲ ਨੂੰ ਵਿਵਹਾਰਿਕ ਰੂਪ ਦੇਣ ਦੀ ਜ਼ਰੂਰਤ ਹੈ। ਕਿਉਂਕਿ ਅੱਜ ਦੀ ਭਾਰਤ ਦੀ ਧਾਰਮਿਕ ਸਥਿਤੀ ਘੋਰ ਸੰਕਟ ਵਿਚ ਹੈ ਅਤੇ ਇਸ ਵਿਚ ਕਮੀ ਕੇਵਲ ਕਥਨੀ ਤੇ ਕਰਨੀ ਦੇ ਸੁਮੇਲ ਦੀ ਹੈ। ਇਸ ਨਾਲ ਹੀ ਸਮਾਜਿਕ ਢਾਂਚੇ ਵਿਚ ਆਈਆਂ ਤ੍ਰੇੜਾਂ ਨੂੰ ਭਰਿਆ ਜਾ ਸਕਦਾ ਹੈ। ਇਸ ਵਿਚ ਪਈਆਂ ਵਿਥਾਂ ਅਤੇ ਵਿਤਕਰਿਆਂ ਨੂੰ ਦੂਰ ਕੀਤਾ ਜਾ ਸਕਦਾ ਹੈ। ਇਸ ਵਿਚ ਖੜੀਆਂ ਕੀਤੀਆਂ ਦੀਵਾਰਾਂ ਨੂੰ ਸਦਾ ਸਦਾ ਲਈ ਤੋੜਿਆ ਜਾ ਸਕਦਾ ਹੈ। ਇਸ ਵਿਚ ਖਿਚੀਆਂ ਲਕੀਰਾਂ ਨੂੰ ਮਿਟਾਇਆ ਜਾ ਸਕਦਾ ਹੈ।

1(11) <u>ਸਿਫ਼ਰ ਸੰਪ੍ਰਦਾਇ:-</u> ਇਕ ਸੰਪ੍ਰਦਾਇ ਵਿਚੋਂ ਜਦੋਂ ਦੂਜੀ ਸੰਪ੍ਰਦਾਇ ਜਨਮ ਲੈਂਦੀ ਹੈ ਤਾਂ ਅਸੀਂ ਬਹੁਤ ਖੁਸ਼ ਹੋ ਕੇ ਉਸਦੀ ਪ੍ਰਸ਼ੰਸਾ ਦੇ ਪੁਲ ਬੰਨ੍ਹਦੇ ਹਾਂ ਪਰ ਸਮੇਂ ਦੇ ਪਰਦੇ ਥਲੇ ਹੌਲੀ ਹੌਲੀ ਕਈ ਸੰਪ੍ਰਦਾਵਾਂ ਕਲੋਲ ਕਰਨ ਲਗਦੀਆਂ ਹਨ ਤਾਂ ਆਖੀਰ ਨੂੰ ਇਕ ਹੜ ਜਿਹਾ ਆ ਜਾਂਦਾ ਹੈ। ਵਿਭਿੰਨ ਧਾਰਮਿਕ ਸੰਪ੍ਰਦਾਵਾਂ ਦਾ ਸੰਬੰਧ ਤਾਂ ਜੀਵ ਅਤੇ ਜਗਤ ਨਾਲ ਹੁੰਦਾ ਹੀ ਹੈ। ਪ੍ਰੰਤੂ ਇਸ ਹੜ੍ਹ ਦੀ ਲਪੇਟ ਵਿਚ ਸਮੁੱਚਾ ਜਗਤ ਆ ਜਾਂਦਾ ਹੈ। ਨਿਸ਼ਕਾਮ ਮਨੁੱਖ ਵੀ ਇਸ ਤਰ੍ਹਾਂ ਦੀਆਂ ਸੰਪ੍ਰਦਾਵਾਂ ਦੇ ਬੋਝ ਥਲੇ ਦੱਬੇ ਕੁਚਲੇ ਜਾਂਦੇ ਹਨ। ਇਕ ਸੰਪ੍ਰਦਾਇ ਚਾਹੇ ਕਿਸੇ ਇਕ ਕੌਮ ਦਾ ਅਮੀਰ ਵਿਰਸਾ ਹੁੰਦਾ ਹੈ ਪਰੰਤੂ ਇਸ ਦੇ ਨਾਲ ਸਮਾਜ ਰੂਪੀ ਸ਼ੀਸ਼ੇ ਵਿਚ ਤ੍ਰੇੜਾਂ ਪੈ ਜਾਂਦੀਆਂ ਹਨ ਅਤੇ ਕਿਸੇ ਸਮੇਂ ਸਮੇਂ ਦੇ ਵਾਵਰੋਲੇ ਵਿਚ ਅਸਲੀ ਮਨੋਰਥ ਜਾਂ ਉਦੇਸ਼ ਦੇ ਪ੍ਰਤੀਬਿੰਬ ਖਿੰਡ ਪੁੰਡ ਜਾਂਦੇ ਹਨ ਜਾਂ ਧੁੰਧਲੇ ਪੈ ਜਾਂਦੇ ਹਨ। ਕਿੰਨਾ ਚੰਗਾ ਹੁੰਦਾ ਕਿ ਸਾਡੇ ਭਗਤ-ਜਨ ਸੰਪ੍ਰਦਾਇ ਰੂਪੀ ਨਵੇਂ ਧਾਗੇ ਪੈਦਾ ਨਾ ਕਰਦੇ ਸਗੋਂ ਗੁਰੂ ਰਵਿਦਾਸ ਜੀ ਵਾਂਗ ਉਲਝੀ ਤਾਣੀ ਨੂੰ ਸੁਲਝਾਉਣ ਦਾ ਯਤਨ ਕਰਦੇ। ਤਾਂ ਕਿ ਸਮਾਜ ਵਿਚੋਂ ('ਮੈਂ', 'ਤੇਰੀ' ਮੁੱਕ ਜਾਂਦੀ। ਗੁਰੂ ਰਵਿਦਾਸ ਜੀ ਦੀ ਇਹੀ ਵਿਲੱਖਣਤਾ ਹੈ ਕਿ ਉਨ੍ਹਾਂ ਨੇ ਉਚੇ ਸੁਚੇ ਵਿਚਾਰ ਦਿੱਤੇ। ਉਨ੍ਹਾਂ ਨੇ ਵੇਦਾਂ ਦੀ ਭਗਤੀ ਨੂੰ ਮਧਯੁਗ ਦੀ ਭਗਤੀ ਵਿਚ ਰਲਾ ਕੇ ਏਕਤਾ ਦਾ ਸੰਦੇਸ਼ ਦਿੱਤਾ ਅਤੇ ਸਮਾਜ ਵਿਚ ਕੋਈ ਨਵਾਂ ਧਰਮ ਤਿਆਰ ਨਹੀਂ ਕੀਤਾ। ਇਹੀ ਛਾਪ ਤਾਂ ਉਨ੍ਹਾਂ ਦੇ ਅਨੁਯਾਈਆਂ ਵਿਚ ਮਿਲਦੀ ਹੈ ਜਿਨ੍ਹਾਂ ਦੇ ਘਰ ਵਿਚ ਹਰ ਧਰਮ ਦੇ ਗੁਰੂਆਂ ਪੈਗੰਬਰਾਂ ਦਾ ਫੋਟੋ ਹਨ ਉਨ੍ਹਾਂ ਨੂੰ ਰਸਤੇ ਵਿਚ ਗੁਰਦੁਆਰਾ ਨਜ਼ਰ ਆਇਆ ਤੇ ਉਥੇ ਵੀ

ਮੱਥਾ ਟੇਕ ਦੇਣਾ ਹੈ, ਕਿਤੇ ਮੰਦਰ-ਮਸੀਤ ਨਜ਼ਰ ਆਈ ਉਥੇ ਵੀ ਸੀਸ ਝੁਕਾ ਦੇਣਾ ਹੈ। ਉਨ੍ਹਾਂ ਨੂੰ ਤਾਂ ਸਭ ਥਾਂ ਉਹ ਪਰਮਤੱਤ ਹੀ ਦਿਸਦਾ ਹੈ। ਰਵਿਦਾਸੀ ਮੰਦਰਾਂ ਵਿਚ ਕਿਤੇ ਭਗਵਤ ਗੀਤਾ ਦਾ ਪਾਠ ਹੁੰਦਾ ਹੈ ਤੇ ਕਿਤੇ ਗ੍ਰੰਥ ਸਾਹਿਬ ਦਾ। ਉਹ ਆਪਣੇ ਗੁਰੂ ਨੂੰ ਹੀ ਨਹੀਂ ਮੱਥਾ ਟੇਕਦੇ ਸਗੋਂ ਬਾਕੀ ਗੁਰੂਆਂ, ਸੰਤਾਂ ਰਿਸ਼ੀਆਂ ਮੁਨੀਆਂ ਦੀ ਅਨੇਕਤਾ ਵਿਚ ਇਕ ਜੋਤਿ ਦਿਸਦੀ ਹੈ। ਉਹ ਬਾਣੀ ਸਭ ਧਰਮਾਂ ਦੀ ਪੜ੍ਹਦੇ ਹਨ, ਇਹ ਵਿਸ਼ਾਲ ਦਿਲੀ ਉਨ੍ਹਾਂ ਨੇ ਗੁਰੂ ਰਵਿਦਾਸ ਜੀ ਤੋਂ ਹੀ ਪ੍ਰਾਪਤ ਕੀਤੀ ਜੋ ਲਿਖਦੇ ਹਨ:

ਕ੍ਰਿਸ਼ਣ ਕਰੀਮ ਰਾਮ ਹਰਿ ਰਾਘਵ ਜਬ ਲਗਿ ਏਕ ਨ ਪੇਖਾ ॥
ਵੇਦ-ਕਤੇਬ ਕੁਰਾਨ-ਪੁਰਾਨਨ, ਸਹਜ ਏਕ ਨਹੀਂ ਦੇ ਖਾ ॥
ਜੋਈ ਜੋਈ ਪੂਜਿਏ ਸੋਈ ਕਾਂਚੀ ਸਹਜ ਭਾਵ ਸਤਿ ਹੋਈ ।।
ਕਹਿ ਰੈਦਾਸ ਮੈਂ ਤਹਿ ਕੋ ਪੂਜੁ ਜਾ ਕੇ ਠਾਂਵ ਨਾਵ ਨਾ ਕੋਈ ॥[46]

(12) ਪੁਤਰ ਰੂਪੀ ਸੰਪਤੀ:- ਸੰਪਤੀ- ਇਸਤਰੀ, ਪੁੱਤਰ, ਮਿਤਰ, ਉਚੇ ਮੰਦਰ ਪੂਰਵ-ਵੇਦਾਂ ਤੋਂ ਵੰਸ਼ ਚਲਦਾ ਰਖਣ ਲਈ ਪੁਤਰ ਦੀ ਕਾਮਨਾ ਕੀਤੀ ਜਾਂਦੀ ਸੀ। ਇਸ ਕਾਮਨਾ ਨੇ ਸਾਡੇ ਸਮਾਜ ਵਿਚ ਆਬਾਦੀ ਦਾ ਬੰਬ ਤਿਆਰ ਕਰ ਦਿੱਤਾ ਹੈ। ਅਜੋ ਦੇ ਸਮੇਂ ਵਿਚ ਇਸ ਵਿਚਾਰ ਦੀ ਬਹੁਤ ਮਹੱਤਤਾ ਹੈ। ਗੁਰੂ ਜੀ ਨੇ ਮਨੁੱਖ ਨੂੰ ਸਿਖਿਆ ਦਿਤੀ ਕਿ ਪੁੱਤਰ ਕਲਤਰ ਦਾ ਅਹੰਕਾਰ ਨਾ ਕਰ, ਜੀਵ ਤੂੰ, ਪੁੱਤਰ ਦੀ ਕਾਮਨਾ ਕਰਦਾ ਹੈ ਕਿ ਜੀਵਨ ਵਿਚ ਸੁਖ ਪ੍ਰਾਪਤ ਕਰੇਂਗਾ ਬੁਢਾਪੇ ਵਿਚ ਤੇਰਾ ਸਹਾਰਾ ਬਣੇਗਾ ਪਰ ਤੂੰ ਭੁਲ ਗਿਆ ਹੈ ਕਿ ਪ੍ਰਭੂ ਨੇ ਤਾਂ ਲੇਖਾ ਜੋਖਾ ਕਰਨਾ ਹੈ ਇਸ ਲਈ ਹੋ ਸਕਦਾ ਹੈ ਤੈਨੂੰ ਪੁੱਤਰ ਦੇ ਹੁੰਦਿਆਂ ਵੀ ਦੁਖ ਸਹਿਣਾ ਪਵੇ ਤੇ ਫਿਰ ਤੂੰ ਪ੍ਰਭੂ ਨੂੰ ਯਾਦ ਕਰੇਂਗਾ।-

1. ਪੁਤਰ ਕਲਤਰ ਕਾ ਕਰਹਿ ਅਹੰਕਾਰ॥ਠਾਕੁਰ ਲੇਖਾ ਮੰਗਨਹਾਰ ॥
ਫੇੜੇ ਕਾ ਦੁਖੁ ਸਹੈ ਜੀਉ ॥ਪਾਛੇ ਕਿਸਹਿ ਪੁਕਾਰਹਿ ਪੀਓ ਪੀਉ ।।[47]

ਵੇਦਾਂ ਵਿਚ ਵਰਣਨ ਹੈ :

ਕਿਮ ਨ ਮਾਲਮ ਕਿਮ ਅਜੀਨਮ ਕਿਮੁ ਸਮਸਰੂਨੀ ਕਿਮ ਤਪਾਅ ॥
ਪੁਤਰਮ ਬ੍ਰਾਹਮਣਾਂ ਇਛਾਧਵਮ ਸਾ ਵੈ ਲੋਕੋ ਵੇਦ ਵੇਦਾਅ ॥
( ਗੰਦੇ ਕਪੜੇ ਪਾਉਣ ਦਾ ਕੀ ਲਾਭ? ਪੁੱਤਰ ਦੀ ਇੱਛਾ ਕਰੋ ਉਹ
ਬ੍ਰਾਹਮਣੋ! ਦੁਨੀਆਂ ਵਿਚ ਕੇਵਲ ਇਹ ਹੀ ਪ੍ਰਸ਼ੰਸਾ ਵਾਲਾ ਕੰਮ ਹੈ)[48]

ਗੁਰੂ ਜੀ ਨੇ ਇਸਤਰੀ, ਮਿਤਰ, ਆਦਿ ਰੂਪੀ ਸੰਪਤੀ ਦੇ ਮਾਣ ਨੂੰ ਵੀ ਰਾਮ -ਨਾਮ ਦੀ ਤੁਲਨਾ ਤੇ ਫੋਕਾ ਦਸਿਆ ਹੈ। ਪ੍ਰਭੂ ਸਿਮਰਨ ਤੋਂ ਬਿਨਾਂ ਵੱਡੇ ਵੱਡੇ ਮਹਿਲ-ਮਾੜੀਆਂ ਰੂਪੀ ਸੰਪਤੀ

ਦਾ ਵੀ ਕੋਈ ਫਾਇਦਾ ਨਹੀਂ:-

ਊਚੇ ਮੰਦਰ ਸੁੰਦਰ ਨਾਰੀ ॥
ਰਾਮ ਨਾਮ ਬਿਨ ਬਾਜੀ ਹਾਰ॥[49]

(13) ਇਸਤਰੀ ਪ੍ਰਤੀ ਦ੍ਰਿਸ਼ਟੀਕੋਣ: - ਗੁਰੂ ਰਵਿਦਾਸ ਬਾਣੀ ਦੀ ਵਿਸ਼ੇਸ਼ਤਾ ਹੈ ਕਿ ਇਸ ਵਿਚ ਕੋਈ ਅਜਿਹਾ ਸ਼ਬਦ ਨਹੀਂ ਜੋ ਇਸਤਰੀ, ਪੁਰਖ, ਜਾਂ ਕਿਸੇ ਵੀ ਵਰਗ ਨਾਲ ਸੰਬੰਧਿਤ ਜੀਵ ਦੇ ਮਨ ਨੂੰ ਠੇਸ ਪਹੁੰਚਾਵੇ। ਗੁਰੂ ਜੀ ਤੋਂ ਪਹਿਲਾਂ ਸਿੱਧਾਂ ਅਤੇ ਨਾਥਾਂ ਨੇ ਨਾਰੀ ਦਾ ਵਿਰੋਧ ਕੀਤਾ ਹੈ ਅਤੇ ਕੁਝ ਸਮਕਾਲੀਨ ਸੰਤਾਂ ਨੇ ਵੀ ਇਸਤਰੀ ਦੀ ਕਾਫ਼ੀ ਨਿੰਦਾ ਕੀਤੀ ਹੈ ਅਤੇ ਕਈ ਸੰਤਾਂ ਨੇ ਗੁਰੂ ਜੀ ਵਾਂਗ ਮੱਧ-ਮਾਰਗ ਅਪਨਾਇਆ ਹੈ। ਇਸ ਮਾਰਗ ਵਿਚ ਨਾ ਇਸਤਰੀ ਦੀ ਸ਼ੋਭਾ ਕੀਤੀ ਜਾਂਦੀ ਹੈ ਅਤੇ ਨਾ ਹੀ ਨਿੰਦਾ।[50] ਗੁਰੂ ਜੀ ਲਿਖਦੇ ਹਨ ਕਿ ਸੁੰਦਰ ਨਾਰੀ ਦਾ ਹੋਣਾ ਵੀ ਰਾਮ ਨਾਮ ਦੇ ਸਿਮਰਨ ਤੋਂ ਬਿਨਾਂ ਬੇਅਰਥ ਹੈ:

ਊਚੇ ਮੰਦਰ ਸੁੰਦਰ ਨਾਰੀ, ਰਾਮ ਨਾਮ ਬਿਨ ਬਾਜੀ ਹਾਰੀ ॥[51]

ਗੁਰੂ ਰਵਿਦਾਸ ਜੀ ਦੇ ਸਮਕਾਲੀ ਸੰਤ-ਕਬੀਰ ਨੇ ਇਸਤਰੀ ਨੂੰ ਭਗਤੀ ਮਾਰਗ ਵਿਚ ਬਾਧਕ ਮੰਨਿਆ ਹੈ ਅਤੇ ਕਬੀਰ ਜੀ ਬਹੁਤ ਕਠੋਰ ਸ਼ਬਦਾਵਲੀ ਵਿਚ ਨਾਰੀ ਨਿੰਦਿਆ ਕੀਤੀ ਹੈ :

ਨਾਰੀ ਕੁੰਡ ਨਰਕ ਕਾ, ਵਿਰਲਾ ਥੰਮੇ ਬਾਗ ॥
ਕੋਈ ਸਾਧੂਜਨ ਊਬਰੇ, ਸਬ ਜਗ ਮੂਵਾ ਲਾਗ ॥[52]

ਸੰਤ ਕਬੀਰ ਨੇ ਨਾਰੀ ਬੜਾ ਵਿਕਾਰ, ਢੋਲ ਗੰਵਾਰ ਸੂਕਰ ਪਸੂ ਨਾਰੀ ਆਦਿ ਸ਼ਬਦਾਂ ਦਾ ਪ੍ਰਯੋਗ ਕਰ ਕੇ ਇਸਤਰੀ ਜਾਤੀ ਦਾ ਨਿਰਾਦਰ ਕੀਤਾ ਅਤੇ ਗੁਰੂ ਰਵਿਦਾਸ ਜੀ ਵਿਲੱਖਣ ਪ੍ਰਤਿਭਾ ਦੇ ਮਾਲਕ ਸਨ। ਉਨ੍ਹਾਂ ਨੇ ਦਰੋਪਤੀ ਦੀ ਪ੍ਰਭੂ ਭਗਤੀ ਅਤੇ ਗਨਿਕਾ ਜਿਸ ਨੇ ਨਾਮ ਸਿਮਰਨ ਨਾਲ ਮੁਕਤੀ ਪ੍ਰਾਪਤ ਕਰ ਲਈ ਦੇ ਹਵਾਲੇ ਦੇ ਕੇ ਇਸਤਰੀਆਂ ਪ੍ਰਤੀ ਪ੍ਰਤਿਸ਼ਠਾ ਪ੍ਰਗਟ ਕੀਤੀ ਹੈ :

1. ਲਜਯਾ ਮੋਰਿ ਰਾਖੋ ਸੁਯਾਮ ਹਰਿ ।।
ਹਰਿ ਹਰਿ ਕ੍ਰਿਪਾ ਦ੍ਰੋਪਤਿ ਉਚਰੈ, ਬਿਲਮੁ ਨ ਕਰੌ ਹਰਿ ॥
ਕਹਿ ਰਵਿਦਾਸ ਸਿੰਹ ਸਰਨਾਗਤਿ, ਸਯਾਲ ਕੋ ਕਹਾ ਡਰਿ ॥[53]

2. ਗਨਿਕਾ ਥੀ ਕਿਸਾ ਕਰਮਾ ਜੋਗ, ਪਰ-ਪੁਰਸਨ ਸੋਂ ਰਮਤੀ ਭੋਗ ॥
ਨਿਸ ਬਾਸਰ ਦੁਸਕਰਮ ਕਮਾਈ, ਰਾਮ ਕਹਤ ਬੈਕੁੰਠੇ ਜਾਈ ।।[54]

ਗੁਰੂ ਜੀ ਨੇ ਭੀਲਨੀ ਦੀ ਸ੍ਰੀ ਰਾਮ ਚੰਦਰ ਪ੍ਰਤੀ ਸੱਚੀ ਪ੍ਰੀਤ ਦਾ ਵਰਣਨ ਵੀ ਕੀਤਾ ਹੈ।

ਬਨ ਬੇਰਿ ਬੇਰਿ ਭਖੇ ਭੀਲਨੀ ਕੇ, ਲਛਮਣ ਪੇਖਿ ਪ੍ਰਜਰੈ ॥[55]

ਗੁਰੂ ਰਵਿਦਾਸ ਜੀ ਨੇ ਆਪਣੇ ਸਮਕਾਲੀ ਸੰਤਾਂ ਦੀ ਤਰ੍ਹਾਂ ਸੁਹਾਗਣ ਜੋ ਪ੍ਰਭੂ- ਪ੍ਰੇਮ ਵਿਚ ਰੱਤੀ ਹੋਈ ਹੈ , ਦਾ ਵੀ ਵਰਣਨ ਕੀਤਾ ਹੈ । ਉਨ੍ਹਾਂ ਨੇ ਆਪਣੇ ਆਪ ਨੂੰ ਪ੍ਰਭੂ ਪ੍ਰੀਤਮ ਦੀ ਜੀਵਾਤਮਾ ਰੂਪੀ ਇਸਤਰੀ ਦੇ ਰੂਪ ਵਿਚ ਪੇਸ਼ ਕੀਤਾ ਹੈ । ਸਭ ਸੰਤਾਂ ਨੂੰ ਦੰਪਤੀ ਭਾਵ ਵਧੇਰੇ ਆਕਰਸ਼ਿਤ ਕਰਦਾ ਹੈ ਕਿਉਂਕਿ ਪ੍ਰੇਮ ਭਾਵਨਾ ਇਸ ਰਾਹੀਂ ਪ੍ਰਭਾਵਸ਼ਾਲੀ ਢੰਗ ਨਾਲ ਵਿਅਕਤ ਹੋ ਜਾਂਦੀ ਹੈ ਅਤੇ ਇਸ ਵਿਚੋਂ ਹੀ ਵਧੇਰੇ ਉਨਮਾਦ ਅਤੇ ਆਨੰਦ-ਅਨੁਭੂਤੀ ਹੁੰਦੀ ਹੈ। ਗੁਰੂ ਜੀ ਨੇ ਭਾਵੇਂ ਪਤੀ ਦੇ ਰੂਪ ਵਿਚ ਪਰਮੇਸੁਰ ਦਾ ਕਲਪਨਾ ਕੀਤੀ ਹੈ ਪਰੰਤੂ ਇਸ ਵਿਚੋਂ ਉਨ੍ਹਾਂ ਦੀ ਇਸਤਰੀ ਪ੍ਰਤੀ ਸ਼ਰਧਾ ਅਤੇ ਮਾਣ ਦਾ ਪਤਾ ਲਗਦਾ ਹੈ। ਉਨ੍ਹਾਂ ਨੇ ਇਸਤਰੀ ਨੂੰ ਭਗਤੀ ਦੇ ਮਾਰਗ ਵਿਚ ਰੋੜਾ ਨਹੀਂ ਸਮਝਿਆ :

ਸਹਿ ਕੀ ਸਾਰ ਸੁਹਾਗਨਿ ਜਾਨੈ, ਤਜਿ ਅਭਿਮਾਨੁ ਸੁਖ ਰਲੀਆ ਮਾਨੈ ॥
ਤਨਮਨ ਦੇਇ ਨ ਅੰਤਰੁ ਰਾਖੈ, ਅਵਰਾ ਦੇਖਿ ਨਾ ਸੁਨੈ ਅਭਾਖੈ ॥
ਸੋ ਕਤ ਜਾਨੈ ਪੀਰ ਪਰਾਈ, ਜਾਕੈ ਅੰਤਰੁ ਦਰਦੁ ਨ ਪਾਈ ॥
ਦੁਖੀ ਦੁਹਾਗਨਿ ਦੁਇ ਪਖ ਹੀਨੀ, ਜਿਨਿ ਨਾਹ ਨਿਰੰਤਰ ਭਗਤੀ ਕੀਨੀ ॥[56]

ਗੁਰੂ ਰਵਿਦਾਸ ਜੀ ਨੇ ਰਾਣੀ ਝਾਲੀ ਅਤੇ ਮੀਰਾਂ ਨੂੰ ਦੀਖਿਆ ਦਿੱਤੀ। ਇਸ ਤੋਂ ਵੀ ਉਨ੍ਹਾਂ ਦਾ ਇਸਤਰੀ ਜਗਤ ਪ੍ਰਤੀ ਆਦਰ ਮਾਣ ਦਾ ਪਤਾ ਲਗਦਾ ਹੈ। ਮੀਰਾ ਨੇ ਬੜੀ ਸ਼ਰਧਾ ਨਾਲ ਗੁਰੂ ਜੀ ਦਾ ਨਾਮ ਲਿਆ ਹੈ :

ਮਾਤ ਪਿਤਾ ਸਬ ਕੁਟੰਬ ਕਬੀਲਾ, ਸਬ ਮਤਲਬ ਕੇ ਗਰਜੀ॥
ਮੀਰਾਂ ਕੇ ਪ੍ਰਭੂ ਤੁਮ ਹੀ ਸਵਾਮੀ, ਸਿਰੀ ਰੈਦਾਸ ਸਤਗੁਰ ਜੀ॥[57]

ਅਨੰਤਦਾਸ ਨੇ ਸੰਤਾਂ ਦੀਆਂ ਪਰਚੀਆਂ ਲਿਖੀਆਂ ਹਨ। ਇਹ ਰਚਨਾ ਸਮੇਂ ਦੇ ਪੈਮਾਨੇ ਤੇ ਨਾਪਿਆਂ ਵਧੇਰੇ ਪ੍ਰਮਾਣਿਕ ਮੰਨੀ ਜਾਂਦੀ ਹੈ। ਇਸ ਵਿਚ ਵੀ ਵਰਣਨ ਹੈ ਕਿ ਗੁਰੂ ਰਵਿਦਾਸ ਜੀ ਰਾਣਾ ਸਾਂਗਾ ਪਰਿਵਾਰ ਦੇ ਕੁਲ-ਗੁਰੂ ਸਨ। ਰਾਣੀ ਝਾਲੀ ਨੇ ਕਬੀਰ ਜੀ ਨੂੰ ਛੱਡ ਕੇ ਗੁਰੂ ਰਵਿਦਾਸ ਨੂੰ ਗੁਰੂ ਧਾਰਿਆ ਅਤੇ ਫਿਰ ਸੰਤ ਰਵਿਦਾਸ ਨੂੰ ਚਿਤੌੜ ਆਗਮਨ ਦਾ ਨਿਮੰਤ੍ਰਣ ਵੀ ਦਿੱਤਾ। ਚਿਤੌੜ ਆਉਣ ਤੇ ਮੀਰਾਂ ਨੇ ਵੀ ਗੁਰੂ ਜੀ ਤੋਂ ਦੀਖਿਆ ਲਈ:

1. ਝਾਲੀ ਕਹੈ ਬੀਨਤੀ ਕੀਜੈ, ਅਪਨੀ ਜਾਨਿ ਮੋਹਿ ਦਰਸਨ ਦੀਜੈ ॥56॥[58]

ਇਸ ਤਰ੍ਹਾਂ ਸਪਸ਼ਟ ਹੁੰਦਾ ਹੈ ਕਿ ਗੁਰੂ ਰਵਿਦਾਸ ਜੀ ਦੇ ਮਨ ਵਿਚ ਇਸਤਰੀ ਜਾਤੀ ਲਈ ਬਹੁਤ ਮਾਣ ਸੀ।

(14) ਰਾਜਨੈਤਿਕ ਚਿੰਤਨ:- ( ਸਮਾਜਿਕ ਚੇਤਨਤਾ) - ਗੁਰੂ ਰਵਿਦਾਸ ਜੀ ਮੂਲ ਰੂਪ ਵਿਚ ਭਗਤੀ, ਸੰਤ ਅਤੇ ਪਰਮਾਤਮਾ ਦੇ ਸੱਚੇ ਉਪਾਸ਼ਕ ਸਨ। ਉਹ ਪਾਤਸ਼ਾਹਾਂ ਦੇ ਪਾਤਸ਼ਾਹ ਪਰਮਾਤਮਾ ਦੇ ਦਰਬਾਰ ਦੇ ਵਸ਼ਿੰਦੇ ਸਨ। ਉਹ ਬੇਕੁੰਠੀ ਨਗਰ ਦੇ ਸੰਤ-ਜਨ, ਬੇਗਮਪੁਰੇ ਦੇ ਵਸਨੀਕ ਸਨ ਅਤੇ ਉਹ ਭਗਤੀ ਸਾਮਰਾਜ ਦੇ ਬਾਦਸ਼ਾਹ ਸਨ। ਇਸ ਲਈ ਉਨ੍ਹਾਂ ਦੀ ਨਜ਼ਰ ਵਿਚ ਸੰਸਾਰਿਕ ਰਾਜੇ ਹੁਕਮਰਾਨ ਕੁਝ ਵੀ ਨਹੀਂ ਸਨ। ਉਹ ਨਿਧੜਕ ਹੋ ਕੇ ਲਿਖਦੇ ਹਨ ਛਤਰਪਤੀ ਰਾਜਿਆਂ ਦੀ ਤੁਲਨਾ ਤੇ ਭਗਤ ਬਹੁਤ ਮਹਾਨ ਹੁੰਦਾ ਹੈ । ਇਹ ਹੁਕਮਰਾਨ ਭਗਤਾਂ ਦੀ ਬਰਾਬਰੀ ਨਹੀਂ ਕਰ ਸਕਦੇ:

ਪੰਡਿਤ ਸੂਰ ਛਤ੍ਰਪਤਿ ਰਾਜਾ
ਭਗਤ ਬਰਾਬਰਿ ਅਉਰ ਨ ਕੋਇ ॥[59]

ਗੁਰੂ ਜੀ ਦੇ ਸਮੇਂ ਮੁਸਲਿਮ ਸ਼ਾਸਕਾਂ ਦਾ ਰਾਜ ਸੀ। ਉਨ੍ਹਾਂ ਨੇ ਸਮਕਾਲੀਨ ਰਾਜੇ ਲੋਧੀ ਵਲ ਵੀ ਬੇਪਰਵਾਹੀ ਦੀ ਦ੍ਰਿਸ਼ਟੀ ਰੱਖੀ। ਉਨ੍ਹਾਂ ਨੇ ਸੂਗਾਂਲ ਕਹਿ ਕੇ ਮੁਸਲਿਮ ਰਾਜਿਆਂ ਦੀ ਤੁੱਛਤਾ ਨੂੰ ਦਰਸਾਇਆ ਹੈ। ਉਹ ਕਹਿੰਦੇ ਹਨ ਕਿ ਇਹ ਰਾਜੇ ਤਾਂ ਗਿੱਦੜ ਹਨ ਜੋ ਲੜਾਈ ਵਿਚੋਂ ਆਮ ਜਨਤਾ ਦਾ ਕਤਲੇਆਮ ਕਰਵਾਉਂਦੇ ਹਨ ਅਤੇ ਆਪ ਗਿੱਦੜਾਂ ਵਾਂਗੂੰ ਰਾਜ-ਮਹੱਲਾਂ ਵਿਚ ਲੁਕ ਛਿਪ ਜਾਂਦੇ ਹਨ। ਭਗਤਾਂ ਨੂੰ ਇਨ੍ਹਾਂ ਗਿੱਦੜਾਂ ਤੋਂ ਡਰ ਨਹੀਂ ਲਗਦਾ ਜਦ ਕਿ ਉਹ ਪਰਮਾਤਮਾ ( ਸਿੰਘ, ਸ਼ੇਰ) ਦੀ ਸ਼ਰਨ ਵਿਚ ਹਨ :

ਕਹਿ ਰਵਿਦਾਸ ਸਿੰਹ ਸਰਨਾਗਤਿ ॥
ਸਯਾਲ ਕੀ ਕਹਾ ਭਤਿ ॥ [60]

ਇਹ ' ਸਿੰਹ ਜਾਂ ਸਿੰਘ' ਸ਼ਬਦ ਹੀ ਹੈ ਜਿਸਨੂੰ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ: ਵਿਚ ਖਾਲਸਾ ਪੰਥ ਦੀ ਸਿਰਜਨਾ ਸਮੇਂ ਪਰਮਤੱਤ ਦਾ ਰੂਪ ਹੋਣ ਕਾਰਣ ਅਧਿਆਤਮਿਕਤਾ ਨੂੰ ਵਿਵਹਾਰਿਕਤਾ ਵਿਚ ਸੁਮੇਲ ਕਰਨ ਲਈ ਪ੍ਰਯੋਗ ਕੀਤਾ। ਗੁਰੂ ਰਵਿਦਾਸ ਜੀ ਨੇ ਇਸ ਦਾ ਵਰਤੋਂ ਕਿਤਨੇ ਡੂੰਘੇ ਅਰਥਾਂ ਵਿਚ ਕੀਤੀ ਹੈ।

ਗੁਰੂ ਜੀ ਨੇ ਉਸ ਸਮੇਂ ਦੇ ਰਾਜਨੈਤਿਕ ਅਤੇ ਸਮਾਜਿਕ ਅਤਿਆਚਾਰ ਕਰਨ ਵਾਲੇ ਰਾਜਿਆਂ ਦੀ ਤੁਲਨਾ ਤੇ ਦੀਨ ਦਿਆਲੂ ਪਰਮਾਤਮਾ ਦਾ ਸਰੂਪ ਚਿਤਰਿਆ ਜਿਸ ਦੀ ਸ਼ਰਨ ਵਿਚ ਰਾਜੇ ਵੀ ਜਾਂਦੇ ਹਨ ਅਤੇ ਸੰਸਾਰਿਕ ਰਾਜਿਆਂ ਦੀ ਸ਼ਰਨ ਆਮ ਮਨੁੱਖ ਵੀ ਨਹੀਂ ਜਾਂਦੇ। ਅਸਲ ਵਿਚ ਗੁਰੂ ਜੀ ਨੇ ਆਪਣੇ ਸਹਿਜ ਸੁਭਾਅ ਅਨੁਸਾਰ ਰਾਜਿਆਂ ਤੇ ਅਪ੍ਰਤੱਖ ਜਿਹਾ ਵਿਅੰਗ ਕਸਿਆ ਹੈ ਅਤੇ ਉਸ ਸਮੇਂ ਦੀ ਰਾਜਨੈਤਿਕ ਅਤੇ ਸਮਾਜਿਕ ਸਥਿਤੀ ਦਾ ਨਿਵੇਕਲੇ ਢੰਗ ਨਾਲ ਨਿਰੂਪਣ ਕੀਤਾ ਹੈ। ਗੁਰੂ ਜੀ ਅਨੁਸਾਰ ਰਾਜੇ ਤਾਂ ਹੰਕਾਰ ਵਿਚ ਮੱਤੇ ਕਿਸੇ ਨੂੰ ਨਿਵਾਜਣ ਵਿਚ ਸੰਕੋਚ ਕਰਦੇ ਹਨ

ਪਰ ਉਹ ਪ੍ਰਭੂ ਦੀਨ ਦਿਆਲ ਕਿਰਪਾ ਸਿੰਧੀ ਤਾਂ ਗਰੀਬਾਂ ਨੂੰ ਵੀ ਨਿਵਾਜ਼ਦਾ ਹੈ:

1. ਹਮਸੇ ਦੀਨ ਦਯਾਲ ਨਾ ਤੁਸਮਸਰ, ਚਰਨ ਸਰਨ ਰਵਿਦਾਸ ਚਮਈਆ।।[61]

2. ਤੁਮ ਸਰਨਾਗਤਿ ਰਾਜਾ ਰਾਮ ਚੰਦ, ਕਹਿ ਰਵਿਦਾਸ ਚਮਾਰਾ ।।[62]

3. ਕਹੈ ਰਵਿਦਾਸ ਇਸ ਨਿਨਤਿ ਹਰਿ ਸਿਉ
ਪੈਜ ਰਾਖਉ ਰਾਜਾ ਰਾਮ ਮੇਰੀ ।।[63]

ਗੁਰੂ ਜੀ ਨੇ ਪ੍ਰਭੂ ਨੂੰ ਰਾਜਾ ਰਾਮ ਕਿਹਾ ਹੈ ਇਸ ਵਿਚੋਂ ਵੀਉਨ੍ਹਾਂ ਦੇ ਵੇਲੇ ਦੀ ਸਮਾਜਿਕ ਸਥਿਤੀ ਸੰਬੰਧੀ ਭਾਵਨਾ ਉਜਾਗਰ ਹੁੰਦੀ ਹੈ। ਗੁਰੂ ਜੀ ਨੂੰ ਮੁਸਲਮਾਨ ਹਤਿਆਰਿਆਂ ਅਤੇ ਅਤਿਆਚਾਰੀਆਂ ਦੀ ਤੁਲਨਾ ਤੇ ਰਾਜਾ ਸ੍ਰੀ ਰਾਮ ਚੰਦਰ ਦੇ ਰਾਜ ਦੀ ਅਮਨ ਸ਼ਾਂਤੀ ਅਤੇ ਖੁਸ਼ਹਾਲੀ ਵਧੇਰੇ ਪ੍ਰਭਾਵਿਤ ਕਰਦੀ ਹੈ। ਅਸਲ ਵਿਚ ਹਿੰਦੂ ਸਮਰਾਜ ਪ੍ਰਤੀ ਆਦਰ ਹੀ ਇਸ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ:

ਪ੍ਰਭੂ ਦੀ ਸ਼ਰਨ ਵਿਚ ਗੁਰੂ ਰਵਿਦਾਸ ਰਾਜਿਆਂ ਅਤੇ ਸੰਸਾਰ ਦੀ ਪ੍ਰਵਾਹ ਨਹੀਂ ਕਰਦੇ। ਉਹ ਨਿਡਰ ਹੋ ਕੇ, ਬਿਨਾਂ ਕਿਸੇ ਝਿਜਕ ਦੇ ਕਹਿੰਦੇ ਹਨ:

ਏਕੁ ਮੁਕੰਦ ਕਰੇ ਵੈਰਾਗੀ, ਹਮਾਰਾ ਕਹਾ ਕਰੇ ਸੰਸਾਰੁ ।।[64]

ਗੁਰੂ ਜੀ ਨੇ ਉਸ ਵੇਲੇ ਦੇ ਹਾਕਮਾਂ ਨੂੰ ਨਿਕਾਰਿਆ ਉਨ੍ਹਾਂ ਦੇ ਛਤ੍ਰ ਦੀ ਫੋਕੀ ਸ਼ਾਨ ਨੂੰ ਵਿਅਰਥ ਦਸਿਆ। ਅਤੇ ਪਰਮਾਤਮਾ ਦੀ ਛਤਰ ਛਾਇਆ ਦੀ ਉਸਤਿਤ ਕੀਤੀ। ਉਨ੍ਹਾਂ ਨੇ ਕਿਹਾ ਕਿ ਜਿਸ ਨੂੰ ਪ੍ਰਭੂ-ਪ੍ਰੀਤ ਪ੍ਰਾਪਤ ਹੋ ਗਈ ਹੋਵੇ ਉਸਨੂੰ ਕੋਈ ਘਾਟਾ ਨਹੀਂ ਉਸ ਨੂੰ ਸੰਸਾਰਿਕ ਮਾਣ ਤਾਣ ਦੀ ਜ਼ਰੂਰਤ ਨਹੀਂ ਕਿਉਂਕਿ ਉਸਦੇ ਰਾਮ ਜੀ ਹੀ ਧਨੀ ਹਨ:

1. ਜਾਕੇ ਰਾਮ ਜੀ ਧਨੀ, ਤਾਕੋ ਕਾਹਿੰ ਕੀ ਕਮੀਂ ਹੈ।
.... ..... ....
ਜਾ ਕੀ ਪ੍ਰੀਤਿ ਨਿਰੰਤਰ ਹਰਿ ਸੌ, ਕਹੈ ਰਵਿਦਾਸ ਤਾਕੀ ਸਦਾ ਹੀ ਬਨੀ ਹੈ।[65]

2. ਐਸੀ ਲਾਲੁ ਤੁਝ ਬਿਨੁ ਕਉਨ ਕਰੈ ।।
ਗਰੀਬ ਨਿਵਾਜ ਗੁਸਈਆਂ ਮੇਰਾ
ਮਾਥੈ ਛਤ੍ਰ ਧਰੈ ।।[66]

(15) ਨਿਗਮ-ਆਗਮ ਗੁਣ:- ਸੰਤ-ਸਾਹਿਤ ਵੇਦ, ਸਮਰਿਤੀਆਂ, ਪੁਰਾਣਾਂ ਆਦਿ ਦੀ ਥਾਂ ਆਪਣੇ ਗਿਆਨ ਜਾਂ ਅਨੁਭਵ ਨੂੰ ਪ੍ਰਮਾਣ ਮੰਨਦਾ ਹੈ। ਵਧੇਰੇ ਸੰਤਾਂ ਅਤੇ ਗੁਰੂਆਂ ਨੇ ਵੇਦਾਂ, ਉਪਨਿਸ਼ਦਾਂ ਅਤੇ ਗੀਤਾ ਵਿਚਲੇ ਵਿਚਾਰਾਂ ਦਾ ਖੰਡਨ ਕੀਤਾ ਹੈ। ਜਿਥੇ ਵੈਦਿਕ ਦਰਸ਼ਨ ਜਾਂ ਭਗਵਤ ਵਿਚੋਂ ਹਵਾਲੇ

ਆਏ ਹਨ ਉਨ੍ਹਾਂ ਦੇ ਵੀ ਨਵੀਨ ਅਰਥ ਲਏ ਗਏ ਹਨ ਇਸ ਤਰ੍ਹਾਂ ਸੰਤ-ਸਾਹਿਤ ਨੂੰ ਵੈਦਿਕ ਦਰਸ਼ਨ ਨਾਲ ਨਾਤਾ ਰਖਦੇ ਹੋਏ ਨੂੰ ਵੀ ਨਿਖੇੜਨ ਦੇ ਯਤਨ ਕੀਤੇ ਜਾਂਦੇ ਹਨ। ਸਮੇਂ ਦੇ ਬੀਤਣ ਨਾਲ ਇਸ ਨੇ ਆਪਣਾ ਨਵਾਂ ਅਸਤਿਤਵ ਕਾਇਮ ਕਰ ਲਿਆ ਹੈ। ਵਿਦਵਾਨਾਂ ਨੇ ਵੀ ਇਸ ਨੂੰ ਨਵੀਂ ਉਪਜ ਸਿੱਧ ਕਰਨ ਦੇ ਅਣਥੱਕ ਯਤਨ ਕੀਤੇ ਹਨ।

ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਵੀ ਸੰਤ-ਸਾਹਿਤ ਦੀ ਤਰ੍ਹਾਂ ਹੀ ਵੈਦਿਕ ਗਿਆਨ ਅਤੇ ਵਿਚਾਰਧਾਰਾ ਮੌਜੂਦ ਹੈ ਪਰੰਤੂ ਗੁਰੂ ਜੀ ਇਸ ਤੋਂ ਇਨਕਾਰੀ ਨਹੀਂ ਹੋਏ। ਉਨ੍ਹਾਂ ਨੇ ਭਗਤੀ ਦੀ ਉਪਜ ਹੀ ਵੇਦਾਂ, ਉਪਨਿਸ਼ਦਾਂ ਪੁਰਾਣਾਂ ਅਤੇ ਭਗਵਤ ਗੀਤਾ ਤੋਂ ਮੰਨੀ ਹੈ। ਉਹ ਲਿਖਦੇ ਹਨ:

> ਵੇਦ ਤੇ ਪੁਰਾਨ ਪੁਰਾਨ ਤੇ ਭਾਗਵਤ, ਭਾਗਵਤ ਤੇ ਭਗਤਿ
> ਪ੍ਰਗਟ ਕੀਨਹੀ ॥
> ਭਗਤਿ ਤੇ ਪ੍ਰੇਮ ਪ੍ਰੇਮ ਤੇ ਲੱਛਨਾ, ਬਿਨਾ ਸਤਸੰਗ ਨਹੀਂ
> ਜਾਈ ਚੀਨਹੀ ॥[67]

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਨੇ ਸਚਾਈ ਨੂੰ ਨਿਤਾਰ ਕੇ ਰੱਖ ਦਿੱਤਾ ਹੈ। ਉਨ੍ਹਾਂ ਦੀਆਂ ਇਨ੍ਹਾਂ ਤੁੱਕਾਂ ਵਿਚ ਕਿੰਨਾ ਵਜ਼ਨ ਹੈ। ਉਨ੍ਹਾਂ ਨੇ ਅਨੁਭਵ ਦੀ ਤਕੜੀ ਤੇ ਤੋਲ ਕੇ ਵੈਦਿਕ ਸਾਹਿਤ ਦਾ ਧੜਾ ਕਰਕੇ ਮਧਕਾਲੀਨ ਸੰਤ ਸਾਹਿਤ ਨੂੰ ਜੋਖਿਆ ਹੈ। ਇਸਸੰਬੰਧ ਵਿਚ ਵੈਦਿਕ ਦਰਸ਼ਨ ਅਤੇ ਸੰਤ-ਸਾਹਿਤ ਦਾ ਮੂਲ ਵਿਦਮਾਨ ਹੈ।

ਭਗਤੀ ਬ੍ਰਹਮ ਦੀ ਖੋਜ ਹੈ। ਇਸ ਦਾ ਗਿਆਨ ਉਪਨਿਸ਼ਦ ਗਿਆਨ ਤੋਂ ਬਿਨਾਂ ਸੰਭਵ ਨਹੀਂ। ਇਸ ਤੱਥ ਵਿਚ ਵੀ ਸੋਲ੍ਹਾਂ ਆਨੇ ਸਚਾਈ ਹੈ । ਸੰਤ-ਸਾਹਿਤ ਵਿਚੋਂ ਪ੍ਰਾਪਤ ਬ੍ਰਹਮ ਦਾ ਸਰੂਪ ਉਪਨਿਸ਼ਦਾਂ ਵਿਚ ਵਰਣਨ ਸਰੂਪ ਦਾ ਹੀ ਪ੍ਰਤੀਰੂਪ ਹੈ। ਗੁਰੂ ਜੀ ਲਿਖਦੇ ਹਨ:

> ਕਹੈ ਰਵਿਦਾਸ ਅਕਥ ਕਥਾ ਉਪਨਿਸ਼ਦ ਸੁਨੀਜੈ ॥
> ਜਸ ਤੂੰ ਤਸ ਤੂੰ ਹੀ ਕਸ ਔਪਮ ਦੀਜੈ ॥[68]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਗੁਰੂ ਰਵਿਦਾਸ ਜੀ ਨਿਗਮਤਾਮਵਾਦੀ ਸੰਤ ਸਨ। ਉਨ੍ਹਾਂ ਨੇ ਸਭ ਦਰਸ਼ਨਾਂ ਨੂੰ ਇਕ ਮਾਲਾ ਵਿਚ ਪਰੋ ਕੇ ਭਗਤੀ-ਉਪਾਸਨਾ ਕੀਤੀ।

(16) <u>ਆਰਥਿਕ ਵਿਵਸਥਾ:</u> - ਗੁਰੂ ਰਵਿਦਾਸ ਜੀ ਦੇ ਸਮੇਂ ਮੁਸਲਮਾਨ ਰਾਜ ਸਥਾਪਤ ਹੋ ਰਿਹਾ ਸੀ। ਮੁਸਲਮਾਨ ਰਾਜਿਆਂ ਨੇ ਸਮਾਜ ਵਿਚ ਲੁੱਟ ਮਚਾਈ ਹੋਈ ਸੀ। ਸਮਾਜ ਦੀ ਆਰਥਕ ਹਾਲਤ ਖਰਾਬ ਹੋ ਚੁੱਕੀ ਸੀ। ਗਰੀਬੀ ਦੀਆਂ ਲਕੀਰਾਂ ਸਪਸ਼ਟ ਨਜ਼ਰ ਆਉਂਦੀਆਂ ਸਨ। ਗੁਰੂ ਰਵਿਦਾਸ ਜੀ ਉਸ ਸਮੇਂ ਦੀ ਸਮਾਜਿਕ ਸਥਿਤੀ ਤੋਂ ਜਾਣੂੰ ਸਨ। ਉਨ੍ਹਾਂ ਨੇ ਆਪਣੀ ਬਾਣੀ ਵਿਚ

ਇਕ ਕੰਜੂਸ ਮਨੁੱਖ ਦੀ ਤਸਵੀਰ ਖਿੱਚੀ ਹੈ ਜੋ ਧਨ ਦੀ ਸਹੀ ਵਰਤੋਂ ਕਰਨੀ ਨਹੀਂ ਜਾਣਦਾ। ਉਹ ਨਾ ਤਾਂ ਆਪਣੇ ਖਾਣ ਪੀਣ ਤੇ ਹੀ ਪੈਸਾ ਖਰਚਦਾ ਹੈ ਅਤੇ ਨਾ ਹੀ ਸੰਚਿਤ-ਧਨ ਦੀ ਠੀਕ ਵਰਤੋਂ ਕਰਦਾ। ਉਸ ਮਨੁੱਖ ਦੀ ਅਵਸਥਾ ਤਾਂ ਇਕ ਸੱਪ ਵਾਂਗ ਹੋ ਜਾਂਦੀ ਹੈ ਜੋ ਸਿਰ ਦੀ ਮਨੀ ਦੀ ਕੀਮਤ ਨਹੀਂ ਜਾਣਦਾ ਅਤੇ ਨਾ ਹੀ ਇਸ ਦਾ ਯੋਗ ਪ੍ਰਯੋਗ ਕਰਨਾ ਜਾਣਦਾ ਹੈ:-

> ਕਵਨ ਕਾਜ ਕਿਰਪਨ ਕੀ ਮਾਯਾ, ਕਰਤ ਫਿਰਤ ਅਪਨੀਂ ਅਪਨੀ ਹੈਂ ॥
> ਖਾਈ ਨ ਸਕੈ ਖਰਚ ਨਹਿੰ ਜਾਨੈ, ਜਿਉਂ ਭਵੰਗ ਸਿਰ ਰਹਤ ਮਨੀ ਹੈਂ ॥[69]

(17) ਜੀਵਨ ਦੀ ਤਸਵੀਰ:- ਗੁਰੂ ਰਵਿਦਾਸ ਜੀ ਨੇ ਆਪਣੇ ਸਮੇਂ ਦੇ ਚਲਦੇ ਫਿਰਦੇ ਮਨੁੱਖ ਦੀ ਤਸਵੀਰ ਵੀ ਉਲੀਕੀ ਹੈ। ਇਹ ਅੱਜ ਦੇ ਯੁਗ ਵਿਚ ਹੋਰ ਵੀ ਵਧੇਰੇ ਪ੍ਰਸੰਗਿਕ ਹੈ। ਮਨੁੱਖ ਚਾਰੇ ਪਾਸੇ ਨਠਦੇ ਨਜ਼ਰ ਆਉਂਦੇ ਹਨ। ਸਭ ਨੂੰ ਆਪੋ-ਧਾਪੀ ਪਈ ਹੋਈ ਹੈ। ਦਿਲ ਦੇ ਹਾਵ ਭਾਵ ਤਾਂ ਪਹਾੜਾਂ ਦੇ ਬਦਲਾਂ ਵਾਂਗੂੰ ਪਲਾਂ ਵਿਚ ਖਿੰਡ ਪੁੰਡ ਜਾਂਦੇ ਹਨ। ਕਈ ਹਸੂੰ ਹਸੂੰ ਚਿਹਰੇ ਦ੍ਰਿਸ਼ਟੀਗੋਚਰ ਹੁੰਦੇ ਹਨ ਅਤੇ ਕਈ ਮੂੜ ਆਫ ਹੋਏ ਨਜ਼ਰ ਆਉਂਦੇ ਹਨ। ਸਭ ਚਸਕਿਆਂ ਵਿਚ ਫਸੇ ਐਸ਼ ਦੀ ਤਲਾਸ਼ ਵਿਚ ਭਜੇ ਨਜ਼ਰ ਆਉਂਦੇ ਹਨ ਅਤੇ ਕੋਈ ਵਿਰਲਾ ਹੀ ਸਹਿਜ ਭਾਵ ਵਿਚ ਵਿਚਰਦਾ ਦ੍ਰਿਸ਼ਟੀਗਤ ਹੁੰਦਾ ਹੈ। ਇਹ ਦੌੜ ਸਮੇਂ ਦੀ ਰਫ਼ਤਾਰ ਦੀ ਦੌੜ ਨਹੀਂ ਇਹ ਤਾਂ ਕੇਵਲ ਮਨ ਦੇ ਉਤਾਵਲੇਪਨ ਦਾ ਪ੍ਰਭਾਵ ਹੈ। ਇਹ ਦੌੜ ਜੀਵਨ ਨੂੰ ਸਫਲ ਬਨਾਉਣ ਲਈ ਕੀਤੇ ਯਤਨ ਨਹੀਂ। ਇਹ ਤਾਂ ਕੇਵਲ ਮੋਹ ਮਾਇਆ ਦੀ ਖਿੱਚ ਕਾਰਨ ਹੈ। ਗੁਰੂ ਜੀ ਲਿਖਦੇ ਹਨ:-

> ਮਾਟੀ ਕਾ ਪੁਤਲਾ ਕੈਸੇ ਨਚਤੁ ਹੈ ॥
> ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤ ਹੈ ॥ ਟੇਕ ॥
> ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ, ਮਾਇਆ ਗਈ ਤਬ ਰੋਵਨ ਲਗਤ ਹੈ ॥[70]

(18) ਸਮਾਜ ਦਾ ਬਿੰਬ :- ਗੁਰੂ ਰਵਿਦਾਸ ਬਾਣੀ ਵਿਚੋਂ ਮਧਕਾਲੀਨ ਸਮਾਜ ਦਾ ਬਿੰਬ ਦ੍ਰਿਸ਼ਟੀਗੋਚਰ ਹੁੰਦਾ ਹੈ। ਵਿਸ਼ੇਸ਼ ਗੱਲ ਇਹ ਹੈ ਕਿ ਮਨੁੱਖ ਦੀਆਂ ਅੱਜ ਵੀ ਅਜਿਹੀਆਂ ਰੁਚੀਆਂ ਦਿਸਦੀ ਹਨ। ਗੁਰੂ ਰਵਿਦਾਸ ਬਾਣੀ ਵਿਚੋਂ ਦੋ ਤਰ੍ਹਾਂ ਦੇ - ਬੈਂਕੋਵਾਲਾਂ ਵਾਲੇ ਅਤੇ ਪੱਗਾਂ ਵਾਲਿਆਂ ਦਾ ਸੰਕੇਤ ਮਿਲਦਾ ਹੈ।

ਉਸ ਸਮੇਂ ਦੇ ਸਮਾਜ ਵਿਚ ਭੇਖੀ ਦਾਨੀਆਂ ਦੀ ਕਮੀ ਨਹੀਂ ਸੀ। ਲੋਕ ਸੁੰਦਰਨਾਰੀਆਂ ਨੂੰ ਗਹਿਣਿਆਂ ਸਮੇਤ ਦਾਨ ਕਰ ਦਿੰਦੇ ਸਨ। ਗੁਰੂ ਜੀ ਨੇ ਅਜਿਹੇ ਲੋਕਾਂ ਦੀ ਨਿਖੇਧੀ ਕੀਤੀ ਹੈ:

> ਜੇ ਉਹ ਅਠਸਠਿ ਤੀਰਥ ਨਹਾਵੈ, ਜੇ ਉਹੁ ਦੁਆਦਸ ਸਿਲਾ ਪੂਜਾਵੈ ॥
> ..... ..... ....
> ਜੇ ਉਹ ਗ੍ਰਹਨ ਕਰੈ ਕੁਲ ਖੇਤਿ, ਅਰਪੈ ਨਾਰਿ ਸੀਗਾਰ ਸਮੇਤਿ ॥

(19) ਗ੍ਰਿਹਸਥੀ ਜੀਵਨ ਜਾਂ ਸਮਾਜ ਵਿਚ ਕੰਵਲ ਫੁਲ ਵਤ ਰਹਿਣਾ:-

ਗੁਰੂ ਰਵਿਦਾਸ ਜੀ ਦੇ ਵਿਆਹ ਸੰਬੰਧੀ ਚਾਹੇ ਵਿਦਵਾਨ ਦੋਹਰਾ ਦ੍ਰਿਸ਼ਟੀਕੋਣ ਰਖਦੇ ਹਨ ਪਰੰਤੂ ਉਨ੍ਹਾਂ ਦੀ ਬਾਣੀ ਤੋਂ ਪ੍ਰਤੀਤ ਹੁੰਦਾ ਹੈ ਕਿ ਉਹ ਗ੍ਰਿਹਸਥੀ ਜੀਵਨ ਦੇ ਹੱਕ ਵਿਚ ਸਨ। ਭਗਤਮਾਲ ਵਿਚ ਵੀ ਉਨ੍ਹਾਂ ਦੀ ਸੰਤਾਨ ਅਤੇ ਪਤਨੀ ਲੂਨਾ ਦਾ ਵਰਣਨ ਹੈ। ਡਾ. ਬੀ.ਪੀ. ਸ਼ਰਮਾਂ ਨੇ ਵੀ ਲਿਖਿਆ ਹੈ ਕਿ ਗੁਰੂ ਰਵਿਦਾਸ ਜੀ ਦਾ ਮਨ ਕੰਮ ਵਿਚ ਨਾ ਲਗਿਆ ਵੇਖ ਉਨ੍ਹਾਂ ਨੂੰ ਇਕ ਝੌਂਪੜੀ ਵਿਚ ਅਲੱਗ ਕਰ ਦਿੱਤਾ ਗਿਆ।[72] ਉਨ੍ਹਾਂ ਦੀ ਬਾਣੀ ਵਿਚ ਵੀ ਪਰਿਵਾਰ ਅਤੇ ਘਰ ਸੰਬੰਧੀ ਸੰਕੇਤ ਮਿਲਦੇ ਹਨ:

ਜਨਮਤ ਹੀ ਹੌਂ ਬਿਗਤਾਨ ਹੌ ਕਛੂ ਬੂਝਤ ਬਹੁਰਿ ਸਯਾਨ ।।
ਪਰਿਵਾਰ ਵਿਮੁਖ ਮੋਹਿ ਲਾਗਿ ਕਛੁ ਸਮਝੂ ਪਰਤ ਨਹੀਂ ਜਾਗਿ ।।
ਅਸ ਕਹਿਯਤ ਹੂੰ ਮੈਂ ਅਜਾਨ, ਕਹੋ ਪਭੂ ਤੁਮ ਸਰਵਗਯ ਸੰਯਾਨ ।।[73]

ਘਰ ਵਿਚ ਗ੍ਰਿਹਸਥੀ ਜੀਵਨ ਬਿਤਾਉਂਦਿਆਂ ਗਰੀਬੀ ਵਾਲੀ ਦਸ਼ਾ ਦਾ ਜ਼ਿਕਰ ਵੀ ਇਸ ਗੱਲ ਦਾ ਸੂਚਕ ਹੈ:

1. ਦਾਰਿਦ ਦੇਖੀ ਸਭ ਕੋ ਹੰਸੈ, ਏਸੀ ਦਸਾ ਹਮਾਰੀ।।[74]

2. ਆਜ ਦਿਵਸ ਲੇਉਂ ਬਲਿਹਾਰਾ, ਮੇਰੇ ਗ੍ਰਿਹ ਆਯਾ
ਰਾਜਾ ਰਾਮ ਜੀ ਕਾ ਪਯਾਰਾ ।।[75]

ਗੁਰੂ ਰਵਿਦਾਸ ਜੀ ਤੋਂ ਪਹਿਲਾਂ ਨਾਥਾਂ ਜੋਗੀਆਂ ਦਾ ਸਮਾਂ ਸੀ। ਉਹ ਗ੍ਰਿਹਸਥੀ ਜੀਵਨ ਦੇ ਤਿਆਗ ਤੇ ਬੱਲ ਦਿੰਦੇ ਸਨ। ਗੁਰੂ ਰਵਿਦਾਸ ਜੀ ਨੇ ਇਸ ਦੇ ਵਿਰੋਧ ਵਿਚ ਆਵਾਜ਼ ਉਠਾਈ। ਉਹ ਲਿਖਦੇ ਹਨ:

ਭ੍ਰਮ ਇੰਦ੍ਰੀ ਨਿਗ੍ਰਹ ਕੀਯਾ, ਭ੍ਰਮ ਗੁਹਾ ਮੈਂ ਬਾਸ ।।[76]

ਗੁਰੂ ਜੀ ਨੇ ਗ੍ਰਿਹਸਥੀ ਜੀਵਨ ਬਿਤਾਉਂਦਿਆਂ ਸੰਸਾਰ ਵਿਚ ਕੰਵਲ ਫੁਲ ਦੀ ਤਰ੍ਹਾਂ ਨਿਰਲੇਪ ਰਹਿਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਅਨੁਸਾਰ ਜਿਵੇਂ ਤੂੰਬਾ ਪਾਣੀ ਵਿਚ ਤਰਦਾ ਹੈ ਤਿਵੇਂ ਹੀ ਮਨੁੱਖ ਨੂੰ ਸੰਸਾਰ ਸਾਗਰ ਵਿਚ ਮਾਧਮਿਕ ਗ੍ਰਿਹਸਥੀ ਜੀਵਨ ਬੀਤਾਉਂਦਿਆਂ ਰਹਿਣਾ ਚਾਹੀਦਾ ਹੈ। ਨਾ ਗ੍ਰਿਹਸਥੀ ਤਿਆਗਣ ਦੀ ਜ਼ਰੂਰਤ ਹੈ ਅਤੇ ਨਾ ਵਧੇਰੇ ਵਿਚ ਖਚਿਤ ਹੋਣ ਦੀ ਜ਼ਰੂਰਤ ਹੈ। ਕਠੋਪਨਿਸ਼ਦ ਵਿਚ ਵਰਣਨ ਹੈ ਕਿ ਜਿਵੇਂ ਮਨੁੱਖਾਂ ਨੂੰ ਭੋਗਾਂ ਵਿਚ ਆਸਕਤੀ ਹੁੰਦੀ ਹੈ ਉਹ ਕਲਿਆਣ-ਸਾਧਨ ਵਿਚ ਅੱਗੇ ਨਹੀਂ ਵਧ ਸਕਦੇ।[77]

1. ਜਲ ਮਹਿ ਜੈਸੇ ਤੂੰਬਾ ਤਿਰੈ ।।

ਪਰਚੈ ਪਿੰਡ ਜੀਵੈ ਨਹਿੰ ਮਰੇ ॥[78]

2. ਜਗ ਮਹਿੰ ਰਹੁਹ ਕੰਵਲ ਜਈਸੇ,
ਗੁਰਚਰਨਾਂ ਚਿਤ ਰਹਿਏ ॥[79]

ਇਸ ਤਰ੍ਹਾਂ ਗੁਰੂ ਰਵਿਦਾਸ ਜੀ ਦੀ ਬਾਣੀ ਗ੍ਰਿਹਸਥੀ ਜੀਵਨ ਦਾ ਪੱਖ ਪੂਰਦੀ ਹੈ।

ਉਪਰੋਕਤ ਸਮੁੱਚੀ ਵਿਚਾਰ ਤੋਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ 'ਸਦਾਚਾਰ' ਜੀਵ ਦੀ ਜ਼ਿੰਦਗੀ ਬਤੀਤ ਕਰਨ ਦੀ ਇਕ ਵਿਧੀ ਹੈ' ਇਹ ਵਿਧੀ ਬਹੁਤ ਸਾਰੇ ਕਰਮਾਂ ਦਾ ਸੰਗ੍ਰਹਿ ਹੈ। ਇਸ ਵਿਚ ਮਨੁੱਖ ਦੀ ਅਧਿਆਤਮਕਤਾ, ਉਸ ਦਾ ਸਮਾਜ, ਉਸ ਦਾ ਧਰਮ, ਉਸ ਦੇ ਆਲੇ ਦੁਆਲੇ ਦੀ ਆਰਥਿਕ ਅਤੇ ਰਾਜਨੀਤਕ ਅਵਸਥਾ ਸਾਰੇ ਹੀ ਅੰਤਰਨਿਹਤ ਹਨ, ਮੱਧਕਾਲੀਨ ਭਗਤੀ ਸਾਧਨਾ, ਜਿਹੜੀ ਕਿ ਇਕ ਜਨਤਕ ਲਹਿਰ ਦੇ ਰੂਪ ਵਿਚ ਉਭਰ ਕੇ ਸਮਾਜ ਦੇ ਸਾਹਮਣੇ ਆਈ, ਭਾਵੇਂ ਮੂਲ ਰੂਪ ਵਿਚ ਇਹ ਲਹਿਰ ਅਧਿਆਤਮ-ਖੇਤਰ ਵਿਚ ਵਿਅਕਤੀਗਤ ਮਨੁੱਖੀ ਆਤਮਾ ਦੀ ਉਨਤੀ ਦਾ ਨਾਲ ਸੰਬੰਧਿਤ ਸੀ ਪਰ ਵਿਅਕਤੀਗਤ ਆਤਮਿਕ ਉਨਤੀ ਦਾ ਸੰਪਰਕ ਉਸਦੇ ਵਾਤਾਵਰਨ ਅਥਵਾ ਆਲੇ ਦੁਆਲੇ ਨਾਲ ਜੁੜਿਆ ਹੋਇਆ ਹੈ। ਇਸ ਲਈ ਇਸ ਲਹਿਰ ਦਾ ਸਦਾਚਾਰਕ ਪੱਖ ਮਨੁੱਖ ਨੂੰ ਤਿਆਗੀ ਅਥਵਾ ਸੰਨਿਆਸੀ ਨਹੀਂ ਬਣਾਉਂਦਾ ਸਗੋਂ ਸਮਾਜਿਕ ਜੀਵਨ ਨਾਲ ਇਸ ਦੀ ਇਕ ਸਚੀ ਤੇ ਸੁਚੀ ਸਾਂਝ ਸਥਾਪਿਤ ਕਰਦਾ ਹੈ। ਦੂਸਰੇ ਸ਼ਬਦਾਂ ਵਿਚ ਗੁਰੂ ਰਵਿਦਾਸ ਬਾਣੀ ਦਾ ਸਦਾਚਾਰਕ ਪੱਖ ਮਨੁੱਖ ਨੂੰ ਸਮਾਜ ਤੋਂ ਭਾਂਜਵਾਦੀ ਰੁਚੀਆਂ ਦਾ ਧਾਰਨੀ ਨਹੀਂ ਬਨਾਉਂਦਾ ਸਗੋਂ ਸਮਾਜ ਵਿਚ ਰਹਿ ਕੇ ਕੰਵਲ ਫੁਲ ਦੀ ਨਿਆਂਈ ਉਚੇ ਸੁਚੇ ਸਦਾਚਾਰ ਦਾ ਧਾਰਨੀ ਹੋ ਕੇ ਆਤਮਿਕ ਵਿਕਾਸ ਦਾ ਰਸਤਾ ਦਸਦਾ ਹੈ।

ਪਰੰਪਰਾਗਤ ਭਾਰਤੀ ਸਦਾਚਾਰ ਦੇ ਅੰਤਰਗਤ ਚਿੰਤਕਾਂ ਨੇ ਅੰਤਰਮੁਖੀ ਅਤੇ ਬਾਹਰਮੁਖੀ ਦੋ ਤਰ੍ਹਾਂ ਦੇ ਸਦਾਚਾਰਾਂ ਦਾ ਉਲੇਖ ਕੀਤਾ ਹੈ । ਗੁਰੂ ਜੀ ਦੀ ਬਾਣੀ ਵਿਚ ਦੋਹਾਂ ਤਰ੍ਹਾਂ ਦੇ ਸਦਾਚਾਰਾਂ ਦਾ ਬਿਆਨ ਪ੍ਰਾਪਤ ਹੈ। ਗੁਰੂ ਜੀ ਦੀ ਬਾਣੀ ਦੇ ਸਦਾਚਾਰਕ ਪੱਖ ਦੀ ਮਹਾਨਤਾ ਇਸ ਗੱਲ ਵਿਚ ਹੈ ਕਿ ਇਸ ਜੀਵ ਨੂੰ ਸਮਾਜ ਨਾਲ ਜੋੜਦਾ ਹੈ। ਇਹ ਜਿਤਨਾ ਅੰਤਰਮੁਖੀ ਹੈ ਉਤਨਾ ਹੀ ਬਾਹਰਮੁਖੀ ਅਧਿਆਤਮਕ ਸਦਾਚਾਰ ਦੇ ਅੰਤਰਗਤ ਗੁਰੂ ਜੀ ਸੱਚ, ਨਿਮਰਤਾ, ਦਯਾ, ਸਤਿ ਕਰਮ, ਨਿਸ਼ਕਾਮ ਭਗਤੀ ਸਤਿ ਸੰਗਤ, ਸੰਜਮ, ਅਹਿੰਸਾ ਪੰਚ ਵਿਕਾਰਾਂ ਆਦਿ ਤੋਂ ਬਚਣਾ ਅਤੇ ਸਮਾਜਿਕ ਸਦਾਚਾਰ ਦੇ ਅੰਤਰਗਤ ਜਾਤ ਪਾਤ ਦਾ ਖੰਡਨ, ਸੁਕ੍ਰਿਤ ਕਰਨੀ, ਵਿਸ਼ਿਆਂ ਦਾ ਤਿਆਗ ਕਥਨੀ ਤੇ ਕਰਨੀ ਦੀ ਏਕਤਾ, ਜਾਤੀ ਰਹਿਤ ਸਮਾਜ ਦੀ ਸਿਰਜਨਾਂ, ਸਮਾਜਿਕ ਸੇਵਾ ਦੇ ਚਿੰਤਨ ਨੂੰ ਉਤਸਾਹਿਤ ਕਰਨਾ ਅਤੇ ਔਰਤ ਪ੍ਰਤੀ ਸਤਿਕਾਰਭਾਵਨਾ ਵਾਲਾ ਦ੍ਰਿਸ਼ਟੀਕੋਣ ਅਪਣਾਉਂਦਿਆਂ ਆਉਦੇ ਹਨ। ਗੁਰੂ ਜੀ ਇਨ੍ਹਾਂ ਸਾਰੇ ਪੱਖਾਂ ਦੀ ਵਿਆਖਿਆ ਦੋਹਰੇ ਰੂਪ ਵਿਚ ਕਰਦੇ ਹਨ। ਇਕ ਪਾਸੇ ਨਾਮ

ਸਿਮਰਨ ਵਿਚ ਸੁਰਤ ਜੋੜ ਕੇ ਉਚੀ ਆਤਮਿਕ ਅਵਸਥਾ ਪ੍ਰਾਪਤ ਕਰਨ ਦੀ ਪੇਰਨਾ ਦਿੰਦੇ ਹਨ ਅਤੇ ਦੂਜੇ ਪਾਸੇ ਸਮਾਜ ਦੀ ਸੇਵਾ ਕਰਕੇ ਸਮਾਜ ਵਿਚੋਂ ਉਚ ਨੀਚ, ਜਾਤ ਪਾਤ ਦੇ ਭੇਦ ਭਾਵ ਖਤਮ ਕਰਨ ਲਈ ਉਤਸਾਹਿਤ ਕਰਦੇ ਹਨ। ਭਾਵ ਇਹ ਹੋਇਆ ਕਿ ਗੁਰੂ ਜੀ ਦੀ ਬਾਣੀ ਦਾ ਸਦਾਚਾਰਕ ਪੱਖ ਵਿਅਕਤੀਗਤ ਓਚਤਾ ਦਾ ਧਾਰਨੀ ਵੀ ਹੈ ਅਤੇ ਸਮੂਹਿਕ ਉਨਤੀ ਵਾਲਾ ਵੀ ਹੈ। ਇਸ ਲਈ ਉਹ ਆਪਣੀ ਬਾਣੀ ਵਿਚ ਆਪਣੀ ਵਿਚਾਰਾਂ ਨੂੰ ਅਜਿਹੀ ਸਮੱਗਰੀ ਦੁਆਰਾ ਪ੍ਰਸਤੁਤ ਕਰਦੇ ਹਨ ਅਜਿਹੇ ਬਿੰਬ, ਅਲੰਕਾਰ, ਅਥਵਾ ਉਪਮਾ ਦੀ ਵਰਤੋਂ ਕਰਦੇ ਹਨ ਜਿਹੜੀ ਨਿਤ ਦੇ ਮਨੁੱਖੀ ਜੀਵਨ ਵਿਚ ਆਮ ਦੇਖੇ ਜਾਂਦੇ ਹਨ। ਇਹ ਸਮਗਰੀ ਹੀ ਕਿਸੇ ਕਾਵਿ ਦੀ ਕਲਾ ਦਾ ਆਧਾਰ ਬਣਦੀ ਹੈ ਜਿਸ ਦਾ ਵਿਸਥਾਰਸਹਿਤ ਵਰਣਨ ਅਗਲੇ ਅਧਿਆਇ ਵਿਚ ਕੀਤਾ ਜਾਵੇਗਾ ।

***

1. Hindu Philosophers have discussed Ethics both from subjective or Personal and from the objective or social stand point. Subjective Ethics emphasized personal disciplines. Its purpose is the individuals purification of mind leading to his attainment of the highest goal which transcends and fulfils all relative values. Objective ethics deal with social welfare. It is based upon the Hindu conception of Dharma or duty, determined by Man's position in society and his stage of life and also upon certain Universal duties common to all human beings. But sockal ethics, too ultimately helps the individual to attain the knowledge of the self God."

.... Encyclopaedia of Morals, Page 213. Edited by Vergilius Ferm, Philosophical Liberary, New York- 1956.

2. The Ethical theories of the Hindus are derived from certain Meta physical concept laid down in the Upanishads, which contain the philosophy of Vedas and also from other subsidiary scriptures based upon the vedic teachings.

---- Ibid, Page 214

3. Ethics is the science of morality of conduct. It deals with righteness and wrongesss of action. It deals with moral good and evil. It deals with merit and demerit of moral agents doing right and wrong action. It deals with rights duties and virtues of persons in society. It deals with freedom and responsibility of persons. It deals with these fundamental moral concepts involved in moral consciousness. The notions of right and good are the most fundamental of all moral concepts."

--- A Manual of Ethics, P. age 45,
J.N.Sinha, Sinha Publishing House S.R,Dass Road Calcutta, 9th Edition, -1969

4. Life as a value 2.Consciousness as a value 3.Activity as a value 4.Suffeing as a value 5.Strength as value 6. freedom of the will as value 7.Foresight as a value ~~xxxx~~ 8.purposive-efficiency as a value."

--- Ethics by Nicolai Hartman Vol.II page 131-151 Moral Values London george Allen Unwib,Ltd.1932

5. Insterest in welfare, of others, 2.positive contents and creative spontaneity, 3.Antinomical relation to Justice, 4.Resentment, false loves pity, 5.Emotional Transcendence of the sphere of self 6.The apriovism and Mataphysic of Brotherly love 7.The Autonomy of the moral value, is brotherly love."

Ibid - (.267-278

6. Eastern metaphysics has always used the language of Self realization" ... Upanishadic thought insists that it is only the Atman ( the real-self) that centre realized not the ordinary emperical self".

-- Ethics and Modern World, P. 128, Mayer & Ross

7. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ 37

8. ਰਿਗਵੇਦ 1/15/6, 1/94/9

9. ਰਿਗ ਵੇਦ 4/5/5

10. ਸਤਪਥ ਬ੍ਰਾਹਮਣ 2/5/2/20

11. ਮੁੰਡੋਕਪਨਿਸ਼ਦ 2,1

12. ਸ਼ਵੇਤਤਾਸ਼ਵਤਰੋਪਨਿਸ਼ਦ 1,

13. ਉਮੇਸ਼ ਮਿਸ਼ਰ, ਭਾਰਤੀਯ ਦਰਸ਼ਨ, ਪੰਨਾ 133

14. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (88)

15. ਆਦਿ ਗ੍ਰੰਥ, ਮਹਲਾ 1, ਪੰਨਾ 62

16. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (51)

17. ਰਿਗਵੇਦ 1/8/8, 1/23/9

18. ਤੈਤਰੀਯ ਉਪਨਿਸ਼ਦ 2.1.2

19. ਗੀਤਾ 9/19

20. ਪਦ (71) ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ(71)

21. ਉਪਰੋਕਤ (115)

22. " ( 137)

23. " ( 72)

24. " ( 23)

25. " ( 55)

26. ਸਾਖੀ ( 23)

27. " (80)

28. " (106)

29. " ( 135)

30. " (138)

31. ਸਾਖੀ ( 25)

32. ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ, ਯੁਗ ਪ੍ਰਵਰਤਕ ਸੰਤ ਗੁਰ ਰਵਿਦਾਸ, ਪੰਨਾ 108

33. ਉਹੀ, ਰਵਿਦਾਸ ਦਰਸ਼ਨ, ਓਹਾ ਏ

34. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਸਾਖੀ (41,36,37)

35. ਉਹੀ, ਰਾਗ ਧਨਾਸਰੀ, ਪਦ ( 110)

36. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ 100

37. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (18)

38. ਪਦ (4)

39. ਪਦ(18)

40. ਪਦ (172)

41. ਡਾ. ਰਾਧਾ ਕ੍ਰਿਸ਼ਨਨ, ਉਪਨਿਸ਼ਦੋਂ ਕੀ ਭੂਮਿਕਾ, ਪੰਨਾ 11115

42. ਅਨੁਵਾਦਕ, ਰਾਮ ਨਾਥ ਸ਼ਾਸਤਰੀ, ਦੂਸਰਾ ਸੰਸਕਰਣ, 471

42. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (93)

43. ਡਾ. ਬੀ ਪੀ ਸ਼ਰਮਾ, ' ਸੰਤ ਰਵਿਦਾਸ ਬਾਣੀ, ਪਦ (152)

44. ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ, ਰਵਿਦਾਸ ਦਰਸ਼ਨ ਸਾਖੀ, 40

45. ਡਾ ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ , ਪਦ (86)

46. ਉਪਨਿਸ਼ਦ ( 126)

47. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਕੀ ਭਗਤੀ ਸਾਧਨਾ, ਪੰਨਾ 83

48. ਉਹੀ, ਸੰਤ ਰਵਿਦਾਸ ਬਾਣੀ ਪਦ (130)

49 ਉਹੀ, ਉਹੀ ਪਦ (130)

50. ਉਹੀ, ਉਹੀ, ਪਦ (100)

51. ਉਹੀ, ਉਹੀ, ਪਦ (1 74)

52. ਉਹੀ, ਉਹੀ, ਪਦ (175)

53. ਉਹੀ, ਉਹੀ, ਪਦ (110)

54. ਸੁਖਮਨੀ ਸਾਹਿਬ, ਸਲੋਕ 1, ਅਸ਼ਟਪਦੀ ( 13)

55. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ( 130)

56. ਸ੍ਰੀ ਰਾਮਾਨੁਜ ਭਾਸ਼ਯ, ਸ੍ਰੀ ਮਦਭਗਵਦ ਗੀਤਾ, ਪੰਨਾ 323, 10/45

57. ਉਹੀ, ਪੰਨਾ 322 10/45

58. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ ਪਦ (5)

59. ਉਹੀ, ਪਦ (16)

60. ਡਾ. ਧਰਮਪਾਲ ਸਿੰਗਲ, ਸ੍ਰੀ ਗੁਰ ਰਵਿਦਾਸ ਬਾਣੀ, ਪਦ (136)

61. ਡਾ ਬੀ ਪੀ ਸ਼ਰਮਾ, ( 55)

62. ਉਹੀ, ਪਦ (115)

63. ਉਹੀ, ( 144)

64. ਉਹੀ, ( 50)

65. ਗੀਤਾ 3/22

66. ਰਿਗਵੇਦ 1/115/6, 1,902 ਆਦਿ

67. ਕਠੋਪਨਿਸ਼ਦ, 1.2. 2-3

68. ਕੋਸ਼ੀਤਕੀ ਉਪਨਿਸ਼ਦ 3.8

69. ਸ਼ਵੇਤਾਸ਼ਵਤਰੋਪਨਿਸ਼ਦ 6.11.12., 4; 5.5.

70. ਡਾ ਰਾਧਾ ਕਿਸ਼ਨਨ, ਉਪਨਿਸ਼ਦੋਂ ਕੀ ਭੂਮਿਕਾ, ਪੰਨਾ 112

71. ਡਾ. ਬੀ ਪੀ ਸ਼ਰਮਾ, ਪਦ (37)

72. ਉਹੀ ( 80)

73. ਉਹੀ, ( 25)

74. ਉਹੀ, ( 1 )

75. ਉਹੀ, (4)

76. ਬੀ. ਬੀ ਪੀ ਸ਼ਰਮਾ ( 102)

77. ਡਾ. ਧਰਮਪਾਲ ਸਿੰਗ, ਗੁਰੂ ਰਵਿ ਦਾਸ ਬਾਣੀ (134)

78. ਕਠੋਪਨਿਸ਼ਦ, 2.1,1

79. ਬ੍ਰਿਹਦਾਰਣਾਂਸਕ ਉਪਨਿਸ਼ਦ 5.2

80. ਡਾ. ਰਾਧਾ ਕਿਸ਼ਨਨ, ਉਪਨਿਸ਼ਦੋਂ ਕੀ ਭੂਮਿਕਾ, ਪੰਨਾ 12-13

81. ਬ੍ਰਹਮਪੁਰਾਣ 235, 40-42

82. ਡਾ ਬੀ ਪੀ ਸ਼ਰਮਾ; (170)

83. ਉਹੀ ( 150)

84. ਉਹੀ ( 145)

85. ਉਹੀ ( [illegible])( 171)

86. ਆਨੰਦ ਸਾਹਿਬ, 118/1
87. ਡਾ. ਰਾਧਾ ਕ੍ਰਿਸ਼ਨਨ, ਉਪਨਿਸ਼ਦੋਂ ਕੀ ਭੂਮਿਕਾ, ਪੰਨਾ 115
88. ਗੀਤਾ, 13/7
89. ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ, ਰਵਿਦਾਸ ਦਰਸ਼ਨ, ਸਾਖੀ 182,186,ਪੰਨਾ 182
90. ਰਿਗਵੇਦ 1/14/9, 1/902
91. ਗੀਤਾ 16/21
92. ਗੀਤਾ 2/62-63
93. ਗੀਤਾ 3/38
94. ਡਾ. ਪ੍ਰੇਮ ਪ੍ਰਕਾਸ਼ ਸਿੰਘ, ਗੁਰੂ ਨਾਨਕ ਤੇ ਨਿਰਗੁਣ ਧਾਰਾ, ਪੰਨਾ 237
95. ਡਾ. ਬੀ ਪੀ ਸ਼ਰਮਾ(143)
96. ਉਹੀ ( 100)
97. ਉਹੀ ( 141,(101)
98. ਗੀਤਾ 2/26-63
99. ਬ੍ਰਹਮ ਪੁਰਾਣ, 235/40
100. ਡਾ. ਬੀ ਪੀ ਸ਼ਰਮਾ (77)
101. ਉਹੀ, (14)
102. ਮਹਾਂਭਾਰਤ, ਉਦਯੋਗ ਪਰਵ 81-18
103. ਗੀਤਾ 2/70
104. ਸੰਤ ਰਵਿਦਾਸ ਬਾਣੀ ਪਦ(73)
105. ਉਹੀ (22)
106. ਉਹੀ (23)
107. ਉਹੀ ( 23)
108. ਉਹੀ (48)
109. ਉਹੀ (174)
110. ਉਹੀ (101)
111. ਉਹੀ ( 120)
112. ਉਹੀ ( 174)
113. ਉਹੀ ( 173)

114. ਸੰਤ ਰਵਿਦਾਸ ਬਾਣੀ, ਪਦ (100)

115. ਉਹੀ (26)

116. ਉਹੀ (59)

***

## ਸਦਾਚਾਰ ਦਾ ਸਮਾਜਿਕ ਪੱਖ

1. ਐਨਸਾਈਕਲੋਪੀਡੀਆ ਆਫ਼ ਰਿਲਿਜਨ ਐਂਡ ਐਥਿਕਸ, ਭਾਗ 10, ਪੰਨਾ 313
2. ਮੰਨੂ ਸਿਮਰਤੀ 43,103
3. ਕਠੋਪਨਿਸ਼ਦ, 2.1.14
4. ਵਿਸ਼ੰਭਰਨਾਥ, ਹਿੰਦੀ ਸਾਹਿਤ ਕੀ ਦਾਰਸ਼ਨਿਕ ਪ੍ਰਿਸ਼ਠਭੂਮੀ, ਪੰਨਾ 46
5. ਆਚਾਰਯ ਹਜ਼ਾਰੀ ਪ੍ਰਸਾਦ ਦ੍ਵਿਵੇਦੀ, ਹਿੰਦੀ ਸਾਹਿਤ ਕਾ ਆਦਿ ਕਾਲ, ਪੰਨਾ 45-46
6. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, ਪਦ (128)
7. ਉਹੀ, ਪਦ (45)
8. ਉਹੀ, ਪਦ (44)
9. ਉਹੀ, ਪਦ (61)
10. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਕੀ ਭਕਤੀ ਸਾਧਨਾ, ਪੰਨਾ 31
11. ਉਹੀ, ਸੰਤ ਰਵਿਦਾਸ ਬਾਣੀ, ਪਦ(118)
12. ਉਹੀ ਪਦ(125)
13. ਉਹੀ, ਪਦ(51)
14. ਡਾ. ਪਦਮ ਗੁਰਚਰਨ ਸਿੰਘ, ਸੰਤ ਰਵਿਦਾਸ ਵਿਚਾਰਕ ਔਰ ਕਵੀ, ਪੰਨਾ 132
15. ਪੰਜਾਬੀ ਦੁਨੀਆਂ, ਗੁਰੂ ਰਵਿਦਾਸ ਵਿਸ਼ੇਸ਼ ਅੰਕ, ਪੰਨਾ 36
16. ਉਹੀ, ਪੰਨਾ 37
17. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, ਪਦ (51)
18. ਰਾਗ ਸੁਰਠਿ, ਗੁਰੂ ਗ੍ਰੰਥ ਸਾਹਿਬ, ਪੰਨਾ 659
19. ਆਚਾਰਯ ਪ੍ਰਿਥਵੀ ਸਿੰਘ ਆਜ਼ਾਦ, ਯੁਗ ਪ੍ਰਵਰਤਕ ਸੰਤ ਗੁਰੂ ਰਵਿਦਾਸ, ਪੰਨਾ 110
20. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, ਪਦ( 35)
21. ਪੰਜਾਬੀ ਦੁਨੀਆਂ, ਗੁਰੂ ਰਵਿਦਾਸ ਵਿਸ਼ੇਸ਼ ਅੰਕ, ਪੰਨਾ 15-17
22. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, ਪਦ (35)
23. ਵਿਦਿਆਨਾਥ ਗੁਪਤ, ਹਿੰਦੀ ਕਵਿਤਾ ਮੇਂ ਰਾਸ਼ਟਰੀਯ ਭਾਵਨਾ, ਪੰਨਾ 116
24. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, ਪਦ (128)
25. ਉਹੀ, ( 5)
26. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ, ਰਵਿਦਾਸ, ਪੰਨਾ 102

27. ਰਾਗ ਆਸਾ, ਗੁਰੂ ਗ੍ਰੰਥ ਸਾਹਿਬ, ਪੰਨਾ 356
28. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (48)
29. ਉਹੀ, ਪਦ (88)
30. ਉਹੀ, ਪਦ(51)
31. ਉਹੀ, ਪਦ (86)
32. ਤੈਤਰੀਯ ਉਪਨਿਸ਼ਦ, 1.11.3
33. ਗੀਤਾ 3/13.
34. ਗੀਤਾ ਰਾਮਾਨੁਜ ਭਾਸ਼ਯ 10/4-5
35. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ ਪਦ (100)
36. ਉਹੀ, (36)
37. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ ਦੀ, ਪਦ (110)
38. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ ਪਦ (123)
39. ਆਚਾਰਯ ਪ੍ਰਿਥਵੀ ਸਿੰਘ ਆਜ਼ਾਦ, ਰਵਿਦਾਸ ਦਰਸ਼ਨ, ਪੰਨਾ 161
40. ਡਾ. ਬੀ. ਪੀ. ਸ਼ਰਮਾ, ਸੰਤ ਰਵਿਦਾਸ ਬਾਣੀ ਪਦ (101).
41. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ ਪਦ (126)
42. ਉਹੀ, ਪਦ (64)
43. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ ( 72)
44. ਉਹੀ, ਪਦ (134)
45. ਉਹੀ, ਪਦ (6)
46. ਉਹੀ, ਪਦ (5)
47. ਆਦਿ ਗ੍ਰੰਥ ਸਾਹਿਬ, ਬਸੰਤ ਬਾਣੀ ਰਵਿਦਾਸ ਜੀ ਦੀ, ਪੰਨਾ 1196
48. ਐਤਰੀਯ ਬ੍ਰਾਹਮਣ 7/13/7.
49. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (123)
50. ਡਾ. ਮਹਿੰਦਰ ਕੌਰ ਗਿੱਲ, ਲੇਖ ਸੰਤ ਸਾਹਿਤ ਵਿਚ ਨਾਰੀ ਦਾ ਸਰੂਪ, ਪੰਨਾ 2
51. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (122)
52. ਕਬੀਰ ਗ੍ਰੰਥਾਵਲੀ, ਪ੍ਰਕਾਸ਼ਨ ਕੇਂਦਰ ਲਖਨਊ, ਪੰਨਾ 200
53. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ ਪਦ (154)
54. ਉਹੀ, ਪਦ (90 )

55. ਉਹੀ, ਪਦ (152)
56. ਉਹੀ, ਪਦ (86)
57. ਉਹੀ, ਪੰਨਾ 65
58. ਡਾ. ਬੀ ਪੀ ਸੁਰਮਾ, ਭਗਤ ਰਤਨਾਵਲੀ, ਪੰਨਾ 25
59. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ (128)
60. ਉਹੀ, ਪਦ (154)
61. ਉਹੀ, ਪਦ (102)
62. ਉਹੀ, ਪਦ (111)
63. ਉਹੀ, ਪਦ (102)
64. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ ਪਦ (125)
65. ਉਪਰੋਕਤ ਪਦ (127)
66. ਉਹੀ, ਪਦ (118)
67. ਉਹੀ, ਪਦ (134)
68. ਉਹੀ, ਪਦ (21)
69. ਉਹੀ, ਪਦ (127)
70. ਉਹੀ, ਪਦ ( 121)
71. ਉਹੀ, ਪਦ (122)
72. ਉਹੀ, ਪੰਨਾ 31
73. ਉਹੀ, ਪਦ (20)
74. ਉਹੀ, ਪਦ (119)
75. ਉਹੀ, ਪਦ (89)
76. ਉਹੀ, ਪਦ (7)
77. ਕਠੋਪਨਿਸ਼ਦ, 2.4
78. ਉਹੀ, ਪਦ (3)
79. ਉਹੀ, ਪਦ (165)

***

ਅਧਿਆਇ ਛੇਵਾਂ :

## ਕਾਵਿ - ਕਲਾ

ਵਿਸ਼ਾ ਪੱਖ

ਭਾਸ਼ਾ

ਅਲੰਕਾਰ

ਕਾਵਿਰਸ

ਮਿਥਿਹਾਸਕ ਹਵਾਲੇ

ਇਤਿਹਾਸਕ ਹਵਾਲੇ

ਸ਼ੈਲੀ

ਪੈਰ ਟਿੱਪਣੀਆਂ ਤੇ ਹਵਾਲੇ

****
***
**
**

ਅਧਿਆਤਮਿਕ ਮੰਡਲਾਂ ਵਿਚ ਪਹੁੰਚ ਚੁੱਕੇ ਸੰਤਾਂ, ਭਗਤਾਂ ਅਤੇ ਸਾਧਕਾਂ ਦੇ ਵਲਵਲੇ ਦਿਲ-ਦਰਿਆ ਵਿਚ ਕਾਂਗਾ ਲੈ ਆਉਂਦੇ ਹਨ। ਜਿਸ ਨਾਲ ਸੱਚੇ ਅਨੁਭਵਾਂ ਅਤੇ ਡੂੰਘੇ ਵਿਚਾਰਾਂ ਦੀਆਂ ਤਰੰਗਾਂ ਨਿਰੰਤਰ ਪ੍ਰਵਾਹਮਾਨ ਰਹਿੰਦੀਆਂ ਹਨ। ਚਾਹੇ ਅਜਿਹੀਆਂ ਬ੍ਰਹਮ-ਅਨੁਭੂਤੀਆਂ ਪਰਮਤਤ ਦੀ ਤਰ੍ਹਾਂ ਅਨਿਰਵਚਨੀਯ ਹੁੰਦੀਆਂ ਹਨ ਅਤੇ ਭਗਤੀ ਸਮਝਣ ਸਮਝਾਉਣ ਦਾ ਵਿਸ਼ਾ ਨਹੀਂ, ਫਿਰ ਵੀ ਕੁਦਰਤੀ ਤੌਰ ਤੇ ਸਾਧਕ ਬ੍ਰਹਮਾਨੰਦ ਨੂੰ ਆਪਣੇ ਤਕ ਸੀਮਤ ਨਹੀਂ ਰਖ ਸਕਦਾ ਉਸਦੇ ਧੁਰ ਅੰਦਰੋਂ ਕਾਵਿ-ਝਰਨਾ ਫੁੱਟ ਨਿਕਲਦਾ ਹੈ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਉਧਾਰਕ ਸਿੱਧ ਹੁੰਦਾ ਹੈ। ਕਾਵਿ ਹੀ ਸੱਚ ਦੇ ਪ੍ਰਗਟਾਉ ਦਾ ਇਕ ਸਰਵੋਤਮ ਸਾਧਨ ਹੈ ਕਿਉਂਕਿ ਇਸ ਵਿਚ ਪ੍ਰਭੂ ਭਗਤੀ ਦੇ ਰਾਗਾਤਮਕ, ਸੁਹਜ ਅਤੇ ਸੰਗੀਤਕ ਅੰਸ਼ ਸੁੱਤੇ -ਸਿੱਧ ਹੀ ਮਿਲ ਜਾਂਦੇ ਹਨ। ਇਸ ਲਈ ਕਾਵਿ -ਆਨੰਦ ਨੂੰ ਬ੍ਰਹਮਾਨੰਦ-ਸਹੋਦਰ ਕਿਹਾ ਜਾਂਦਾ ਹੈ। ਅਤੇ ਇਸ ਕਰਕੇ ਹੀ ਸੰਤਾਂ ਨੇ ਆਪਣੀ ਬਾਣੀ ਨੂੰ ਕਾਵਿ ਰਾਹੀਂ ਪ੍ਰਗਟਾਇਆ ਹੈ।

ਗੁਰੂ ਰਵਿਦਾਸ ਬਾਣੀ ਦਾ ਕਲਾ-ਪੱਖ ਵੀ ਇਸ ਦੇ ਵਿਸ਼ੇ ਜਿੰਨਾ ਹੀ ਮਹੱਤਵਪੂਰਨ ਅਤੇ ਪ੍ਰਭਾਵਸ਼ਾਲੀ ਹੈ। ਅਸਲ ਵਿਚ ਬਲਵਾਨ ਵਿਸ਼ੇ-ਵਸਤੂ ਨੂੰ ਸੰਭਾਲਣ ਲਈ ਸ਼ਕਤੀਸ਼ਾਲੀ ਅਭਿਵਿਅਕਤੀ ਦੀ ਲੋੜ ਹੁੰਦੀ ਹੈ ਪਰ ਗੁਰੂ ਰਵਿਦਾਸ ਜੀ ਨੇ ਵੀ ਬਾਕੀ ਸੰਤਾਂ ਦੀ ਤਰ੍ਹਾਂ ਆਪਣੀ ਅਭਿਵਿਅਕਤੀ ਲਈ ਵਿਸ਼ੇਸ਼ ਰੂਪ ਵਿਚ ਸ਼ਾਸਤਰੀ ਨਿਯਮਾਂ ਜਾਂ ਪਿੰਗਲ ਦੀ ਵਰਤੋਂ ਵਲ ਧਿਆਨ ਨਹੀਂ ਦਿੱਤਾ ਸਗੋਂ ਸੁੱਤੇ-ਸਿੱਧ ਹੀ ਅਨੁਭਵ ਦੀ ਪੱਧਰ ਤੇ ਉਨ੍ਹਾਂ ਦੀ ਬਾਣੀ ਵਿਚ ਬਹੁਤ ਸਾਰੇ ਅਜਿਹੇ ਕਲਾਤਮਕ ਤੱਤ ਪ੍ਰਵੇਸ਼ ਕਰ ਗਏ ਹਨ ਜਿਹੜੇ ਸ਼ਾਸਤਰ -ਆਚਾਰੀਆਂ ਨੂੰ ਹੈਰਾਨ ਕਰਨ ਦੀ ਸਮਰਥਾ ਰਖਦੇ ਹਨ।

ਮੱਧਕਾਲੀਨ ਭਾਰਤੀ ਲਹਿਰ ਅਸਲ ਵਿਚ ਇਕ ਜਨਤਕ ਲਹਿਰ ਸੀ ਅਤੇ ਸਮਾਜਿਕ -ਸਭਿਆਚਾਰਕ ਪੁਨਰ -ਸਿਰਜਨਾਂ ਦੀ ਲਹਿਰ ਸੀ ਇਸ ਲਈ ਇਸਦੇ ਮੋਢੀਆਂ ਨੇ ਅਧਿਆਤਮਿਕ ਮੰਡਲਾਂ ਵਿਚੋਂ ਪ੍ਰਾਪਤ ਗਿਆਨ ਨੂੰ ਜਨ-ਸਾਧਾਰਨ ਨਾਲ ਸਾਂਝਾ ਕਰਨ ਲਈ ਬਾਣੀ ਰਚੀ ਅਤੇ ਉਸ ਵਿਚ ਕਾਵਿ-ਵਿਸ਼ੇਸ਼ਤਾਵਾਂ ਆਪ-ਮੁਹਾਰੇ ਹੀ ਆ ਗਈਆਂ ਹਨ।

ਗੁਰੂ ਰਵਿਦਾਸ ਜੀ ਮੂਲ ਰੂਪ ਵਿਚ ਪਰਮਾਤਮਾਂ ਦੇ ਭਗਤ ਅਤੇ ਅਨੁਭੂਤੀਸ਼ੀਲ ਸੰਤ ਸਨ। ਉਨ੍ਹਾਂ ਦਾ ਮਨੋਰਥ ਦੁਰਲਭ ਜੀਵਨ ਨੂੰ ਪ੍ਰਭੂ ਦੇ ਲੇਖੇ ਲਾਉਣਾ ਸੀ ਅਤੇ ਜਨ-ਸਾਧਾਰਨ ਅਤੇ ਤ੍ਰਿਸਕਾਰੇ ਦੁਰਕਾਰੇ ਹੋਏ ਲੋਕਾਂ ਨੂੰ ਅਸਲੀ ਜੀਵਨ ਉਦੇਸ਼ ਸੰਬੰਧੀ ਜਾਣੂੰ ਕਰਵਾਉਣਾ ਸੀ ਤਾਂ ਕਿ ਉਹ 'ਜੀਵਨ ਮੁਕਤੀ ਨਿਧੀ ਕਾਸੀ' ਪ੍ਰਾਪਤ ਕਰ ਸਕਣ। ਇਸ ਲਈ ਉਨ੍ਹਾਂ ਨੇ ਬਾਣੀ ਨੂੰ ਸਥਾਨਿਕ ਰੰਗ ਵਿਚ ਰੰਗਿਆ ਤਾਂ ਜੋ ਇਹ ਜਨ-ਸਾਧਾਰਨ ਲਈ ਪੂਰੀ ਤਰ੍ਹਾਂ ਲਾਹੇਵੰਦ ਸਾਬਤ ਹੋ ਸਕੇ। ਇਸ ਲਈ ਉਨ੍ਹਾਂ ਨੇ ਭਗਤੀ ਨੂੰ ਆਮ ਲੋਕਾਂ ਦੀ ਸਮਝ ਗੋਚਰੇ ਕਰਨ ਲਈ ਆਪਣੀ ਭਾਸ਼ਾ, ਸ਼ਬਦ ਉਪਮਾਵਾਂ, ਅਲੰਕਾਰ, ਚਿੰਨ੍ਹ, ਪ੍ਰਤੀਕ, ਬਿੰਬ, ਸ਼ੈਲੀ ਅਤੇ ਹੋਰ ਕਲਾਤਮਕ ਯੁਕਤੀਆਂ ਲੋਕ-ਮਾਨਸ

ਵਿਚ ਚੁਣੀਆਂ ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਭਗਤੀ ਦਾ ਕਾਵਿ-ਕਲਾ ਨਾਲ ਅਨਿੱਖੜਵਾਂ ਰਿਸ਼ਤਾ ਹੈ। ਅਸਲ ਵਿਚ ਬ੍ਰਹਮ ਅਨੁਭੂਤੀ ਅਤੇ ਕਾਵਿ-ਆਨੰਦ ਸਕੇ ਸੰਬੰਧੀ ਹਨ। ਭਗਤੀ ਦਾ ਅਧਿਆਤਮਿਕ ਪੈਂਡਾ ਅਮਲੀ ਰੂਪ ਵਿਚ ਸਮਾਜਿਕ ਹੋ ਨਿਬੜਦਾ ਹੈ ਅਤੇ ਘਰ ਘਰ ਦਸਤਕ ਦਿੰਦਾ ਹੈ ਜਿਸ ਨਾਲ ਮਨ-ਮੰਦਰ ਵਿਚ ਰਹਿੰਦੀਆਂ ਦੁੱਖਾਂ ਵਿਚ ਸਹਿਕਦੀਆਂ ਮਨੁੱਖੀ-ਰੂਹਾਂ ਸ਼ਾਂਤ-ਚਿੱਤ ਹੋ ਕੇ ਅਮਰਤਾ ਪ੍ਰਾਪਤੀ ਵਲ ਵਧਦੀਆਂ ਹਨ।

ਸ੍ਰੀ ਰਵਿਦਾਸ ਬਾਣੀ ਦੇ ਵਿਚਾਰ ਪੱਖ ਬਾਰੇ ਅਸੀਂ ਆਪਣੇ ਪੂਰਵਵਰਤੀ ਅਧਿਆਇਆਂ ਵਿਚ ਬਹੁਤ ਹੀ ਵਿਸਥਾਰ ਨਾਲ ਵਿਚਾਰ ਕਰ ਚੁੱਕੇ ਹਾਂ। ਇਸ ਲਈ ਇਥੇ ਅਸੀਂ ਕੇਵਲ ਸਾਰ ਰੂਪ ਵਿਚ ਹੀ ਇਸਦਾ ਵਰਣਨ ਕਰਾਂਗੇ। ਕਿਉਂਕਿ ਬਹੁਤੇ ਵਿਸਥਾਰ ਵਿਚ ਜਾਣਾ ਇੱਥੇ ਦੁਹਰਾਉ ਮਾਤਰ ਹੋਵੇਗਾ ਇੱਥੇ ਅਸੀਂ ਕੇਵਲ ਉਨ੍ਹਾਂ ਹੀ ਸਾਧਨਾਂ ਬਾਰੇ ਵਿਚਾਰ ਕਰਾਂਗੇ ਜਿਨ੍ਹਾਂ ਦੇ ਪ੍ਰਯੋਗ ਨੂੰ ਸੰਤ ਰਵਿਦਾਸ ਜੀ ਨੇ ਆਪਣੇ ਭਗਤੀ-ਭਾਵ ਅਤੇ ਭਗਤੀ ਸੰਬੰਧੀ ਦਰਸ਼ਨ ਨੂੰ ਪ੍ਰਗਟ ਕਰਨ ਲਈ ਪ੍ਰਸਾਧਨ ਰੂਪ ਵਿਚ ਅਪਣਾਇਆ ਹੈ।

1. ਵਿਸ਼ਾ ਪੱਖ :

ਗੁਰੂ ਜੀ ਨੇ ਜੀਵਨ ਦੇ ਵਿਸ਼ਾਲ ਖੇਤਰਾਂ ਵਿਚ ਵਿਕਸਿਤ ਹੋਣ ਲਈ ਵਿਸਤ੍ਰਿਤ ਡੂੰਘੇ ਅਤੇ ਅਣਮੁਲੇ ਵਿਚਾਰ ਦਿੱਤੇ । ਉਨ੍ਹਾਂ ਨੇ ਭਗਤੀ ਦੇ ਵਿਭਿੰਨ ਸਾਧਨ, ਉਨ੍ਹਾਂ ਦਾ ਜੀਵਨ ਵਿਚ ਮਹੱਤਵ , ਭਗਤੀ ਦੇ ਰਾਹ ਦੀਆਂ ਰੁਕਾਵਟਾਂ, ਜੀਵਨ-ਦਰਸ਼ਨ, ਸਦਾਚਾਰ ਆਦਿ ਦੇ ਸਭ ਪੱਖਾਂ ਸੰਬੰਧੀ ਆਪਣੀ ਮੌਲਿਕ ਵਿਚਾਰਧਾਰਾ ਤੋਂ ਸਮਾਜ ਨੂੰ ਜਾਣੂੰ ਕਰਵਾਇਆ। ਉਨ੍ਹਾਂ ਨੇ ਸਮਾਜ ਦੇ ਆਰਥਿਕ, ਸਮਾਜਿਕ, ਧਾਰਮਿਕ , ਸਾਂਸਕ੍ਰਿਤਕ ਅਤੇ ਰਾਸ਼ਟਰੀਅਤਾ ਸੰਬੰਧੀ ਚਿੰਤਨ ਕੀਤਾ।

ਉਨ੍ਹਾਂ ਨੇ ਵਿਸ਼ੇ ਪੱਖੋਂ ਨਵੇਂ ਨਵੇਂ ਵਿਚਾਰਾਂ ਦਾ ਨਿਰੂਪਨ ਕਰਕੇ ਸਮਾਜ ਵਿਚ ਚਲ ਰਹੇ ਵਾਦ-ਵਿਵਾਦ ਨੂੰ ਖਤਮ ਕੀਤਾ। ਗੁਰੂ ਜੀ ਨੇ ਸਗੁਣ ਭਗਤੀ ਦੀ ਕਰਮਕਾਂਡੀ ਪੂਜਾ ਅਤੇ ਮੂਰਤੀ ਉਪਾਸਨਾ ਦਾ ਵਿਰੋਧ ਕਰਕੇ ਸਗੁਣ ਭਗਤੀ ਦਾ ਨਿਰਗੁਣ ਭਗਤੀ ਨਾਲ ਸੁਮੇਲ ਕੀਤਾ। ਉਨ੍ਹਾਂ ਨੇ ਸਮੁੱਚੀ ਸਗੁਣ ਭਗਤੀ ਨੂੰ ਨਹੀਂ ਭੰਡਿਆ ਸਗੋਂ ਉਸ ਵਿਚ ਵਿਸ਼ਾਲਤਾ ਲਿਆ ਕੇ ਉਸ ਨੂੰ ਉਚਾ ਦਰਜਾ ਪ੍ਰਦਾਨ ਕਰਕੇ ਨਿਰਗੁਣ ਦੇ ਬਰਾਬਰ ਖੜਾ ਕੀਤਾ ਅਤੇ ਇਕ ਮਹਾਨ ਸਗੁਣ-ਨਿਰਗੁਣ ਸੰਗਮ ਸਥਾਪਤ ਕੀਤਾ ਅਤੇ ਕਿਹਾ: -

ਸਗੁਣ ਨਿਰਗੁਣ ਦੋਇ ਸਮਕਰ ਜਾਨਹੁ ।।
ਚਹੁੰ ਦਿਸ ਦਰਸ਼ਨ ਤੇਰਾ ।।[1]

ਉਨ੍ਹਾਂ ਦੀ ਭਗਤੀ ਦੀ ਉਤਪਤੀ ਸੰਬੰਧੀ ਵਿਚਾਰਧਾਰਾ ਸਭ ਤੋਂ ਵਜ਼ਨਦਾਰ ਹੈ। ਉਨ੍ਹਾਂ ਨੇ

ਦੂਸਰੇ ਸੰਤਾਂ ਦੀ ਤਰ੍ਹਾਂ ਵੇਦਾਂ ਰੂਪੀ ਥਾਲੀ ਵਿਚੋਂ ਵਿਚਾਰਾਂ ਰੂਪੀ ਖਾਣਾ ਖਾ ਕੇ ਉਸ ਵਿਚ ਹੀ ਛੇਦ ਨਹੀਂ ਕੀਤਾ ਸਗੋਂ ਉਨ੍ਹਾਂ ਨੇ ਬਹੁਤ ਮਰਮਸਪਰਸ਼ੀ ਸ਼ਬਦਾਵਲੀ ਦਾ ਪ੍ਰਯੋਗ ਕਰਕੇ ਵੇਦਾਂ ਦੇ ਰਿਣਾਤਮਕ ਤੱਤਾਂ ਤੋਂ ਵਿਦਵਾਨਾਂ ਅਤੇ ਆਮ ਜਨਤਾ ਨੂੰ ਜਾਣੂੰ ਕਰਵਾ ਕੇ ਸੁਚੇਤ ਕਰ ਦਿੱਤਾ ਅਤੇ ਨਾਲ ਹੀ ਇਸ ਦੀ ਵਡਿਆਈ ਨੂੰ ਸਭ ਦੇ ਸਨਮੁਖ ਰਖਿਆ ਅਤੇ ਦਸਿਆ ਕਿ ਅਸਲ ਵਿਚ ਭਗਤੀ ਦੇ ਬੀਜ਼ ਤਾਂ ਵੇਦਾਂ ਵਿਚ ਹਨ। ਇਨ੍ਹਾਂ ਨਿਹਿਤ ਬੀਜਾਂ ਤੋਂ ਹੀ ਤਾਂ ਭਗਤੀ ਰੂਪੀ ਬ੍ਰਿਛ ਪੈਦਾ ਹੋਇਆ ਹੈ। ਵੇਦਾਂ ਤੋਂ ਭਗਤੀ ਦੀ ਉਪਜ ਦੱਸ ਕੇ ਗੁਰੂ ਜੀ ਨੇ ਸੱਚ ਨੂੰ ਨਿਤਾਰਿਆ ਹੈ, ਅੱਜ ਦੇ ਵਿਦਵਾਨ ਮੱਧ-ਕਾਲੀਨ ਸੰਤ-ਸਾਹਿਤ ਦੀ ਮਹਿਮਾਂ ਗਾਉਂਦੇ ਹੋਏ ਇਨ੍ਹਾਂ ਤੱਥਾਂ ਨੂੰ ਅੱਖੋਂ-ਪਰੋਖੇ ਕਰਨ ਦੇ ਯਤਨ ਕਰਦੇ ਹਨ। ਅਸਲ ਵਿਚ ਜਨਮਦਾਤੀ ਵੈਦਿਕ ਵਿਚਾਰਧਾਰਾ ਹੈ ਅਤੇ ਮੱਧਕਾਲੀਨ ਭਗਤੀ ਸਾਹਿਤ ਉਸਦੀ ਸੰਤਾਨ ਹੈ। ਉਹ ਤਾਂ ਸਪੱਸ਼ਟ ਕਹਿੰਦੇ ਹਨ:-

ਵੇਦ ਤੇ ਪੁਰਾਨ, ਪੁਰਾਨ ਤੇ ਭਾਗਵਤ, ਭਾਗਵਤ ਤੇਂ ਭਗਤੀ ਪ੍ਰਗਟ ਕੀਨੀ।[2]

ਸੰਤ-ਮਾਰਗ ਨੂੰ ਸਹਜ ਮਾਰਗ ਵੀ ਕਿਹਾ ਜਾਂਦਾ ਹੈ, ਇਸ ਨੂੰ ਇਹ ਨਾਮ ਸੰਤਾਂ ਦੀ ਸਹਿਜ-ਅਵਸਥਾ ਪ੍ਰਾਪਤੀ ਕਾਰਨ ਨਸੀਬ ਹੋਇਆ। "ਸਹਿਜ" ਸ਼ਬਦ ਦਾ ਪ੍ਰਯੋਗ ਬੁੱਧ-ਮੱਤ ਅਤੇ ਨਾਥ-ਜੋਗੀਆਂ ਦੀਆਂ ਰਚਨਾਵਾਂ ਵਿਚ ਵੀ ਹੋਇਆ ਹੈ ਪਰੰਤੂ ਸਹਿਜ-ਸ਼ਬਦ ਸੰਤ-ਬਾਣੀ ਵਿਚ ਭਿੰਨ ਅਰਥਾਂ ਵਿਚ ਵਰਤਿਆ ਗਿਆ। ਕਬੀਰ ਜੀ, ਨਾਮਦੇਵ ਜੀ ਅਤੇ ਹੋਰ ਪੂਰਵਕਾਲੀ ਸੰਤਾਂ ਨੇ ਚਾਹੇ ਇਸ ਦਾ ਪ੍ਰਯੋਗ ਕੀਤਾ ਹੈ ਪਰੰਤੂ ਉਨ੍ਹਾਂ ਦੀ ਸਮੁੱਚੀ ਬਾਣੀ ਦੇ ਅਧਿਅਨ ਉਪਰੰਤ ਇਕ ਗੱਲ ਸਾਹਮਣੇ ਆਉਂਦੀ ਹੈ ਕਿ ਵਿਵਹਾਰਿਕਤਾ ਵਿਚ ਇਹ ਸੰਤ 'ਸਹਿਜ' ਦਾ ਪੱਲਾ ਛੱਡ ਦਿੰਦੇ ਹਨ। ਗੁਰੂ ਰਵਿਦਾਸ ਜੀ ਦੀ ਇਹ ਵਿਸ਼ੇਸ਼ਤਾ ਅਤੇ ਵਿਲੱਖਣਤਾ ਹੈ ਕਿ ਉਹ ਜੀਵਨ ਦੇ ਹਰ ਖੇਤਰ ਵਿਚ ਹਰ ਕਦਮ ਤੇ ਵਿਵਹਾਰ ਦਾ ਪੱਖ ਨਹੀਂ ਛਡਦੇ। ਉਨ੍ਹਾਂ ਦੀ ਧੁਰ ਡੂੰਘਾਣਾਂ ਨੂੰ ਛੂਹਣ ਵਾਲੀ ਬੋਲੀ, ਕਥਨੀ-ਕਰਨੀ ਵਿਚ ਏਕਤਾ, ਗਿਆਨ-ਕਰਮ ਅਤੇ ਭਗਤੀ ਦਾ ਸੁਮੇਲ ; ਵੇਦ, ਪੁਰਾਣ, ਭਾਗਵਤ ਵਿਚ ਭਗਤੀ ਦੀ ਕਿਰਨ ਨੂੰ ਦਿਬ-ਦ੍ਰਿਸ਼ਟੀ ਨਾਲ ਵੇਖਣਾ, ਬੇਦ, ਕਤੇਬ, ਕੁਰਾਨ ਅਤੇ ਪੁਰਾਣਾਂ ਵਿਚ ਇਕ ਪਰਮਤੱਤ ਦੀ ਹੋਂਦ ਵੇਖਣਾ, ਕ੍ਰਿਸ਼ਨ, ਕਰੀਮ, ਰਾਮ, ਹਰੀ, ਰਾਘਵ ਵਿਚ ਏਕਤੱਵ ਸਮਝਣਾ ਅਤੇ ਪ੍ਰਚਾਰਨਾ, ਦੋਜ਼ਕ-ਭਿਸਤ ਤੋਂ ਉਪਰ ਉਠਣਾਂ ਆਦਿ ਹੀ ਸਹਿਜ-ਅਵਸਥਾ ਦਾ ਸੂਚਕ ਹਨ। ਗੁਰੂ ਰਵਿਦਾਸ ਜੀ ਨੇ ਅਧਿਆਤਮਿਕ, ਧਾਰਮਿਕ, ਸਮਾਜਿਕ ਵਿਚਾਰਾਂ ਵਾਲੀ ਬਾਣੀ ਵਿਚੋਂ ਸਹਿਜ ਨੂੰ ਪੇਖਿਆ। 'ਸਹਿਜ' ਸ਼ਬਦ ਵਾਲੀਆਂ ਪੰਕਤੀਆਂ ਦ੍ਰਿਸ਼ਟੀਗਤ ਹਨ:-

ਮੈਂ ਤੈਂ ਮਮਿਤਾ, ਦੇਖਿ ਸਕਲ ਜਗ, ਮੈਂ ਤੈਂ ਮੂਲ ਗੰਵਾਈ ।।
ਜਬ ਮਨ ਮਮਿਤਾ ਏਕ ਏਕ ਮਨ ਤਬਹੀ ਏਕ ਹੈ ਭਾਈ ।।
ਕ੍ਰਿਸ਼ਨ ਕਰੀਮ ਰਾਮ ਹਰਿ ਰਾਘਵ ਜਬ ਲਗਿ ਏਕ ਨਾ ਪੇਖਿਆ ।।

ਬੇਦ ਕਤੇਬ ਕੁਰਾਨ ਪੁਰਾਨਨ ਸਹਜ ਏਕ ਨੀਹ ਦੇਖਿਆ ॥
ਜੋਈ ਜੋਈ ਕਰਿ ਪੂਜਿਏ ਸੋਈ ਸੋਈ ਕਾਂਚੀ, ਸਹਿਜ ਭਾਇ ਸਤਿ ਹੋਈ ॥
ਕਹਿ ਰਵਿਦਾਸ ਤਾਹਿ ਕੂੰ ਪੂਜੂੰ, ਜਾ ਕੇ ਗਾਂਵ ਠਾਂਵ ਨਾਉਂ ਨਹੀਂ ਕੋਈ ॥[3]

ਮੱਧਕਾਲੀਨ ਭਗਤੀ -ਲਹਿਰ ਦਾ ਮੁਖ ਸੁਰ ਭਗਤੀ ਦਾ ਸੀ ਅਤੇ ਇਸ ਭਗਤੀ ਭਾਵਨਾ ਵਿਚੋਂ ਹੀ ਸੁੱਤੇ-ਸਿੱਧੇ ਹੋਰ ਕਈ ਭਾਵਨਾਵਾਂ ਉਜਾਗਰ ਹੋ ਗਈਆਂ। ਇਸ ਸ਼ੋਧ-ਪ੍ਰਬੰਧ ਵਿਚ ਗੁਰੂ ਰਵਿਦਾਸ ਬਾਣੀ ਵਿਚੋਂ ਹਵਾਲੇ ਦੇ ਕੇ ਕਰਮ, ਗਿਆਨ ਅਤੇ ਭਗਤੀ ਮਾਰਗ, ਦਾਰਸ਼ਨਿਕ ਵਿਚਾਰ (ਜੀਵ) ਜਗਤ, ਬ੍ਰਹਮ, ਮਾਇਆ, ਮੁਕਤੀ) ਸਦਾਚਾਰਿਕ ਅਤੇ ਸਮਾਜਿਕ ਕੀਮਤਾਂ ਆਦਿ ਵਿਸ਼ਿਆਂ ਦੀ ਪ੍ਰਸਤਾਵਨਾ ਕੀਤੀ ਹੈ। ਇਸ ਤੋਂ ਪਹਿਲੇ ਅਧਿਆਵਾਂ ਵਿਚ ਆਏ ਵਿਚਾਰਾਂ ਤੋਂ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਵਿਸ਼ੇ ਦੀ ਵਿਸ਼ਾਲਤਾ ਸਪੱਸ਼ਟ ਦ੍ਰਿਸ਼ਟੀਗੋਚਰ ਹੁੰਦੀ ਹੈ। ਵਿਸ਼ੇ ਪੱਖੋਂ ਗੁਰੂ ਰਵਿਦਾਸ ਬਾਣੀ ਸਮਾਜਿਕ, ਰਾਜਨੈਤਿਕ, ਸਭਿਆਚਾਰਕ ਅਤੇ ਧਾਰਮਿਕ ਕੁਰੀਤੀਆਂ ਦਾ ਖੰਡਨ ਕਰਦੀ ਹੈ ਅਤੇ ਸਮਾਜਿਕ-ਯਥਾਰਥ ਨੂੰ ਉਘਾੜਦੀ ਹੈ। ਉਨ੍ਹਾਂ ਨੇ ਸਮਾਜ ਦੀਆਂ ਬੋਦਾ ਹੋ ਚੁੱਕੀਆਂ ਕੀਮਤਾਂ ਨੂੰ ਜੜ੍ਹੋ ਪੁੱਟਣ ਦਾ ਯਤਨ ਕੀਤਾ ਅਤੇ ਭਗਤੀ ਦੀ ਲਹਿਰ ਦੇ ਆਰੰਭਿਕ ਵਿਕਾਸ ਵਿਚ ਆਪਣੀ ਸ਼੍ਰੇਣੀ ਦੀ ਪਤਿਨਿਧਤਾ ਕਰਕੇ ਯੋਗਦਾਨ ਪਾਇਆ। ਅਸਲ ਵਿਚ ਰਵਿਦਾਸ ਜੀ ਦੀ ਬਾਣੀ ਵਿਚ ਤਦਯੁਗੀਨ ਸਭ ਸੰਸਕ੍ਰਿਤੀਆਂ ਦੇ ਏਕੀਕਰਨ ਦਾ ਉੱਤਮ ਅਤੇ ਅਦੁੱਤੀ ਭਾਵ ਮਿਲਦਾ ਹੈ। ਉਨ੍ਹਾਂ ਨੇ ਦੂਸਰੇ ਮੱਧਯੁਗੀਨ ਸੰਤਾਂ ਦੀ ਤਰ੍ਹਾਂ ਕੋਈ ਨਵੀਂ ਸੰਪ੍ਰਦਾਇ ਨਹੀਂ ਚਲਾਈ। ਉਨ੍ਹਾਂ ਨੇ ਆਪਣੇ ਅਣਮੋਲ ਵਿਚਾਰਾਂ ਨਾਲ ਸਮੁੱਚੇ ਸਮਾਜ ਨੂੰ ਜਾਣੂੰ ਕਰਵਾਇਆ। ਆਪਣੀ ਬਾਣੀ ਨੂੰ ਕਿਸੇ ਇਕ ਖਾਸ ਵਰਗ ਤਕ ਸੀਮਤ ਨਹੀਂ ਰਖਿਆ। ਉਨ੍ਹਾਂ ਨੇ ਸਰਬ-ਸਾਂਝੇ ਵਿਚਾਰ ਦਿਤੇ ਜਿਸਦੀ ਭਾਰਤ ਵਰਗੇ ਧਰਮਾਂ ਪ੍ਰਧਾਨ ਦੇਸ਼ ਨੂੰ ਹਮੇਸ਼ਾਂ ਆਵਸ਼ਕਤਾ ਬਣੀ ਰਹੇਗੀ। ਉਨ੍ਹਾਂ ਦਾ ਧਰਮ ਮਨੁੱਖਤਾ ਹੈ ਜੋ ਸਾਂਝੇ ਗਗਨ ਦੇ ਇੰਦੂ ਸਮਾਨ ਹੈ।

ਡਾ. ਸਿੰਗਲ ਜੋ ਕਿ ਗੁਰੂ ਰਵਿਦਾਸ ਬਾਣੀ ਦੀਆਂ ਅੰਦਰਲੀਆਂ ਪਰਤਾਂ ਤਕ ਪਹੁੰਚ ਚੁੱਕੇ ਹਨ, ਨੇ ਵੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਅਤੇ ਬਾਣੀ ਦੀ ਮਹਿਮਾਂ ਕੀਤੀ ਹੈ। ਉਹ ਲਿਖਦੇ ਹਨ " ਰਵਿਦਾਸ ਜੀ ਇਕ ਸਰਵੋਤਮ ਕਵੀ ਵੀ ਸਨ। ਭਗਤੀ-ਭਾਵ ਨਾਲ ਸਰਾਬੋਰ ਹੋ ਕੇ ਜੋ ਸ਼ਬਦ ਉਨ੍ਹਾਂ ਨੇ ਆਪਣੇ ਜੀਵ, ਜਗਤ ਪ੍ਰਤੀ ਅਤੇ ਪ੍ਰਭੂ ਦੀ ਲੀਲਾ ਪ੍ਰਤੀ ਉਚਾਰੇ ਹਨ, ਉਹ ਕਾਵਿ ਕਲਾ ਦੀ ਦ੍ਰਿਸ਼ਟੀ ਤੋਂ ਸਰਵੋਤਮ ਕਾਵਿ ਦਾ ਨਮੂਨਾ ਆਖੇ ਜਾ ਸਕਦੇ ਹਨ।
ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਭਗਤ-ਬਾਣੀ ਵਿਚੋਂ ਜੋ ਮਿੱਠਤ ਗਤੀ ਪ੍ਰਵਾਹ, ਸਾਦਗੀ, ਆਤਮਕ ਰਸ, ਭਾਵ ਮਗਨਤਾ, ਉਦਾਤਤਾ ਅਤੇ ਸੁੰਦਰਤਾ ਰਵਿਦਾਸ ਬਾਣੀ ਵਿਚ ਪ੍ਰਾਪਤ ਹੁੰਦੀ ਹੈ ਉਹ ਹੋਰ ਥਾਂ ਸੁਲਭ ਨਹੀਂ। ਇਹ ਸਹਿਜ ਸਰਲ ਭਗਤ ਹਿਰਦੇ ਦੀ ਆਤਮਿਕ ਅਤੇ ਪਰਮਾਰਥਿਕ

ਬਾਣੀ ਹੈ, ਇਸ ਵਿਚ ਬ੍ਰਹਮ ਤੇ ਉਸਦਾ ਆਨੰਦ ਇਕ ਹੋਏ ਪਏ ਹਨ, ਇਸ ਲਈ ਸੁਭਾਵਿਕ ਸੀ ਕਿ ਇਸ ਵਿਚੋਂ ਉਹ ਰਸ ਤੇ ਆਨੰਦ ਪ੍ਰਾਪਤ ਹੋਵੇ ਜਿਸ ਨੂੰ ਬ੍ਰਹਮਾਨੰਦ -ਸਹੋਦਰ ਕਿਹਾ ਜਾਂਦਾ ਹੈ ।"[4]

ਅਸਲ ਵਿਚ ਗੁਰੂ ਰਵਿਦਾਸ ਜੀ ਮਾਨਵਵਾਦੀ ਭਗਤ ਕਵੀ ਸਨ। ਉਹ ਜੀਵਾਂ ਵਿਚ ਵਸਦੀ ਪ੍ਰਭੂ-ਆਤਮਾ ਨੂੰ ਵੇਖ ਅਤੇ ਸਮਝ ਸਕਦੇ ਸਨ। ਉਨ੍ਹਾਂ ਨੂੰ ਗਿਆਨ ਅਤੇ ਅਨੁਭਵ ਦੋਵੇਂ ਪ੍ਰਾਪਤ ਸਨ। ਇਸ ਲਈ ਵਿਸ਼ੇ ਪੱਖਾਂ ਤੋਂ ਉਨ੍ਹਾਂ ਦੀ ਬਾਣੀ ਵਿਚ ਜਾਤ ਪਾਤ, ਊਚ-ਨੀਚ, ਅੰਧ-ਵਿਸ਼ਵਾਸ, ਧਾਰਮਿਕ ਵਿਖਾਵੇ ਅਤੇ ਸਦਾਚਾਰ-ਅਨੈਤਿਕਤਾ ਪ੍ਰਤੀ ਕ੍ਰਾਂਤੀਕਾਰੀ ਵਿਚਾਰ ਉਤਪੰਨ ਹੋਏ ਅਤੇ ਉਨ੍ਹਾਂ ਨੇ ਆਪਣੇ ਵਿਚਾਰ ਦੇ ਕੇ ਸਮਾਨਤਾ, ਏਕਤਾ, ਸਦਾਚਾਰਿਕ ਗੁਣਾਂ ਦਾ ਨਿਰੂਪਣ ਕੀਤਾ। ਆਪ ਮਾਨਵ ਜਾਤੀ ਦੇ ਭਲੇ ਹਿੱਤ ਚਾਹੁੰਦੇ ਸਨ ਕਿ ਮਨੁੱਖ ਦੀ ਕਹਿਣੀ ਅਤੇ ਕਰਨੀ ਇਕ ਹੋ ਜਾਵੇ ਕਿਉਂਕਿ ਇਸ ਤੋਂ ਬਿਨਾਂ ਅਧਿਆਤਮਿਕ ਗਿਆਨ ਵੀ ਇਕ ਪੁਸਤਕ ਵਿਚ ਬਿਰਾਜਮਾਨ ਨਾਟਕ ਵਾਂਗ ਰਹਿ ਜਾਂਦਾ ਹੈ ਜਿਸ ਨੂੰ ਸਮਾਜ ਰੂਪੀ ਸਟੇਜ ਤੇ ਕ੍ਰਿਆਸ਼ੀਲਤਾ ਅਤੇ ਵਿਵਹਾਰਿਕਤਾ ਨਸੀਬ ਨਹੀਂ ਹੁੰਦੀ। ਜਦੋਂ ਤਕ ਕਥਨੀ ਅਤੇ ਕਰਨੀ ਵਿਚ ਸੁਮੇਲ ਸਥਾਪਤ ਨਹੀਂ ਹੁੰਦਾ ਤਦੋਂ ਤੱਕ ਜਗਤ ਵਿਚ ਇਕ ਜੋਤਿ ਦੀ ਪਹਿਚਾਣ ਨਹੀਂ ਹੁੰਦੀ ਅਤੇ ਉਸਦਾ ਅਨੇਕਤਾ ਵਾਲਾ ਰੂਪ ਘਟ-ਘਟ ਵਿਚ ਨਜ਼ਰ ਨਹੀਂ ਆਉਂਦਾ। ਗੁਰੂ ਜੀ ਮਨੁੱਖ-ਮਨੁੱਖ ਵਿਚ ਸਮਨਵੈ ਕਰਕੇ ਧਰਮ ਕਰਮ ਵਿਚ ਏਕਤਾ ਸਥਾਪਿਤ ਕਰਕੇ, ਦੁੱਖ, ਚਿੰਤਾ, ਜਾਤ-ਪਾਤ ਤੋਂ ਰਹਿਤ ਇਕ ਆਦਰਸ਼ ਸਮਾਜ ਦੀ ਸਿਰਜਣਾ ਕਰਨਾ ਚਾਹੁੰਦੇ ਸਨ। ਇਸ ਸਮਾਜ ਨੂੰ ਉਨ੍ਹਾਂ ਨੇ ਆਪਣੀ ਬਾਣੀ ਵਿਚ ਬੇਗਮਪੁਰਾ ਸ਼ਹਿਰ ਦਾ ਨਾਂਉ ਦਿੱਤਾ ਹੈ। ਇਸ ਤਰ੍ਹਾਂ ਗੁਰੂ ਜੀ ਕ੍ਰਾਂਤੀਕਾਰੀ ਹੀ ਨਹੀਂ ਕ੍ਰਾਂਤੀਦਰਸ਼ੀ ਵੀ ਸਨ। ਪ੍ਰਿਥਵੀ ਸਿੰਘ ਆਜ਼ਾਦ ਦੇ ਸ਼ਬਦਾਂ ਤੋਂ ਵੀ ਇਨ੍ਹਾਂ ਵਿਚਾਰਾਂ ਦੀ ਪੁਸ਼ਟੀ ਹੋ ਜਾਂਦੀ ਹੈ। ਉਹ ਲਿਖਦੇ ਹਨ:

> ਗੁਰੂ ਜੀ ਨੇ ਦਾਰਸ਼ਨਿਕ ਵਿਚਾਰ ਦਿਤੇ, ਮਨੁੱਖ ਦੀ ਕਰਨੀ ਕਥਨੀ ਅਤੇ ਰਹਿਣੀ ਦੇ ਵਿਸ਼ੇ ਵਿਚ ਅਨੇਕ ਗੱਲਾਂ ਆਪਣੀ ਬਾਣੀ ਵਿਚ ਸਮੇਂ ਸਮੇਂ ਤੇ ਪ੍ਰਸੰਗ ਵਿਚ ਕਹੀਆਂ। ਇਸੇ ਕਾਰਨ ਉਨ੍ਹਾਂ ਦੀ ਬਾਣੀ ਵਿਚ ਧਾਰਮਿਕ, ਸਮਾਜਿਕ, ਰਾਜਨੈਤਿਕ ਵਿਚਾਰਧਾਰਾ ਦਾ ਵਿਖਿਆਨ ਸੁੱਤੇ-ਸਿੱਧ ਹੋ ਗਿਆ। ਉਨ੍ਹਾਂ ਨੇ ਜ਼ਾਤ -ਪਾਤ, ਊਚ-ਨੀਚ ਅਤੇ ਅੰਧ-ਵਿਸ਼ਵਾਸ ਸੰਬੰਧੀ ਕ੍ਰਾਂਤੀਕਾਰੀ ਅਤੇ ਪ੍ਰੇਰਕ ਵਿਚਾਰ ਪ੍ਰਗਟ ਕੀਤੇ ਹਨ ਇਸ ਤਰ੍ਹਾਂ ਉਨ੍ਹਾਂ ਦਾ ਦ੍ਰਿਸ਼ਟੀਕੋਣ ਮਾਨਵਵਾਦੀ ਸੀ।[5]

ਭਗਤੀ ਲਹਿਰ ਦੇ ਹੋਰ ਗੁਰੂ -ਕਵੀਆਂ ਅਤੇ ਸੰਤ-ਜਨਾਂ ਵਾਂਗ ਗੁਰੂ ਰਵਿਦਾਸ ਜੀ ਵੀ ਇਕ ਦਾਰਸ਼ਨਿਕ ਨਹੀਂ ਸਗੋਂ ਅਧਿਆਤਮਿਕ ਚੇਤਨਾ ਵਾਲੇ ਮਹਾਂਪੁਰਖ ਸਨ ਉਨ੍ਹਾਂ ਦੀ ਕਥਨੀ ਅਤੇ

ਕਰਨੀ ਵਿਚ ਸੰਪੂਰਨ-ਏਕਤਾ ਸੀ। ਇਸ ਲਈ ਹੀ ਉਹ ਅਧਮ ਜਾਤੀ ਤੋਂ ਉਠ ਕੇ ਭ ਪ੍ਰਭੂ ਦੀ ਕ੍ਰਿਪਾ ਦੇ ਪਾਤਰ ਬਣ ਪ੍ਰਭੂ -ਜਨ ਹੋ ਗਏ, ਉਹ ਖੁਦ ਲਿਖਦੇ ਹਨ:

ਜਾਤਿ ਭੀ ਓਛਾ ਕਰਮ ਭੀ ਓਛਾ, ਓਛਾ ਜਨਮ ਹਮਾਰਾ ॥
ਨੀਚ ਸੇ ਪ੍ਰਭ ਊਚਿ ਕਿਓ ਹੈ, ਕਹ ਰਵਿਦਾਸ ਚਮਾਰਾ ॥

ਪ੍ਰਸਿੱਧ ਵਿਦਵਾਨ ਡਾ. ਧਰਮਪਾਲ ਮੈਨੀ ਵੀ ਗੁਰੂ ਰਵਿਦਾਸ ਜੀ ਸੰਬੰਧੀ ਸਮਭਾਵਨਾ ਰਖਦੇ ਆਪਣੀ ਪੁਸਤਕ ' ਮਧਯੁਗੀਨ ਨਿਰਗੁਣ ਚੇਤਨਾ' ਵਿਚ ਕੁਝ ਵਿਸ਼ੇਸ਼ ਤੱਤ ਦ੍ਰਿਸ਼ਟੀਗੋਚਰ ਕਰਦੇ ਹਨ। ਉਹ ਲਿਖਦੇ ਹਨ ਕਿ ਦੂਸਰੇ ਸੰਤਾਂ ਦੀ ਤਰ੍ਹਾਂ ਰਵਿਦਾਸ ਵੀ ਦਾਰਸ਼ਨਿਕ ਨਾ ਹੋ ਕੇ ਅਧਿਆਤਮ ਪੱਥ ਦੇ ਪਥਿਕ ਸੰਤ ਸਨ। ਉਨ੍ਹਾਂ ਦੀ ਕਥਨੀ ਅਤੇ ਕਰਨੀ ਵਿਚ ਏਕਤਾ ਸੀ ..... ਚਮਾਰ ਰਵਿਦਾਸ ਹੀ ਸੰਤਾਂ ਵਿਚ ਸੰਤ ਰਵਿਦਾਸ ਬਣ ਗਏ ਸਨ ਇਹ ਕਿਸੇ ਤੋਂ ਛਿਪਿਆ ਨਹੀਂ ਉਨ੍ਹਾਂ ਨੇ ਸਮਾਜਿਕ ਸਮਤਾ ਸੰਬੰਧੀ ਆਵਾਜ਼ ਉਠਾਈ .... ਜੇਕਰ ਉਸ ਦੀ ਸਾਰੀ ਵਿਚਾਰਧਾਰਾ ਅਤੇ ਕਾਰਜਾਂ ਨੂੰ ਸ਼ਬਦਾਂ ਵਿਚ ਬੰਨ੍ਹਣਾ ਹੋਵੇ ਤਾਂ ਉਨ੍ਹਾਂ ਦੇ ਇਨ੍ਹਾਂ ਸ਼ਬਦਾਂ ਤੋਂ ਚੰਗੇ ਰੂਪ ਵਿਚ ਨਹੀਂ ਬੰਨ੍ਹਿਆਂ ਜਾ ਸਕਦਾ।[6]

ਨੀਚੇ ਸੇ ਪ੍ਰਭੂ ਊਚ ਕਿਉ ਹੈ, ਕਹ ਰੈਦਾਸ ਚਮਾਰਾ ॥[7]

ਸਮੁੱਚੇ ਤੌਰ ਤੇ ਗੁਰੂ ਰਵਿਦਾਸ ਬਾਣੀ ਦਾ ਵਿਸ਼ਾ -ਵਸਤੂ ਅਧਿਆਤਮਿਕ ਸਮਾਜਿਕ ਪੱਖੋਂ ਅਮੀਰ ਹੈ ਅਤੇ ਬ੍ਰਹਿਮੰਡ ਦੀ ਵਿਆਪਕਤਾ ਵਾਂਗ ਵਿਚਾਰਾਂ ਨਾਲ ਓਤ-ਪੋਤ ਹੈ। ਮਨ, ਵਚਨ ਅਤੇ ਕਰਮ ਵਿਚ ਸਮਨਵੈ ਉਨ੍ਹਾਂ ਦੀ ਬਾਣੀ ਦਾ ਵਿਸ਼ੇਸ਼ ਗੁਣ ਹੈ ।

'ਸਗੁਣ -ਨਿਰਗੁਣ ਸਮ ਕਰ ਜਾਨਯੋ,' ਵੇਦਾਂ ਤੋਂ ਭਗਤੀ ਦੀ ਉਪਜ,' ਸਹਿਜ ਏਕ ਨਹੀਂ ਪੇਖਿਆ' ਸਾਧ ਸੰਗਤ ਬਿਨ ਭਉ ਨਹੀਂ ਉਪਜੈ, ਭਾਵ ਬਿਨੁ ਭਗਤਿ ਨਹੀਂ ਹੋਈ ਤੇਰੀ, 'ਬਿਨ ਦਰਸਨ ਕਿਉਂ ਜੀਵੇ ਸਨੇਹੀ, ਫਲ ਕਾਰਨ ਫੂਲੀ ਬਨਰਾਈ ਫਲ ਲਾਗਾ ਤਬ ਫੂਲੁ ਬਿਲਾਈ, ' ਪਾਂਚੋਂ ਮੇਰੀ ਸਖੀ ਸਹੇਲੀ, ਤਿਨ ਨਿਧਿ ਦਈ ਦਿਖਾਈ, ਥੋਰੇ ਹੀ ਥੋਰੇ ਮੁਸਿਏ ਪਰਾਏ ਧਨਾ, ਕਹੈ ਰਵਿਦਾਸ ਸੁਨਹੁ ਸੰਤ ਜਨਾ ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ, ਸੰਤ ਜਨ ਕਰਤ ਨਹੀਂ ਪਾਨ। ਰੇ ਮਨ ਮਾਂਛਲਾ ਸੰਸਾਰ ਸਮੁੰਦੇ, ਤੂੰ ਚਿਤ੍ਰ ਬਿਚਿਤ੍ਰ ਬਿਚਾਰਿ। ਕਹਿ ਰਵਿਦਾਸ ਸਿੰਹ ਸਰਨਾਗਤਿ ਸ੍ਰਗਾਲ ਕੋ ਕਹਾ ਡਰਿ। ਆਦਿ ਵਿਚਾਰਾ ਵਿਚ ਆਪ ਦੀ ਨਵੀਨਤਾ ਮੌਲਿਕਤਾ ਅਤੇ ਵਿਲੱਖਣਤਾ ਸਪਸ਼ਟ ਦ੍ਰਿਸ਼ਟੀਗੋਚਰ ਹੁੰਦੀ ਹੈ।

੨ ਭਾਸ਼ਾ:- ਮਨੁੱਖ ਨੂੰ ਕੁਦਰਤ ਵਲੋਂ ਮਿਲੀਆਂ ਬਰਕਤਾਂ ਵਿਚੋਂ ਸਭ ਤੋਂ ਅਣਮੋਲ ਦਾਤ ਭਾਸ਼ਾ ਦੀ ਹੈ। ਭਾਸ਼ਾ ਦੁਆਰਾ ਹੀ ਮਨੁੱਖ ਆਪਣੇ ਸੂਖਮ ਮਨ, ਚਿਤ ਦੇ ਵਿਚਾਰਾਂ ਨੂੰ ਪ੍ਰਗਟ ਕਰ ਸਕਦਾ

ਹੈ। ਅਤੇ ਦੂਸਰਿਆਂ ਤਕ ਆਪਣੀ ਗੱਲ ਪਹੁੰਚਾ ਸਕਦਾ ਹੈ। ਵਿਚਾਰ ਵਿਅਕਤੀਗਤ ਭਾਵਾਂ ਦੀ ਪੱਧਰ ਤੋਂ ਵਿਕਸਿਤ ਹੋ ਕੇ ਬਣਦੇ ਹਨ ਅਤੇ ਇਨ੍ਹਾਂ ਨੂੰ ਸਾਕਾਰ ਰੂਪ ਦੇਣ ਲਈ ਭਾਸ਼ਾ ਦਾ ਮਾਧਿਅਮ ਵਰਤੋਂ ਵਿਚ ਲਿਆਂਦਾ ਜਾਂਦਾ ਹੈ। ਮਹਾਨ ਅਤੇ ਸ਼ਕਤੀਸ਼ਾਲੀ ਵਿਚਾਰਾਂ ਲਈ ਸ਼ਕਤੀਸ਼ਾਲੀ ਅਤੇ ਸੰਯੁਕਤ ਭਾਸ਼ਾ ਦਾ ਪ੍ਰਯੋਗ ਜ਼ਰੂਰੀ ਹੈ। ਸਾਹਿਤਕਾਰ ਕੋਲ ਜੇ ਸ਼ਕਤੀਸ਼ਾਲੀ ਅਤੇ ਅਮੀਰ ਵਿਰਸੇ ਵਾਲੀ ਸ਼ਬਦਾਵਲੀ ਨਹੀਂ ਤਾਂ ਉਹ ਠੀਕ ਢੰਗ ਨਾਲ ਆਪਣੇ ਵਿਚਾਰਾਂ ਨੂੰ ਪ੍ਰਗਟ ਨਹੀਂ ਕਰ ਸਕਦਾ। ਸੰਤਾਂ ਨੂੰ ਅਧਿਆਤਮਿਕ ਮਾਰਗ ਦਾ ਅਨੁਭਵ ਅਤੇ ਅਨੁਭੂਤੀ ਪ੍ਰਾਪਤ ਸੀ ਉਨ੍ਹਾਂ ਦੇ ਵਿਚਾਰ ਅਤੇ ਭਾਵ ਧੁਰ ਮੰਡਲਾਂ ਵਿਚ ਵਿਚਰਦੇ ਸਨ ਅਤੇ ਨਾਲ ਹੀ ਸਮਾਜ ਦੀਆਂ ਡੂੰਘਾਈਆਂ ਤਕ ਪਹੁੰਚ ਚੁੱਕੇ ਸਨ। ਜਦੋਂ ਮਨ ਵਿਚ ਵਿਚਾਰਾਂ ਦਾ ਹੜ੍ਹ ਹੋਵੇ ਤਾਂ ਉਸਨੂੰ ਕਹਿਣ ਲਈ ਯੋਗ ਸ਼ਬਦਾਵਲੀ ਵੀ ਕੁਦਰਤ ਦੇ ਭੰਡਾਰੇ ਤੋਂ ਪ੍ਰਾਪਤ ਹੋ ਜਾਂਦੀ ਹੈ, ਇਸ ਲਈ ਸੰਤਾਂ ਨੂੰ ਅਜ ਕਲ੍ਹ ਦੇ ਸਾਹਿਤਕਾਰਾਂ ਵਾਂਗ ਸ਼ਬਦ-ਕੋਸ਼ ਦੀ ਜ਼ਰੂਰਤ ਨਹੀਂ ਪਈ। ਉਨ੍ਹਾਂ ਦੇ ਗਿਆਨ ਦਾ ਸੋਮਾ ਧਾਰਮਿਕ ਗ੍ਰੰਥ ਸਨ ਅਤੇ ਭਾਰਤੀ ਦਰਸ਼ਨ ਉਨ੍ਹਾਂ ਲਈ ਇਕ ਅਦੁੱਤੀ ਸ਼ਬਦ-ਭੰਡਾਰ ਸੀ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਭਾਸ਼ਾ ਕਿਸੇ ਵੀ ਰਚਨਾ ਦੀ ਸਫਲਤਾ ਦਾ ਮੂਲ ਆਧਾਰ ਹੈ। ਗੁਰੂ ਰਵਿਦਾਸ ਜੀ ਦੀ ਬਾਣੀ ਦਾ ਭਾਸ਼ਾ-ਪੱਖ ਬਹੁਤ ਵਿਸ਼ਾਲ ਅਤੇ ਡੂੰਘੇ ਅਨੁਭਵ ਦਾ ਧਾਰਨੀ ਹੈ। ਉਨ੍ਹਾਂ ਨੂੰ ਵੇਦਾਂ , ਉਪਨਿਸ਼ਦਾਂ, ਗੀਤਾ ਅਤੇ ਹੋਰ ਦਰਸ਼ਨਾਂ ਸੰਬੰਧੀ ਪੂਰਣ ਜਾਣਕਾਰੀ ਸੀ। ਇਸ ਲਈ ਉਨ੍ਹਾਂ ਦਾ ਸ਼ਬਦ ਗਿਆਨ ਅਨੁਭਵ ਅਤੇ ਤਜੁਰਬੇ ਤੇ ਆਧਾਰਿਤ ਹੈ।

ਗੁਰੂ ਰਵਿਦਾਸ ਜੀ ਦੀ ਭਾਸ਼ਾ ਵਿਚੋਂ ਪ੍ਰਗਟਾਅ ਮਾਧਿਅਮ ਵਜੋਂ ਭਾਸ਼ਾ ਦੇ ਅਭਿਧਾ, ਲਕਸ਼ਣਾਂ ਅਤੇ ਵਿਅੰਜਕਾਂ ਮੂਲਕ ਸ਼ਬਦਾਂ ਦਾ ਇਕ ਅਣਮੋਲ ਖਜ਼ਾਨਾ ਪ੍ਰਾਪਤ ਹੁੰਦਾ ਹੈ। ਸੰਤ-ਜਨ ਚਾਹੇ ਇਨ੍ਹਾਂ ਸ਼ਕਤੀਆਂ ਹਿੱਤ ਸ਼ਬਦਾਂ ਦੀ ਚੋਣ ਨਹੀਂ ਕਰਦੇ ਉਨ੍ਹਾਂ ਦੇ ਗੰਭੀਰ ਵਿਚਾਰ ਅਤੇ ਡੂੰਘੇ ਅਨੁਭਵ ਹੀ ਅਜਿਹੀ ਸ਼ਕਤੀ ਪ੍ਰਦਾਨ ਕਰਦੇ ਹਨ। ਉਹ ਪ੍ਰਭੂ ਦੇ ਮਿਹਰ, ਅਨੁਭਵ, ਅਨੁਭੂਤੀ ਸਦਕਾ ਆਪਣੇ ਵਿਚਾਰ ਸਮਾਜ-ਸੁਧਾਰ ਦ੍ਰਿਸ਼ਟੀ ਤੋਂ ਪੇਸ਼ ਕਰਦੇ ਹਨ। ਵਿਸ਼ੇ ਦੀ ਡੂੰਘਾਈ ਹੀ ਭਾਸ਼ਾ ਨੂੰ ਅਮੀਰੀ ਦਾ ਗੁਣ ਬਖਸ਼ਦੀ ਹੈ।

ਬਹੁਤ ਅਸਚਰਜਤਾ ਹੁੰਦੀ ਹੈ ਜਦੋਂ ਵੇਖੀਦਾ ਅਤੇ ਪੜ੍ਹੀਦਾ ਹੈ ਕਿ ਕੁਝ ਆਲੋਚਕ ਸੰਤ-ਕਾਵਿ ਨੂੰ ਅਧਮ -ਕਾਵਿ ਕਹਿੰਦੇ ਹਨ।

ਆਚਾਰੀਆ ਰਾਮ ਚੰਦਰ ਸੁਕਲ ਲਿਖਦੇ ਹਨ ਕਿ ਨਿਰਗੁਣ ਮਾਰਗੀ ਸੰਤ-ਕਵੀਆਂ ਦੀ ਪਰੰਪਰਾ ਵਿਚ ਥੋੜੇ ਹੀ ਅਜਿਹੇ ਹੋਏ ਹਨ ਜਿਨ੍ਹਾਂ ਦੀ ਰਚਨਾ ਸਾਹਿਤ ਦੇ ਅੰਤਰਗਤ ਆ ਸਕਦੀ ਹੈ ਚਾਹੇ ਉਹ ਅਜਿਹੇ ਸੰਤਾਂ ਦੇ ਨਾਮ ਨਹੀਂ ਲਿਖਦੇ। ਪਰੰਤੂ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਸੁਕਲ ਜੀ ਨੇ ਭਾਸ਼ਾ ਅਤੇ ਵਿਚਾਰ ਦੇ ਪੱਖੋਂ ਸੰਤ ਵਲ ਉਂਗਲ ਕੀਤੀ ਹੈ। ਸੰਤ ਸਾਹਿਤ ਲੋਕ-ਲਹਿਰ ਅਤੇ ਭਗਤੀ ਲਹਿਰ ਦਾ ਸਾਹਿਤ ਹੈ। ਸਾਹਿਤ ਵਿਚ ਵਿਸ਼ਾ ਅਤੇ ਰੂਪਕ ਪੱਖ ਦੋਵੇਂ

ਮਹੱਤਵਪੂਰਨ ਹੁੰਦੇ ਹਨ। ਵਿਸ਼ੇ ਦੇ ਪੱਖੋਂ ਸੰਤ- ਸਾਹਿਤ ਧਾਰਮਿਕ, ਸਮਾਜਿਕ, ਆਰਥਿਕ ਭਾਰਤੀ ਸੰਸਕ੍ਰਿਤੀਆਂ ਸਭਿਆਚਾਰਕ ਵਿਚਾਰਾਂ ਦਾ ਅਣਮੋਲ ਖਜ਼ਾਨਾ ਹੈ। ਇਸ ਦਾ ਜੀਵਨ ਦੇ ਅਧਿਆਤਮਕ ਅਤੇ ਨੈਤਿਕ ਪੱਧਰ ਤੇ ਮਹੱਤਵ ਹੈ। ਇਕ ਸਮਾਜ ਦੇ ਲੋਕਾਂ ਦਾ ਸਾਂਝਾ ਸਾਹਿਤ ਹੈ, ਇਹ ਵਿਦਵਾਨਾਂ ਅਤੇ ਆਮ ਮਨੁੱਖ ਦੇ ਉਧਾਰ ਹਿੱਤ ਸਿਰਜਿਆ ਸਾਹਿਤ ਹੈ। ਇਸ ਵਿਚ ਸਰਲਤਾ ਅਤੇ ਸਪਸ਼ੱਟਤਾ ਦਾ ਹੋਣਾ ਅਤੀ ਜ਼ਰੂਰੀ ਹੈ। ਇਹ ਨਿੱਤ ਪੜ੍ਹਣ ਵਾਲਾ ਸਾਹਿਤ ਹੈ ਅਤੇ ਇਹ ਨਿੱਤ ਦੇ ਜੀਵਨ ਵਾਂਗ ਸਰਲ ਹੀ ਹੋਣਾ ਚਾਹੀਦਾ ਹੈ। ਇਹ ਇਸਦੇ ਕੀਮਤੀ ਵਿਚਾਰਾਂ ਦੀ ਸਰਲਤਾ, ਸਪਸ਼ਟਤਾ ਕਾਰਣ ਹੀ ਖਿੱਚ ਦਾ ਕੇਂਦਰ ਬਣਿਆ ਅਤੇ ਇਸ ਨੂੰ ਭਗਤੀ ਰੂਪੀ ਸਿਹਰਾ ਪ੍ਰਾਪਤ ਹੋਇਆ ਹੈ। ਇਸ ਲਈ ਇਸ ਨੂੰ ਅਧਮ ਸਾਹਿਤ ਨਹੀਂ ਕਿਹਾ ਜਾ ਸਕਦਾ।

ਸੰਤ- ਸਾਹਿਤ ਦੀ ਭਾਸ਼ਾ ਨੂੰ ਪੰਚਮੇਲ ਬੋਲੀ, ਸੰਧਿਆ ਭਾਸ਼ਾ, ਸਧੂਕੜੀ ਭਾਸ਼ਾ ਅਤੇ ਕਈ ਵਾਰ ਖਿਚੜੀ ਜਾਂ ਵਿਅਰਥ ਭਾਸ਼ਾ ਤਕ ਕਿਹਾ ਜਾਂਦਾ ਹੈ। ਕਿਸੇ ਕਾਵਿ-ਕ੍ਰਿਤੀ ਦਾ ਰਚਨਹਾਰ ਖਾਸ ਉਦੇਸ਼ ਹਿੱਤ ਆਪਣੇ ਵਿਚਾਰਾਂ ਨੂੰ ਅਮਲੀ ਰੂਪ ਦੇਣ ਲਈ ਰਚਨਾ ਕਰਦਾ ਹੈ। ਉਹ ਭਾਸ਼ਾ ਨੂੰ ਸਥਾਨ, ਸਥਿਤੀ, ਪ੍ਰਸੰਗ ਅਤੇ ਲੋਕਾਂ ਦੀ ਮਾਨਸਿਕ ਪੱਧਰ ਅਨੁਸਾਰ ਚੁਣਦਾ ਹੈ। ਭਗਤੀ-ਲਹਿਰ ਲੋਕ -ਲਹਿਰ ਸੀ ਇਸ ਲਈ ਇਸ ਸਮੇਂ ਰਚੇ ਸਾਹਿਤ ਵਿਚ ਲੋਕ -ਭਾਸ਼ਾ ਦਾ ਪ੍ਰਯੋਗ ਕੀਤਾ ਗਿਆ ਹੈ।

ਲੋਕ ਭਾਸ਼ਾ ਜਾ ਸਾਧੂਕੜੀ ਭਾਸ਼ਾ ਕਈ ਭਾਸ਼ਾਵਾਂ ਤੇ ਬੋਲੀਆਂ ਦਾ ਰਲਾਅ ਹੁੰਦਾ ਹੈ। ਸੰਤ-ਜਨ ਸਮਾਜ-ਸੁਧਾਰ ਹਿੱਤ ਵਿਭਿੰਨ ਥਾਵਾਂ ਤੇ ਭ੍ਰਮਣ ਕਰਦੇ ਹਨ, ਅਧਿਆਤਮਿਕ ਪ੍ਰਚਾਰ ਲਈ ਸਮੇਂ, ਸਥਾਨ ਅਨੁਸਾਰ ਭਾਸ਼ਾ ਦਾ ਪ੍ਰਯੋਗ ਕਰਦੇ ਹਨ। ਸੰਤਜਨਾਂ ਦਾ ਦੇਸ਼- ਭ੍ਰਮਣ ਸਮੇਂ ਹੋਰ ਸਾਧਾਂ ਸੰਤਾਂ ਨਾਲ ਮੇਲ ਹੁੰਦਾ ਹੈ। ਉਨ੍ਹਾਂ ਦੇ ਵਿਚਾਰਾਂ ਤੋਂ ਵੀ ਭਾਸ਼ਾ ਪ੍ਰਭਾਵਿਤ ਹੁੰਦੀ ਹੈ। ਇਸ ਤਰ੍ਹਾਂ ਸਾਧੂ-ਭਾਸ਼ਾ ਵਿਚ ਦੇਸ਼ ਦੇ ਭਿੰਨ -ਭਿੰਨ ਹਿੱਸਿਆਂ, ਵਿਭਿੰਨ-ਦਰਸ਼ਨ ਅਤੇ ਧਾਰਮਿਕ ਗ੍ਰੰਥਾਂ ਤੇ ਸਾਧ- ਸੰਗਤ ਕਾਰਨ ਵਿਵਿਧਤਾ ਆ ਜਾਂਦੀ ਹੈ। ਇਸ ਤਰ੍ਹਾਂ ਸਾਧੂਕੜੀ -ਭਾਖਾ ਸਥਾਨਕ ਰੰਗ ਵਿਚ ਰੰਗੀ ਹੋਈ ਸੰਤਾਂ ਦੇ ਵਿਭਿੰਨ -ਸਥਾਨਾਂ ਤੇ ਭ੍ਰਮਣ ਕਰਨ ਦੀ ਮਿਹਨਤ ਦੀ ਉਪਜ ਹੈ। ਜਿਸ ਵਿਚ ਇਕ ਚੰਗੀ ਭਾਸ਼ਾ ਵਾਂਗ ਵਿਸ਼ਾਲਤਾ ਦੇ ਗੁਣ ਭਰਪੂਰ ਹੁੰਦੇ ਹਨ। ਇਸ ਤਰ੍ਹਾਂ ਇਹ ਭਾਸ਼ਾ ਅਨੇਕਤਾ ਵਿਚੋਂ ਏਕਤਾ ਨੂੰ ਪੈਦਾ ਕਰਦੀ ਹੈ।

ਸੰਤਾਂ ਦੀ ਭਾਸ਼ਾ ਵਿਚ ਹਿੰਦੀ ਸੰਸਕ੍ਰਿਤ, ਅਰਬੀ, ਫ਼ਾਰਸੀ ਸ਼ਬਦਾਂ ਦੀ ਲੋੜ ਅਨੁਸਾਰ ਵਰਤੋਂ ਹੋਈ ਹੈ। ਉਨ੍ਹਾਂ ਨੇ ਕਿਤੇ ਬ੍ਰਜ ਭਾਸ਼ਾ ਦੀ ਵਰਤੋਂ ਕੀਤੀ ਹੈ ਅਤੇ ਕਿਤੇ ਅਵਧੀ ਦੀ, ਕਿਤੇ ਰਾਜਸਥਾਨੀ ਦੀ ਅਤੇ ਕਿਤੇ ਕਾਸ਼ੀ ਦੀ ਪੰਡਤਾਉ ਬੋਲੀ ਦੀ। ਇਹ ਸਭ ਭਾਸ਼ਾਵਾਂ ਮਿਲ ਕੇ ਗੋਤਕਨਾਲਾ ਹੋ ਜਾਂਦਾ ਹੈ ਅਤੇ ਮਿਲ-ਗੋਭਾ ਬਣ ਜਾਂਦਾ ਹੈ। ਇਸ ਕਰਕੇ ਹੀ ਕਈਆਂ ਨੇ ਇਸ ਨੂੰ ਖਿਚੜੀ ਕਹਿ ਦਿੱਤਾ ਹੈ। ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਖਿਚੜੀ ਚੌਲਾਂ ਨਾਲੋਂ ਵਧੇਰੇ ਲਾਭਦਾਇਕ

ਹੁੰਦੀ ਹੈ। ਇਹ ਬੀਮਾਰਾਂ ਲਈ ਵੀ ਠੀਕ ਅਤੇ ਤੰਦਰੁਸਤਾਂ ਲਈ ਵੀ। ਇਹੀ ਅਵਸਥਾ ਸਾਧ-ਭਾਸ਼ਾ ਦੀ ਹੈ ਇਹ ਸਭ ਦੀ ਜ਼ਰੂਰਤ ਪੂਰਨ ਵਾਲੀ ਤੇ ਸਮਝ ਪੈਣ ਵਾਲੀ ਅਣਮੋਹਲ ਬੋਲੀ ਹੈ। ਇਸ ਵਿਚੋਂ ਇਕਰੂਪਤਾ ਅਤੇ ਸਥਿਰਤਾ ਦੀ ਮੰਗ ਕਰਨਾ ਗਲਤ ਹੋਵੇਗਾ ਪਰੰਤੂ ਇਸ ਵਿਚ ਸੰਕੇਤਿਕ ਅਤੇ ਗਿਆਨ ਦੇ ਅੰਸ਼ ਬਹੁਤ ਹਨ ਇਸ ਲਈ ਇਹ ਸਭ ਨੂੰ ਆਪਣੀ ਲੱਗਦੀ ਹੈ। ਡਾ. ਧਰਮ ਪਾਲ ਸਿੰਗਲ ਦੇ ਸਾਧ-ਭਾਸ਼ਾ ਸੰਬੰਧੀ ਵਿਚਾਰ ਵਿਸ਼ੇਸ਼ ਮਹੱਤਵ ਰਖਦੇ ਹਨ ਉਹ ਲਿਖਦੇ ਹਨ ਕਿ ਸਾਧੂ ਪੁਰਸ਼ਾਂ ਦੀ ਇਕ ਬੋਲੀ ਨਹੀਂ ਹੁੰਦੀ ਸਗੋਂ ਉਹ ਲੋਕ-ਭਾਸ਼ਾ ਵਿਚ ਆਪਣੀ ਗੱਲ ਕਰਦੇ ਹਨ। ਇਹ ਲੋਕ ਉਨ੍ਹਾਂ ਦੇ ਸਾਧੂ ਮਿੱਤਰ ਗੁਰੂ ਅਤੇ ਗੁਰੂ-ਭਾਈ ਅਤੇ ਦੇਸ਼ ਪ੍ਰਦੇਸ਼ ਦੇ ਸਾਧਾਰਨ ਇਸਤਰੀ-ਪੁਰਸ਼ ਹੁੰਦੇ ਹਨ। ਇਨ੍ਹਾਂ ਦੇ ਸੰਪਰਕ ਨਾਲ, ਸੰਗਤ ਨਾਲ ਉਹ ਆਪਣੀ ਭਾਸ਼ਾ ਦਾ ਨਿਰਮਾਣ ਕਰਦੇ ਹਨ। ਜਿਸ ਸਮਾਜ-ਪਰਿਵਾਰ ਵਿਚ ਉਨ੍ਹਾਂ ਦਾ ਜਨਮ ਹੁੰਦਾ ਹੈ, ਉਸ ਦਾ ਭਾਸ਼ਾ ਭੰਡਾਰ ਉਨ੍ਹਾਂ ਦਾ ਮੂਲ ਸੋਮਾ ਹੁੰਦਾ ਹੈ। ਸ਼ਾਸਤਰ ਚਰਚਾ ਨਾਲ ਤੁਰਨ ਫਿਰਨ ਅਤੇ ਭ੍ਰਮਣ ਕਰਨ ਨਾਲ ਉਹ ਜਿਥੇ ਜਾਤਾਂ, ਮਜ਼ਬਾਂ ਅਤੇ ਪ੍ਰਾਂਤਾਂ ਦਾ ਭੇਦ ਮਿਟਾ ਦਿੰਦੇ ਹਨ ਉਥੇ ਉਨ੍ਹਾਂ ਦੀ ਭਾਸ਼ਾ ਵਿਚ ਵੀ ਇਹ ਭੇਦ ਮਿਟ ਜਾਂਦਾ ਹੈ ਅਤੇ ਫਲਰੂਪ ਜੋ ਭਾਸ਼ਾ ਤਿਆਰ ਹੁੰਦੀ ਹੈ ਉਹ ਸਾਧ-ਭਾਸ਼ਾ, ਸਾਧੂਕੜੀ ਭਾਸ਼ਾ ਅਖਵਾਉਂਦੀ ਹੈ।[8]

ਗੁਰੂ ਰਵਿਦਾਸ ਜੀ ਦੀ ਭਾਸ਼ਾ ਵਿਚ ਵੀ ਬਾਕੀ ਸੰਤਾਂ ਦੀ ਤਰ੍ਹਾਂ ਇਕਰੂਪਤਾ ਅਤੇ ਸਥਿਰਤਾ ਨਹੀਂ। ਉਨ੍ਹਾਂ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 39 ਸ਼ਬਦਾਂ ਦੀ ਭਾਸ਼ਾ ਬ੍ਰਜ ਭਾਸ਼ਾ ਦੇ ਨੇੜੇ ਹੈ ਅਤੇ ਉਸ ਵਿਚ ਪੰਜਾਬੀ ਭਾਵ ਵਧੇਰੇ ਉਘੜਦਾ ਹੈ। ਡਾ. ਬੀ ਪੀ ਸ਼ਰਮਾ ਅਤੇ ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਦੁਆਰਾ ਸੰਗ੍ਰਿਹਿ ਕੀਤੀ ਗੁਰੂ ਰਵਿਦਾਸ ਬਾਣੀ ਸੰਸਕ੍ਰਿਤ ਅਤੇ ਲੋਕ ਪ੍ਰਚਲਿਤ ਰੂਪ ਸਹਸਕ੍ਰਿਤੀ ਵਿਚ ਹੈ ਹਿੰਦੀ ਅਤੇ ਅਵਧੀ ਵਿਚ ਹੈ। ਕਈ ਸ਼ਬਦਾਂ ਵਿਚ ਅਰਬੀ ਅਤੇ ਫਾਰਸੀ ਦਾ ਪ੍ਰਭਾਵ ਵਧੇਰੇ ਉਜਾਗਰ ਹੁੰਦਾ ਹੈ। ਪ੍ਰੋ. ਹਰਦੇਵ ਬਾਹਰੀ ਆਪਣੇ ਨਿਬੰਧ ' ਉਤਰੀ ਭਾਰਤ ਕੇ ਸੰਤੋਂ ਕੀ ਭਾਸ਼ਾ' ਵਿਚ ਲਿਖਦੇ ਹਨ ਕਿ ਰੈਦਾਸ ਦਾ ਇਕ ਪਦ ਫਾਰਸੀ ਵਿਚ ਪ੍ਰਾਪਤ ਹੈ। ਗੁਰੂ ਰਵਿਦਾਸ ਜੀ ਦੇ ਕੁਝ ਸ਼ਬਦ ਗੁਜਰਾਤੀ ਭਾਸ਼ਾ ਵਿਚ ਵੀ ਮਿਲਦੇ ਹਨ। ਉਨ੍ਹਾਂ ਦੀ ਇਕ ਪੱਟੀ ਪ੍ਰਾਪਤ ਹੋਈ ਹੈ , ਜਿਸ ਵਿਚ ਗੁਰਮੁਖੀ ਦੇ ਪੈਂਤੀ ਅੱਖਰਾਂ ਦੇ ਨਾਲ ਸ਼ੁਰੂ ਕਰਕੇ ਅਧਿਆਤਮਿਕ ਵਿਚਾਰ ਪੇਸ਼ ਕੀਤੇ ਹਨ। ਇਸ ਰਚਨਾ ਦੀ ਪ੍ਰਮਾਣਿਕਤਾ ਸੰਬੰਧੀ ਖੋਜ ਅਜੇ ਅਧੂਰੀ ਹੈ।

ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਚਾਹੇ ਕਈ ਭਾਸ਼ਾਵਾਂ ਦਾ ਪ੍ਰਯੋਗ ਹੈ ਪਰੰਤੂ ਇਸ ਵਿਚੋਂ ਪੰਜਾਬੀ ਭਾਸ਼ਾ ਸਪੱਸ਼ਟ ਰੂਪ ਵਿਚ ਉਘੜ ਕੇ ਸਾਹਮਣੇ ਆਉਂਦੀ ਹੈ। ਉਨ੍ਹਾਂ ਨੇ ਬਾਣੀ ਵਿਚ ਪੰਜਾਬੀ ਉਚਾਰਨ ਅਨੁਸਾਰ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ। ਜਿਵੇਂ ਅਧਾਰ( ਆਧਾਰ ਨਹੀਂ) । ਅਨੰਦ ( ਆਨੰਦ ਨਹੀਂ), ਅਚਰੀਅਤ( ਆਚਾਰੀਅਤ ਨਹੀਂ)। ਉਨ੍ਹਾਂ ਦੀ ਬਾਣੀ ਵਿਚ ਸ਼ਬਦਾਂ ਦੇ

ਪੰਜਾਬੀ ਰੂਪ ਵਧੇਰੇ ਪ੍ਰਾਪਤ ਹੁੰਦੇ ਹਨ ਜਿਵੇਂ ਚੰਦ( ਚੰਦਾ ਜਾਂ ਚੰਦਰਮਾਂ ਦੀ ਥਾਂ), ਦੋਮ( ਦੋਇਮ -ਦੂਜਾ) ਸੋਮ (ਸੋਇਮ-ਤੀਜਾ), ਸ਼ੈਲ( ਸੈਰ,ਸੈਲ) ਘਣਾ( ਘਨਾ -ਅਵਧੀ ਅਤੇ ਬ੍ਰਜ ਭਾਸ਼ਾ ਵਿਚ ਹੈ) ਇਉਂ ( ਯੌ, ਯੂੰ ਹਿੰਦੀ, ਉਰਦੂ), ਫੇੜੇ ( ਪੁਰਾਣੀ ਪੰਜਾਬੀ ਦਾ ਸ਼ਬਦ), ਮੰਗਣਹਾਰ( ਮਾਂਗਨਹਾਰ) ਸਭ (ਸਬ) ਆਦਿ। ਇਸ ਤੋਂ ਇਲਾਵਾ ਬਾਣੀ ਵਿਚ ਪੰਜਾਬੀ ਕ੍ਰਿਆ ਪਦਾਂ ਅਤੇ ਸਕਰਮਕ ਕ੍ਰਿਆ ਦਾ ਪ੍ਰਯੋਗ ਹੈ।

ਪੰਜਾਬੀ ਕ੍ਰਿਆ -ਪਦ —ਟਾਂਡਾ ਲਾਦਿਆ, ਮਨ ਮੋਹਿਆ, ਜਗ ਨਹੀਂ ਆਇਆ, ਬੀਚਾਰਿਆ, ਸਿਧਾਰਿਆ, ਲੁਟਿਆ ਆਦਿ।

ਪੰਜਾਬੀ ਸਕਰਮਕ ਕ੍ਰਿਆ – ਤੈਰਨਾਂ ਅਤੇ ਤੈਰਾਨਾਂ ਦੀ ਥਾਂ ਤਰੇ ਦਾ ਪ੍ਰਯੋਗ ਹੈ। ਪੀਆਇਆ ਦੀ ਵਰਤੋਂ ਪਿਲਾਨਾ ਦੀ ਥਾਂ ਕੀਤੀ ਹੈ। ਇਸ ਤੱਥ ਨੂੰ ਸਿੱਧ ਕਰਨ ਲਈ ਪੰਜਾਬੀ ਪ੍ਰਧਾਨ ਰਚਨਾ ਦੀ ਇਕ ਵੰਨਗੀ ਦ੍ਰਿਸ਼ਟੀਗਤ ਹੈ:[9]

ਜੇ ਉਹੁ ਅਠਸਠਿ ਤੀਰਥ ਨਾਵੈ ॥
ਜੇ ਉਹ ਦੁਆਦਸ ਸਿਲਾ ਪੂਜਾਵੈ ॥
ਜੇ ਉਹ ਕੂਟ ਤਟਾ ਦੇਵਾਲੈ ॥
ਕਰੈ ਨਿੰਦ ਸਭ ਬਿਰਥਾ ਜਾਵੇ –
..... ..... ...
ਨਿੰਦਕ ਸੋਧਿ ਸਾਧਿ ਬੀਚਾਰਿਆ
ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ ॥[10]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਰਵਿਦਾਸ ਬਾਣੀ ਵਿਚ ਪੰਜਾਬੀ ਦਾ ਰੂਪ ਵਧੇਰੇ ਸਪਸ਼ਟ ਰੂਪ ਵਿਚ ਸਾਹਮਣੇ ਆਉਂਦਾ ਹੈ। ਉਨ੍ਹਾਂ ਨੇ ਆਪਣੀ ਬਾਣੀ ਵਿਚ ਵੀ ਪੰਜਾਬੀ ਦੇ ਚਉਤੀ ਅੱਖਰਾਂ ਬਾਰੇ ਸੰਕੇਤ ਦਿੱਤਾ ਹੈ। ਡਾ. ਬਾਹਰੀ ਵੀ ਇਸ ਸੰਬੰਧ ਵਿਚ ਧਿਆਨ ਦਿਵਾਉਂਦੇ ਲਿਖਦੇ ਹਨ ਕਿ " ਰਵਿਦਾਸ ਨੇ ਆਪਣੀ ਕਾਵਿ-ਭਾਸ਼ਾ ਦੀ ਵਰਣਮਾਲਾ ਨੂੰ ਚਉਤੀਸ ਅਖਰੀ ਕਿਹਾ ਹੈ। ਪੈਤੀਵਾਂ ਅੱਖਰ /ੜ/ ਵੀ ਉਨ੍ਹਾਂ ਦੀ ਬਾਣੀ ਵਿਚ ਮਿਲ ਜਾਂਦਾ ਹੈ।[11]

ਨਾਨਾ ਖਿਆਨ ਪੁਰਾਨ, ਬੇਦ, ਬਿਧਿ ਚਉਤੀਸ ਅਖਰ ਮਾਹੀ
ਬਿਆਸ ਬਿਚਾਰਿ ਕਹਿਓ ਪਰਮਾਰਥ, ਰਾਮ ਨਾਮ ਸਰਿ ਨਾਹੀ ॥[12]

ਗੁਰੂ ਜੀ ਸਪੱਸ਼ਟ ਲਿਖਦੇ ਹਨ ਕਿ ਰਾਮ ਨਾਮ( ਓਮ ਜਾਂ ਓਂਕਾਰ ੴ ) ਦੇ ਗਿਆਨ ਤੋਂ ਬਿਨਾਂ ਚੌਤੀਸ ਅੱਖਰਾਂ ਦਾ ਗਿਆਨ ਬੇਅਰਥ ਹੈ। ਕਿਉਂਕਿ ਇਸ ਤੋਂ ਬਿਨਾਂ ਮਨੁੱਖ ਜੀਵਨ ਮੁਕਤ ਨਹੀਂ ਹੋ ਸਕਦਾ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਰਵਿਦਾਸ ਬਾਣੀ ਵਿਚ

ਪੰਜਾਬੀ ਭਾਸ਼ਾ ਸੰਬੰਧੀ ਵਧੇਰੇ ਵਰਣਨ ਹੈ ਜਿਸ ਤੋਂ ਸਿੱਧ ਹੋ ਜਾਂਦਾ ਹੈ ਕਿ ਇਸ ਦਾ ਮੁਹਾਂਦਰਾ ਪੰਜਾਬੀ ਹੈ। ਇਸ ਤਰ੍ਹਾਂ ਗੁਰੂ ਰਵਿਦਾਸ ਜੀ ਸਮਕਾਲੀ ਸੰਤਾਂ ਨਾਲੋਂ ਇਸ ਪੱਖ ਵਿਚ ਅੱਗੇ ਲੰਘ ਜਾਂਦੇ ਹਨ।

ਗੁਰੂ ਰਵਿਦਾਸ ਜੀ ਦੀ ਬੋਲੀ ਬਾਰੇ ਸ੍ਰੀ ਰਾਮਾਨੰਦ ਸ਼ਾਸਤਰੀ ਅਤੇ ਵੀਰੇਂਦ੍ਰ ਪਾਂਡੇਯ ਲਿਖਦੇ ਹਨ ਕਿ ਸੰਤ ਰਵਿਦਾਸ ਨੇ ਵਧੇਰੇ ਕਰਕੇ ਹਿੰਦੀ ਭਾਸ਼ਾ ਵਿਚ ਪਦ ਰਚਨਾ ਕੀਤੀ ਹੈ। ਉਨ੍ਹਾਂ ਦੇ ਕਾਵਿ ਵਿਚ ਪੂਰਬੀ ਅਵਧੀ ਵਧੇਰੇ ਹੈ। ..... ਪੰਜਾਬੀ ਭਾਸ਼ਾ ਦੇ ਸ਼ਬਦਾਂ ਦਾ ਪ੍ਰਯੋਗ ਘਟ ਹੈ ਪਰ ਪਦਾਂ ਵਿਚ ਅਨੇਕ ਥਾਈਂ ਪੰਜਾਬੀਪਨ ਅਵੱਸ਼ ਆ ਗਿਆ ਹੈ। ਇਸ ਦਾ ਇਕ ਮਾਤਰ ਕਾਰਣ ਉਨ੍ਹਾਂ ਦੇ ਅਨੁਯਾਈਆਂ ਦਾ ਜਾਂ ਪੋਥੀਆਂ ਦੀ ਨਕਲ ਵਾਲਿਆਂ ਦਾ ਪੰਜਾਬੀ ਬਾਰੇ ਵਿਸ਼ੇਸ਼ ਮੋਹ ਹੀ ਮੰਨਿਆ ਜਾ ਸਕਦਾ ਹੈ।[13]

ਗੁਰੂ ਰਵਿਦਾਸ ਜੀ ਦੀ ਸਮੁੱਚੀ ਬਾਣੀ ਦੇ ਵਿਆਕਰਣਿਕ ਅਧਿਅਨ ਉਪਰੰਤ ਇਹ ਗਲ ਸਪੱਸ਼ਟ ਹੋ ਜਾਂਦੀ ਹੈ ਕਿ ਉਨ੍ਹਾਂ ਦੀ ਭਾਸ਼ਾ ਵਿਚ ਪੰਜਾਬੀ ਰੂਪ ਵਧੇਰੇ ਉਘੜ ਕੇ ਸਾਹਮਣੇ ਆਉਂਦਾ ਹੈ ਪਰੰਤੂ ਉਨ੍ਹਾਂ ਦੀ ਬਾਣੀ ਵਿਚ ਹਿੰਦੀ ਭਾਸ਼ਾ ਦੀ ਵਰਤੋਂ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।

ਗੁਰੂ ਰਵਿਦਾਸ ਜੀ ਦੀ ਭਾਸ਼ਾ ਸੰਬੰਧੀ ਅਚਾਰਯ ਪ੍ਰਿਥਵੀ ਸਿੰਘ ਆਜ਼ਾਦ ਵੀ ਲਿਖਦੇ ਹਨ ਕਿ ਗੁਰੂ ਜੀ ਰਚਨਾਵਾਂ ਵਿਚ ਮੈਥਲੀ, ਬ੍ਰਿਜ ਭਾਸ਼ਾ, ਅਵਧੀ, ਖੜੀ ਸਾਧੂਕੜੀ ਭਾਸ਼ਾ ਦਾ ਪ੍ਰਯੋਗ ਹੋਇਆ ਹੈ। 'ਬਟਕ ਬਾਜਿ' ਮੈਥਲੀ ਭਾਸ਼ਾ ਦੀ ਵਰਤੋਂ ਹੈ। ਉਨ੍ਹਾਂ ਨੇ ਹਿੰਦੀ, ਸੰਸਕ੍ਰਿਤ ਬ੍ਰਿਜ ਭਾਸ਼ਾ ਅਤੇ ਅਵਧੀ ਦੇ ਨਾਲ ਨਾਲ ਉਰਦੂ, ਫਾਰਸੀ, ਅਰਬੀ ਸ਼ਬਦਾਂ ਦੀ ਵਰਤੋਂ ਵੀ ਕੀਤੀ ਹੈ।

ਮਨੁੱਖ ਦੇ ਨਿੱਤ ਦੇ ਕਾਰ-ਵਿਹਾਰ ਦਾ ਪ੍ਰਭਾਵ ਵੀ ਰਚਨਾ ਦੀ ਭਾਸ਼ਾ ਤੇ ਪੈਣਾ ਸੁਭਾਵਿਕ ਹੈ। ਸੰਤ ਨਾਮਦੇਵ, ਕਬੀਰ, ਸ਼ਾਹ ਹੁਸੈਨ ਦੀ ਨਿਆਈ ਸ੍ਰੀ ਗੁਰੂ ਰਵਿਦਾਸ ਜੀ ਵੀ ਆਪਣੇ ਕਿੱਤੇ ਦੀ ਸ਼ਬਦਾਵਲੀ ਦਾ ਪ੍ਰਯੋਗ ਕਰਦੇ ਹਨ। ਜਿਵੇਂ:-

ਚਮਰਟਾ ਗਾਂਠਿ ਨ ਜਨਈ, ਲੋਗੁ ਗਠਾਵੈ ਪਨਹੀ ॥
ਆਰ ਨਹੀਂ ਜਿਹ ਤੋਪਉ, ਨਹੀਂ ਰਬੀ ਨਾਉ ਰੋਪਉ ॥[15]

ਡਾ. ਪਦਮ ਅਨੁਸਾਰ ਗੁਰੂ ਰਵਿਦਾਸ ਜੀ ਦਾ ਸ਼ਬਦ ਭੰਡਾਰ ਬਹੁਤ ਵਿਸ਼ਾਲ ਹੈ ਉਨ੍ਹਾਂ ਨੇ ਸੰਸਕ੍ਰਿਤ ਦੇ ਤਤਸਮ, ਤਦਭਵ ਸ਼ਬਦ, ਫਾਰਸੀ ਅਤੇ ਅਰਬੀ ਦੇ ਸ਼ਬਦ ਅਤੇ ਮਿਸ਼ਰਤ ਸ਼ਬਦਾਂ ਦਾ ਪ੍ਰਯੋਗ ਕੀਤਾ ਹੈ।[16]

ਬੇ(ਫਾਰਸੀ)+ ਨਜ਼ਰ ( ਅਰਬੀ) = ਬੇਨਜਰ

ਸਮੁੱਚੇ ਰੂਪ ਵਿਚ ਰਵਿਦਾਸ ਬਾਣੀ ਦੀ ਭਾਸ਼ਾ ਉਸ ਸਮੇਂ ਵਰਤੀ ਜਾਂਦੀ ਸੰਤ-ਭਾਸ਼ਾ ਹੈ ਅਤੇ ਮਿਸ਼ਰਤ-ਭਾਸ਼ਾ ਹੈ। ਇਸ ਵਿਚ ਬ੍ਰਜ, ਸੰਸਕ੍ਰਿਤ, ਹਿੰਦੀ, ਅਵਧੀ, ਫਾਰਸੀ ਅਰਬੀ ਅਤੇ ਪੰਜਾਬੀ ਭਾਸ਼ਾ ਦੇ ਸ਼ਬਦਾਂ ਅਤੇ ਰੂਪ ਦੀ ਵਰਤੋਂ ਹੋਈ ਹੈ। ਇਸ ਵਿਚ ਭਾਰਤੀ ਦਰਸ਼ਨ ਦੀ ਸ਼ਬਦਾਵਲੀ ਵੀ ਸ਼ਾਮਲ ਹੈ। ਇਸ ਵਿਚ ਅਧਿਆਤਮਿਕ ਗਿਆਨ ਅਤੇ ਅਨੁਭਵ ਮੌਜੂਦ ਹਨ। ਉਨ੍ਹਾਂ ਨੇ ਆਪਣੇ ਕਿੱਤੇ ਦੀ ਸ਼ਬਦਾਵਲੀ ਰਾਹੀਂ ਦਿਲ ਦੇ ਕੋਨੇ ਵਿਚੋਂ ਬ੍ਰਹਮ ਅਨੁਭੂਤੀ ਦਾ ਵਰਣਨ ਕੀਤਾ ਹੈ। ਇਸ ਵਿਚ ਸਥਾਨਿਕ, ਸਮਾਜਿਕ, ਧਾਰਮਿਕ ਅਤੇ ਰਾਜਨੈਤਿਕ ਪ੍ਰਭਾਵ ਵੀ ਵਿਦਮਾਨ ਹਨ। ਬਾਕੀ ਭਗਤੀ-ਸਾਹਿਤ ਤਾਂ ਧੁਰ ਦੀ ਬਾਣੀ ਹੈ ਇਸ ਨੂੰ ਸਮਾਜ ਜਾਂ ਰਾਜ ਤੋਂ ਖਰੀਦਿਆ ਨਹੀਂ ਜਾ ਸਕਦਾ। ਇਹ ਪ੍ਰਭੂ ਦੀ ਕਿਰਪਾ ਨਾਲ ਪ੍ਰਾਪਤ ਹੋਈ ਸਮੱਗਰੀ ਨੂੰ ਕੁਦਰਤੀ ਰੰਗ ਵਿਚ ਪੇਸ਼ ਕਰਨਾ ਹੈ। ਇਸ ਕਰਕੇ ਸੰਤ-ਬਾਣੀ ਵਿਚ ਬਨਾਵਟ ਨਹੀਂ, ਸਗੋਂ ਇਹ ਕੁਦਰਤੀ ਭਾਸ਼ਾ ਹੈ ਜੋ ਲੋਕ-ਭਾਸ਼ਾ ਦਾ ਰੂਪ ਗ੍ਰਹਿਣ ਕਰ ਲੈਂਦੀ ਹੈ। ਕਿਉਂਕਿ ਇਸ ਦਾ ਅਸਲ ਉਦੇਸ਼ ਸਮਾਜ ਦਾ ਕਲਿਆਣ ਅਤੇ ਮਾਨਵਤਾ ਦਾ ਉਧਾਰ ਕਰਨਾ ਹੁੰਦਾ ਹੈ। ਇਸ ਲਈ ਤਾਂ ਗੁਰੂ ਰਵਿਦਾਸ ਜੀ ਵੇਦਾਂ ਦੀ ਕਠਿਨ ਭਾਸ਼ਾ ਸੰਬੰਧੀ ਲਿਖਦੇ ਹਨ ਕਿ ਜਦੋਂ ਇਹ ਆਮ ਲੋਕਾਂ ਤੋਂ ਪੜੀ ਹੀ ਨਹੀਂ ਜਾਂਦੀ ਤਾਂ ਇਸ ਗਿਆਨ-ਗ੍ਰੰਥ ਤੋਂ ਉਹ ਕੀ ਲਾਭ ਉਠਾ ਸਕਦੇ ਹਨ?:

ਜਗ ਮੇਂ ਬੇਦ ਬੇਦ ਮਾਨੀ ਜੈ ॥
ਇਨ ਮੈਹਿ ਅਵਰੁ ਅਗਮ ਕਛੁ ਔਰੈ, ਕਹੌ ਕਵਨ ਧਰਿ ਕੀਜੈ ॥
ਭੌਜਲ ਬਿਖਾਧਿ ਅਸਾਧਿ ਪ੍ਰਬਲ ਅਤਿ, ਪਰਮ ਪੰਥ ਨਾ ਗਹੀਜੈ ॥
ਪੜ੍ਹੈ ਸੁਨੈ ਕਛੁ ਸਮੁਝਿ ਨ ਪਰਈ ਅਨਭੈ ਪਦੁ ਨ ਲਹੀਜੈ ॥
ਚੁਖਿ ਖਿਹੂਨ ਕਤਾਰ ਚਲਤ ਹੈ, ਤਿਨਹੂੰ ਸੀਸ਼ ਭੁਜ ਦੀਜੈ ॥
ਕਹੈ ਰਵਿਦਾਸ ਬਮੇਕ ਤਤ ਬਿਨੁ ਸਬ ਮਿਲਿ ਗਰਤ ਪਰੀਜੈ ॥[15-ਕ]

(91)

3. <u>ਅਲੰਕਾਰ</u> :- ਭਾਰਤੀ ਕਾਵਿ-ਸ਼ਾਸਤਰ ਦੇ ਇਤਿਹਾਸ ਵਿਚ ਅਲੰਕਾਰ-ਵਿਧਾਨ ਦੀ ਇਕ ਪ੍ਰਾਚੀਨ ਦੀਰਘ ਅਤੇ ਵਿਸਤ੍ਰਿਤ ਪਰੰਪਰਾ ਹੈ। ਕੁਝ ਆਚਾਰੀਆ ਅਲੰਕਾਰ ਨੂੰ ਸੁਤੰਤਰ ਸੰਪ੍ਰਦਾਇ ਮੰਨਦੇ ਹਨ ਇਨ੍ਹਾਂ ਅਨੁਸਾਰ ਅਲੰਕਾਰ ਕਾਵਿ ਦੀ ਆਤਮਾ ਹਨ। ਹੋਰ ਆਚਾਰੀਆ ਨੇ ਅਲੰਕਾਰ ਨੂੰ ਸਾਧਨ ਮਾਤਰ ਸਵੀਕਾਰ ਕੀਤਾ। ਇਸ ਤੋਂ ਇਕ ਗੱਲ ਸਪਸ਼ਟ ਹੁੰਦੀ ਹੈ ਕਿ ਪਹਿਲਾਂ ਅਲੰਕਾਰ ਇਕ ਸੁਤੰਤਰ ਵਿਧਾਨ ਸੀ ਅਤੇ ਬਾਅਦ ਵਿਚ ਸਾਧਨ ਮਾਤਰ ਰਹਿ ਗਿਆ। ਆਚਾਰੀਆ ਨੇ ਸਮੇਂ ਸਮੇਂ ਤੇ ਅਲੰਕਾਰ ਦੀਆਂ ਕਈ ਪਰਿਭਾਸ਼ਾਵਾਂ ਅੰਕਿਤ ਕੀਤੀਆਂ ਹਨ। ਆਚਾਰੀਆ ਦੰਡੀ ਅਨੁਸਾਰ

" ਅਲੰਕਾਰ ਕਾਵਿ ਦਾ ਸੌਂਦਰਯ ਪੈਦਾ ਕਰਨ ਵਾਲੇ ਧਰਮ ਹਨ।"[17] ਵਿਸ਼ਵਨਾਥ ਅਨੁਸਾਰ " ਕਾਵਿ ਸੌਂਦਰਯ ਨੂੰ ਵਧਾਉਣ ਵਾਲੇ ਰਸ, ਭਾਵ ਆਦਿ ਸਹਾਇਕ, ਸ਼ਬਦ ਅਤੇ ਅਰਥ ਦੇ ਜੋ ਅਸਥਿਰ ਧਰਮ ਹਨ ਉਹ ' ਅੰਗਦ' ਆਦਿ ਗਹਿਣਿਆਂ ਵਾਂਗੂੰ ਅਲੰਕਾਰ ਅਖਵਾਉਂਦੇ ਹਨ।"[18]

ਇਸ ਤਰ੍ਹਾਂ ਅਲੰਕਾਰ ਇਕ ਸ਼ੈਲੀ ਸਾਧਨ ਹੈ ਜੋ ਕਾਵਿ ਵਿਧਾਨ ਵਿਚ ਰਸ, ਭਾਵ, ਚਮਤਕਾਰ, ਅਨੁਠਾਪਨ, ਸੁਹਜ, ਮਿਠਾਸ ਪੈਦਾ ਕਰਦਾ ਹੈ।

ਅਲੰਕਾਰ :- ਗੁਰੂ ਰਵਿਦਾਸ ਜੀ ਮੂਲ ਰੂਪ ਵਿਚ ਸੰਤ, ਗੁਰੂ, ਭਗਤ ਬ੍ਰਹਮ-ਗਿਆਨੀ ਸਨ। 'ਸੰਤ ਅਨੰਤਹਿ ਅੰਤਰ ਨਾਹੀ' ਅਤੇ ਬ੍ਰਹਮ ਗਿਆਨੀ ਆਪ ਪਰਮੇਸੁਰ ਦੇ ਅਨੁਸਾਰ ਉਹ ਪ੍ਰਭੂ ਨਾਲ ਇਕਮਿਕਤਾ ਪ੍ਰਾਪਤ ਕਰ ਚੁੱਕੇ ਸਨ। ਉਨ੍ਹਾਂ ਦਾ ਮਨੋਰਥ ਕਾਵਿ ਨਹੀਂ ਸੀ ਉਨ੍ਹਾਂ ਨੇ ਤਾਂ ਆਪਣੇ ਅਧਿਆਤਮਕ ਅਨੁਭਵ ਨੂੰ ਜਨ-ਕਲਿਆਣ ਹਿੱਤ ਲੋਕ-ਭਾਸ਼ਾ ਵਿਚ ਜਨ ਸਾਧਾਰਣ ਤਕ ਪਹੁੰਚਾਉਣ ਲਈ ਇਸ ਕਾਵਿ ਰੂਪ ਦਾ ਪ੍ਰਯੋਗ ਕੀਤਾ। ਕਾਵਿ ਤਾਂ ਸ਼ਕਤੀਸ਼ਾਲੀ ਭਾਵਨਾਵਾਂ ਜਜ਼ਬਿਆਂ ਦਾ ਵਹਿਣ ਹੈ। ਇਥੇ ਇਹ ਅਧਿਆਤਮਕ ਵਿਚਾਰਾਂ ਦਾ ਪਰਵਾਹ ਹੈ ਸੰਤਾਂ ਨੇ ਇਸ ਨੂੰ ਪ੍ਰਾਕ੍ਰਿਤਕ ਰੰਗ ਵਿਚੋਂ ਕੱਢ ਕੇ ਬਨਾਵਟ ਦੇਣ ਦੀ ਕੋਸ਼ਿਸ਼ ਨਹੀਂ ਕੀਤੀ ਇਸ ਲਈ ਅਧਿਆਤਮਿਕ ਸਾਹਿਤ ਵੀ ਅਜ ਕਲ੍ਹ ਦੇ ਆਧੁਨਿਕ ਸਾਹਿਤ ਜਾਂ ਹੋਰ ਵਿਸ਼ਿਆਂ ਨਾਲ ਸੰਬੰਧਿਤ ਸਾਹਿਤ ਨਾਲ ਤੁਲਨਾ ਕਰਨੀ ਦਗਾ ਕਰਨਾ ਹੀ ਹੈ। ਸੰਤਾਂ ਦਾ ਮਨੋਰਥ ਅਲੰਕਾਰਾਂ ਨਾਲ ਬਾਣੀ ਨੂੰ ਸਜਾਉਣਾ ਨਹੀਂ ਸੀ। ਤੇ ਫਿਰ ਸਾਨੂੰ ਆਧੁਨਿਕ ਮਾਪਦੰਡਾਂ ਨਾਲ ਇਸ ਨੂੰ ਮਾਪਣਾ ਵੀ ਨਹੀਂ ਚਾਹੀਦਾ।

ਰਵਿਦਾਸ ਬਾਣੀ ਕਲਾ ਕਲਾ ਲਈ ਦੇ ਸਿਧਾਂਤਾਂ ਨੂੰ ਮੁਖ ਰਖ ਕੇ ਨਹੀਂ ਲਿਖੀ ਗਈ ਸਗੋਂ ਜੀਵਨ ਲਈ ਲਿਖੀ ਹੈ। ਕਾਵਿ ਨੂੰ ਕੇਵਲ ਸਾਧਨ ਮਾਤਰ ਹੀ ਵਰਤਿਆ ਹੈ। ਇਸ ਲਈ ਉਨ੍ਹਾਂ ਦੀ ਬਾਣੀ ਵਿਚ ਅਲੰਕਾਰਾਂ ਦਾ ਪ੍ਰਯੋਗ ਸੁੱਤੇ ਸਿੱਧ ਹੀ ਹੋਇਆ। ਬਾਣੀ ਵਿਚ ਸਜੇ ਅਲੰਕਾਰ ਮੌਲਿਕ , ਅਕ੍ਰਿਤਮ ਹਨ। ਡਾ. ਸਿੰਗਲ ਅਨੁਸਾਰ " ਭਾਵੇਂ ਰੀਤੀਕਾਲੀਨ ਕਵੀਆਂ ਵਾਂਗ ਸ਼ਬਦ ਅਲੰਕਾਰ ਲਭਾਣ ਦੀ ਚੇਸ਼ਟਾ ਕਰਨੀ ਠੀਕ ਨਹੀਂ ਹੈ। ਤਾਂ ਵੀ ਉਨ੍ਹਾਂ ਦੀ ਬਾਣੀ ਵਿਚ ਅਨੁਪ੍ਰਾਸ ਅਤੇ ਯਮਕ ਸੁਮੇਲ ਸ਼ਬਦ ਅਲੰਕਾਰਾਂ ਦਾ ਭਰਪੂਰ ਦਰਸ਼ਨ ਹੋ ਜਾਂਦੇ ਹਨ। ਅਨੁਪ੍ਰਾਸ ਦੇ ਲਗਭਗ ਸਾਰੇ ਰੂਪ ਵਿਤ ਅਨੁਪ੍ਰਾਸ, ਛੇਕ ਅਨੁਪ੍ਰਾਸ, ਲਾਟ-ਅਨੁਪ੍ਰਾਸ ਅਤੇ ਅੰਤ ਅਨੁਪ੍ਰਾਸ ਮਿਲ ਜਾਂਦੇ ਹਨ। ਉਝ ਇਸ ਭਗਤ-ਸਰੇਸ਼ਟ ਦੇ ਕਾਵਿ ਵਿਚ ਜੋ ਸੁੰਦਰਤਾ ਉਪਮਾ ਦ੍ਰਿਸ਼ਟਾਂਤ , ਰੂਪਕ, ਵਿਸ਼ੇਸ਼-ਉਕਤੀ ਵਿਰੋਧਾਭਾਸ ਤੇ ਅਨਯ -ਉਕਤੀ ਆਦਿ ਅਰਥ -ਅਲੰਕਾਰਾਂ ਨੇ ਪੈਦਾ ਕੀਤੀ ਹੈ। ਉਹ ਆਪਣੇ ਆਪ ਵਿਚ ਉਤਮ ਕਾਵਿ ਦਾ ਨਮੂਨਾ ਹੈ।[19]

ਦ੍ਰਿਸ਼ਟਾਂਤ ਅਲੰਕਾਰ:

ਫਲ ਕਾਰਨ ਫੂਲੀ ਬਨਰਾਇ ॥
ਫਲੁ ਲਾਗਾ ਤਬ ਫੂਲੁ ਬਿਲਾਇ ॥

ਗਿਆਨੈ ਕਾਰਨ ਕਰਮ ਅਭਿਆਸੁ ॥
ਗਿਆਨ ਭਇਆ ਤਹ ਕਰਮਹ ਨਾਸੁ ॥[20]

ਉਪਮਾ ਅਲੰਕਾਰ:

ਮਾਇਆ ਗ੍ਰਸਤ ਮਨੁੱਖ ਦੀ ਉਪਮਾ ਖੂਹ ਦੇ ਡੱਡੂ ਨਾਲ ਕੀਤੀ ਹੈ ਜਿਸਨੂੰ ਆਪਣੇ ਘੇਰੇ ਤੋਂ ਬਾਹਰ ਗਿਆਨ ਨਹੀਂ ਹੁੰਦਾ :

ਕੂਪੁ ਭਰਿਓ ਜੈਸੇ ਦਾਦਿਰਾ, ਕਛੁ ਦੇਸੁ ਬਿਦੇਸੁ ਨ ਬੂਝ ॥
ਐਸੇ ਮੇਰਾ ਮਨੁ ਬਿਖਿਆ ਬਿਮੋਹਿਆ, ਕਛੁ ਆਰਾਪਾਰੁ ਨਾ ਸੂਝ ॥[21]

ਰੂਪਕ ਅਲੰਕਾਰ :

1. ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ ॥
ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ ॥[22]

2. ਤੁਮ ਚੰਦਨ ਹਮ ਇਰੰਡ ਬਾਪੁਰੇ, ਸੰਗਿ ਤੁਮਾਰੇ ਬਾਸਾ ॥
ਤੁਮ ਮਖਤੂਲ ਸਪੇਦ ਸਪੀਅਲ ਹਮ ਬਪੁਰੇ ਜਸ ਕੀਰਾ ॥[23]

ਗੁਰੂ ਰਵਿਦਾਸ ਬਾਣੀ ਵਿਚ ਅਨੁਪ੍ਰਾਸ , ਯਮਕ, ਉਪਮਾ ਦ੍ਰਿਸ਼ਟਾਂਤ, ਸਵਭਾਵੋਕਤੀ ਰੂਪਕ ਅਲੰਕਾਰ ਦੀ ਸੁੱਤੇ ਸਿੱਧ ਵਰਤੋਂ ਹੋਈ ਹੈ।

ਅਨੁਪ੍ਰਾਸ ਅਲੰਕਾਰ :

ਦੁਖੀਆ ਦਰਦਵੰਦੁ ਦਰਿ ਆਇਆ
ਬਹੁਤ ਪਿਆਸ ਜਬਾਬੁ ਨ ਪਾਇਆ ॥[24]

ਵਿਤ੍ਰੀ ਅਨੁਪ੍ਰਾਸ :

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ ॥[25]

ਛੇਕ ਅਨੁਪ੍ਰਾਸ :

ਸੁਖ ਸਾਗਰੁ ਸੁਰਤਰ ਚਿੰਤਾਮਨਿ
ਕਾਮਧੇਨੁ ਬਸਿ ਜਾ ਕੇ ॥[26]

ਸ਼ਰੁਤ੍ਰੀ ਅਨੁਪ੍ਰਾਸ :

ਮ੍ਰਿਗ ਮੀਨ ਭ੍ਰਿੰਗ ਪਤੰਗ, ਕੁੰਚਰ ਏਕ ਦੋਸ਼ ਵਿਨਾਸ਼ ॥[27]

ਯਮਕ ਅਲੰਕਾਰ:

1. ਘਰ ਕੀ ਨਾਰਿ ਉਰਹਿ ਤਨ ਲਾਗੀ ॥
ਉਹ ਤਉ ਭੂਤ ਭੂਤ ਕਰਿ ਭਾਗੀ ॥[28]

2. ਤੇਰੇ ਜਨ ਕਾਹੇ ਕੋ ਬੋਲੈ ॥
ਬੋਲਿ ਬੋਲਿ ਅਪਨੀ ਭਗਤੀ ਕਿਉਂ ਖੋਲੈ ॥[29]

ਗੁਰੂ ਰਵਿਦਾਸ ਬਾਣੀ ਵਿਚ ਵਰਤੇ ਅਲੰਕਾਰਾਂ ਦਾ ਵਿਸ਼ੇਸ਼ ਯੋਗਦਾਨ ਹੈ। ਚਾਹੇ ਗੁਰੂ ਜੀ ਇਸ ਦਾ ਪ੍ਰਯੋਗ ਸੁੱਤੇ ਸਿਧ ਹੀ ਹੋ ਗਿਆ ਹੈ। ਅਲੰਕਾਰ ਵਿਧਾਨ ਨੇ ਉਨ੍ਹਾਂ ਦੀ ਰਚਨਾ ਨੂੰ ਉਤਕ੍ਰਿਸ਼ਟ ਕਾਵਿ ਦੀ ਉਪਾਧੀ ਪ੍ਰਦਾਨ ਕੀਤੀ ਹੈ। ਇਸ ਨੇ ਕਾਵਿ ਬਾਣੀ ਵਿਚਲੇ ਸੌਂਦਰਯ ਨੂੰ ਵਧਾਇਆ ਹੈ ਅਤੇ ਇਹ ਸੁੰਦਰਤਾ ਕੇਵਲ ਬਾਹਰਮੁਖੀ ਨਹੀਂ ਭਾਵ ਇਸ ਨੇ ਕੇਵਲ ਅਭਿਵਿਅਕਤ ਕਰਨ ਵਿਚ ਹੀ ਯੋਗਦਾਨ ਨਹੀਂ ਪਾਇਆ ਸਗੋਂ ਬਾਣੀ ਨੂੰ ਅੰਤਰਮੁਖੀ ਬਣਾਇਆ ਹੈ ਇਸ ਵਿਚ ਭਾਵਨਾ ਤੱਤ ਜਮ੍ਹਾਂ ਕੀਤਾ ਹੈ। ਇਤਨਾ ਹੀ ਨਹੀਂ ਇਸ ਨੇ ਵਿਚਾਰਾਂ ਨੂੰ ਸੁਹਜ ਦੇ ਕੇ ਰਮਣੀਕ ਬਣਾਇਆ ਹੈ ਅਤੇ ਵਿਚਾਰਾਂ ਦੀ ਅਭਿਵਿਅਕਤੀ -ਕਲਾ ਨੂੰ ਸੁੰਦਰ ਅਤੇ ਵਧੇਰੇ ਪ੍ਰਭਾਵਸ਼ਾਲੀ ਬਣਾਇਆ ਹੈ। ਇਸ ਤਰ੍ਹਾਂ ਅਲੰਕਾਰ ਵਿਧਾਨ ਨੇ ਕਾਵਿ ਦੀ ਅਨੁਭੂਤੀ ਨੂੰ ਰਸਾਤਮਕ ਬਣਾ ਕੇ ਬ੍ਰਹਮਾਨੰਦ ਜਾਂ ਪਰਮਾਨੰਦ ਪ੍ਰਦਾਨ ਕਰਨ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਗੁਰੂ ਰਵਿਦਾਸ ਜੀ ਦੇ ਬਾਰੇ ਵਿਚ ਆਏ ਅਲੰਕਾਰਾਂ ਭਗਤੀ ਭਾਵ ਨੂੰ ਪ੍ਰਚੰਡ ਕਰਨ ਵਿਚ ਉਤਪ੍ਰੇਰਕ ਪੈਦਾ ਕਰਦੇ ਹਨ ਅਤੇ ਪ੍ਰਭੂ ਪ੍ਰਤੀ ਦਾਸ, ਸਖਾ ਅਤੇ ਆਤਮ-ਨਿਵੇਦਨ ਭਾਵਾਂ ਨੂੰ ਪ੍ਰਜਵਲਤ ਕਰਦੇ ਹਨ ਇਹ ਪ੍ਰੇਮ ਭਗਤੀ ਅਤੇ ਕਾਂਤਾ ਭਗਤੀ ਲਈ ਸ਼ਿੰਗਿਆੜੀ ਦਾ ਕੰਮ ਕਰਦੇ ਹਨ ਅਤੇ ਦਿਲ ਦਰਿਆ ਦੀਆਂ ਹੇਠਲੀਆਂ ਪਰਤਾਂ ਨੂੰ ਪੰਘਾਰ ਦਿੰਦੇ ਹਨ। ਇਸ ਤਰ੍ਹਾਂ ਬਾਣੀ ਦੇ ਅਲੰਕਾਰ ਤਾਂ ਪ੍ਰਭੂ -ਪ੍ਰੀਤਮ ਨੂੰ ਵਰਨ ਲਈ ਜੀਵਾਤਮਾ ਇਸਤਰੀ ਲਈ ਵਿਚੋਲੇ ਦਾ ਕੰਮ ਕਰਦੇ ਹਨ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਜੀ ਦੀ ਬਾਣੀ ਦੇ ਸਹਿਜ-ਸੁਭਾਅ ਪ੍ਰਵਾਹ ਵਿਚ ਆਏ ਅਲੰਕਾਰਾਂ ਦਾ ਵਿਸ਼ੇਸ਼ ਮਹੱਤਵ ਹੈ।

੪. <u>ਕਾਵਿ -ਰਸ:-</u> ਭਾਰਤੀ ਆਲੋਚਨਾਂ ਸ਼ਾਸਤਰਾਂ ਵਿਚ ਰਸ ਦਾ ਵਿਸ਼ੇਸ਼ ਮਹੱਤਵ ਹੈ। ਇਸ ਨੂੰ ਸਮੇਂ ਦੇ ਪ੍ਰਵਾਹ ਦੇ ਨਾਲ ਨਾਲ ਸਵੈਮਾਣ ਪ੍ਰਾਪਤ ਹੁੰਦਾ ਗਿਆ ਹੈ। ਇਸ ਦਾ ਸੰਬੰਧ ਭੌਤਿਕ ਚੇਤਨਾ ਅਤੇ ਮਨੋ-ਚੇਤਨਾ ਨਾਲ ਹੈ। ਕਾਵਿ ਅਤੇ ਰਸ ਸਿਧਾਂਤ ਵਿਚ ਮਨੋਭਾਵਾਂ ਜਜ਼ਬਿਆਂ ਦਾ ਵਿਸ਼ੇਸ਼ ਵਿਸ਼ਲੇਸ਼ਣ ਹੁੰਦਾ ਹੈ। ਇਸ ਤਰ੍ਹਾਂ ਦੋਵਾਂ ਦਾ ਆਪਸੀ ਸੰਬੰਧ ਅਨਿਖੜ ਹੈ।

'ਰਸ' ਇਕ ਅਨੁਭਵ ਅਤੇ ਅਨੁਭੂਤੀ ਹੈ ਜਿਸਦਾ ਰਸਿਕ ਵਿਅਕਤੀ ਨੂੰ ਇਹਸਾਸ ਹੁੰਦਾ ਹੁੰਦਾ ਹੈ। ਇਸ ਤਰ੍ਹਾਂ ਇਹ ਅਨਿਰਵਾਚਨੀਯ ਹੈ। ਆਚਾਰੀਆ ਵਿਸ਼ਵਨਾਥ ਅਨੁਸਾਰ ਸਤੋਗੁਣ ਦੇ ਵਿਕਾਸ ਨਾਲ ਅਖੰਡ, ਆਨੰਦ-ਸਰੂਪ, ਚੇਤਨਾ ਸਰੂਪ ਅਤੇ ਦੈਵੀ ਆਨੰਦ ਦੇ ਤੁੱਲ ਜੋ ਸੁਹਜ-ਅਨੁਭਵ ਹੁੰਦਾ ਹੈ ਉਹ ਰਸ ਹੈ। ਇਸ ਵਿਚ ਆਲੌਕਿਕ ਚਮਤਕਾਰ ਹੁੰਦਾ ਹੈ।[30]

'ਰਸ' ਦਾ ਭਗਤੀ ਕਾਵਿ ਨਾਲ ਬਹੁਤ ਨੇੜਲਾ ਸੰਬੰਧ ਹੈ ਕਿਉਂਕਿ ਰਸ ਦੀ ਤੁਲਨਾ ਵੀ ਦੈਵੀ ਆਨੰਦ ਨਾਲ ਕੀਤੀ ਜਾਂਦੀ ਹੈ। ਅਤੇ ਭਗਤੀ-ਕਾਵਿ ਵਿਚੋਂ ਹੀ ਪਰਮਾਨੰਦ, ਬ੍ਰਹਮਾਨੰਦ ਉਪਜਦੇ ਹਨ ਰਸ ਅਤੇ ਭਗਤੀ-ਕਾਵਿ ਦੋਵਾਂ ਵਿਚ ਲੀਨਤਾ ਜਾਂ ਧਿਆਨ ਆਵਸ਼ਕ ਹੈ। ਇਹ ਅਨੁਭਵ ਅਤੇ ਅਨੁਭੂਤੀ ਹਨ। ਦੋਵਾਂ ਦੀ ਪ੍ਰਕ੍ਰਿਤੀ ਭਾਵਨਾ ਦੀ ਹੈ ਅਤੇ ਦੋਵਾਂ ਦਾ ਅੰਤਿਮ ਫਲ 'ਆਨੰਦ' ਹੈ ਪਹਿਲੇ ਵਿਚ ਦੈਵੀ ਆਨੰਦ ਵਰਗਾ ਅਨੁਭਵ ਹੁੰਦਾ ਹੈ ਜਦ ਕਿ ਦੂਜਾ ਪਰਮਾਨੰਦ ਹੈ ਸਭ ਰਸ ਦਾ ਸਿਰਤਾਜ ਹੈ। ਭਗਤੀ-ਕਾਵਿ ਦਾ ਮਨੋਰਥ ਹੀ ਸ਼ਾਂਤੀ ਰਸ ਪ੍ਰਾਪਤ ਕਰਨਾ ਅਤੇ ਜਨ-ਸਾਧਾਰਨ ਨੂੰ ਵੰਡਣਾ ਹੈ।

ਰਸ ਦਾ ਸਰੂਪ :- ਨਾਟਯ ਸ਼ਾਸਤਰ ਦੇ ਕਰਤਾ ਭਰਤਮੁਨਿ ਅਨੁਸਾਰ ਵਿਭਾਵ, ਅਨੁਭਾਵ ਅਤੇ ਵਿਭਚਾਰੀ ਜਾਂ ਸੰਚਾਰੀ ਭਾਵਾਂ ਦੇ ਸੰਜੋਗ ਤੋਂ ਰਸ ਦੀ ਨਿਸ਼ਪੱਤੀ ਹੁੰਦੀ ਹੈ। ਨਿਸ਼ਪਤੀ ਦਾ ਅਰਥ ਹੈ - ਉਤਪੱਤੀ, ਅਨੁਮਾਨ, ਅਭਿਵਿਅਕਤੀ। ਵਿਭਾਵ ਬੋਲਾਂ, ਅੰਗਾਂ, ਮਨੋਬਿਰਤੀ ਅਤੇ ਅਭਿਨੈ ਰਾਹੀਂ ਵਿਸ਼ੇਸ਼ ਤੌਰ ਤੇ ਭਾਵਿਤ ਹੁੰਦੇ ਹਨ। ਵਿਭਾਵ ਦੋ ਤਰ੍ਹਾਂ ਦੇ ਮੰਨੇ ਗਏ ਹਨ। ਅਲੰਬਨ ਅਤੇ ਉਦੀਪਨ।[31] ਅਲੰਬਨ ਭਾਵ ਕਾਵਿ ਦੀ ਪ੍ਰੇਮਿਕਾ ਆਦਿ ਹੁੰਦੇ ਹਨ ਜਿਨ੍ਹਾਂ ਦੇ ਸਹਾਰੇ ਪਿਆਰ (ਰਤਿ) ਭਾਵ ਪੈਦਾ ਹੁੰਦਾ ਹੈ ਸੰਤ-ਕਾਵਿ ਵਿਚ ਆਲੰਬਨ ਵਿਭਾਵ ਰਾਹੀਂ ਰਸ ਦੀ ਅਭਿਵਿਅਕਤੀ ਕੀਤੀ ਗਈ ਹੈ। ਪ੍ਰਭੂ-ਪ੍ਰੀਤਮ ਅਤੇ ਜੀਵਾਤਮਾ -ਇਸਤਰੀ ਦੀ ਪ੍ਰੇਮਾਭਗਤੀ ਵਿਚੋਂ ਰਸ ਦੀ ਨਿਸਪੱਤੀ ਹੁੰਦੀ ਹੈ। ਗੁਰੂ ਰਵਿਦਾਸ ਉਦੀਪਨ -ਵਿਭਾਵ ਕਾਵਿ ਵਿਚ ਬਿਆਨ ਕੀਤੇ ਚੰਨ, ਚਕੋਰ, ਮੋਰ, ਫੁੱਲ, ਪਰਬਤ ਆਦਿ ਹੁੰਦੇ ਹਨ ਜੋ ਪਿਆਰ ਭਾਵ ਨੂੰ ਉਦੀਪਤ ਕਰਦੇ ਹਨ ਜਾਂ ਭਾਵ ਨੂੰ ਪ੍ਰਚੰਡ ਕਰਦੇ ਹਨ। ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਕਾਵਿ ਦਾ ਅਜਿਹਾ ਸਰੂਪ ਪ੍ਰਾਪਤ ਹੁੰਦਾ ਹੈ ਜਿਸ ਵਿਚ ਉਦੀਪਨ -ਵਿਭਾਵ ਦੁਆਰਾ ਰਸ ਦੇ ਪ੍ਰੇਮ ਭਾਵ ਨੂੰ ਤੀਖਣਤਾ ਕੀਤਾ ਗਿਆ ਹੈ।

ਅਨੁਭਾਵ: - ਉਦੀਪਨ ਵਿਭਾਵਾਂ ਨਾਲ ਜਾਗਿਆ ਪਿਆਰ ਜਦੋਂ ਸਰੀਰਕ ਅੰਗਾਂ ਤੇ ਪ੍ਰਭਾਵੀ ਹੋਣ ਲਗਦਾ ਹੈ ਉਸ ਨੂੰ ਅਨੁਭਾਵ ਕਿਹਾ ਜਾਂਦਾ ਹੈ। ਅਨੁਭਾਵ ਕਾਇਕ ਮਾਨਸਿਕ, ਅਹਾਰਜ, ਸਾਤਵਿਕ ਚਾਰ ਤਰ੍ਹਾਂ ਦੇ ਹੁੰਦੇ ਹਨ।

ਸੰਚਾਰੀ:- ਇਸ ਵਿਚ ਕਵੀ ਆਪਣੇ ਪਾਤਰਾਂ ਦੇ ਦਿਲ ਦੀ ਸਥਿਤੀਆਂ ਜਾਂ ਮਨੋਭਾਵਾਂ ਦਾ ਵਰਣਨ ਕਰਦਾ ਹੈ ਜੋ ਬਦਲਦੇ ਰਹਿੰਦੇ ਹਨ ਪਲ ਭਰ ਆ ਕੇ ਉਡ- ਪੁੱਡ ਜਾਂਦੇ ਹਨ। ਪਰੰਤੂ ਇਹ ਭਾਵ ਰਸ ਦੀ ਉਤਪਤੀ ਵਿਚ ਮਦਦ ਕਰਦੇ ਹਨ।

ਗੁਰੂ ਰਵਿਦਾਸ ਬਾਣੀ ਵਿਚ ਵਿਭਾਵ, ਅਨੁਭਾਵ ਅਤੇ ਸੰਚਾਰੀ ਭਾਵ ਰਾਹੀਂ ਰਸ ਪੈਦਾ ਕੀਤਾ ਗਿਆ ਹੈ:

1. ਸਹਿ ਕੀ ਸਾਰ ਸੁਹਾਗਨਿ ਜਾਨੈ,
   ਤਜਿ ਅਭਿਮਾਨ ਰੰਗ ਰਲੀਆ ਮਾਨੈ ॥[32]

2. ਪ੍ਰਭੂ ਜੀ ਤੁਮ ਚੰਦਨ ਹਮ ਪਾਨੀ, ਜਾਕੀ ਬਾਸ ਅੰਗ ਅੰਗ ਸਮਾਨੀ ।।
ਪ੍ਰਭੂ ਜੀ ਤੁਮ ਘਨ ਬਨ ਹਮ ਮੋਰਾ, ਜੈਸੇ ਚਿਤਵਤ ਚੰਦ ਚਕੋਰਾ ।।[33]

ਮਨੁੱਖੀ ਮਨ ਵਿਚ ਕੁਝ ਸਥਾਈ ਭਾਵ ਹੁੰਦੇ ਹਨ ਜੋ ਕਾਵਿ ਦੇ ਪੜ੍ਹਨ ਸੁਣਨ ਨਾਲ ਜਾਗ੍ਰਿਤ ਹੋ ਜਾਂਦੇ ਹਨ। ਭਗਤੀ ਕਾਵਿ ਮਨੁੱਖ ਵਿਚ ਸਥਿਤ ਅਵਚੇਤਨ ਭਾਵਾਂ ਨੂੰ ਜਗਾ ਕੇ ਰਸ ਪੈਦਾ ਕਰਦਾ ਹੈ।

<u>ਰਸ ਦੇ ਪ੍ਰਕਾਰ</u> :- ਰਸ ਨੌਂ ਪ੍ਰਕਾਰ ਦੇ ਹਨ। ਇਹ ਹਨ ਸ਼ਿੰਗਾਰ, ਹਾਸਯ, ਕਰੁਣਾ, ਰੌਦ੍ਰ, ਵੀਰ, ਭਯਾਨਕ, ਬੀਭਤਸ, ਅਦਭੁਤ ਅਤੇ ਸ਼ਾਂਤ ਹਨ। ਕੋਈ ਵੀ ਕਾਵਿ ਬਿਨਾਂ ਆਵੇਸ਼ ਅਤੇ ਜੁਜ਼ਬਿਆਂ ਦੇ ਜਨਮ ਨਹੀਂ ਲੈਂਦਾ। ਭਗਤੀ-ਕਾਵਿ ਸੰਤਾਂ ਦਾ ਪ੍ਰਭੂ ਪ੍ਰਤੀ ਪ੍ਰੇਮ ਦਾ ਹਾਰਦਿਕ ਪ੍ਰਗਟਾਉ ਹੈ ਇਸ ਲਈ ਇਸ ਵਿਚ ਭਾਵਨਾ ਤੱਤ ਮੌਜੂਦ ਹੈ। ਜਦੋਂ ਸੰਤ ਬੁੱਧੀ ਮੰਡਲੇ ਦੀ ਕੈਦ ਵਿਚ ਹੁੰਦੇ ਹਨ ਉਸ ਵੇਲੇ ਉਨ੍ਹਾਂ ਦੀ ਯਾਰੀ ਵਲਵਲੇ ਦੇ ਦੇਸ਼ ਲਗ ਜਾਂਦੀ ਹੈ ਤਾਂ ਉਹ ਪ੍ਰਭੂ ਪ੍ਰੇਮ ਨਾਲ ਦ੍ਰਵਿਤ ਹੋਏ ਰਚਨਾ ਕਰਦੇ ਹਨ ਜਾਂ ਭਾਵੁਕ ਹੋਏ ਸਮਾਜ ਸੁਧਾਰ ਹਿੱਤ ਬਾਣੀ ਰਚਦੇ ਹਨ। ਇਸ ਤਰ੍ਹਾਂ ਸੁਭਾਵਿਕ ਰੂਪ ਵਿਚ ਹੀ ਉਨ੍ਹਾਂ ਦੀ ਬਾਣੀ ਰਸ ਉਪਜਾਉਣ ਦੀ ਸ਼ਕਤੀ ਪ੍ਰਾਪਤ ਕਰ ਲੈਂਦੀ ਹੈ। ਗੁਰੂ ਰਵਿਦਾਸ ਜੀ ਮੂਲ ਰੂਪ ਵਿਚ ਭਗਤ ਸਨ ਉਨ੍ਹਾਂ ਦਾ ਕਾਵਿ ਪ੍ਰਭੂ-ਪ੍ਰੀਤਮ ਦੀ ਪ੍ਰੇਮਭਗਤੀ ਦੇ ਅਨੁਭਵ ਅਤੇ ਪਰਮਾਨੰਦ ਤੋਂ ਪ੍ਰਾਪਤ ਅਨੁਭੂਤੀ ਦੀ ਅਭਿਵਿਅਕਤੀ ਹੈ। ਇਸ ਤੋਂ ਇਲਾਵਾ ਸੰਤ-ਸਾਹਿਤ ਮੱਧਯੁਗੀਨ ਭਗਤੀ ਅੰਦੋਲਨ ਦੇ ਸਮੇਂ ਦਾ ਸਮਾਜ-ਸੁਧਾਰ-ਹਿੱਤ ਰਚਿਆ ਸਾਹਿਤ ਹੈ ਇਸ ਲਈ ਇਹ ਸੁਭਾਵਿਕ ਰੂਪ ਵਿਚ ਰਸ ਨਿਸ਼ਪਤੀ ਕਰਕੇ ਗੁਰਮੁਖ ਨੂੰ ਸ਼ਾਂਤ -ਚਿੱਤ-ਅਵਸਥਾ ਪ੍ਰਦਾਨ ਕਰਨ ਦੇ ਸਮਰੱਥ ਹੈ।

<u>ਸ਼ਾਂਤ ਰਸ</u> :- ਰਸ ਦੇ ਆਦਿ ਆਚਾਰਯ ਭਰਤਮੁਨਿ ਨੇ ਸ਼ਾਂਤ ਰਸ ਨੂੰ ਰਸਾਂ ਵਿਚ ਨਹੀਂ ਗਿਣਿਆ ਸੀ। ਪਰੰਤੂ ਬਾਅਦ ਦੇ ਆਚਾਰੀਆ ਨੇ ਇਸ ਨੂੰ ਮਾਨਤਾ ਪ੍ਰਦਾਨ ਕੀਤੀ ਅਤੇ ਇਸ ਤਰ੍ਹਾਂ ਸ਼ਾਂਤ ਰਸ ਨੂੰ ਨੌਵਾਂ ਰਸ ਗਿਣਿਆ ਜਾਣ ਲਗਾ। ਇਸ ਰਸ ਦਾ ਸਥਾਈ ਭਾਵ ਸ਼ਾਂਤੀ ਹੈ। ਇਸ ਵਿਚ ਸ਼ਮ, ਨਿਰਵੇਦ, ਵੈਰਾਗਯ ਅਤੇ ਧ੍ਰਿਤਿ ਆਦਿ ਸਥਾਈ ਭਾਵ ਹਨ ਜੋ ਸ਼ਾਂਤ ਰਸ ਉਤਪੰਨ ਕਰਦੇ ਹਨ। ਨਿਰਵੇਦ ਇਕ ਤਰ੍ਹਾਂ ਉਪਰਾਮਤਾ ਜਾਂ ਵੈਰਾਗ ਹੈ। ਇਸ ਤੋਂ ਵੀ ਸ਼ਾਂਤ ਅਵਸਥਾ ਪ੍ਰਾਪਤ ਹੁੰਦੀ ਹੈ। ਗੁਰੂ ਰਵਿਦਾਸ ਬਾਣੀ ਵਿਚ ਵੈਰਾਗ ਭਾਵ ਤੋਂ ਸ਼ਾਂਤ ਰਸ ਦੀ ਉਤਪਤੀ ਹੋਈ ਹੈ।

1. ਜਹੀਂ ਜੰਹ ਆਸ ਧਰਤ ਹੈ ਯਹੁ ਮਨ, ਤਹ ਤਹ ਕਛੂ ਨਾ ਪਾਵੈ ।।
ਛਾਡੇ ਆਸ ਨਿਰਾਸ ਪਰਮਪਦ, ਤਬ ਸੁਖ ਸਤਿ ਕਰ ਹੋਈ ।।[34]

2. ਮਾਟੀ ਕਾ ਪੁਤਲਾ ਕੈਸੇ ਨਚਤੁ ਹੈ।
ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤ ਹੈ।

ਜਬ ਕਛੁ ਪਾਵੈ, ਤਬ ਗਰਬੁ ਕਰਤੁ ਹੈ ।
ਮਾਇਆ ਗਈ ਤਬ ਰੋਵਨੁ ਲਗਤੁ ਹੈ ॥[35]

ਇਤਨਾ ਹੀ ਨਹੀਂ ਸਾਂਤ ਰਸ ਜਾਂ ਭਗਤੀ ਰਸ ਹੀ ਸਮੁੱਚੇ ਸੰਤ ਸਾਹਿਤ ਵਿਚੋਂ ਉਗਮਦਾ ਹੈ। ਗੁਰੂ ਰਵਿਦਾਸ ਬਾਣੀ ਵਿਚ ਸ਼ਾਂਤ ਰਸ ਜਾਂ ਭਗਤੀ ਰਸ ਦਾ ਲਗਾਤਾਰ ਪ੍ਰਵਾਹ ਹੁੰਦਾ ਹੈ। ਗੁਰੂ ਰਵਿਦਾਸ ਜੀ ਨੇ ਸਹਿਜ-ਭਗਤੀ-ਮਾਰਗ ਨੂੰ ਅਪਨਾਇਆ ਅਤੇ ਇਸ ਦੇ ਅਨੁਭਵ ਅਤੇ ਅਨੁਭੂਤੀ ਸਦਕਾ ਉਨ੍ਹਾਂ ਦੀ ਬਾਣੀ ਵਿਚ ਸਹਿਜ-ਭਾਵ ਵਧੇਰੇ ਵਿਦਮਾਨ ਹੈ। ਗੁਰੂ ਰਵਿਦਾਸ ਜੀ ਅਸਲੀ ਅਰਥਾਂ ਵਿਚ ਸਹਿਜ-ਭਾਵੀ ਸੰਤ ਸਨ ਉਨ੍ਹਾਂ ਦੀ ਕਥਨੀ ਅਤੇ ਕਰਨੀ ਵਿਚ ਸੁਮੇਲ ਸੀ। ਇਸੇ ਕਾਰਣ ਉਨ੍ਹਾਂ ਦੀ ਸਾਹਿਤ-ਰਚਨਾ ਵਿਚ ਸਹਿਜ-ਸ਼ੈਲੀ ਦਾ ਪ੍ਰਯੋਗ ਹੈ ਭਾਵ ਉਸ ਵਿਚ ਕਿਸੇ ਨੂੰ ਠੇਸ ਪਹੁੰਚਾਉਣ ਵਾਲਾ ਇਕ ਸ਼ਬਦ ਵੀ ਨਹੀਂ। ਇਸ ਤਰ੍ਹਾਂ ਅਸਲੀ ਅਰਥਾਂ ਵਿਚ ਉਨ੍ਹਾਂ ਦੀ ਬਾਣੀ ਸਹਿਜ ਗੁਣਾਂ ਦੀ ਧਾਰਨੀ ਹੈ ਅਤੇ ਇਸ ਵਿਚੋਂ ਅਧਿਆਤਮਿਕ ਰੰਗ ਵਿਚ ਰੰਗਿਆ ਸ਼ਾਂਤ ਭਾਵ ਪ੍ਰਾਪਤ ਹੁੰਦਾ ਹੈ । ਗੁਰੂ ਰਵਿਦਾਸ ਜੀ ਦੀ ਭਗਤੀ ਦੀ ਵਿਸ਼ੇਸ਼ਤਾ ਇਹ ਹੈ ਕਿ ਉਨ੍ਹਾਂ ਨੇ ਪ੍ਰੇਮਭਗਤੀ ਨੂੰ ਵਧੇਰੇ ਤਰਜ਼ੀਹ ਦਿੱਤੀ ਹੈ। ਉਹ ਸਪਸ਼ਟ ਲਿਖਦੇ ਹਨ ਕਿ ' ਭਾਉ ਬਿਨ ਭਗਤੀ ਨਹੀਂ ਊਪਜੈ" ਇਸ ਤਰ੍ਹਾਂ ਉਨ੍ਹਾਂ ਦੀ ਬਾਣੀ ਵਿਚ ਪ੍ਰਭੂ ਪ੍ਰੇਮ ਸੰਬੰਧੀ ਵਿਸਤ੍ਰਿਤ ਵਰਣਨ ਹੈ ਜਿਸਵਿਚ ਅਧਿਆਤਮਿਕ ਰਸ ਦੀ ਨਿਸ਼ਪਤੀ ਹੁੰਦੀ ਹੈ।

ਸ਼ਿੰਗਾਰ ਰਸ :- ਸ਼ਿੰਗਾਰ ਰਸ ਵਿਚ ਰਤਿ(ਪਿਆਰ) ਸਥਾਈ ਭਾਵ ਹੈ। ਇਸ ਦੇ ਦੋ ਭੇਦ ਹਨ - ਸੰਯੋਗ (ਵਸਲ) ਅਤੇ ਵਿਯੋਗ(ਹਿਜਰ)। ਸੰਤਾਂ ਦੀ ਬਾਣੀ ਵਿਚ ਭਗਤੀ ਰਸ ਅਤੇ ਕਰੁਣਾ ਰਸ ਹੀ ਪ੍ਰਧਾਨ ਰੂਪ ਵਿਚ ਪ੍ਰਾਪਤ ਹੁੰਦਾ ਹੈ। ਸੰਤਾਂ ਨੇ ਪ੍ਰਭੂ-ਪ੍ਰੇਮ ਭਗਤੀ ਵਿਚ ਆਪਾ ਰੰਗ ਕੇ ਆਪਣੇ ਆਪ ਨੂੰ ਪ੍ਰਭੂ-ਪ੍ਰੀਤਮ ਦੀ ਜੀਵਾਤਮਾ-ਇਸਤਰੀ ਦੇ ਰੂਪ ਵਿਚ ਪੇਸ਼ ਕਰਕੇ ਆਪਣੀ ਪ੍ਰੇਮ-ਭਗਤੀ-ਭਾਵਨਾ ਨੂੰ ਵਿਅਕਤ ਕੀਤਾ ਹੈ। ਉਨ੍ਹਾਂ ਨੇ ਸੁਹਾਗਣਾਂ ਅਤੇ ਦੁਹਾਗਣਾਂ ਦੀ ਅਵਸਥਾ ਦਾ ਚਿਤਰਨ ਕਰਕੇ ਸਮਾਜ ਦੇ ਦੁਖਿਆਰੇ ਅਤੇ ਦੁਖਿਆਰੀਆਂ ਦਾ ਵਰਣਨ ਵੀ ਕੀਤਾ ਹੈ। ਸੰਤਾਂ ਦਾ ਸ਼ਿੰਗਾਰ ਰਸ ਇਸ਼ਕ ਹਕੀਕੀ ਨਾਲ ਸੰਬੰਧਿਤ ਹੈ । ਇਸ਼ਕ ਮਜ਼ਾਜੀ ਨਾਲ ਨਹੀਂ। ਸੰਤ-ਜਨ ਪ੍ਰਭੂ ਪ੍ਰੀਤਮ ਨਾਲ ਇਕਮਿਕਤਾ, ਨੇੜਤਾ ਅਤੇ ਸਦੀਵੀ ਸੰਬੰਧ ਸਥਾਪਿਤ ਕਰਕੇ ਜੋ ਪਰਮਾਨੰਦ ਮਾਣਦੇ ਹਨ ਉਸ ਵਿਚੋਂ ਸੰਯੋਗ ਸ਼ਿੰਗਾਰ ਰਸ ਦੀਉਤਪਤੀ ਹੁੰਦੀ ਹੈ। ਵਸਲ ਮੁਕਾਮ ਤੇ ਪਹੁੰਚਣ ਤੋਂ ਪਹਿਲਾਂ ਸਾਧਕ ਵਿਚ ਬਿਰਹੋਂ ਦੀ ਤੜਪ ਹੁੰਦੀ ਹੈ। ਇਸ ਦਾ ਵੀ ਗੁਰੂ ਰਵਿਦਾਸ ਜੀ ਨੇ ਇਕ ਥਾਂ ਤੇ ਵਰਨਣ ਕੀਤਾ ਹੈ ਜਿਸ ਵਿਚੋਂ ਵਿਯੋਗ ਸ਼ਿੰਗਾਰ ਰਸ ਦੀ ਨਿਸ਼ਪਤੀ ਹੁੰਦੀ ਹੈ।

1. ਸਹੁ ਕੀ ਸਾਰ ਸੁਹਾਗਨਿ ਜਾਨੈ, ਤਜਿ ਅਭਿਮਾਨ ਸੁਖ ਰਲੀਆਂ ਮਾਨੈ ॥
ਤਨੁ ਮਨ ਦੇਈ ਨ ਅੰਤਰੁ ਰਾਖੈ, ਅਵਰਾ ਦੇਖਿ ਨ ਸੁਨੈ ਅਭਾਖੈ ॥

ਸੋ ਕਤ ਜਾਨੈ ਪੀਰ ਪਰਾਈ, ਜਾ ਕੇ ਅੰਤਰਿ ਦਰਦੁ ਨਾ ਪਾਈ ॥
ਦੁਖੀ ਦੁਹਾਂ ਗਨਿ ਦੁਈ ਪਖ ਹੀਨੀ, ਜਿਨਿ ਨਾਹ ਨਿਰੰਤਰਿ ਭਗਤੀ
ਨਾ ਕੀਨੀ ॥[36]

2. ਜੋ ਮੋਹਿ ਵੇਦਨ ਕਾ ਸਨਿ ਆਖੋ, ਹਰਿ ਬਿਨ ਜੀਵਨ ਕੈਸੇ ਕਰਿ ਰਾਖੌ ॥
.... ..... .....
ਬਿਰਹ ਤਪੈ ਤਨ ਅਧਿਕ ਜਰਾਵੈ, ਨੀਂਦੜੀ ਨ ਆਵੈ ਭੋਜਨ ਨਹੀਂ ਭਾਵੈ ॥
ਸਖੀ ਸਹੇਲੀ ਗਰਬ ਗਹੇਲੀ, ਪੀਉ ਕੀ ਬਾਤ ਨਸੁਨਹੁ ਸਹੇਲੀ ॥
ਮੈ ਰੇ ਦੁਹਾਗਿਨ ਅਧਿ ਕਰ ਜਾਂਨੀ, ਗਯੋ ਸੁ ਜੋਬਨ ਸਾਧ ਨਾ ਮਾਨੀ ॥[37]

3. ਦੁਖੀਆ ਦਰਦਵੰਦੁ ਦਰਿ ਆਇਆ ॥
ਬਹੁਤ ਪਿਆਸ ਜਬਾਬੁ ਨ ਪਾਇਆ ॥[38]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸੰਤਾਂ ਨੇ ਜੋ ਕਾਂਤਾ ਭਗਤੀ ਦਾ ਵਰਨਣ ਕੀਤਾ ਹੈ ਉਸ ਵਿਚੋਂ ਅਧਿਆਤਮਿਕ ਰੰਗ ਵਿਚ ਰੰਗੇ ਹੋਏ ਸ਼ਿੰਗਾਰ ਰਸ ਦੀ ਨਿਸ਼ਪਤੀ ਹੁੰਦੀ ਹੈ।

ਵੀਰ ਰਸ :- ਇਸ ਦਾ ਸਥਾਈ ਭਾਵ ਉਤਸ਼ਾਹ, ਵੀਰਤਾ ਆਦਿ ਹੈ। ਭਗਤੀ-ਕਾਵਿ ਸਹਿਜ-ਕਾਵਿ ਹੈ ਇਸ ਵਿਚ ਅਧਿਆਤਮਿਕ ਅਨੁਭਵ ਜਾਂ ਸਹਿਜ ਭਾਵ ਦੀ ਬਹੁਲਤਾ ਹੁੰਦੀ ਹੈ ਇਸ ਲਈ ਸਾਰਾ ਵਾਤਾਵਰਣ ਸ਼ਾਂਤ ਰਸ ਦੇ ਅਨੁਕੂਲ ਹੁੰਦਾ ਹੈ। ਸ਼ਾਂਤ ਰਸ ਦਾ ਉਤੇਜਿਤ ਕਰਨ ਵਾਲੇ ਰਸਾਂ ਨਾਲ ਵਿਰੋਧ ਹੈ। ਇਸ ਲਈ ਭਗਤੀ-ਕਾਵਿ ਵਿਚ ਵੀਰ ਰਸ ਘਟ ਪ੍ਰਾਪਤ ਹੁੰਦਾ ਹੈ। ਗੁਰੂ ਰਵਿਦਾਸ ਜੀ ਸਹਿਜ ਭਾਵੀ ਸੰਤ ਸਨ ਉਨ੍ਹਾਂ ਦੀ ਬਾਣੀ ਵੀ ਹੋਰਨਾਂ ਸੰਤਾਂ ਦੀ ਬਾਣੀ ਵਾਂਗ ਸ਼ਾਂਤ -ਚਿੱਤ-ਅਵਸਥਾ ਪ੍ਰਦਾਨ ਕਰਨ ਵਾਲੀ ਹੈ। ਪਰੰਤੂ ਕੁਝ ਥਾਵਾਂ ਤੇ ਵੀਰ ਰਸ ਦੀ ਸਥਿਤੀ ਵੀ ਪੈਦਾ ਹੋਈਹ ਹੈ। ਇਸ ਦਾ ਮੁਖ ਕਾਰਨ ਮੱਧਕਾਲੀਨ ਰਾਜਨੈਤਿਕ ਸਥਿਤੀ ਸੀ। ਰਾਜਿਆਂ ਦੇ ਅਤਿਆਚਾਰਾਂ ਦੇ ਵਿਰੁੱਧ ਜਨਤਾ ਵਿਚ ਉਤਸ਼ਾਹ ਅਤੇ ਵੀਰਤਾ ਦਾ ਜਜ਼ਬਾ ਪੈਦਾ ਕਰਨਾ ਵੀ ਸਮਾਜ-ਸੁਧਾਰ ਦੇ ਅੰਤਰਗਤ ਆਉਂਦਾ ਹੈ। ਇਸ ਲਈ ਜ਼ਰੂਰੀ ਸੀ ਕਿ ਜਨਤਾ ਵਿਚ ਭਗਤੀ ਦੇ ਨਾਲ ਸ਼ਕਤੀ ਪੈਦਾ ਕੀਤੀ ਜਾਵੇ। ਗੁਰੂ ਰਵਿਦਾਸ ਜੀ ਸਹਿਜ-ਸੰਤ ਭਾਵ ਵਾਲੇ ਪ੍ਰਭੂ ਦੇ ਉਪਾਸ਼ਕ ਭਗਤ ਸਨ ਇਸ ਲਈ ਉਨ੍ਹਾਂ ਨੇ ਉਤਸ਼ਾਹ ਪ੍ਰਾਪਤੀ ਲਈ ਭਗਤੀ ਦਾ ਮਾਰਗ ਹੀ ਦਸਿਆ।

ਕਰੁਣਾ ਰਸ:- ਇਸ ਦਾ ਸਥਾਈ ਭਾਵ ਕਰੁਣਾ ਹੈ। ਮਨੋਵਿਗਿਆਨਕ ਦ੍ਰਿਸ਼ਟੀ ਤੋਂ ਅਜਿਹੀ ਬਿਰਤੀ ਦਾ ਜੀਵਨ ਵਿਚ ਵਧੇਰੇ ਮਹੱਤਵ ਹੈ ਕਿਉਂਕਿ ਇਹ ਵੱਡਿਆਂ -ਵੱਡਿਆਂ ਦੇ ਦਿਲ ਦੀ ਪਰਤਾਂ ਤਕ ਆਪਣੀ ਛੋਹ ਪਹੁੰਚਾ ਦਿੰਦੀ ਹੈ। ਮਨੁੱਖੀ ਹਿਰਦੇ ਨੂੰ ਦੁਖਾਤਮਕ ਭਾਵ ਜਿੰਨੀ ਸ਼ਿੱਦਤ ਨਾਲ ਪ੍ਰਭਾਵਿਤ ਕਰਦਾ ਹੈ ਉਨ੍ਹਾਂ ਸੁਖਾਤਮਕ ਭਾਵ ਨਹੀਂ ਕਰਦਾ।

P. B. Shelley ਅਨੁਸਾਰ

"Our sweetest songs are those
that tell saddest thoughts."

ਗੁਰੂ ਰਵਿਦਾਸ ਬਾਣੀ ਵਿਚ ਕਰੁਣਾਮਈ ਭਾਵ ਦਾ ਨਿਰੂਪਣ ਨਿਵੇਕਲੇ ਢੰਗ ਨਾਲ ਹੋਇਆ ਹੈ। ਉਨ੍ਹਾਂ ਦਾ ਬ੍ਰਹਮ ਕਰੁਣਾਨਿਧੀ ਹੈ। ਉਹ ਦਰੋਪਦੀ ਤੇ ਤਰਸ ਖਾ ਲਾਜ ਰਖਣ ਵਾਲਾ ਹੈ :

ਲਜਯਾ ਮੋਰਿ ਰਾਖੋ ਸੁਯਾਮ ਹਰਿ ॥
ਹਰਿ ਹਰਿ ਕ੍ਰਿਪਾ ਦ੍ਰੋਪਤਿ ਉਚਰੈ, ਬਿਲਮੁ ਨ ਕਰੌ ਹਰਿ ॥
ਕੀਨੀ ਕਰਨੁ ਦੁਸਾਨ ਮੇਸੋਂ ਗਹਿ ਕੇਸਨ ਪਕਰਿ ॥
ਪਾਪੀ ਸਭਾ ਦੁਸਟ ਦੁਰਜੋਧਨ,ਚਾਹਤ ਨਗਨਿ ਕਰਿ ॥੧ ॥
ਨਾ ਸੁਤ ਭ੍ਰਾਤਿ ਨ ਮੀਤ, ਕੁਟੰਬਹਿ ਏਕੋ ਓਟ ਤੁਮਰਿ ॥
ਅਰਜਨ ਭੀਮ ਮਹਾਬਲਿ ਜੋਧੇ, ਤਿਨਸੋ ਕਿਛੁ ਨ ਸਰਿ ॥
ਬਸਨ ਪ੍ਰਵਾਹਿਤ ਕਿਉ ਕਰੁਨਾ ਨਿਧਿ,ਤਬਹਿੰ ਧੀਰ ਧਰਿ ॥
ਕਹਿ ਰਵਿਦਾਸ ਸਿੰਹ ਸਰਨਾਗਤਿ ਸਯਾਲ ਕੀ ਕਹਾਡਰਿ ॥[39]

ਭਗਤੀ ਦੀ ਸੁਕਤੀ ਐਟਮੀ ਸੁਕਤੀ ਤੋਂ ਵੀ ਸੂਖਮ ਹੈ ਪਰੰਤੂ ਇਸ ਦਾ ਅਨੁਭਵ ਸਾਧਕ ਨੂੰ ਖੁਦ ਕਰਨਾ ਪੈਂਦਾ ਹੈ। ਗੁਰੂ ਜੀ ਦੀ ਬਾਣੀ ਵਿਚ ਵੀਰਤਾ ਭਾਵ ਸਪੱਸ਼ਟ ਦ੍ਰਿਸ਼ਟੀਗਤ ਹੁੰਦਾ ਹੈ:-

ਕਹਿ ਰਵਿਦਾਸ ਸਿੰਹ ਸਰਨਾਗਤਿ ॥
ਸਯਾਲ ਕੀ ਕਹਾ ਡਰਿ ॥[40]

ਗੁਰੂ ਰਵਿਦਾਸ ਬਾਜੀਗਰ ਪ੍ਰਭੂ ਦੀ ਅਸਚਰਜਮਈ ਕਾਦਰਤਾ ਸੰਬੰਧੀ ਵਰਣਨ ਕਰਦੇ ਹਨ ਜਿਸ ਵਿਚ ਅਦਭੁਤ ਰਸ ਦੀ ਉਤਪਤੀ ਹੁੰਦੀ ਹੈ।

ਬਾਜੀਗਰ ਕੀ ਬਾਜੀ ਕਾਰਨ ਸਭ ਕੋ ਕੌਤਿਗ ਆਵੈ ॥[41]

ਪ੍ਰਭੂ ਦੇ ਵਿਰਾਟ ਸਰੂਪ ਦੇ ਵਰਨਣ ਵਿਚੋਂ ਵੀ ਅਦਭੁਤ ਰਸ ਦੀ ਉਤਪਤੀ ਹੁੰਦੀ ਹੈ:

ਗੋ ਬਿੰਦੇ! ਤੁਮਹਰੇ ਚਰਨਾਰ ਬਿੰਦ ਸਯੋਂ ਸਮਾਧਿ ਲਾਗੀ ॥
ਉਹ ਭੁਜੰਗ ਭਸਮ ਅੰਗ ਸੰਤਤ ਬੈਰਾਗੀ ॥
ਜਾਕੈ ਤੀਨ ਨੈਨ ਅਮ੍ਰਿਤ ਬੈਨ, ਸੀਸ ਜਟਾਧਾਰੀ ॥
ਕੋਟਿ ਕਲਪ, ਧਯਾਨ ਅਲਪ,ਮਦਨ ਅੰਤਕਾਰੀ ॥
ਜਾ ਕੈ ਨੀਲ ਚਿੰਨਹ ਸਕਲ ਬ੍ਰਹਮ ਗਲੈ ਰੁੰਡ ਮਾਲਾ ॥[42]

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਰਵਿਦਾਸ ਜੀ ਦੀ ਬਾਣੀ ਵਿਚ ਭਗਤੀ ਜਾਂ ਸ਼ਾਂਤ ਰਸ ਵਧੇਰੇ ਨਿਖਰਵੇਂ ਰੂਪ ਵਿਚ ਉਪਜਿਆ ਹੈ ਕਿਉਂਕਿ ਉਹ ਸਹਿਜ ਦਾ ਪਲਾ ਇਕ ਪਲ ਲਈ ਵੀ ਨਹੀਂ ਛਡਦੇ। ਪ੍ਰਭੂ-ਪ੍ਰੇਮ ਭਗਤੀ ਦਾ ਸਦਕਾ ਉਨ੍ਹਾਂ ਦੀ ਬਾਣੀ ਵਿਚ ਅਧਿਆਤਮਕ ਭਾਵ ਨਾਲ ਓਤ -ਪ੍ਰੋਤ ਸ਼ਿੰਗਾਰ ਰਸ ਦੀ ਉਤਪਤੀ ਵੀ ਹੋਈ ਹੈ। ਗੁਰੂ ਰਵਿਦਾਸ ਜੀ ਦਾ ਪ੍ਰਭੂ ਪ੍ਰੀਤਮ ਪਿਤਾ, ਸਖਾ ਵੀ ਹੈ। ਉਹ ਭਗਤਾਂ ਦੀ ਲਾਜ ਰਖਣ ਲਈ ਆਪਣੀ ਸ਼ਕਤੀ ਦਾ ਪ੍ਰਗਟਾਵਾ ਵੀ ਕਰਦਾ ਹੈ। ਉਹ ਦਰੋਪਤੀ ਦੀ ਲਾਜ ਰਖਣ ਵਾਲਾ ਦੀਨ ਦਿਆਲੂ ਕਿਰਪਾ ਅਤੇ ਕਰੁਣਾਨਿਧੀ ਹੈ। ਇਸ ਲਈ ਉਨ੍ਹਾਂ ਦੀ ਭਗਤੀ ਭਾਵਨਾ ਵਿਚੋਂ ਕਰੁਣਾ ਰਸ ਦੀ ਨਿਸ਼ਪਤੀ ਵੀ ਕਾਫ਼ੀ ਮਾਤਰਾ ਹੋਈ ਹੈ। ਇਸ ਤੋਂ ਇਲਾਵਾ ਬਾਕੀ ਦੇ ਰਸਾਂ ਦੀ ਝਲਕ ਵੀ ਮਿਲਦੀ ਹੈ।

5. <u>ਬਿੰਬ-ਯੋਜਨਾ</u> :- ਬਿੰਬ ਕਵਿਤਾ ਦਾ ਉਹ ਤੱਤ ਹੈ ਜੋ ਵਿਸ਼ੇ-ਵਸਤੂ ਤੋਂ ਲੈ ਕੇ ਇਸ ਦੇ ਰੂਪ ਤਕ ਪਸਰਿਆ ਰਹਿੰਦਾ ਹੈ। ਇਹ ਅਜਿਹੇ ਸ਼ਬਦ ਹਨ ਜੋ ਕਾਵਿ ਦੇ ਵਿਸ਼ੇ ਨੂੰ ਮੂਰਤੀਮਾਨ ਕਰਦੇ ਹਨ। ਵਿਦਵਾਨਾਂ ਨੇ ਬਿੰਬ ਨੂੰ ਕਵਿਤਾ ਦਾ ਇਕ ਪ੍ਰਧਾਨ ਸਿਰਜਕ ਤੱਤ ਮੰਨਿਆ ਹੈ। ਸੀ ਡੀ ਲਿਵਿਸ ਨੇ ਤਾਂ 'ਕਵਿਤਾ ਨੂੰ ਹੀ ਬਿੰਬ ਮੰਨਿਆ ਹੈ'।[43] ਇਸ ਦਾ ਅਰਥ ਹੈ ਕਿ ਅਸਲ ਕਾਵਿ ਉਹ ਹੈ ਜਿਸ ਵਿਚ ਬਿੰਬਾਂ ਦੀ ਯੋਜਨਾ ਵਿਦਮਾਨ ਹੈ। ਬਿੰਬਾਂ ਤੋਂ ਬਿਨਾਂ ਕਵਿਤਾ ਦਾ ਪ੍ਰਭਾਵ ਅੱਧਾ ਰਹਿ ਜਾਂਦਾ ਹੈ। ਇਸ ਤਰ੍ਹਾਂ ਬਿੰਬਾਂ ਦਾ ਵਿਸ਼ੇ ਨੂੰ ਸਰਲ, ਸਪਸ਼ਟ, ਰੌਚਕ, ਸਜੀਵਤਾ ਅਤੇ ਸੁੰਦਰਤਾ ਆਦਿ ਪ੍ਰਦਾਨ ਕਰਨ ਵਿਚ ਵਿਸ਼ੇਸ਼ ਹੱਥ ਹੈ। ਲਿਵਿਸ ਅਨੁਸਾਰ ਕਾਵਿ-ਬਿੰਬ -ਚਿੱਤਰ ਥੋੜੇ ਬਹੁਤ ਅੰਤਰ ਨਾਲ ਇੰਦ੍ਰਿਆਵੀ ਸ਼ਬਦ ਚਿੱਤਰ ਹਨ ਜੋ ਕੁਝ ਦਰਜੇ ਤਕ ਰੂਪਕਾਤਮਕ ਹੁੰਦੇ ਹਨ ਅਤੇ ਕੁਝ ਹੱਦ ਤਕ ਇਸ ਵਿਚ ਜਜ਼ਬਾਤ ਦਾ ਅੰਸ਼ ਵਿਦਮਾਨ ਹੁੰਦਾ ਹੈ ਅਤੇ ਪਾਠਕ ਵਿਚ ਕੁਝ ਜਜ਼ਬਾਤ, ਵਲਵਲੇ ਅਤੇ ਖਿੱਚ ਪੈਦਾ ਕਰਨ ਦੀ ਸ਼ਕਤੀ ਜਾਂ ਅਵੇਸ਼ ਹੁੰਦਾ ਹੈ।[44]
ਸੀ.ਡੀ.ਲਿਵਿਸ ਨੇ ਬਿੰਬ ਦੇ ਤਿੰਨ ਪ੍ਰਭਾਵਾਂ ਦਾ ਵਰਣਨ ਕੀਤਾ ਹੈ ਉਹ ਹਨ -ਸੱਜਰਾਪਣ , ਸੰਘਣਤਾ ਜਾਂ ਤੀਬਰਤਾ ਅਤੇ ਉਤੇਜਕ ਸ਼ਕਤੀ ।

<u>ਬਿੰਬ</u>:- ਕਵੀ ਇਸ ਲਈ ਪਾਠਕਾਂ ਦੇ ਦਿਲਾਂ ਦੇ ਕੋਨਿਆਂ ਤਕ ਪਹੁੰਚਣ ਲਈ ਮਨ ਦੀਆਂ ਅੱਖਾਂ ਨੂੰ ਆਕਰਸ਼ਿਤ ਕਰਨ ਲਈ, ਵਿਸ਼ੇ ਦੀਆਂ ਤਹਿਾਂ ਨੂੰ ਦ੍ਰਿਸ਼ਟੀਗੋਚਰ ਕਰਨ ਲਈ, ਬੌਧਿਕਤਾ ਨੂੰ ਹਲੂਣਾ ਦੇਣ ਲਈ ਵਿਸ਼ੇ ਵਿਕਾਰਾਂ ਨੂੰ ਸਰਲਤਾ, ਸਪੱਸ਼ਟਤਾ, ਗੰਭੀਰਤਾ, ਇਕਸੁਰਤਾ, ਇਕਰਸਤਾ, ਸੁੰਦਰਤਾ, ਸਥਿਰਤਾ, ਨਵੀਨਤਾ, ਮੌਲਿਕਤਾ, ਮਧੁਰਤਾ ਤੀਬਰਤਾ ਆਦਿ ਪ੍ਰਦਾਨ ਕਰਨ ਲਈ ਕਦੀ ਕਾਲਪਨਿਕ ਅਤੇ ਕਦੀ ਵਾਸਤਵਿਕ ਬਿੰਬ /ਪ੍ਰਤੀਬਿੰਬ ਗਿਆਨ ਇੰਦਰੀਆਂ ਸਨਮੁਖ ਪ੍ਰਸਤੁਤ ਕਰਦਾ ਹੈ। ਸਥੂਲ ਮੂਰਤ ਜਾਂ ਵਸਤੂ ਦੁਆਰਾ ਅਭਾਸੀ ਬਿੰਬ ਵੀ ਬਣਦਾ ਹੈ ਅਤੇ ਯਥਾਰਥਕ ਵੀ। ਇਹ ਤਾਂ ਪ੍ਰਯੁਕਤ ਸ਼ਬਦ ਦੀ ਵਿਸ਼ੇ ਤੋਂ ਦੂਰੀ ਤੇ ਨਿਰਭਰ ਕਰਦਾ ਹੈ। ਉਸ ਸ਼ਬਦ ਨੂੰ ਭਾਵਾਂ ਅਤੇ ਵਿਚਾਰਾਂ ਦੇ ਅਸੀਮ ਖੇਤਰ ਵਿਚ ਕਿਥੇ ਸਥਾਨ ਪ੍ਰਾਪਤ ਹੁੰਦਾ ਹੈ।

ਬਿੰਬਾਂ ਦਾ ਕਾਵਿ ਵਿਚ ਦੈਵ-ਸ਼ਕਤੀਆਂ ਸਮਾਨ ਪ੍ਰਭਾਵ ਹੈ। ਇਨ੍ਹਾਂ ਵਿਚ ਅਮੂਰਤ ਜਾਂ ਕਲਪਨਿਕ ਨੂੰ ਮੂਰਤ ਜਾਂ ਅਸਲੀਅਤ ਵਿਚ ਪ੍ਰਗਟਾਉਣ ਦੀ ਸਮਰਥਾ ਹੁੰਦੀ ਹੈ।

ਗੁਰੂ ਰਵਿਦਾਸ ਬਾਣੀ ਵਿਚ ਬਿੰਬ ਪੂਰਨ ਪ੍ਰਭਾਵਸ਼ਾਲੀ ਹਨ ਉਨ੍ਹਾਂ ਨੇ ਬਿੰਬਾਂ ਸ਼ਬਦ ਰੂਪੀ ਵਸਤਾਂ ਨੂੰ ਬਾਣੀ ਵਿਚ ਉਚਿਤ ਸਥਾਨ ਤੇ ਪ੍ਰਯੋਗ ਕਰਕੇ ਅਨੰਤਤਾ, ਅਨੇਕਤਾ, ਵਿਸ਼ਾਲਤਾ ਦਾ ਪ੍ਰਗਟਾਵਾ ਕੀਤਾ ਹੈ। ਇਥੋਂ ਤਕ ਕਿ ਸਮੁੱਚੇ ਜਗਤ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਹੈ। ਮਾਇਆ ਵਿਚ ਗੜੁੱਚ ਮਨੁੱਖ ਦੀ ਵਾਸਤਵਿਕ ਤਸਵੀਰ ਅੱਖਾਂ ਅਗੇ ਘੁੰਮਦੀ ਦਿਸਦੀ ਹੈ ਤੇ ਫਿਰ ਇਕ ਨਹੀਂ ਅਨੇਕਾਂ ਹੀ ਅਜਿਹੀਆਂ ਤਸਵੀਰਾਂ। ਇਹ ਤਾਂ ਸਚਮੁੱਚ ਫਿਲਮ ਵਿਚ ਆਈਆਂ ਤਸਵੀਰਾਂ ਦੀ ਲੜੀ ਜਾਂ ਨਿਰੰਤਰ ਨਾਲੋਂ ਘਟ ਨਹੀਂ। ਇਹ ਹੈ ... ਬਿੰਬਾਂ ਦੀ ਸ਼ਕਤੀ।

1. ਮਾਟੀ ਕੋ ਪੁਤਲਾ ਕੈਸੇ ਨਚੁਤ ਹੈ ॥
ਦੇਖੈ ਦੇਖੈ ਸੁਨੈ ਬੋਲੈ, ਦਉਰਿਓ ਫਿਰਤੁ ਹੈ ॥
ਜਬ ਕਛੁ ਪਾਵੈ, ਤਬ ਗਰਬੁ ਕਰਤੁ ਹੈ ॥
ਮਾਇਆ ਗਈ ਤਬ ਰੋਵਨੁ ਲਗਤੁ ਹੈ ॥[45]

2. ਜਲ ਕੀ ਭੀਤਿ ਪਵਨ ਕਾ ਥੰਭਾ
ਰਕਤ ਬੂੰਦਕਾ ਗਾਰਾ
ਹਾਡ ਮਾਸ ਨਾੜੀ ਕੋ ਪਿੰਜਰ
ਪੰਖੀ ਬਸੈ ਬਿਚਾਰਾ ॥[46]
......... ਊਚੇ ਮੰਦਰ ਸੁੰਦਰ ਨਾਰੀ ਰਾਮ ਨਾਮ ਬਿਨ ਬਾਜੀ ਹਾਰੀ ॥

ਗੁਰੂ ਰਵਿਦਾਸ ਜੀ ਨੇ ਕਈ ਸ਼ਬਦਾਂ ਵਿਚ ਇਕੋ ਹੀ ਭਾਵ ਪ੍ਰਗਟਾਉਣ ਲਈ ਕਈ ਬਿੰਬਾਂ ਦਾ ਪ੍ਰਯੋਗ ਕੀਤਾ ਹੈ। ਜਿਸਨੇ ਗੰਭੀਰ ਵਿਸ਼ਾ ਵੀ ਪਾਠਕ ਤਕ ਸਹਿਜੇ ਪਹੁੰਚ ਜਾਂਦਾ ਹੈ। ਉਨ੍ਹਾਂ ਨੇ ਅਧਿਆਤਮਕ ਭਾਵਾਂ ਦੇ ਧਾਗੇ ਵਿਚ ਬਿੰਬ-ਰੂਪੀ ਮੋਤੀਆਂ ਨੂੰ ਪਰੋਇਆ ਹੈ ਜਿਸ ਨੇ ਵਿਸ਼ੇ ਦੀ ਕੀਮਤ ਪਹਿਚਾਨਣ ਲਈ ਹੋਕਾ ਦਿੱਤਾ ਹੈ:-

ਜਉ ਤੁਮ ਗਿਰਿਵਰ ਤਉ ਹਮ ਮੋਰਾ ॥
ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥
..... ...... ......
ਜਉ ਤੁਮ ਦੀਵਰਾ ਤਉ ਹਮ ਬਾਤੀ ॥
ਜਉ ਤੁਮ ਤੀਰਥ ਤਉ ਹਮ ਜਾਤੀ ॥[47]

ਗੁਰੂ ਰਵਿਦਾਸ ਜੀ ਸੰਤ-ਆਤਮਾ ਸਨ ਉਨ੍ਹਾਂ ਨੇ ਜਿਥੇ ਸਮਾਜ ਦੇ ਦਿਲਾਂ ਦੀਆਂ ਤਹਿਾਂ

ਨੂੰ ਪਛਾਣ ਲਿਆ ਸੀ ਉਥੇ ਹੀ ਬ੍ਰਹਿਮੰਡ ਦੇ ਕਣ ਕਣ ਵਿਚ ਰੱਬੀ ਜੋਤਿ ਵੇਖਣ ਦੇ ਸਮਰਥ ਹੋ ਗਏ ਸਨ, ਉਹ ਅਧਿਆਤਮਿਕ ਮੰਡਲ ਦੇ ਸੈਲਾਨੀ ਬਣ ਗਏ ਸਨ । ਇਸ ਤਰ੍ਹਾਂ ਉਨ੍ਹਾਂ ਨੂੰ ਆਪਣੇ ਖੇਤਰ ਵਿਚ ਵਿਸ਼ਾਲ ਅਨੁਭਵ ਪ੍ਰਾਪਤ ਹੋ ਗਿਆ ਸੀ ਜਿਨ੍ਹਾਂ ਅਨੁਭੂਤੀਆਂ ਦਾ ਨਿਰੂਪਣ ਕਰਨ ਲਈ ਉਨ੍ਹਾਂ ਨੇ ਸ਼ਬਦ ਯੋਜਨਾ ਵੀ ਬ੍ਰਹਿਮੰਡਿਕ ਪਸਾਰੇ ਵਿਚੋਂ ਅਤੇ ਸਮਾਜਿਕ ਢਾਂਚੇ ਵਿਚੋਂ ਕੁਦਰਤੀ ਤੌਰ ਤੇ ਪ੍ਰਾਪਤ ਹੋ ਗਈ । ਇਸ ਤਰ੍ਹਾਂ ਉਨ੍ਹਾਂ ਨੂੰ ਪ੍ਰਕਿਰਤਕ ਨਾਲ ਸੰਬੰਧਿਤ ਸਾਮੱਗਰੀ ਵੀ ਪ੍ਰਾਪਤ ਹੋ ਗਈ ਅਤੇ ਜੀਵਨ ਦੇ ਨਾਲ ਸੰਬੰਧਿਤ ਵੀ। ਇਸ ਲਈ ਉਨ੍ਹਾਂ ਦੀ ਬਾਣੀ ਵਿਚ ਪ੍ਰਕ੍ਰਿਤੀ ਦੇ ਦ੍ਰਿਸ਼ਾਂ, ਵਸਤੂਆਂ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੋਇਆ। ਉਨ੍ਹਾਂ ਦੇ ਬਿੰਬ ਸਿਰਜਨਾ ਲਈ ਵਰਤੇ ਸ਼ਬਦ ਹਨ- ਜਲ-ਮੀਨ, ਜਲ-ਕਮਲ, ਚਕੋਰ-ਚੰਦ, ਹਿਰਨ-ਵਨ, ਹਿਰਨ-ਕਸਤੂਰੀ, ਫੁਲ-ਵਾਸ਼ਨਾ, ਮੋਰ-ਪਰਬਤ, ਆਦਿ। ਇਸ ਤੋਂ ਇਲਾਵਾ ਗੁਰੂ ਰਵਿਦਾਸ ਸਮਾਜਿਕ,ਧਾਰਮਿਕ, ਆਰਥਿਕ ਅਤੇ ਰਾਜਨੀਤਕ ਪੱਖੋਂ ਸੁਚੇਤ ਮਹਾਂਪੁਰਸ਼ ਸਨ। ਇਸ ਤਰ੍ਹਾਂ ਆਪਣੇ ਇਸ ਅਨੁਭਵ ਵਿਚੋਂ ਵੀ ਸ਼ਬਦ-ਚਿੱਤਰਾਂ ਰਾਹੀਂ ਮਹੱਤਵਪੂਰਨ ਦ੍ਰਿਸ਼ ਉਲੀਕੇ ਹਨ:-

1. ਘਟ ਅਵਘਟ ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰੁ ॥
ਰਮਈਏ ਸਿਉ ਇਕ ਬੇਨਤੀ ਮੇਰੀ ਪੂੰਜੀ ਰਾਖੁ ਮੁਰਾਰਿ ॥
ਕੋ ਬਨਜਾਰੋ ਰਾਮ ਕੋ ਮੇਰਾ ਟਾਂਡਾ ਲਾਦਿਆ ਜਾਇ ਰੇ ॥
ਹਉ ਬਨਜਾਰੋ ਰਾਮ ਕੋ ਸਹਜ ਕਰਉ ਬ੍ਯ਼ਾਪਾਰ ॥[48]

2. ਬੇਗਮਪੁਰਾ ਸਹਰ ਕੋ ਨਾਉ, ਦੂਖੁ ਅੰਦੋਹੁ ਨਹੀਂ ਤਿਹਿ ਠਾਉ ॥
ਨਾ ਤਸਵੀਸ ਖਿਰਾਜੁ ਨ ਮਾਲੁ, ਖਉਫ ਨਾ ਖਤਾ ਨ ਤਰਸੁ ਜਵਾਲੁ॥[49]

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਰਵਿਦਾਸ ਜੀ ਦੀ ਬਾਣੀ ਦਾ ਬਿੰਬ ਵਿਧਾਨ ਇਕ ਸਫਲ ਬਿੰਬ ਵਿਧਾਨ ਹੈ ਇਸ ਵਿਚ ਬਿੰਬ ਵਿਧਾਨ ਲਕਸ਼ ਨਹੀਂ ਸਗੋਂ ਅਜਿਹਾ ਸਾਧਨ ਹੈ ਜਿਸ ਨਾਲ ਕਾਵਿ ਦਾ ਸਰੂਪ ਅਤੇ ਪ੍ਰਭਾਵ ਸਪੱਸ਼ਟ ਹੋਇਆ ਹੈ, ਇਸ ਦੀ ਮਹਾਨਤਾ ਇਸ ਗੱਲ ਵਿਚ ਹੈ ਕਿ ਗੁਰੂ ਜੀ ਨੇ ਇਸ ਨੂੰ ਉਸਾਰਨ ਲਈ ਵਿਸ਼ੇਸ਼ ਯਤਨ ਜਾਂ ਉਪਰਾਲਾ ਨਹੀਂ ਕੀਤਾ ਸਗੋਂ ਇਹ ਗੁਰੂ ਜੀ ਦੀ ਮਹਾਨ ਅਧਿਆਤਮਿਕ ਪ੍ਰਤਿਭਾ ਵਿਚੋਂ ਸਹਿਜ-ਸੁਭਾਅ ਉਗਮ ਪਿਆ ਹੈ। ਇਸ ਵਿਧਾਨ ਦੁਆਰਾ ਗੁਰੂ ਜੀ ਨੇ ਗੁਝੀਆਂ, ਰਹੱਸਪੂਰਨ ਭੇਦਾਂ, ਅਕਥਨੀਯ ਵਿਚਾਰਾਂ ਗੰਭੀਰ ਭਾਵਾਂ ਨੂੰ ਸੁਖੈਨ ਰੂਪ ਵਿਚ ਯਥਾਰਥਿਕ ਅਤੇ ਜਨ-ਸਾਧਾਰਣ ਦੀ ਪੱਧਰ ਤੇ ਪੇਸ਼ ਕੀਤਾ ਹੈ ਤਾਂ ਜੋ ਆਮ ਲੋਕ ਵੀ ਬਾਣੀ ਤੋਂ ਪ੍ਰੇਰਨਾ ਲੈ ਕੇ ਜੀਵਨ ਸੁਆਰ ਸਕਣ। ਇਸ ਤਰ੍ਹਾਂ ਗੁਰੂ ਜੀ ਨੇ ਬਾਣੀ ਦੇ ਰੂਪ -ਸਰੂਪ ਨੂੰ ਇਕ ਰਹੱਸਾਤਮਕ ਅਤੇ ਸੁਹਜਾਤਮਕ ਸ਼ੈਲੀ ਦੁਆਰਾ ਇਸ ਤਰ੍ਹਾਂ ਚਿੱਤਰਿਆ ਹੈ ਕਿ ਇਸ ਵਿਚ ਆਏ ਬਿੰਬਾਂ ਨੇ ਹਰ ਜਨ-ਸਾਧਾਰਨ ਦੀਆਂ ਇੰਦਰੀਆਂ ਨੂੰ ਸੁਹਜ-ਛੁਹ ਪ੍ਰਦਾਨ

ਕੀਤੀ ਹੈ। ਇਸ ਦੇ ਨਾਲ ਰੂਪ ਬਿੰਬ ਰਸ ਬਿੰਬ, ਸਪਰਸ਼ ਬਿੰਬ, ਸ਼ਬਦ ਬਿੰਬ ਅਤੇ ਗੰਧ ਬਿੰਬ ਆਦਿ ਦੀਆਂ ਸਭ ਵੰਨਗੀਆਂ ਸੁਲੱਭ ਹੋ ਗਈਆਂ ਹਨ। ਜਿਸ ਨਾਲ ਬਾਣੀ ਦਾ ਆਤਰਿਕ ਭਾਵ ਸਪੱਸ਼ਟ ਰੂਪ ਵਿਚ ਸਾਹਮਣੇ ਆਇਆ ਹੈ ਅਤੇ ਇਸ ਨੇ ਧੁਨੀ, ਗਤੀ ਅਤੇ ਸੁੰਦਰਤਾ ਦਾ ਸੰਚਾਰ ਕੀਤਾ ਹੈ।

6. ਪ੍ਰਤੀਕ -ਯੋਜਨਾ:- ਉੱਤਮ ਕਾਵਿ-ਸੰਰਚਨਾ ਲਈ ਬਿੰਬਾਂ ਦੇ ਨਾਲ ਪ੍ਰਤੀਕਾਂ ਦੀ ਵਰਤੋਂ ਜ਼ਰੂਰੀ ਸਮਝੀ ਜਾਂਦੀ ਹੈ। ਪ੍ਰਤੀਕ ਹੀ ਕਈ ਥਾਵਾਂ ਤੇ ਬਿੰਬ ਦਾ ਪ੍ਰਭਾਵ ਉਜਾਗਰ ਕਰਦੇ ਹਨ। ਇਸ ਦਾ ਪ੍ਰਯੋਗ ਸੂਖਮ ਅਤੇ ਰਹੱਸਵਾਦੀ ਵਿਚਾਰਾਂ ਨੂੰ ਵਿਅਕਤ ਜਾਂ ਰੂਪਮਾਨ ਕਰਨ ਲਈ, ਇਨ੍ਹਾਂ ਨੂੰ ਯਥਾਰਥਿਕ ਪੱਧਰ ਤੇ ਲਿਆਉਣ ਲਈ ਕੀਤਾ ਜਾਂਦਾ ਹੈ। ਆਮ ਤੌਰ ਤੇ ਇਸ ਦੇ ਦੁਆਰਾ ਅਰਥਾਂ ਦੇ ਅਰਥ ਸਮਝਾਏ ਜਾਂਦੇ ਹਨ। ਆਪਣੇ ਅਨੁਭਵ ਨੂੰ ਪ੍ਰਗਟਾਉਣ ਲਈ ਆਪਣੇ ਤਜ਼ਰਬੇ ਵਿਚ ਆਈ ਕਿਸੇ ਨਾ ਕਿਸੇ ਵਸਤੂ ਨਾਲ ਉਸ ਅਨੁਭਵ ਦੀ ਸਮਾਨਤਾ ਵੇਖ ਕੇ, ਉਸ ਵਸਤੂ ਨੂੰ ਪ੍ਰਗਟਾਅ ਦਾ ਸਾਧਨ ਬਣਾ ਲਿਆ ਜਾਂਦਾ ਹੈ, ਇਸ ਨੂੰ ਪ੍ਰਤੀਕ ਕਹਿੰਦੇ ਹਨ। ਡਾ. ਰਾਮ ਕੁਮਾਰ ਵਰਮਾਂ ਅਨੁਸਾਰ ਜਿਸ ਤਰ੍ਹਾਂ ਸ਼ਹਿਦ ਦੀ ਇਕ ਬੂੰਦ ਹਜ਼ਾਰਾਂ ਫੁੱਲਾਂ ਦੇ ਰੱਸ ਤੇ ਮਹਿਕਾਂ ਦਾ ਇਕ ਸੰਗ੍ਰਿਹ ਰੂਪ ਹੈ ਇਸੇ ਤਰ੍ਹਾਂ ਪ੍ਰਤੀਕ ਮਨੁੱਖ ਅਤੇ ਜਗਤ ਦੀਆਂ ਅਨੇਕਾਂ ਸੋਚਣੀਆਂ ਦਾ ਸੰਕਲਨ ਹੈ।[50] ਇਸ ਤਰ੍ਹਾਂ ਪ੍ਰਤੀਕ ਕਿਸੇ ਵਿਚਾਰ ਜਾਂ ਅਨੁਭਵ ਦੀ ਅੰਤਰਹਕਰਣ ਜਾਂ ਕਲਪਨਾ ਦੀ ਪੱਧਰ ਤੇ ਵਿਆਖਿਆ ਕਰਨ ਲਈ ਜਾਂ ਸਮਝਣ-ਸਮਝਾਉਣ ਲਈ ਵਰਤੀ ਨਿਸ਼ਾਨੀ ਹੈ ਜੋ ਬੁਨਿਆਦੀ ਤੌਰ ਤੇ ਸੂਖਮ ਸੀ। ਉਸ ਸੂਖਮ ਨੂੰ ਸਥੂਲ ਦੀ ਪੱਧਰ ਤੇ ਲਿਆਉਣ ਲਈ ਪ੍ਰਤੀਕਾਂ ਦੀ ਵਰਤੋਂ ਸਮੁੱਚੇ ਸੰਤ-ਸਾਹਿਤ ਵਿਚ ਹੋਈ ਹੈ।

ਗੁਰੂ ਰਵਿਦਾਸ ਜੀ ਨੇ ਪ੍ਰਤੀਕ-ਮਾਧਿਅਮ ਨਾਲ ਆਪਣੇ ਅਧਿਆਤਮਿਕ, ਰਹੱਸਵਾਦੀ ਸਮਾਜਿਕ ਅਤੇ ਸੁਹਜਵਾਦੀ ਵਿਚਾਰ ਪ੍ਰਗਟ ਕੀਤੇ ਹਨ। ਇਨ੍ਹਾਂ ਨੇ ਅਨੁਭਵ ਦੇ ਅੰਤਰਗਤ ਹਰ ਪ੍ਰਕਾਰ ਦੇ ਸੋਮੇ ਤੋਂ ਪ੍ਰਤੀਕ ਗ੍ਰਹਿਣ ਕੀਤੇ ਹਨ ਖਾਸ ਕਰਕੇ ਅਜਿਹੇ ਪ੍ਰਤੀਕ ਬਾਣੀ ਵਿਚ ਵਰਤੇ ਹਨ ਜਿਨ੍ਹਾਂ ਦਾ ਲੋਕਾਂ ਦੇ ਘਰੋਗੀ ਜੀਵਨ ਨਾਲ ਵਿਸ਼ੇਸ਼ ਸੰਬੰਧ ਹੈ ਅਤੇ ਜਿਨ੍ਹਾਂ ਤੋਂ ਜਨ ਸਾਧਾਰਨ ਚੰਗੀ ਤਰ੍ਹਾਂ ਜਾਣੂੰ ਸੀ। ਜਿਵੇਂ ਕੁਦਰਤੀ ਵਾਤਾਵਰਣ, ਘਰੇਲੂ ਕਾਰਵਿਹਾਰ, ਵਣਜ-ਵਪਾਰ, ਰਿਸ਼ਤੇ ਨਾਤੇ, ਆਦਿ।

ਗੁਰੂ ਜੀ ਨੇ ਇਕ ਕੰਜੂਸ -ਮਨੁੱਖ ਦੀ ਅਵਸਥਾ ਨੂੰ ਸੱਪ ਦੇ ਪ੍ਰਤੀਕ ਰਾਹੀਂ ਬਿਆਨ ਕੀਤਾ ਹੈ। ਜਿਸ ਵਿਚੋਂ ਸਮੁੱਚੇ ਸਮਾਜ ਦੀ ਅਰਥ-ਵਿਵਸਥਾ ਦੀ ਝਲਕ ਮਿਲਦੀ ਹੈ। ਇਕ ਪ੍ਰਭੂ ਤੋਂ ਬੇਮੁਖ ਮਨੁੱਖ ਨੂੰ ਗਰਧਬ ਦੇ ਪ੍ਰਤੀਕ ਰਾਹੀਂ ਵਿਅਕਤ ਕੀਤਾ ਹੈ ਜੋ ਪੇਟ ਭਰਕੇ ਸੌਂ ਜਾਂਦਾ ਹੈ ਅਤੇ ਪ੍ਰਭੂ ਸਿਮਰਨ ਦਾ ਉਸ ਨੂੰ ਕੁਝ ਪਤਾ ਨਹੀਂ। ਇਕ ਹੋਰ ਥਾਂ ਤੇ ਗੁਰੂ ਜੀ ਨੇ ਅਗਿਆਨੀ ਮਨੁੱਖ ਲਈ ਡੱਡੂ ਦਾ ਪ੍ਰਤੀਕ ਵਰਤਿਆ ਹੈ:-

1. 1. ਅੱਠ ਪਹਿਰ ਤਿਨਹਿ ਕਛੁ ਨਹਿ ਸੁਝਈ, ਜਿਉਂ ਤੇਲੀ ਕੋ ਬ੍ਰਿਖਭ ਸੰਕੇਟੇ ॥
ਜੋ ਜਨ ਰਾਮ ਨਾਮ ਨਹਿੰ ਉਚਰੈ, ਉਦਰ ਭਰਈ ਜਿਉਂ ਗਰਦਭ ਲੇਟੇ ॥[51]

2. ਕੂਪੁ ਭਰਿਓ ਜੈਸੇ ਦਾਦਰਾ ਕਛੁ ਦੇਸੁ ਬਿਦੇਸੁ ਨ ਬੂਝ ॥[52]

3. ਕਵਨ ਕਾਜ ਕਿਰਪਨ ਕੀ ਮਾਯਾ, ਕ੍ਰਤ ਫਿਰਤ ਅਪਨੀ ਅਪਨੀ ਹੈ
ਖਾਈ ਨ ਸਕੈ ਖਰਚ ਨਹਿੰ ਜਾਨੈ, ਜਯੋਂ ਭੁਵੰਗ ਸਿਰ ਰਹਤ ਮਨੀ ਹੈ।[53]

ਇਸ ਤੋਂ ਇਲਾਵਾ ਆਰਥਿਕ ਜੀਵਨ ਦੇ ਕਾਰ-ਵਿਹਾਰ ਲਈ ਪ੍ਰਤੀਕ ਵਰਤੇ ਵੀ ਮਿਲਦੇ ਹਨ। 'ਵਣਜਾਰਾ' ਪ੍ਰਤੀਕ ਪ੍ਰਭੂ ਦੇ ਨਾਮ ਦਾ ਵਣਜ ਕਰ ਰਹੇ ਸੰਤ -ਜਨ ਜਾਂ ਭਗਤ ਲਈ ਵਰਤਿਆ ਗਿਆ ਹੈ:

1. ਪਹਲੈ ਪਹਰੈ ਰੈਣਿ ਦੈ ਬਣਿਜਾਰਿਆ ਤੈਂ ਜਨਮ ਲੀਆ ਸੰਸਾਰ ਵੇ।
ਸੇਵਾ ਚੂਕੋਂ ਰਾਮ ਕੀ ਬਣਿਜਾਰਿਆ, ਤੇਰੀ ਕਾਲਕ ਬੁਧਿ ਗੰਵਾਰ ਵੇ।[54]

ਪ੍ਰਤੀਕ:- ਇਹ ਰੂਪਕ ਦਾ ਰੂੜ੍ਹੀਵਾਦੀ ਰੂਪ ਹੈ। ਗੁਰੂ ਰਵਿਦਾਸ ਜੀ ਨੇ ਸੰਸਾਰ ਲਈ ਕਸੁੰਭੜਾ ਬਾਜੀ ਪਰਮਾਤਮਾ ਲਈ ਮਜੀਠ ਬਾਜੀਗਰ, ਪ੍ਰਭੂ ਦੇ ਰੰਗ ਵਿਚ ਰੱਤੀ ਆਤਮਾ ਲਈ ਸੁਹਾਗਣ, ਮਨਮੁਖ ਲਈ ਦੁਹਾਗਣ, ਆਤਮਾ ਲਈ ਪੰਖੀ ਮਨ ਲਈ ਨਿਰਗੁਣ ਬੈਲ ਆਦਿ ਪ੍ਰਤੀਕਾਂ ਦਾ ਪ੍ਰਯੋਗ ਕਰਕੇ ਆਪਣੇ ਭਾਵਾਂ ਅਤੇ ਵਿਚਾਰਾਂ ਨੂੰ ਮੂਰਤੀ ਰੂਪ ਦਿੱਤਾ ਹੈ:

1. ਜੈਸਾ ਰੰਗ, ਕਸੁੰਭੰ ਕਾ ਤੈਸਾ ਇਹੁ ਸੰਸਾਰ ॥
ਮੇਰੇ ਰਮਈਏ ਰੰਗ ਮਜੀਠ ਕਾ ਕਹੁ ਰਵਿਦਾਸ ਚਮਾਰ ॥[55]

ਸਿੱਖਿਆਵਾਚਕ ਪ੍ਰਤੀਕ: -

ਮ੍ਰਿਗ ਮੀਨ, ਭ੍ਰਿੰਗ ਪਤੰਗ ਕੁੰਚਰ ਏਕ ਦੋਸ ਵਿਨਾਸ ॥[56]

ਰਵਿਦਾਸ ਬਾਣੀ ਵਿਚ ਭਾਵਾਤਮਕ ਰਹੱਸਪਰਕ ਪ੍ਰਤੀਕ, ਸਿੱਖਿਆਵਾਚਕ ਪ੍ਰਤੀਕ, ਉਲਟਬਾਸੀ ਪ੍ਰਤੀਕਾਂ ਦਾ ਪ੍ਰਯੋਗ ਸਰਲ ਪ੍ਰਤੀਕਾਂ ਦੇ ਰੂਪ ਵਿਚ ਬਾਣੀ ਵਿਆਖਿਆ ਹਿੱਤ ਕੀਤਾ ਗਿਆ ਹੈ।

ਗੁਰੂ ਰਵਿਦਾਸ ਬਾਣੀ ਵਿਚ ਢੁਕਵੇਂ ਮੌਲਿਕ, ਪ੍ਰਾਕ੍ਰਿਤਕ, ਸਾਰਥਕ ਗਈ ਅਤੇ ਸਰਲ ਪ੍ਰਤੀਕਾਂ ਦੀ ਵਰਤੋਂ ਵਿਸ਼ੇ ਦਾ ਨਿਰੂਪਣ ਕਰਨ ਲਈ ਕੀਤੀ ਗਈ ਹੈ । ਜਿਸ ਨਾਲ ਬਾਣੀ ਵਿਚੋਂ ਸ੍ਰੀਕਿਆਂ ਸੰਸਿਆਂ ਦੀ ਗੰਢਾਂ ਖੁਲ੍ਹਦੀਆਂ ਹਨ। ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਰਵਿਦਾਸ ਬਾਣੀ ਦੀ ਪ੍ਰਤੀਕ-ਯੋਜਨਾ ਉੱਤਮ ਕਿਸਮ ਦੀ ਹੈ। ਇਸ ਵਿਚ ਸੂਖਮ ਰਹੱਸਵਾਦੀ ਵਿਚਾਰਾਂ ਦੇ ਡੂੰਘੇ ਅਰਥ ਪ੍ਰਗਟਾਉਣ ਦੀ ਸੰਪੂਰਨ ਸਮਰਥਾ-ਸ਼ਕਤੀ ਹੈ , ਇਸ ਵਿਚ ਭਾਵਾਂ ਦੀ ਤੀਬਰਤਾ ਵਿਚ ਵੀ ਯੋਗ ਪਾਉਣ ਵਾਲੀ ਤਾਕਤ ਵੀ ਹੈ। ਇਸ ਦੇ ਰਾਹੀਂ ਮੱਧਯੁਗੀਨ ਸਮੇਂ ਦੇ ਸਭਿਆਚਾਰ, ਕਾਰ-ਵਿਹਾਰ, ਅਤੇ ਹੋਰ ਸਮਾਜਿਕ ਰਾਜਨੈਤਿਕ ਪਰਿਸਥਿਤੀਆਂ ਸੰਬੰਧੀ ਜਾਣਕਾਰੀ

ਪ੍ਰਾਪਤ ਹੁੰਦੀ ਹੈ। ਇਸ ਨੇ ਬਾਣੀ ਵਿਚ ਸ਼ੈਲੀ ਵਿਚ ਸੰਜਮਤਾ ਦਾ ਗੁਣ ਵੀ ਲਿਆਂਦਾ ਹੈ।

7. ਰਾਗ-ਸੰਗੀਤ:- ਭਗਤੀ -ਕਾਵਿ ਦਾ ਸੰਗੀਤ ਅਤੇ ਰਾਗਾਂ ਨਾਲ ਗੂੜ੍ਹਾ ਸੰਬੰਧ ਹੈ। ਭਗਤੀ-ਕਾਵਿ ਵਿਚ ਮੁਖ ਤੌਰ ਤੇ ਭਗਤੀ ਦਾ ਭਾਵ ਵਿਦਮਾਨ ਹੁੰਦਾ ਹੈ। ਸਾਧਕ ਦਿਲ ਦੀ ਪ੍ਰੇਮ ਭਾਵਨਾ ਨੂੰ ਪ੍ਰਭੂ ਦੇ ਦੁਆਰੇ ਤਕ ਪਹੁੰਚਾਉਣ ਲਈ ਦਿਲੋਂ ਦੀਆਂ ਤਹਿਾਂ ਤੋਂ ਪੁਕਾਰ ਦਾ ਹੈ, ਸੱਚੇ ਭਾਵ ਤੋਂ ਉਸਦੀ ਉਸਤਤ , ਅਤੇ ਗੁਣ-ਗਾਣ ਕਰਦਾ ਹੈ। ਇਹ ਸੁਖਮਮਈ ਸ਼ਕਤੀ ਹੀ ਵਿਸ਼ਵਾਸ਼ ਦੇ ਰੂਪ ਵਿਚ ਸਪੱਸ਼ਟ ਦਿਸਦੀ ਹੈ। ਪ੍ਰਭੂ ਦੀ ਮਹਿਮਾ ਗਾਉਂਦਿਆਂ ਉਹ ਜੋ ਹਿਰਦੇ ਦੀ ਵੇਦਨਾ ਪ੍ਰਗਟ ਕਰਦਾ ਹੈ ਉਸ ਦਾ ਸੁਰ ਧੁਨੀ ਨਾਲ ਅਕਹਿ ਅਤੇ ਅਥਾਹ ਡੂੰਘਾਈਆਂ ਅਤੇ ਅਸਗਾਹ ਪ੍ਰਭੂ-ਸਮੁੰਦਰ ਤਕ ਪਹੁੰਚਣ ਯੋਗ ਹੋ ਜਾਂਦਾ ਹੈ । ਹਿਰਦੇ ਦੀ ਵੇਦਨਾ ਪੁਕਾਰ, ਅਰਦਾਸ ਨਾਲ ਮਨ ਰੂਪੀ ਵੀਣਾ ਦੀਆਂ ਤਾਰਾਂ ਟੁਣਕਦੀਆਂ ਹਨ ਇਸ ਵਿਚ ਕੰਪਨ ਪੈਦਾ ਹੁੰਦੀ ਹੈ। ਇਸ ਵਿਚ ਜਦੋਂ ਸੰਗੀਤ ਦੀਆਂ ਧੁਨੀਆਂ ਦੀ ਕੰਪਨ ਮਿਲ ਜਾਂਦੀ ਹੈ ਤਾਂ ਭਾਵਨਾ ਦਾ ਪ੍ਰਵਾਹ ਧੁਨੀ ਦੇ ਰੂਪ ਵਿਚ ਪ੍ਰਭੂ ਨੂੰ ਕਰੁਨਾਨਿਧੀ ਅਤੇ ਕ੍ਰਿਪਾਨਿਧੀ ਰੂਪ ਧਾਰਨ ਲਈ ਮਜ਼ਬੂਰ ਕਰ ਦਿੰਦਾ ਹੈ। ਸਾਧਕ ਦੀ ਬਿਰਤੀ ਅਤੇ ਧਿਆਨ ਵਿਚ ਇਕਸੁਰਤਾ, ਸਮਤਾ, ਪੈਦਾ ਹੋ ਜਾਂਦੀ ਹੈ ਅਤੇ ਇਕ-ਰਸਾਤਮਿਕ ਅਤੇ ਧਿਆਨ ਅਤੇ ਖਿੱਚ ਸ਼ਕਤੀ ਪ੍ਰਭੂ ਵਲ ਕੇਂਦਰਿਤ ਹੋ ਜਾਂਦੀ ਹੈ। ਇਸ ਤਰ੍ਹਾਂ ਸੰਗੀਤ ਦਾ ਸਾਧਕ ਦੇ ਧਿਆਨ ਨੂੰ ਕੇਂਦਰਿਤ ਕਰਨ ਅਤੇ ਧੁਰ ਅਧਿਆਤਮਕ ਮੰਡਲਾਂ ਵਿਚ ਪਹੁੰਚਾਉਣ ਵਿਚ ਮਹੱਤਵਪੂਰਨ ਯੋਗਦਾਨ ਹੈ।

ਆਲਵਾਰਾਂ ਦੀ ਭਗਤੀ ਵਿਚ ਮਾਧੁਰਯ ਗੁਣ ਅਤੇ ਓਜ ਗੁਣ ਵਿਦਮਾਨ ਸੀ ਜਿਸਨੇ ਇਨ੍ਹਾਂ ਦੀ ਭਗਤੀ ਨੂੰ ਭਗਤੀ ਦੇ ਇਤਿਹਾਸ ਵਿਚ ਵਿਸ਼ੇਸ਼ ਸਥਾਨ ਦਿੱਤਾ। ਗੀਤਾਂ ਦੀ ਇਹ ਦਿਲ ਪਿਘਲਾਊ ਅਤੇ ਉਤੇਜਿਤ ਕਰਨ ਵਾਲੀ ਸ਼ਕਤੀ ਉਨ੍ਹਾਂ ਦੇ ਸੰਗੀਤ ਅਤੇ ਸ਼ਬਦ-ਯੋਜਨਾਂ ਤੇ ਆਧਾਰਿਤ ਸੀ ਜਿਸਨੇ ਉਨ੍ਹਾਂ ਨੂੰ ਭਗਤੀ ਵਿਚ ਪਰਪੱਕਤਾ ਪ੍ਰਦਾਨ ਕੀਤੀ। ਭਾਵ ਨਾਲ ਭਿੱਜੇ ਗੀਤ ਦੀ ਧੁਨੀਆਂ ਕਠੋਰ ਦਿਲ ਨੂੰ ਵੀ ਉਸ ਭਾਵ ਵਿਚ ਦ੍ਰਵਿਤ ਕਰ ਦਿੰਦੀਆਂ ਹਨ। ਇਸੇ ਗੁਣ ਸਦਕਾ ਮੱਧਕਾਲੀਨ ਸੰਤ-ਕਵੀਆਂ ਨੇ ਬਾਣੀ ਨੂੰ ਰਾਗਾਂ ਵਿਚ ਰਚਿਆ। ਸੰਤ-ਕਵੀ ਆਮ ਸ੍ਰੇਣੀਆਂ ਵਿਚ ਸਨ ਉਨ੍ਹਾਂ ਦੇ ਹੱਥ ਕਿਰਤ ਵਿਚ ਰੁੱਝੇ ਹੁੰਦੇ ਤਾਂ ਦਿਲ ਪ੍ਰਭੂ ਧਿਆਨ ਵਿਚ ਉਸ ਦੇ ਗੁਣ ਗੁਣਾਉਂਦਾ ਰਹਿੰਦਾ ਸੀ। ਇਸ ਸਾਧਨ ਰਾਹੀਂ ਹੀ ਉਨ੍ਹਾਂ ਨੇ ਪ੍ਰਭੂ ਪ੍ਰੀਤਮ ਨੂੰ ਮੋਹ ਲਿਆ। ਇਸ ਤਰ੍ਹਾਂ ਭਗੰਤ ਆਪਣੀ ਬਿਹਬਲਤਾ, ਨਿਮਰਤਾ, ਵਿਚਾਰਾਂ , ਮਨੋਭਾਵਾਂ ਅਤੇ ਮਨ-ਵਚਨਾਂ ਨੂੰ ਸੰਗੀਤ ਦੇ ਮਾਧਿਅਮ ਰਾਹੀਂ ਵਿਅਕਤ ਕਰਦਾ ਹੈ।

ਭਗਤੀ ਕਾਵਿ ਦੀ ਪ੍ਰਕ੍ਰਿਤੀ ਰਸਮਈ ਹੈ। ਇਸ ਵਿਚ ਆਨੰਦ ਜਾਂ ਪਰਮਾਨੰਦ ਦੀ ਅਨੁਭੂਤੀ ਹੁੰਦੀ ਹੈ। ਸੰਗੀਤ ਆਪਣੇ ਆਪ ਵਿਚ ਆਨੰਦ ਦਾ ਸਰੋਤ ਹੈ । ਇਸ ਤਰ੍ਹਾਂ ਭਗਤੀ-ਕਾਵਿ ਜਦੋਂ ਸੰਗੀਤ ਦੇ ਰਾਹੀਂ ਗਾਇਆ ਸੁਣਿਆ ਜਾਂਦਾ ਹੈ ਤਾਂ ਇਸ ਵਿਚ ਕਾਵਿ ਦਾ ਆਨੰਦ, ਸੰਗੀਤ ਦਾ ਰਸ ਅਤੇ ਬਾਣੀ ਦਾ ਅਧਿਆਤਮਕ ਰਸ ਮਿਲ ਕੇ ਉਨਮਨ ਅਵਸਥਾ ਪ੍ਰਾਪਤ ਹੋ ਜਾਂਦੀ ਹੈ।

ਇਸ ਤਰ੍ਹਾਂ ਸੰਗੀਤ ਅਤੇ ਭਗਤੀ-ਕਾਵਿ ਦੋਵਾਂ ਦੀ ਪ੍ਰਕ੍ਰਿਤੀ ਰਸ ਪ੍ਰਦਾਨ ਕਰਨ ਵਾਲੀ ਹੈ। ਸੰਗੀਤ ਇਸ ਰਸ ਨੂੰ ਉਤੇਜਿਤ ਕਰਦਾ ਹੈ ਅਤੇ ਮਾਧੁਰਤਾ ਅਤੇ ਰਸਾਤਮਕਤਾ ਪ੍ਰਦਾਨ ਕਰਦਾ ਹੈ ਇਸ ਤਰ੍ਹਾਂ ਸਾਧ ਦੇ ਮਰਮਸਪਰਸ਼ੀ ਬੋਲ ਸੰਗੀਤ ਦਾ ਸਹਾਰਾ ਪਾ ਕੇ ਅਧਿਆਤਮਕ ਮੰਡਲ ਵਿਚ ਪਹੁੰਚ ਜਾਂਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੀ ਇਹ ਵਿਲੱਖਣਤਾ ਹੈ ਕਿ ਇਹ ਰਾਗਾਂ ਅਧੀਨ ਦਰਜ ਹੈ ਅਤੇ ਇਨ੍ਹਾਂ ਰਾਗਾਂ ਵਿਚ ਹੀ ਗਾਈ ਜਾਂਦੀ ਹੈ । ਇਹ ਰਾਗ ਹੀ ਕੀਰਤਨ ਭਗਤੀ ਨੂੰ ਸੰਪੂਰਨਤਾ ਪ੍ਰਦਾਨ ਕਰਦੇ ਹਨ। ਸੰਗੀਤ ਵਿਸ਼ੇ ਵਿਚ ਰਾਗ ਸਮੇਂ, ਸਥਿਤੀ, ਭਾਵ, ਮੌਸਮ, ਰਸ, ਰੁੱਤਾਂ ਦੇ ਅਨੁਸਾਰ ਗਾਏ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਰਾਗਾਂ ਦੀ ਤਰਤੀਬ ਅਨੁਸਾਰ ਦਰਜ ਹੈ। ਇਸ ਵਿਚ ਬਾਣੀ ਨਿਮਨਲਿਖਿਤ ਇਕੱਤੀ ਰਾਗਾਂ ਵਿਚ ਹੈ :

| | | |
|---|---|---|
| 1. ਸਿਰੀ ਰਾਗ | 2. ਰਾਗੁ ਮਾਝ | 3. ਰਾਗੁ ਗਉੜੀ |
| 4. ਰਾਗੁ ਆਸਾ | 5. ਰਾਗੁ ਗੂਜਰੀ | 6. ਰਾਗੁ ਦੇਵਗੰਧਾਰੀ |
| 7. ਰਾਗੁ ਬਿਹਾਗੜਾ | 8. ਰਾਗੁ ਵਡਹੰਸ | 9. ਰਾਗੁ ਸੋਰਠਿ |
| 10. ਰਾਗ ਧਨਾਸਰੀ | 11. ਰਾਗੁ ਜੈਤਸਰੀ | 12. ਰਾਗੁ ਟੋਡੀ |
| 13. ਰਾਗੁ ਬੈਰਾੜੀ | 14. ਰਾਗੁ ਤਿਲੰਗ | 15. ਰਾਗੁ ਸੂਹੀ |
| 16. ਰਾਗੁ ਬਿਲਾਵਲੁ | 17. ਰਾਗੁ ਗੋਂਡ | 18. ਰਾਗੁ ਰਾਮਕਲੀ |
| 19. ਰਾਗੁ ਨਟ ਨਾਰਾਇਣ | 20. ਰਾਗੁ ਮਾਲੀ ਗਉੜਾ | 21. ਰਾਗੁ ਮਾਰੂ |
| 22. ਰਾਗੁ ਤੁਖਾਰੀ | 23. ਰਾਗੁ ਕੇਦਾਰਾ | 24. ਰਾਗੁ ਭੈਰਉ |
| 25. ਰਾਗੁ ਬਸੰਤੁ | 26. ਰਾਗੁ ਸਾਰੰਗ | 27. ਰਾਗੁ ਮਲਾਰ |
| 28. ਰਾਗੁ ਕਾਨੜਾ | 29. ਰਾਗ ਕਲਿਆਨ | 30. ਰਾਗੁ ਪ੍ਰਭਾਤੀ |
| 31. ਰਾਗ ਜੈਜਾਵੰਤੀ | | |

ਗੁਰੂ ਰਵਿਦਾਸ ਜੀ ਦੀ ਪ੍ਰੇਮਾਭਗਤੀ ਵਿਚ ਰਾਗਾਤਮਕਤਾ ਦਾ ਗੁਣ ਮੌਜੂਦ ਹੈ। ਆਪ ਦੀ ਬਾਣੀ ਸਾਖੀ ਭਰਦੀ ਹੈ ਕਿ ਆਪ ਨੂੰ ਰਾਗਾਂ ਦੀ ਬਹੁਤ ਜਾਣਕਾਰੀ ਸੀ। ਗੁਰੂ ਜੀ ਦੀ ਬਾਣੀ ਉਨੱਤੀ ਰਾਗਾਂ ਵਿਚ ਉਪਲਬਧ ਹੈ। ਇਸ ਤਰ੍ਹਾਂ ਆਪ ਇਸ ਪੱਖੋਂ ਵੀ ਆਪਣੇ ਸਮਕਾਲੀਆਂ ਨਾਲੋਂ ਅਗੇ ਲੰਘ ਜਾਂਦੇ ਹਨ। ਰਾਗਾਤਮਕਤਾ ਪੱਖੋਂ ਰਵਿਦਾਸ ਬਾਣੀ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ।

ਡਾ. ਧਰਮਪਾਲ ਸਿੰਗਲ ਦੁਆਰਾ ਰਚਿਤ ਪੁਸਤਕ ' ਬਾਣੀ ਸ੍ਰੀ ਗੁਰੂ ਰਵਿਦਾਸ ਜੀ ਦੀ' ਵਿਚ ਗੁਰੂ ਰਵਿਦਾਸ ਜੀ ਦੀ ਬਾਣੀ ਨਿਮਨਲਿਖਤ 29 ਰਾਗਾਂ ਵਿਚ ਦਰਜ ਹੈ:

| | | |
|---|---|---|
| 1. ਸਿਰੀ ਰਾਗੁ | 2. ਰਾਗੁ ਗਉੜੀ ਬੈਰਾਗਣਿ | 3. ਰਾਗੁ ਗਉੜੀ ਪੂਰਬੀ |
| 4. ਰਾਗੁ ਗਉੜੀ | 5. ਰਾਗੁ ਗਉੜੀ ਗੁਆਰੇਰੀ | 6. ਰਾਗੁ ਗਉੜੀ ਪੂਰਬੀ ਪਚੀਸੀ |
| 7. ਰਾਗੁ ਆਸਾ | 8. ਰਾਗੁ ਗੂਜਰੀ | 9. ਰਾਗੁ ਸੋਰਠਿ |
| 10. ਰਾਗੁ ਧਨਾਸਰੀ | 11. ਰਾਗੁ ਧਨਾਸਰੀ ਬਿਰਹੜਾ | 12. ਰਾਗੁ ਜੈਤਸਰੀ |
| 13. ਰਾਗੁ ਟੋਡੀ | 14. ਰਾਗੁ ਸੂਹੀ | 15. ਰਾਗੁ ਬਿਲਾਵਲੁ |
| 16. ਰਾਗੁ ਗੋਂਡ | 17. ਰਾਗੁ ਗੌੜੀ ਗੋਂਡ | 18. ਰਾਗੁ ਰਾਮਕਲੀ |
| 19. ਰਾਗੁ ਮਾਰੂ | 20. ਰਾਗੁ ਕੇਦਾਰਾ | 21. ਰਾਗੁ ਭੈਰਉ |
| 22. ਰਾਗੁ ਬਸੰਤ | 23. ਰਾਗੁ ਸਾਰੰਗ | 24. ਰਾਗੁ ਮਲਾਰ |
| 25. ਰਾਗੁ ਕਾਨੜਾ | 26. ਰਾਗੁ ਕਲਯਾਣ | 27. ਰਾਗੁ ਗੌੜੀ |
| 28. ਰਾਗੁ ਜੰਗਲੀ ਗੌੜੀ | 29. ਰਾਗੁ ਖੱਟ | |

8. ਇਤਿਹਾਸਕ ਅਤੇ ਮਿਥਿਹਾਸਕ ਹਵਾਲੇ:-

ਲੋਕ-ਸਮ੍ਰਿਤੀ ਵਿਚ ਕੌਮ ਅਥਵਾ ਸਭਿਆਚਾਰ ਦਾ ਸਾਂਝਾ, ਵਡਮੁੱਲਾ ਅਤੇ ਅਣਮੋਲ ਖਜ਼ਾਨਾ ਹੁੰਦੀ ਹੈ। ਇਸ ਵਿਚ ਜੁਗਾਂ-ਜੁਗਾਂਤਰਾਂ ਦਾ ਅਨੁਭਵੀ ਗਿਆਨ ਸਮਾਇਆ ਹੋਇਆ ਹੁੰਦਾ ਹੈ। ਅਮਰ, ਸਦੀਵੀ, ਸਥਾਈ ਸਾਹਿਤ ਦੀ ਰਚਨਾ ਇਸ ਅਮੀਰ ਵਿਰਸੇ ਦੀ ਵਰਤੋਂ, ਅਤੀ ਆਵਸ਼ਕ ਹੁੰਦੀ ਹੈ। ਇਸ ਭੰਡਾਰੇ ਦਾ ਪ੍ਰਯੋਗ ਜਣਾ-ਖਣਾ ਨਹੀਂ ਕਰ ਸਕਦਾ ਸਗੋਂ ਇਸ ਦੀ ਵਰਤੋਂ ਕੇਵਲ ਅਨੁਭਵੀ ਪ੍ਰਤਿਭਾ ਵਾਲੇ, ਡੂੰਘੇ ਅਤੇ ਵਿਸ਼ਾਲ ਅਧਿਐਨ ਦੇ ਮਾਲਕ, ਰਚਨਹਾਰ ਹੀ ਕਰ ਸਕਦੇ ਹਨ। ਇਤਿਹਾਸਕ ਮਿਥਿਹਾਸਕ ਹਵਾਲਿਆਂ ਦਾ ਮਨੁੱਖ ਨਾਲ ਸੰਬੰਧ ਲੋਕਾਂ ਨਾਲ ਸਦੀਆਂ ਤੋਂ ਅਚੇਤ ਅਤੇ ਸੁਚੇਤ ਰੂਪ ਵਿਚ ਜੁੜਿਆ ਹੁੰਦਾ ਹੈ। ਜਦੋਂ ਕਾਵਿ ਵਿਚ ਇਸ ਦੀ ਵਰਤੋਂ ਹੋ ਜਾਂਦੀ ਹੈ ਤਾਂ ਵਿਚਾਰਾਂ ਨੂੰ ਦ੍ਰਿੜਤਾ ਪ੍ਰਦਾਨ ਹੁੰਦੀ ਹੈ ਵਿਸ਼ਵਾਸ ਦੀ ਨੀਂਹ ਪੱਕੀ ਹੁੰਦੀ ਹੈ। ਭਗਤੀ ਤਾਂ ਉਸਰਦੀ ਹੀ ਵਿਸ਼ਵਾਸ ਅਤੇ ਸ਼ਰਧਾ ਤੇ ਹੈ। ਇਹ ਹਵਾਲੇ ਬਾਣੀ ਨੂੰ ਪ੍ਰਭੂ ਦੇ ਮਜੀਠ ਰੰਗ ਵਿਚ ਰੰਗ ਦਿੰਦੇ ਹਨ ਇਸ ਨਾਲ ਸਭਿਅਤਾ ਦੀ ਦਰਜਾ ਵਧਦਾ ਹੈ। ਇਹ ਕਾਵਿ ਪ੍ਰਯੋਗਿਕ ਕਾਰਜ ਵੀ ਕਰਦੇ ਹਨ ਭਾਵ ਵਿਚਾਰਾਂ ਨੂੰ ਵਿਵਹਾਰਿਕਤਾ ਪ੍ਰਦਾਨ ਕਰਨ ਲਈ ਇਸ ਤੋਂ ਵੱਧ ਪ੍ਰਯੋਗ ਜਾਂ ਸਬੂਤ ਨਹੀਂ। ਇਸ ਤਰ੍ਹਾਂ ਮਿਥਿਹਾਸਕ ਹਵਾਲੇ ਭਗਤੀ-ਕਾਵਿ ਵਿਚ ਵਿਗਿਆਨਿਕਤਾ ਦਾ ਅੰਸ਼-ਸ਼ਾਮਲ ਕਰਦੇ ਹਨ।

ਖੁਸ਼ਕ ਗਿਆਨ-ਨੀਰਸ ਹੁੰਦਾ ਹੈ। ਜਦੋਂ ਕਾਵਿ ਵਿਚ ਇਤਿਹਾਸਕ ਮਿਥਿਹਾਸਕ ਵੇਰਵੇ ਆ ਜਾਂਦੇ ਹਨ ਤਾਂ ਇਹ ਕਾਵਿ-ਰਚਨਾ ਨੂੰ ਵਧੇਰੇ ਪ੍ਰਭਾਵਸ਼ਾਲੀ, ਗਿਆਨਮੂਲਕ, ਸਪੱਸ਼ਟ ਅਤੇ ਖਿੱਚ ਦਾ ਕੇਂਦਰ ਬਣਾਉਂਦੇ ਹਨ। ਜਦੋਂ ਲੇਖਕ ਇਤਿਹਾਸ ਮਿਥਿਹਾਸ ਦਾ ਪ੍ਰਯੋਗ ਆਪਣੇ ਕਾਵਿ ਵਿਚ ਕਰਦਾ ਹੈ ਤਾਂ ਉਹ ਇਕ ਤਰ੍ਹਾਂ ਨਾਲ ਪਰੰਪਰਾ ਨੂੰ ਆਧੁਨਿਕਤਾ ਦੀ ਲੜੀ ਵਿਚ ਪਰੋ ਕੇ ਨਵੀਨਤਾ

ਪ੍ਰਦਾਨ ਕਰ ਦਿੰਦਾ ਹੈ। ਇਸ ਤਰ੍ਹਾਂ ਇਹ ਸਾਡੇ ਇਤਿਹਾਸਕ ਮਿਥਿਹਾਸਕ ਵਿਰਸੇ ਨੂੰ ਸੰਭਾਲਣ ਦਾ ਇਕ ਸਾਧਨ ਹੋ ਨਿਬੜਦਾ ਹੈ।

ਇਤਿਹਾਸ ਮਿਥਿਹਾਸ ਦੀਆਂ ਉਦਾਹਰਣਾਂ ਜਿਥੇ ਵਿਸ਼ੇ ਵਿਚ ਜਟਿਲਤਾ ਅਤੇ ਪ੍ਰਿਪੱਕਤਾ ਲਿਆਉਂਦੀਆਂ ਹਨ, ਇਹ ਇਸ ਦੇ ਵਿਸ਼ੇ ਦਾ ਵਿਹੜਾ ਖੁਲ੍ਹਾ ਕਰ ਦਿੰਦੀਆਂ ਹਨ। ਇਸ ਤਰ੍ਹਾਂ ਇਹੀ ਇਹ ਭਗਤੀ ਨੂੰ ਧਾਰਮਿਕ ਕਟੜਪਨ ਦੀ ਕੈਦ ਵਿਚੋਂ ਮੁਕਤ ਕਰਵਾ ਕੇ ਬ੍ਰਹਿਮੰਡਿਕ ਵਿਸ਼ਾਲਤਾ ਪ੍ਰਦਾਨ ਕਰਦੀਆਂ ਹਨ। ਇਸ ਦੇ ਰਾਹੀਂ ਹੀ ਸਮੁੱਚੀ ਮਾਨਵਤਾ ਨੂੰ ਏਕਤਾ ਦੇ ਧਾਗੇ ਵਿਚ ਪਰੋਣ ਦਾ ਉਪਰਾਲਾ ਕੀਤਾ ਜਾਂਦਾ ਹੈ। ਇਤਿਹਾਸਕ ਮਿਥਿਹਾਸਕ ਵੇਰਵਿਆਂ ਰੂਪੀ ਮਣਕਿਆਂ ਨਾਲ ਪਰੋਈ ਬਾਣੀ ਹੀ ਅਸਲੀ ਭਗਤੀ-ਮਾਲਾ ਹੈ ਜਿਸ ਨੂੰ ਜਪ ਕੇ 'ਮਨੁੱਖ ਬੇਗਮਪੁਰੇ ਦਾ ਵਾਸੀ ਬਣ ਸਕਦਾ ਹੈ - ਜਿਸ ਸ਼ਹਿਰ ਵਿਚ ਕੋਈ ਵਿਤਕਰਾ, ਵੰਡੀਆਂ, ਦੀਵਾਰਾਂ, ਸੰਪ੍ਰਦਾਵਾਂ ਤੇਰ੍ਹਾਂ, ਦੁਖ, ਭਰਮ, ਸ਼ੰਕੇ ਨਹੀਂ ਹੋਣਗੇ ਅਜਿਹੀ ਬਾਣੀ ਹੀ ਪਾਠਕਾਂ ਨੂੰ ਸੰਕੀਰਣਤਾ ਤੋਂ ਉਪਰ ਉਠਾ ਸਕਦੀ ਹੈ।

ਗੁਰੂ ਰਵਿਦਾਸ ਜੀ ਨੇ ਆਪਣੇ ਵਿਚਾਰਾਂ ਨੂੰ ਵਧੇਰੇ ਸਪੱਸ਼ਟ ਕਰਨ ਲਈ ਅਤੇ ਆਪਣੀ ਅਭਿਵਿਅਕਤੀ ਨੂੰ ਮੰਨਣ ਯੋਗ ਤੇ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ ਪੌਰਾਣਿਕ ਸੰਦਰਭਾਂ ਤੋਂ ਬਹੁਤ ਠੋਸ ਕੰਮ ਲਿਆ ਹੈ। ਆਪ ਨੇ ਸਾਧ-ਸੰਗਤ ਰਾਹੀਂ, ਗੁਰੂ ਰਾਮਾਨੰਦ ਰਾਹੀਂ ਅਤੇ ਅਧਿਐਨ ਰਾਹੀਂ ਭਾਰਤੀ ਦਰਸ਼ਨ ਗ੍ਰੰਥਾਂ ਅਤੇ ਭਗਤੀ ਗ੍ਰੰਥਾਂ ਦੇ ਬਾਰੇ ਡੂੰਘੀ ਜਾਣਕਾਰੀ ਪ੍ਰਾਪਤ ਕੀਤੀ ਹੋਈ ਸੀ। ਉਨ੍ਹਾਂ ਨੇ ਆਪਣੇ ਅਹਿਸਾਸਾਂ ਨੂੰ 'ਮਸਿ ਕਾਗਦ' ਦੀ ਛੁਹ ਪ੍ਰਦਾਨ ਕੀਤੀ ਅਤੇ ਪੌਰਾਣਿਕ ਗੰਭੀਰਤਾ, ਵਿਸ਼ੇਸ਼ਤਾ ਅਤੇ ਬਹੁਪੱਖੀਪਨ ਨੂੰ ਆਪਣੇ ਕਾਵਿ ਦਾ ਸ਼ਿੰਗਾਰ ਬਣਾਇਆ। ਗੁਰੂ ਰਵਿਦਾਸ ਜੀ ਦੀ ਬਾਣੀ ਮੂੰਹੋਂ ਬੋਲਦੀ ਹੈ ਕਿ ਆਪ ਨੂੰ ਵੇਦਾਂ ਉਪਨਿਸ਼ਦਾਂ, ਸ਼੍ਰੀਮਦ ਭਗਵਤ ਗੀਤਾ, ਨਾਰਦ ਭਗਤੀ ਸੂਤਰਾਂ ਅਤੇ ਹੋਰ ਭਗਤੀ ਗ੍ਰੰਥਾਂ ਦਾ ਗੂੜ੍ਹ ਗਿਆਨ ਪ੍ਰਾਪਤ ਸੀ।

ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਨਿਮਨਲਿਖਤ ਮਿਥਿਹਾਸਕ ਅਤੇ ਇਤਿਹਾਸਕ ਹਵਾਲਿਆਂ ਦਾ ਪ੍ਰਯੋਗ ਕੀਤਾ ਹੈ।

1. <u>ਧਰੂ ਭਗਤ:</u>

ਵਿਸ਼ਨੂੰ ਪੁਰਾਣ ਅਨੁਸਾਰ ਰਾਜਾ ਉਤਾਨਪਾਦ ਦੀਆਂ ਦੋ ਪਤਨੀਆਂ ਸੁਰੁਚੀ ਅਤੇ ਸੁਨੀਤੀ ਵਿਚੋਂ ਧਰੂ ਸੁਨੀਤੀ ਦੇ ਕੁਖੋਂ ਹੋਇਆ। ਸੁਰੁਚੀ ਧਰੂ ਨਾਲ ਭੈੜਾ ਵਰਤਾਉ ਕਰਦੀ ਸੀ ਉਹ ਚਾਹੁੰਦੀ ਸੀ ਕਿ ਉਸਦਾ ਪੁੱਤਰ 'ਉਤੱਮ' ਗਦੀ ਤੇ ਬੈਠੇ। ਇਕ ਵਾਰੀ ਧਰੂ ਆਪਣੇ ਬਾਪ ਦੀ ਗੋਦੀ ਵਿਚ ਬੈਠਾ ਸੀ ਕਿ ਸੁਰੁਚੀ ਨੇ ਬਾਹੋਂ ਫੜ ਕੇ ਉਠਾ ਦਿੱਤਾ ਇਸ ਦਾ ਬਾਲ ਧਰੂ ਨੇ ਮਾਂ ਤੋਂ ਪੁਛਿਆ। ਜਿਸਨੂੰ ਉਸ ਦੀ ਮਾਂ ਨੇ ਕਰਮਾਂ ਦੀ ਖੇਡ ਦਸਿਆ ਕਿ ਮੈਂ ਪੁਰਾਣੇ ਜਨਮ ਵਿਚ ਭਗਤੀ ਨਹੀਂ ਕੀਤੀ। ਮਾਂ ਦੀ ਪ੍ਰੇਰਨਾ ਨਾਲ ਉਹ ਜੰਗਲਾਂ ਵਿਚ ਤਪ ਕਰਨ ਚਲਾ

ਗਿਆ। ਉਥੇ ਉਸਨੇ ਰਿਸ਼ੀ ਨਾਰਦ ਤੋਂ ਉਪਦੇਸ਼ ਲਿਆ ਅਤੇ ਅਮਰਪਦ ਦੀ ਪ੍ਰਾਪਤੀ ਕੀਤੀ। ਕਿਹਾ ਜਾਂਦਾ ਹੈ ਕਿ ਜਦੋਂ 'ਉਤਮ' ਨੂੰ ਜੰਗਲਾਂ ਵਿਚ ਸ਼ਿਕਾਰ ਖੇਡਦੇ ਨੂੰ ਯਕਸ਼ਾਂ ਨੇ ਮਾਰ ਦਿੱਤਾ ਅਤੇ ਉਸ ਤੋਂ ਬਾਅਦ ਧਰੂ ਨੇ ਛੱਤੀ ਹਜ਼ਾਰ ਸਾਲ ਰਾਜ ਕੀਤਾ:-

1. ਜਾ ਕੌ ਹਰਿ ਜੁ ਆਪ ਨਿਬਾਜਤ, ਤਿਹਿ ਤ੍ਰਿਵਿਧ ਤਾਪ ਨਹੀਂ ਬਾਧੈ ॥

.... ..... .....

ਧ੍ਰੂਵ ਨੂੰ ਅਟਲੁ ਪਦ ਹਰਿ ਦੀਨ ਹੋ, ਭਗਤ ਸਿਰੋਮਣਿ ਨਾਮ ਧਰਾਵੈ ॥ [57]

2. ਸੋਈ ਹੁ ਖਰੋ ਜਿਹਿ ਆਪ ਨਿਬਾਜਤ ॥
ਬਾਰਕ ਧ੍ਰਵ ਕੂੰ ਅੰਕ ਰਾਖਿ ਹਰਿ ॥
ਥੰਭ ਫਾਰਿ ਪ੍ਰਹਲਾਦ ਉਬਾਰਤ ॥[58]

2. ਪ੍ਰਹਲਾਦ ਭਗਤ:-

ਪ੍ਰਹਿਲਾਦ ਦੀ ਕਥਾ ਦਾ ਉਲੇਖ ਕਈ ਪੁਰਾਣਾਂ ਵਿਚ ਹੈ। ਉਹ ਮੁਲਤਾਨ ਨਿਵਾਸੀ ਸਤਿਜੁਗ ਦਾ ਇਕ ਭਗਤ ਹੈ ਜੋ ਹਿਰਣਕਸ਼ਪ ਦੈਂਤ ਦਾ ਪੁੱਤਰ ਸੀ। ਹਰਨਾਖਸ਼ ਨੇ ਦੇਵਤਿਆਂ ਨਾਲ ਯੁੱਧ ਕਰਕੇ ਇੰਦਰ ਤੋਂ ਸਵਰਗ ਰਾਜ ਖੋਹ ਲਿਆ ਸੀ। ਉਹ ਹਰ ਇਕ ਨੂੰ ਆਪਣਾ ਨਾਮ ਜਪਾਉਂਦਾ ਸੀ। ਪ੍ਰਹਿਲਾਦ ਬਚਪਨ ਤੋਂ ਵਿਸ਼ਨੂੰ ਦਾ ਉਪਾਸ਼ਕ ਸੀ ਉਹ ਹਰੀ ਸਿਮਰਨ ਕਰਦਾ ਸੀ ਹਰਨਾਖਸ਼ ਨੇ ਪਹਿਲਾਂ ਤੋਂ ਪ੍ਰਹਿਲਾਦ ਨੂੰ ਪ੍ਰਭੂ ਸਿਮਰਨ ਤੋਂ ਰੋਕਿਆ ਜਦੋਂ ਪ੍ਰਹਿਲਾਦ ਨਾ ਰੁਕਿਆ ਤਾਂ ਉਸਦੇ ਪਿਤਾ ਨੇ ਉਸਨੂੰ ਤਸੀਹੇ ਦੇਣੇ ਸ਼ੁਰੂ ਕਰ ਦਿੱਤੇ। ਅਖੀਰ ਤਲਵਾਰ ਸੂਤ ਕੇ ਉਸ ਨੂੰ ਭਖਦੇ ਥੰਮ ਨਾਲ ਚੰਬੜਨ ਲਈ ਕਿਹਾ ਗਿਆ। ਹਰਨਾਖਸ਼ ਨੂੰ ਵਰ ਪ੍ਰਾਪਤ ਸੀ ਸੀ ਕਿ ਨਾ ਉਹ ਦਿਨ, ਰਾਤ ਨੂੰ ਮਰੇਗਾ, ਨਾ ਹੀ ਪ੍ਰਿਥਵੀ ਅਤੇ ਅਸਮਾਨ ਤੇ ਮਰੇਗਾ ਅਤੇ ਨਾ ਹੀ ਉਸ ਨੂੰ ਆਦਮੀ ਅਤੇ ਜਾਨਵਰ ਮਾਰ ਸਕੇਗਾ। ਪ੍ਰਹਿਲਾਦ ਭਗਤ ਦੀ ਰਖਿਆ ਲਈ ਉਸ ਸਮੇਂ ਭਗਵਾਨ ਵਿਸ਼ਨੂੰ ਤੱਤਾ ਥੰਮ ਪਾੜ ਕੇ ਨਰ-ਸਿੰਘ (ਆਦਮੀ ਅਤੇ ਸ਼ੇਰ) ਦੇ ਸਾਂਝੇ ਰੂਪ ਵਿਚ ਪ੍ਰਗਟ ਹੋਇਆ ਅਤੇ ਉਸ ਨੇ ਹਰਨਾਖਸ਼ ਨੂੰ ਮਾਰ ਦਿੱਤਾ। ਪਦਮ ਪੁਰਾਣ ਅਨੁਸਾਰ ਪ੍ਰਹਿਲਾਦ ਨੇ ਜੀਵਨ ਭਰ ਲਈ ਇੰਦਰ ਦੀ ਪਦਵੀ ਪ੍ਰਾਪਤ ਕਰ ਲਈ ਸੀ ਅਤੇ ਅੰਤ ਸਮੇਂ ਵਿਸ਼ਨੂੰ ਵਿਚ ਸਮਾ ਗਿਆ ਸੀ।

ਗੁਰੂ ਰਵਿਦਾਸ ਜੀ ਨੇ ਉਪਰੋਕਤ ਵਿਚਾਰਧਾਰਾ ਦਾ ਆਪਣੀ ਬਾਣੀ ਵਿਚ ਉਲੇਖ ਕੀਤਾ ਹੈ। ਕਿ ਕਿਸ ਤਰ੍ਹਾਂ ਕਿਰਪਾ ਨਿਧੀ ਭਗਵਾਨ ਆਪਣੇ ਭਗਤਾਂ ਦੀ ਰਖਿਆ ਹਿੱਤ ਪ੍ਰਗਟ ਹੁੰਦਾ:-

1. ਜਾ ਕੌ ਹਰਿ ਸੁ ਆਪੁ ਨਿਬਾਜਤ, ਤਿਹਿ ਤ੍ਰਿਵਿਧ ਛਾਪ ਨਹੀ ਬਾਧੈ ॥
.... ....
ਕਨਕਕਸਿਪਹ ਕ੍ਰੁਧ ਪੇਖਿ ਪ੍ਰਭ ਥੰਭ ਫਾਰਿ ਪ੍ਰਹਲਾਦਹੁ ਰਾਖੈ ॥[59]

2. ਐਸੀ ਜਿਨ ਕਰਿ ਹੋ ਮਹਾਰਾਜ ॥

ਪ੍ਰਹਲਾਦ ਭਗਤਿ ਕੂੰ ਛਿਨਿ ਛਿਨਿ ਤਾਰੇ ਬੋਹੋਰਿ ਸੁਧਾਰੇ ਕਾਜ ॥[60]

3. ਤੇਰੀ ਚਰਨੀ ਸਰਨੀ ਪਰਉ ਰਾਮੁ ਰਾਜਾ, ਬਡੇ ਉਪਾਰੀ ਕ੍ਰਿਪਾਲ ਕ੍ਰਿਪਾ ਨਿਧਿ ॥

ਸਗਲ ਸੰਸਾਰ ਕੇ ਕਰਹਿ ਕਾਜਾ

ਅਸੁਰ ਹਰਨਾਕਸੁ ਕ੍ਰੋਧ ਐਸੇ ਕਿਯੌ, ਪ੍ਰਹਿਲਾਦ ਮਾਰਿਵੈ ਕੌ ਕਿਯੌ ਸਾਜਾ॥

ਭਗਤ ਹੇਤੁ ਆਪਿ ਹਰਿ ਪ੍ਰਗਟਿਓ ਹੋਇ ਨਿਰੰਕਾਰ ਨਰਸਿੰਹ ਗਾਜਾ ॥[61]

3. ਅੰਬਰੀਕ ਅਤੇ ਰਿਖੀ ਦੁਰਬਾਸਾ:

ਅੰਬਰੀਕ ਤ੍ਰੇਤਾਯੁਗ ਵਿਚ ਸੂਰਜਵੰਸ਼ੀ ਅਜੁਧਿਆ ਦਾ ਰਾਜਾ ਸੀ। ਬਾਲਮੀਕੀ ਰਾਮਾਇਣ ਅਨੁਸਾਰ ਇਹ ਪ੍ਰਸੁਸੁਕ ਦਾ ਪੁੱਤਰ ਸੀ। ਉਸ ਨੇ ਕੱਤਕ ਇਕਾਦਸ਼ੀ ਦਾ ਵਰਤ ਰੱਖਿਆ ਹੋਇਆ ਸੀ। ਜਿਸ ਨੂੰ ਉਸਨੇ ਖੋਹਲਣਾ ਸੀ। ਦਰਬਾਸਾ ਰਿਸ਼ੀ ਜੋ ਕ੍ਰੋਧੀ ਸੁਭਾਅ ਦਾ ਸੀ, ਉਥੇ ਆਇਆ। ਅੰਬਰੀਕ ਨੇ ਵਰਤ ਖੋਹਲਣ ਦੀ ਇੱਛਾ ਪ੍ਰਗਟ ਕੀਤੀ। ਰਿਖੀ ਜਾਣ ਬੁੱਝ ਕੇ ਨਦੀ ਤੇ ਨਹਾਉਣ ਚਲਾ ਗਿਆ। ਅੰਬਰੀਕ ਨੇ ਕਿਸੇ ਹੋਰ ਪ੍ਰੋਹਤ ਦੁਆਰਾ ਨਿਯਤ-ਸਮੇਂ ਤੇ ਵਰਤ ਖੋਲ੍ਹ ਲਿਆ। ਜਿਸ ਤੇ ਦੁਰਬਾਸਾ ਨੇ ਉਸ ਨੂੰ ਮਾਰਨ ਲਈ ਯਤਨ ਸ਼ੁਰੂ ਕੀਤੇ ਪਰੰਤੂ ਜਦੋਂ ਵਿਸ਼ਨੂੰ ਦੇ ਸੁਦਰਸ਼ਨ ਚੱਕਰ ਨੇ ਉਸਦਾ ਪਿੱਛਾ ਕੀਤਾ ਤਾਂ ਅੰਤ ਵਿਚ ਉਹ ਅੰਬਰੀਕ ਦੀ ਸ਼ਰਨ ਵਿਚ ਆ ਗਿਆ।

ਗੁਰੂ ਰਵਿਦਾਸ ਬਾਣੀ ਵਿਚੋਂ ਦੋਵਾਂ ਰਿਸ਼ੀਆਂ ਦਾ ਸ਼ਰਧਾ ਨਾਲ ਨਾਮ ਲਿਆ ਗਿਆ ਹੈ:-

ਅਹੋ ਦੇਵ ਤੇਰੀ ਅਮਿਤ ਮਹਿਮਾ ਮਹਾਦੇਵ ॥

ਜਮਦਗਿਨ ਸਿੰਗਿ ਰਿਸ਼ਿਤ ਦੁਰਬਾਸਾ, ਮਾਰਕੰਡੇ ਬਾਲਮੀਕ ਭ੍ਰਿੰਗੀ ਅੰਗਿਰਾਹ।

..... ..... ....

ਅਹੋ ਦੇਵ ਧ੍ਰੂਵ ਅੰਬਰੀਕ ਪ੍ਰਹਲਾਦ ਨਾਰਦ ॥[62]

4. ਬਿਦਰ( ਵਿਦੁਰ)

ਇਸਦੀ ਕਥਾ ਵਿਸ਼ਨੂੰ ਪੁਰਾਣ ਵਿਚੋਂ ਲਈ ਗਈ ਹੈ। ਰਾਜਾ ਵਚਿੱਤਰ ਵੀਰਯਾ ਦੀ ਦਾਸੀ ਸੁਦੇਸ਼ਨਾ ਦੇ ਉਦਰ ਤੋਂ ਉਹ ਵਿਆਸ ਦਾ ਪੁੱਤਰ ਸੀ। ਇਸ ਨੂੰ ਦਾਸੀ-ਪੁਤਰ ਵੀ ਆਖਿਆ ਜਾਂਦਾ ਹੈ। ਧ੍ਰਿਤ ਰਾਸ਼ਟਰ ਦਾ ਨਿੱਕਾ ਭਰਾ ਸੀ। ਇਹ ਬਹੁਤ ਗੁਣੀਆਂ, ਈਸ਼ਵਰ ਭਗਤ ਅਤੇ ਸਤਿ-ਵਕਤਾ ਸੀ। ਇਹ ਕੌਰਵਾਂ ਅਤੇ ਪਾਡਵਾਂ ਨੂੰ ਸਿਖਿਆ ਦਿੰਦਾ ਹੁੰਦਾ ਸੀ। ਇਹ ਕਿਸੇ ਕੁਝ ਲੈਂਦਾ ਨਹੀਂ ਸੀ ਇਸ ਲਈ ਇਹ ਇਕ ਕੁਟੀਆ ਵਿਚ ਸਾਦਾ ਜਿਹਾ ਜੀਵਨ ਬਤੀਤ ਕਰਦਾ ਸੀ। ਵਿਦੁਰ ਦੇ ਉਚੇਰੇ ਜੀਵਨ ਕਰਕੇ ਹੀ ਸ੍ਰੀ ਕ੍ਰਿਸ਼ਨ ਜੀ ਜਦੋਂ ਕੌਰਵਾਂ ਪਾਡਵਾਂ ਦਾ ਸਮਝੌਤਾ ਕਰਾਉਣ ਲਈ

ਦੁਰਯੋਧਨ ਕੋਲ ਗਏ ਤਾਂ ਰਾਤ ਨੂੰ ਵਿਦਰਰ ਦੀ ਕੁਟੀਆ ਵਿਚ ਠਹਿਰੇ। ਇਸ ਤਰ੍ਹਾਂ ਕ੍ਰਿਸ਼ਨ ਜੀ ਨੇ ਵਧੀਆ ਭੋਜਨ ਅਤੇ ਮਹਿਲਾਂ ਨੂੰ ਛੱਡ ਕੇ ਵਿਦੁਰ ਦਾ ਮਾਣ ਵਧਾਇਆ। ਗੁਰੂ ਜੀ ਨੇ ਵੀ ਉਪਰੋਕਤ ਹਵਾਲਾ ਦੇ ਕੇ ਸਿੱਧ ਕੀਤਾ ਹੈ ਕਿ ਜਿਸ ਤੇ ਪ੍ਰਭੂ ਕਿਰਪਾ ਕਰਦਾ ਹੈ ਉਸਨੂੰ ਉਹ ਉਬਾਰਦਾ ਅਤੇ ਨਿਵਾਜਦਾ ਹੈ:-

1. ਜਾ ਕੌ ਹਰਿ ਜੁ ਆਪ ਨਿਥਾਜਤ ॥

.... .... ....

ਖਟ ਰਸ ਭੋਜ ਸੁਜੋਧਨ ਤਯਾਗੀ ॥

ਦਾਸ ਵਿਦੁਰ ਕੂੰ ਮਾਨੁ ਬਢਾਵੈ ॥[63]

2. ਸੋਈ ਕੁਚਰੋ ਜਿਹਿ ਆਪੁ ਨਿਵਾਜਤ ॥

.... .... ...

ਖਟ ਰਸ ਤਜਿਏ ਸੁਜੋਧਨ ਕੇ ਹਿਰਿ ॥

ਦਾਸ ਵਿਦੁਰ ਕੌ ਮਾਨ ਬਢਾਵਤ ॥[64]

5. ਦਰੋਪਤੀ:

ਇਹ ਰਾਜਾ ਦਰੁਪਤ ਦੀ ਲੜਕੀ ਸੀ ਜਿਸ ਦਾ ਅਸਲ ਨਾਂ ਕ੍ਰਿਸ਼ਨਾ ਸੀ। ਅਰਜਨ ਨੇ ਮੱਛੀ ਦੀ ਅੱਖ ਤੀਰ ਨਾਲ ਵਿੰਨ੍ਹ ਕੇ ਸਵੰਬਰ ਵਿਚ ਉਸਨੂੰ ਵਰਿਆ ਸੀ। ਉਹ ਪੰਜ ਪਾਡਵਾਂ ਦੀ ਪਤਨੀ ਸੀ। ਪਾਂਡਵ ਇਕ ਨਵਾਂ ਸ਼ਹਿਰ ਇੰਦਰ ਪ੍ਰਸਤ ਵਸਾ ਕੇ ਰਹਿਣ ਲਗ ਪਏ। ਦੁਰਯੋਧਨ ਅੰਦਰ ਈਰਖਾ ਅਤੇ ਦਵੈਤ ਸੀ। ਉਸ ਨੇ ਜੂਆ ਖੇਡ ਕੇ ਪਾਂਡਵਾਂ ਤੋਂ ਸਭ ਕੁਝ ਜਿੱਤਣ ਤੋਂ ਬਾਅਦ ਦਰੋਪਤੀ ਨੂੰ ਵੀ ਜਿੱਤ ਲਿਆ। ਦੁਰਯੋਧਨ ਦਾ ਭਰਾ ਦੁਸ਼ਾਸ਼ਨ ਉਸ ਤੋਂ ਵੀ ਵਧੇਰੇ ਕੁਕਰਮੀ ਸੀ। ਦੁਰਯੋਧਨ ਦੇ ਹੁਕਮ ਨਾਲ ਜਿਹੋ ਜਿਹੀ ਹਾਲਤ ਵਿਚ ਵੀ ਦਰੋਪਤੀ ਸੀ ਉਸ ਨੂੰ ਵਾਲਾਂ ਤੋਂ ਖਿੱਚ ਕੇ ਲਿਆਂਦਾ ਗਿਆ ਜਿਥੇ ਉਸ ਦੀ ਚੀਰ-ਹਰਨ ਦੀ ਘਟਨਾ ਹੋਈ। ਦਰੋਪਤੀ ਦੀ ਉਸ ਸਮੇਂ ਕ੍ਰਿਸ਼ਨ ਜੀ ਨੇ ਲਾਜ ਰੱਖੀ। ਕਹਿੰਦੇ ਹਨ ਕਿ ਨਿੱਕੇ ਹੁੰਦਿਆਂ ਜਦੋਂ ਇਕ ਵਾਰੀ ਰਿਖੀ ਦੁਰਬਾਸਾ ਨਦੀ ਵਿਚ ਇਸ਼ਨਾਨ ਕਰ ਰਹੇ ਸਨ ਤਾਂ ਉਨ੍ਹਾਂ ਦੇ ਕਪੜੇ ਨਦੀ ਵਿਚ ਰੁੜ੍ਹ ਜਾਣ ਤੇ ਦਰਪਤੀ ਨੇ ਪਲੇ ਨਾਲੋਂ ਚੀਰ ਪਾੜ ਕੇ ਦਿੱਤੀ ਸੀ। ਰਿਖੀ ਦੀ ਇੱਜ਼ਤ ਢਕਣ ਦਾ ਫਲ ਉਸਨੂੰ ਦੁਸ਼ਾਸਨ ਦੀ ਸਭਾ ਵਿਚ ਮਿਲ ਗਿਆ। ਰਿਖੀ ਦੀ ਤਰ੍ਹਾਂ ਪ੍ਰਭੂ ਦੀ ਭਗਤੀ-ਸ਼ਕਤੀ ਅਤੇ ਕਰਮ-ਫਲ ਨੇ ਵੀ ਉਸਦੀ ਪੱਤ ਰੱਖੀ।

ਗੁਰੂ ਰਵਿਦਾਸ ਜੀ ਨੇ ਵੀ ਪ੍ਰਭੂ ਸਿਮਰਨ ਕਿਰਪਾ ਦੇ ਮਹੱਤਵ ਨੂੰ ਉਪਰੋਕਤ ਹਵਾਲਾ ਦੇ ਕੇ ਦ੍ਰਿੜ ਕਰਵਾਇਆ ਹੈ। ਗੁਰੂ ਜੀ ਨੇ ਪ੍ਰਭੂ ਦਾ ਕ੍ਰਿਪਾਲੂ ਅਤੇ ਦਿਆਲੂ ਰੂਪ ਦਾ ਵਰਨਣ ਕੀਤਾ ਹੈ ਕਿ ਕਿਸ ਤਰ੍ਹਾਂ ਈਸ਼ਵਰ ਸਾਰੇ ਸੰਸਾਰ ਦੇ ਕਾਰਜ ਕਰਦਾ ਹੈ, ਭਗਤ-ਜਨਾਂ ਨੂੰ ਸੰਸਾਰਿਕ

ਭੌ ਸਾਗਰ ਤੋਂ ਤਾਰਦਾ ਹੈ, ਹਰ ਥਾਂ ਉਸ ਦੀ ਲਾਜ ਰਖਦਾ ਹੈ ਅਤੇ ਸ਼ਰਨ ਆਇਆਂ ਨੂੰ ਨਿਵਾਜਦਾ ਹੈ:

1. ਤੇਰੀ ਚਰਨੀ ਸਰਨੀ ਪਰਉ ਰਾਮ ਰਾਜਾ, ਬਡੇ ਉਪਾਰੀ ਕ੍ਰਿਪਾਲ
ਕ੍ਰਿਪਾ ਨਿਧੀ,
ਸਗਲ ਸੰਸਾਰ ਕੇ ਕਰਹਿ ਕਾਜਾ ॥ ਟੇਕ ॥

..... ...... .....

ਕਰਨ ਦੁਰਜੋਧਨ ਦੁਸਾਸਨ ਕਪਟੁ ਕੂੰ, ਕੈਸੇ ਉਧਰਿ ਕਿਯੋ ਸਬ ਕਾਜਾ ॥
ਸਭਾ ਕੇ ਬੀਚ ਅਰਾਧਿਓ ਦ੍ਰੋਪਤੀ, ਵਡੇ ਪਟ ਚੀਰ ਜਗ ਰਖਿ ਲਾਜਾ ॥[65]

2. ਲਜਯਾ ਮੋਰਿ ਰਾਖੋ ਸ੍ਯਾਮ ਹਰਿ ॥
ਹਰਿ ਹਰਿ ਕ੍ਰਿਪਾ ਦ੍ਰੋਪਤਿ ਉਚਰੈ, ਬਿਲਮੁ ਨ ਕਰੌ ਹਰਿ ॥ ਟੇਕ ॥
ਕੋਠੀ ਕਰਨੁ ਦੁਸਾਸਨ ਮੋਸੋਂ, ਗਹਿ ਕੇਸਨ ਪਕਰਿ,
ਪਾਪੀ ਸਭਾ ਦੁਸਟ ਦੁਰਜੋਧਨ, ਚਾਹਤ ਨਗਨ ਕਰਿ ॥੧ ॥
ਨਾ ਸੁਤ ਭ੍ਰਾਤਿ ਨ ਮੀਤ ਕੁਟੰਬਹਿ, ਏਕੋ ਓਟ ਤੁਮਰਿ ॥
ਅਰਜਨ ਭੀਮ ਮਹਾਬਲਿ ਜੋਧੇ, ਤਿਨਸੋਂ ਕਿਛੁ ਨ ਸਰਿ ॥2 ॥
ਬਸਨ ਪ੍ਰਵਾਹਿਤ ਕਿਓ ਕਰੁਨਾ ਨਿਧਿ, ਤਬਹਿ ਧੀਰ ਧੀਰ ॥
ਕਹਿ ਰਵਿਦਾਸ ਸਿੰਹ ਸਰਨਾਗਤਿ, ਸਯਾਲ ਕੀ ਕਹਾ ਡਰਿ ॥[66]

### 6. ਸ੍ਰੀ ਕ੍ਰਿਸ਼ਨ ਜੀ ਅਤੇ ਸੁਦਾਮਾ :

ਕ੍ਰਿਸ਼ਨ ਜੀ ਨੇ ਦੁਆਪਰ ਯੁਗ ਵਿਚ ਅਵਤਾਰ ਧਾਰਿਆ। ਗੋਕਲ ਵਿਚ ਆਪ ਜੀ ਦਾ ਇਕ ਗਰੀਬ ਬ੍ਰਾਹਮਣ ਬਾਲ ਸਖਾ ਮਿੱਤਰ ਸੀ। ਕ੍ਰਿਸ਼ਨ ਜੀ ਗੋਕਲ ਛੱਡ ਕੇ ਮਥਰਾ ਅਤੇ ਫਿਰ ਦੁਆਰਕਾ ਦੇ ਮਹਾਰਾਜੇ ਬਣ ਗਏ। ਸੁਦਾਮਾ ਮਾਪਿਆਂ ਦੀ ਮੌਤ ਤੋਂ ਬਾਅਦ ਹੋਰ ਕੰਗਾਲ ਹੋ ਗਿਆ। ਆਪਣੀ ਪਤਨੀ ਸੁਸ਼ੀਲਾ ਦੇ ਬਾਰ ਬਾਰ ਕਹਿਣ ਤੇ ਉਹ ਕਿਸ਼ਨ ਜੀ ਪਾਸ ਦਵਾਰਕਾ ਪੁਰੀ ਜਾਂਦਾ ਹੈ। ਕ੍ਰਿਸ਼ਨ ਜੀ ਅਗੋਂ ਬੜੇ ਪ੍ਰੇਮ ਭਾਵ ਅਤੇ ਨਿਮਰਤਾ ਨਾਲ ਮਿਲਦੇ ਹਨ ਅਤੇ ਉਸ ਤੋਂ ਆਪਣੀ ਭਰਜਾਈ ਦੀ ਭੇਜੀ ਸੁਗਾਤ ਤੰਦੁਲ ਲੈ ਕੇ ਬੜੇ ਸੁਆਦ ਨਾਲ ਚਬਦੇ ਹਨ। ਬਚਪਨ ਦੀਆਂ ਗੱਲਾਂ ਕਰਦੇ ਹਨ। ਕ੍ਰਿਸ਼ਨ ਜੀ ਨੇ ਉਸ ਦੀ ਬਹੁਤ ਸੇਵਾ ਕੀਤੀ। ਸੁਦਾਮਾ ਜਦ ਵਾਪਸ ਆਇਆ ਤਾਂ ਕ੍ਰਿਸ਼ਨ ਜੀ ਦੀ ਕਿਰਪਾ ਨਾਲ ਉਸ ਦੇ ਪਿੰਡ ਦਾ ਨਕਸ਼ਾ ਹੀ ਬਦਲ ਗਿਆ ਸੀ।

ਗੁਰੂ ਰਵਿਦਾਸ ਜੀ ਨੇ ਵੀ ਉਪਰੋਕਤ ਹਵਾਲੇ ਦੇ ਕੇ ਪ੍ਰਭੂ ਦੇ ਦਿਆਲੂ ਅਤੇ ਕਿਰਪਾਲੂ ਰੂਪ ਨੂੰ ਪੇਸ਼ ਕੀਤਾ ਹੈ ਅਤੇ ਸਖਾ ਭਗਤੀ ਦੇ ਮਹੱਤਵ ਨੂੰ ਦ੍ਰਿਸ਼ਟਮਾਨ ਕੀਤਾ ਹੈ। ਗੁਰੂ ਜੀ ਨੇ

ਕਰੁਨਾਨਿਧੀ ਦੇ ਨਾਮ ਸਿਮਰਨ ਨਾਲ ਆਪਾ ਉਧਾਰਨ ਲਈ ਸੰਦੇਸ਼ ਦਿੱਤਾ ਹੈ ਅਤੇ ਦਸਿਆ ਹੈ ਕਿ ਸਾਨੂੰ ਪਰਮਤਤ ਵਾਂਗ ਹਉਮੈ ਰਹਿਤ ,ਦਿਆਲੂ ਅਤੇ ਕਿਰਪਾਲੂ ਬਨਣਾ ਚਾਹੀਦਾ ਹੈ।

ਜਾ ਪੈ ਦੀਨਾਨਾਥ ਢਰੈ ॥
ਦੀਨ ਸੋ ਬੰਧੂ ਕਰੁਨ ਮੈਂ ਸਵਾਮੀ, ਔਰਾਨ ਚਿਤ ਨ ਧਰੈ ॥ ਟੇਕ ॥
..... .... ....
ਦਰਿਦ ਸੁਦਾਮਾ ਕਿਯਹੁ ਆਪੁ ਸਮ, ਨੈਨਨ ਨੀਰ ਢਰੈ ॥
ਕਹਿ ਰਵਿਦਾਸ ਕ੍ਰਿਸ਼ਨ ਕਰੁਨ ਮੈਂ, ਨਾਮ ਲੇਤ ਉਬਰੈ ॥[67]

7. ਰਿਸ਼ੀ ਬਾਲਮੀਕ:

ਬਰਮੀ ਤੋਂ ਪੈਦਾ ਹੋਣ ਕਰਕੇ ਇਸਦਾ ਇਹ ਨਾਮ ਪਿਆ। ਇਸਨੇ ਤ੍ਰੇਤੇ ਯੁਗ ਵਿਚ ਜਨਮ ਲਿਆ। ਅੰਮ੍ਰਿਤਸਰ ਦੇ ਨੇੜੇ ਇਕ ਘਣੇ ਜੰਗਲ ਵਿਚ ਬਾਲਮੀਕ ਭੀਲ ਰਾਹੀਆਂ ਨੂੰ ਲੁੱਟਦਾ ਹੁੰਦਾ ਸੀ। ਡਾਕਾ ਮਾਰਨਾ ਭੀਲਾਂ ਦੇ ਪੇਸ਼ਾ ਸੀ। ਉਸਦੀ ਮਾਤਾ ਨੇ ਮੱਛੀ ਅਤੇ ਬੰਦੇ ਨੂੰ ਇਕ ਤੁਲ ਜਾਨਣ ਦੀ ਸਿਖਿਆ ਦੇ ਕੇ ਡਾਕੇ ਮਾਰਨ ਲਈ ਪੱਕਾ ਕੀਤਾ ਸੀ। ਇਕ ਦਿਨ ਸੱਤ ਆਚੀਆ ਰਿਖੀ ਉਥੋਂ ਦੀ ਲੰਘੇ। ਉਨ੍ਹਾਂ ਪਾਸ ਲੁਟਿਆ ਜਾਣ ਵਾਲਾ ਕੁਝ ਨਹੀਂ ਸੀ। ਬਾਲਮੀਕ ਦੇ ਕੁਹਾੜੇ ਅਗੇ ਉਨ੍ਹਾ ਸਿਰ ਕਰ ਦਿੱਤਾ ਪਰੰਤੂ ਉਹ ਮਾਰ ਨਾ ਸਕਿਆ। ਰਿਖੀਆਂ ਨੇ ਉਸ ਨੂੰ ਉਪਦੇਸ਼ ਦਿੱਤਾ ਕਿ ਘਰ ਜਾ ਕੇ ਆਪਣੀ ਮਾਂ ਅਤੇ ਪਤਨੀ ਨੂੰ ਪੁਛੇ ਕਿ ਉਹ ਅੰਤ ਸਮੇਂ ਉਸ ਦਾ ਸਾਥ ਦੇਣਗੀਆਂ ਅਤੇ ਜਮਾਂ ਦੀ ਫਾਹੀ ਤੋਂ ਬਚਾ ਸਕਣਗੀਆਂ? ਉਹ ਘਰ ਗਿਆ ਆਪਣੇ ਪ੍ਰਸ਼ਨ ਦਾ ਉਤਰ ਪੁੱਛਿਆ ਪਰੰਤੂ ਉਨ੍ਹਾਂ ਦੇ ਉਤਰ ਤੋਂ ਉਸ ਦੇ ਮਨ ਨੂੰ ਤਸੱਲੀ ਨਾ ਹੋਈ। ਇਹੀ ਪ੍ਰਸ਼ਨ ਚਿੰਨ੍ਹ ਧੌਣ ਲਮਕਾਈ ਉਸ ਦੇ ਮਨ ਨੂੰ ਸ਼ਰਮਿੰਦਾ ਕਰ ਰਿਹਾ ਸੀ। ਇਸ ਤਰ੍ਹਾਂ ਉਹ ਉਚਾਟ ਹੋ ਗਿਆ ਅਤੇ ਜੰਗਲਾਂ ਵਿਚ ਤਪ ਕਰਨ ਚਲਾ ਗਿਆ ਅਤੇ ਆਸ਼ਰਮ ਬਣਾ ਕੇ ਲੋਕਾਂ ਦੀ ਸੇਵਾ ਕਰਨ ਲੱਗਾ। ਸ੍ਰੀ ਰਾਮ ਚੰਦਰ ਜੀ ਨੂੰ ਬਨਵਾਸ ਮਿਲ ਗਿਆ। ਸੀਤਾ ਕੁਝ ਸਮਾਂ ਇਸ ਰਿਖੀ ਦੇ ਆਸ਼ਰਮ ਵਿਚ ਰਹੀ। ਲਵ ਅਤੇ ਕੁਸ਼ ਦੀ ਪਾਲਣਾ ਵੀ ਇਥੇ ਹੋਈ। ਬਾਲਮੀਕ ਆਦਿ ਕਵੀ ਮੰਨਿਆ ਗਿਆ ਹੈ। ਜਿਸਨੇ ਸੰਸਕ੍ਰਿਤ ਛੰਦਾਬੰਦੀ ਵਿਚ ਸਭ ਤੋਂ ਪਹਿਲੀ ਰਮਾਇਣ ਲਿਖੀ।

ਗੁਰੂ ਰਵਿਦਾਸ ਜੀ ਨੇ ਬਾਣੀ ਵਿਚ ਬਾਲਮੀਕ ਦੀ ਮਹਿਮਾ ਗਾਈ ਹੈ ਅਤੇ ਦਸਿਆ ਹੈ ਕਿ ਭਗਤੀ ਦੇ ਦਰ ਤੇ ਪਹੁੰਚਾ ਹਰ ਸਾਧਕ ਬ੍ਰਹਮ ਪ੍ਰਾਪਤੀ ਕਰ ਲੈਂਦਾ ਹੈ ਉਥੇ ਜਾਤ ਪਾਤ ਦਾ ਕੋਈ ਵਿਤਕਰਾ ਨਹੀਂ। ਪ੍ਰਭੂ ਦੀ ਸ਼ਰਨ ਵਿਚ ਗਏ ਪਾਪੀ ਵੀ ਤਰ ਜਾਂਦੇ ਹਨ। ਬਾਲਮੀਕ ਵਰਗੇ ਜੋ ਪਾਪਾਂ ਅਤੇ ਅਤਿਆਚਾਰਾਂ ਦੇ ਭਾਰ ਥੱਲੇ ਦੱਬੇ ਹੋਏ ਸਨ ਵੀ ਰਾਮ ਭਗਤੀ ਸ਼ਕਤੀ ਸਦਕਾ ਬ੍ਰਹਮ ਦੇ ਦੁਆਰੇ ਪਹੁੰਚਣ ਵਿਚ ਸਮਰਥ ਹੋ ਗਏ:-

1. ਅਹੋ ! ਦੇਵ ਤੇਰੀ ਅਮਿਤ ਮਹਿਮਾ, ਮਹਾਦੇਵ ॥
ਮਾਯਾ ਮਨ ਜੋਬਨ ਦਹਨਾ ਕਲਿਖ ਕਲਿਰਾਤਮ ॥
..... ..... .....
ਜਮ ਦਗਿਨ ਸਿੰਗਿ ਰਿਖਿ ਦਰਬਾਸਾ ਮਾਰਕੰਡੇ
ਬਾਲਮੀਕ ਭ੍ਰਿੰਗੀ ਅੰਗਿਰਾਹ ॥[68]

2. ਰੇ ਚਿਤ! ਚੇਤਿ ਚੇਤ ਅਚੇਤ, ਕਾਹੇ ਨ ਬਾਲਮੀਕਹਿੰ ਦੇਖ ॥
ਕਿਸੁ ਜਾਤਿ ਤੇ ਕਿਹ ਪਦਹਿੰ ਅਮਰਿਓ, ਰਾਮ ਭਗਤਿ ਬਿਸੇਖ ॥[69]

8. ਅਜਾਮਲ:

ਅਜਾਮਲ ਕਨੌਜ ਦਾ ਇਕ ਰਾਜ ਪੰਡਿਤ ਸੀ। ਇਕ ਕਥਾ ਅਨੁਸਾਰ ਉਹ ਪੂਰਬਲੇ ਜਨਮ ਵਿਚ ਇਕ ਮਹਾਨ ਰਿਖੀ ਸੀ। ਠੰਢ ਵਿਚ ਬੈਠਾ ਬੇਹੋਸ਼ ਹੋ ਗਿਆ । ਰਾਜੇ ਦੀ ਇਕ ਲੜਕੀ ਉਧਰੋਂ ਲੰਘੀ। ਕਪੜੇ ਅਤੇ ਅੱਗ ਆਦਿ ਦਾ ਕੋਈ ਪ੍ਰਬੰਧ ਹੋਣਾ ਮੁਸ਼ਕਿਲ ਸੀ। ਉਸ ਨੇ ਨਿੱਘ ਦੇ ਕੇ ਰਿਸ਼ੀ ਨੂੰ ਹੋਸ਼ ਵਿਚ ਲਿਆਂਦਾ। ਹੋਸ਼ ਆਉਣ ਤੇ ਰਿਖੀ ਨੇ ਉਸ ਮੁਟਿਆਰ ਨੂੰ ਬਦਨੀਤੀ ਦਾ ਦੋਸ਼ ਲਗਾ ਕੇ ਵੇਸਵਾ ਹੋਣ ਦਾ ਸਰਾਪ ਦੇ ਦਿੱਤਾ। ਲੜਕੀ ਨੇ ਅਗੋਂ ਕਹਿ ਦਿੱਤਾ ਹੁਣ ਮੇਰਾ ਸੰਜੋਗ ਤੇਰੇ ਨਾਲ ਹੀ ਹੋਵੇਗਾ। ਰਾਜੇ ਦੀ ਲੜਕੀ ਵੇਸਵਾ ਬਣੀ ਅਤੇ ਰਿਖੀ ਅਜਾਮਲ ਵੇਸਵਾ ਦੇ ਕੁਖੋਂ ਦਸ ਪੁਤਰ ਹੋਏ ਸਭ ਤੋਂ ਛੋਟੇ ਦਾ ਨਾਮ 'ਨਾਰਾਇਣ' ਰਖਿਆ ਗਿਆ। ਅਜਾਮਲ ਅੰਤਿਮ ਸਮੇਂ ਜਮਾਂ ਨੂੰ ਵੇਖ ਕੇ ਨਾਰਾਇਣ ਦਾ ਨਾਮ ਉਚਾਰਦਾ ਹੈ ਤਾਂ ਉਸਦੀ ਮੁਕਤੀ ਹੋ ਜਾਂਦੀ ਹੈ।

ਗੁਰੂ ਰਵਿਦਾਸ ਜੀ ਅਜਾਮਲ ਵਰਗੇ ਦੁਰਮਤਿ ਪਾਪੀ ਦੀ ਉਦਾਹਰਣ ਦੇ ਕੇ ਸਪਸ਼ੱਟ ਕੀਤਾ ਹੈ ਕਿ ਉਸ ਪ੍ਰਭੂ ਨੂੰ ਜੋ ਸੱਚੇ ਹਿਰਦੇ ਤੋਂ ਇਕ ਵਾਰੀ ਵੀ ਪੁਕਾਰਦਾ ਹੈ ਜਾਂ ਉਸ ਦਾ ਨਾਮ ਸਿਮਰਨ ਕਰਦਾ ਹੈ ਉਹ ਹਰਿ ਨੂੰ ਪ੍ਰਾਪਤ ਹੁੰਦਾ ਹੈ :-

ਅਜਾਮਲੁ ਪਿੰਗਲੁ, ਲੁਭਤੁ ਕੁੰਚਰੁ, ਗਏ ਹਰਿ ਕੇ ਪਾਸ ॥
ਐਸੇ ਦੁਰਮਤਿ ਨਿਸਤਰੇ, ਤੂੰ ਕਿਉਂ ਨ ਤਰਹਿ ਰਵਿਦਾਸ ॥[70]

9. ਗਨਿਕਾ :-

ਇਹ ਚੰਦ੍ਰਮਣੀ ਨਾਂ ਦੀ ਇਕ ਸੁੰਦਰ ਗਨਿਕਾ( ਵੇਸਵਾ) ਕਾਂਸੀ ਦੀ ਰਹਿਣ ਵਾਲੀ ਸੀ। ਇਕ ਰਾਤ ਅੱਤ ਦੀ ਠੰਢ ਸੀ। ਇਕ ਮਹਾਤਮਾ ਇਕ ਤੋਤਾ ਪਿੰਜਰੇ ਵਿਚ ਲਈ ਵੇਸਵਾ ਦੇ ਬਾਜ਼ਾਰ ਵਿਚ ਲੰਘ ਰਿਹਾ ਸੀ। ਠੰਢ ਤੋਂ ਬਚਣ ਲਈ ਜਿਸ ਘਰ ਦੀ ਪਉੜੀ ਵਿਚ ਉਹ ਬੈਠਾ ਉਹ ਉਸੇ ਵੇਸਵਾ ਦੀ ਸੀ ਜੋ ਬਾਰ੍ਹਾਂ ਸਾਲ ਤੋਂ ਪੇਸ਼ਾ ਕਰ ਰਹੀ ਸੀ। ਮਹਾਤਮਾ ਦੀ ਹਾਲਤ ਵੇਖ ਕੇ ਉਹ ਉਸ ਨੂੰ ਉਪਰ ਲੈ ਗਈ। ਬਸਤਰ-ਦਿੱਤੇ ਭੋਜਨ ਕਰਵਾਇਆ ਅਤੇ ਸੇਵਾ ਕੀਤੀ।

ਉਸ ਨੇਕੀ ਦੇ ਬਦਲੇ ਮਹਾਤਮਾ ਨੇ ਉਸ ਨੂੰ ਤੋਤਾ ਦਿੱਤਾ ਅਤੇ ਉਪਦੇਸ਼ ਦਿੱਤਾ ਕਿ ਇਸ ਨੂੰ ਰਾਮ ਨਾਮ ਜਪਾਇਆ ਕਰੇ। ਉਸਦੀ ਮੁਕਤੀ ਲਈ ਭਗਵਾਨ ਸੱਪ ਦਾ ਰੂਪ ਧਾਰ ਕੇ ਉਸ ਪਿੰਜਰੇ ਵਿਚ ਆਏ ਪਹਿਲਾਂ ਤੋਤੇ ਨੂੰ ਮੁਕਤ ਕੀਤਾ ਅਤੇ ਫਿਰ ਜਦੋਂ ਗਨਿਕਾ ਨੇ ਪਿੰਜਰੇ ਅੰਦਰ ਹੱਥ ਕੀਤਾ ਤਾਂ ਸੱਪ ਨੇ ਡੰਗਣ ਨਾਲ ਰਾਮ ਰਾਮ ਕਹਿੰਦੀ ਨੇ ਸਵਾਸ ਤਿਆਗ ਦਿਤੇ। ਦੇਵਤੇ ਉਸ ਦਾ ਬਿਬਾਣ ਭਗਵਾਨ ਪਾਸ ਲੈ ਗਏ।

ਗੁਰੂ ਰਵਿਦਾਸ ਜੀ ਨੇ ਵੀ ਆਪਣੀ ਬਾਣੀ ਵਿਚ ਗਨਿਕਾ ਦਾ ਹਵਾਲਾ ਦੇ ਕੇ ਰਾਮ ਨਾਮ ਦੇ ਮਹੱਤਵ ਨੂੰ ਦਰਸਾਇਆ ਹੈ। ਗੁਰੂ ਜੀ ਨੇ ਦਸਿਆ ਹੈ ਕਿ ਗਨਿਕਾ ਜੋ ਕਿ ਵੇਸਵਾ ਸੀ ਹਰ ਰੋਜ਼ ਕਾਮ-ਵਾਸ਼ਨਾ ਵਿਚ ਖਚਿਤ ਰਹਿੰਦੀ ਸੀ। ਪਰੰਤੂ ਪ੍ਰਭੂ ਦੇ ਨਾਮ ਲੈਣ ਨਾਲ ਬੈਕੁੰਠ ਪਹੁੰਚ ਗਈ ਉਸਦੀ ਨਾਮ ਭਗਤੀ ਨੇ ਸਾਰੇ ਕਰਮਾਂ ਨੂੰ ਸੂਨਯ ਕਰ ਦਿੱਤਾ। ਉਹ ਸਭ ਭਰਮਾਂ ਅਤੇ ਸ਼ੰਕਿਆਂ ਤੋਂ ਮੁਕਤ ਹੋ ਗਈ। ਗੁਰੂ ਜੀ ਲਿਖਦੇ ਹਨ:

1. ਐਸੇ ਜਾਨਿ ਜਪੋ ਰੇ ਜੀਵ, ਜਪਿ ਲਯੋ ਰਾਮ ਨ ਭਰਮੋ ਜੀਵ ॥
ਗਨਿਕਾ ਥੀ ਕਿਸ ਕਰਮਾ ਜੋਗ, ਪਰ-ਪੁਰਸਨ ਸੌ ਰਮਤੀ ਭੋਗ ॥
ਨਿਸਿ ਬਾਸਰ ਦੁਸਕਰਮ ਕਮਾਈ, ਰਾਮ ਕਹਤ ਬੈਕੁੰਠ ਜਾਈ ॥[71]

2. ਸੋਈ ਉਬਰੇ ਜਿੰਹਿ ਆਪੁ ਨਿਵਾਜਤ ॥ ਟੇਕ ॥
..... .... ....
ਸਬਰੀ ਗੀਧ ਅਜਾਮਿਲ ਸਦਨਾ, ਰਾਮ ਕਿਰਪਾ ਗਨਿਕਾ ਤਹਿ ਜਾਵਤ ॥
ਕਵਨ ਕਵਨ ਪਾਪੀ ਜਨ ਤਰਿਓ, ਕਹਿ ਰਵਿਦਾਸ ਗਣਈ ਨਹਿੰ ਆਵਤ ॥[72]

ਗੁਰੂ ਜੀ ਨੇ ਉਪਰੋਕਤ ਹਵਾਲੇ ਦੇ ਕੇ ਪ੍ਰਭੂ -ਕਿਰਪਾ ਦੇ ਮਹੱਤਵ ਨੂੰ ਵੀ ਦ੍ਰਿੜ ਕੀਤਾ ਹੈ ਅਤੇ ਇਕ ਬਹੁਤ ਉਚੇ ਪਾਏ ਦੀ ਗੱਲ ਦੱਸੀ ਹੈ ਕਿ ਕੁਕਰਮੀ, ਪਾਪੀ ਵੀ ਜੇ ਕਰ ਦੁਸ਼ਕਰਮਾਂ ਨੂੰ ਛੱਡ ਕੇ ਉਸ ਪ੍ਰਭੂ ਦੇ ਨਾਮ-ਮਾਰਗ ਤੇ ਚਲ ਪਵੇ ਤਾਂ ਉਹ ਜੀਵਨ-ਮੁਕਤ ਹੋ ਸਕਦਾ ਹੈ

10. ਅਰਜਨ:- ਅਰਜੁਨ ਮਹਾਂਭਾਰਤ ਦੇ ਯੁੱਧ ਵਿਚ ਪਾਂਡਵਾਂ ਦੇ ਮੁਖ ਯੋਧਾ ਸਨ। ਸ਼ੁਰੂ ਵਿਚ ਇਸ ਨੂੰ ਆਪਣੀ ਸ਼ਕਤੀ ਤੇ ਅਭਿਮਾਨ ਹੋ ਗਿਆ। ਪਰੰਤੂ ਬਾਅਦ ਵਿਚ ਇਸ ਨੇ ਭਗਵਾਨ ਕ੍ਰਿਸ਼ਨ ਜੋ ਕਿ ਅਰਜੁਨ ਦੇ ਰੱਥ ਦੇ ਸਾਰਥੀ ਸਨ , ਦੇ ਚਰਨਾਂ ਵਿਚ ਆਤਮ ਸਮਰਪਣ ਕਰ ਦਿੱਤਾ। ਇਸ ਤਰ੍ਹਾਂ ਆਪ ਨੂੰ ਸ੍ਰੀ ਕ੍ਰਿਸ਼ਨ ਦੀ ਭਗਤ-ਵਾਤਸਲਤਾ ਪ੍ਰਾਪਤ ਸੀ। ਗੁਰੂ ਰਵਿਦਾਸ ਜੀ ਨੇ ਅਰਜੁਨ ਦਾ ਬਹਾਦਰ ਸੂਰਮੇ ਦਾ ਰੂਪ ਚਿਤਰਿਆ ਹੈ ਪਰੰਤੂ ਨਾਲ ਹੀ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਪਾਂਡਵਾਂ ਨੇ ਵਿਸ਼ੇ ਵਿਕਾਰਾਂ ਵਿਚ ਫਸਿਆ ਹੋਇਆ ਨੇ ਜਦੋਂ ਦਰੋਪਤੀ ਨੂੰ ਜੂਏ ਵਿਚ ਹਾਰ ਦਿੱਤਾ ਤਾਂ ਉਸ ਵੇਲੇ ਉਸ ਪ੍ਰਭੂ ਨੇ ਦਰੋਪਤੀ ਦੀ ਨਾਮ ਭਗਤੀ ਦੀ ਲਾਜ ਰਖੀ ਉਸਨੂੰ ਬਸਤਰ ਪ੍ਰਦਾਨ ਕੀਤੇ।

ਅਜਿਹੇ ਸਮੇਂ ਵਿਚ ਪ੍ਰਭੂ ਕ੍ਰਿਪਾਨਿਧੀ ਤੋਂ ਬਿਨਾਂ ਅਰਜੁਨ ਵਰਗੇ ਮਹਾਂਵੀਰ ਯੋਧੇ ਦੀ ਵੀ ਪੇਸ਼ ਨਾ ਗਈ। ਭਾਵ ਪ੍ਰਭੂ ਦੀ ਸਿੱਧ ਸ਼ਕਤੀ ਘੋੜੇ ਹਾਥੀਆਂ ਅਤੇ ਸੂਰਬੀਰਾਂ ਤੋਂ ਅਨੰਤ ਦਰਜੇ ਉੱਪਰ ਹੁੰਦੀ ਹੈ:

1. ਅਰਜਨ ਭੀਮ ਮਹਾਬਲਿ ਜੋਧੇ ,ਤਿਨਤੇ ਕਛੁ ਨ ਸਰਿ ॥
ਬਸਨ ਪ੍ਰਵਾਹਤ ਕਿਉ ਕਰੁਨਾ ਨਿਧਿ ਤਬਹਿ ਧੀਰ ਧਰਿ ॥
ਕਹਿ ਰਵਿਦਾਸ ਸਿੰਘ ਸਰਨਾਗਤਿ,ਸਯਾਲ ਕੋ ਕਹਾ ਡਰਿ ॥[73]

11. ਕਪਿਲ:-

ਰਿਸ਼ੀ ਕਪਿਲ ਸਾਂਖ ਦਰਸ਼ਨ ਦੇ ਆਦਿ ਪ੍ਰਵਰਤਕ ਮੰਨੇ ਜਾਂਦੇ ਹਨ। ਪੌਰਾਣਾਂ ਵਿਚ 47 ਅਵਤਾਰਾਂ ਵਿਚ ਆਪ ਨੂੰ ਵੀ ਗਿਣਿਆ ਜਾਂਦਾ ਹੈ। ਭਾਗਵਤ ਵਿਚ ਆਪਨੂੰ ਵਿਸ਼ਨੂੰ ਦਾ ਪੰਚਮ ਅਵਤਾਰ ਮੰਨਿਆ ਗਿਆ ਹੈ। ਆਪ ਨੇ ਸਾਂਖਯ ਦਰਸ਼ਨ ਦੇ ਰਹੱਸ ਨੂੰ ਸੂਤਰ-ਰੂਪ ਵਿਚ ਵਿਅਕਤ ਕੀਤਾ। ਪੰਚਸ਼ਿਖਾਚਾਰੀਆ ਨੇ ਆਪ ਬਾਰੇ ਕਿਹਾ ਹੈ ਕਿ ਸ੍ਰਿਸ਼ਟੀ ਦੇ ਆਦਿ ਵਿਚ ਵਿਸ਼ਨੂੰਰੂਪ ਭਗਵਾਨ ਨੇ ਯੋਗਬਲ ਨਾਲ ਇਕ ਚਿੱਤ ਦਾ ਨਿਰਮਾਣ ਕਰਕੇ, ਆਪ ਇਕ ਅੰਸ਼ ਵਿਚ ਪ੍ਰਵੇਸ਼ ਕਪਿਲ ਦੇ ਰੂਪ ਧਾਰਨ ਕਰਕੇ ਮਹਾਂਰਿਸ਼ੀ ਕਪਿਲ ਦੇ ਰੂਪ ਵਿਚ ਕਰੁਣਾ ਨਾਲ ਯੁਕਤ ਹੋ ਕੇ, ਪਰਮਤੱਤ ਦੀ ਜਿਗਿਆਸਾ ਕਰਨ ਵਾਲੇ ਆਪਣੇ ਪ੍ਰਿਯ ਸ਼ਿਸ਼ ਆਸੁਰਿ ਨੂੰ ਸਾਂਖ ਦਰਸ਼ਨ ਦੇ ਮੂਲ ਤੱਤਾਂ ਦਾ ਉਪਦੇਸ਼ ਦਿੱਤਾ।

ਗੁਰੂ ਰਵਿਦਾਸ ਜੀ ਨੇ ਮਹਾਂਰਿਸ਼ੀ ਕਪਿਲ ਦੀ ਅਮਿਤ ਮਹਿਮਾ ਪ੍ਰਤੀ ਸੱਚੀ ਸ਼ਰਧਾਂਜਲੀ ਅਰਪਿਤ ਕੀਤੀ ਹੈ। ਗੁਰੂ ਜੀ ਨੇ ਇਨ੍ਹਾਂ ਨੂੰ ਸ਼ਿਵ ਦਾ ਰੂਪ ਮੰਨਿਆ ਹੈ :

ਕਪਿਲ ਬਗਦਾਲਿਮ ਸੁਖਮਤਿ ਮਨਸਾ ਅਸ਼ਟਾਵਕ੍ਰ॥
ਗੁਰ ਗੌਜਾਲਨ ਜਾਨਿ ਅਗਸਿਤ ਪੁਲਸਿਤ ਪਾਰਾਸਰ ਸਿਵ ਵਿਧਾਤਾ ॥[74]

12. ਬਲਿ :-

ਵਾਮਨ ਪੁਰਾਣ ਵਿਚ ਰਾਜਾ ਬਲੀ ਦੀ ਕਥਾ ਦਾ ਸੰਖੇਪ ਵਰਨਣ ਆਉਂਦਾ ਹੈ। ਸਤਿਜੁਗ ਦਾ ਇਹ ਭਗਤ ਪ੍ਰਹਿਲਾਦ ਦਾ ਪੋਤਰਾ ਸੀ। ਬਲਿ ਰਾਜਾ ਬਹੁਤ ਦਾਨੀ ਪੁਰਸ਼ ਸੀ। ਇੰਦਰ ਨੂੰ ਇਸ ਗਲ ਦਾ ਡਰ ਸੀ ਕਿ ਕਿਤੇ ਇਹ ਉਸਦਾ ਰਾਜ ਨਾ ਖੋਹ ਲਵੇ। ਉਹ ਵਿਸ਼ਨੂੰ ਅਗੇ ਰੋਇਆ ਜੋ ਇਕ ਪੰਡਤ ਦਾ ਬਉਨਾ ਰੂਪ ਧਾਰ ਕੇ ਰਾਜੇ ਕੋਲ ਦਾਨ ਮੰਗਣ ਲਈ ਆਇਆ । ਰਾਜੇ ਦੇ ਪ੍ਰੋਹਿਤ ਸ਼ੁਕ੍ਰ ਨੇ ਰਾਜੇ ਨੂੰ ਦਸਿਆ ਕਿ ਇਹ ਪ੍ਰਭੂ ਆਪ ਹੀ ਉਸਨੂੰ ਛੱਲਣ ਆਇਆ ਹੈ। ਪਰੰਤੂ ਬਲਿ ਨੂੰ ਆਪਣੇ ਦਾਨੇ ਸੁਭਾਅ ਤੇ ਪੂਰਣ ਮਾਣ ਸੀ ਉਸਨੇ ਬ੍ਰਾਹਮਣ ਨੂੰ ਕਿਹਾ ਜੋ ਚਾਹੇ ਮੰਗ ਲਉ ਉਸ ਨੇ ਢਾਈ ਕਦਮ ਧਰਤੀ ਮੰਗੀ। ਬਾਵਨ ਨੇ ਸਰੀਰ ਫੈਲਾਇਆ ਅਤੇ ਤਿੰਨਾਂ ਲੋਕਾਂ

ਨੂੰ ਕਰਮਾਂ ਵਿਚ ਮਿਣ ਲਿਆ। ਅੱਧੇ ਕਦਮ ਲਈ ਬਲਿ ਨੇ ਸਰੀਰ ਪੇਸ਼ ਕਰ ਦਿੱਤਾ ਜਿਸ ਨਾਲ ਬਲਿ ਪਾਤਾਲ ਵਿਚ ਪਹੁੰਚ ਗਿਆ ਜਿਥੇ ਵਿਸ਼ਨੂੰ ਨੇ ਪ੍ਰਸੰਨ ਹੋ ਕੇ ਉਸਨੂੰ ਪਾਤਾਲ ਦਾ ਰਾਜ ਸੌਂਪ ਦਿੱਤਾ। ਇਸ ਤਰਾਂ ਉਹ ਤ੍ਰੈਲੋਕਾਂ ਵਿਚ ਪਹੁੰਚ ਗਿਆ। ਇਸ ਘਟਨਾ ਦਾ ਸੰਕੇਤ ਰਿਗਵੇਦ ਵਿਚ ਹੈ ਜਿਥੇ ਵਿਸ਼ਨੂੰ ਨੂੰ ਧਰਤੀ, ਸਵਰਗ ਪਾਤਾਲ ਵਿਚ ਤਿੰਨ ਕਦਮ ਰਖਦਿਆਂ ਦਿਖਾਇਆ ਗਿਆ ਹੈ।

ਗੁਰੂ ਰਵਿਦਾਸ ਜੀ ਨੇ ਰਾਜੇ ਬਲੀ ਦੀ ਭਗਤੀ ਦੀ ਉਸਤਤਿ ਕੀਤੀ ਹੈ।

ਬਭੀਸ਼ਣ ਚੰਦ੍ਰਹਾਸਿ ਬਲਿ,ਕਲਿ ਭਗਤਿ ਜਗਤੀ ॥[75]

13. ਰਾਵਣ:-

ਰਾਵਣ ਲੰਕਾ ਦਾ ਰਾਜਾ ਸੀ। ਰਾਵਣ ਬਹੁਤ ਬੁੱਧੀਮਾਨ ਸੀ ਇਸਨੂੰ 'ਦਹਿਸੀਰ' ਵੀ ਕਿਹਾ ਜਾਂਦਾ ਹੈ। ਸ੍ਰੀ ਰਾਮਚੰਦਰ ਜੀ ਚੌਦਾਂ ਸਾਲ ਦੇ ਬਨਵਾਸ ਸਮੇਂ ਜੰਗਲ ਵਿਚ ਰਹਿੰਦੇ ਸਨ। ਸੀਤਾ ਵੀ ਨਾਲ ਹੀ ਕੁਟੀਆ ਵਿਚ ਰਹਿੰਦੀ ਸੀ। ਇਕ ਦਿਨ ਰਾਵਣ ਨੇ ਭਿਖਿਆ ਮੰਗਣ ਦਾ ਢੌਂਗ ਰਚਾ ਕੇ ਸੀਤਾ ਦਾ ਅਪਹਰਨ ਕੀਤਾ। ਅੰਤ ਨੂੰ ਰਾਵਣ ਅਭਿਮਾਨ ਅਤੇ ਹਉਮੈ ਨੇ ਉਸ ਦਾ ਸਰਵਨਾਸ਼ ਕਰ ਦਿੱਤਾ। ਗੁਰੂ ਜੀ ਨੇ ਰਾਵਣ ਦਾ ਹਵਾਲਾ ਦੇ ਕੇ ਦਸਿਆ ਹੈ ਕਿ ਪਾਪ ਦਾ ਫਲ ਭੈੜਾ ਹੁੰਦਾ ਹੈ ਅਤੇ ਇਹ ਕੁਕਰਮੀ ਨੂੰ ਭੋਗਣਾ ਪੈਂਦਾ ਹੈ:-

1. ਜਹਾਂ ਤੈਂ ਰਾਵਣ ਲੰਕ ਜਰਾਣੀ, ਤਹਾਂ ਹੌ ਤੁਝ ਲਛਿਮਨ ਭਾਣੀ[76]।

2. ਸੋਈ ਉਬਰੋ ਜਿਹਿੰ ਆਪੁ ਨਿਵਾਜਤ

.... .... ...

ਤ੍ਰਾਸ ਦਈ ਲੰਕੇਸ਼ ਅਨੁਜ ਕਹੀਂ, ਸਰਨਿ ਰਾਖਿ ਪ੍ਰਭੂ
ਅਭਯ ਉਚਾਰਤ ॥[77]

3. ਪਾਪ ਗੁਨਯੌ ਛੈ ਧਰਮ ਨਿਬੌਲੀ, ਤੂੰ ਦੇਖਿ ਦੇਖਿ ਫਲ ਚਾਖਿ ਰੇ ॥
ਪਰਤਿਯ ਸੰਗ ਭਲੌ ਜੋ ਹੋਵੇ , ਤੋ ਗਣੌਂ ਰਾਵਨ ਦੇਖਿ ਰੇ ॥[77 (ਕ)]

ਇਸ ਤਰ੍ਹਾਂ ਗੁਰੂ ਜੀ ਅਨੁਸਾਰ ਇਸ ਸ੍ਰਿਸ਼ਟੀ ਵਿਚ ਸਭ ਕੁਝ ਉਸ ਦੇ ਹੁਕਮ ਅਨੁਸਾਰ ਹੋ ਰਿਹਾ। ਉਹ ਜਿਸਨੂੰ ਚਾਹੇ ਉਬਾਰਦਾ ਅਤੇ ਜਿਹੜਾ ਬੁਧੀਮਾਨ ਵੀ ਹੰਕਾਰ ਵਿਚ ਮੱਤਾ ਭੈੜੇ ਕਰਮ ਕਰਦਾ ਹੈ ਉਸ ਦਾ ਸਰਵਨਾਸ਼ ਹੋ ਜਾਂਦਾ ਹੈ।

14. ਊਧਵ :-

ਊੱਧਵ ਵਸੁਦੇਵ ਦੇ ਭਾਈ ਦੇਵਨਾਗ ਦਾ ਪੁਤਰ ਸੀ। ਊਧੋ ਬਹੁਤ ਵਿਦਵਾਨ ਸੀ ਅਤੇ ਨਿਰਗੁਣ ਬ੍ਰਹਮ ਦਾ ਉਪਾਸ਼ਕ ਸੀ। ਸ੍ਰੀ ਕ੍ਰਿਸ਼ਨ ਜੀ ਨੇ ਉਸ ਨੂੰ ਗੋਪੀਆਂ ਕੋਲ ਨਿਰਗੁਣ ਬ੍ਰਹਮ ਦੀ

ਉਪਾਸ਼ਕ ਸੀ। ਸ੍ਰੀ ਕ੍ਰਿਸ਼ਨ ਜੀ ਨੇ ਉਸ ਨੂੰ ਗੋਪੀਆਂ ਕੋਲ ਨਿਰਗੁਣ ਬ੍ਰਹਮ ਦੀ ਉਪਾਸ਼ਨਾ ਦਾ ਉਪਦੇਸ਼ ਦੇ ਕੇ ਭੇਜਿਆ। ਪਰੰਤੂ ਉਧਵ ਗੋਪੀਆਂ ਦੇ ਸਗੁਣ ਬ੍ਰਹਮ ਦੇ ਪ੍ਰੇਮ ਤੋਂ ਪ੍ਰਭਾਵਿਤ ਹੋ ਕੇ ਆਪ ਵੀ ਸਗੁਣੋਪਾਸਕ ਹੋ ਕੇ ਵਾਪਸ ਆਏ। ਇਸ ਤਰ੍ਹਾਂ ਉਧਵ ਨੂੰ ਸਗੁਣ-ਨਿਰਗੁਣ ਵਿਚ ਸਮਾਨ ਵਿਸ਼ਵਾਸ਼ ਹੋ ਗਿਆ।

ਗੁਰੂ ਰਵਿਦਾਸ ਜੀ ਨੇ ਜੋ ਉਧੋ ਪ੍ਰਤੀ ਸ਼ਰਧਾ ਪ੍ਰਗਟ ਕੀਤੀ ਹੈ ਅਸਲ ਵਿਚ ਇਹ ਉਨ੍ਹਾਂ ਦੀ ਸਗੁਣ-ਨਿਰਗੁਣ ਭਗਤੀ ਸੰਬੰਧੀ ਸ਼ਰਧਾ ਅਤੇ ਵਿਸ਼ਵਾਸ ਹੈ। ਉਧੋ ਸ੍ਰੀ ਕ੍ਰਿਸ਼ਨ ਜੀ ਦੇ ਸਖਾ ਭਗਤ ਸਨ ਉਹ ਕ੍ਰਿਸ਼ਨ ਜੀ ਦੇ ਪ੍ਰੇਮੀ ਭਗਤ ਸਨ ਅਤੇ ਕ੍ਰਿਸ਼ਨ ਜੀ ਦਾ ਵੀ ਉਸ ਪ੍ਰਤੀ ਬਰਾਬਰ ਸਨੇਹ ਸੀ। ਅਜਿਹੇ ਸਨੇਹ ਲਈ ਗੁਰੂ ਜੀ ਪ੍ਰਭੂ ਕੋਲ ਅਰਦਾਸ ਕਰਦੇ ਹਨ ਕਿ ਹੇ ਪ੍ਰਭੂ ! ਮੈਨੂੰ ਅੱਧੀ ਘੜੀ ਲਈ ਵੀ ਨਾ ਵਿਸਾਰੋ ਅਤੇ ਆਪਣੇ ਇਸ ਸੇਵਕ ਨੂੰ ਆਪਣਾ ਸਦੀਵੀ ਪ੍ਰੇਮ ਬਖਸ਼ੋ।

ਜੋ ਜਨ ਉਧੋ ! ਮੋਹਿ ਨਾ ਵਿਸਾਰੇ ਹੌ ਨਾ ਬਿਸਾਰੌਂ ਆਧ ਘਰੀ ॥

..... .... ....

ਤਈਸੇ ਰਾਖੌਂ ਆਪਨ ਸੇਵਕ ਕੂੰ, ਵਿਸ੍ਰਿਅਨ ਬਯਾਧੀ ਅਭੈ ਕਰੀ ॥[78]

15. ਸ੍ਰੀ ਰਾਮ ਚੰਦਰ ਜੀ ਅਤੇ ਭੀਲਨੀ :

ਸ੍ਰੀ ਰਾਮ ਚੰਦਰ ਜੀ ਅਜੁਧਿਆ ਦੇ ਰਾਜਾ ਦਸ਼ਰਥ ਦੇ ਪੁਤਰ ਸਨ। ਆਪ ਜਦੋਂ ਚੌਦਾਂ ਸਾਲ ਦਾ ਬਨਵਾਸ ਕਟਣ ਗਏ ਤਾਂ ਉਥੇ ਆਪ ਜੀ ਦਾ ਮਿਲਾਪ ਭੀਲਨੀ ਨਾਲ ਹੋਇਆ। ਭੀਲਨੀ ਸ੍ਰੀ ਰਾਮ ਚੰਦਰ ਜੀ ਦੀ ਸਖਾ-ਭਗਤਣੀ ਸੀ। ਉਸ ਦੇ ਮਨ ਵਿਚ ਪ੍ਰਭੂ ਰੂਪ ਰਾਮ ਚੰਦਰ ਜੀ ਲਈ ਏਨਾ ਸਨੇਹ ਸੀ ਕਿ ਉਹ ਬੇਰਾਂ ਨੂੰ ਪਹਿਲਾਂ ਚੱਖ ਕੇ ਫਿਰ ਸ੍ਰੀ ਰਾਮ ਚੰਦਰ ਜੀ ਨੂੰ ਖਵਾਉਂਦੀ ਸੀ ਉਸ ਨੂੰ ਆਪ ਪ੍ਰਤੀ ਇਤਨਾ ਪ੍ਰੇਮ ਸੀ ਕਿ ਕਿਤੇ ਭਗਵਾਨ ਨੂੰ ਖੱਟਾ ਬੇਰ ਨਾ ਚਲਾ ਜਾਵੇ।

ਗੁਰੂ ਜੀ ਨੇ ਸ੍ਰੀ ਰਾਮ ਚੰਦਰ ਅਤੇ ਭੀਲਨੀ ਦੇ ਪ੍ਰੇਮਾ ਭਗਤੀ ਦੀ ਉਦਾਹਰਣ ਦੇ ਕੇ ਇਸ ਭਾਵ ਨੂੰ ਦ੍ਰਿੜ ਕਰਵਾਇਆ ਹੈ ਕਿ ਦੀਨਾਨਾਥ, ਦੀਨ-ਬੰਧੂ ਆਪਣੇ ਸੇਵਕ ਦੇ ਔਗੁਣਾਂ ਨੂੰ ਨਹੀਂ ਚਿਤਵਦਾ :-

ਜਾ ਮੈਂ ਦੀਨਾਨਾਥ ਦੇਰੇ ॥

ਦੀਨ ਬੰਧੂ ਕਰੁਨਾ ਮੈਂ ਸਵਾਮੀ, ਔਗਨ ਚਿਤ ਨਾ ਧਰੈ ॥

..... .... ....

ਬਨ ਬੇਰਿ ਬੇਰਿ ਭਖੈ ਭੀਲਨੀ ਕੈ, ਲਛਿਮਨ ਪੇਖਿ ਪ੍ਰਜਰੈ ।[79]

16. ਲਛਮਣ :-

ਲਛਮਣ ਅਜੁਧਿਆ ਦੇ ਰਾਜਾ ਦਸ਼ਰਥ ਦੇ ਪੁੱਤਰ ਅਤੇ ਸ੍ਰੀ ਰਾਮ ਚੰਦਰ ਜੀ ਦੇ

ਛੋਟੇ ਭਰਾ ਸਨ। ਜਦੋਂ ਸ੍ਰੀ ਰਾਮ ਚੰਦਰ ਜੀ ਨੂੰ ਚੌਦਾਂ ਸਾਲ ਦੇ ਬਨਵਾਸ ਦਾ ਹੁਕਮ ਹੋਇਆ ਤਾਂ ਲਛਮਣ ਜੀ ਨੇ ਵੀ ਆਪਣੇ ਭਰਾਤਾ ਫਰਜ਼ ਨੂੰ ਨਿਭਾਇਆ ਅਤੇ ਸ੍ਰੀ ਰਾਮ ਚੰਦਰ ਜੀ ਨਾਲ ਜੰਗਲਾਂ ਵਿਚ ਸੰਘਰਸ਼ਮਈ ਅਤੇ ਤਪੱਸਿਆ ਵਾਲਾ ਜੀਵਨ ਬਿਤਾਇਆ :-

ਜਹਾਂ ਤੇ ਰਾਵਣੁ ਲੰਕ ਜਰਾਈ, ਤਹਾਂ ਹੌ ਤੁਝ ਲੱਛਮਨ ਭਾਈ ॥[80]

ਜਿਥੇ ਗੁਰੂ ਜੀ ਨੇ ਲਛਮਣ ਦੇ ਉਪਰੋਕਤ ਸੱਚੇ ਰੂਪ ਨੂੰ ਦਰਸਾਇਆ ਉਸਦੇ ਨਾਲ ਹੀ ਈਰਖਾਲੂ ਰੂਪ ਨੂੰ ਵੀ ਪੇਸ਼ ਕੀਤਾ ਹੈ। ਸ੍ਰੀ ਰਾਮ ਚੰਦਰ ਜੀ ਨੂੰ ਭੀਲਨੀ ਦੇ ਜੂਠੇ ਬੇਰ ਖਾਂਦੇ ਦੇਖ ਕੇ ਲਛਮਨ ਦੁਖੀ ਹੁੰਦਾ ਹੈ। ਅਤੇ ਭੀਲਨੀ ਦੀ ਪ੍ਰੇਮਾ ਅਤੇ ਦਾਸਾ ਭਗਤੀ ਦੀ ਗੰਭੀਰਤਾ ਨਾ ਸਮਝਣ ਤੋਂ ਅਸਮਰਥ ਰਹਿੰਦਾ ਹੈ:-

ਬਨ ਬੇਰਿ ਬੇਰਿ ਭਖੇ ਭੀਲਨੀ ਕੇ, ਲਛਿਮਨ ਪੇਖਿ ਪ੍ਰਜਰੇ ॥[81]

ਹੋਰ ਰਿਸ਼ੀ :-

ਭਗਤੀ ਅੰਦੋਲਨ ਵਿਚ ਮਹਾਂਭਾਰਤ ਦਾ ਵਿਸ਼ੇਸ਼ ਯੋਗਦਾਨ ਹੈ। ਪੁਰਣਕਾਰਾਂ ਨੇ ਵੀ ਮਹਾਂਭਾਰਤ ਦੀ ਸਾਮੱਗਰੀ ਦਾ ਹੀ ਪ੍ਰਯੋਗ ਕੀਤਾ ਹੈ। ਵੈਸ਼ਣਵ ਧਰਮ ਸੰਬੰਧੀ ਪ੍ਰਸ਼ਨ ਕਰਦੇ ਹੋਏ ਯੁਧਿਸ਼ਟਰ ਕ੍ਰਿਸ਼ਨ ਜੀ ਨੂੰ ਦਸਦੇ ਹਨ ਕਿ ਉਨ੍ਹਾਂ ਨੇ ਮਨ, ਵਿਸ਼ਿਸ਼ਠ ਕਸ਼ਯਪ, ਗਰਗ, ਗੌਤਮ, ਪਰਾਸ਼ਰ, ਮੈਤ੍ਰੇਯ, ਉਮਾਂ, ਆਦਿ ਦੁਆਰਾ ਕਹੇ ਗਏ ਪਵਿੱਤਰ ਧਰਮ ਦਾ ਸ੍ਰਵਣ ਕੀਤਾ ਹੈ। ਅਤੇ ਬ੍ਰਹਮਾ, ਧੂਮਾਯਨ, ਕਾਰਤੀਕੇਯ, ਵੈਸ਼ਵਾਨਰ, ਭਾਰਗਵ, ਯਾਗਵਲਕਯ, ਮਾਰਕੰਡੇ ਦੁਆਰਾ ਕਹੇ ਗਏ ਭਰਦਵਾਜ ਅਤੇ ਬ੍ਰਹਸਪਤਿ ਦੇ ਬਣਾਏ ਹੋਏ ਅਤੇ ਕੁਣਿ, ਕੁਣਿਵਾਹ, ਵਿਸ਼ਵਾਮਿਤ੍ਰ, ਸੁਮੰਤ੍ਰ, ਜੈਮਿਨੀ, ਸ਼ਕੁਨਿ, ਪੁਸਸਤਯ, ਪੁਲਹ, ਅਗਨਿ, ਅਰਾਸਤਯ ਮੁਦਗਲ, ਸ਼ਾਂਡਿਲਯ ... ਵਿਆਸ ਵਿਮਾਂਡਕ ਦੁਆਰਾ ਕਹੇ ਗਏ ਵਚਨਾਂ ਨੂੰ ਵੀ ਸੁਣਿਆ ਹੈ ਅਤੇ ਨਾਰਦ, ਵਯਾਪੇਤ, ਵਿਦੁਰ, ਭਰੁ , ਅੰਗਿਰਸ, ਕ੍ਰੋਚ, ਮ੍ਰਿੰਗ, ਸੂਰਯ, ਸੁਬਾਲਕ .. ਅਤੇ ਹੋਰ ਮਹਾਤਮਾ ਦੁਆਰਾ ਦਸੇ ਹੋਏ ਸਭ ਧਰਮਾਂ ਦਾ ਵੀ ਸ੍ਰਵਣ ਕੀਤਾ ਹੈ।[82]

ਗੁਰੂ ਰਵਿਦਾਸ ਜੀ ਤੇ ਮਹਾਂਭਾਰਤ ਦਾ ਪ੍ਰਭਾਵ ਸਪੱਸ਼ਟ ਦ੍ਰਿਸ਼ਟੀਗੋਚਰ ਹੁੰਦਾ ਹੈ ਉਨ੍ਹਾਂ ਨੇ ਵੀ ਬਹੁਤ ਸ਼ਰਧਾ ਅਤੇ ਵਿਸ਼ਵਾਸ ਨਾਲ ਉਪਰੋਕਤ ਰਿਸ਼ੀਆਂ ਦਾ ਮਹਿਮਾ ਗਾਈ ਹੈ। ਬਾਣੀ ਵਿਚ ਉਨ੍ਹਾਂ ਨੇ ਸਭ ਰਿਸ਼ੀਆਂ ਦੇ ਨਾਂਵ ਪ੍ਰਯੋਗ ਕਰਕੇ ਸਮੁੱਚੀ ਏਕਤਾ ਦਾ ਸੰਦੇਸ਼ ਦਿੱਤਾ ਹੈ ਉਨ੍ਹਾਂ ਨੇ ਆਪਣੇ ਪ੍ਰਾਚੀਨ ਅਧਿਆਤਮਕ ਵਿਰਸੇ ਪ੍ਰਤੀ ਮਾਣ ਅਤੇ ਗੌਰਵ ਪ੍ਰਗਟ ਕੀਤਾ ਹੈ। ਮਹਾਂਭਾਰਤ ਦੀ ਤਰ੍ਹਾਂ ਉਨ੍ਹਾਂ ਦੀ ਬਾਣੀ ਵੀ ਪ੍ਰਾਚੀਨਤਾ ਨੂੰ ਨਵੀਨਤਾ ਨਾਲ ਜੋੜਦੀ ਹੈ, ਉਨ੍ਹਾਂ ਨੇ ਵੈਸ਼ਣਵ ਭਗਤੀ ਦੇ ਪ੍ਰਾਚੀਨ ਇਤਿਹਾਸ ਨੂੰ ਨਾ ਕੇਵਲ ਅਗੇ ਹੀ ਵਧਾਇਆ ਹੈ, ਸਗੋਂ ਸ਼ਤਾਬਦੀਆਂ ਦੀ ਲੌਕਿਕ ਭਗਤੀ ਪਰੰਪਰਾ ਨੂੰ ਮੱਧਯੁਗੀਨ ਭਗਤੀ -ਸਾਹਿਤ ਵਿਚ ਲਿਪੀਬੱਧ ਵੀ ਕਰ ਦਿੱਤਾ ਹੈ:

ਅਹੋ ਦੇਵ ਤੇਰੋ ਅਮਿਤ ਮਹਿਮਾ, ਸਹਾਦੇਵ ॥
ਮਾਯਾ ਮਨ ਜੋਬਨ ਦਹਨਾ ਕਲਿਖ ਕਲਿਰਾਤਮ ॥
.... .... ...
ਆਹੋ ਦੇਵ ਗੁਰੂ ਗੌਤਮ ਵਾਸਦੇਵ ਬਿਸਵਾਮ੍ਰਿਤ ਵਯਾਸ ॥
ਜਮਦਗਿਨ ਸਿੰਗਿ ਰਿਸਿ ਦੁਵਾਸਾ ਮਾਰਕੰਡੇ ਬਾਲਮੀਕ ਭ੍ਰਿੰਗੀ ਅੰਗਿਰਾਹ॥
ਕਪਿਲ ਬਗਦਾਲਿਮ ਸੁਖ ਮਤਿ ਮਨਸਾ ਅਸਟਾਵਕ੍ਰ
ਗੁਰ ਰਾਜਾਨਨ ਜਾਨਿ ਆਰਸਿਤ ਪੁਲਸਿਤ ਪਾਰਾਸਰ ਸਿਵ ਵਿਧਾਤਾ ॥
ਜੜਭਰਥ ਸੁੰਭ ਰਿਖਿ ਚਿਯਵਨਿ ਬਸਿਸ੍ਰਠ
ਜਿਹਨਿ ਜਾਗਿ ਬਲਿਕ ਕਿਤੈ ਵੈ ਧਯਾਨ ਰਾਤਾ ॥ ੧ ॥
ਅਹੋ ਦੇਵ ਧ੍ਰੂਵ ਅੰਬਰੀਖ ਪ੍ਰਹਲਾਦ ਨਾਰਦ
ਵਿਦੁਰ ਦ੍ਰੁਵਣ ਅੰਕੂਰਰ ਪੰਡਵ ਸੁਦਾਮਾ ਭੀਸ੍ਰਮ ਊਧਵ ॥
ਬਭੀਸ੍ਰਣ ਚੰਦਹਾਂਸ ਬਲਿ, ਕਲਿ ਭਗਤਿ ਜਗਤੀ ॥
ਜੈ ਦੇਵ ਨਾਮ ਕਬੀਰ ਗਰੁੜ ਹਣਵੰਤ ਗ੍ਰਿਸੁਤਾ।।
ਆਤਮ ਸਾਜਾ ਜੈ ਵਿਜੈ ਦ੍ਰੋਪਦੀ ਇਸਤ੍ਰੀ ਪ੍ਰਚੇਤਾ
ਰੁਕਮਾਂਗਦ ਅੰਗਦ ਬਸਦੇਵ ਦੇਵਕੀ ਅਵਰ ਗਨਿਤ ਕਹੁੰ ਭਗਤ ਕੇਤਾ ॥2॥
ਅਹੋ ਦੇਵ! ਸਬ ਸਨਕਾਦਿ ਸੁਰਤਿ ਭਾਵਤ,
ਭਰਥ ਸਤਬ੍ਰਤ ਅਨੁਬ੍ਰਤ ਗੁਣ ਗਾਵਤ ॥
ਤੂੰ ਅਕਲ ਅਪ੍ਰਛੰਨੀ ਵਯਾਪਕ ॥
.... .... ....
ਅਭਯ ਵਰ ਪ੍ਰਤੰਗਯਾ ਦੁਸਟ ਤਾਰਣ ਚਰਣ ਸਰਣਾਹੀ ਤੇਰੇ ॥
ਦਾਸ ਰਵਿਦਾਸ ਯਹੁ ਕਾਲ ਬਯਾਕੁਲ ਭਯੈ,
ਤੁਹਿ ਤੁਹਿ ਗੁਰੂ ਰਾਮਾ ਆਲੰਬਨ ਮੋਰੇ ॥4 ॥[33]

ਉਪਰੋਕਤ ਸ਼ਬਦ ਵਿਚ ਜਿਥੇ ਗੁਰੂ ਜੀ ਨੇ ਮਹਾਂਭਾਰਤ ਦੇ ਪ੍ਰਭਾਵ ਨੂੰ ਕਬੂਲ ਕੀਤਾ ਹੈ ਉਥੇ ਉਨ੍ਹਾਂ ਦੀ ਮੌਲਿਕਤਾ ਵੀ ਸਪੱਸ਼ਟ ਹੁੰਦੀ ਹੈ ਉਨ੍ਹਾਂ ਨੇ ਸਮੁੱਚੇ ਭਗਤੀ-ਸਾਹਿਤ ਦੇ ਰਿਸ਼ੀਆਂ ਮੁਨੀਆਂ ਪ੍ਰਤੀ ਸ਼ਰਧਾ ਪ੍ਰਗਟ ਕੀਤੀ ਹੈ। ਇਸ ਸ਼ਬਦ ਵਿਚੋਂ ਭਗਤੀ ਦੇ ਆਦਿ ਅਤੇ ਮੱਧਯੁਗੀਨ ਰਿਸ਼ੀਆਂ ਅਤੇ ਸੰਤਾਂ ਦੀ ਇਕ ਕੜੀ ਸਾਹਮਣੇ ਆਉਂਦੀ ਹੈ। ਅਜਿਹੀਆਂ ਰਚਨਾਵਾਂ ਹੀ ਗੁਰੂ ਜੀ ਨੂੰ ਮਹਾਨਤਾ ਅਤੇ ਵਿਲੱਖਣਤਾ ਪ੍ਰਦਾਨ ਕਰਦੀਆਂ ਹਨ।

ਮੇਰਾ ਅਨੁਮਾਨ ਹੈ ਕਿ ਅਜਿਹੀ ਰਚਨਾ ਹੋਰ ਸਮੁੱਚੇ ਮਧਯੁਗੀਨ ਭਗਤੀ-ਸਾਹਿਤ ਵਿਚ

ਉਪਲਬਧ ਨਹੀਂ। ਗੁਰੂ ਜੀ ਨੇ ਇਸ ਸ਼ਬਦ ਵਿਚ ਮਿਥਿਹਾਸਕ ਅਤੇ ਇਤਿਹਾਸਕ ਸੁਮੇਲ ਪ੍ਰਗਟ ਕੀਤਾ ਹੈ ਜੋ ਅਦੁੱਤੀ ਅਤੇ ਬੇਜੋੜ ਹੈ। ਉਪਰੋਕਤ ਸ਼ਬਦ ਸਾਨੂੰ ਇਹ ਵੀ ਪ੍ਰੇਰਨਾ ਦਿੰਦਾ ਹੈ ਕਿ ਨਾਰਦ ਅਤੇ ਸ਼ਾਂਡਿਲਯ ਭਗਤੀ-ਸੂਤਰ ਤੋਂ ਇਲਾਵਾ ਵੀ ਹੋਰ ਰਿਸ਼ੀ ਵੀ ਹੋਏ ਹਨ, ਜਿਨ੍ਹਾਂ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਚਾਹੀਦੀ ਹੈ। ਇਥੇ ਅਸੀਂ ਸੰਕੇਤ ਮਾਤਰ ਹੀ ਵਰਨਣ ਕੀਤਾ ਹੈ ਕਿਉਂਕਿ ਹਰ ਇਕ ਰਿਸ਼ੀ ਸੰਬੰਧੀ ਵਰਨਣ ਸਾਡੇ ਵਿਸ਼ੇ ਦੀ ਸੀਮਾ ਦੇ ਅੰਤਰਗਤ ਨਹੀਂ ਆਉਂਦਾ।

17. <u>ਮਹਾਂਭਾਰਤ ਦੇ ਯੁੱਧ ਨਾਲ ਸੰਬੰਧਿਤ ਇਕ ਘਟਨਾ</u> :-

ਗੁਰੂ ਰਵਿਦਾਸ ਜੀ ਨੇ ਮਹਾਂਭਾਰਤ ਦੇ ਯੁੱਧ ਸਮੇਂ ਦੀ ਇਕ ਘਟਨਾ ਦਾ ਹਵਾਲਾ ਦੇ ਕੇ ਇਹ ਗੱਲ ਸਿੱਧ ਕੀਤੀ ਹੈ " ਜਿਸ ਨੂੰ ਰਖੇ ਸਾਈਆਂ, ਮਾਰ ਸਕੈ ਨਾ ਕੋਇ"। ਮਹਾਂਭਾਰਤ ਦੇ ਯੁੱਧ ਖੇਤਰ ਵਿਚ ਕਿਸੇ ਟਟੀਰੀ ਨੇ ਅੰਡੇ ਦਿਤੇ ਹੋਏ ਸਨ। ਜਦੋਂ ਲੜਾਈ ਸ਼ੁਰੂ ਹੋ ਗਈ ਤਾਂ ਰਣ ਖੇਤਰ ਵਿਚ ਇਨਾਂ ਅੰਡਿਆਂ ਦਾ ਯੋਧਿਆਂ ਦੇ ਘੋੜਿਆਂ ਅਤੇ ਹਾਥੀਆਂ, ਰੱਥਾਂ ਦੇ ਪਹੀਆਂ ਦੇ ਹੇਠਾਂ ਕੁਚਲੇ ਜਾਣ ਦਾ ਡਰ ਸੀ। ਟਟੀਰੀ ਨੇ ਆਪਣੇ ਅੰਡਿਆਂ ਦੀ ਰੱਖਿਆ ਲਈ ਕਰੁਣਾਨਿਧੀ ਪ੍ਰਭੂ ਕੋਲ ਆਰਤ ਭਾਵਨਾ ਨਾਲ ਪ੍ਰਾਰਥਨਾ ਕੀਤੀ। ਪਰਮਾਤਮਾ ਨੇ ਉਸਦੀ ਅਰਦਾਸ ਨੂੰ ਪ੍ਰਵਾਨ ਕੀਤਾ। ਅਤੇ ਉਸ ਤੇ ਅਜਿਹੀ ਕਿਰਪਾ ਕੀਤੀ ਕਿ ਮੈਦਾਨੇ-ਜੰਗ ਵਿਚ ਘੁੰਮਦੇ ਇਕ ਹਾਥੀ ਦੇ ਗਲ ਵਿਚ ਪਾਇਆ ਘੜਿਆਲ(ਘੰਟੀ) ਕਿਸੇ ਸੂਰਮੇ ਦੇ ਬਾਣ ਦੀ ਮਾਰ ਨਾਲ ਟੁੱਟ ਕੇ ਇਸ ਤਰ੍ਹਾਂ ਡਿਗਿਆ ਕਿ ਟਟੀਰੀ ਦੇ ਅੰਡੇ ਘੰਟੇ ਦੇ ਖੋਲ ਵਿਚ ਸੁਰੱਖਿਅਤ ਪੈ ਗਏ।

ਜਈਸੇ ਆਂਡੇ ਪੜਈ ਭਾਰਥ ਮੈਹ, ਲੇ ਰਾਜ ਘੰਟ ਉਤਾਰ ਧਰੀ ॥
ਤਈਸੇ ਰਾਖੌ ਆਪਨ ਸੇਵਕ ਕੂੰ, ਵਿਸ਼੍ਵਨ ਬਯਾਧੀ ਅਭੈ ਕਰੀ ॥
ਜੋ ਮੁਹਿ ਭਜੈ ਭਜਹੂੰ ਮੈਂ ਤਾਕੂੰ, ਹਰਿ ਸਿਮਰਨ ਤੈਂ ਪਾਰੀ ਪਰੀ ॥[34]

ਗੁਰੂ ਜੀ ਨੇ ਕ੍ਰਿਸ਼ਨ ਜੀ ਦੀ ਤਰ੍ਹਾਂ ਕਿੰਨਾ ਸੁਹਣਾ ਵਿਚਾਰ ਦਿੱਤਾ ਹੈ ਕਿ ਜੋ ਮੈਨੂੰ ਭਜਨ ਕਰਦਾ ਹੈ ਮੈਂ ਵੀ ਉਸਦਾ ਸਿਮਰਨ ਕਰਦਾ ਹਾਂ। ਭਾਵ ਜੋ ਪ੍ਰਭੂ ਦਾ ਨਾਮ ਜਪਦੇ ਹਨ ਉਨ੍ਹਾਂ ਦਾ ਨਾਮ ਪ੍ਰਭੂ ਵੀ ਜਪਦਾ ਹੈ। ਇਸੇ ਲਈ ਤਾਂ ਭਗਤ ਨੂੰ ਉਸ ਦੇ ਦਰ ਤੋਂ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ। ਇਸ ਤੋਂ ਇਲਾਵਾ ਗੁਰੂ ਰਵਿਦਾਸ ਜੀ ਨੇ ਬਾਲ ਸਖਾ, ਬਭੀਸ਼ਨ,ਯਾਦਵ, ਪਿੰਗਲੂ, ਲੁਮਤੁਤ, ਕੁੰਚਰੁ , ਰਾਜ ਸਬਰੀ, ਰ ਗੀਧ ਆਦਿ ਮਿਥਿਹਾਸਕ ਹਵਾਲੇ ਵੀ ਦਿੱਤੇ ਹਨ। ਜਿਨ੍ਹਾਂ ਰਾਹੀਂ ਉਨ੍ਹਾਂ ਨੇ ਭਗਤੀ ਭਾਵ ਦੇ ਮਹੱਤਵ ਨੂੰ ਦ੍ਰਿੜ ਕੀਤਾ ਹੈ। ਕਰਮਾਂ ਦੇ ਤਿਆਗ ਅਤੇ ਸਤਿ-ਮਾਰਗ ਦੇ ਅਨੁਯਾਈ ਬਨਣ ਦਾ ਸੰਦੇਸ਼ ਦਿੱਤਾ ਹੈ। ਬਿਆਸ ਅਤੇ ਸਨਕ ਦੇ ਧਾਰਮਿਕ ਗ੍ਰੰਥਾਂ ਵਿਚ ਵੀ ਵਰਨਣ ਹੈ ਕਿ ਹਰੀ-ਨਾਮ ਦੀ ਵਡਿਆਈ ਸਾਰੇ ਸੰਸਾਰ ਵਿਚ ਹੁੰਦੀ ਹੈ। ਬਿਆਸ ਨੇ ਵੇਦ ਅਧਿਅਨ ਉਪਰੰਤ ਸਪੱਸ਼ਟ ਲਿਖਿਆ ਹੈ ਕਿ ਮਨੁੱਖ ਦਾ ਜੀਵਨ ਨਾਮ ਤੋਂ ਬਿਨਾਂ ਸਾਰਥਕ ਨਹੀਂ:

1. ਬਾਲਸਖਾ ਜਲ ਮਾਂਹਿ ਡੁਬੋਏ, ਤਾਰੇ ਖਿਨਿ ਹੀ ਜਿਹਾਜ ।।[85]
2. ਨਿਸਚਰ ਫੁਨਿ ਬੰਧੂ ਬਭੀਸ਼ਣ, ਤਿਹੁ ਸਿਰ ਛਤ੍ਰ ਧਰੈ ।।[86]
3. ਬਿਆਸ ਮਹਿ ਲੇਖੀਏ ਸਨਕ ਮਹਿ ਪੇਖੀਏ
   ਨਾਮ ਕੀ ਨਾਮਨਾ ਸਪਤ ਦੀਪਾ ।।[87]
4. ਬਿਆਸ ਬਿਚਾਰਿ ਕਹਿਓ ਪਰਮਾਤਾਰਥ, ਰਾਮ ਨਾਮ ਸਰਿ ਨਾਹੀ ।।[88]
5. ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ, ਗਏ ਹਰਿ ਕੇ ਪਾਸ ।।
   ਐਸੇ ਦੁਰਮਤਿ ਨਿਸਤਰੇ, ਤੂ ਕਿਉ ਨ ਤਰਹਿ ਰਵਿਦਾਸ ।।[89]

੧. ਇਤਿਹਾਸਕ ਹਵਾਲੇ :-

ਰਾਮਾਨੰਦ ( 1410 ਈ. 1510 ਈ.) ਸਵਾਮੀ ਰਾਮਾਨੰਦ ਸਿੰਕਦਰ ਲੋਧੀ ਦੇ ਸਮੇਂ ਹੋਏ ਹਨ। ਰਾਮਾਨੰਦ ਦਾ ਵਿਅਕਤਿਤਵ ਵਿਆਪਕ ਸੀ ਉਸ ਵੇਲੇ ਦੀ ਸਗੁਣ-ਨਿਰਗੁਣ, ਹਿੰਦੂ ਮੁਸਲਮਾਨ, ਵੈਸ਼ਣਵ ਅਵੈਸ਼ਣਵ ਆਦਿ ਉਹ ਸਮੱਸਿਆਵਾਂ ਸਨ ਜਿਨ੍ਹਾਂ ਦਾ ਸਮਾਧਾਨ ਰਾਮਾਨੰਦ ਨੇ ਕੀਤਾ। ਰਾਮਾਨੰਦ ਨੇ ਆਪਣੇ ਵਿਆਪਕ ਪ੍ਰਚਾਰ ਲਈ ਰਾਮਾਰਚਨ ਪੱਧਤੀ, ਵੈਸ਼ਣਵ ਮਤਾਵਜ, ਰਾਮ ਰਕਸ਼ਾ ਸਤੋਤਰ ਅਤੇ ਸਿਧਾਂਤ ਪਟਲ ਰਚਨਾਵਾਂ ਕੀਤੀਆਂ।

ਰਾਮਾਨੰਦ ਨੇ ਹਰ ਤਰ੍ਹਾਂ ਦੇ ਸਮਨਵਯ ਭਾਵ ਦੀ ਪੈਰਵੀ ਕਰਦਿਆਂ ਧਰਮ ਦਾ ਦੁਆਰ ਉਚ-ਨੀਚ ਅਮੀਰ,ਗਰੀਬ, ਇਸਤਰੀ ਪੁਰਖ ਲਈ ਖੋਲ੍ਹਿਆ। ਰਾਮਾਨੰਦ ਨੇ ਰਾਮਾਨੁਜ ਦੇ ਵਿਸ਼ਿਸ਼ਟਾਦਵੈਤ ਵਾਦ ਜਿਉਂ ਦਾ ਤਿਉਂ ਸਵੀਕਾਰ ਕੀਤਾ। ਇਨ੍ਹਾਂ ਨੇ ਵੀ ਇਸੇ ਆਧਾਰ ਤੇ ਰਾਮਾਵਤ ਸੰਪ੍ਰਦਾਇ ਦੀ ਸਥਾਪਨਾ ਕੀਤੀ। ਰਾਮਾਨੰਦ ਦੇ ਨਿਮਨਲਿਖਤ ਸ਼ਿਸ਼ ਸਨ - ਸੰਤ ਕਬੀਰ, ਸੰਤ ਰਵਿਦਾਸ, ਸੈਨ, ਧੰਨਾ ਭਗਤ, ਪੀਪਾ, ਆਦਿ ਰਾਮਾਨੰਦ ਨੇ ਆਪਣੇ ਸੇਵਕਾਂ ਨੂੰ ਸ੍ਰੀ ਰਾਮ ਚੰਦਰ ਜੀ ਦਾ ਧਿਆਨ ਕਰਨ ਲਈ ਕਿਹਾ। ਸ੍ਰੀ ਰਾਮਾਨੰਦ ਦੀ ਕਥਨੀ ਅਤੇ ਕਰਨੀ ਵਿਚ ਏਕਤਾ ਸੀ। ਮਧਕਾਲੀਨ ਭਗਤੀ ਨੂੰ ਪੂਰਾ ਜੋਬਨ ਨਿਖਾਰਨ ਦਾ ਮੌਕਾ ਇਨ੍ਹਾਂ ਦੀ ਸਰਪ੍ਰਸਤੀ ਵਿਚ ਹੀ ਪ੍ਰਾਪਤ ਹੋਇਆ।

ਗੁਰੂ ਰਵਿਦਾਸ ਜੀ ਨੇ ਸ੍ਰੀ ਰਾਮਾਨੰਦ ਤੋਂ ਦੀਖਿਆ ਲਈ। ਗੁਰੂ ਜੀ ਨੇ ਆਪਣੇ ਗੁਰੂ ਦਾ ਨਾਮ ਬਹੁਤ ਸ਼ਰਧਾ ਅਤੇ ਸਤਿਕਾਰ ਨਾਲ ਲਿਆ ਹੈ। ਸ੍ਰੀ ਰਾਮਾਨੰਦ ਦੇ ਵਿਅਕਤਿਤਵ ਦਾ ਪ੍ਰਭਾਵ ਗੁਰੂ ਰਵਿਦਾਸ ਜੀ ਤੇ ਸਪੱਸ਼ਟ ਨਜ਼ਰ ਆਉਂਦਾ ਹੈ। ਰਾਮਾਨੰਦ, ਸੰਪ੍ਰਦਾਇ ਵਿਚ ਭਗਤੀ ਸਾਧਨਾ ਵਿਚ ਸ੍ਰੀ ਰਾਮ ਸ਼ੜਾਖਰ ਮੰਤਰ, ਚਰਮ ਮੰਤਰ ਧਿਆਨ ਆਦਿ ਦਾ ਵਰਨਣ ਹੈ। ਵੇਦਾਂ ਵਿਚ ਜੋ ਮਹੱਤਤਾ ਓਮ ਦੀ ਹੈ ਉਸ ਤੋਂ ਵੱਧ 'ਰਾਂ ਰਮਏ ਨਮਾ' ਦੀ ਹੈ।[90]

ਸ੍ਰੀ ਗੁਰੂ ਰਵਿਦਾਸ ਜੀ ਨੇ ਵੀ ਰੰਰਕਾਰ ਮੰਤਰ ਦੀ ਸਵਾਸ ਸਵਾਸ ਸਾਧਨਾ ਕੀਤੀ। ਉਨ੍ਹਾਂ ਨੇ ਇਹ ਮੰਤਰ ਗੁਰੂ ਰਾਮਾਨੰਦ ਤੋਂ ਲਿਆ।

ਰੈ ਰਾਮ ਮੋਹਿ ਗੁਰੂ ਰਾਮਾ ਦੀਨੋਹ, ਨਾਂਹਿ ਇਹ ਮੰਤਰ ਵਿਸਰਾਊ ॥[91]

ਗੁਰੂ ਰਵਿਦਾਸ ਜੀ ਨੇ ਕਿਸ ਤਰ੍ਹਾਂ ਗੁਰੂ ਦੀ ਮਿਹਰ ਪ੍ਰਾਪਤ ਕੀਤੀ ਉਸ ਦਾ ਵੀ ਵਰਨਣ ਹੈ :

1. ਸੰਸਾਰ ਪ੍ਰਪੰਚ ਹੌਂ ਬਯਾਕੁਲ ਰਾਮਾਨੰਦਾ
   ਤੂੰਹਿ ਤੂੰਹਿ ਅਨਾਥ ਨਾਥ ਗੋਬਿੰਦਾ
   ਰਵਿਦਾਸ ਬਿਨਵੈ ਕਰ ਜੋਰੀ, ਅਵਿਗਤ ਨਾਥ ਕਵਨ ਗਤਿ ਮੋਰੀ ॥[92]
   (92)

2. ਆਜ ਦਿਵਸ ਲੇਉਂ ਬਲਿਹਾਰਾ ॥
   ਮੇਰੇ ਗ੍ਰਿਹ ਆਯਾ ਰਾਜਾ ਰਾਮ ਜੀ ਕਾ ਪਯਾਰਾ। ਟੇਕ ॥
   ..... ..... ....
   ਕਥਾ ਕਰੈ ਅਰੁ ਅਰਥ ਵਿਚਾਰੈਂ, ਆਪ ਤਰੈਂ ਔਰਨਿ ਕੌ ਤਾਰੈ ॥[93]
   (89)

2. ਨਾਮਦੇਵ:-

ਨਾਮਦੇਵ ਦਾ ਜਨਮ ਪਿੰਡ ਨਰਸੀ ਬਾਹਮਣੀ ਜ਼ਿਲਾ ਸਤਾਰਾ (ਬੰਬਈ) ਵਿਚ 1270 ਈ. ਨੂੰ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਨਾਮਦੇਵ ਜੀ ਦੇ 61 ਸ਼ਬਦ 18 ਰਾਗਾਂ ਵਿਚ ਦਰਜ ਹਨ। ਆਪ ਛੀਪਾ ਜਾਤੀ ਨਾਲ ਸੰਬੰਧ ਰਖਦੇ ਹਨ। ਗੁਰੂ ਰਵਿਦਾਸ ਜੀ ਨੇ ਆਪ ਨੂੰ ਆਛੋਪ ਛੀਪਾ ਕਿਹਾ ਹੈ। ਸੰਤ ਸਾਹਿਤ ਵਿਚ ਆਪ ਨੂੰ ਪੂਰਣ ਮਾਣ ਪ੍ਰਾਪਤ ਹੈ। ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਨਾਮਦੇਵ ਦਾ ਨਾਮ ਬਾਕੀ ਸੰਤਾਂ ਨਾਲੋਂ ਵਧੇਰੇ ਸ਼ਰਧਾ ਅਤੇ ਸਤਿਕਾਰ ਨਾਲ ਲਿਆ ਹੈ। ਸੰਤ ਨਾਮਦੇਵ ਦੀ ਬਾਣੀ ਤਾਂ ਉਨ੍ਹਾਂ ਦੇ ਮਨ ਵਿਚ ਵਸੀ ਹੋਈ ਸੀ। ਇਸ ਵਿਚ ਵੀ ਰਾਜ ਹੈ। ਗੁਰੂ ਜੀ ਦਾ ਆਛੋਪ ਛੀਪਾ ਲਿਖਣਾ ਇਸ ਗੱਲ ਦਾ ਸੂਚਕ ਹੈ ਕਿ ਨਾਮਦੇਵ ਵੀ ਅਛੂਤ ਸਨ ਪਰੰਤੂ ਵਿਦਵਾਨ ਇਸ ਗਲ ਨਾਲ ਸਹਿਮਤ ਨਹੀਂ ਹਨ। ਗੁਰੂ ਰਵਿਦਾਸ ਜੀ ਨਾਮ ਦੇਵ ਸੰਬੰਧੀ ਲਿਖਦੇ ਹਨ:

1. ਨਾਮਦੇਵ ਕਬੀਰ ਤ੍ਰਿਲੋਚਨਾ, ਸਧਨਾ ਸੈਨੁ ਤਰੈ ॥
   ਕਹਿ ਰਵਿਦਾਸ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭ ਸਰੈ ॥[94]
2. ਨਾਮਦੇਵ ਕਿਹ ਜਾਤਿ ਕੇ ਓਛ, ਜਾਕੌ ਜਸ ਗਾਣੀਏ ਵਿਲੋਕ ।।
   ਭਗਤਿ ਹੇਤ ਭਗਤਾ ਕੇ ਚਲੇ ਅੰਕਮਾਲ ਲੇ ਬੀਠਲ ਮਿਲੈ ।।[95]
3. ਜਾ ਕੇ ਭਾਗਵਤੁ ਲੇਖੀਐ ਅਵਰੁ ਨਹੀਂ ਪੇਖੀਐ ॥
   ਤਾਸ ਕੀ ਜਾਤਿ ਆਛੋਪ ਛੀਪਾ,
   ਬਿਆਸ ਮਹਿ ਲੇਖੀਏ ਸਨਕ ਮਹਿ ਪੇਖੀਏ

ਨਾਮ ਕੀ ਨਾਮਨਾ ਸਪਤ ਦੀਪਾ ॥[96]

ਪ੍ਰਭੂ ਨੂੰ ਦੁਧ ਪਿਲਾਉਣ ਦਾ ਹਵਾਲਾ ਨਾਮਦੇਵ ਦੀ ਆਪਣੀ ਬਾਣੀ ਵਿਚ ਵੀ ਮਿਲਦਾ ਹੈ। ਇਕ ਵਾਰੀ ਨਾਮਦੇਵ ਦੇ ਪਿਤਾ ਜੀ ਦੋ-ਤਿੰਨ ਦਿਨ ਲਈ ਬਾਹਰ ਚਲੇ ਗਏ ਅਤੇ ਠਾਕੁਰ ਨੂੰ ਦੁੱਧ ਪਿਆਉਣ ਦੀ ਜਿੰਮੇਂਵਾਰੀ ਉਸ ਨੂੰ ਸੌਂਪ ਗਏ। ਨਾਮਦੇਵ ਗਾਂ ਦਾ ਦੁੱਧ ਚੋ ਕੇ ਮੰਦਰ ਵਿਚ ਲੈ ਗਏ ਅਤੇ ਦੁੱਧ ਦਾ ਕਟੋਰਾ ਭਰਕੇ ਠਾਕੁਰ ਦੇ ਸਾਹਮਣੇ ਰਖਿਆ ਅਤੇ ਦੁਖ ਪੀਣ ਲਈ ਬੇਨਤੀ ਕੀਤੀ :-

ਦੂਧੁ ਕਟੋਰੈ ਗਡਵੈ ਪਾਨੀ ਕਪਲ ਗਾਇ ਨਾਮੈ ਦੁਹਿ ਆਨੀ ॥
ਦੂਧੁ ਪੀਉ ਗੋਬਿੰਦ ਰਾਇ ਦੂਧੁ ਪੀਉ ਮੇਰੋ ਮਨੁ ਪਤੀਆਇ ॥
ਨਾਹੀਂ ਤ ਘਰ ਕੋ ਬਾਪੁ ਰਿਸਾਇ ਸੋਇਨ ਕਟੋਰੀ ਅੰਮ੍ਰਿਤ ਭਰੀ
ਲੈ ਨਾਮੈ ਹਰਿ ਆਗੈ ਧਰੀ ॥[97]

ਨਾਮਦੇਵ ਨੂੰ ਪਤਾ ਨਹੀਂ ਸੀ ਕਿ ਦੁਧ ਠਾਕੁਰ ਅਗੇ ਰਖ ਕੇ ਚੁਕ ਲਈ ਦਾ ਹੈ। ਭੋਲੇ ਨਾਮਦੇਵ ਨੇ ਪਿਤਾ ਦੇ ਡਰ ਕਾਰਨ ਗਿੜਗਿੜਾ ਕੇ ਬੇਨਤੀ ਕੀਤੀ ਪ੍ਰਭੂ ਮੂਰਤੀ ਵਿਚੋਂ ਪ੍ਰਗਟ ਹੋਏ ਅਤੇ ਉਨ੍ਹਾਂ ਨੇ ਦੁੱਧ ਪੀ ਲਿਆ। ਇਹ ਸਭ ਕੁਝ ਹਰੀ ਸਿਮਰਨ ਦਾ ਬਰਕਤ ਹੈ। ਪ੍ਰਭੂ ਨੇ ਨਾਮਦੇਵ ਨੂੰ ਸਾਖਿਆਤ ਦਰਸ਼ਨ ਦਿੱਤੇ। ਗੁਰੂ ਰਵਿਦਾਸ ਜੀ ਵੀ ਉਪਰੋਕਤ ਭਾਵ ਨੂੰ ਦ੍ਰਿੜ ਕਰਵਾਉਣ ਲਈ ਅਤੇ ਸੰਤ ਨਾਮਦੇਵ ਦਾ ਹਵਾਲਾ ਦਿੰਦੇ ਹਨ:

ਹਰਿ ਹਰਿ ਹਰਿ ਹਰਿ ਹਰਿ ਹਰਿ ਹਰੇ ॥
ਹਰਿ ਸਿਮਰਨ ਜਨ ਗਏ ਨਿਸਤਰਿ ਤਰੇ ॥ ਰਹਾਉ ॥
ਨਿਮਤ ਨਾਮਦੇਉ ਦੂਧੁ ਪੀਆਇਆ
ਤਉ ਜਗ ਜਨਮ ਸੰਕਟ ਨਹੀਂ ਆਇਆ ॥[98]

3. ਸੰਤ ਕਬੀਰ :- ( ਬਿਕਰਮੀ ਸੰਮੇਤ 1456 -1575)

ਕਬੀਰ ਜੀ ਦਾ ਜਨਮ ਕਾਸੀ ਦੇ ਨੇੜੇ ਜਗਾ ਲਹਿਰ ਤਲ ਵਿਖੇ ਹੋਇਆ ਮੰਨਿਆ ਜਾਂਦਾ ਹੈ। ਆਪ ਵੀ ਗੁਰੂ ਰਾਮਾਨੰਦ ਦੇ ਸ਼ਿਸ਼ ਸਨ। ਗੁਰੂ ਗ੍ਰੰਥ ਸਾਹਿਬ ਵਿਚ ਦੂਜੇ ਭਗਤਾਂ ਨਾਲੋਂ ਆਪ ਦੀ ਬਾਣੀ ਵਧੇਰੇ ਮਾਤਰਾ ਵਿਚ ਹੈ। ਆਪ ਦੇ 219 ਸ਼ਬਦਾਂ 245 ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

ਸੰਤ ਕਬੀਰ ਅਤੇ ਸੰਤ ਰਵਿਦਾਸ ਸਮਕਾਲੀ ਸਨ। ਇਕੱਠੇ ਗਿਆਨ ਗੋਸ਼ਟੀ ਕਰਦੇ ਸਨ ਇਕੋ ਗੁਰੂ ਦੇ ਸ਼ਿਸ਼ ਸਨ ਇਸ ਲਈ ਦੋਵਾਂ ਦੇ ਵਿਚਾਰਾਂ ਅਤੇ ਸ਼ੈਲੀ ਵਿਚ ਸਮਾਨਤਾ ਹੈ ਅਤੇ ਦੋਵਾਂ ਨੇ ਇਕ ਦੂਜੇ ਨੂੰ ਪ੍ਰਭਾਵਿਤ ਕੀਤਾ। ਕਬੀਰ ਜੀ ਨੇ ਗੁਰੂ ਰਵਿਦਾਸ ਨੂੰ ਸਾਧਨ ਮੇਂ ਰਵਿਦਾਸ ਸੰਤ ਕਹਿ ਕੇ ਸਨਮਾਨਿਆ ਹੈ:

ਸਾਧਨ ਮੇਂ ਰਵਿਦਾਸ ਸੰਤ ਹੈ,

ਸੁਪਚ ਰਿਸ਼ੀ ਸੋ ਮਾਨਿਆ
ਹਿੰਦੂ ਤੁਰਕ ਦੁਈ ਦੀਨ ਬਨੇ ਹੈਂ
ਕਛੂ ਨਹੀਂ ਪਹਿਚਾਨਿਆ ॥[99]

ਗੁਰੂ ਰਵਿਦਾਸ ਜੀ ਨੇ ਕਬੀਰ ਜੀ ਦਾ ਹਵਾਲਾ ਦੇ ਕੇ ਹਰੀ ਸਿਮਰਨ ਦੇ ਮਹੱਤਵ ਨੂੰ ਦਰਸਾਇਆ ਹੈ। ਉਹ ਲਿਖਦੇ ਹਨ :-

1. ਹਰਿ ਹਰਿ ਹਰਿ ਹਰਿ ਹਰਿ ਹਰੇ ॥
ਹਰਿ ਸਿਮਰਨ ਜਨ ਗਏ ਨਿਸਤਰਿ ਤਰੇ ॥ ਰਹਾਉ ॥
ਹਰਿ ਕੇ ਨਾਮ ਕਬੀਰ ਉਜਾਗਰ
ਜਨਮ ਜਨਮ ਕੇ ਕਾਟੇ ਕਾਗਰ ॥[100]

2. ਨੀਚਹੁ ਊਚ ਕਰੈ ਮੇਰਾ ਗੋਬਿੰਦੁ, ਕਾਹੂ ਤੇ ਨ ਡਰੈ ॥
ਨਾਮਦੇਵ ਕਬੀਰੁ ਤਿਲੋਚਨੁ ਸਧਨਾ, ਸੈਨੁ ਤਰੈ ॥
ਕਹਿ ਰਵਿਦਾਸੁ ਸੁਨਹੁ ਰੇ ਸੰਤਹੁ, ਹਰਿ ਜੀਉ ਤੇ ਸਭੈ ਸਰੈ ॥[101]

( 118)

4. <u>ਤ੍ਰਿਲੋਚਨ, ਸਧਨਾ, ਸੈਨੁ</u> :

ਤ੍ਰਿਲੋਚਨ:- ਆਪ ਦਾ ਜਨਮ 1267 ਈਂ ਨੂੰ ਪਿੰਡ ਬਾਰਸੀ ਜ਼ਿਲਾ ਸ਼ੋਲਾਪੁਰ ਵਿਚ ਹੋਇਆ। ਮੇਕਾਲਿਫ ਨੇ ਲਿਖਿਆ ਹੈ ਕਿ ਤ੍ਰਿਲੋਚਨ ਜੀ ਸੰਤ ਨਾਮਦੇਵ ਦੇ ਸਮਕਾਲੀਨ ਸਨ ਅਤੇ ਅਵਸਥਾ ਵਿਚ ਉਨ੍ਹਾਂ ਨਾਲੋਂ ਵੱਡੇ ਸਨ।[102] ਪਰੰਤੂ ਨਾਮਦੇਵ ਦੀ ਬਾਣੀ ਜਿਸ ਵਿਚ ਤ੍ਰਿਲੋਚਨ ਨੂੰ ਸੰਬੋਧਨ ਕਰ ਕੇ ਨਾਮ ਸਿਮਰਨ ਦੀ ਸਿਖਿਆ ਦਿੰਦੇ ਹਨ( ਮਾਂ ਕੰਮ ਕਾਰ ਵੀ ਕਰਦੀ ਹੈ ਬੱਚੇ ਦਾ ਧਿਆਨ ਵੀ ਕਰਦੀ ਹੈ ) ਇਸ ਤੋਂ ਪਤਾ ਲਗਦਾ ਹੈ ਕਿ ਆਪ ਨਾਮਦੇਵ ਤੋਂ ਅਵਸਥਾ ਵਿਚ ਛੋਟੇ ਸਨ।

ਗੁਰੂ ਗ੍ਰੰਥ ਸਾਹਿਬ ਵਿਚ ਆਪਦੇ ਚਾਰ ਸ਼ਬਦ ਹਨ। ਗੁਰੂ ਰਵਿਦਾਸ ਜੀ ਨੇ ਦੂਸਰੇ ਸੰਤਾਂ ਦੇ ਨਾਲ ਆਪ ਦਾ ਨਾਮ ਵੀ ਬਹੁਤ ਸ਼ਰਧਾ ਨਾਲ ਲਿਆ ਹੈ:-

ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨ ਤਰੈ ॥[103]

ਸਧਨਾ:- ਸੰਤ ਸਧਨਾ 13ਵੀਂ ਸਦੀ ਵਿਚ ਸਿੰਧ ਵਿਚ ਹੋਏ ਸਨ। ਆਪ ਪਹੁੰਚੇ ਹੋਏ ਭਗਤ ਸਨ। ਕਸਾਈ ਦਾ ਕਿੱਤਾ ਕਰਦਿਆਂ ਭਗਤੀ ਵਿਚ ਲੀਨ ਰਹਿੰਦੇ ਸਨ। ਸਵਾਮੀ ਰਾਮਾਨੰਦ ਦੇ ਸ਼ਿਸ਼ਾਂ ਵਿਚ ਸਧਨਾਂ ਦਾ ਨਾਮ ਆਉਂਦਾ ਹੈ। ਸੰਤ ਸਧਨਾ ਦੇ ਸੰਬੰਧ ਵਿਚ ਇਹ ਵੀ ਕਿਹਾ ਜਾਂਦਾ ਹੈ ਕਿ ਆਪ ਨਾਮਦੇਵ ( ਸੰਮਤ 1327-1407) ਦੇ ਸਮਕਾਲੀ ਸਨ ਅਤੇ ਨਾਮਦੇਵ ਨੇ ਆਪਣੀਆਂ ਰਚਨਾਵਾਂ ਵਿਚ

ਸੰਤ ਸਧਨਾ ਦੀ ਚਰਚਾ ਕੀਤੀ ਹੈ ਪਰੰਤੂ ਨਾਮਦੇਵ ਦੀ ਅਜਿਹੀ ਕੋਈ ਪ੍ਰਮਾਣਿਕ ਰਚਨਾ ਨਹੀਂ ਮਿਲਦੀ। ਮੈਕਾਲਿਫ ਅਨੁਸਾਰ ਵੀ ਸੰਤ ਸਾਧਨਾ ਦੀ ਨਾਮਦੇਵ[104] ਅਤੇ ਗਿਆਨਦੇਵ ਨਾਲ ਤੀਰਥ ਯਾਤਰ;; ਸਮੇਂ ਭੇਟ ਹੋਈ ਅਤੇ ਫਿਰ ਆਪ ਨੇ ਇਕੱਠਿਆਂ ਤੀਰਥ ਯਾਤਰਾ ਕੀਤੀ।[105]

ਗੁਰੂ ਰਵਿਦਾਸ ਜੀ ਨੇ ਵੀ ਸੰਤ ਸਧਨਾ ਦਾ ਸੰਸਾਰ ਰੂਪੀ ਭੌ- ਸਾਗਰ ਨੂੰ ਤੈਰਨ ਦਾ ਹਵਾਲਾ ਦੇ ਕੇ ਉਨ੍ਹਾਂ ਦੀ ਭਗਤੀ ਪ੍ਰਤੀ ਸ਼ਰਧਾ ਪ੍ਰਗਟ ਕੀਤੀ ਹੈ। ਸਧਨਾ ਗੁਰੂ ਜੀ ਦੇ ਸਮੇਂ ਤਕ ਪਰਮਨੰਦ ਪ੍ਰਾਪਤ ਕਰ ਚੁੱਕੇ ਸਨ:

ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥[106]

ਸੈਨੁ :- ਸੈਨ ਦਾ ਜਨਮ ਅਹਿਮਦਾਬਾਦ ਦੇ ਨੇੜੇ ਜਕੋਰਨਾਥ ਵਿਚ 15ਵੀਂ ਸਦੀ ਵਿਚ ਹੋਇਆ। ਆਪ ਕਬੀਰ ਜੀ ਅਤੇ ਰਵਿਦਾਸ ਜੀ ਦੇ ਸਮਕਾਲੀ ਸਨ ਆਪ ਨੂੰ ਗੁਰੂ ਰਾਮਾਨੰਦ ਦੇ ਸ਼ਿਸ਼ਾਂ ਵਿਚ ਵੀ ਗਿਣਿਆ ਜਾਂਦਾ ਹੈ। ਭਗਤ ਸੈਨ ਦੇ ਸੰਬੰਧ ਵਿਚ ਵਿਭਿੰਨ ਮਤ ਪ੍ਰਚਲਿਤ ਹਨ ਆਪ ਨੂੰ ਰਾਜਾ ਬਿਦਰ ਦਾ ਸੇਵਕ ਵੀ ਮੰਨਿਆ ਜਾਂਦਾ ਹੈ। ਇਕ ਹੋਰ ਮਤ ਅਨੁਸਾਰ ਆਪ ਸੰਤ ਗਿਆਨੇਸ਼ਵਰ ਦਾ ਸਮਕਾਲੀ ਵੀ ਮੰਨਿਆ ਜਾਂਦਾ ਹੈ ਅਤੇ ਕਿਹਾ ਜਾਂਦਾ ਹੈ ਕਿ ਆਪ ਵਾਰਕਰੀ- ਭਗਤ ਸਨ। ਧੰਨਾ ਭਗਤ ਨੇ ਸੈਨ ਲਈ ਭਗਵਾਨ ਦਾ ਸੈਨ ਦਾ ਰੂਪ ਧਾਰ ਕੇ ਰਾਜੇ ਦੀ ਸੇਵਾ ਕਰਨ ਦੀ ਕਥਾ ਨੂੰ ਆਪਣੇ ਸਮੇਂ ਘਰ ਘਰ ਪ੍ਰਸਿੱਧ ਹੋਈ ਦਸਿਆ ਹੈ :-

ਸੈਨੁ ਨਾਈ ਬੁਤਕਾਰੀਆ ਉਹੁ ਘਰਿ ਘਰਿ ਸੁਨਿਆ ॥
ਹਿਰਦੇ ਵਸਿਆ ਪਾਰਬ੍ਰਹਮ ਭਗਤਾ ਮਹਿ ਗਨਿਆ ॥[107]

ਗੁਰੂ ਰਵਿਦਾਸ ਜੀ ਨੇ ਵੀ ਹੋਰਨਾਂ ਸੰਤਾਂ ਦੇ ਨਾਲ ਸੈਨੁ ਦੀ ਭਗਤੀ ਮੁਕਤੀ ਸੰਬੰਧੀ ਲਿਖਿਆ ਹੈ।

ਐਸੀ ਲਾਲ ਤੁਝ ਬਿਨ ਕੌਨ ਕਰੈ ॥
....  ....  ...
ਨਾਮਦੇਵ ਕਬੀਰੁ ਤਿਲੋਚਨ ਸਧਨਾ ਸੈਨੁ ਤਰੈ ॥
ਕਹਿ ਰਵਿਦਾਸ ਸੁਨਹੁਰੇ ਸੰਤਹੁ ਹਰਿ ਜੀਉ ਤੇਂ ਸਭੈ ਸਰੈ ॥[108]
(118)

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਰਵਿਦਾਸ ਬਾਣੀ ਵਿਚ ਬਹੁਤ ਥਾਵਾਂ ਤੇ ਲੋੜ ਅਨੁਸਾਰ ਢੁਕਵੇਂ ਇਤਿਹਾਸਕ ਅਤੇ ਮਿਥਿਹਾਸਕ ਹਵਾਲੇ ਦਿੱਤੇ ਗਏ ਹਨ। ਜਿਨ੍ਹਾਂ ਨੇ ਲੋਕ ਸਿਮ੍ਰਿਤੀ ਦੀ ਵਿਚਾਰਧਾਰਾ ਦਾ ਪੁਨਰ-ਉਥਾਨ ਅਤੇ ਨਵੀਨ ਮੁਲਾਂਕਣ ਕੀਤਾ ਹੈ।

10 **ਸ਼ੈਲੀ:-** ਗੁਰੂ ਰਵਿਦਾਸ ਜੀ ਦੀ ਬਾਣੀ ਦਾ ਸ਼ੈਲੀ ਪੱਖ ਵੀ ਬਾਣੀ ਦੇ ਹੋਰ ਕਲਾਤਮਿਕ ਗੁਣਾਂ ਵਾਂਗ ਮਹਾਨਤਾ ਭਰਪੂਰ ਹੈ। ਉਪਰ ਅੰਕਿਤ ਸਾਰੇ ਅਧਿਆਇ ਵਿਚਲੀ ਕੀਤੀ ਗਈ ਵਿਚਾਰ ਨੂੰ

ਜੇ ਸੰਖੇਪ ਅਤੇ ਸੂਤ੍ਰਿਕ ਢੰਗ ਨਾਲ ਬਿਆਨ ਕਰਨਾ ਹੋਵੇ ਤਾਂ ਇਸ ਨੂੰ ਗੁਰੂ ਜੀ ਦੀ ਬਾਣੀ ਦੇ ਸ਼ੈਲੀ ਪੱਖ ਦਾ ਨਾਮ ਦਿੱਤਾ ਜਾ ਸਕਦਾ ਹੈ। ਸ਼ੈਲੀ ਹੀ ਅਸਲ ਵਿਚ ਰਚਨਹਾਰੇ ਦੀ ਸ਼ਖਸੀਅਤ ਹੈ। ਸ਼ੈਲੀ ਦਾ ਸੰਬੰਧ ਰਚਨਹਾਰੇ ਦੀ ਅੰਤਰ-ਆਤਮਾ ਅਤੇ ਅੰਤਰੀਵ ਭਾਵ-ਜਗਤ ਨਾਲ ਹੁੰਦਾ ਹੈ। ਬਾਣੀ ਧੁਰੋਂ ਅੰਦਰ ਦਾ ਪ੍ਰਗਟਾ ਹੁੰਦਾ ਹੈ। ਗੁਰੂ ਰਵਿਦਾਸ ਜੀ ਦੀ ਸ਼ੈਲੀ ਦਾ ਵਿਸ਼ੇਸ਼ ਲੱਛਣ ਸਹਿਜ-ਸੁਭਾਵਕਤਾ ਹੈ ਜੋ ਕਿ ਉਨ੍ਹਾਂ ਦੀ ਰਸਿਕ ਆਤਮਾ ਅਤੇ ਮਹਾਨ -ਸ਼ਖਸੀਅਤ ਦੇ ਅਨੁਕੂਲ ਹੈ। ਬਾਣੀ ਵਿਚ ਵਰਤੇ ਇਤਿਹਾਸਕ ਮਿਥਿਹਾਸਕ ਹਵਾਲਿਆਂ ਨੇ ਬਾਣੀ ਨੂੰ ਸਰਲਤਾ ਸਪੱਸ਼ਟਤਾ ਦ੍ਰਿੜਤਾ ਅਤੇ ਗੰਭੀਰਤਾ ਦਾ ਗੁਣ ਵੀ ਪ੍ਰਦਾਨ ਕੀਤਾ ਹੈ। ਸ਼ਬਦਾਂ ਦੀ ਜੜਤ ਅਤੇ ਵਿਚਾਰ ਦੀ ਕੋਮਲਤਾ ਨੇ ਸ਼ੈਲੀ ਵਿਚ ਸੁਹਜਾਤਮਕਤਾ ਦਾ ਗੁਣ ਵੀ ਪੈਦਾ ਕੀਤਾ ਹੈ। ਆਪ ਦੀ ਬਾਣੀ ਨੂੰ ਕਿਸੇ ਵਿਸ਼ੇਸ਼ ਸੰਪ੍ਰਦਾਇ ਵਿਚ ਨਹੀਂ ਬੰਨ੍ਹਿਆ ਜਾ ਸਕਦਾ ਸਾਹਿਤ ਦੇ ਇਤਿਹਾਸ ਆਪ ਦੇ ਨਾਮ ਤੇ ਕਿਸੇ ਸੰਪ੍ਰਦਾਇ ਦਾ ਨਾਂ ਮਿਲਣਾ ਵੀ ਇਸ ਗੱਲ ਦਾ ਸੂਚਕ ਹੈ ਕਿ ਆਪ ਦਾ ਨਿਰੋਲ ਨਿਰਪੱਖ ਦ੍ਰਿਸ਼ਟੀਕੋਣ ਹੈ ਆਪ ਦੇ ਵਿਚਾਰਾਂ ਵਿਚ ਮੌਲਿਕਤਾ ਹੈ। ਆਪ ਦੀ ਸ਼ਖਸੀਅਤ ਦੀ ਛਾਪ ਪ੍ਰਤੱਖ ਦਿਸਦੀ ਹੈ। ਆਪ ਦੇ ਅਣਮੋਲ ਵਿਚਾਰ-ਵੇਦਾਂ ਤੋਂ ਭਗਤੀ ਦੀ ਉਪਜ, ਪ੍ਰੇਮ ਭਗਤੀ ਨੂੰ ਸਤਿ-ਸੰਗਤ ਨਾਲ ਜੋੜਨਾ, ਮਨ ਬਚ ਕਰਮ ਕਰੇ ਰਵਿਦਾਸਾ, ਸਹਜ ਇਕ ਨਹੀਂ ਪੇਖਿਆ, ਪਾਰਸੁਮਨੀ ਰਤੀ ਨਹੀਂ ਭਾਇ, ਜਸ ਤੂ ਤਸ ਤੂ ਹੀ ਕਥਾ ਉਪਮ ਦੀਜੈ, ਕਰਨੀ ਗਿਆਨ ਆਚਾਰਾ, ਭਗਤੀ ਇਨਹੀ ਸੇ ਨਿਸਾਰੀ, ਗਰੀਬ ਨਿਵਾਜ ਗੁਸਾਈਆਂ ਮੇਰਾ ਮਾਥੈ ਸਤ੍ਰ ਧਰੈ, ਸੋ ਕਤ ਜਾਨੈ ਪੀਰ ਪਰਾਈ ਜਾਕੈ ਅੰਤਿਰ ਦਰਦ ਨਾ ਪਾਈ, ਸਹ ਕੀ ਸਾਰ ਸੁਹਾਗਨਿ ਜਾਨੈ, ਨੀਚਹੁ ਊਚ ਕਰੈ ਮੇਰਾ ਗੋਬਿੰਦ, ਕਾਹੂ ਤੇ ਨਾ ਡਰੈ, ਕਹਨਾ ਕੂਚ ਰਹਿਨਾ ਥਿਰ ਨਾਹੀ, ਐ ਮਨ ਮਾਛਲੇ ਸੰਸਾਰ ਸਮੁੰਦੇ ਤੂੰ ਚਿਤ੍ਰ ਬਿਚਿਤ੍ਰ ਬਿਚਾਰ, ਮਾਟੀ ਦਾ ਪੁਤਲਾ ਕੈਸੇ ਨਚਤੁ ਹੈ ਆਦਿ ਵਿਚਾਰ ਗੁਰੂ ਰਵਿਦਾਸ ਬਾਣੀ ਦੀ ਮੌਲਿਕਤਾ ਅਤੇ ਨਵੀਨਤਾ ਨੂੰ ਦਰਸਾਉਂਦੇ ਹਨ।

ਬਾਣੀ ਵਿਚ ਵੇਦਾਂ ਉਪਨਿਸ਼ਦਾਂ ਗੀਤਾ ਅਤੇ ਹੋਰ ਦਰਸ਼ਨ ਦਾ ਪ੍ਰਭਾਵ ਵੀ ਸਪੱਸ਼ਟ ਦ੍ਰਿਸ਼ਟੀਗਤ ਹੈ। ਆਪ ਦੀ ਬਾਣੀ ਸਮੁੱਚੇ ਭਗਤੀ ਸਾਹਿਤ ਦਾ ਬਿੰਬ ਹੈ। ਗੁੜ-ਗਿਆਨ ਅਤੇ ਭਾਰਤੀ ਦਰਸ਼ਨ ਦੇ ਅਧਿਐਨ ਨੇ ਆਪ ਦੀ ਬਾਣੀ ਵਿਚ ਗੰਭੀਰਤਾ ਵੀ ਪੈਦਾ ਕੀਤੀ ਹੈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਆਪ ਦੀ ਲਿਖਣ ਸ਼ੈਲੀ ਵਿਚ ਸਰਲਤਾ ਸੰਜਮਤਾ, ਸਪੱਸ਼ਟਤਾ, ਗੰਭੀਰਤਾ, ਮੌਲਿਕਤਾ ਨਵੀਨਤਾ, ਸੁਹਜਾਤਮਕਤਾ ਅਤੇ ਰਾਗਾਤਮਕਤਾ ਦੇ ਗੁਣ ਮੌਜੂਦ ਹਨ। ਅਸਲ ਵਿਚ ਆਪ ਦੀ ਸ਼ੈਲੀ ਵਿਚ ਇਕ ਚੰਗੀ ਕਾਵਿ ਸ਼ੈਲੀ ਦੇ ਸਮੂਹ ਗੁਣ ਵਿਦਮਾਨ ਹਨ।

ਗੁਰੂ ਰਵਿਦਾਸ ਜੀ ਅਨੁਭਵੀ ਸੰਤ ਸਨ ਉਨ੍ਹਾਂ ਦਾ ਮੁਖ ਮੰਤਵ ਜਨ ਸਾਧਾਰਣ ਨੂੰ ਜੀਵਨ ਮੁਕਤੀ ਨਿਧੀ ਕਾਸੀ ਸੰਬੰਧੀ ਗਿਆਨ ਦੇਣਾ ਸੀ ਅਤੇ ਆਪਣੇ ਉਸ ਸਮੇਂ ਸਮਾਜ ਵਿਚ ਵਿਦਮਾਨ ਰਿਣਾਤਮਕ ਤੱਤਾਂ ਨੂੰ ਉਤਮ ਵਿਚਾਰਾਂ ਨਾਲ ਗੁਣਾਂ ਕਰਕੇ ਧਨਾਤਮਕ ਬਣਾਉਣ ਦਾ ਹੋਲਾ ਕੀਤਾ

ਕੀਤਾ। ਉਨ੍ਹਾਂ ਨੇ ਦ੍ਰਿਸ਼ਟਾਂਤ ਦੇ ਕੇ ਲੋਕਾਂ ਨੂੰ ਵਾਸਤਵਿਕਤਾ ਤੋਂ ਜਾਣੂੰ ਕਰਵਾਇਆ। ਕਥਨੀ ਅਤੇ ਕਰਨੀ ਵਿਚ ਸੁਮੇਲ ਰਖਣ ਅਤੇ ਮਨ ਬਚ-ਕਰਮ ਕਰਨ ਦੇ ਪ੍ਰਯੋਗ ਨੂੰ ਆਪਣੇ ਜੀਵਨ ਵਿਚ ਕਰਕੇ ਵਿਖਾਇਆ। ਸਹਿਜ ਭਗਤੀ ਦੇ ਮਹੱਤਵ ਨੂੰ ਵਿਵਹਾਰਿਕ ਰੂਪ ਦਿੱਤਾ। ਕੌਮੀ ਏਕਤਾ ਦਾ ਸੰਦੇਸ਼ ਦੇਣ ਲਈ ਆਪਣੀ ਬਾਣੀ ਨੂੰ ਸਮੁੱਚੇ ਭਗਤੀ ਸਾਹਿਤ ਦੇ ਵਿਚਾਰਾਂ ਨਾਲ ਛੂਹਾ ਕੇ ਸਾਂਝੀਵਾਲਤਾ ਦੇ ਰੰਗ ਵਿਚ ਰੰਗਿਆ। ਉਨ੍ਹਾਂ ਨੇ ਜਨ-ਸਾਧਾਰਣ ਦੇ ਪੱਧਰ ਦੀ ਭਾਸ਼ਾ ਰਾਹੀਂ ਆਪਣੇ ਅਣਮੋਲ ਵਿਚਾਰਾਂ ਨੂੰ ਪੇਸ਼ ਕੀਤਾ। ਢੁਕਵੇਂ ਅਲੰਕਾਰਾਂ ਦਾ ਪ੍ਰਯੋਗ ਕਰਕੇ ਭਗਤੀ ਭਾਵ ਨੂੰ ਸਪੱਸ਼ਟ ਕੀਤਾ। ਇਤਿਹਾਸਕ ਅਤੇ ਮਿਥਿਹਾਸਕ ਹਵਾਲੇ ਦੇ ਕੇ ਭਗਤੀ ਰਸ ਦੀ ਨਿਸ਼ਪਤੀ ਕੀਤੀ। ਯੋਗ ਬਿੰਬਾਂ ਅਤੇ ਪ੍ਰਤੀਕਾਂ ਦਾ ਪ੍ਰਯੋਗ ਕਰਕੇ ਸਾਧਕ ਦੇ ਦਿਲ ਦਿਮਾਗ ਨੂੰ ਟੁੰਬਿਆ। ਇਸ ਤਰ੍ਹਾਂ ਉਨ੍ਹਾਂ ਨੇ ਸਹਜ ਭਾਵ ਨਾਲ ਪ੍ਰਭੂ ਦੇ ਸਹਿਜ ਸਰੂਪ ਨੂੰ ਜਾਨਣ ਲਈ ਸਹਿਜ-ਸਤਿ-ਮਾਰਗ ਦਾ ਮਾਰਗ ਦਰਸ਼ਨ ਕੀਤਾ।

॥॥॥॥॥

## ਪੈਰ ਟਿੱਪਣੀਆਂ ਤੇ ਹਵਾਲੇ

### ਕਾਵਿ - ਕਲਾ

1. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ (73)
2. ਉਹੀ, ਪਦ (134)
3. ਉਹੀ, ਪਦ ( 5)
4. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ 115
5. ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ, ਰਵਿਦਾਸ ਦਰਸ਼ਨ, ਪੰਨਾ 76-95
6. ਡਾ. ਧਰਮਪਾਲ ਮੈਨੀ, ਮੱਧਯੁਗੀਨ ਨਿਰਗੁਣ ਚੇਤਨਾ, ਪੰਨਾ 126-150, ਸੰਸਕਰਣ 1972, ਲੋਕ ਭਾਰਤੀ ਪ੍ਰਕਾਸ਼ਨ, ਇਲਾਹਾਬਾਦ
7. ਆਦਿ ਬਾਣੀ ਗ੍ਰੰਥ, ਪੰਨਾ 486
8. ਡਾ. ਧਰਮਪਾਲ ਸਿੰਗਲ , ਸੰਤ ਸ਼ਿਰੋਮਣੀ ਰਵਿਦਾਸ, ਪੰਨਾ 116 ਦੀਪਕ ਪਬਲਿਸ਼ਰਜ਼, ਜਲੰਧਰ, ਸੰਸਕਰਣ, 1983

9.

9. ਡਾ. ਸੀਤਾ ਰਾਮ ਬਾਹਰੀ, ਪੰਜਾਬੀ ਦੁਨੀਆਂ, ਗੁਰੂ ਰਵਿਦਾਸ ਅੰਕ, ਪੰਨਾ 266-70
10. ਆਦਿ ਗ੍ਰੰਥ ਸਾਹਿਬ, ਪੰਨਾ 794, ਰਾਗ ਸੂਹੀ
11. ਡਾ. ਸੀਤਾ ਰਾਮ ਬਾਹਰੀ, ਪੰਜਾਬੀ ਦੁਨੀਆਂ, ਗੁਰੂ ਰਵਿਦਾਸ ਅੰਕ, ਪੰਨਾ 264
12. ਆਦਿ ਗ੍ਰੰਥ ਸਾਹਿਬ, ਰਾਗ ਸੋਰਠਿ, ਪੰਨਾ 658
13. ਸ੍ਰੀ ਰਾਮਾਨੰਦ ਸ਼ਾਸਤਰੀ ਅਤੇ ਵੀਰੇਂਦ੍ਰ ਪਾਂਡੇ, ਸੰਤ ਰਵਿਦਾਸ ਔਰ ਉਨਕਾ ਕਾਵਯ, ਸੰਸਕਰਣ 1955, ਪੰਨਾ 91
14. ਪੰਜਾਬੀ ਦੁਨੀਆਂ, ਗੁਰੂ ਰਵਿਦਾਸ ਅੰਕ, ਪੰਨਾ 252-258
15. ਆਦਿ ਗ੍ਰੰਥ, ਰਾਗ ਸੋਰਠਿ, ਪੰਨਾ 659

15(ਕ) ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ (91)

16. ਡਾ. ਪਦਮ ਗੁਰਚਰਨ ਸਿੰਘ, ਸੰਤ ਰਵਿਦਾਸ ਵਿਚਾਰਕ ਔਰ ਕਵੀ, ਨਵ-ਚਿੰਤਨ ਪ੍ਰਕਾਸ਼ਨ, ਸੰਸਕਰਣ 1947, ਪੰਨਾ 167
17. ਕਾਵਯਾਦਰਸ਼
18. ਸਾਹਿਤਯ ਦਰਪਣ, ਪੰਨਾ 444
19. ਡਾ. ਧਰਮਪਾਲ ਸਿੰਗਲ, ਸੰਤ ਸ਼ਿਰੋਮਣੀ ਰਵਿਦਾਸ, ਪੰਨਾ 117-118
20. ਰਾਗ ਭੈਰਉ, ਆਦਿ ਗ੍ਰੰਥ ਸਾਹਿਬ, ਪੰਨਾ 1167
21. ਰਾਗ ਗਉੜੀ ਪੂਰਬੀ, ਆਦਿ ਗ੍ਰੰਥ ਸਾਹਿਬ, ਪੰਨਾ 346
22. ~~ਉਹੀ××ਪਦ××(45)~~ ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ(96)
23. ਉਹੀ, ਪਦ (45)

24. ਰਾਗ ਸੂਹੀ, ਆਦਿ ਗ੍ਰੰਥ, ਪੰਨਾ 793
25. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ ਪਦ(32)
26. ਉਹੀ, ਪਦ (130)
27. ਉਹੀ, ਪਦ (47)
28. ਉਹੀ, ਪਦ (123)
29. ਉਹੀ, ਪਦ (26)
30. ਵਿਸ਼ਵਨਾਥ, ਸਾਹਿਤ ਦਰਪਣ, ਪੰਨਾ 72, ਉਪਰੋਕਤ ਪੰਨਾ 91
31. ਉਹੀ, ਪੰਨਾ 91
32. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, ਪਦ (86)
33. ਉਹੀ, ਪਦ (66)
34. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ ਪਦ (4)
35. ਰਾਗ ਆਸਾ, ਆਦਿ ਗ੍ਰੰਥ, ਪੰਨਾ 487
36. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, ਪਦ (86)
37. ਉਹੀ, ਪਦ (82)
38. ਰਾਗ ਸੂਹੀ ਆਦਿ ਗ੍ਰੰਥ, ਪੰਨਾ 793
39. ਡਾ ਧਰਮਪਾਲ ਸਿੰਗਲ, ਸੰਤ ਬਾਣੀ ਸ੍ਰੀ ਗੁਰੂ ਰਵਿਦਾਸ ਜੀ ਦੀ, ਪਦ(189)
40. ਉਹੀ, ਡਾ ਬੀ. ਪੀ ਸ਼ੁਰਮਾ ਪਦ (154)
41. ਡਾ ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, ਪਦ (40)
42. ਉਹੀ, ਪਦ (84)
43. ਸੀ ਡੀ ਲਿਵਿੱਸ, ਦਾ ਪੋਇਟਿਕ ਇਮੇਜ਼ , ਪੰਨਾ 90
44. ਉਹੀ, ਪੰਨਾ 22
45. ਡਾ ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, ਪਦ (121)
46. ਉਹੀ, ਪਦ (122)
47. ਉਹੀ, ਪਦ (63)
48. ਡਾ. ਧਰਮਪਾਲ ਸਿੰਗਲ, ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਪਦ (70)
49. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, ਪਦ (35)
50. ਡਾ. ਪ੍ਰੇਮ ਪ੍ਰਕਾਸ਼ ਸਿੰਘ, ਗੁਰੂ ਨਾਨਕ ਤੇ ਨਿਰਗੁਣਧਾਰਾ, ਪੰਨਾ 310
51. ਡਾ. ਬੀ ਪੀ ਸ਼ੁਰਮਾ, ਸੰਤ ਰਵਿਦਾਸ ਬਾਣੀ, ਪਦ (171)
52. ਉਹੀ, ਪਦ (124)

53. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (127)
54. ਉਹੀ, ਪਦ (31)
55. ਉਹੀ, ਪਦ ( 96)
56. ਉਹੀ, ਪਦ(47)
57. ਉਹੀ, ਪਦ (142)
58. ਉਹੀ, ਪਦ(163)
59. ਉਹੀ ਪਦ(142)
60. ਉਹੀ ਪਦ (138)
61. ਉਹੀ, ਪਦ(139)
62. ਉਹੀ, ਪਦ ( 162)
63. ਉਹੀ, ਪਦ(142)
64. ਉਹੀ, ਪਦ(163)
65. ਉਹੀ, ਪਦ ( 139)
66. ਉਹੀ, ਪਦ(154)
67. ਉਹੀ, ਪਦ ( 152)
68. ਉਹੀ, ਪਦ ( 162)
69. ਉਹੀ, ਪਦ ( 60)
70. ਉਹੀ, ਪਦ ( 60)
71. ਉਹੀ, ਪਦ ( 90)
72. ਉਹੀ, ਪਦ ( 163)
73. ਉਹੀ, ਪਦ (154)
74. ਉਹੀ, ਪਦ ( 162)
75. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (162)
76. ਉਹੀ ਪਦ ( 146)
77. ਉਹੀ, ਪਦ(163)
77(ਕ) ਉਹੀ, ਪਦ ( 60)
78. ਉਹੀ, ਪਦ(147)
79. ਉਹੀ, ਪਦ (152)

80. ਉਹੀ, ਪਦ (145)
81. ਉਹੀ, ਪਦ ( 152)
82. ਡਾ. ਰਤਿ ਭਾਨੁ ਸਿੰਹ ਨਾਹਰ, ਭਗਤੀ ਅੰਦੋਲਨ ਕਾ ਅਧਿਅਨ, ਪੰਨਾ 48)
83. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ (162) ✓
84. ਉਹੀ ਪਦ ( 147)
85. ਉਹੀ ਪਦ ( 138)
86. ਉਹੀ ਪਦ ( 152)
87. ਉਹੀ ਪਦ ( 119)
88. ਉਹੀ ਪਦ ( 129)
89. ਉਹੀ ਪਦ ( 60)
90. ਉਹੀ ਪੰਨਾ 49
91. ਉਹੀ, ਪਦ ( 140)
92. ਉਹੀ ਪਦ ( 92)
93. ਉਹੀ ਪਦ ( 89)
94. ਉਹੀ ਪਦ ( 118)
95. ਉਹੀ ਪਦ ( 90)
96. ਉਹੀ ਪਦ (117)
97. ਰਾਗੁ ਭੈਰਉ ਆਦਿ ਗ੍ਰੰਥ, ਪੰਨਾ 1163
98. ਡਾ ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ (133)
99. ਡਾ. ਦਲੀਪ ਸਿੰਘ ਦੀਪ, ਸਾਧਨ ਮੇਂ ਰਵਿਦਾਸ ਸੰਤ, ਪੰਨਾ 19
100. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ (133)
101. ਉਹੀ, ਪਦ (118)
102. ਮੈਕਾਲਿਫ ਸਿੱਖ ਰਿਲਿਜ਼ਨ, ਭਾਗ6, ਪੰਨਾ 76)
103. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ,ਪਦ (118)
104. ਪਰਸੁਰਾਮ ਚਤੁਰਵੇਦੀ, ਉਤਰੀ ਭਾਰਤ ਕੀ ਸੰਤ ਪਰੰਪਰਾ, ਪੰਨਾ 97
105. ਮੈਕਾਲਿਫ ਸਿੱਖ ਰਿਲੀਜ਼ਨ, ਭਾਗ 6, ਪੰਨਾ 32
106. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ (118)
107. ਭਾਈ ਜੋਧ ਸਿੰਘ, ਭਗਤ ਬਾਣੀ ਸਟੀਕ, ਪੰਨਾ 168
108. ਡਾ. ਬੀ ਪੀ ਸੁਰਮਾ, ਸੰਤ ਰਵਿਦਾਸ ਬਾਣੀ, ਪਦ (118)

ਨਿਸ਼ਕਰਸ਼

## ਉਪ - ਸੰਹਾਰ

ਭਾਰਤੀ ਰਹੱਸਵਾਦੀ ਕਾਵਿ-ਧਾਰਾ ਵਿਚ ਭਗਤੀ ਦੀ ਪਰੰਪਰਾ ਦਾ ਮਹੱਤਵ ਪੂਰਨ ਸਥਾਨ ਹੈ। ਭਾਰਤੀ ਸਭਿਅਤਾ ਦੇ ਵਿਕਾਸ ਦੇ ਸਮਾਨੰਤਰ ਚਲਦੀ ਰਹੀ ਇਸ ਭਗਤੀ ਭਾਵ ਦੀ ਕਾਵਿ-ਧਾਰਾ ਭਗਤੀ-ਲਹਿਰ ਨਾਲ ਇਕ ਇਤਿਹਾਸਕ ਮਹੱਤਤਾ ਵਲ ਮੋੜ ਕਟਦੀ ਹੈ। ਇਸ ਲਹਿਰ ਦੇ ਪ੍ਰਵਰਤਕ ਜਨ-ਸਾਧਾਰਨ ਵਿਚੋਂ ਸਨ ਅਤੇ ਇਹਨਾਂ ਦੀ ਭਗਤੀ ਭਾਵਨਾ ਵੀ ਲੋਕ ਹਿਰਦਿਆਂ ਦੇ ਅਨੁਕੂਲ ਸੀ। ਇਸ ਲਹਿਰ ਨਾਲ ਭਗਤੀ ਦਾ ਮਹੱਤਵ ਕੇਵਲ ਨਿੱਜੀ ਉਚੱਤਵ ਲਈ ਨਾ ਰਿਹਾ ਸਗੋਂ ਭਗਤੀ ਦਾ ਲਕਸ਼ ਸਮੂਹ ਕਲਿਆਣ ਵਿਚ ਬਦਲ ਗਿਆ। ਭਗਤੀ ਰੂਖੇ ਨਿਰੋਲ ਕਾਲਪਨਿਕ ਅਤੇ ਬੌਧਿਕ ਉਕਤੀਆਂ ਜੁਗਤੀਆਂ ਦੇ ਚੱਕਰ ਵਿਚੋਂ ਨਿਕਲ ਕੇ ਜਨ-ਸਾਧਾਰਨ ਦੇ ਜੀਵਨ ਦਾ ਆਧਾਰ ਬਣ ਗਈ। ਇਸ ਜਨਤਕ ਲਹਿਰ ਵਿਚ ਗੁਰੂ ਰਵਿਦਾਸ ਜੀ ਦਾ ਯੋਗਦਾਨ ਬੜਾ ਉਘੜਵਾਂ ਤੇ ਵਿਸ਼ੇਸ਼ ਹੈ। ਇਹੀ ਹੱਥਲੇ ਸ਼ੋਧ-ਕਾਰਜ ਦਾ ਵਿਸ਼ਾ ਵਸਤੂ ਹੈ। ਜਿਥੇ ਗੁਰੂ ਰਵਿਦਾਸ ਜੀ ਤੋਂ ਪਹਿਲਾਂ ਭਗਤੀ ਦਾ ਖੇਤਰ ਕੇਵਲ ਸਮਾਜਿਕ ਜ਼ਿੰਮੇਵਾਰੀਆਂ ਤੋਂ ਭਾਂਜਵਾਦੀ ਰੁਚੀਆਂ ਵਿਚ ਸੀ ਉਥੇ ਗੁਰੂ ਰਵਿਦਾਸ ਜੀ ਨੇ ਭਗਤੀ ਨੂੰ ਸਮਾਜਿਕ ਜ਼ਿੰਮੇਵਾਰੀਆਂ ਨਾਲ ਜੋੜ ਕੇ ਵਿਅਕਤੀਗਤ ਅਤੇ ਸਮੂਹਿਕ ਉਨਤੀ ਦਾ ਮਾਰਗ ਦਰਸ਼ਨ ਕੀਤਾ।

ਗੁਰੂ ਰਵਿਦਾਸ ਜੀ ਸ਼ਰੋਮਣੀ ਸੰਤ, ਗੁਰੂ, ਵਿਦਵਾਨ, ਵਿਚਾਰਕ ਅਤੇ ਯੁਗ-ਪੁਰਸ਼ ਹੋਏ ਹਨ। ਮੱਧਯੁਗੀਨ ਹਿੰਦੀ ਭਗਤੀ-ਸਾਹਿਤ ਦੇ ਸਿਤਾਰੇ ਸ੍ਰੀ ਕਬੀਰ ਜੀ, ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਅਤੇ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ ਸ੍ਰੀ ਗੁਰੂ ਅਰਜਨ ਦੇਵ ਜੀ ਗੁਰੂ ਰਵਿਦਾਸ ਜੀ ਦੀ ਬਾਣੀ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਦੀ ਉਸਤਤ ਬਿਨਾਂ ਨਾ ਰਹਿ ਸਕੇ। ਕਬੀਰ ਜੀ ਨੇ ਆਪ ਨੂੰ ਸਾਧਨ ਮੇਂ ਰਵਿਦਾਸ ਸੰਤ ਕਹਿ ਕੇ ਸਨਮਾਨਿਆ ਹੈ। ਗੁਰੂ ਅਰਜਨ ਦੇਵ ਜੀ ਨੇ ਆਪ ਦੀ ਨਾਮ-ਭਗਤੀ ਅਤੇ ਮਾਇਆ ਦੇ ਤਿਆਗ ਦੀ ਮਹਿਮਾਂ ਆਪਣੀ ਬਾਣੀ ਵਿਚ ਕੀਤੀ ਹੈ।

> ਰਵਿਦਾਸ ਚਮਾਰ ਉਸਤਤਿ ਕਰੇ, ਹਰਿ ਕੀਰਤਿ ਨਿਮਖ ਇਕ ਗਾਇ ॥
> ਪਤਿਤ ਜਾਤਿ ਉਤਮੁ ਭਇਆ, ਚਾਰ ਵਰਨ ਪਏ ਪਗਿ ਆਇ ॥ [1]

ਮਹਾਨ ਸੰਤਾਂ ਦੇ ਗੁਰੂ ਰਵਿਦਾਸ ਜੀ ਪ੍ਰਤੀ ਜੋ ਵਿਚਾਰ ਹਨ, ਉਨ੍ਹਾਂ ਤੋਂ ਗੁਰੂ ਜੀ ਦੇ ਵਿਅਕਤਿਤਵ ਅਤੇ ਕ੍ਰਿਤਿਤਵ ਦਾ ਅਸਲੀ ਬਿੰਬ ਸਾਹਮਣੇ ਆਉਂਦਾ ਹੈ ਚਾਹੇ ਇਸ ਨੂੰ ਅੱਜ ਕਲ੍ਹ ਅਖੌਂ -ਪਰੋਖੇ ਕਰਕੇ ਧੁੰਦਲਾ ਕਰ ਛੱਡਿਆ ਹੈ। ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚੋਂ ਗੁਰੂ ਜੀ ਦਾ ਸਰੂਪ ਨਿੱਖਰ ਕੇ ਸਾਹਮਣੇ ਆਉਂਦਾ ਹੈ ਇਤਨਾ ਹੀ ਨਹੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀਆਂ ਦੀ ਰਚਨਾ ਪ੍ਰੇਮ ਅੰਬੋਧ ਵਿਚ ਗੁਰੂ ਰਵਿਦਾਸ ਜੀ ਦੀ ਪ੍ਰੇਮਾ ਭਗਤੀ ਦੀ ਸਿਫ਼ਤ ਸਲਾਹ ਕੀਤੀ ਗਈ ਹੈ।

ਕਰਮ- ਮਾਰਗ: - ਗੁਰੂ ਰਵਿਦਾਸ ਜੀ ਨੇ ਭਗਤੀ ਸਾਧਨਾ -ਮਾਰਗ ਵਿਚ ਕਰਮ ਮਾਰਗ ਦੇ ਮਹੱਤਵ ਨੂੰ ਵੀ ਸਵੀਕਾਰ ਕੀਤਾ ਹੈ। ਉਨ੍ਹਾਂ ਅਨੁਸਾਰ 'ਜੋ ਕੁਛ ਬੀਜਿਆ ਲੁਨੀਏ ਸੋਈ ਤਾਂ ਮੈਂ ਫੇਰ ਫਾਰ ਨਹੀਂ ਕੋਈ' ਮਨੁੱਖ ਨੂੰ ਆਪਣੇ ਕੀਤੇ ਕਰਮਾਂ ਅਨੁਸਾਰ ਫਲ ਦੀ ਪ੍ਰਾਪਤੀ ਹੁੰਦੀ ਹੈ ਅਤੇ ਇਸ ਵਿਚ ਮਨੁੱਖ ਨੂੰ ਔਕੜ ਵਿਚ ਪੈਣ ਤੇ ਲੇਖਾ ਜੋਖਾ ਕਰਨਾ ਪੈਂਦਾ ਹੈ। ਇਸ ਤਰ੍ਹਾਂ ਗੁਰੂ ਰਵਿਦਾਸ ਜੀ ਕਰਮ ਸਿਧਾਂਤ ਵਿਚ ਵਿਸ਼ਵਾਸ ਰਖਦੇ ਹਨ। ਉਨ੍ਹਾਂ ਅਨੁਸਾਰ ਸੰਚਿਤ ਕਰਮਾਂ ਦਾ ਕਰਮ ਫਲ ਹਿੱਤ ਹੀ ਮਨੁੱਖ ਜਨਮ ਜਨਮਾਂਤਰਾਂ ਤੋਂ ਆਵਾਗਵਨ ਦੇ ਚੱਕਰ ਵਿਚ ਭਟਕਦਾ ਹੈ। ਗੁਰੂ ਜੀ ਨੇ ਸਤਿ-ਕਰਮ ਅਤੇ ਕੁਕਰਮਾਂ ਤੋਂ ਵੀ ਮਨੁੱਖ ਨੂੰ ਜਾਣੂੰ ਕਰਵਾਇਆ ਅਤੇ ਨਿਸ਼ਕਾਮ ਕਰਮ ਕਰਨ ਤੇ ਬੱਲ ਦਿੱਤਾ। ਉਨ੍ਹਾਂ ਅਨੁਸਾਰ ਚੰਗੇ ਫਲ ਦੀ ਕਾਮਨਾ ਰੱਖ ਕੇ ਕੀਤੇ ਯੱਗ ਆਦਿ ਪੁੰਨ ਵੀ ਮਾਇਆ ਦਾ ਰੂਪ ਹਨ। ਇਹ ਹੀ ਮਨੁੱਖ ਨੂੰ ਆਵਾਗਵਨ ਵਿਚ ਪਾਉਂਦੇ ਹਨ। ਗੁਰੂ ਜੀ ਨੇ ਕਰਮਕਾਂਡੀ ਪੂਜਾ ਵਿਚ ਕੀਤੇ ਜਾਣ ਵਾਲੇ ਕਰਮਾਂ ਦਾ ਖੰਡਨ ਕੀਤਾ ਹੈ। ਉਨ੍ਹਾਂ ਅਨੁਸਾਰ ਪੂਜਾ ਵਿਚ ਕੀਤੇ ਅਜਿਹੇ ਕਰਮ ਭਰਮ-ਮੂਲਕ ਹਨ। ਇਸ ਦੇ ਨਾਲ ਹੀ ਗੁਰੂ ਜੀ ਨੇ ਦਸਿਆ ਕਿ ਮਨੁੱਖ ਨੂੰ ਕਰਮ ਜ਼ਰੂਰ ਕਰਨੇ ਪੈਂਦੇ ਹਨ ਕਿਉਂਕਿ ਮਨੁੱਖ ਦੀ ਪ੍ਰਕ੍ਰਿਤੀ ਹੀ ਕਰਮ ਦੀ ਹੈ ਅਤੇ ਉਸ ਨੂੰ ਪ੍ਰਕਿਰਤੀ ਵਾਂਗ ਨਿਰੰਤਰ ਕਰਮ ਕਰਦੇ ਰਹਿਣਾ ਚਾਹੀਦਾ ਹੈ। ਕਰਮ ਗਿਆਨ ਪ੍ਰਾਪਤੀ ਲਈ ਸਾਧਨ ਵੀ ਹਨ। ਗੁਰੂ ਜੀ ਅਨੁਸਾਰ ਸਾਰੀ ਬਨਸਪਤੀ ਫਲ ਦੀ ਖਾਤਰ ਖਿੜਦੀ ਹੈ ਜਦੋਂ ਫਲ ਵਿਚ ਪ੍ਰਵਰਤਿਤ ਹੋ ਜਾਂਦਾ ਹੈ ਤਾਂ ਫੁੱਲਾਂ ਦਾ ਨਾਸ਼ ਹੋ ਜਾਂਦਾ ਹੈ ਇਸੇ ਤਰ੍ਹਾਂ ਹੀ ਗਿਆਨ ਪ੍ਰਾਪਤੀ ਤੋਂ ਬਾਅਦ ਕਰਮਾਂ ਦੀ ਜ਼ਰੂਰਤ ਨਹੀਂ ਰਹਿੰਦੀ। ਗੁਰੂ ਜੀ ਨੇ ਦਸਿਆ ਹੈ ਕਿ ਭਗਤੀ ਹੀ ਸਭ ਤੋਂ ਉਤਮ ਕਰਮ ਹੈ। ਇਸ ਨਾਲ ਗਨਿਕਾ ਵਰਗੀ ਕੁਕਰਮਣ ਵੀ ਤਰ ਗਈ। ਭਗਤੀ ਕਰਮ ਹੀ ਮਨੁੱਖ ਦੇ ਪਾਪ ਕਰਮਾਂ ਨੂੰ ਕਟ ਸਕਦਾ ਹੈ। ਇਸ ਨਾਲ ਕੇਵਲ ਭਗਤ ਹੀ ਨਹੀਂ ਪੁਨੀਤ ਹੁੰਦਾ ਸਗੋਂ ਉਸ ਦੀਆਂ ਦੋਵੇਂ ਕੁਲਾਂ ਤਰ ਜਾਂਦੀਆਂ ਹਨ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਰਵਿਦਾਸ ਜੀ ਦੀ ਕਰਮ ਮਾਰਗ ਪ੍ਰਤੀ ਵਿਚਾਰਧਾਰਾ ਵਿਚ ਮੌਲਿਕਤਾ ਹੈ ਅਤੇ ਉਨ੍ਹਾਂ ਨੇ ਕਰਮ ਦੇ ਵਿਸਤ੍ਰਿਤ ਅਰਥ ਲਏ ਹਨ।

ਗਿਆਨ - ਮਾਰਗ:- ਗੁਰੂ ਰਵਿਦਾਸ ਬਾਣੀ ਵਿਚ ਗਿਆਨ ਮਾਰਗ ਦੇ ਮਹੱਤਵ ਨੂੰ ਵੀ ਦਰਸਾਇਆ ਗਿਆ ਹੈ। ਉਨ੍ਹਾਂ ਨੇ ਦਸਿਆ ਹੈ ਕਿ ਗਿਆਨ ਤੋਂ ਬਿਨਾਂ ਮਨੁੱਖ ਦੀ ਸਥਿਤੀ ਖੂਹ ਵਿਚ ਬੈਠੇ ਡੱਡੂ ਸਮਾਨ ਹੈ ਜਿਸ ਨੂੰ ਆਸੇ ਪਾਸੇ ਦਾ ਕੁਛ ਪਤਾ ਨਹੀਂ ਹੁੰਦਾ ਹੈ ਅਤੇ ਮਲਿਕ ਮਤ ਮਨੁੱਖ ਦੇ ਵਿਵੇਕ ਦੀਪ ਨੂੰ ਧੁੰਦਲਾ ਕਰ ਦਿੰਦੀ ਹੈ ਜਿਸ ਕਰਕੇ ਉਹ ਪਰਮਤਤ ਨੂੰ ਚੀਨਣ ਤੋਂ ਅਸਮਰਥ ਰਹਿ ਜਾਂਦਾ ਹੈ। ਗੁਰੂ ਰਵਿਦਾਸ ਜੀ ਦਧੇ ਬਾਣੀ ਦੇ ਅਧਿਐਨ, ਉਪਰੰਤ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਉਨ੍ਹਾਂ ਪ੍ਰਾਚੀਨ-ਭਗਤੀ-ਸਾਹਿਤ ਦੀ ਸੰਪੂਰਨ ਜਾਣਕਾਰੀ ਸੀ। ਉਨ੍ਹਾਂ ਅਨੁਸਾਰ ਗੁਰੂ ਤੋਂ ਪ੍ਰਾਪਤ ਕੀਤਾ ਗਿਆਨ ਸਭ ਤਪਾਂ ਦਾ ਤਪ ਹੈ।

ਗੁਰੂ ਜੀ ਨੇ ਗਿਆਨ ਦਾ ਭਗਤੀ ਨਾਲ ਸੁਮੇਲ ਵੀ ਕੀਤਾ ਹੈ। ਉਨ੍ਹਾਂ ਅਨੁਸਾਰ ਕੇਵਲ ਗਿਆਨ ਵੀ ਮਨੁੱਖ ਵਿਚ ਹਉਮੈ ਦੀ ਭਾਵਨਾ ਪੈਦਾ ਕਰਦਾ ਹੈ ਅਤੇ ' ਮੈਂ ਮਮਤਾ' ਵਿਚ ਉਸ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸ ਲਈ ਉਹ 'ਭਉ' ਦੇ ਮਹੱਤਵ ਨੂੰ ਪ੍ਰਤਿਪਾਦਤ ਕਰਦੇ ਹਨ।

ਯੋਗ -ਮਾਰਗ:- ਗੁਰੂ ਰਵਿਦਾਸ ਜੀ ਨੇ ਹਠਯੋਗੀਆਂ ਵਾਂਗ ਯੋਗ ਸਾਧਨਾ -ਮਾਰਗ ਦਾ ਅਨੁਕਰਣ ਨਹੀਂ ਕੀਤਾ ਹੈ। ਉਨ੍ਹਾਂ ਨੇ ਕੇਵਲ ਉਨ੍ਹਾਂ ਯੋਗ ਪ੍ਰਕਿਰਿਆਵਾਂ ਦੀ ਵਰਤੋਂ ਕੀਤੀ ਜੋ ਉਨ੍ਹਾਂ ਦੀ ਸਹਿਜ ਭਗਤੀ ਲਈ ਸਹਾਇਕ ਸਿੱਧ ਹੋਈਆਂ। ਯੋਗਮਾਰਗ ਵਿਚ ਅਸ਼ਟਾਂਗ ਯੋਗ ਸਾਧਨਾ-ਮਾਰਗ ਦਾ ਵਰਨਣ ਹੈ। ਇਨ੍ਹਾਂ ਅੱਠਾਂ ਅੰਗਾਂ ਵਿਚੋਂ ਗੁਰੂ ਜੀ ਨੇ ਕੇਵਲ ਸਦਾਚਾਰਕ ਗੁਣਾਂ ਨੂੰ ਗ੍ਰਹਿਣ ਕੀਤਾ ਜਾਂ ਧਿਆਨ ਨੂੰ ਕੇਂਦਰਿਤ ਕਰਨ ਲਈ ਸਹਿਜ-ਯੋਗ -ਪ੍ਰਕਿਰਿਆਵਾਂ ਦਾ ਸਹਾਰਾ ਲਿਆ। ਗੁਰੂ ਰਵਿਦਾਸ ਜੀ ਨੇ ਛਟ-ਕਰਮ, ਹਠਯੋਗ ਦੀ ਪ੍ਰਾਣ ਸਾਧਨਾ, ਰਿਧੀਆਂ ਸਿੱਧੀਆਂ, ਕਠੋਰ ਤਪ-ਸਾਧਨਾ, ਇੰਦ੍ਰੀ -ਨਿਗ੍ਰਹ, ਅਤੇ ਸਰੀਰ ਦੀ ਸੁਧੀ ਲਈ ਕੀਤੀਆਂ ਜਾਣ ਵਾਲੀਆਂ ਪ੍ਰਕਿਰਿਆਵਾਂ ( ਆਸਨ, ਨਾੜੀ- ਸਾਧਨਾ, ਮੁਦ੍ਰਾਵਾਂ ਆਦਿ) ਦਾ ਖੰਡਨ ਕੀਤਾ ਹੈ। ਉਨ੍ਹਾਂ ਨੇ ਕੇਵਲ ਯੋਗ ਕਰਮ ਦੇ ਸ਼ਬਦ-ਸੁਰਤਿ-ਯੋਗ ਨੂੰ ਸਹਿਜ ਭਾਵ ਵਿਚ ਸਤਿਨਾਮ ਦੇ ਸਵਾਸ ਸਵਾਸ ਸਿਮਰਨ ਲਈ ਪ੍ਰਯੋਗ ਕੀਤਾ ਹੈ। ਉਨ੍ਹਾਂ ਨੇ ਰੰਰਕਾਰ ਜਾਂ ਸ ਰਾਮਾਯ ਨਸਾਇ ਸ਼ਬਦ ਦਾ ਸਹਿਜ ਭਾਵ ਨਾਲ ਸਿਮਰਨ ਕੀਤਾ।

ਇਸ ਤੋਂ ਇਲਾਵਾ ਗੁਰੂ ਰਵਿਦਾਸ ਬਾਣੀ ਵਿਚ ਜਿਥੇ ਕਿਤੇ ਵੀ ਯੋਗ ਦੇ ਸ਼ਬਦਾਵਲੀ ਦਾ ਪ੍ਰਯੋਗ ਹੋਇਆ ਉਨ੍ਹਾਂ ਨੇ ਹਰ ਥਾਂ ਸਹਿਜ ਸ਼ਬਦ ਜੋੜ ਕੇ ਆਪਣੀ ਸਹਿਜ ਭਗਤੀ ਯੋਗ ਦਾ ਪ੍ਰਮਾਣ ਪੇਸ਼ ਕੀਤਾ ਹੈ। ਇਸ ਤਰ੍ਹਾਂ ਅਸੀਂ ਆਖ ਸਕਦੇ ਹਾਂ ਕਿ ਗੁਰੂ ਰਵਿਦਾਸ ਜੀ ਦੀ ਯੋਗ ਸਾਧਨਾ ਅਸਲੀ ਅਰਥਾਂ ਵਿਚ ਸਹਿਜ-ਯੋਗ-ਸਾਧਨਾ ਹੈ। ਇਹ ਹੀ ਉਨ੍ਹਾਂ ਦੀ ਵਿਲੱਖਣਤਾ ਹੈ।

ਭਗਤੀ -ਮਾਰਗ :- ਗੁਰੂ ਰਵਿਦਾਸ ਜੀ ਦੀ ਭਗਤੀ ਆਪਣੇ ਆਪ ਵੀ ਇਕ ਮਿਸਾਲ ਹੈ ਪਰੰਤੂ ਸੰਕੀਰਣਤਾ ਵਿਚ ਅਸੀਂ ਰਵਿਦਾਸ ਨੂੰ ਗੌਰਵ ਪ੍ਰਦਾਨ ਕਰਨ ਤੋਂ ਝਿਜੱਕ ਜਾਂਦੇ ਹਾਂ। ਡੂੰਘੇ ਅਧਿਅਨ ਉਪਰੰਤ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਭਗਤੀ ਨਾ ਕੇਵਲ ਮੱਧਯੁਗ ਦੀ ਉਪਜ ਹੈ ਅਤੇ ਨਾ ਕਿਸੇ ਵਿਸ਼ੇਸ਼ ਸੰਪ੍ਰਦਾਇ ਦਾ ਵਿਰਸਾ ਹੈ। ਅੱਜ ਦੇ ਅਨੁਯਾਈ ਆਮ ਕਹਿੰਦੇ ਹਨ। ਭਗਤੀ ਤਾਂ ਅਨੰਤ ਰਿਸ਼ੀਆਂ ਮੁਨੀਆਂ, ਮਹਾਤਮਾ, ਸੰਤਾਂ, ਜਪੀਆਂ ਤੱਪੀਆਂ, ਗੁਰੂਆਂ ਭਗਤਾਂ ਰੂਪੀ ਮਣਕਿਆਂ ਨਾਲ ਪਰੋਈ ਮਾਲਾ ਹੈ। ਭਗਤੀ-ਮਾਲਾ ਦਾ ਸਰੂਪ ਵੀ ਭਗਤੀ ਵਾਂਗੂੰ ਸਹਿਜ ਰੂਪ ਹੀ ਹੈ ਇਸ ਕਰਕੇ ਇਸ ਨੂੰ ਵਿਸ਼ੇਸ਼ ਸਮੇਂ ਜਾਂ ਖਾਸ ਮੋਤੀ ਨਾਲ ਪਰੋ ਕੇ ਸੰਪੂਰਣ ਨਹੀਂ ਕਿਹਾ ਜਾ ਸਕਦਾ। ਇਨ੍ਹਾਂ ਸਭ ਮਣਕਿਆਂ ਵਿਚ ਪ੍ਰਭੂ ਦੀ ਜੋਤਿ ਸਮਾਨ ਹੈ ਸਾਰੇ ਹੀ ਪਰਮ ਰੂਪ ਹਨ। ਗੁਰੂ ਰਵਿਦਾਸ ਜੀ ਦੀ ਬਾਣੀ ਸਾਖੀ ਭਰਦੀ ਹੈ ਕਿ ਉਨ੍ਹਾਂ ਨੇ ਸਮੁੱਚੇ ਭਗਤੀ ਸਾਹਿਤ ਦੀਆਂ ਪਰਤਾਂ ਨੂੰ

ਘੋਖਿਆ ਵਾਚਿਆ ਤੇ ਫਿਰ ਕਰਮਨ ਦਾ ਅਮਲੀ ਜਾਮਾ ਪਹਿਨਾ ਕੇ ਆਪਣੀ ਵਿਚਾਰਧਾਰਾ ਦਾ ਨਿਰੂਪਨ ਕੀਤਾ। ਇਸ ਲਈ ਤਾਂ ਉਨ੍ਹਾਂ ਦੀ ਬਾਣੀ ਵਿਚ ਗੰਭੀਰ ਤੋਂ ਗੰਭੀਰ ਵਿਚਾਰ ਵੀ ਉਪਲਬਧ ਹਨ।

ਗੁਰੂ ਜੀ ਦੀ ਭਗਤੀ ਸੰਪ੍ਰਦਾਵਾਂ ਤੋਂ ਸੁਤੰਤਰ ਹੈ। ਉਨ੍ਹਾਂ ਦੀ ਬਾਣੀ ਵਿਚ ਉਪਰੋਕਤ ਬਾਣੀ ਤੁੱਕ ਦਾ ਵਾਸਤਵਿਕ ਬਿੰਬ ਦ੍ਰਿਸ਼ਟਮਾਨ ਹੈ। ਉਨ੍ਹਾਂ ਦੀ ਭਗਤੀ ਵੇਦਿਕ ਅਤੇ ਭਾਗਵਤ ਭਗਤੀ ਦਾ ਰਿਸ਼ਤਾ ਮੱਧਕਾਲੀਨ ਭਗਤੀ ਨਾਲ ਜੋੜਦੀ ਹੈ, ਤੋੜਦੀ ਨਹੀਂ। ਉਨ੍ਹਾਂ ਦੀ ਹੀ ਬਾਣੀ ਵਿਚ ਸਗੁਣ-ਨਿਰਗੁਣ ਵਿਚਾਰਧਾਰਾ . . . . . . ਦਾ ਸੰਗਮ ਅਸਲੀ ਅਰਥਾਂ ਵਿਚ ਮਿਲਦਾ ਹੈ। ਚਾਹੇ ਸਗੁਣ ਨਿਰਗੁਣ ਵਿਚਾਰਧਾਰਾ ਭਾਗਵਤ ਭਗਤੀ ਦੀ ਉਪਜ ਹੈ ਪਰੰਤੂ ਭਾਗਵਤ ਭਗਤੀ ਦਾ ਸਗੁਣ ਬ੍ਰਹਮ ਕਿਸੇ ਸਮੇਂ ਕੇਵਲ ਮੂਰਤੀਆਂ ਅਤੇ ਬਾਹਰੀ ਕਰਮ ਕਾਂਡ ਤਕ ਸੀਮਤ ਹੋ ਗਿਆ ਸੀ। ਗੁਰੂ ਰਵਿਦਾਸ ਜੀ ਦਾ ਸਗੁਣ ਬ੍ਰਹਮ ਅਵਿਅਕਤ-ਸਗੁਣ ਹੈ ਜੋ ਅਵਿਅਕਤ ਰੂਪ ਵਿਚ ਕਾਰਜ-ਸ਼ਕਤੀ ਹੈ, ਕਰੁਣਾ ਨਿਧੀ ਅਤੇ ਕਿਰਪਾ ਨਿਧੀ ਹੈ।

ਗੁਰੂ ਜੀ ਦਾ ਭਗਤੀ -ਮਾਰਗ ਸਹਿਜ-ਸਤਿਨਾਮ -ਪ੍ਰੇਮ ਭਗਤੀ ਮਾਰਗ ਹੈ। ਸਹਿਜ ਸ਼ਬਦ ਦਾ ਪ੍ਰਯੋਗ ਚਾਹੇ ਬਹੁਤ ਸਮਾਂ ਪਹਿਲਾਂ ਬੁੱਧ ਅਤੇ ਨਾਥਾਂ ਦੇ ਸਾਹਿਤ ਵਿਚ ਹੋ ਚੁੱਕਾ ਸੀ। ਕਬੀਰ ਜੀ ਅਤੇ ਹੋਰ ਮਧਕਾਲੀਨ ਸੰਤਾਂ ਨੇ ਵੀ ਇਸ ਦਾ ਪ੍ਰਯੋਗ ਕੀਤਾ ਹੈ। ਪਰੰਤੂ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਵਿਅਕਤਿਤਵ ਅਨੁਸਾਰ ਵਾਸਤਵਿਕ ਸਹਿਜ ਤੇ ਕਿਸੇ ਨੇ ਨਹੀਂ ਵੇਖਿਆ। ਇਸ ਵਿਚ ਬਹੁਤ ਵੱਡਾ ਕਟਾਖਸ਼ ਹੈ। ਕਬੀਰ ਜੀ ਨੇ ਵੀ ਸਹਿਜ ਸ਼ਬਦ ਦਾ ਪ੍ਰਯੋਗ ਭਗਤੀ ਲਈ ਕੀਤਾ ਹੈ। ਪਰੰਤੂ ਜਦੋਂ ਉਹ ਇਸਤਰੀ ਪਾਂਡੇ ਹੋਰ ਦੰਭੀਆਂ ਦੀ ਭਗਤੀ ਦਾ ਖੰਡਨ ਕਰਦੇ ਹਨ ਤਾਂ ਸਹਿਜ ਦਾ ਪਲਾ ਛਡ ਜਾਂਦੇ ਹਨ। ਮਧਯੁਗੀਨ ਭਗਤੀ ਦੀ ਇਹ ਪ੍ਰਵਿਰਤੀ ਰਹੀ ਹੈ ਕਿ ਇਸ ਵਿਚ ਕਰੜੇ ਸ਼ਬਦਾਂ ਦਾ ਪ੍ਰਯੋਗ ਕਰਕੇ ਇਸ ਤੋਂ ਪਹਿਲੀ ਭਗਤੀ ਦਾ ਖੰਡਨ ਕੀਤਾ ਜਾਂਦਾ ਰਿਹਾ ਹੈ। ਪਰੰਤੂ ਗੁਰੂ ਰਵਿਦਾਸ ਜੀ ਦੀ ਸਮੁੱਚੀ ਬਾਣੀ ਵਿਚੋਂ ਇਕ ਪੰਕਤੀ ਵੀ ਅਜਿਹੀ ਪ੍ਰਾਪ੍ਰਤ ਨਹੀਂ ਹੁੰਦੀ ਜਿਸ ਵਿਚ ਉਨ੍ਹਾਂ ਨੇ ਕਿਸੇ ਦੀ ਕਠੋਰ ਆਲੋਚਨਾ ਕੀਤੀ ਹੋਵੇ। ਉਨ੍ਹਾਂ ਦੀ ਸਹਿਜ-ਭਾਵੀ ਸ਼ੈਲੀ ਬਾਕੀ ਸਭ ਨਾਲੋਂ ਵਧੇਰੇ ਪ੍ਰਭਾਵਮਈ ਸਿੱਧ ਹੋਈ ਹੈ। ਇਹ ਹੀ ਸਹਿਜ -ਭਾਵ ਹੈ।

ਗੁਰੂ ਰਵਿਦਾਸ ਜੀ ਦਾ ਭਗਤੀ ਮਾਰਗ ਸਹਿਜ ਭਗਤੀ ਮਾਰਗ ਹੈ ਉਨ੍ਹਾਂ ਨੇ ਸਹਿਜ ਸਰੂਪ ਪਰਮਤਤ ਜੋ ਕਿ ਸਹਿਜ ਸੁੰਨਿ ਮੰਡਲ ਦਾ ਵਾਸੀ ਹੈ, ਨੂੰ ਸਹਿਜ ਭਗਤੀ ਮਾਰਗ ਤੇ ਚੱਲ ਚਲ ਕੇ ਚੀਨਣ ਦਾ ਸਾਧਨਾ -ਮਾਰਗ ਜਨ-ਸਾਧਾਰਣ ਨੂੰ ਦਿੱਤਾ। ਸਹਿਜ ਭਾਵੀ -ਮਾਰਗ ਸਤਿਨਾਮ ਭਗਤੀ ਅਤੇ ਸ਼ਬਦ ਸੁਰਤਿ ਯੋਗ ਦੀ ਅਸਲੀ ਸਰੂਪ ਉਨ੍ਹਾਂ ਦੀ ਭਗਤੀ ਵਿਚੋਂ ਵੇਖਿਆ ਜਾ ਸਕਦਾ ਹੈ। ਪ੍ਰਭੂ ਦਾ ਨਾਮ ਤਾਂ ਗੁਰੂ ਰਵਿਦਾਸ ਜੀ ਦਾ ਪ੍ਰਾਣ -ਆਧਾਰ ਬਣ ਗਿਆ ਸੀ। ਸਵਾਸ -ਸਵਾਸ ਸਿਮਰਨ ਬਾਰੇ ਤਾਂ ਉਨ੍ਹਾਂ ਨੇ ਦਿਲ ਰੂਪੀ ਕੁਦਰਤੀ ਘੜੀ ਉਤੇ ਪ੍ਰਯੋਗ ਕਰਕੇ ਸਾਨੂੰ ਇਸ ਦੀ ਪਰਖ

ਵੀ ਦਸੀ ਦਿਤੀ ਹੈ। ਅਸੀਂ ਉਨ੍ਹਾਂ ਦੀ ਬਾਣੀ ਨੂੰ ਅਮਲੀ ਰੂਪ ਕਿਥੇ ਦੇ ਸਕਦੇ ਹਾਂ ਜਦ ਕਿ ਸਾਡੀਆਂ ਅੱਖਾਂ ਹਰ ਸਮੇਂ ਘੜੀਆਂ ਉਤੇ ਹੀ ਰਹਿੰਦੀਆਂ ਹਨ। ਪਰੰਤੂ ਅਸੀਂ ਪ੍ਰਭੂ ਦੇ ਨਾਮ ਤੇ ਕੁਝ ਪਲ ਰਾਖਵੇਂ ਰਖਣੇ ਵੀ ਨਹੀਂ ਸਿਖ ਸਕੇ।

ਗੁਰੂ ਰਵਿਦਾਸ ਜੀ ਦੀ ਪ੍ਰੇਮ ਭਗਤੀ ਦੀ ਆਪਣੀ ਵਿਲੱਖਣਤਾ ਹੈ। ਉਨ੍ਹਾਂ ਅਨੁਸਾਰ ਭਗਤੀ ਪ੍ਰੇਮ ਅਤੇ ਸਤਿਸੰਗ ਤੋਂ ਬਿਨਾਂ ਚੀਨੀ ਨਹੀਂ ਜਾਂਦੀ। ਸਹਿਜ-ਪ੍ਰੇਮ ਭਾਗਤੀ ਵਿਚ ਪਰਮਾਨੰਦ ਤੋਂ ਬਾਅਦ ਭਗਤ ਦੇ ਮਨ ਵਿਚ ਇਕ ਇੱਛਾ ਪ੍ਰਭੂ ਦੇ ਦਰਸ਼ਨਾਂ ਦੀ ਵੀ ਹੁੰਦੀ ਹੈ। ਜਿਸ ਲਈ ਪੂਰਾ ਜੀਵਨ ਲੇਖੇ ਲਾ ਦਿੱਤਾ ਜਾਂਦਾ ਹੈ ਜਿਸ਼ ਨਾਲ ਸੰਗਿ ਤੋੜ ਕੇ ਪ੍ਰਤੀਤ ਪਾ ਲਈ ਜਾਂਦੀ ਹੈ ਜਿਸ ਨੂੰ ਆਪਣੇ ਪ੍ਰੇਮ ਬੰਧਨ ਵਿਚ ਬੰਨ੍ਹ ਲਿਆ ਜਾਂਦਾ ਹੈ। ਜਿਸਨੂੰ ਸਾਧਕ ਪ੍ਰੇਮ ਬੰਧਨ ਵਿਚ ਛੁਟਣ ਦੀ ਚਨੌਤੀ ਵੀ ਦੇ ਦਿੰਦਾ ਹੈ ਅਤੇ ਵਿਚ ਉਸ ਦੇ ਸਰੂਪ ਨੂੰ ਅਤ੍ਰਿਪਤ ਨੇਣ ਅਵਲੋਕਨ ਲਈ ਪੁਕਾਰਦੇ ਹਨ।

ਇਸ ਤਰ੍ਹਾਂ ਅਸੀਂ ਵੇ ਖਦੇ ਹਾਂ ਕਿ ਗੁਰੂ ਰਵਿਦਾਸ ਜੀ ਦਾ ਭਗਤੀ ਮਾਰਗ ਸਹਿਜ-ਸਤਿਨਾਮ ਪ੍ਰੇਮ ਭਗਤੀ ਮਾਰਗ ਹੈ। ਜਿਸ ਵਿਚ ਕਰਮ ਗਿਆਨ ਅਤੇ ਯੋਗ ਸਾਧਨਾ-ਮਾਰਗ ਵੀ ਅਵਿਅਕਤ ਰੂਪ ਵਿਚ ਵਿਦਮਾਨ ਹਨ। ਗੁਰੂ ਰਵਿਦਾਸ ਜੀ ਨੇ ਆਪਾ ਚੀਨ ਕੇ ਪਰਮਤਤ ਨੂੰ ਚੀਨਣ ਲਈ ਉਪਰੋਕਤ ਮਾਰਗ ਦਾ ਅਨੁਕਰਣ ਕੀਤਾ ਅਤੇ ਇਸ ਦੀ ਪ੍ਰਾਪਤੀ ਲਈ ਪ੍ਰਭੂ ਕਿਰਪਾ, ਗੁਰੂ ਕਿਰਪਾ ਸ਼ਰਧਾ ਵਿਸ਼ਵਾਸ ਸਤਿਸੰਗਤ, ਸਦਾਚਾਰ ਅਤੇ ਮਨ ਬਚ-ਕਰਮ ਨੂੰ ਸਵੀਕਾਰ ਕੀਤਾ।

ਬ੍ਰਹਮ:- ਭਗਤੀ ਅਸਲ ਵਿਚ ਬ੍ਰਹਮ ਦੀ ਖੋਜ ਹੈ। ਸ਼ਾਇਦ ਇਸ ਕਰਕੇ ਹੀ ਗੁਰੂ ਰਵਿਦਾਸ ਬਾਣੀ ਵਿਚ ਬ੍ਰਹਮ-ਸੰਬੰਧੀ ਵਿਸਥਾਰਪੂਰਵਕ ਵਰਨਣ ਆਉਂਦਾ ਹੈ। ਗੁਰੂ ਜੀ ਨੂੰ ਚਾਹੇ ਨਿਰਗੁਣਵਾਦੀ ਸੰਤਾਂ ਵਿਚ ਗਿਣਿਆ ਜਾਂਦਾ ਹੈ ਪਰ ਉਨ੍ਹਾਂ ਦਾ ਸਗੁਣ ਬ੍ਰਹਮ ਵਿਚ ਵੀ ਸਮਾਨ ਸ਼ਰਧਾ ਅਤੇ ਵਿਸ਼ਵਾਸ ਨਜ਼ਰ ਆਉਂਦਾ ਹੈ। ਉਨ੍ਹਾਂ ਦੀ ਬਾਣੀ ਵਿਚੋਂ ਸਗੁਣ-ਨਿਰਗੁਣ ਇਕ ਵਿਚਾਰ ਪ੍ਰਾਪਤ ਹੁੰਦਾ ਹੈ। ਮਧਕਾਲੀਨ ਭਗਤੀ ਨਿਰਗੁਣ-ਧਾਰਾ ਦੇ ਰੂਪ ਵਿਚ ਵਹਿੰਦੀ ਹੈ ਜਿਥੇ ਇਸ ਤੋਂ ਪਹਿਲੀ ਭਗਵਤ ਭਗਤੀ ਸਗੁਣ-ਧਾਰਾ ਦੇ ਰੂਪ ਵਿਚ ਨਾਲ ਨਾਲ ਹੀ ਵਗਦੀ ਹੈ। ਤੁਲਸੀ ਦਾਸ ਦੀ ਭਗਤੀ ਵਿਚ ਵੀ ਇਹ ਵਹਿਣ ਹੀ ਦਿਸਦਾ ਹੈ। ਗੁਰੂ ਰਵਿਦਾਸ ਜੀ ਸਗੁਣ-ਨਿਰਗੁਣ ਦੇ ਸੰਗਮ ਤੇ ਖੜੇ ਪ੍ਰਤੀਤ ਹੁੰਦੇ ਹਨ। ਕਿਉਂਕਿ ਉਨ੍ਹਾਂ ਦੀ ਵਿਚਾਰਧਾਰਾ ਵਿਚ ਅਵਿਅਕਤ ਸਗੁਣ ਅਤੇ ਨਿਰਗੁਣ ਭਗਤੀ ਲਹਿਰਾਂ ਮੌਜੂਦ ਹਨ ਗੁਰੂ ਜੀ ਦਾ ਸਗੁਣ ਬ੍ਰਹਮ ਹੂ-ਬ-ਹੂ ਵੈਸ਼ਣਵ ਸੰਤਾਂ ਦੇ ਈਸ਼ਵਰ ਨਾਲ ਮੇਲ ਨਹੀਂ ਖਾਂਦਾ। ਭਾਗਵਤ ਭਗਤਾਂ ਦਾ ਬ੍ਰਹਮ ਕਦੀ ਅਵਤਾਰਵਾਦਾਂ ਦੇ ਰੂਪ ਵਿਚ ਮਾਖਿਆਤ ਨਜ਼ਰ ਆਉਂਦਾ ਹੈ ਅਤੇ ਕਦੀ ਸਥੂਲ ਮੂਰਤੀਆਂ ਵਿਚ ਵਿਦਮਾਨ ਦ੍ਰਿਸ਼ਟੀਗੋਚਰ ਹੁੰਦਾ ਹੈ ਉਥੇ ਗੁਰੂ ਰਵਿਦਾਸ ਜੀ ਦਾ ਬ੍ਰਹਮ ਅਵਿਅਕਤ ਸਗੁਣ ਹੈ ਜੋ ਅਵਿਅਕਤ ਰੂਪ ਵਿਚ ਕਿਰਪਾ, ਕਰੁਣਾ ਅਤੇ ਰਖਿਆ ਸ਼ਕਤੀ ਦੇ ਰੂਪ ਵਿਚ ਅਨੇਕਾਂ ਕਾਰਜ ਕਰਦਾ ਹੈ। ਉਹ ਦਰੋਪਤੀ ਦੀ ਲਾਜ ਰਖਣ ਵਾਲਾ, ਭਗਤ ਪ੍ਰਹਿਲਾਦ

ਦੀ ਰਖਿਆ ਕਰਨ ਵਾਲਾ, ਗਰੀਬਾਂ ਨੂੰ ਨਿਵਾਜਣ ਵਾਲਾ ਅਤੇ ਭਗਤਾਂ ਨੂ ਉਧਾਰਨ ਵਾਲਾ ਹੈ।

ਗੁਰੂ ਜੀ ਦਾ ਬ੍ਰਹਮ, ਓਅੰਕਾਰ, ਅਖਰ, ਸ਼ਬਦ, ਸੁਨਯ ਨਿਰੰਜਨ, ਅਨਿਰਵਚਨੀਯ ਸਹਿਜ-ਸੁੰਨਿ ਸਤਿ, ਸਤਿਰਾਮ, ਜੋਤਿ ਸਰੂਪ, ਸੈਭੰ, ਵਿਰਾਟ-ਸਰੂਪ ਸੁਲਤਾਨਾਂ ਦਾ ਸੁਲਤਾਨਾ, ਲੇਖਾ ਮੰਗਣਹਾਰ, ਰਾਮ ਰਸਾਇਨ, ਅਤੀਤ, ਅਨੂਪਮ, ਨਿਰਭੈ, ਅਗਮ, ਅਗੋਚਰ, ਨਿਰਗੁਣ, ਨਿਰਗੁਣ-ਸਗੁਣ, ਨਿਰਵਿਕਾਰ, ਅਬਿਨਾਸੀ, ਜੀਵਨ ਮੁਕਤੀ ਨਿਧੀ ਕਾਸੀ, ਸਰਵੱਗ, ਸਰਬਗਤੀ, ਕਰਤਾ ਹਰਤਾ, ਸਰਵੇਸ਼ਵਰ, ਦ੍ਰਿਸ਼ਟ, ਅਦ੍ਰਿਸ਼ਟ ਗੇਯ, ਗਯਾਤਾ, ਏਕਮੇਕ, ਦਰਕਦਰ, ਦਰਿਆਵ-ਦਿਲ, ਬਖਸ਼ਣਹਾਰ, ਪਰਮਪਦ, ਕਰੁਣਾਨਿਧੀ, ਕ੍ਰਿਪਾ-ਨਿਧੀ, ਚਿੰਤਾਮਣੀ, ਸਾਹਿਬ, ਬਾਜੀਗਰ, ਅੰਜਨ, ਬਿਮਲ, ਅਪ੍ਰਮੇਵ, ਸਚਿਦਾਨੰਦ, ਅਨੰਤ, ਅਲਖ ਰਾਮਰਸ, ਮੁਕੰਦ -ਪ੍ਰਾਣ, ਜਾਨਣਹਾਰ, ਦੀਨਾਨਾਥ, ਦਮੋਦਰ, ਏਕ-ਅਨੇਕ-ਅਨੇਕ-ਏਕ ਹਰਿ, ਘਟਿ ਘਟਿ ਵਿਆਪਕ ਹੈ। ਉਹ ਮੁਕੰਦ ਮਾਤਾ ਪਿਤਾ, ਪ੍ਰਭੂ -ਪ੍ਰੀਤਮ, ਸਖਾ, ਸੁਵਾਮੀ ਅਤੇ ਦਾਤਾ ਹੈ। ਉਹ ਸ੍ਰਿਸ਼ਟੀ ਦੇ ਆਦਿ, ਮਧ ਅਤੇ ਅੰਤ ਵਿਚ ਵਿਆਪਕ ਰਹਿੰਦਾ ਹੈ।

<u>ਜੀਵ:-</u> ਗੁਰੂ ਰਵਿਦਾਸ ਜੀ ਨੇ ਵਿਗਿਆਨਕ ਅਤੇ ਅਧਿਆਤਮਕ ਦ੍ਰਿਸ਼ਟੀਕੋਣ ਤੋਂ ਜੀਵ ਦਾ ਨਿਰੂਪਣ ਕੀਤਾ ਹੈ। ਮਨੁੱਖੀ ਸੰਰਚਨਾ ਦਸਣ ਤੋਂ ਬਾਅਦ ਉਨ੍ਹਾਂ ਨੇ ਜੀਵਾਤਮਾ ਦੀ ਤੁਲਨਾ ਬ੍ਰਿਛ ਤੇ ਬੈਠੇ ਪੰਛੀ ਨਾਲ ਕੀਤੀ ਹੈ। ਉਨ੍ਹਾਂ ਅਨੁਸਾਰ ਮਨੁੱਖੀ ਸਰੀਰ ਨਾਸ਼ਵਾਨ ਹੈ ਪਰੰਤੂ ਜੀਵਾਤਮਾ ਨੂੰ ਕਰਮਾਂ ਹਿੱਤ ਪੁਰਾਣੀ ਦੇਹ ਛਡ ਕੇ ਨਵੀਂ ਗ੍ਰਹਿਣ ਕਰਨੀ ਪੈਂਦਾ ਹੈ। ਗੁਰੂ ਰਵਿਦਾਸ ਜੀ ਨੇ ਵੇਦਾਂਤ ਦੀ ਤਰ੍ਹਾਂ ਆਤਮਾ ਅਤੇ ਪਰਮਾਤਮਾ ਵਿਚ ਅੰਸ਼-ਅੰਸ਼ੀ ਦਾ ਸੰਬੰਧ ਵੀ ਸਵੀਕਾਰ ਕੀਤਾ ਹੈ। ਉਨ੍ਹਾਂ ਅਨੁਸਾਰ ਬ੍ਰਹਮ ਅਤੇ ਜੀਵ ਵਿਚ ਅਭਾਸੀ ਦਵੈਤ ਹੈ ਜਾਂ ਅਦਵੈਤ ਹੈ, ਪਾਣੀ ਅਤੇ ਪਾਣੀ ਤੋਂ ਉਪਜੀਆਂ ਤਰੰਗਾਂ ਵਰਗੀ ਜਾਂ ਸੋਨਾ ਅਤੇ ਇਸ ਤੋਂ ਬਣੇ ਗਹਿਣਿਆਂ ਵਰਗੀ ਅਭਿੰਨਤਾ ਹੈ। ਅਗਿਆਨਤਾ ਕਾਰਨ ਜੀਵ ਨੂੰ ਵੱਖਰੀ ਹੋਂਦ ਪ੍ਰਤੀਤ ਹੁੰਦੀ ਹੈ। ਜਿਵੇਂ ਹਨੇਰੇ ਵਿਚ ਰੱਸੀ ਸੱਪ ਦਾ ਭੁਲੇਖਾ ਪਾਉਂਦੀ ਹੈ। ਇਹ ਹੀ ਬੰਧਨ ਦਾ ਕਾਰਣ ਹੈ। ਇਸ ਤੋਂ ਨਿਵਾਰਣ ਪ੍ਰਾਪਤ ਕਰਨ ਨਾਲ ਹੀ ਅਨੇਕਤਾ ਵਿਚ ਏਕਤਾ ਨਜ਼ਰ ਆਉਂਦੀ ਹੈ।

ਗੁਰੂ ਰਵਿਦਾਸ ਜੀ ਅਨੁਸਾਰ ਮਨੁੱਖੀ ਜੀਵਨ ਦੁਰਲਭ ਹੈ ਅਤੇ ਸਭ ਜੀਵਾਂ ਵਿਚ ਪਰਮ ਤਤ ਦੀ ਜੋਤਿ ਜਾਗਦੀ ਹੈ। ਤ੍ਰਿਗਦ ਜੂਨਾਂ ਵਿਚੋਂ ਮਨੁੱਖ ਸਰਵਸ਼੍ਰੇਸ਼ਠ ਹੈ। ਗੁਰੂ ਜੀ ਨੂੰ ਸੰਸਾਰਿਕ ਜੀਵ ਦੁਖਿਆਰੇ ਅਤੇ ਦੁਖਿਆਰੀਆਂ ਲਗਦੇ ਹਨ ਕਿਉਂਕਿ ਇਹ ਪ੍ਰਭੂ ਤੋਂ ਬੇਮੁਖ ਹੋਏ (ਮਨਮੁਖ) ਮਾਇਆ ਵਿਚ ਭਟਕ ਰਹੇ ਹਨ ਅਤੇ ਗੁਰਮੁਖ ਦਿਲ ਦਰਿਆ ਵਿਚੋਂ ਹੀਰੇ ਦੀ ਪ੍ਰਾਪਤੀ ਕਰ ਲੈਂਦੇ ਹਨ। ਜਿਥੇ ਮਨਮੁਖ ਅਨਰਸਾਂ ਵਿਚ ਭਟਕਦੇ ਹਨ ਉਥੇ ਗੁਰਮੁਖ ਰਾਮ ਰਸਾਇਣ ਪੀਂਦੇ ਹਨ। ਗੁਰੂ ਜੀ ਅਨੁਸਾਰ ਜਦੋਂ ਤਕ ਮਨੁੱਖ ਪ੍ਰਭੂ -ਕਿਰਪਾ ਨਾਲ ਨਾਮ ਸਿਮਰਣ ਨਹੀਂ ਕਰਦਾ ਤਦੋਂ ਤਕ ਉਹ ਆਵਾਗਵਨ ਵਿਚ ਭਟਕਦਾ ਰਹਿੰਦਾ ਹੈ ।

ਸ੍ਰਿਸ਼ਟੀ :- ਗੁਰੂ ਰਵਿਦਾਸ ਜੀ ਨੇ ਸ੍ਰਿਸ਼ਟੀ ਨੂੰ ਪ੍ਰਭੂ ਦੀ ਰਚਨਾ ਸਵੀਕਾਰ ਕੀਤਾ ਹੈ। ਉਨ੍ਹਾਂ ਅਨੁਸਾਰ ਉਹ ਪ੍ਰਭੂ ਹੀ ਸਭ ਜੀਵਾਂ ਵਿਚ ਰਗ ਚਲਾਉਂਦਾ ਹੈ , ਉਹ ਹੀ ਕਾਰਜ ਸ਼ਕਤੀ ਹੈ ਅਤੇ ਉਸਦੀ ਜੋਤਿ ਹੀ ਸਭ ਪ੍ਰਾਣੀਆਂ ਵਿਚ ਵਿਦਮਾਨ ਹੈ। ਅਦਵੈਤਵਾਦ ਦੇ ਪ੍ਰਤੀਬਿੰਬਵਾਦ ਅਨੁਸਾਰ ਵੀ ਸੰਸਾਰ ਪਰਮਾਤਮਾ ਦਾ ਪ੍ਰਤੀਬਿੰਬ ਹੈ। ਇਹ ਵਿਚਾਰਧਾਰਾ ਗੁਰੂ ਰਵਿਦਾਸ ਬਾਣੀ ਵਿਚ ਵੀ ਉਪਲਬਧ ਹੁੰਦੀ ਹੈ। ਗੁਰੂ ਰਵਿਦਾਸ ਜੀ ਨੇ ਅਧਿਆਤਮਵਾਦ ਅਨੁਸਾਰ ਸੰਸਾਰ ਨੂੰ ਮਾਇਆ ਦਾ ਸਾਕਾਰ ਰੂਪ ਵੀ ਮੰਨਿਆ ਹੈ। ਸਾਰੀ ਸ੍ਰਿਸ਼ਟੀ ਤ੍ਰਿਗੁਣੀ ਮਾਇਆ ਦੀ ਉਪਜ ਹੈ। ਪ੍ਰਭੂ ਬਾਜੀਗਰ ਵੀ ਇਸਦੀ ਪਕੜ ਤੋਂ ਨਹੀਂ ਬਚ ਸਕਿਆ। ਉਪਨਿਸ਼ਦਾਂ ਅਨੁਸਾਰ ਪਰਮਾਤਮਾ ਸੰਸਾਰ ਦੇ ਕਣ ਕਣ ਵਿਚ ਵਿਆਪਕ ਹੈ । ਗੁਰੂ ਰਵਿਦਾਸ ਜੀ ਅਨੁਸਾਰ ਵੀ ਪ੍ਰਭੂ ਸ੍ਰਿਸ਼ਟੀ ਸਰਵ ਵਿਆਪਕ ਹੈ।

ਗੁਰੂ ਜੀ ਨੇ ਸੰਸਾਰ ਨੂੰ ਭੌ-ਸਾਗਰ, ਵਿਸ਼ ਦਾ ਖੂਹ, ਕਜਲ ਦੀ ਕੋਠੜੀ ਆਦਿ ਵੀ ਕਿਹਾ ਹੈ। ਉਨ੍ਹਾਂ ਨੇ ਭਵ -ਸਾਗਰ ਨੂੰ ਤੈਰਨ ਦਾ ਇਕੋ ਇਕ ਉਪਾ ਨਾਮ ਭਗਤੀ ਦਸਿਆ ਹੈ। ਗੁਰੂ ਜੀ ਨੇ ਜਗਤ ਨੂੰ ਇਸ ਦੀ ਨਾਸ਼ਮਾਨਤਾ ਕਾਰਣ ਫਨਖਾਨਾ ਵੀ ਕਿਹਾ ਹੈ । ਉਨ੍ਹਾਂ ਅਨੁਸਾਰ ਜਗਤ ਮਿਥਿਆ ਵੀ ਹੈ ਕਿਉਂਕਿ ਇਥੋਂ ਦੇ ਰਿਸ਼ਤੇ ਨਾਤੇ ਸਭ ਝੂਠ ਹਨ। ਪ੍ਰਭੂ ਤੋਂ ਬਿਨਾਂ ਸਭ ਕੁਝ ਮਿਥਿਆ ਹੈ। ਗੁਰੂ ਜੀ ਅਨੁਸਾਰ ਚਾਹੇ ਸੰਸਾਰ ਮਿਥਿਆ ਹੈ ਪਰ ਇਹ ਸਤਿ ਵੀ ਹੈ। ਜਗਤ ਦੀ ਸਥਿਤੀ ਅਤੇ ਉਤਪਤੀ ਵੀ ਸਤਿ ਹੈ । ਇਸ ਦਾ ਹਰ ਇਕ ਕਾਰਜ ਸਤਿ ਸਰੂਪ ਦੀ ਛੱਤਰ ਛਾਇਆ ਹੇਠ ਪ੍ਰਤੱਖ ਹੋ ਰਿਹਾ ਹੈ ਇਸ ਲਈ ਇਹ ਵਿਵਹਾਰਿਕ ਰੂਪ ਵਿਚ ਜਗਤ ਸਤਿ ਵੀ ਹੈ। ਪਾਰਮਾਰਥਿਕ ਦ੍ਰਿਸ਼ਟੀ ਤੋਂ ਜਗਤ ਮਿਥਿਆ ਹੈ ਕਿਉਂਕਿ ਸਤਿ ਸਰੂਪ ਤੋਂ ਬਿਨਾਂ ਇਸ ਦੀ ਕੋਈ ਹੋਂਦ ਨਹੀਂ।

ਮਾਇਆ :- ਸੰਸਾਰ ਵਿਚ ਅਸਤਿ ਨੂੰ ਸਤਿ ਸਮਝਣਾ ਮਾਇਆ ਹੈ। ਇਸ ਨੂੰ ਅਵਿਦਿਆ ਵੀ ਕਿਹਾ ਜਾਂਦਾ ਹੈ ਸੰਸਾਰ ਵਿਚ ਸਮੁੱਚੇ ਕਰਮ ਜੋ ਅਵਿਦਿਆ ਹਿੱਤ ਹੁੰਦੇ ਹਨ - ਮਾਇਆ ਹਨ। ਗੁਰੂ ਜੀ ਨੇ ਇਸ ਨੂੰ ਸੰਸਾਰ ਪ੍ਰਪੰਚ ਕਿਹਾ ਹੈ ਜੋ ਮਨੁੱਖ ਨੂੰ ਵਿਆਕੁਲ ਕਰ ਰਖਦਾ ਹੈ। ਗੀਤਾ ਵਿਚ ਇਸ ਨੂੰ ਅਵਿਦਿਆ ਅਤੇ ਉਪਨਿਸ਼ਦਾਂ ਵਿਚ ਸ੍ਰਿਸ਼ਟੀ ਪ੍ਰਪੰਚ ਕਿਹਾ ਗਿਆ ਹੈ।

ਗੁਰੂ ਰਵਿਦਾਸ ਜੀ ਅਨੁਸਾਰ ਮਾਇਆ ਅਪਰੰਪਰ, ਮੋਹਣੀ ਹੈ , ਵਿਕਟ ਹੈ, ਝੂਠੀ ਹੈ, ਥੋਥੀ ਹੈ ਅਤੇ ਤ੍ਰਿਗੁਣਾਤਮਕ ਪਕ੍ਰਿਤੀ ਵਾਲੀ ਹੈ । ਇਹ ਕਈ ਤਰ੍ਹਾਂ ਦੇ ਮਨਮੋਹਕ ਰੂਪ ਧਾਰ ਕੇ ਜਗਤ ਨੂੰ ਠਗਦੀ ਹੈ। ਇਹ ਜਤੀਆਂ ਸਤੀਆਂ ਤੇ ਵੀ ਹਾਵੀ ਹੋ ਜਾਂਦੀ ਹੈ। ਗੁਰੂ ਜੀ ਅਨੁਸਾਰ ਪਰਮਾਤਮਾ ਵੀ ਇਸ ਦੀ ਮੋਹਿਣੀ ਸ਼ਕਤੀ ਤੋਂ ਨਹੀਂ ਬਚ ਸਕਿਆ ਗੱਲ ਕੀ ਇਸ ਨੇ ਸਭ ਨੂੰ ਵਸ ਵਿਚ ਕਰ ਰਖਿਆ ਹੈ ਅਤੇ ਕੋਈ ਵਿਰਲਾ ਹੀ ਇਸ ਦੀ ਪਕੜ ਤੋਂ ਬਚ ਸਕਦਾ ਹੈ। ਗੁਰੂ ਰਵਿਦਾਸ ਜੀ ਨੇ ਅਨੁਸਾਰ ' ਪੰਚ ਵਿਕਾਰ ਜੋ ਮਾਇਆ ਦਾ ਰੂਪ ਹਨ ਕ ਮਨੁੱਖ ਦੇ ਵੈਰੀ ਨਹੀਂ ਮੈਨੂੰ ਤਾਂ ਇਨ੍ਹਾਂ ਪੰਜਾਂ ਸਖੀਆਂ ਨੇ ਪਰਮ ਨਿਧੀ ਵਿਖਾ ਦਿੱਤੀ ਹੈ ।'

ਗੁਰੂ ਰਵਿਦਾਸ ਜੀ ਨੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਭਰਮ, ਤ੍ਰਿਸ਼ਨਾ

ਹਉਮੈ, ਆਸ਼ਾ ਆਦਿ ਦੇ ਤਿਆਗ ਤੇ ਬਲ ਦਿੱਤਾ। ਮਨ ਅਤੇ ਮਾਇਆ ਦਾ ਗੂੜਾ ਸੰਬੰਧ ਹੈ। ਇਸ ਲਈ ਗੁਰੂ ਜੀ ਨੇ ਮਨ ਨੂੰ ਸਥਿਰ ਕਰਨ ਲਈ ਗੁਰੂ ਜੀ ਸ਼ਰਨ ਵਿਚ ਜਾ ਕੇ ਨਾਮ ਜਪਣ ਤੇ ਜ਼ੋਰ ਦਿੱਤਾ। ਗੁਰੂ ਦੀ ਅਨੁਸਾਰ ਪ੍ਰਭੂ ਅਤੇ ਗੁਰੂ ਕਿਰਪਾ, ਪ੍ਰਭੂ-ਭਗਤੀ ਅਤੇ ਸਤਿਸੰਗਤ ਦੁਆਰਾ ਹੀ ਮਾਇਆ ਤੋਂ ਛੁਟਕਾਰਾ ਹੁੰਦਾ ਹੈ।

ਗੁਰੂ ਰਵਿਦਾਸ ਜੀ ਦੀ ਮਾਇਆ ਪ੍ਰਤੀ ਵਿਚਾਰਧਾਰਾ ਤੇ ਭਾਗਵਤ ਗੀਤਾ ਅਤੇ ਉਪਨਿਸ਼ਦਾਂ ਦਾ ਪ੍ਰਭਾਵ ਦ੍ਰਿਸ਼ਟੀਗਤ ਹੁੰਦਾ ਹੈ। ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਸਕਾਰਾਤਮਕ ਅਤੇ ਨਕਾਰਾਤਮਕ ਸ਼ਕਤੀ ਵੀ ਹੈ। ਇਸ ਲਈ ਇਹ ਵੀ ਪਰਮਤਤ ਵਾਂਗ ਅਨਿਰਵਚਨੀਯ ਹੈ। ਇਹ ਮਨੁੱਖ ਨੂੰ ਨਕਾਰਾ ਕਰ ਦਿੰਦੀ ਹੈ। ਜਿਵੇਂ ਤੋਤਾ ਬੇਰਾਂ ਨੂੰ ਟੁੱਕ ਟੁੱਕ ਕੇ ਧਰਤੀ ਤੇ ਸੁੱਟ ਕੇ ਵਿਅਰਥ ਕਰ ਦਿੰਦਾ ਹੈ ਤਿਵੇਂ ਹੀ ਇਹ ਮਨੁੱਖੀ ਜੀਵਨ ਨੂੰ ਨਿਰਾਰਥਕ ਬਣਾ ਦਿੰਦੀ ਹੈ। ਇਸ ਦੀਰਘ ਰੋਗ ਦਾ ਇਲਾਜ ਕੇਵਲ ਰਾਮ ਰਸਾਇਣ ਹੈ। ਕਿਉਂਕਿ ਗਿਆਨ ਅਤੇ ਕਰਮ f ਮਨੁੱਖ ਨੂੰ ਇਸ ਦੇ ਬੰਧਨ ਤੋਂ ਛੁਟਕਾਰਾ ਨਹੀਂ ਕਰਵਾ ਸਕਦੇ।

ਮੁਕਤੀ :- ਗੁਰੂ ਰਵਿਦਾਸ ਜੀ ਅਨੁਸਾਰ ਸੰਸਾਰਿਕ ਬੰਧਨਾਂ ਤੋਂ ਛੁਟਕਾਰਾ, ਮੋਹ-ਮਾਇਆ ਤੋਂ ਨਿਵਾਰਣ, ਆਵਾਗਵਨ ਤੋਂ ਛੁਟਕਾਰਾ ਜਮਾਂ ਦੀ ਫਾਹੀ ਕਟਣਾ, ਆਪਾ ਅਤੇ ਪਰਮਤਤ ਚੀਨਣਾ, ਅਮਰਪਦ ਪ੍ਰਾਪਤ ਕਰਨਾ ਹੀ ਮੁਕਤੀ ਹੈ। ਅਸਲ ਵਿਚ ਅਵਰ ਸੰਗ ਤੋੜ ਕੇ ਪ੍ਰਭੂ ਸੰਗ ਜੋੜਨਾ ਹੀ ਮੁਕਤੀ ਹੈ। ਸੱਚਾ ਭਗਤ ਸਦਾ ਸਦਾ ਲਈ ਪ੍ਰਭੂ ਦੇ ਚਰਨਾਂ ਵਿਚ ਸਥਾਨ ਪ੍ਰਾਪਤ ਕਰਨਾ ਚਾਹੁੰਦਾ ਹੈ। ਉਸ ਨਾਲ ਇਕਮਿਕਤਾ ਕਰਨਾ ਚਾਹੁੰਦੇ ਹਨ। ਗੁਰੂ ਰਵਿਦਾਸ ਜੀ ਦੀ ਬਾਣੀ ਵਿਚੋਂ ਵਿਭਿੰਨ ਪ੍ਰਕਾਰ ਦੀਆਂ ਮੁਕਤੀਆਂ ਸੰਬੰਧੀ ਵਿਚਾਰ ਪ੍ਰਾਪਤ ਹੁੰਦੇ ਹਨ। ਉਨ੍ਹਾਂ ਨੇ ਨਿੱਜੀ ਮੁਕਤੀ ਵੀ ਕਾਮਨਾ ਨਹੀਂ ਕੀਤੀ। ਉਹ ਹਿਰਦੇ ਵਿਚ ਗੋਬਿੰਦ-ਗੁਣਾਂ ਨੂੰ ਗ੍ਰਹਿਣ ਕਰਨ ਤੇ ਬੱਲ ਦਿੰਦੇ ਹਨ ਤਾਂ ਕਿ ਸਮਾਜ ਦੀ ਸੇਵਾ ਕੀਤੀ ਜਾ ਸਕੇ। ਗੁਰੂ ਜੀ ਨੇ ਸਾਰੂਪਯ ਮੁਕਤੀ ( ਪਰਮ ਰੂਪ ਹਮ ਸੋਈ) ਪ੍ਰਾਪਤ ਕਰ ਲਈ ਸੀ ਅਤੇ ਉਨ੍ਹਾਂ ਨੇ ਸਾਮੀਪਯ ਮੁਕਤੀ ਵੀ ਕਾਮਨਾ ਕੀਤੀ ਹੈ ਤਾਂ ਕਿ ਉਨ੍ਹਾਂ ਨੇੜੇ ਨੇੜੇ ਰਹਿਣ ਦਾ ਸੁਭਾਗ ਪ੍ਰਾਪਤ ਹੋ ਜਾਵੇ।

ਗੁਰੂ ਰਵਿਦਾਸ ਜੀ ਦਾ ਬ੍ਰਹਮ ਵੀ ਜੀਵਨ ਮੁਕਤੀ ਨਿਧੀ ਕਾਸੀ ਹੈ। ਅਤੇ ਉਨ੍ਹਾਂ ਦੀ ਬਾਣੀ ਵਿਚੋਂ ਵੀ ਜੀਵਨ ਮੁਕਤੀ ਦਾ ਸਰੂਪ ਉਭਰ ਕੇ ਸਾਹਮਣੇ ਆਉਂਦਾ ਹੈ। ਉਹ ਸਮੁੱਚੇ ਜਗਤ ਨੂੰ ਬੇਗਮਪੁਰਾ ਬਨਾਉਣਾ ਚਾਹੁੰਦੇ ਹਨ ਅਤੇ ਨਾਲ ਹੀ 'ਬੈਕੁੰਠ ਦੀ ਪ੍ਰਾਪਤੀ' ਸੰਬੰਧੀ ਵੀ ਗਲ ਕਰਦੇ ਹਨ। ਉਨ੍ਹਾਂ ਨੇ ਇਸ ਸੰਦਰਭ ਵਿਚ ਉਰਵਾਰ ਅਤੇ ਪਾਰ ਮੁਕਤੀ ਸੰਬੰਧੀ ਵਰਨਣ ਕੀਤਾ ਹੈ। ਉਰਵਾਰ ਮੁਕਤੀ ਨਾਲ ਮਨੁੱਖ ਜਿਥੇ ਆਪੇ ਵਿਚ ਗੋਬਿੰਦ ਗੁਣਾਂ ਦੇ ਸਾਰ ਦਾ ਸਮਾਵੇਸ਼ ਕਰ ਲੈਂਦਾ ਹੈ ਉਥੇ ਸਮਾਜ ਦੇ ਕਲਿਆਣ, ਵਿਚ ਵੀ ਯੋਗਦਾਨ ਪਾਉਂਦਾ ਹੈ। ਪਾਰ ਮੁਕਤੀ ਵਿਚ ਉਹ ਆਵਾਗਵਨ ਛੋਂ ਛੁਟਕਾਰਾ ਪਾ ਕੇ ਪਰਮਤਤ ਨੂੰ ਚੀਨਣਾ ਹੈ ਅਤੇ ਇਸ ਤਰ੍ਹਾਂ ਪ੍ਰਭੂ ਦੇ

ਚਰਨ ਅਰਬਿੰਦਾਂ ਵਿਚ ਸਥਾਨ ਪ੍ਰਾਪਤ ਕਰ ਲੈਂਦਾ ਹੈ। ਮੁਕਤੀ ਪ੍ਰਾਪਤੀ ਲਈ ਗੁਰੂ ਰਵਿਦਾਸ ਜੀ ਨੇ ਭਗਤੀ ਮਾਰਗ ਦਾ ਅਨੁਕਰਣ ਕਰਨ ਤੇ ਬੱਲ ਦਿੱਤਾ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਗੁਰੂ ਰਵਿਦਾਸ ਜੀ ਨੇ ਕਿਸੇ ਵਿਸ਼ੇਸ਼ ਦਰਸ਼ਨ ਪੱਧਤੀ ਦਾ ਅਨੁਕਰਣ ਨਹੀਂ ਕੀਤਾ। ਉਨ੍ਹਾਂ ਨੂੰ ਸਮੁੱਚੇ ਭਾਰਤੀ ਦਰਸ਼ਨ ਦੀ ਜਾਣਕਾਰੀ ਸੀ। ਉਨ੍ਹਾਂ ਨੇ ਵਿਸ਼ੇਸ਼ ਸੰਪ੍ਰਦਾਇ ਵਿਚ ਆਪਣੇ ਵਿਚਾਰਾਂ ਨੂੰ ਕੈਦ ਨਹੀਂ ਕੀਤਾ ਸਗੋਂ ਭਾਰਤੀ ਦਾਰਸ਼ਨਿਕ ਵਿਚਾਰਧਾਰਾ ਨੂੰ ਵਿਚਾਰਿਆ, ਅਨੁਭਵ ਦੀ ਪੱਧਰ ਤੇ ਪਰਖਿਆ ਅਤੇ ਫਿਰ ਰਿਣਾਤਮਕ ਤੱਤਾਂ ਦਾ ਤਿਆਗ ਕਰਕੇ ਮੌਲਿਕਤਾ ਅਤੇ ਨਵੀਨਤਾ ਦਾ ਜਾਮਾ ਪਹਿਨਾ ਕੇ ਨਿਰੂਪਣ ਕੀਤਾ।

<u>ਸਦਾਚਾਰ</u> :- ਭਗਤੀ ਦਾ ਆਰੰਭ ਹੀ ਉਚੇ ਸੁੱਚੇ ਆਚਰਣ ਤੋਂ ਹੁੰਦਾ ਹੈ। ਸੰਤਾਂ ਨੇ ਯੋਗੀਆਂ ਵਾਂਗ ਕੇਵਲ ਇੰਦਰੀਆਂ ਅਤੇ ਮਨ ਦੀ ਸੰਰਚਨਾ ਦੀ ਸੁਧੀ ਲਈ ਪ੍ਰਕਿਰਿਆਵਾਂ ਨਹੀਂ ਕੀਤੀਆਂ ਸਗੋਂ ਉਨ੍ਹਾਂ ਦੀ ਸੁਧੀ ਮਨ ਬਚਨ ਅਤੇ ਕਰਮਣ ਦੀ ਹੈ। ਉਨ੍ਹਾਂ ਨੇ ਸੁਧ ਅਤੇ ਸਰਲ ਹਿਰਦੇ ਲਈ ਪਰ ਨਿੰਦਾ ਹਉਮੈ, ਕ੍ਰੋਧ, ਲੋਭ ਮੋਹ ਅਤੇ ਕਾਮ ਦੇ ਤਿਆਗ ਤੇ ਜ਼ੋਰ ਦਿੱਤਾ ਅਤੇ ਸਤਿ, ਸੰਜਮ, ਸੰਤੋਖ ਨਿਮਰਤਾ, ਦਯਾ, ਕਰੁਣਾ ਵਰਗੇ ਗੁਣਾਂ ਨੂੰ ਅਪਣਾ ਕੇ ਆਪਾ ਚੀਨਣ ਦਾ ਸੰਦੇਸ਼ ਦਿੱਤਾ। ਆਤਮ ਸਿੱਧੀ ਪ੍ਰਾਪਤ ਕਰਨ ਵਾਲਾ ਮਨੁੱਖ ਹੀ ਭਗਤੀ ਨੂੰ ਵਿਵਹਾਰਿਕ ਰੂਪ ਦੇ ਸਕਦਾ ਹੈ। ਚੰਗੇ ਗੁਣਾਂ ਸਦਕਾ ਹੀ ਉਹ ਪਰਮਤਤ ਦੀ ਜੋਤਿ ਨੂੰ ਸਭ ਵਿਚ ਵੇਖ ਸਕਦਾ ਹੈ। ਗੁਰੂ ਰਵਿਦਾਸ ਜੀ ਮਨ-ਮਛਲੀ ਨੂੰ ਸੰਸਾਰ-ਸਮੁੰਦਰ ਵਿਚ ਆਪਣਾ ਚਰਿੱਤਰ ਬਚਿਤ੍ਰ ਵਿਚਾਰਨ ਦਾ ਸੰਦੇਸ਼ ਦਿੰਦੇ ਹਨ। ਗੁਰੂ ਜੀ ਅਨੁਸਾਰ ਚਰਿਤਰ ਨਿਰਮਾਣ ਵਿਚ ਸਤਿ ਸੰਗਤ ਦਾ ਬਹੁਤ ਹੱਥ ਹੈ ਉਨ੍ਹਾਂ ਨੇ ਸੰਗਤ ਦੇ ਪ੍ਰਭਾਵ ਨੂੰ ਬਹੁਤ ਸੁੰਦਰ ਉਦਾਹਰਣਾਂ ਦੇ ਕੇ ਸਪੱਸ਼ਟ ਕੀਤਾ ਹੈ। ਗੁਰੂ ਜੀ ਨੇ ਸਦਾਚਾਰ ਨੂੰ ਵਿਅਕਤੀਗਤ ਅਤੇ ਸਮਾਜਕ ਦੋਵਾਂ ਰੂਪਾਂ ਵਿਚ ਵਿਚਾਰਿਆ ਹੈ। ਸਦਾਚਾਰ ਦੇ ਸਮਾਜਿਕ ਪੱਖ ਵਿਚ ਉਨ੍ਹਾਂ ਨੇ ਸੁਕ੍ਰਿਤ ਕਰਨ ਦੇ ਮਹੱਤਵ ਨੂੰ ਦਰਸਾਇਆ ਉਨ੍ਹਾਂ ਨੇ ਆਦਰਸ਼ ਸਮਾਜ ਦੀ ਸਿਰਜਨਾ ਲਈ ਜਾਤ ਪਾਤ ਅਤੇ ਉਚ ਨੀਚ ਦੇ ਭੇਦਭਾਵ ਨੂੰ ਭਗਤੀ ਰਾਹੀਂ ਅਤੇ ਕਥਨੀ ਤੇ ਕਰਨੀ ਦੇ ਸੁਮੇਲ ਰਾਹੀਂ ਦੂਰ ਕਰਨ ਦਾ ਉਪਰਾਲਾ ਕੀਤਾ। ਉਨ੍ਹਾਂ ਦੀ ਬਾਣੀ ਵਿਚੋਂ ਕੌਮੀ ਏਕਤਾ ਦਾ ਸੰਦੇਸ਼ ਪ੍ਰਾਪਤ ਹੁੰਦਾ ਹੈ। ਉਨ੍ਹਾਂ ਨੇ ਨਸ਼ਿਆਂ ਦੇ ਵਿਵਰਜਨ ਸੇਵਾ ਅਤੇ ਦਾਨ, ਪੀੜ-ਹਰਨ, ਸਾਦੀ ਰਹਿਣੀ ਬਹਿਣੀ ਦੇ ਮਹੱਤਵ ਨੂੰ ਵੀ ਦਰਸਾਇਆ ਹੈ। ਉਨ੍ਹਾਂ ਨੇ ਹਥੀਂ ਕਿਰਤ ਕਮਾਈ ਕਰਨ ਸੇਵਾ ਅਤੇ ਦਾਨ ਦੇਣ ਅਤੇ ਸੰਤੋਖ ਦੀ ਭਾਵਨਾ ਰਖ ਕੇ ਗ੍ਰਿਹਸਥੀ ਜੀਵਨ ਜਿਉਣ ਤੇ ਵਧੇਰੇ ਬਲ ਦਿੱਤਾ ਹੈ।

ਅਸਲ ਵਿਚ ਕਥਨੀ ਅਤੇ ਕਰਨੀ ਵਿਚ ਸੁਮੇਲ ਸਥਾਪਿਤ ਕਰਨ ਨਾਲ ਹੀ ਕਿਸੇ ਉਦੇਸ਼ ਦੀ ਪੂਰਤੀ ਹੁੰਦੀ ਹੈ। ਗੁਰੂ ਰਵਿਦਾਸ ਜੀ ਨੇ ਥਾਂ ਥਾਂ ਮਨ-ਬਚ-ਕਰਮ ਕਰੈ ਰਵਿਦਾਸਾ ਦਾ ਹੋਕਾ ਦੇ ਕੇ ਜਨ-ਸਾਧਾਰਨ ਨੂੰ ਸੰਤਾਂ ਦੇ ਵਚਨਾਂ ਨੂੰ ਅਮਲੀ ਜਾਮਾ ਪਹਿਨਾਉਣ ਦੀ ਪ੍ਰੇਰਨਾ ਦਿੱਤੀ ਹੈ। ਗੁਰੂ ਜੀ ਦੇ ਸਮੇਂ ਇਸਤਰੀ ਨੂੰ ਸਮਾਜ ਵਿਚ ਸਤਿਕਾਰ ਪ੍ਰਾਪਤ ਨਹੀਂ ਸੀ ਇਥੋਂ ਤਕ

ਕਿ ਕਬੀਰ ਵਰਗੇ ਸੰਤਾਂ ਨੇ ਵੀ ਇਸ ਨੂੰ ਤ੍ਰਿਸਕਾਰਿਆ ਹੈ। ਗੁਰੂ ਜੀ ਦਾ ਇਸਤਰੀ ਪ੍ਰਤੀ ਦ੍ਰਿਸ਼ਟੀਕੋਣ ਮੌਲਿਕ ਹੈ। ਉਨ੍ਹਾਂ ਨੇ ਰਾਣੀ ਝਾਲੀ ਅਤੇ ਮੀਰਾਂਬਾਈ ਨੂੰ ਦੀਖਿਆ ਦਿੱਤੀ ਇਸ ਤਰ੍ਹਾਂ ਉਨ੍ਹਾਂ ਨੇ ... ਸਮਾਜ ਵਿਚ ਇਸਤਰੀ ਨੂੰ ਗੌਰਵ ਪ੍ਰਦਾਨ ਕੀਤਾ।

ਗੁਰੂ ਜੀ ਨੇ ਉਸ ਸਮੇਂ ਦੀ ਰਾਜਨੈਤਿਕ ਸਥਿਤੀ ਦਾ ਵੀ ਬੜੇ ਮੌਲਿਕ ਢੰਗ ਨਾਲ ਨਿਰੂਪਣ ਕੀਤਾ ਹੈ। ਉਨ੍ਹਾਂ ਅਨੁਸਾਰ ਦੁਨਿਆਵੀ ਰਾਜੇ ਤਾਂ ਦੋ-ਚਾਰ ਦਿਨ ਦੇ ਹੁਕਮਰਾਨ ਹਨ ਜਿਥੇ ਸੰਤ-ਜਨ ਤਾਂ ਰਾਜਿਆਂ ਦੇ ਪਾਤਸ਼ਾਹ ਪ੍ਰਭੂ ਦੇ ਪਿਆਰੇ ਹੁੰਦੇ ਹਨ। ਗੁਰੂ ਜੀ ਨੇ ਨਿਵੇਕਲੇ ਢੰਗ ਨਾਲ ਵੇਲੇ ਦੇ ਹਾਕਮਾਂ ਨੂੰ ਨਿਕਾਰਿਆ। ਇਸ ਤੋਂ ਇਲਾਵਾ ਗੁਰੂ ਜੀ ਨੇ ਸੰਸਾਰ ਨੂੰ ਬੇਗਮਪੁਰਾ ਬਣਾਉਣ ਲਈ ਆਪਣੇ ਨਵੀਨ ਅਤੇ ਮੌਲਿਕ ਵਿਚਾਰਾਂ ਦਿੱਤੇ ਹਨ।

<u>ਕਲਾ-ਪੱਖ</u> :- ਗੁਰੂ ਰਵਿਦਾਸ ਜੀ ਨੇ ਸ਼ਰੋਮਣੀ ਸੰਤ ਅਤੇ ਪ੍ਰਭੂ ਦੇ ਭਗਤ ਸਨ ਇਸ ਲਈ ਉਨ੍ਹਾਂ ਦੀ ਬਾਣੀ ਦਾ ਮੁਖ ਵਿਸ਼ਾ ਅਧਿਆਤਮਿਕ ਹੈ। ਸੰਤਾਂ ਦਾ ਭਗਤੀ ਅੰਦੋਲਨ ਸਮੇਂ ਦੇ ਰਾਜਨੈਤਿਕ ਅਤੇ ਸਮਾਜਿਕ ਸਥਿਤੀ ਦੀ ਉਪਜ ਸੀ। ਇਸ ਲਈ ਉਨ੍ਹਾਂ ਨੇ ਭਗਤੀ-ਸਾਧਨਾ ਮਾਰਗ ਤੇ ਚਲ ਕੇ ਸਮਾਜਿਕ ਧਾਰਮਿਕ ਅਤੇ ਰਾਜਨੈਤਿਕ ਖੇਤਰਾਂ ਵਿਚ ਮਾਨਵ ਕਲਿਆਣ ਹਿਤ ਲੋਕ-ਗਿਆਨ ਦਿੱਤਾ। ਗੁਰੂ ਰਵਿਦਾਸ ਬਾਣੀ ਅਣਮੋਲ ਵਿਚਾਰਾਂ ਨਾਲ ਓਤਪੋਤ ਹੈ। ਉਨ੍ਹਾਂ ਦੀ ਬਾਣੀ ਵਿਚ ਨਿਮਨਲਿਖਿਤ ਵਿਚਾਰ ਵਿਲੱਖਣਤਾ ਦੇ ਧਾਰਨੀ ਹਨ।

1. ਵੇਦਾਂ ਤੋਂ ਭਗਤੀ ਦੀ ਉਪਜ। (ਵੇਦ ਤੇ ਪੁਰਾਨ, ਪੁਰਾਨ ਤੇ ਭਾਗਵਤ, ਤੇ ਭਗਤਿ ਪ੍ਰਗਟ ਕੀਨੀ)
2. ਸਤਿਸੰਗ ਬਿਨ ਭਓ ਨਹੀਂ ਉਪਜੈ, ਭਾਵ ਬਿਨੁ ਭਗਤਿ ਨਾ ਹੋਇ ਤੇਰੀ।
3. ਸਹਿਜ- ਸਤਿਨਾਮ-ਪ੍ਰੇਮਾਭਗਤੀ-ਮਾਰਗ ਦਾ ਅਨੁਕਰਣ ।
4. ਅਵਿਅਕਤ ਸਗੁਣ-ਨਿਰਗੁਣ ਬ੍ਰਹਮ ਵਿਚ ਸ਼ਰਧਾ ਅਤੇ ਵਿਸ਼ਵਾਸ ।
5. ਨਿਗਮਾਗਮ ਬਾਦੀ ਵਿਚਾਰਧਾਰਾ
6. ਕਥਨੀ ਅਤੇ ਕਰਨੀ ਵਿਚ ਸੁਮੇਲ( ਮਨ ਬਚ ਕਰਮ ਕਰੈ ਰਵਿਦਾਸਾ )
7. ਪਾਰਸ ਮਨੀ ਮੋਹਿ ਰਤੀ ਨਹੀਂ ਭਾਵੇ ਜਗ ਜੰਜਾਰ ਨਾ ਥੋਰਾ( ਮਾਇਆ ਤੋਂ ਨਿਰਲੇਪਤਾ ਇਸ ਵਿਚੋਂ ਪਰਸਮਨੀ ਦੀ ਸਾਖੀ ਸਿੱਧ ਹੁੰਦੀ ਹੈ,ਜਿਸ ਦਾ ਵਰਨਣ ਮੈਕਾਲਿਫ ਨੇ ਵੀ ਕੀਤਾ ਹੈ )
8. ਬੇਗਮਪੁਰਾ ਦਾ ਸੰਕਲਪ
9. ਇਤਿਹਾਸਕ ਅਤੇ ਮਿਥਿਹਾਸਕ ਹਵਾਲੇ ਦੇ ਕੇ ਭਗਤੀ ਸਾਹਿਤ ਨੂੰ ਇਕ ਮਾਲਾ ਵਿਚ ਪਰੋਣ ਦਾ ਉਪਰਾਲਾ ਕੀਤਾ
10. ਪ੍ਰਭੂ ਦੀ ਕ੍ਰਿਪਾ-ਦ੍ਰਿਸ਼ਟੀ ( ਗਰੀਬ ਨਿਵਾਜ ਗੁਸਾਈਆਂ ਮੇਰਾ )

11. ਸਹਿਜ ਏਕ ਨਹੀਂ ਪੇਖਿਆ ਭਾਵ ਸਹਿਜ ਮਾਰਗ ਦਾ ਅਨੁਕਰਣ

12. ਵੇਦਾਂ ਦੀ ਕਠਿਨ ਭਾਸ਼ਾ ਸੰਬੰਧੀ ਵਰਨਣ ( ਪੜੇ ਸੁਨੈ ਕਛੁ ਸਮੁਝਿ ਨਾ ਪਰਈ, ਅਨਭੈ ਪਦੁ ਨ ਲਹੀਜੈ, ਦਖਿ ਖਿਹੁਨ ਕਤਾਰ ਚਲਤ ਹੈ ਤਿਨਹੂੰ ਸੀਸ਼ ਭੁਜ ਦੀਜੈ )

13. ਇਹ ਸਾਖੀ ਪ੍ਰਸਿੱਧ ਹੈ ਕਿ ਇਕ ਵਾਰੀ ਕਾਸ਼ੀ ਦੇ ਸਭ ਲੋਕ ਗੁਰੂ ਰਵਿਦਾਸ ਜੀ ਦੀ ਭਗਤੀ ਦੀ ਪਰਖ ਕਰਨ ਲਈ ਇਕੱਠੇ ਹੋ ਗਏ। ਉਸ ਵੇਲੇ ਉਨ੍ਹਾਂ ਨੇ ਪ੍ਰਭੂ ਨੂੰ ਦਰਸ਼ਨ ਦੇਣ ਲਈ ਕਰੁਣਾਮਈ ਭਾਵ ਵਿਚ ਸ਼ਬਦ ਉਚਾਰਿਆ ਜਿਸ ਦਾ ਵਰਨਣ ਉਨ੍ਹਾਂ ਨੇ ਆਪ ਆਪਣੀ ਬਾਣੀ ਵਿਚ ਕੀਤਾ ਹੈ। ਤੇ ਫਿਰ ਉਨ੍ਹਾਂ ਨੂੰ ਪ੍ਰਭੂ ਦਾ ਦੀਦਾਰ ਪ੍ਰਾਪਤ ਹੋਇਆ:

ਖਲ ਹਲ ਕਾਸ਼ੀ ਲੋਗ ਬਹੁ ਆਏ, ਦੇਖਨ ਭਗਤੀ ਸਮਾਜ ॥
ਬਿਰਦ ਤਜੋ ਕੈ ਬਿਰਦ ਸੰਭਾਰੌ, ਕਹੈ ਰਵਿਦਾਸ ਚੰਮ ਰਾਜ ॥[2]

14. ਉਦੇਸ਼ ਦੀ ਪੂਰਤੀ ਲਈ ਦ੍ਰਿੜਤਾ ਦਾ ਸੰਕਲਪ ਬਹੁਤ ਜ਼ਰੂਰੀ ਹੈ। ਗੁਰੂ ਰਵਿਦਾਸ ਜੀ ਨੇ ਪ੍ਰਭੂ ਪ੍ਰਾਪਤੀ ਲਈ ਇਹ ਜਨਮ ਉਸਦੇ ਲੇਖੇ ਲਿਖ ਦਿੱਤਾ ਸੀ। ਉਹ ਸਪੱਸ਼ਟ ਲਿਖਦੇ ਹਨ ਕਿ ਨਾਮ ਸਿਮਰਨ ਵਾਲਾ ਦੁਬਾਰਾ ਜਨਮ ਨਹੀਂ ਲੈਂਦਾ ।

<u>ਭਾਸ਼ਾ</u> :- ਗੁਰੂ ਰਵਿਦਾਸ ਜੀ ਨੇ ਵੀ ਆਪਣੇ ਸਮਕਾਲੀਆਂ ਦੀ ਤਰ੍ਹਾਂ ਸੰਤ-ਭਾਖਾ ਦਾ ਪ੍ਰਯੋਗ ਕੀਤਾ ਹੈ। ਕੁਝ ਸ਼ਬਦ ਅਰਬੀ ਅਤੇ ਫਾਰਸੀ ਭਾਸ਼ਾ ਦੇ ਰੰਗ ਵਿਚ ਰੰਗੇ ਵੀ ਪ੍ਰਾਪਤ ਹੋਏ ਹਨ। ਆਪ ਦੀ ਬਾਣੀ ਵਿਚ ਵਿਦਵਾਨਾਂ ਦੀ ਗੂੜ੍ਹ ਭਾਸ਼ਾ ਦੀ ਰੰਗਤ ਵੀ ਮਿਲਦੀ ਹੈ ਅਤੇ ਜਨ ਸਾਧਾਰਣ ਦੀ ਲੋਕ ਬੋਲੀ ਦੀ ਤਸਵੀਰ ਵੀ ਸਪੱਸ਼ਟ ਦਿਸਦੀ ਹੈ। ਆਪਦੀ ਸਰਲ ਭਾਸ਼ਾ ਵੇਦਾਂ ਦੀ ਕਠਨ ਭਾਸ਼ਾ ਦੇ ਪ੍ਰਤੀਕਰਮ ਦੀ ਉਪਜ ਹੈ। ਆਪ ਨੇ ਭਗਤੀ ਭਾਵ ਨੂੰ ਦ੍ਰਿੜ ਸਪੱਸ਼ਟ ਤੇ ਪ੍ਰਭਾਵਸ਼ਾਲੀ ਬਣਾਉਣ ਲਈ ਅਲੰਕਾਰਾਂ, ਬਿੰਬਾਂ ਅਤੇ ਇਤਿਹਾਸਕ-ਮਿਥਿਹਾਸਕ ਹਵਾਲਿਆਂ ਦੀ ਯੋਗ ਵਰਤੋਂ ਕੀਤੀ ਹੈ। ਆਪ ਦੀ ਸਹਿਜ ਬਾਣੀ ਵਿਚੋਂ ਭਗਤੀ ਰਸ ਦੀ ਉਤਪਤੀ ਹੁੰਦੀ ਹੈ। ਰਾਗਾਤਮਕਤਾ ਆਪਦੀ ਬਾਣੀ ਦਾ ਵਿਸ਼ੇਸ਼ ਗੁਣ ਹੈ। ਨਵੀਨਤਾ, ਮੌਲਿਕਤਾ, ਸਰਲਤਾ, ਸਪੱਸ਼ਟਤਾ, ਸਹਿਜਤਾ ਅਤੇ ਵਿਦਵਤਾ ਆਪਦੀ ਸ਼ੈਲੀ ਦੇ ਵਿਸ਼ੇਸ਼ ਗੁਣ ਹਨ।

ਗੁਰੂ ਰਵਿਦਾਸ ਜੀ ਦੀ ਬਾਣੀ ਦੀ ਇਹੀ ਵਿਲੱਖਣਤਾ ਹੈ ਕਿ ਉਹ ਸ਼ੰਕਿਆਂ ਨੂੰ ਅਤੇ ਸੰਸਿਆਂ ਦੀਆਂ ਗੰਢਾਂ ਖੋਲ੍ਹਦੀ ਹੈ ਅਤੇ ਸ਼ੁਧ ਅਤੇ ਸਾਤਵਿਕ ਜੀਵਨ ਬਿਤਾਉਣ ਦਾ ਸੰਦੇਸ਼ ਦਿੰਦੀ ਹੈ। ਉਨ੍ਹਾਂ ਦੀ ਵਿਚਾਰਧਾਰਾ ਵੇਦਾਂ ਸ਼ਾਸਤਰਾਂ ਦੇ ਅਨੁਕੂਲ ਵਗਦੀ ਹੋਈ ਕੁਝ ਰਿਣਾਤਮਕ ਤੱਤਾਂ ਨੂੰ ਛੱਡ, ਧਨਾਤਮਕ ਤੱਤਾਂ ਦਾ ਸਮਾਵੇਸ਼ ਕਰਕੇ ਸਹਿਜਧਾਰਾ ਦੇ ਰੂਪ ਵਿਚ ਵਹਿੰਦੀ ਹੈ। ਉਨ੍ਹਾਂ ਨੇ ਅਨੁਭਵ ਦੇ, ਪੱਧਰ ਤੇ ਪਰਖ ਕੇ ਆਪਣੇ ਵਿਚਾਰ ਪੇਸ਼ ਕੀਤੇ ਹਨ।

ਮਹਾਨ ਵਿਦਵਾਨ ਅਤੇ ਗੰਭੀਰ ਚਿੰਤਕ ਸ੍ਰੀ ਅਰਬਿੰਦ ਨੇ ਜੋ ਆਪਣੇ ਨਿਬੰਧ ਯੋਗ ਔਰ

ਉਸਕਾ ਉਦੇਸ਼ਯਾ ਵਿਚ ਜੋ ਵਿਚਾਰ ਦਿੱਤੇ ਹਨ ਗੁਰੂ ਰਵਿਦਾਸ ਜੀ ਦੀ ਬਾਣੀ ਉਸ ਤੇ ਪੂਰੀ ਉਤਰਦੀ ਹੈ। ਉਹ ਲਿਖਦੇ ਹਨ ਜਿਵੇਂ ਸਰਵੋਤਮ ਧਰਮ ਉਹ ਹੈ ਜੋ ਸਭ ਧਰਮਾਂ ਦੇ ਸਤਿ ਨੂੰ ਸਵੀਕਾਰੇ ਅਤੇ ਹਰ ਇਕ ਨੂੰ ਉਸਦਾ ਉਚਿਤ ਸਥਾਨ ਦੇਵੇ। ਦੂਜੇ ਧਰਮਾਂ ਜਾਂ ਦਰਸ਼ਨਾਂ ਦੀ ਚਰਚਾ ਹੀ ਮੁਖ ਕਾਰਣ ਹੈ ਕਿ ਸਾਡੇ ਅਣਮੋਲ ਵਿਚਾਰ ਵੀ ਮਾਨਵ ਜਾਤੀ ਦੀ ਰਖਿਆ ਨਹੀਂ ਕਰ ਸਕੇ। ਈਸਾ ਦੀ ਪਵਿੱਤਰਤਾ ਦੇ ਸਿਧਾਂਤ, ਮੁਹੰਮਦ ਦੇ ਸਮਰਪਣ -ਸਿਧਾਂਤ, ਚੈਤੰਨਯ ਦੇ ਪ੍ਰੇਮ ਸਿਧਾਂਤ ਅਤੇ ਰਾਮਕ੍ਰਿਸ਼ਨ ਦੇ ਸਰਵਧਰਮ ਏਕਤਾ ਅਤੇ ਮਾਨਵ ਵਿਚ ਪਰਮਾਤਮਾ ਦੀ ਦਿਵਯਤਾ ਦੇ ਸਿਧਾਂਤਾਂ ਦੀਆਂ ਧਾਰਨਾਵਾਂ ਨੂੰ ਸਮਲਿਤ ਕਰਕੇ ਸਤਿਯੁਗ ਦੀ ਪੁਨਰ ਸਥਾਪਨਾ ਹੋ ਸਕਦੀ ਹੈ।[3]

ਗੁਰੂ ਰਵਿਦਾਸ ਜੀ ਨੇ ਵੀ ਬੇਗਮਪੁਰਾ ਸ਼ਹਿਰ ਕਾ ਨਾਉ, ਅਤੇ ਸਹਿਜ ਏਕ ਨਹੀਂ ਦੇਖਿਆ ਸ਼ਬਦਾਂ ਵਿਚਉਪਰੋਕਤ ਵਿਚਾਰਧਾਰਾ ਦਾ ਨਿਰੂਪਣ ਕੀਤਾ ਹੈ। ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਰਵਿਦਾਸ ਜੀ ਇਕ ਮਹਾਨ ਵਿਦਵਾਨ , ਗੰਭੀਰ ਚਿੰਤਕ, ਸ਼ਰੋਮਣੀ ਸੰਤ ਅਤੇ ਯੁਗ ਪ੍ਰਵਰਤਕ ਹੋਏ ਹਨ। ਜਿਨ੍ਹਾਂ ਦੀ ਬਾਣੀ ਦੀਆਂ ਤਹਿ-ਦਰ-ਤਹਿਆਂ ਨੂੰ ਫਰੋਲ ਕੇ ਅਮਲੀ ਜਾਮਾ ਪਹਿਨਾਉਣ ਦੀ ਜ਼ਰੂਰਤ ਹੈ ਜੋ ਕਿ ਅੱਜ ਦੇ ਸਮੇਂ ਦੀ ਮੰਗ ਵੀ ਹੈ ।

## ਟਿਪਣੀਆਂ ਤੇ ਹਵਾਲੇ

1. ਰਾਗ ਸੂਹੀ, ਮਹਲਾ: 5, ਆਦਿ ਗ੍ਰੰਥ, ਪੰਨਾ 733
2. ਡਾ. ਬੀ ਪੀ ਸ਼ਰਮਾ, ਸੰਤ ਰਵਿਦਾਸ ਬਾਣੀ, ਪਦ (138)
3. ਡਾ. ਸ਼ਯਾਮ ਬਹਾਦੁਰ ਵਰਮਾ, ਸ੍ਰੀ ਅਰਬਿੰਦ , ਸਾਹਿਤਯ ਦਰਸ਼ਨ, ਪੰਨਾ 38-39

***

# ਪੁਸਤਕ - ਸੂਚੀ

## ਪੁਸਤਕ -ਸੂਚੀ


ਅਰਜਨ ਦੇਵ (ਗੁਰੂ), ਸ੍ਰੀ ਆਦਿ ਗ੍ਰੰਥ ਸਾਹਿਬ

ਆਨੰਦ, ਪ੍ਰਤਾਪ ਸਿੰਘ ਜੋਤਸ਼ੀ, ਜਨਮਸਾਖੀ ਸ੍ਰੀ ਰਵਿਦਾਸ ਭਗਤ ਜੀ, ਅੰਮ੍ਰਿਤਸਰ, ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ

ਸਾਹਿਬ ਸਿੰਘ, ਭਗਤ ਬਾਣੀ ਸਟੀਕ(ਭਾਗ ਪਹਿਲਾ ) ਸਿੰਘ ਬ੍ਰਦਰਜ਼, ਮਾਈ ਸੇਵਾ, ਅੰਮ੍ਰਿਤਸਰ

ਭਗਤ ਬਾਣੀ ਸਟੀਕ(ਭਾਗ ਦੂਜਾ ) , 1983

ਸਾਬਰ, ਜਸਬੀਰ ਸਿੰਘ, ਭਗਤ ਰਵਿਦਾਸ ਸ੍ਰੋਤ ਪੁਸਤਕਨ੍ਹ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਸਾਵਨ ਸਿੰਘ, ਗੁਰਮਤ ਸਿਧਾਂਤ(ਭਾਗ ਪਹਿਲਾ ) ਰਾਧਾ ਸੁਆਮੀ ਸੰਤਸੰਗ,

ਗੁਰਮਤ ਸਿਧਾਂਤ (ਭਾਗਦੂਜਾ), ਰਾਧਾ ਸੁਆਮੀ ਸਤਿਸੰਗ, ਬਿਆਸ, ਜ਼ਿਲਾ ਅੰਮ੍ਰਿਤਸਰ, 1955, 1981

ਸ਼ਾਂਤੀ ਸੇਠੀ, ਸੰਤ ਸੰਦੇਸ਼, ਰਾਧਾ ਸੁਆਮੀ ਸਤਿਸੰਗ ਬਿਆਸ, 1971

ਸ਼ਾਨ, ਹਰਨਾਮ ਸਿੰਘ (ਡਾ.), ਬਾਣੀ ਭਗਤ ਰਵਿਦਾਸ ਜੀ ਕੀ, ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ, 1984

ਸਿੰਗਲ, ਧਰਮਪਾਲ(ਡਾ.), ਸੰਤ ਸ਼ਿਰੋਮਣੀ ਰਵਿਦਾਸ, ਦੀਪਕ ਪਬਲਿਸ਼ਰਜ਼, ਜਲੰਧਰ, 1983

———————— , ਬਾਣੀ ਸ੍ਰੀ ਗੁਰੂ ਰਵਿਦਾਸ ਜੀ, ਗੁਰੂ ਰਵਿਦਾਸ ਚੇਅਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1986 ( ਪਹਿਲਾ ਸੰਸਕਰਣ )

———————— , ਪ੍ਰਾਚੀਨ ਜੀਵਨ ਕਥਾ, ਸ੍ਰੀ ਗੁਰੂ ਰਵਿਦਾਸ ਜੀ, ਪ੍ਰੇਸ ਭਾਰਤੀ, ਚੰਡੀਗੜ੍ਹ, 1985

ਸ੍ਰਿੰਗਾਰੀ, ਟੀ ਆਰ (ਡਾ.), ਅਤੇ ਖਾਕ, ਕ੍ਰਿਪਾਲ ਸਿੰਘ — ਸੰਤ-ਮਤ ਵੀਚਾਰ, ਰਾਧਾ ਸੁਆਮੀ ਸਤਿਸੰਗ ਬਿਆਸ, ਜ਼ਿਲਾ ਅੰਮ੍ਰਿਤਸਰ

ਸ਼ੇਰ ਸਿੰਘ, — ਗੁਰਮਤਿ ਦਰਸ਼ਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, 1962, ਦੂਜੀ ਵਾਰ

ਕਸੇਲ, ਕ੍ਰਿਪਾਲ ਸਿੰਘ, — ਪੰਜਾਬੀ ਸਾਹਿਤ ਦਾ ਇਤਿਹਾਸ, ਭਾਸ਼ਾ ਵਿਭਾਗ, ਪੰਜਾਬ, 1971

ਕਵੀਸ਼ਰ, ਸਰਦੂਲ ਸਿੰਘ, — ਸਿੱਖ ਧਰਮ ਦਰਸ਼ਨ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦੂਜੀ ਵਾਰ, 1981

ਕਾਨ੍ਹ ਸਿੰਘ ਨਾਭਾ (ਭਾਈ), — ਗੁਰੂ ਸ਼ਬਦ ਰਤਨਾਕਾਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1960

ਗਿਲ, ਮਹਿੰਦਰ ਕੌਰ (ਡਾ.), — ਬਾਣੀ ਚੇਤਨਾ, ਪੈਪਸੂ ਬੁੱਕ ਡਿਪੂ, ਪਟਿਆਲਾ, 1978

ਗੁਰਚਰਨ ਸਿੰਘ (ਡਾ.), — ਆਦਿ ਗ੍ਰੰਥ ਸ਼ਬਦ ਅਨੁਕ੍ਰਮਨਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1971

ਗੁਰਮੁਖ ਸਿੰਘ, — ਭਗਤ ਰਵਿਦਾਸ ਤੇ ਉਹਦੀ ਬਾਣੀ, ਲਾਹੌਰ ਬੁੱਕ ਡਿਪੂ, ਲੁਧਿਆਣਾ, 1976

ਜਮਨਾ ਦਾਸ (ਮਹੰਤ), — ਸ੍ਰੀ ਰਵਿਦਾਸ ਪੁਰਾਣ, ਗਰੋਵਰ ਪ੍ਰਿੰਟਿੰਗ ਪ੍ਰੈਸ ਅੰਮ੍ਰਿਤਸਰ, 1932

——————, — ਸਤਿ ਅੰਮ੍ਰਿਤ ਬਾਣੀ ਦਾ ਟੀਕਾ, ਹਾਂਡਾ ਪ੍ਰੈਸ ਜਲੰਧਰ, ਸੰਮਤ 1991

——————, — ਭਗਤ ਬਾਣੀ ਦੀ ਖੋਜ, ਸ੍ਰੀ ਰਾਮਦਾਸ ਕਾਲਜ ਅੰਮ੍ਰਿਤਸਰ

——————, — ਗੁਰਮੁਖੀ ਦੇ ਪੈਂਤੀ ਅੱਖਰ, ਸ੍ਰੀ ਗੁਰਮਤ ਪ੍ਰੈਸ ਅੰਮ੍ਰਿਤਸਰ

——————, — ਸੱਚ ਦਾ ਸੂਰਜ, ਹਾਇਜ ਆਰਟ ਸਟੀਮ ਪ੍ਰੈਸ ਲੁਧਿਆਣਾ।

| | |
|---|---|
| ਜਮਨਾ ਦਾਸ (ਮਹੰਤ), | ਸ੍ਰੀ ਰਵਿਦਾਸ ਸਤਿ ਸਰੂਪ ਦੀ ਕਥਾ, ਸ੍ਰੀ ਗੁਰਮਤ ਪ੍ਰੈਸ, ਅੰਮ੍ਰਿਤਸਰ |
| ਜੋਧ ਸਿੰਘ (ਭਾਈ), | ਭਗਤੀ ਰਤਨਾਕਰ ਭਗਤ ਬਾਣੀ ਸਟੀਕ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1957 |
| ਡਬਲਿਊ ਐਚ ਮਕਲਾਊਡ ਅਨੁਵਾਦਕ (ਮੋਹਨਜੀਤ ਸਿੰਘ) | ਗੁਰੂ ਨਾਨਕ ਦੇ ਉਦੇਸ਼, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ |
| ਤਾਰਨ ਸਿੰਘ (ਅਨੁ.) ਮੂਲ ਲੇਖਕ ਐਫ.ਮੈਕਸਮੂਲਰ | ਧਰਮ ਦੀ ਉਤਪਤੀ ਅਤੇ ਵਿਕਾਸ, ਪੰਜਾਬੀ ਯੂਨੀਵਰਸਿਟੀ, ਪਟਿਆਲਾ,1977 |
| ਤਾਂਘ, ਈਸ਼ੁਰ ਸਿੰਘ, | ਚਾਰੇ ਵੇਦ ਹੋਏ ਸਚਿਆਰ, ਦੀਪ ਪ੍ਰਕਾਸ਼ਨ ਅੰਬਾਲਾ, ਸ਼ਹਿਰ |
| ਦਰਦੀ, ਗੋਪਾਲ ਸਿੰਘ, | ਪੰਜਾਬੀ ਸਾਹਿਤ ਦਾ ਇਤਿਹਾਸ, ਜਸਵੰਤ ਪਬਲਿਸ਼ਰਜ਼, 1952 |
| ਦੀਪ, ਦਲੀਪ ਸਿੰਘ(ਡਾ.), | ਸਾਧਨ ਮੇਂ ਰਵਿਦਾਸ ਸੰਤ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1984 |
| ਨਰ, ਆਰ ਡੀ (ਡਾ.) | ਇਨਕਲਾਬੀ ਜੋਤ ਗੁਰੂ ਰਵਿਦਾਸ ਜੀ, ਅਮਰਜੋਤੀ ਪ੍ਰਿੰਟਿੰਗ ਪ੍ਰੈਸ, ਜਲੰਧਰ |
| ਪਾਖਰ ਸਿੰਘ, | ਮਨੁੱਖਤਾ ਦਾ ਚਾਨਣ ਮੁਨਾਰਾ ਗੁਰੂ ਰਵਿਦਾਸ, ਨਵਯੁਗ ਪਬਲਿਸ਼ਿੰਗ ਹਾਊਸ, ਆਦਮਪੁਰ ਦੁਆਬਾ, 1982 |
| ਪ੍ਰੀਤਮ ਸਿੰਘ, | ਸਿੱਖ ਫ਼ਲਸਫ਼ੇ ਦੀ ਰੂਪ-ਰੇਖਾ, ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪਹਿਲੀ ਵਾਰ,1975 |
| ਪ੍ਰੇਮ ਪ੍ਰਕਾਸ਼ ਸਿੰਘ (ਡਾ.), | ਗੁਰੂ ਨਾਨਕ ਤੇ ਨਿਰਗੁਣ-ਧਾਰਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ,1973 |
| ਬਲਬੀਰ ਸਿੰਘ (ਡਾ.), | ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਜਾਬੀ ਯੂਨੀਵਰਸਿਟੀ, ਪਟਿਆਲਾ । |

ਮਨਮੋਹਨ ਸਿੰਘ (ਡਾ.), ਗੁਰੂ ਨਾਨਕ ਅਤੇ ਭਗਤੀ ਅੰਦੋਲਨ, ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ -15, ਪਹਿਲਾ ਸੰਸਕਰਣ, 1970

ਰਤਨ, ਹਰਿਭਜਨ ਸਿੰਘ, ਗੁਰੂ ਰਵਿਦਾਸ ਮਹਾਨ ਜੀਵਨ ਤੇ ਬਾਣੀ, ਸਾਹਿਤਯ ਪ੍ਰਕਾਸ਼ਨ, ਨਵੀਂ ਦਿੱਲੀ, 1982

ਵਿਨੋਬਾ, ਗੀਤਾ ਪ੍ਰਵਚਨ, ਸਰਵੋਦੇ ਪੁਸਤਕ ਭੰਡਾਰ ਪ੍ਰਸਥਾਨ ਆਸ਼ਰਮ ਪਠਾਨਕੋਟ(ਪੰਜਾਬ) ਚੌਥੀ ਵਾਰ, 1983

ਵਰਿਆਮ ਸਿੰਘ, ਰਵਿਦਾਸ ਲੀਲਾ, ਸਤਲੁਜ ਪ੍ਰਿੰਟਿੰਗ ਵਰਕਸ ਲੁਧਿਆਣਾ ।

ਆਦਿ ਗੁਰੂ ਬਾਣੀ ਗ੍ਰੰਥ (ਭਾਗ ਪਹਿਲਾ) ਆਲ ਇੰਡੀਆ ਆਦਿ ਧਰਮ ਮਿਸ਼ਨ ਰਜਿਸਟਰਡ ਖੀਰ ਗੋਵਰਧਨਪੁਰ, ਕਾਂਸ਼ੀ

ਸੰਤ ਨਾਮਦੇਵ, ਰਾਧਾ ਸੁਆਮੀ ਸਤਿਸੰਗ ਬਿਆਸ, 1970

ਸ਼ਬਦਾਰਥ , ਸ੍ਰੀ ਗੁਰੂ ਗ੍ਰੰਥ ਸਾਹਿਬ(ਚਾਰ ਸੈਂਚੀਆਂ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ

ਸ੍ਰੀ ਗੁਰੂ ਰਵਿਦਾਸ ਨਿਤਨੇਮ, ਆਲ ਇੰਡੀਆ ਆਦਿ ਧਰਮ ਮਿਸ਼ਨ ਰਜਿਸਟਰ ਸੀਰ ਗੋਵਰਧਨਪੁਰ, ਕਾਂਸ਼ੀ ।

ਗੁਰੂ ਰਵਿਦਾਸ ਅੰਕ ( ਪੰਜਾਬੀ ਦੁਨੀਆਂ) ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971,1977

ਭਗਤੀ ਅੰਕ ( ਪੰਜਾਬੀ ਦੁਨੀਆਂ) ਭਾਸ਼ਾ ਵਿਭਾਗ, ਪੰਜਾਬ ਪਟਿਆਲਾ,1965

ਮੀਰਾਂ ਪ੍ਰੇਮ ਦੀਵਾਨੀ, ਰਾਧਾ ਸੁਆਮੀ ਸਤਿਸੰਗ, ਬਿਆਸ,1981


****

## ਹਿੰਦੀ ਪੁਸਤਕਾਂ


ਉਪਾਧਿਆਇ, ਸ੍ਰੀ ਹਰਿਭਾਊ, ਭਾਗਵਤ-ਧਰਮ, ਅਥਵਾ ਜੀਵਨ ਕੀ ਕ੍ਰਿਤਾਰਥਤਾ, ਸਤਿ ਸਾਹਿਤਯ ਪ੍ਰਕਾਸ਼ਨ, ਪ੍ਰਥਮ ਸੰਸਕਰਣ, 1951

ਉਪਾਧਿਆਇ, ਕਾਸ਼ੀ ਨਾਥ, ਗੁਰੂ ਰਵਿਦਾਸ, ਰਾਧਾ ਸੁਆਮੀ ਸਤਿਸੰਗ ਬਿਆਸ, 1983

ਉਪਾਧਿਆਇ ਡਾ. ਬਲਦੇਵ, ਭਾਰਤੀਯ -ਦਰਸ਼ਨ, ਅਮਰਭਾਰਤੀ ਪ੍ਰਕਾਸ਼ਨ, ਸੰਨ 1978, ਪਹਿਲਾ ਸੰਸਕਰਣ

————————, ਭਾਰਤੀਯ ਦਰਸ਼ਨ, ਵਾਰਣਾਸੀ ਸ਼ਾਰਦਾ ਸੰਸਥਾਪਨ ਸੰਨ 1966, ਪਹਿਲਾ ਸੰਸਕਰਣ

————————, ਵੈਸ਼ਣਵ ਸੰਪ੍ਰਦਾਊਂ ਕਾ ਸਾਹਿਤਯ ਔਰ ਸਿਧਾਂਤ ਵਾਰਾਣਾਸੀ ਚੌਖੰਡਾ ਅਮਰ ਭਾਰਤੀ ਪ੍ਰਕਾਸ਼ਨ, ਸੰਨ 1978, ਪਹਿਲਾ ਸੰਸਕਰਣ

————————, ਭਾਰਤੀਯ ਧਰਮ ਔਰ ਦਰਸ਼ਨ, ਸ਼ਾਰਦਾ ਸੰਸਥਾਨ ਕਾ ਅਨੁਸ਼ੀਲਨ ਵਾਰਣਾਸੀ, ਪਹਿਲਾ ਸੰਸਕਰਣ, 1985

ਅਗਰਵਾਲ, ਹੰਸ ਰਾਜ(ਪ੍ਰੋ), ਹਿੰਦੀ ਸਾਹਿਤਯ ਕੀ ਪਰੰਪਰਾ, ਓਰੀਐਂਟਲ ਬੁੱਕ ਡਿਪੋ, ਦਿੱਲੀ

ਅਨੰਤਦਾਸ, ਰਵਿਦਾਸ ਕੀ ਪਰਚੀ, ਭੰਡਾਕਰ ਇੰਸਟੀਚਿਊਟ ਪੂਨਾ

ਅੰਬੇਦਕਰ, ਭੀਮਰਾਵ ਰਾਮ ਜੀ(ਡਾ.), ਭਗਵਾਨ ਬੁੱਧ ਔਰ ਉਨਾ ਧਰਮ, ਸਿਧਾਰਥ ਪ੍ਰਕਾਸ਼ਨ, ਬੰਬਈ, 1961

ਅਰਵਿੰਦ( ਸ੍ਰੀ), ਸਾਹਿਤਯ ਦਰਸ਼ਨ, ਅਰਵਿੰਦ ਪਕਾਸ਼ਨ, ਦਿੱਲੀ, 1974
ਅਨੁ: ਡਾ. ਸ਼ਯਾਮਬਹਾਦੁਰ ਵਰਮਾ

ਆਜ਼ਾਦ, ਪ੍ਰਿਥਵੀ ਸਿੰਘ, ਰਵਿਦਾਸ ਦਰਸ਼ਨ, ਚੰਡੀਗੜ੍ਹ, ਗੁਰੂ ਰਵਿਦਾਸ ਸੰਸਥਾਨ ਸੰਨ 1975 ਪਹਿਲਾ ਸੰਸਕਰਣ

ਆਜ਼ਾਦ, ਪ੍ਰਿਥਵੀ ਸਿੰਘ, ਯੁਗ ਵ ਪ੍ਰਵਰਤਕ ਸੰਤ ਗੁਰੂ ਰਵਿਦਾਸ, ਜਾਲੰਧਰ ਦੀਪਕ ਪਬਲਿਸ਼ਰਜ਼, ਸੰਨ 1983 ਪਹਿਲਾ ਸੰਸਕਰਣ

————————, ਗੁਰੂ ਰਵਿਦਾਸ, ਨੈਸ਼ਨਲ ਬੁੱਕ ਟਰੱਸਟ, ਇੰਡੀਆ ਨਵੀਂ ਦਿੱਲੀ, 1975

ਸਹਾਇਕ ਰਾਮ ਜੀ ਲਾਲ(ਡਾ.), ਕਬੀਰ ਦਰਸ਼ਨ, ਲਖਨਊ ਵਿਸ਼ਵਿਦਿਆਲਯ, ਲਖਨਊ, 1962

ਸਹਿਗਲ, ਮਨਮੋਹਨ, ਸੰਤ ਕਾਵਯ ਕਾ ਦਾਰਸ਼ਨਿਕ ਵਿਸ਼ਲੇਸ਼ਣ ਭਰਤੇਂਦੂ ਭਵਨ ਚੰਡੀਗੜ੍ਹ, 1965

ਸਚੀਨ, ਡੀ ਪੀ, ਨੀਚ ਤੇ ਊਚ ਕਰਿ ਮੇਰਾ ਸਤਿਗੁਰ, ਐਸ ਚੰਦ ਐਂਡ ਕੰਪਨੀ, ਜਲੰਧਰ, 1977

ਸ੍ਰੀ ਵਾਸਤਵ, ਬਦਰੀ ਨਾਰਾਇਣ, ਰਾਮਾਨੰਦ ਸੰਪ੍ਰਦਾਇ ਤਥਾ ਹਿੰਦੀ ਸਾਹਿਤਯ ਪਰ ਸਾਹਿਤਯ ਪਰ ਉਨਕਾ ਪ੍ਰਭਾਵ, ਪ੍ਰਯਾਗ ਹਿੰਦੀ ਪਰਿਸ਼ਦ, 1975

ਸਵਾਮੀ, ਸ਼ਿਵਾਨੰਦ, ਸਾਧਨਾ, ਸ਼ਿਵਾਨੰਦ, ਪ੍ਰਕਾਸ਼ਨ, ਗੜ੍ਹਵਾਲ(ਯੂ ਪੀ) ਪਹਿਲਾ ਸੰਸਕਰਣ, 1963

ਸਿੰਘ, ਯੋਗੇਂਦਰ, ਸੰਤ ਰੈਦਾਸ, ਅਕਸਰ ਪ੍ਰਕਾਸ਼ਨ ਪ੍ਰਾ.ਲਿਮ, ਦਿੱਲੀ-6

ਸਿੰਘ ਰਾਜਦੇਵ(ਡਾ.), ਸੰਤੋਂ ਕੀ ਸਹਿਜ ਸਾਧਨਾ, ਲੋਕ ਭਾਰਤੀ ਪ੍ਰਕਾਸ਼ਨ ਇਲਾਹਾਬਾਦ, 1876, ਪਹਿਲਾ ਸੰਸਕਰਣ

ਸਿੰਘ, ਰਾਮੇਸ਼ਵਰ ਪ੍ਰਸਾਦ, ਸੰਤ ਕਾਵਯ ਮੇਂ ਯੋਗ ਕਾ ਸਰੂਪ, ਅਨੁਪਮ ਪ੍ਰਕਾਸ਼ਨ, ਪਟਨਾ, 1973

ਸ਼ਰਮਾ, ਸਰਨਾਮ ਸਿੰਹ(ਡਾ.), ਕਬੀਰ: ਏਕ ਵਿਵੇਚਨ, ਹਿੰਦੀ ਸਾਹਿਤਯ ਸੰਸਾਰ ਦਿੱਲੀ, ਪ੍ਰਥਮ ਸੰਸਕਰਥ, 1960

ਸ਼ਰਮਾ, ਹਰਬੰਸ ਲਾਲ, ਭਾਗਵਤ-ਦਰਸ਼ਨ, ਭਾਰਤ ਪ੍ਰਕਾਸ਼ਨ, ਮੰਦਿਰ ਅਲੀਗੜ੍ਹ, 2020 ਸੰਮਤ

ਸ਼ਰਮਾ, ਗਿਰਿਧਰ ਪ੍ਰਸਾਦ, ਮਧਯੁਗੀਨ ਹਿੰਦੀ ਭਕਤਿ ਕਾਵਯ ਕਾ ਵਿਵੇਚਨ ਤਕਸ਼ਿਲਾ ਪ੍ਰਕਾਸ਼ਨ, ਦਿੱਲੀ ਪਹਿਲਾ ਸੰਸਕਰਣ ਸੰਨ 1985

ਸ਼ਰਮਾ, ਪ੍ਰਯਾਗ ਦੱਤ, ਰਵਿਦਾਸ ਰਾਮਾਇਣ, ਨਿਊ ਸ਼ੇਖਰ ਪ੍ਰਿੰਟਿੰਗ ਪ੍ਰੈਸ ਗੁਪਾਲਪੁਰਾ ਮਥੁਰਾ

ਸ਼ਰਮਾ, ਬੈਨੀ ਪ੍ਰਸਾਦ, ਸੰਤ ਰਵਿਦਾਸ ਕੀ ਭਕਤਿ ਸਾਧਨਾ, ਵਿਸ਼ਵ ਭਾਰਤੀ ਪ੍ਰਕਾਸ਼ਨਾ, ਚੰਡੀਗੜ੍ਹ

ਸ਼ਰਮਾ, ਬੀ ਪੀ, ਭਗਤ ਰਤਨਾਵਲੀ, ਵਿਸ਼ਵ ਭਾਰਤੀ ਪ੍ਰਕਾਸ਼ਨ, ਚੰਡੀਗੜ੍ਹ

————, ਸੰਤ ਗੁਰੂ ਰਵਿਦਾਸ ਬਾਣੀ, ਵਿਸ਼ਵ ਭਾਰਤੀ ਪ੍ਰਕਾਸ਼ਨ ਚੰਡੀਗੜ੍ਹ

————, ਸੰਤ ਗੁਰੂ ਰਵਿਦਾਸ, ਵਿਸ਼ਵ ਭਾਰਤੀ ਪ੍ਰਕਾਸ਼ਨ ਚੰਡੀਗੜ੍ਹ

————, ਹਿੰਦੁਸਤਾਨ ਕੀ ਪੁਰਾਣੀ ਸਭਿਅਤਾ, ਵਿਸ਼ਵ ਭਾਰਤੀ ਪ੍ਰਕਾਸ਼ਨ, ਚੰਡੀਗੜ੍ਹ

ਸ਼ਰਮਾ, ਮੁੰਸ਼ੀ ਰਾਮ, ਭਕਤਿ ਕਾ ਵਿਕਾਸ, ਚੌਖੰਬਾ ਵਿਦਿਯਾਭਵਨ ਵਾਰਾਣਸੀ, ਪਹਿਲਾ ਸੰਸਕਰਣ, 1958

ਸ਼ਰਮਾ ਨਰਸਿੰਹ ਦੇਵ, ਵਿਵੇਕ ਚੂੜਾਮਣਿ, ਮਾਸਟਰ ਸੰਤ ਰਾਮ ਠੁਕਰਾਲ ਲਾਹੌਰ ਬ 1958, ਵਿਕਰਮੀ

ਸ਼ਰਮਾ ਨਿਤਯਾਨੰਦ, ਹਿੰਦੀ ਸਾਹਿਤਯ ਵਿਵੇਚਨ, ਹਿੰਦੀ ਸਾਹਿਤਯ ਭੰਡਾਰ ਲਖਨਊ

ਸ਼ਾਸਤਰੀ ਸ੍ਰੀ ਰਾਮਾਨੰਦ ਵੀਰੇਂਦਰ ਪਾਂਡੇ, ਸੰਤ ਰਵਿਦਾਸ ਔਰ ਉਨਕਾ ਕਾਵਯ, ਹਰਿਦੁਆਰ, ਸੰਸਕਰਣ, 1955

ਸ਼ੁਕਲ ਰਾਮਚੰਦਰ (ਡਾ.), ਹਿੰਦੀ ਸਾਹਿਤਯ ਕਾ ਇਤਿਹਾਸ, ਕਾਸ਼ੀ ਨਾਗਰੀ ਪ੍ਰਚਾਰਿਣੀ ਸਭਾ, ਕਾਸ਼ੀ, 2012 ਸੰਮਤ, 10 ਸੰਸਕਰਣ

ਹਿਰਣਮਯ (ਡਾ.), *ਹਿੰਦੀ ਔਰ ਕੰਨੜ ਮੇਂ ਭਕਤਿ ਅੰਦੋਲਨ ਕਾ ਤੁਲਨਾਤਮਿਕ ਅਧਿਅਨ*, ਵਿਨੋਦ ਪੁਸਤਕ ਮੰਦਿਰ ਆਗਰਾ ਪ੍ਰਥਮ ਸੰਸਕਰਣ 1959

ਕਵਿਰਾਜ ਮਹਾਮਹੋਪਧਿਆਇ, ਸ੍ਰੀ ਗੋਪੀ ਨਾਥ, *ਭਾਰਤੀਯ ਸੰਸਕ੍ਰਿਤੀ ਔਰ ਸਾਧਨਾ*, ਬਿਹਾਰ ਰਾਸ਼ਟਰ-ਭਾਸ਼ਾ ਪਰਿਸ਼ਦ, ਪਟਨਾ ਦੂਜਾ ਸੰਸਕਰਣ, 1977

ਕਰੀਲ ਆਚਰਨ, *ਭਗਤਿ ਰਵਿਦਾਸ ਕੀ ਸਤਯ ਕਥਾ*, ਮਧੁਕਰ ਮਿਸ਼ਰਾ, 1950

ਖੰਨਾ, ਊਸ਼ਾ, *ਕਥਾ ਗੋਸਾਈ ਰਵਿਦਾਸ ਜੀ ਕੇ ਸਮਾਵਟੇ ਕੀ*, ਜਾਲੰਧਰ, ਪ੍ਰਥਮ ਸੰਸਕਰਣ, ਸੰਨ 1986

ਗੁਪਤ, ਦੀਨ ਦਯਾਲ(ਡਾ), *ਹਿੰਦੀ ਸਾਹਿਤਯ ਕਾ ਬ੍ਰਿਹਤ ਇਤਿਹਾਸ*, ਨਾਗਰੀ ਪ੍ਰਚਾਰਿਣੀ ਸਭਾ, ਕਾਸ਼ੀ, ਸੰਮਤ 2031, ਬਿਕਰਮੀ

ਗੁਪਤ, ਦੀਨਦਯਾਲ, (ਡਾ.), *ਅਸ਼ਟਛਾਪ ਔਰ ਵਲਭ ਸੰਪ੍ਰਦਾਇ*, - ਉਹੀ

ਗੁਪਤ, ਵਿਦਿਆਨਾਥ, *ਹਿੰਦੀ ਕਵਿਤਾ ਮੇਂ ਰਾਸ਼ਟਰੀਯ ਭਾਵਨਾ*, ਭਾਰਤੀ ਸਾਹਿਤਯ ਮੰਦਿਰ, ਦਿੱਲੀ, 1966

ਗੋਯੰਦਕਾ, ਸ੍ਰੀ ਹਰਿਕ੍ਰਿਸ਼ਨ ਦਾਸ (ਅਨੁਵਾਦਕ) ਸ੍ਰੀ ਰਾਮਾਨੁਜਭਾਸ਼ਯ, *ਸ੍ਰੀ ਮਦ ਭਾਗਵਤ ਗੀਤਾ*, ਗੀਤਾ ਪ੍ਰੈਸ, ਗੋਰਖਪੁਰ

ਗੋਯੰਦਕਾ, ਜਯ ਦਯਾਲ, *ਗਿਆਨ ਯੋਗ ਕਾ ਤੱਤਵ*, ਗੀਤਾ ਪ੍ਰੈਸ ਗੋਰਖਪੁਰ

———, *ਪ੍ਰੇਮ ਯੋਗ ਦਾ ਤੱਤਵ*, - ਉਹੀ -

———, *ਆਤਮੋਦਵਾਰ ਕੇ ਸਾਧਨ*, - ਉਹੀ -

———, *ਭਕਤਿ ਯੋਗ ਕਾ ਤੱਤਵ*, - ਉਹੀ -

———, *ਪਰਮਸ਼ਾਂਤੀ ਕਾ ਮਾਰਗ*, - ਉਹੀ -

ਚਟੋਪਾਧਿਆਇ, ਸਤੀਸ਼ ਚੰਦਰ, *ਭਾਰਤੀਯ ਦਰਸ਼ਨ*, ਪੁਸਤਕ ਭੰਡਾਰ ਪਟਨਾ 1969, ਪਹਿਲਾ ਸੰਸਕਰਣ

ਚਤੁਰਵੇਦੀ, ਘਨਸ਼ਯਾਮ, ਟੀਕਾਕਾਰ, ਮਨੁ ਸਿਮ੍ਰਿਤੀ, ਸਯਾਮ ਕਾਸ਼ੀ ਪ੍ਰੈਸ, ਗੋਰਖਪੁਰ 2009, ਬਿਕਰਮੀ

ਚਤੁਰਵੇਦੀ, ਪਰਸ਼ੂਰਾਮ, ਉੱਤਰੀ ਭਾਰਤ ਕੀ ਸੰਤ ਪਰੰਪਰਾ, ਭਾਰਤੀ ਭੰਡਾਰ, ਪ੍ਰਯਾਗ, ਪਹਿਲਾ ਸੰਸਕਰਣ 2008 ਬਿਕਰਮੀ

————————, ਸੰਤ ਕਾਵਯ, ਕਿਤਾਬ ਮਹਲ, ਇਲਾਹਾਬਾਦ ਦੂਜਾ ਸੰਸਕਰਣ, ਸੰਮਤ 2007

————————, ਸੰਤ-ਸਾਹਿਤਯ ਕੇ ਪ੍ਰੇਰਣਾ ਸ੍ਰੋਤ, ਰਾਜਪਾਲ ਐਂਡ ਸੰਨਜ਼ ਕਸ਼ਮੀਰੀ ਗੇਟ, ਦਿੱਲੀ, ਪਹਿਲਾ ਸੰਸਕਰਣ 1975

ਚੌਹਾਨ, ਪ੍ਰਤਾਪ (ਡਾ.), ਕਬੀਰ ਸਾਧਨਾ ਔਰ ਸਾਹਿਤਯ, ਰਾਮਬਾਗ ਕਾਨਪੁਰ, ਪਹਿਲਾ ਸੰਸਕਰਣ, ਸੰਨ 1976

ਚੌਰਸਿਆ, ਕੋਸ਼ਾਂਭੀ ਪ੍ਰਸਾਦ, ਮਧਕਾਲੀਨ ਹਿੰਦੀ ਸੰਤ ਵਿਚਾਰ ਔਰ ਸਾਧਨਾ, ਹਿੰਦੁਸਤਾਨੀ ਅਕਾਡਮੀ, 1951

ਜੱਗੀ, ਰਤਨ ਸਿੰਘ (ਡਾ.), ਗੁਰੂ ਨਾਨਕ ਵਿਅਕਤਿਤਵ, ਭਾਸ਼ਾ ਪਵਿਭਾਗ, ਪੰਜਾਬ ਕ੍ਰਿਤਿਤਵ ਔਰ ਚਿੰਤਨ

ਜਗਬੀਰ ਸਿੰਹ, ਸੰਤ ਰਵਿਦਾਸ ਮਾਹਾਤਮਯ, ਸ੍ਰੀ ਰਵਿਦਾਸ ਸੰਤ ਆਸ਼ਰਮ ਅਸਾਰਾ, ਜ਼ਿਲਾ ਮੇਰਠ (ਯੂ.ਪੀ)

ਜੋਸ਼ੀ, ਬਾਬੂ ਰਾਮ, ਸੰਤ ਕਾਵਯ ਮੇਂ ਪਰੋਖਸਤਾ ਕਾ ਸਵਰੂਪ, ਕੇਸ਼ਰਵਾਨੀ ਪ੍ਰੈਸ, ਪ੍ਰਯਾਗ, 1968

ਤ੍ਰਿਗੁਣਾਯਤ, ਸਰਲਾ ਦੇਵੀ (ਡਾ.), ਹਿੰਦੀ ਕੇ ਮਧਯੁਗੀਨ ਸਾਹਿਤ ਪਰ ਬੋਧ ਧਰਮ ਪ੍ਰਭਾਵ, ਸਾਹਿਤਯ ਨਿਕੇਤਨ ਸ਼ਰਧਾਨੰਦ ਪਾਰਕ ਕਾਨਪੁਰ, 1963 ਈ.

ਤ੍ਰਿਗੁਣਾਯਤ, ਗੋਬਿੰਦ (ਡਾ.), ਹਿੰਦੀ ਕੀ ਨਿਰਗੁਣ ਕਾਵਯ, ਧਾਰਾ ਔਰ ਉਸਕੀ ਦਾਰਸ਼ਨਕ ਪ੍ਰਸ਼ਠਭੂਮੀ, ਸਾਹਿਤਯਨਿਕੇਤਨ, ਕਾਨਪੁ

ਤਿਵਾਰੀ ਰਾਮਪੂਜਨ, ਸੂਫੀਮਤ ਸਾਧਨਾ ਔਰ ਸਾਹਿਤਯ ਗਿਆਨ ਮੰਡਲ ਬਨਾਰਸ, ਦੂਜਾ ਸੰਸਕਰਣ

———, ਮਧਯੁਗੀਨ ਕਾਵਯ-ਸਾਧਨਾ, ਗੋਰਖਪੁਰ ਵਿਸ਼ਵ ਵਿਦਿਆਲਯ 1982, ਪਹਿਲਾ ਸੰਸਕਰਣ

ਦਿਵੇਦੀ, ਹਜ਼ਾਰੀ ਪ੍ਰਸਾਦਿ, ਹਿੰਦੀ ਸਾਹਿਤਯ ਕਾ ਆਦਿ ਕਾਲ, ਰਾਸ਼ਟਰ ਭਾਸ਼ਾ ਪਰਿਸ਼ਦ ਪਟਨਾ ਬਿਹਾਰ ਤੀਜਾ ਸੰਸਕਰਣ, 1961

ਦਿਵੇਦੀ ਹਜ਼ਾਰੀ ਪ੍ਰਸਾਦਿ ਹਿੰਦੀ ਸਾਹਿਤਯ ਕੀ ਭੂਮਿਕਾ, ਨਵੀਂ ਦਿਲੀ ਰਾਜ ਕਮਲ ਪ੍ਰਕਾਸ਼ਨ, ਪਹਿਲਾ ਸੰਸਕਰਣ, 1969

———, ਸੂਰ ਸਾਹਿਤ, - ਉਹੀ -

———, ਕਬੀਰ, - ਉਹੀ -

———, ਨਾਥ ਸਾਹਿਤਯ, ਹਿੰਦੁਸਤਾਨੀ ਅਕਾਡਮੀ ਉਤਰਪ੍ਰਦੇਸ਼, ਪਹਿਲਾ ਸੰਸਕਰਣ, ਸੰਨ 1950

———, ਮਧਕਾਲੀਨ ਧਰਮ-ਸਾਧਨਾ, ਸਾਹਿਤਯ ਭਵਨ ਇਲਾਹਾਬਾਦ, ਪਹਿਲਾ ਸੰਸਕਰਣ, ਸੰਨ 1970

ਨਲਿਨ, ਜਯਨਾਥ, ਭਕਤਿ ਕਾਵਯ ਮੇਂ ਮਾਧੁਰਯ ਭਾਵ ਕਾ ਸਵਰੂਪ, ਕਿਤਾਬ ਮਹਲ, ਇਲਾਹਾਬਾਦ ਪਹਿਲਾ ਸੰਸਕਰਣ 1970

ਨਾਹਰ, ਰਤਿਭਾਨੂ ਸਿੰਘ (ਡਾ.), ਰਤਿਭਾਨੂ ਸਿੰਘ (ਡਾ.) ਭਕਤਿ ਅੰਦੋਲਨ ਕਾ ਅਧਿਯਨ [illegible] ਕਿਤਾਬ ਮਹਲ ਇਲਾਹਾਬਾਦ

ਨਾਹਟਾ, ਅਗਰਚੰਦ, ਰਵਿਦਾਸ ਪੁਰਾਨਾ, ਬੀਕਾਨੇਰ

ਨਾਭਾਦਾਸ, ਭਗਤਮਾਲਾ, ਨਵ ਕਿਸ਼ੋਰ ਪ੍ਰੈਸ, ਲਖਨਊ ਪਹਿਲਾ ਸੰਸਕਰਣ, 1953 ਈ.

ਪਦਮ ਗੁਰਚਰਨ ਸਿੰਘ (ਡਾ.), ਸੰਤ ਰਵਿਦਾਸ ਵਿਚਾਰਕ ਔਰ ਕਵੀ, ਨਵਚਿੰਤ ਕ ਪ੍ਰਕਾਸ਼ਨ, ਪਹਿਲਾ ਸੰਸਕਰਣ, ਸੰਨ 1977

ਪਾਂਡੇ, ਸੰਗਮ ਲਾਲ, ਸੰਤ ਰਵਿਦਾਸ ਵਿਅਕਤਿਤਵ ਏਵ ਕ੍ਰਿਤਿਤਵ, ਸਾਹਿਤਯ ਬਾਣੀ ਇਲਾਹਾਬਾਦ ਪਹਿਲਾ ਸੰਸਕਰਣ, ਸੰਨ 1970

ਪਾਂਡੇ ਤ੍ਰਿਲੋਚਨ, ਸੰਤ ਸਾਹਿਤਯ ਕਾ ਮੂਲ, ਸਾਹਿਤਯ ਸੰਦੇਸ਼ ਅਪ੍ਰੈਲ, 1953

ਪਾਂਡੇ, ਰਾਮਨਾਰਾਯਣ(ਡਾ.), ਭਕਤਿ ਕਾਵਯ ਮੇਂ ਰਹੱਸਵਾਦ, ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ, ਪਹਿਲਾ ਸੰਸਕਰਣ, 1966

ਪਾਂਡੇ, ਰਾਮ ਬਿਲਾਵਲ(ਡਾ.) ਮਧਯਾਕਾਲੀਨ ਸੰਤ ਸਾਹਿਤਯ, ਹਿੰਦੀ ਪ੍ਰਚਾਰ ਪੁਸਤਕਾਲਯ ਵਾਰਾਣਸੀ ਪਹਿਲਾ ਸੰਸਕਰਣ ਸੰਨ 1956

ਪੋਦਾਰ, ਹਨੂਮਾਨ ਪ੍ਰਸਾਦ, ਪ੍ਰੇਮ ਦਰਸ਼ਨ ਦੇਵ ਰਿਸ਼ੀ ਨਾਰਦ ਰਚਿਤ ਭਗਤੀਸੂਤਰ ਵ.ਛਾਂ ਭ ਗੀਤਾ ਪ੍ਰੈਸ, ਗੋਰਖਪੁਰ

ਪੋਦਾਰ ਹਨੂਮਾਨ ਪ੍ਰਸਾਦ, ਯੋਗ ਵਸ਼ਿਸ਼ਠ ਅੰਕ, ਗੀਤਾ ਪ੍ਰੈਸ ਗੁਰਖਪੁਰ,

ਬੜਥਵਾਲ, ਪੀਤਾਂਬਰਦੱਤ(ਡਾ.), ਸਵਾਮੀ ਰਾਮਾਨੰਦ ਕੀ ਹਿੰਦੀ ਰਚਨਾਏਂ, ਕਾਂਸ਼ੀ ਨਗਾਰੀ ਪ੍ਰਚਾਰਣੀ ਸਭਾ, ਕਾਂਸ਼ੀ

————————— , ਹਿੰਦੀ ਸਾਹਿਤਯ ਮੇਂ ਨਿਰਗੁਣ ਸੰਪ੍ਰਦਾਇ, ਅਵਧ ਪਬਲਿਸ਼ਿੰਗ ਹਾਊਸ ਪਹਿਲਾ ਸੰਸਕਰਣ,1984

ਭਟਨਾਗਰ, ਲਾਜਵੰਤੀ ਧਰਮ ਸੰਪ੍ਰਦਾਇ ਔਰ ਮੀਰਾ ਕਾ ਭਕਤਿ ਭਾਵ। ਬਾਣੀ ਪ੍ਰਕਾਸ਼ਨ, ਦਿੱਲੀ, ਪਹਿਲਾ ਸੰਸਕਰਣ,1980

ਭੰਡਾਰਕਰ, ਰਾਮ ਕ੍ਰਿਸ਼ਣ ਗੋਪਾਲ, ਵੈਸ਼ਣਵ ਸ਼ੈਵ ਔਰ ਅਨਯ ਧਾਰਮਿਕ ਮਤ, ਭਾਰਤੀਯ ਵਿਦਿਆ ਪ੍ਰਕਾਸ਼ਨ, ਦਿੱਲੀ ।

ਭਾਰਦਵਾਜ, ਸ਼ਿਵ ਪ੍ਰਸਾਦਿ(ਡਾ.), ਸ੍ਰੀ ਗੁਰੂ ਰਵਿਦਾਸ ਸ੍ਤਨਮ੍, ਗੁਰੂ ਕੁਲ ਕਾਂਗੜੀ ਹਰਿਦੁਆਰ, ਪਹਿਲਾ ਸੰਸਕਰਣ,1984

ਮਹਾਤਮਾ, ਨਾਰਾਯਣ ਸਵਾਮੀ, ਵੇਦ -ਰਹਸਯ, ਪ੍ਰੇਮ ਪੁਸਤਕ ਭੰਡਾਰ, ਬਰੇਲੀ ਤੀਜਾ ਸੰਸਕਰਣ, 1960

ਮਲਿਕ ਮੁਹੰਮਦ, ਵੈਸ਼ਣਵ ਭਕਤਿ ਅੰਦੋਲਨ, ਰਾਜਪਾਲ ਐਂਡ ਸੰਨਜ 1971

ਮਜੀਠਿਆ, ਸੁਦਰਸ਼ਨ ਸਿੰਘ, ਸੰਤ ਸਾਹਿਤਯ, ਰੂਪਕਮਲ ਪ੍ਰਕਾਸ਼ਨ, ਦਿੱਲੀ ਪਹਿਲਾ ਸੰਸਕਰਣ, 1962

ਮਾਲਵਿਕਾ, ਵਿਦਿਆਵਤੀ(ਡਾ.), ਹਿੰਦੀ ਸਾਹਿਤਯ ਪਰ ਬੌਧ ਧਰਮ ਕਾ ਪ੍ਰਭਾਵ, ਹਿੰਦੀ ਪ੍ਰਚਾਰ ਪੁਸਤਕਾਲਯ ਪਹਿਲਾ ਸੰਸਕਰਣ 1966

ਮਿਸ਼ਰ, ਉਮੇਸ਼, ਭਾਰਤੀਯ ਦਰਸ਼ਨ, ਉਤ੍ਰਪ੍ਰਦੇਸ਼ ਹਿੰਦੀ ਸਮੱਤੀ ਸੂਚਨਾ ਵਿਭਾਗ, ਦੂਜਾ ਸੰਸਕਰਣ, 1964

ਮਿਸ਼ਰ, ਜਯਰਾਮ, ਸ੍ਰੀ ਗੁਰੂ ਗ੍ਰੰਥ ਦਰਸ਼ਨ, ਸਾਹਿਤਯ ਭਵਨ ਪ੍ਰਾ. ਲਿਮ. ਪ੍ਰਥਮ ਸੰਸਕਰਣ, ਇਲਾਹਾਬਾਦ, 1960

ਮਿਸ਼ਰ ਦੁਰਗਾ ਸ਼ੰਕਰ, ਭਕਤਿ ਕਾਵਯ ਕੇ ਮੂਲ ਸਰੋਤ, ਪਵਨ ਪ੍ਰਿੰਟਿੰਗ ਪ੍ਰੈਸ, ਨਜ਼ੀਰਾਬਾਦ, ਲਖਨਊ ਪ੍ਰਥਮ ਸੰਸਕਰਣ, 1958

ਮਿਸ਼ਰ, ਭੁਵੇਸ਼ਵਰ(ਡਾ.), ਮੀਰਾਂ ਕੀ ਪ੍ਰੇਮ ਸਾਧਨਾ, ਰਾਜਕਮਲ ਪ੍ਰਕਾਸ਼ਨ ਦਿੱਲੀ, ਪਹਿਲਾ ਸੰਸਕਰਣ, ਸੰਮਤ 2015

ਮਿਸ਼ਰ ਮਾਧਵ, ਭੁਵੇਸ਼ਵਰ ਨਾਥ, ਰਾਮ ਭਕਤਿ-ਸਾਹਿਤਯ ਮੇਂ ਮਧੁਰਉਪਾਸਨਾ, ਬਿਹਾਰ-ਰਾਸ਼ਟਰ ਭਾਸ਼ਾ ਪਰਿਸ਼ਦ, ਪਟਨਾ ਪ੍ਰਥਮ ਸੰਸਕਰਣ, 1957 ਈ.

ਮਿਸ਼ਰ, ਰਾਜਾ ਰਾਮ, ਰਵਿਦਾਸ ਰਾਮਾਯਣ, ਸ਼ਯਾਮਕਾਸ਼ੀ ਪ੍ਰੈਸ ਮਥੁਰਾ

ਮਿਸ਼ਰ ਰਾਮ ਦਹਿਨ, ਕਾਵਯ ਦਰਪਨ, ਗ੍ਰੰਥ ਮਾਲਾ, ਕਾਰਾਯਲਯ, ਤੀਜਾ ਸੰਸਕਰਣ, 1955

ਸੈਣੀ, ਧਰਮਪਾਲ, (ਡਾ.), ਸੰਤੋਂ ਕੇ ਧਾਰਮਿਕ ਵਿਸ਼ਵਾਸ, ਨਵਜੋਤ ਪਬਲੀਕੇਸ਼ਨ ਮਲੇਰਕੋਟਲਾ, ਪਹਿਲਾ ਸੰਸਕਰਣ, 1966

ਸੈਣੀ, ਧਰਮਪਾਲ(ਡਾ.), ਸ੍ਰੀ ਗੁਰੂ ਗ੍ਰੰਥ ਸਾਹਿਬ ਏਕ ਪਰਿਚਯ, 1962

————————, ਮਧਯ-ਯੁਗੀਨ ਨਿਰਗੁਣ ਚੇਤਨਾ, ਲੋਕ ਭਾਰਤੀ ਪ੍ਰਕਾਸ਼ਨਾ, ਪਹਿਲਾ ਸੰਸਕਰਣ ਸੰਨ 1972

————————, ਰੈਦਾਸ, ਸਾਹਿਤਯ ਅਕਾਡਮੀ, ਨਵੀਂ ਦਿੱਲੀ, ਪਹਿਲਾ ਸੰਸਕਰਣ, 1979

ਯੋਗੇਂਦਰ ਸਿੰਘ (ਡਾ.), ਸੰਤ ਰਵਿਦਾਸ, ਸਾਹਿਤਯ ਬਾਣੀ, ਇਲਾਹਾਬਾਦ

ਰਾਕੇਸ਼ ਵਿਸ਼ਵਦੱਤ (ਡਾ.), ਉਤਰੀ ਭਾਰਤ ਕੇ ਨਿਰਗੁਣ ਪੰਥ ਸਾਹਿਤਯ ਕਾ ਇਤਿਹਾਸ, ਸਾਹਿਤਯ ਭਵਨ, ਇਲਾਹਾਬਾਦ ਪਹਿਲਾ ਸੰਸਕਰਣ, 1975

ਰਾਧਾ ਕ੍ਰਿਸ਼ਨਨ(ਡਾ), ਉਪਨਿਸ਼ਦੋਂ ਕੀ ਭੂਮਿਕਾ, ਰਾਜਪਾਲ ਐਂਡ ਸੰਨਜ਼ ਕਸ਼ਮੀਰੀ ਗੇਟ, ਦਿੱਲੀ, ਦੂਜਾ ਸੰਸਕਰਣ, 1971

————————, ਭਾਰਤੀਯ ਦਰਸ਼ਨ, ਉਹੀ, 1969

ਰਾਮਸੁਖਦਾਸ ਸਵਾਮੀ, ਗੀਤਾ ਕਾ ਕਰਮਯੋਗ, ਗੀਤਾ ਪ੍ਰੈਸ, ਗੋਰਖਪੁਰ

ਰਾਮਲਾਲ, ਭਾਰਤ ਕੇ ਸੰਤ ਮਹਾਤਮਾ, ਯੋਗ ਐਂਡ ਕੰਪਨਾ ਬੰਬਈ

ਵਰਮਾ, ਸਾਂਵਲਿਯਾ ਬਿਹਾਰੀ ਲਾਲ, ਭਾਰਤ ਮੇਂ ਪ੍ਰਤੀਕਪੂਜਾ ਕਾ ਆਰੰਭ ਔਰ ਵਿਕਾਸ ਬਿਹਾਰ ਹਿੰਦੀ ਗ੍ਰੰਥ, ਅਕਾਦਮੀ, ਪਟਨਾ -3

ਵਰਮਾ, ਧੀਰੇਂਦਰ (ਸੰਪਾ) ਬ੍ਰਜੇਸ਼ਵਰ ਸ਼ਰਮਾ, ਹਿੰਦੀ ਸਾਹਿਤਯ ਕੋਸ਼, ਗਿਆਨ ਮੰਡਲ, ਬਨਾਰਸਕਬੀਰ ਚੌਰਾ ਸੰਮਤ 2015, ਦੂਜਾ ਖੰਡ ਪਹਿਲਾ ਸੰਸਕਰਣ

ਵਰਮਾ, ਰਾਮ ਕੁਮਾਰ, ਹਿੰਦੀ ਸਾਹਿਤਯ ਕਾ ਆਲੋਚਨਾਤਮਿਕ ਇਤਿਹਾਸ, ਰਾਮ ਨਾਰਾਯਣ ਲਾਲ, ਇਲਾਹਾਬਾਦ, ਦੂਜਾ ਸੰਸਕਰਣ, 1948

ਵਿਸ਼ੰਭਰਨਾਥ, ਹਿੰਦੀ ਸਾਹਿਤ ਕੀ ਦਾਰਸ਼ਨਿਕ ਪ੍ਰਿਸ਼ਟਭੂਮੀ
ਸਾਹਿਤਯ ਭਵਨ, ਪ੍ਰਾ.ਲਿਮ.ਇਲਾਹਾਬਾਦ

ਵਿਸ਼ਵਨਾਥ, ਸਾਹਿਤਯ ਦਰਪਨ, ਨਿਰਣਯ ਸਾਗਰ ਪ੍ਰੈਸ
ਕੋਲਭਾਟਲੈਨ, ਬੰਬਈ, ਤੀਜਾ ਸੰਸਕਰਣ,
ਸੰਨ 1915

ਵਿਯੋਗੀ ਹਰਿ(ਸ੍ਰੀ), ਸੰਖਿਪਤ ਸੰਤ ਸੁਧਾਸਾਰ, ਨਵੀਂ ਦਿੱਲੀ,
ਸਸਤਾ ਸਾਹਿਤਯ ਮੰਡਲ, ਨਵੀਂ ਦਿੱਲੀ,
1969

****

ਐਤਰੇਯੋਪਨਿਸ਼ਦ - ਗੀਤਾ ਪ੍ਰੈਸ ਗੋਰਖਪੁਰ
ਕਠੋਪਨਿਸ਼ਦ - - ਉਹੀ -
ਕੇਨੋਪਨਿਸ਼ਦ - ਉਹੀ -
ਗੀਤਾ ( ਰਾਮਾਨੁਜ ਭਾਸ਼੍ਯ) - ਉਹੀ
ਛਾਂਦੋਗਯ ਉਪਨਿਸ਼ਦ - ਉਹੀ -
ਤੈਤਿਰੀਯੋਪਨਿਸ਼ਦ - ਉਹੀ -
ਨਾਰਦਭਗਤੀ ਸੂਤਰ - ਉਹੀ -
ਪ੍ਰਸ਼ਨੋਪਨਿਸ਼ਦ - ਉਹੀ -
ਬ੍ਰਿਹਦਾਰਣਯੋਕਪਨਿਸ਼ਦ - ਉਹੀ -
ਬ੍ਰਹਮ ਸੂਤਰ - ਉਹੀ -
ਭਗਵਤ ਗੀਤਾ - ਉਹੀ -
ਭਾਗਵਤ ਪੁਰਾਣ - ਉਹੀ -
ਮੁੰਡਕੋਪਨਿਸ਼ਦ - ਉਹੀ -
ਯੋਗ ਦਰਸ਼ਨ - ਉਹੀ -
ਸ਼ਾਂਡਿਲਯ ਭਕਤਿ ਸੂਤਰ - ਉਹੀ -
ਰੈਦਾਸ ਜੀ ਕੀ ਬਾਣੀ, ਬੇਲਵੀਡਿਅਰ ਪ੍ਰੈਸ, ਇਲਾਹਾਬਾਦ, 1980
ਸ਼ਵੇਤਾਸ਼ਵਤਰੋਪਨਿਸ਼ਦ, ਗੀਤਾ ਪ੍ਰੈਸ, ਗੋਰਖਪੁਰ

***

## ENGLISH BOOKS


Abdul Haq Ansari, *Islam*, Punjabi University Patiala

Acharya Dharma Deva, *Sama Veda Sanhita*, Ajanta Printing Press, Jwalapur, U.P. 1967

Banerjee, A.C., *Guru Nanak And His Times*, Punjabi University, Patiala, 1971

Briggs Gorgevision, *Gorakh Nath and Kanfata Yogis*, Calcutta, 1038, Ist Edition

Dalip Singh, *Sikhism*, Bahri Publications, Pvt. Ltd New Delhi, 1979

Darshan Singh (Dr.), *Sant Ravidas And His Times*, Kalyani Publishers, Ludhiana, 1977

------------------, *A Study of Bhagat Ravidas*, Punjabi University Patiala, 1980

Dayanand Bhargava (Dr.), *Jaina Ethics*, Motilal Banarsidas Varanasi, 1968

Deol, G.S. (Dr.), *Guru Nanak Dev & Guru Gobind Singh* New Academic Publishing Company, Jalandhar, 1976.

Elliot H.M & Dowson, John, *History of India*, London, 1872

Farkhuhar, J.N., *An Outline of the Religious Literature of India*, Oxford, 1920

G.S. Ghura, *Caste & Class in India*

Gandhi, M.K., *Hindu Dharma*, Navjivan Publishing House, Ahmedabad, 1950

Gopal Singh, *The Religion of the Sikhs*, Asia Publishing House, Delhi, 1971

Goyandka, Jayadayal, *Gems of Truth*, the Gita Press Gorakhpur, India, 1983

Grierson & Johns, *Bakti Marg In The Encyclopaedia of Religion Ethics*, Andenbervi T.& T Clarck, 1964

Harbans Singh, *An Introduction to India Religions*, Punjabi University, Patiala, 1973

Harnam Singh, *Sikh Religion Karma and Transmigratio* Lahore Book Shop, Ludhiana, 1955

| | |
|---|---|
| Jackson, W.T.H., | Medieval Literature, Collion Books New York, 1960 |
| Jain Kailash Chand(D.Litt), | Lord Mahavira And His Times, Vikram University, Ujjain,1974 |
| James Hastings, | Encylopaedia of Religion & Ethics, Vol.XII, 1964 |
| Kane, P.V., | The Sahitya Darpana, Angre's Wedi Girgaon Back Road, 1923,2nd Edition |
| Karmarkar A.P.(Dr.), | The Vratya or Dravidian System - The religions of India Series, Lanavala, 1950. |
| Lewis, C.D., | The Poetic Image, Jonathan Cape Thirty Bedford Square, London,1961 X Edition. |
| Lohia, Ram Manohar, | The Caste System, Ram Mandar Lohia Samata Vidyalaya, Hyderabad,1979 |
| Lowlell, W.Bloss, | Theories of Religion, Punjabi University, Patiala, |
| Macauliffe, M.A., | The Sikh Religion, S.Chand & Co., New Delhi, 1963, Indian Print. |
| Mayavati, Memorial Edition | The Complete Works of Swami-Viyekananda Advita Ashram Calcutta-14,1972 |
| Mayer & Ross, | Ethics & Modern World, - do- |
| Mohan Singh Diwana | A History of Punjabi Literature, Bharat Parkashan,Jalandhar, |
| Muni Shiv Kumar, | The Doctrine of Liberation in Indian Religions, Sri Jainendra Gurukula ~~xxxx~~ Gurukula, Ponchakula, Ambala,1981 |
| Mohan Singh (Dr.), | An Introduction to Punjabi Literature Kasturi Lal's Sons, Amritsar-1958 |
| Nicdoi Hartmann, | Ethics Vol.II, George Allen & Unwin Ltd, London |
| Radha Krishnan, | Indian Religions, Orient Papers Backs A division of Vision Books Pvt.Ltd 1983 |

Ram Swarup, The word as Revelation Names of Gods, Impen-India New Delhi 1980

Rande, R.D., The Bhagwat Gita As a Philosophy of God Realisation, Bhartiya Vidya Bhawan, Bombay

Serebryakov, Punjabi Literature, Progress Publisher Moscow, 1968

Sehkhon Sant Singh, Guru Nanak to-day, Guru Gobind Singh Republic College, Jandiala, Julandhar

Singh Darshan, Indian Bhakti Tradition-The Sikh Gurus Lyall Book Depot, Ludhana, 1968

Sinha J.N., A Mannual of Ethics, Sinha Publishing House, S.R.Dass Road, Calcutta, 9th Edition, 1969

Singh Darshan, Guru Nanak and the Indian Mystic Tradition, Lahore Book Shop, Ludhiana

Sri Swami Sivananda, Essence of Bhakti Yoga, The Divine Life Society, Rishikesh.

Srivastava A.L., The Sultanate of Delhi, Shiva Lal Aggarwal, & Co., Agra 1964, 4th Edition.

Taran Singh, Sikh Gurus and Indian Spiritual Though Punjabi University, Patiala

Upadhyaya, K.N., Guru Ravidas, Radha Soami Satsang Beas

Vergilius Ferm Encylopaedia of Moral, Philosophical Library, New York, 1956

W.Robert Hall, Studies in Religious Philosophy Vermant American Book Company, 1969.

Yoga Nanda, Sri Sri Parama-Hansa, How you can talk with God, Yogoda Satsanga Math Dakshnesw, 1977

***